# ਸਿੱਖ ਧਰਮ ਅਤੇ ਇਤਿਹਾਸ ਦੇ ਰਾਜਸਥਾਨੀ ਸ੍ਰੋਤ: ਇਕ ਵਿਸ਼ਲੇਸ਼ਣਾਤਮਕ ਅਧਿਐਨ –1750 ਈ. ਤੋਂ 1850 ਈ.

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਦੀ ਫੈਕਲਟੀ ਆਫ ਹਿਊਮੈਨੀਟੀਜ਼ ਐਂਡ ਰਿਲੀਜੀਅਸ ਸਟੱਡੀਜ਼ ਦੇ
ਅੰਤਰਗਤ ਪੀਐੱਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ
ਖੋਜ–ਪ੍ਰਬੰਧ

(2017)


ਨਿਗਰਾਨ:
ਡਾ. ਬਲਵੰਤ ਸਿੰਘ ਢਿੱਲੋਂ

ਖੋਜਾਰਥੀ:
ਸੁਖਪਾਲ ਸਿੰਘ

ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ–143005

# ਪ੍ਰਮਾਣ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਸੁਖਪਾਲ ਸਿੰਘ ਨੇ ਆਪਣਾ ਪੀਐੱਚ. ਡੀ. (ਧਰਮ ਅਧਿਐਨ) ਦਾ ਖੋਜ ਪ੍ਰਬੰਧ **ਸਿੱਖ ਧਰਮ ਅਤੇ ਇਤਿਹਾਸ ਦੇ ਰਾਜਸਥਾਨੀ ਸ੍ਰੋਤ:ਇਕ ਵਿਸ਼ਲੇਸ਼ਣਾਤਮਕ ਅਧਿਐਨ - 1750 ਈ. ਤੋਂ 1850 ਈ.** ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜ-ਕਾਰਜ ਖੋਜਾਰਥੀ ਦੀ ਮੌਲਿਕ ਖੋਜ ਦਾ ਸਿੱਟਾ ਹੈ ਅਤੇ ਇਸ ਦਾ ਕੋਈ ਵੀ ਹਿੱਸਾ ਕਿਸੇ ਹੋਰ ਡਿਗਰੀ/ਡਿਪਲੋਮਾ/ਖੋਜ-ਪੱਤਰ/ਯੂਨੀਵਰਸਿਟੀ/ਸੰਸਥਾ ਵਿਚ ਸ਼ਾਮਿਲ ਨਹੀਂ ਹੈ। ਇਹ ਖੋਜ-ਪ੍ਰਬੰਧ ਪੀਐੱਚ. ਡੀ. ਦੀ ਡਿਗਰੀ ਦੇ ਮੁਲੰਕਣ ਲਈ ਵਿਚਾਰੇ ਜਾਣ ਦੇ ਯੋਗ ਹੈ।

ਨਿਗਰਾਨ

ਡਾ. ਬਲਵੰਤ ਸਿੰਘ ਢਿੱਲੋਂ
ਸਾਬਕਾ ਡਾਇਰੈਕਟਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

ਮਿਤੀ:

# DECLARATION

The work embodied in the thesis entitled **ਸਿੱਖ ਧਰਮ ਅਤੇ ਇਤਿਹਾਸ ਦੇ ਰਾਜਸਥਾਨੀ ਸ੍ਰੋਤ: ਇਕ ਵਿਸ਼ਲੇਸ਼ਣਾਤਮਕ ਅਧਿਐਨ – 1750 ਈ. ਤੋਂ 1850 ਈ.** submitted to the Faculty of Humanities and Religious Studies, Guru Nanak Dev University, Amritsar for the award of degree of Doctor of Philosophy in the subject of Religious Studies has been done by me. The thesis is entirely based on my own work and not submitted elsewhere for the award of any other degree. All the ideas and references have been duly acknowledged.

Sukhpal Singh

Countersigned by:

Dr. Balwant Singh Dhillon
Supervisor
Formerly Founder Director
Centre on Studies in Sri Guru Granth Sahib
Guru Nanak Dev University
Amritsar

# ਤਤਕਰਾ


| | | ਪੰਨਾ ਨੰ. |
|---|---|---|
| | **ਭੂਮਿਕਾ** | **i-xiv** |
| **ਅਧਿਆਇ**-1: | ਸਿੱਖ ਧਰਮ ਅਤੇ ਇਤਿਹਾਸ ਦੇ ਰਾਜਸਥਾਨੀ ਸਰੋਤ: ਮੁੱਢਲੀ ਜਾਣ-ਪਛਾਣ | 1-19 |
| **ਅਧਿਆਇ**-2: | ਦਸਤੂਰ ਕੌਮਵਾਰ | 20-89 |
| **ਅਧਿਆਇ**-3: | ਪਰਵਾਨੇ, ਅਰਜ਼ਦਾਸ਼ਤਾਂ ਅਤੇ ਖਾਤੂਤ ਅਹਿਲਕਾਰਨ | 90-150 |
| **ਅਧਿਆਇ**-4: | ਰਾਜਸਥਾਨੀ ਸਾਹਿਤਕ ਸਰੋਤ ਖਿਆਤਾਂ ਵਿਚ ਸਿੱਖ ਧਰਮ ਸਬੰਧੀ ਵਿਵਰਣ | 151-189 |
| **ਅਧਿਆਇ**-5: | ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਦੇ ਫੁਟਕਲ ਸਰੋਤ | 190-230 |
| | **ਨਿਸ਼ਕਰਸ਼** | 231-250 |
| | **ਪੁਸਤਕ ਸੂਚੀ** | 251-256 |

# ਆਭਾਰ

ਖੋਜ-ਕਾਰਜ ਮੁਕੰਮਲ ਹੋਣ ’ਤੇ ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਗੁਜਾਰ ਹਾਂ ਜਿਸ ਦੀ ਮਿਹਰ ਸਦਕਾ ਇਹ ਸਾਰਾ ਕਾਰਜ ਸੰਭਵ ਹੋ ਸਕਿਆ।

ਮੈਂ ਆਪਣੇ ਅਕਾਦਮਿਕ ਖੇਤਰ ਦੇ ਪਥ-ਪ੍ਰਦਰਸ਼ਕ ਅਤੇ ਨਿਗਰਾਨ ਡਾ. ਬਲਵੰਤ ਸਿੰਘ ਢਿੱਲੋਂ ਜੀ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ-ਕਾਰਜ ਦੇ ਵਿਸ਼ਾ ਖੇਤਰ ਦੀ ਚੋਣ ਤੋਂ ਲੈ ਕੇ ਸਰੋਤਾਂ ਦੀ ਭਾਲ ਅਤੇ ਖੋਜ-ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਮੇਰੀ ਸੁਯੋਗ ਅਗਵਾਈ ਕਰਨ ਦੇ ਨਾਲ-ਨਾਲ ਹਮੇਸ਼ਾਂ ਪ੍ਰੇਰਣਾ ਅਤੇ ਉਤਸ਼ਾਹ ਦਿੱਤਾ।

ਮੈਂ ਆਪਣੇ ਸਤਿਕਾਰਯੋਗ ਮਾਤਾ-ਪਿਤਾ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਨਾ ਸਿਰਫ ਜਿੰਦਗੀ ਦੇ ਹਰ ਖੇਤਰ ਵਿਚ ਮੇਰੀ ਅਗਵਾਈ ਕੀਤੀ ਤੇ ਹਮੇਸ਼ਾਂ ਆਪਣੀਆਂ ਅਸੀਸਾਂ ਤੇ ਹੌਸਲਾਂ ਦਿੱਤਾ ਬਲਕਿ ਇਥੋਂ ਤੱਕ ਪਹੁੰਚਣ ਦੇ ਯੋਗ ਬਣਾਇਆ। ਇਸ ਦੇ ਨਾਲ ਹੀ ਮੈ ਆਪਣੀ ਜੀਵਨ-ਸਾਥਣ ਪ੍ਰੋ. ਮਨਜੀਤ ਕੌਰ ਦਾ ਵੀ ਬਹੁਤ ਧੰਨਵਾਦੀ ਹਾਂ ਜਿਸ ਨੇ ਮੇਰਾ ਇਸ ਕਠਿਨ ਕਾਰਜ ਵਿਚ ਹਰ ਤਰ੍ਹਾਂ ਨਾਲ ਸਾਥ ਦਿੱਤਾ ਤੇ ਮੇਰੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਆਪਣੇ ਸਿਰ ’ਤੇ ਲੈ ਕੇ ਮੈਨੂੰ ਇਸ ਇਸ ਖੋਜ-ਕਾਰਜ ਨੂੰ ਪੂਰਾ ਕਰਨ ਵਿਚ ਮਦਦ ਕੀਤੀ। ਇਸ ਦੇ ਨਾਲ ਹੀ ਮੈਂ ਆਪਣੇ ਛੋਟੇ ਦੋਵਾਂ ਭਰਾਵਾਂ, ਸੁਰਜੀਤ ਸਿੰਘ ਅਤੇ ਹਰਪਾਲ ਸਿੰਘ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਸਾਂਝੀਆਂ ਪਰਿਵਾਰਕ ਜਿੰਮੇਵਾਰੀਆਂ ਤੇ ਕੰਮਾਂ ਤੋਂ ਬੇ-ਫਿਕਰ ਕਰਕੇ, ਇਹ ਖੋਜ-ਕਾਰਜ ਪੂਰਾ ਕਰਨ ਵਿਚ ਮਦਦ ਕੀਤੀ। ਮੈਂ ਆਪਣੇ ਬੱਚਿਆਂ ਇਮਾਨਪ੍ਰੀਤ ਕੌਰ ਤੇ ਮਹਿਤਾਬ ਸਿੰਘ ਦਾ ਵੀ ਸ਼ੁਕਰਗੁਜਾਰ ਹਾਂ ਜਿਨ੍ਹਾਂ ਨੇ ਮੇਰੇ ਫੀਲਡ ਵਰਕ ਅਤੇ ਅਧਿਐਨ ਦੌਰਾਨ ਆਪਣੇ ਬਚਪਨ ਦੀਆਂ ਨਿੱਕੀਆਂ-ਨਿੱਕੀਆਂ ਸਧਰਾਂ ’ਤੇ ਕਾਬੂ ਰੱਖ ਕੇ ਸਬਰ ਨਾਲ ਮੇਰੀ ਗੈਰ-ਹਾਜ਼ਰੀ ਨੂੰ ਸਹਿਣ ਕੀਤਾ।

ਮੈਂ ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ ਦੇ ਡਾਇਰੈਕਟਰ ਤੇ ਪੂਰੇ ਸਟਾਫ, ਰਾਜਸਥਾਨੀ ਸ਼ੋਧ ਸੰਸਥਾਨ ਚੌਪਾਸਨੀ ਜੋਧਪੁਰ ਦੇ ਇੰਚਾਰਜ ਅਤੇ ਸਟਾਫ ਰਾਜਸਥਾਨ ਪ੍ਰਾਚਿਵਿਧਾ ਪ੍ਰਤੀਸ਼ਠਾਨ ਜੋਧਪੁਰ, ਮਹਾਰਾਜਾ ਮਾਨ ਸਿੰਘ ਪੁਸਤਕ ਪ੍ਰਕਾਸ਼ ਕਿਲ੍ਹਾ ਮਹਿਰਾਨਗੜ੍ਹ ਜੋਧਪੁਰ, ਲੋਕ ਸ਼ੋਧ ਸੰਸਕ੍ਰਿਤੀ ਸੰਸਥਾਨ ਨਗਰ ਸ੍ਰੀ ਚੁਰੂ, ਨੈਸ਼ਨਲ ਆਰਕਾਈਵਜ਼ ਨਵੀਂ ਦਿੱਲੀ, ਜਵਾਹਰ ਲਾਲ ਨਹਿਰੂ ਮੈਮੋਰੀਅਲ ਲਾਇਬ੍ਰੇਰੀ ਨਵੀਂ ਦਿੱਲੀ, ਅਗਰ ਚੰਦ ਨਾਹਟਾ

ਲਾਇਬ੍ਰੇਰੀ ਬੀਕਾਨੇਰ, ਅਨੂਪ ਸੰਸਕ੍ਰਿਤ ਲਾਇਬ੍ਰੇਰੀ ਲਾਲਗੜ੍ਹ ਬੀਕਾਨੇਰ ਅਤੇ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਬੰਧਕਾਂ ਅਤੇ ਸਮੂਹ ਸਟਾਫ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ-ਕਾਰਜ ਸਬੰਧੀ ਮੁੱਢਲੇ ਸਰੋਤ ਅਤੇ ਪੁਸਤਕਾਂ ਮੁਹੱਈਆ ਕਰਵਾ ਕੇ ਇਸ ਖੋਜ-ਕਾਰਜ ਨੂੰ ਪੂਰਾ ਕਰਨ ਵਿਚ ਸਹਿਯੋਗ ਦਿੱਤਾ।

ਮੈਂ ਇਸ ਖੋਜ-ਕਾਰਜ ਨਾਲ ਸਬੰਧਤ ਫੀਲਡ ਵਰਕ ਦੌਰਾਨ ਰਹਾਇਸ਼ ਅਤੇ ਹੋਰ ਸਹਿਯੋਗ ਦੇਣ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜੋਧਪੁਰ, ਗੁਰਦੁਆਰਾ ਸਾਹਿਬ ਰਾਜਾ ਪਾਰਕ ਜੈਪੁਰ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਚੁਰੂ, ਗੁਰਦੁਆਰਾ ਸਾਹਿਬ ਨਰਾਇਣਾ, ਗੁਰਦੁਆਰਾ ਸਾਹਿਬ ਸਾਹਵਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਿਸ਼ਨੋਈ ਧਰਮਸ਼ਾਲਾ ਬੀਕਾਨੇਰ ਆਦਿ ਦੇ ਪ੍ਰਬੰਧਕਾਂ ਅਤੇ ਕਮੇਟੀਆਂ ਦਾ ਵੀ ਬਹੁਤ ਧੰਨਵਾਦ ਕਰਦਾ ਹਾਂ, ਖਾਸ ਕਰਕੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਚੁਰੂ ਦੇ ਬਾਬਾ ਮੁਖਤਿਆਰ ਸਿੰਘ ਜੀ ਦਾ ਵੀ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਆਪਣੀ ਖਰਾਬ ਸਿਹਤ ਦੇ ਬਾਵਜੂਦ ਮੇਰੀ ਚੂਰੂ ਦੀ ਹਰ ਫੇਰੀ ਸਮੇਂ ਖਿੜੇ ਮੱਥੇ ਸਵਾਗਤ ਕੀਤਾ।

ਮੈਂ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਡਾਇਰੈਕਟਰ ਅਤੇ ਗਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਡਾ. ਅਮਰਜੀਤ ਸਿੰਘ ਅਤੇ ਕੇਂਦਰ ਦੇ ਮੌਜੂਦਾ ਅਤੇ ਵਿਜ਼ਟਿੰਗ ਪ੍ਰੋਫੈਸਰਾਂ, ਸਟਾਫ ਸਮੂਹ ਅਤੇ ਆਪਣੇ ਸਹਿਚਾਰੀਆਂ ਤੇ ਮਿੱਤਰਾਂ ਦਾ ਵੀ ਇਸ ਖੋਜ-ਕਾਰਜ ਨੂੰ ਪੂਰਾ ਕਰਨ ਲਈ ਦਿੱਤੇ ਉਤਸ਼ਾਹ, ਪ੍ਰੇਰਨਾ ਅਤੇ ਸਹਿਯੋਗ ਲਈ ਧੰਨਵਾਦ ਕਰਦਾ ਹਾਂ।

ਮੈਂ ਆਪਣੇ ਮਿੱਤਰ ਸਲਿੰਦਰ ਸਿੰਘ ਦਾ ਥੀਸਜ਼ ਟਾਈਪ ਕਰਨ, ਸਮਰੱਥ ਕੌਰ ਦਾ ਪਰੂਫ਼ ਰੀਡਿੰਗ ਕਰਨ ਅਤੇ ਡਾ. ਮੁਹੱਬਤ ਸਿੰਘ ਦਾ ਤਕਨੀਕੀ ਮਦਦ ਕਰਨ ਤੋਂ ਇਲਾਵਾ ਖੋਜ-ਕਾਰਜ ਨਾਲ ਸਬੰਧਤ ਦਰਪੇਸ਼ ਆਉਂਦੀਆਂ ਰਹੀਆਂ ਔਕੜਾਂ ਸਮੇਂ ਦਿੱਤੇ ਸੁਯੋਗ ਮਸ਼ਵਰਿਆਂ, ਪ੍ਰੇਰਨਾ ਅਤੇ ਉਤਸ਼ਾਹ ਲਈ ਬਹੁਤ ਧੰਨਵਾਦੀ ਹਾਂ।

ਅੰਤ ਵਿਚ ਮੈਂ ਹਰ ਉਸ ਵਿਅਕਤੀ, ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਦਾ ਧੰਨਵਾਦ ਕਰਦਾ ਹਾਂ ਜਿਸ ਨੇ ਵੀ ਇਸ ਖੋਜ-ਕਾਰਜ ਦੌਰਾਨ ਮੇਰੀ ਕਿਸੇ ਪ੍ਰਕਾਰ ਵੀ ਮਦਦ ਕੀਤੀ।

**ਸੁਖਪਾਲ ਸਿੰਘ**

# ਭੂਮਿਕਾ

ਕਿਸੇ ਵਿਸ਼ੇਸ਼ ਧਰਮ, ਖੇਤਰ, ਸਮਾਜਿਕ ਸਮੂਹ, ਸਭਿਆਚਾਰ ਆਦਿ ਨੂੰ ਜਾਨਣ ਅਤੇ ਸਮਝਣ ਲਈ ਉਸ ਦੇ ਸਰੂਪ, ਉਸ ਦੇ ਸਿਧਾਂਤਕ ਤੇ ਵਿਵਹਾਰਕ ਪੱਖਾਂ ਅਤੇ ਇਤਿਹਾਸ ਨੂੰ ਜਾਨਣ ਲਈ ਸਰੋਤਾਂ ਦੀ ਲੋੜ ਪੈਂਦੀ ਹੈ। ਇਹ ਸਰੋਤ ਜਾਂ ਸੋਮੇ ਸੂਖਮ ਅਤੇ ਸਥੂਲ ਰੂਪ ਵਿਚ ਹੋ ਸਕਦੇ ਹਨ। ਸੂਖਮ ਰੂਪ ਵਿਚ ਪ੍ਰਚਲਿਤ ਮੌਖਿਕ ਕਥਾਵਾਂ, ਮਨੌਤਾਂ, ਪ੍ਰੰਪਰਾਵਾਂ, ਵਿਵਹਾਰਕ ਮਰਿਯਾਦਾ ਆਦਿ ਆਉਂਦੇ ਹਨ ਜਦਕਿ ਸਥੂਲ ਰੂਪ ਵਚ ਲਿਖਤਾਂ, ਭਵਨ, ਸਿੱਕੇ, ਮੋਹਰਾਂ, ਸੰਦ, ਸ਼ਸਤਰ ਆਦਿ ਸੋਮੇ ਮੰਨੇ ਜਾਂਦੇ ਹਨ। ਇਨ੍ਹਾਂ ਵਿਚੋਂ ਸੂਖਮ ਸਰੂਪ ਵਾਲੇ ਸੋਮਿਆਂ ਵਿਚ ਸਥੂਲ ਸੋਮਿਆਂ ਨਾਲੋਂ ਜ਼ਿਆਦਾ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਲਈ ਸਥੂਲ ਸੋਮਿਆਂ ਜਾਂ ਸਰੋਤਾਂ ਨੂੰ ਜ਼ਿਆਦਾ ਪ੍ਰਮਾਣੀਕ ਅਤੇ ਵਿਸ਼ਵਾਸਯੋਗ ਮੰਨਿਆ ਜਾਂਦਾ ਹੈ। ਸਥੂਲ ਸੋਮਿਆਂ ਵਿਚ ਲਿਖਤੀ ਸਰੋਤਾਂ ਨੂੰ ਹਮੇਸ਼ਾ ਅਹਿਮੀਅਤ ਦਿੱਤੀ ਜਾਂਦੀ ਰਹੀ ਹੈ। ਇਹਨਾਂ ਸਰੋਤਾਂ ਵਿਚ ਉਪਲਬਧ ਜਾਣਕਾਰੀ ਭਾਵੇਂ ਬੀਤੇ ਸਮੇਂ/ਜ਼ਮਾਨੇ ਨਾਲ ਸਬੰਧਿਤ ਹੁੰਦੀ ਹੈ ਪਰ ਵਿਦਵਾਨਾਂ ਦਾ ਵਿਸ਼ਵਾਸ਼ ਹੈ ਕਿ ਇਨ੍ਹਾਂ ਸਰੋਤਾਂ ਦੀ ਰੋਸ਼ਨੀ ਵਿਚ ਭਵਿੱਖ ਲਈ ਬੜੇ ਵਧੀਆ ਰਸਤੇ ਬਣ ਸਕਦੇ ਹਨ ਅਤੇ ਬੀਤੇ ਸਮੇਂ ਦੀਆਂ ਗ਼ਲਤੀਆਂ ਅਤੇ ਤਰੁੱਟੀਆਂ ਨੂੰ ਦੂਰ ਕਰਕੇ ਚੰਗੇ ਭਵਿੱਖ ਦੀ ਸਿਰਜਨਾ ਕੀਤੀ ਜਾ ਸਕਦੀ ਹੈ।

ਵਿਦਵਾਨਾਂ ਅਤੇ ਖੋਜੀਆਂ ਦੀ ਪਹੁੰਚ ਸਾਹਿਤਕ ਤੇ ਇਤਿਹਾਸਕ ਸਰੋਤਾਂ ਤੱਕ ਹੋਣੀ ਬਹੁਤ ਜ਼ਰੂਰੀ ਹੁੰਦੀ ਹੈ। ਕਈ ਵਾਰ ਮਹੱਤਵਪੂਰਨ ਸਰੋਤ ਲੰਮੇ ਸਮੇਂ ਤੱਕ ਅਣਗੌਲੇ ਜਾਂ ਪਹੁੰਚ ਤੋਂ ਬਾਹਰ ਰਹਿ ਜਾਂਦੇ ਹਨ ਜਿਸ ਨਾਲ ਕਈ ਮਹੱਤਵਪੂਰਨ ਤੱਥ ਸਦੀਆਂ ਤੱਕ ਛੁਪੇ ਰਹਿੰਦੇ ਹਨ। ਅਣਗੌਲੇ ਅਤੇ ਪਹੁੰਚ ਤੋਂ ਬਾਹਰ ਰਹਿ ਗਏ ਸਰੋਤਾਂ ਦੇ ਸਾਹਮਣੇ ਆਉਣ ਨਾਲ ਕਈ ਨਵੇਂ ਤੱਥ ਉਜਾਗਰ ਹੁੰਦੇ ਹਨ ਜਿਸ ਨਾਲ ਚੱਲੀਆਂ ਆਉਂਦੀਆਂ ਕਈ ਭ੍ਰਾਂਤੀਆਂ, ਗਲਤ ਧਾਰਨਾਵਾਂ ਅਤੇ ਵਿਵਾਦ-ਗ੍ਰਸਤ ਮੁੱਦਿਆਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ। ਅਜਿਹਾ ਹੋਣ ਨਾਲ ਸਹੀ, ਸੁਚਾਰੂ ਅਤੇ ਪ੍ਰਮਾਣੀਕ ਵਿਚਾਰਾਂ ਅਤੇ ਰਵਾਇਤਾਂ ਦਾ ਮੁੱਢ ਬੱਝਦਾ ਹੈ।

ਵਿਸ਼ਵ ਧਰਮਾਂ ਦੇ ਇਤਿਹਾਸ ਵਿਚ ਸਿੱਖ ਧਰਮ ਇਕ ਨਵਾਂ ਅਤੇ ਵਿਲੱਖਣ ਧਰਮ ਹੈ, ਜਿਸ ਨੂੰ ਜਾਨਣ-ਸਮਝਣ ਲਈ ਲਿਖਤੀ ਸ੍ਰੋਤਾਂ ਦੀ ਜ਼ਰੂਰਤ ਪੈਂਦੀ ਹੈ। ਸਿੱਖ ਧਰਮ ਦੀ ਪ੍ਰਮੁੱਖ

ਬੋਲੀ ਪੰਜਾਬੀ ਅਤੇ ਇਸ ਦੀ ਲਿੱਪੀ ਗੁਰਮੁਖੀ ਵਿਚ ਰਚਿਤ ਲਿਖਤੀ ਸਰੋਤਾਂ ਦੀ ਘਾਟ ਪਾਈ ਜਾਂਦੀ ਹੈ। ਇਸ ਕਰਕੇ ਸਿੱਖ ਧਰਮ ਅਤੇ ਇਤਿਹਾਸ ਬਾਰੇ ਜਾਣਨ ਲਈ ਦੂਸਰੀਆਂ ਭਾਸ਼ਾਵਾਂ ਅਤੇ ਲਿੱਪੀਆਂ ਵਿਚ ਲਿਖੇ ਗਏ ਸਰੋਤਾਂ ਦਾ ਸਹਾਰਾ ਲੈਣਾ ਪੈਂਦਾ ਹੈ। ਇਨ੍ਹਾਂ ਵਿਚ ਕਈ ਵਾਰ ਵਿਰੋਧਾਭਾਸ, ਸਿੱਖ ਧਰਮ ਪ੍ਰਤੀ ਘੱਟ ਸਮਝ ਜਾਂ ਸਿੱਖ ਧਰਮ ਨੂੰ ਆਪਣੇ ਧਰਨ ਨਾਲੋਂ ਛੁਟਿਆਉਣ ਆਦਿ ਦੇ ਦੋਸ਼ ਪਾਏ ਜਾਂਦੇ ਹਨ। ਜਿਸ ਨਾਲ ਸਿੱਖ ਧਰਮ ਨੂੰ ਸਮਝਣ-ਜਾਨਣ ਵਾਲੇ ਜਗਿਆਸੂ ਲਈ ਬੜੀ ਭੰਬਲਭੂਸੇ ਵਾਲੀ ਸਥਿਤੀ ਬਣ ਜਾਂਦੀ ਹੈ। ਪਰ ਕਈ ਵਾਰ ਦੂਜੀਆਂ ਭਾਸ਼ਾਵਾਂ ਅਤੇ ਧਰਮਾਂ ਦੇ ਰਚਨਾਕਾਰਾਂ ਦੀਆਂ ਲਿਖਤਾਂ ਬਹੁਤ ਉਪਯੋਗੀ ਸਿੱਧ ਹੁੰਦੀਆਂ ਹਨ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਤੋਂ ਇਲਾਵਾ ਜਿਨ੍ਹਾਂ ਦੂਜੀਆਂ ਭਾਸ਼ਾਵਾਂ ਵਿਚ ਸਿੱਖ ਧਰਮ ਸਬੰਧੀ ਲਿਖਤੀ ਸਰੋਤ ਪ੍ਰਾਪਤ ਹਨ, ਉਨ੍ਹਾਂ ਵਿਚ ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਪ੍ਰਮੁੱਖ ਹਨ। ਇਨ੍ਹਾਂ ਭਾਸ਼ਾਵਾਂ ਵਿਚ ਲਿਖਤ ਸਰੋਤਾਂ ਨੇ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਕਈ ਤੱਥ ਅਤੇ ਪੱਖਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ। ਇਨ੍ਹਾਂ ਭਾਸ਼ਾਵਾਂ ਤੋਂ ਇਲਾਵਾ ਭਾਰਤੀ ਉੱਪ-ਮਹਾਂਦੀਪ ਦੀਆਂ ਹੋਰ ਖੇਤਰੀ ਭਾਸ਼ਾਵਾਂ ਵਿਚ ਵੀ ਸਿੱਖ ਧਰਮ ਤੇ ਇਤਿਹਾਸ ਸਬੰਧੀ ਅਹਿਮ ਜਾਣਕਾਰੀ ਮੌਜੂਦ ਹੈ; ਜਿਨ੍ਹਾਂ ਵਿਚੋਂ ਰਾਜਸਥਾਨੀ ਅਤੇ ਮਰਾਠੀ ਪ੍ਰਮੁੱਖ ਹਨ। ਇਨ੍ਹਾਂ ਦੋਹਾਂ ਭਾਸ਼ਾਵਾਂ ਵਿਚੋਂ ਮਰਾਠੀ ਭਾਸ਼ਾ ਦੇ ਕੁਝ ਲਿਖਤੀ ਸਰੋਤਾਂ ਨੂੰ ਸਿੱਖ ਧਰਮ ਅਤੇ ਇਤਿਹਾਸ ਬਾਰੇ ਲਿਖਣ ਵਾਲੇ ਵਿਦਵਾਨਾਂ ਨੇ ਕੁਝ ਹੱਦ ਤੱਕ ਵਰਤੋਂ ਵਿਚ ਵੀ ਲਿਆਂਦਾ ਹੈ। ਪਰ ਰਾਜਸਥਾਨੀ ਭਾਸ਼ਾ ਜਿਸ ਦਾ ਪਿਛੋਕੜ ਪੰਜਾਬੀ ਭਾਸ਼ਾ ਨਾਲ ਜਾ ਜੁੜਦਾ ਹੈ, ਵਿਚ ਲਿਖੇ ਗਏ ਸਰੋਤਾਂ ਨੂੰ ਹੁਣ ਤੱਕ ਜ਼ਿਆਦਾ ਤਵੱਜੋ ਨਹੀਂ ਦਿੱਤੀ ਗਈ। ਇਸ ਖੇਤਰ ਵਿਚ ਸਭ ਤੋਂ ਪਹਿਲਾਂ, ਰਾਜਸਥਾਨੀ ਸਰੋਤਾਂ ਦੀ ਵਰਤੋਂ ਡਾ. ਐਮ. ਐਲ. ਆਹਲੂਵਾਲੀਆ ਨੇ ਕੀਤੀ। ਡਾ. ਆਹਲੂਵਾਲੀਆ ਨੇ ਮਹਾਰਾਣੀ ਜਿੰਦਾਂ ਅਤੇ ਮੁਲਤਾਨ ਦੇ ਵਿਦਰੋਹ ਨਾਲ ਸਬੰਧਿਤ ਰਾਜਸਥਾਨੀ ਭਾਸ਼ਾ ਵਿਚ ਲਿਖੇ 7 ਪੱਤਰਾਂ ਦੀ ਖੋਜ ਕੀਤੀ ਸੀ ਜੋ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 'ਪੰਜਾਬ ਹਿਸਟਰੀ ਕਾਨਫਰੰਸ 19-20 ਮਾਰਚ 1971 ਈ. ਨੂੰ ਆਪਣੇ ਖੋਜ-ਪਰਚੇ ਵਿਚ ਪੇਸ਼ ਕੀਤੇ ਸਨ।

ਡਾ. ਆਹਲੂਵਾਲੀਆ ਤੋਂ ਪਿੱਛੋਂ ਡਾ. ਬਲਵੰਤ ਸਿੰਘ ਢਿੱਲੋਂ ਨੇ ਰਾਜਸਥਾਨੀ ਭਾਸ਼ਾ ਦੇ ਸਰੋਤਾਂ ਉੱਪਰ ਮੁੱਢਲਾ ਅਤੇ ਵਿਸਥਾਰਤ ਖੋਜ-ਕਾਰਜ ਆਰੰਭਿਆ। ਉਨ੍ਹਾਂ ਦੇ 4 ਖੋਜ-ਪੱਤਰ ਰਾਜਸਥਾਨੀ ਭਾਸ਼ਾ ਦੇ ਸਰੋਤਾਂ ਸਬੰਧੀ ਛਪ ਚੁੱਕੇ ਹਨ ਜਿਨ੍ਹਾਂ ਵਿਚ ; 1. Marwarwari

Sources on Trade and Commerce Under Sikh Rule, 2. The Sikh Gurus and the Rajput Chiefs, 3. The Sikh-Rajput Relations During the Eighteenth Century, 4. Rajsthani Sources on Statesmanship of Banda Singh Bahadur, ਸ਼ਾਮਿਲ ਹਨ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਇਨ੍ਹਾਂ ਸਰੋਤਾਂ ਤੇ ਆਧਾਰਿਤ ਇਕ ਕਿਤਾਬ 'Rajasthani Documents on Banda Singh Bahadur' 2016 ਵਿਚ ਲਿਖੀ ਗਈ ਹੈ। ਇਸ ਕਿਤਾਬ ਵਿਚ ਬੰਦਾ ਸਿੰਘ ਬਹਾਦਰ ਦੇ ਖਿਲਾਫ ਮੁਗ਼ਲ ਹਕੂਮਤ ਦੀਆਂ ਕਾਰਵਾਈਆਂ ਅਤੇ ਉਸ ਸਮੇਂ ਦੀਆਂ ਘਟਨਾਵਾਂ ਸਬੰਧੀ ਜਾਣਕਾਰੀ ਦੇਣ ਵਾਲੇ ਜੈਪੁਰ ਰਿਆਸਤ ਦੇ ਵਕੀਲਾਂ ਦੀਆਂ ਰਿਪੋਰਟਾਂ ਅਤੇ ਅਰਜ਼ਦਾਸ਼ਤਾਂ ਵਾਲੇ ਰਾਜਸਥਾਨੀ ਸਰੋਤ ਸਾਹਮਣੇ ਲਿਆਂਦੇ ਗਏ ਹਨ। ਇਹ ਕਿਤਾਬ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਸਮੇਂ 1710 ਈ. ਤੋਂ 1715 ਈ. ਤੱਕ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਵਾਲੀ ਹਵਾਲਾ ਕਿਤਾਬ (Reference) ਦਾ ਸਥਾਨ ਰੱਖਦੀ ਹੈ।

ਉਕਤ ਦੇ ਆਧਾਰ 'ਤੇ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਿੱਖ ਇਤਿਹਾਸ ਨਾਲ ਸਬੰਧਿਤ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਸਰੋਤਾਂ 'ਤੇ ਹੁਣ ਤੱਕ ਵਰਣਿਤ ਬਹੁਤ ਥੋੜ੍ਹਾ ਖੋਜ-ਕਾਰਜ ਹੀ ਹੋਇਆ ਹੈ। ਇਸ ਲਈ ਰਾਜਸਥਾਨੀ ਭਾਸ਼ਾ ਦੇ ਸਰੋਤਾਂ ਵਿਚ ਸਿੱਖਾਂ ਨਾਲ ਸਬੰਧਿਤ ਜਾਣਕਾਰੀ ਦੇਣ ਵਾਲੇ ਸਰੋਤਾਂ ਨੂੰ ਲੱਭਣ ਅਤੇ ਉਨ੍ਹਾਂ ਦਾ ਅਧਿਐਨ ਕਰਨ ਲਈ ਹੱਥਲਾ ਖੋਜ-ਕਾਰਜ ਅਰੰਭਿਆ ਗਿਆ ਹੈ। ਰਾਜਸਥਾਨੀ ਭਾਸ਼ਾ ਦੇ ਇਨ੍ਹਾਂ ਸਰੋਤਾਂ ਨੂੰ ਮੁੱਖ ਤੌਰ ਤੇ ਦੋ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ; 'ਸਾਹਿਤਕ ਸਰੋਤ' ਅਤੇ 'ਦਸਤਾਵੇਜ਼ੀ ਸਰੋਤ'।

'ਸਾਹਿਤਕ ਸਰੋਤ' ਦੀਆਂ ਵੀ ਅੱਗੋਂ ਦੋ ਕਿਸਮਾਂ ਹਨ 'ਵਾਰਤਕ' ਅਤੇ 'ਕਾਵਿ' ਵਿਚ ਲਿਖਤ ਸਾਹਿਤ ਸਮੱਗਰੀ। 'ਸਾਹਿਤਕ ਸਰੋਤਾਂ' ਵਿਚ ਇਤਿਹਾਸ, ਜੀਵਨ ਚਰਿੱਤਰ, ਸਾਖੀਆਂ ਨਾਲ ਸਬੰਧਿਤ ਲਿਖਤਾਂ ਮਿਲਦੀਆਂ ਹਨ ਜੋ ਪ੍ਰਕਾਸ਼ਤ ਅਤੇ ਹੱਥ-ਲਿਖਤਾਂ ਦੇ ਰੂਪ ਵਿਚ ਪ੍ਰਾਪਤ ਹਨ। ਦਸਤਾਵੇਜ਼ੀ ਸਰੋਤਾਂ ਵਿਚ ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਦੇ ਰਿਕਾਰਡ ਅਤੇ ਚਿੱਠੀ-ਪੱਤਰਾਂ ਤੋਂ ਇਲਾਵਾ ਵਪਾਰਕ ਘਰਾਣਿਆਂ ਦੇ ਚਿੱਠੀ-ਪੱਤਰ ਅਤੇ ਵਹੀਆਂ ਆਦਿ ਸ਼ਾਮਿਲ ਹਨ। 'ਦਸਤਾਵੇਜ਼ੀ ਸਰੋਤ' ਹੱਥ-ਲਿਖਤ ਰੂਪ ਵਿਚ ਜਨਤਕ ਤੇ ਨਿੱਜੀ ਅਭਿਲੇਖਾਗਾਰਾਂ ਵਿਚ ਹੀ ਮਿਲਦੇ ਹਨ।

ਸਿੱਖ ਗੁਰੂ ਸਾਹਿਬਾਨ, ਸੰਤਾਂ-ਭਗਤਾਂ, ਸਿੱਖ ਪ੍ਰਚਾਰਕਾਂ, ਸਿੱਖ ਸੰਪਰਦਾਵਾਂ ਅਤੇ ਗੁਰੂ ਵੰਸ਼ ਵਿਚ ਹੋਏ ਵਿਅਕਤੀਆਂ ਸਬੰਧੀ, ਸਾਖੀ, ਭਗਤਮਾਲ, ਪ੍ਰਚਈ ਅਤੇ ਖਿਆਤ ਆਦਿ ਸਾਹਿਤਕ ਵੰਨਗੀਆਂ ਵਿਚ ਜੀਵਨ ਬ੍ਰਿਤਾਂਤ ਅਤੇ ਇਤਿਹਾਸਕ ਵੇਰਵੇ ਮਿਲਦੇ ਹਨ। ਇਸ ਤੋਂ ਇਲਾਵਾ ਸਿੱਖ ਧਰਮ ਦੇ ਸਿਧਾਂਤਕ ਅਤੇ ਵਿਵਹਾਰਕ ਪੱਖਾਂ ਬਾਰੇ ਵੀ ਇਨ੍ਹਾਂ ਸਰੋਤਾਂ ਵਿਚ ਹਵਾਲੇ ਮਿਲਦੇ ਹਨ।

ਇਨ੍ਹਾਂ ਰਾਜਸਥਾਨੀ ਸਰੋਤਾਂ ਵਿਚ ਗੁਰੂ ਕਾਲ ਤੋਂ ਲੈ ਕੇ ਬੰਦਾ ਸਿੰਘ ਬਹਾਦਰ, ਮਿਸਲ ਕਾਲ, ਸਿੱਖ ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਦੇ ਇਤਿਹਾਸਕ ਹਵਾਲੇ ਨਾਵਾਂ, ਥਾਵਾਂ, ਘਟਨਾਵਾਂ, ਤਾਰੀਖਾਂ ਆਦਿ ਬਾਰੇ ਵੇਰਵੇ ਮਿਲਦੇ ਹਨ। 18ਵੀਂ ਸਦੀ ਵਿਚ ਮੁਗ਼ਲ ਹਕੂਮਤ ਵੱਲੋਂ ਸਿੱਖਾਂ ਖਿਲਾਫ਼ ਅਪਣਾਈ ਗਈ ਦਮਨ ਦੀ ਨੀਤੀ ਸਮੇਂ ਸਿੱਖਾਂ ਦੇ ਪੰਜਾਬ ਨੂੰ ਛੱਡ ਕੇ ਜੰਗਲਾਂ, ਪਹਾੜਾਂ ਅਤੇ ਮਾਰੂਥਲਾਂ ਨੂੰ ਚਲੇ ਜਾਣ ਦੀਆਂ ਕਥਾ-ਕਹਾਣੀਆਂ ਪੰਜਾਬ ਵਿਚ ਮੌਖਿਕ ਤੌਰ ‘ਤੇ ਆਮ ਸੁਣੀਆਂ-ਸੁਣਾਈਆਂ ਜਾਂਦੀਆਂ ਰਹੀਆਂ ਹਨ। ਪਰ ਇਸ ਸਬੰਧੀ ਕੋਈ ਲਿਖਤੀ ਪ੍ਰਮਾਣ ਜਾਂ ਦਸਤਾਵੇਜ਼/ਸਬੂਤ ਨਹੀਂ ਸੀ ਮਿਲਦਾ। ਰਾਜਸਥਾਨੀ ਸਰੋਤਾਂ ਵਿਚ ‘ਦਸਤੂਰ ਕੌਮਵਾਰ’ ਵਿਚ ਸਿੱਖਾਂ ਦੁਆਰਾ 18ਵੀਂ ਸਦੀ ਦੇ ਅੱਧ ਤੱਕ ਸਿੱਖਾਂ ਦੇ ਜੈਪੁਰ ਰਿਆਸਤ ਵਿਚ ਸੈਨਿਕ ਨੌਕਰੀਆਂ ਕਰਨ ਬਾਰੇ ਲਿਖਤੀ ਹਵਾਲੇ ਮਿਲਦੇ ਹਨ। ਇਸ ਤੋਂ ਇਲਾਵਾ ਸਿੱਖਾਂ ਦੀਆਂ ਪੰਜਾਬ ਅਤੇ ਇਸ ਤੋਂ ਬਾਹਰਲੇ ਇਲਾਕਿਆਂ ਖਾਸ ਕਰਕੇ ਰਾਜਪੂਤਾਨੇ, ਭਰਤਪੁਰ, ਦਿੱਲੀ ਅਤੇ ਜਮਨਾ-ਗੰਗਾ ਦੁਆਬ ਆਦਿ ਵੱਲ ਦੀਆਂ ਮੁਹਿੰਮਾਂ, ਸਿੱਖਾਂ ਦੇ ਰਾਜਪੂਤਾਨੇ ਦੀਆਂ ਰਿਆਸਤਾਂ ਨਾਲ ਸਬੰਧ, ਜੈਪੁਰ ਰਿਆਸਤ ਵਿਚ ਸਿੱਖਾਂ ਦੇ ਜਗੀਰਾਂ ਪ੍ਰਾਪਤ ਕਰਨ, ਸਿੱਖ ਰਿਆਸਤਾਂ ਦੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਪੂਤਾਨੇ ਨਾਲ ਸਬੰਧ, ਸਿੱਖ ਮਿਸਲਾਂ ਦੁਆਰਾ ਜੈਪੁਰ ਆਦਿ ਰਿਆਸਤਾਂ ਕੋਲੋਂ ਮੋਟੀਆਂ ਰਕਮਾਂ ਦੇ ਇਵਜ਼ਾਨੇ ਲੈਣ ਅਤੇ ਸਿੱਖ ਰਿਆਸਤਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿੱਖਾਂ ਦੀ ਆਰਥਿਕ, ਵਪਾਰਿਕ ਅਤੇ ਰਾਜਨੀਤਿਕ ਸਥਿਤੀ ਆਦਿ ਬਾਰੇ ਮਹੱਤਵਪੂਰਨ ਅਤੇ ਨਿਵੇਕਲੇ ਤੱਥਾਂ ਦੀ ਜਾਣਕਾਰੀ ਇਨ੍ਹਾਂ ਰਾਜਸਥਾਨੀ ਸਰੋਤਾਂ ਵਿਚੋਂ ਸਾਹਮਣੇ ਆਉਂਦੀ ਹੈ।

ਸਿੱਖਾਂ ਦੇ ਬਾਹਰਲੀਆਂ/ਵਿਦੇਸ਼ੀ ਤਾਕਤਾਂ (ਅਹਿਮਦ ਸ਼ਾਹ ਅਬਦਾਲੀ ਅਤੇ ਅੰਗਰੇਜ਼ਾਂ ਆਦਿ) ਨਾਲ ਸਿੱਖਾਂ ਦੇ ਸਬੰਧਾਂ ਅਤੇ ਇਨ੍ਹਾਂ ਨਾਲ ਸਬੰਧਿਤ ਇਤਿਹਾਸਕ ਘਟਨਾਵਾਂ ਬਾਰੇ ਵੀ

ਰਾਜਸਥਾਨੀ ਸਰੋਤਾਂ ਵਿਚ ਜ਼ਿਕਰ ਮਿਲਦਾ ਹੈ। ਰਾਜਸਥਾਨੀ ਸਰੋਤ ਸਿੱਖ ਧਰਮ ਜਾਂ ਸਿੱਖ ਇਤਿਹਾਸ ਲਿਖਣ ਦੇ ਮੰਤਵ ਨਾਲ ਨਹੀਂ ਲਿਖੇ ਗਏ ਸਗੋਂ ਇਨ੍ਹਾਂ ਲਿਖਤਾਂ ਨੂੰ ਲਿਖਣ ਅਤੇ ਸੰਭਾਲਣ ਪਿੱਛੇ ਰਾਜਸਥਾਨੀ ਲੋਕਾਂ ਦੇ ਆਪਣੇ ਨਿੱਜੀ ਮੰਤਵ ਸਨ। ਇਸ ਲਈ ਇਨ੍ਹਾਂ ਸਰੋਤਾਂ ਵਿਚ (ਫ਼ਾਰਸੀ ਭਾਸ਼ਾ ਵਿਚ) ਮੁਸਲਮਾਨ ਲਿਖਾਰੀਆਂ ਦੀਆਂ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੀਆਂ ਲਿਖਤਾਂ ਵਾਂਗ ਤੁਅੱਸਬੀ ਕੱਟੜਤਾ ਅਤੇ ਨਫ਼ਰਤ ਦੀ ਝਲਕ ਨਹੀਂ ਮਿਲਦੀ। ਸਮਕਾਲੀ ਹੋਣ ਕਰਕੇ ਇਹਨਾਂ ਸਰੋਤਾਂ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਇਸ ਖੇਤਰ ਦੇ ਸਰੋਤਾਂ ਦੀ ਇਹ ਵੀ ਖਾਸੀਅਤ ਹੈ ਕਿ ਇਹ ਸਿੱਖਾਂ ਦੁਆਰਾ ਆਪ ਨਹੀਂ ਲਿਖੇ ਗਏ ਸਗੋਂ ਇਨ੍ਹਾਂ ਦੇ ਲਿਖਾਰੀ ਦੂਜੇ ਖੇਤਰ, ਧਰਮ ਅਤੇ ਭਾਸ਼ਾ ਨਾਲ ਸਬੰਧ ਰੱਖਣ ਵਾਲੇ ਸਨ, ਜਿਸ ਕਰਕੇ ਇਹਨਾਂ ਸਰੋਤਾਂ ਦੀਆਂ ਸਿੱਖ ਸੰਦਰਭ ਵਿਚ ਗਵਾਹੀਆਂ ਜ਼ਿਆਦਾ ਵਜ਼ਨਦਾਰ, ਪ੍ਰਮਾਣੀਕ ਅਤੇ ਵਿਸ਼ਵਾਸਯੋਗ ਮੰਨੀਆਂ ਜਾ ਸਕਦੀਆਂ ਹਨ। ਰਾਜਸਥਾਨੀ ਸਰੋਤਾਂ ਵਿਚ ਸਿੱਖਾਂ ਸਬੰਧੀ ਜ਼ਿਆਦਾਤਰ ਜਾਣਕਾਰੀ ਅਤੇ ਹਵਾਲੇ ਸੰਖਿਪਤ ਅਤੇ ਟੂਕਾਂ ਦੇ ਰੂਪ ਵਿਚ ਹੀ ਮਿਲਦੇ ਹਨ। ਇਹਨਾਂ ਸਰੋਤਾਂ ਵਿਚ ਕਈ ਵਾਰ ਸਿੱਖਾਂ ਸਬੰਧੀ ਮਿਥਕ ਅਤੇ ਪ੍ਰੰਪਰਾਗਤ ਧਾਰਨਾਵਾਂ ਕਰਕੇ ਗਲਤੀਆਂ ਜਾਂ ਭਰਾਂਤੀਆਂ ਵੀ ਨਜ਼ਰ ਆਉਂਦੀਆਂ ਹਨ। ਇਸ ਲਈ ਇਹਨਾਂ ਸਰੋਤਾਂ ਖਾਸ ਕਰਕੇ ਸਾਹਿਤਕ ਰਚਨਾਵਾਂ ਨੂੰ ਬੜੀ ਸਾਵਧਾਨੀ ਨਾਲ ਸਮਝਣ ਅਤੇ ਵਰਤਣ ਦੀ ਲੋੜ ਪੈਂਦੀ ਹੈ।

ਸਿੱਖਾਂ ਦੇ ਸੰਦਰਭ ਵਿਚ ਰਾਜਸਥਾਨੀ ਸਰੋਤਾਂ ਦੀ ਮਹੱਤਤਾ ਦੇ ਨਾਲ-ਨਾਲ ਇਹਨਾਂ ਦੀ ਖੋਜ, ਪ੍ਰਾਪਤੀ ਅਤੇ ਅਧਿਐਨ ਸਬੰਧੀ ਕਈ ਕਠਿਨਾਈਆਂ ਵੀ ਪੇਸ਼ ਆਉਂਦੀਆਂ ਹਨ।

- ਸਭ ਤੋਂ ਪਹਿਲੀ ਮੁਸ਼ਕਿਲ ਰਾਜਸਥਾਨੀ ਭਾਸ਼ਾ ਵਿਚ ਲਿਖੇ ਸਰੋਤਾਂ ਵਿਚੋਂ ਸਿੱਖਾਂ ਨਾਲ ਸਬੰਧਿਤ ਸਰੋਤਾਂ ਦੀ ਭਾਲ ਕਰਨਾ ਹੈ।
- ਇਹ ਪਤਾ ਲਗਾਉਣਾ ਬਹੁਤ ਕਠਿਨ ਹੈ ਕਿ ਕਿਸ ਕਿਸਮ ਦੇ ਸਰੋਤ ਵਿਚ ਸਿੱਖਾਂ ਨਾਲ ਸਬੰਧਿਤ ਕੋਈ ਜਾਣਕਾਰੀ ਦਰਜ ਹੋ ਸਕਦੀ ਹੈ ਅਤੇ ਇਹ ਸਰੋਤ ਕਿਸ ਸਥਾਨ ਤੇ ਮੌਜੂਦ ਹੈ।

- ਇਸ ਪਿੱਛੋਂ ਉਸ ਸਰੋਤ ਤੱਕ ਪਹੁੰਚ ਕਰਨੀ ਅਤੇ ਉਸ ਦੀ ਕਾਪੀ ਪ੍ਰਾਪਤ ਕਰਨੀ ਜਾਂ ਉਤਾਰਾ ਕਰਨ ਲਈ ਸਰੋਤ ਦੇ ਮਾਲਕ ਜਾਂ ਸੰਸਥਾ ਦੀ ਮਨਜ਼ੂਰੀ ਜਾਂ ਸਹਿਮਤੀ ਲੈਣੀ ਬਹੁਤ ਕਠਿਨ ਕਾਰਜ ਹੈ।
- ਲਿਖਤ ਦੀ ਕਾਪੀ ਦੀ ਪ੍ਰਾਪਤੀ ਪਿੱਛੋਂ ਉਸ ਨੂੰ ਪੜ੍ਹਨਾ ਇਕ ਹੋਰ ਉਲਝਣ ਅਤੇ ਮੁਸ਼ਕਿਲ ਕੰਮ ਹੈ। ਜ਼ਿਆਦਾਤਰ ਸਰੋਤ ਜਾਂ ਲਿਖਤਾਂ ਅੱਜ ਤੋਂ ਦੋ-ਤਿੰਨ ਸੌ ਸਾਲ ਜਾਂ ਇਸ ਤੋਂ ਵੀ ਪੁਰਾਣੀਆਂ ਹਨ ਅਤੇ ਇਹ ਹੱਥ-ਲਿਖਤ ਰੂਪ ਵਿਚ ਹੀ ਹਨ। ਇਸ ਲਈ ਉਸ ਸਮੇਂ ਦੀ ਲਿਖਾਈ ਅਤੇ ਭਾਸ਼ਾ ਨਾਲੋਂ ਅਜੋਕੇ ਸਮੇਂ ਦੀ ਲਿਖਾਈ (ਅੱਖਰਾਂ ਦੀ ਲਿਖਾਵਟ) ਵਿਚ ਬਹੁਤ ਅੰਤਰ ਆ ਗਿਆ ਹੈ, ਜਿਸ ਕਰਕੇ ਕਈ ਵਾਰ ਪੜ੍ਹਣ ਅਤੇ ਸਮਝਣ ਵਿਚ ਬਹੁਤ ਕਠਿਨਾਈ ਆਉਂਦੀ ਹੈ।
- ਇਸ ਤੋਂ ਇਲਾਵਾ ਰਾਜਸਥਾਨ ਦੇ ਵਿਸ਼ਾਲ ਭੂ-ਭਾਗ ਵਿਚ ਕੁਝ ਉੱਪ-ਬੋਲੀਆਂ ਅਤੇ ਉਨ੍ਹਾਂ ਦੇ ਅੱਗੋਂ ਫਿਰ ਕਈ ਪ੍ਰਕਾਰ ਹਨ, ਜੋ ਸਧਾਰਨ ਪਾਠਕ ਅਤੇ ਖੋਜੀ ਲਈ ਸਮਝਣੇ ਮੁਸ਼ਕਿਲ ਹਨ।
- ਇਸੇ ਤਰ੍ਹਾਂ ਰਾਜਸਥਾਨ ਵਿਚ ਭਾਸ਼ਾ ਦੀ ਤਰ੍ਹਾਂ ਲਿਪੀ ਦੇ ਅੱਖਰਾਂ ਦੀਆਂ ਸ਼ਕਲਾਂ ਵਿਚ ਵੀ ਕਈ ਅੰਤਰ ਪਾਏ ਜਾਂਦੇ ਹਨ। ਦੇਵਨਾਗਰੀ ਲਿੱਪੀ ਦਾ ਇੱਕ ਹੀ ਅੱਖਰ ਰਾਜਸਥਾਨ ਦੇ ਜੈਪੁਰ ਇਲਾਕੇ ਵਿਚ ਕਿਸੇ ਹੋਰ ਤਰ੍ਹਾਂ ਨਾਲ ਲਿਖਿਆ ਜਾਂਦਾ ਹੈ ਜਦ ਕਿ ਜੋਧਪੁਰ, ਬੀਕਾਨੇਰ, ਉਦੇਪੁਰ ਜਾਂ ਭਰਤਪੁਰ ਆਦਿ ਵਿਚ ਉਹੀ ਅੱਖਰ ਵੱਖ-ਵੱਖ ਤਰ੍ਹਾਂ ਨਾਲ ਲਿਖਿਆ ਜਾਂਦਾ ਹੈ, ਜੋ ਖੋਜਾਰਥੀ ਲਈ ਉਲਝਣ ਪੈਦਾ ਕਰਦਾ ਹੈ।
- ਬੋਲੀ ਅਤੇ ਲਿਖਣ ਸ਼ੈਲੀ ਤੋਂ ਇਲਾਵਾ ਇਨ੍ਹਾਂ ਸਰੋਤਾਂ ਦੀ ਮੌਜੂਦਾ ਹਾਲਤ ਵੀ ਕਈ ਵਾਰੀ ਕਠਿਨਾਈਆਂ ਪੈਦਾ ਕਰਦੀ ਹੈ। ਕਈ ਵਾਰੀ ਕਾਗਜ਼ ਪੁਰਾਣਾ ਹੋਣ ਕਰਕੇ ਕਿਨਾਰਿਆਂ ਤੋਂ ਭੁਰਿਆ ਹੁੰਦਾ ਹੈ, ਜਿਸ ਨਾਲ ਲਿਖਤ ਦਾ ਕੁਝ ਭਾਗ ਅਸਪਸ਼ਟ ਜਾਂ ਨਸ਼ਟ ਹੋਇਆ ਹੁੰਦਾ ਹੈ, ਇਸ ਕਰਕੇ ਲਿਖਤ ਅਧੂਰੀ ਹੁੰਦੀ ਹੈ, ਜਿਸ ਨੂੰ ਅੰਦਾਜ਼ੇ ਅਤੇ ਵਿਵੇਕ ਨਾਲ ਸਮਝਣਾ ਪੈਂਦਾ ਹੈ।

- ਕਈ ਵਾਰੀ ਲਿਖਤ ਦਾ ਕਾਗਜ਼, ਕੀੜੇ ਜਾਂ ਸਿਉਂਕ ਆਦਿ ਦੁਆਰਾ ਖਾਧਾ ਹੁੰਦਾ ਹੈ, ਜਿਸ ਕਾਰਨ ਸਰੋਤ ਵਿਚਲੀ ਸੰਪੂਰਨ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ, ਇਸ ਲਈ ਉਸ ਕਾਗਜ਼ ਤੇ ਲਿਖੀ ਮਹੱਤਵਪੂਰਨ ਜਾਣਕਾਰੀ ਤੋਂ ਪੂਰਾ ਫਾਇਦਾ ਨਹੀਂ ਲਿਆ ਜਾ ਸਕਦਾ।
- ਕਈ ਲਿਖਤਾਂ ਦੇ ਕਾਗਜ਼ਾਂ ਉੱਪਰ ਸਿੱਲ੍ਹ ਜਾਂ ਹੋਰ ਕਿਸੇ ਕਾਰਨ ਕਰਕੇ ਸਿਆਹੀ ਫੈਲੀ ਹੁੰਦੀ ਹੈ ਜਿਸ ਨਾਲ ਪੜ੍ਹਨ ਵਿਚ ਮੁਸ਼ਕਿਲ ਹੁੰਦੀ ਹੈ ਅਤੇ ਅੱਖਰ ਵੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੁੰਦੇ। ਇਸ ਤੋਂ ਇਲਾਵਾ ਕਈ ਲਿਖਤਾਂ ਵਿਚੋਂ ਸਿਆਹੀ ਫਿੱਕੀ ਪੈਣ, ਧੁੰਦਲੇ ਹੋਣ ਜਾਂ ਅੱਖਰ ਮਿਟ ਜਾਣ ਆਦਿ ਕਾਰਣਾਂ ਕਰਕੇ ਵੀ ਲਿਖਤ ਵਿਚਲਾ ਪੂਰਾ ਪਾਠ ਸ਼ੁੱਧ ਰੂਪ ਵਿਚ ਨਹੀਂ ਪੜ੍ਹਿਆ ਜਾ ਸਕਦਾ।

ਸੋ ਅਜਿਹੀਆਂ ਕਈ ਔਕੜਾਂ ਰਾਜਸਥਾਨੀ ਸਰੋਤਾਂ ਦੀ ਖੋਜ ਅਤੇ ਅਧਿਐਨ ਕਰਦਿਆਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਨੂੰ ਬਹੁਤ ਸਬਰ ਤੇ ਠਰ੍ਹੰਮੇ ਨਾਲ ਲਗਾਤਾਰ ਜਤਨ ਕਰਕੇ ਹੱਲ ਕਰਨ ਦੀ ਲੋੜ ਪੈਂਦੀ ਹੈ।

ਇਸ ਖੋਜ-ਕਾਰਜ ਵਿਚ ਰਾਜਸਥਾਨੀ ਸਰੋਤਾਂ ਦਾ ਅਧਿਐਨ ਕਰਨ ਲਈ ਵਿਸ਼ਲੇਸ਼ਣਾਤਮਕ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਸਾਹਿਤ, ਇਤਿਹਾਸ, ਧਰਮ ਅਧਿਐਨ ਅਤੇ ਹੱਥ-ਲਿਖਤਾਂ ਦੀ ਪੜ੍ਹਤ ਤੇ ਵਿਸ਼ਲੇਸ਼ਣ ਆਦਿ ਵਿਧੀਆਂ ਦੀ ਸਰੋਤਾਂ ਦੀਆਂ ਕਿਸਮਾਂ ਮੁਤਾਬਿਕ ਲੋੜ ਅਨੁਸਾਰ ਵਰਤੋਂ ਕੀਤੀ ਗਈ ਹੈ। ਇਸ ਖੋਜ-ਕਾਰਜ ਵਿਚ ਸ਼ਾਮਿਲ ਸਰੋਤਾਂ ਦੀਆਂ ਕਿਸਮਾਂ ਨੂੰ ਧਿਆਨ ਵਿਚ ਰੱਖਦਿਆਂ ਪਹਿਲਾਂ ਦਸਤਾਵੇਜ਼ੀ ਸਰੋਤਾਂ ਨੂੰ ਦੂਜੇ ਅਤੇ ਤੀਜੇ ਅਧਿਆਇ ਵਿਚ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਬਾਅਦ ਵਿਚ ਸਾਹਿਤਕ ਤੇ ਇਤਿਹਾਸਕ ਸਰੋਤਾਂ ਨੂੰ ਚੌਥੇ ਅਧਿਆਇ ਵਿਚ ਰੱਖਿਆ ਗਿਆ ਹੈ। ਅੰਤ ਵਿਚ ਸਾਹਿਤਕ ਤੇ ਦਸਤਾਵੇਜ਼ੀ ਫੁਟਕਲ ਸਰੋਤਾਂ ਨੂੰ ਪੰਜਵੇਂ ਅਧਿਆਇ ਵਿਚ ਮਿਸ਼ਰਤ ਰੂਪ ਵਿਚ ਘੋਖਿਆ ਗਿਆ ਹੈ। ਇਸ ਖੋਜ-ਪ੍ਰਬੰਧ ਵਿਚ ਸ਼ਾਮਿਲ ਸਰੋਤਾਂ ਨੂੰ ਤਾਰੀਖਵਾਰ ਤਰਤੀਬ ਅਨੁਸਾਰ ਰੱਖ ਕੇ ਅਧਿਐਨ ਕੀਤਾ ਗਿਆ ਹੈ। ਇਥੇ ਇਹ ਗੱਲ ਸਪੱਸ਼ਟ ਕਰਨੀ ਅਤਿ ਜ਼ਰੂਰੀ ਹੈ ਕਿ ਹਥਲੇ ਖੋਜ-ਕਾਰਜ ਦੇ ਵਿਸ਼ੇ ਦਾ ਆਧਾਰ ਕੇਵਲ ਰਾਜਸਥਾਨੀ ਭਾਸ਼ਾ ਵਿਚ

ਲਿਖਤ ਸਰੋਤ ਹੀ ਸ਼ਾਮਿਲ ਹਨ, ਰਾਜਸਥਾਨ ਦੇ ਖੇਤਰ ਵਿਚ ਕਿਸੇ ਹੋਰ ਭਾਸ਼ਾ ਵਿਚ ਲਿਖਤ ਸਰੋਤ ਇਸ ਖੋਜ-ਕਾਰਜ ਦੇ ਵਿਸ਼ੇ ਦਾ ਆਧਾਰ ਨਹੀਂ ਹਨ। ਇਸ ਖੋਜ-ਕਾਰਜ ਵਿਚ 1750 ਈ. ਤੋਂ 1850 ਈ. ਤੱਕ ਰਾਜਸਥਾਨੀ ਭਾਸ਼ਾ ਵਿਚ ਲਿਖੇ ਗਏ ਅਤੇ ਇਸ ਸਮੇਂ ਦੌਰਾਨ ਦੇ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਸੋਰਤ ਹੀ ਸ਼ਾਮਿਲ ਕੀਥੇ ਗਏ ਹਨ। ਇਸ ਤੋਂ ਇਲਾਵਾ ਸਰੋਤਾਂ ਵਿਚਲੇ ਵੇਰਵਿਆਂ ਤੇ ਘਟਨਾਵਾਂ ਦੀ ਕਾਲ-ਕ੍ਰਮ ਅਨੁਸਾਰ ਸਮੀਖਿਆ ਕੀਤੀ ਗਈ ਹੈ। ਪਾਠ ਅਤੇ ਅਰਥਾਂ ਦੀ ਸਪੱਸ਼ਟਤਾ ਲਈ ਗੋਲ ਬਰੈਕਟਾਂ ( ) ਵਿਚ ਵਾਧੂ ਵਿਸਥਾਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਲਿਖਤਾਂ ਵਿਚ ਆਪਣੇ ਵੱਲੋਂ ਦਿੱਤੇ ਗਏ ਵਾਧੂ ਅਤੇ ਮੂਲ ਲਿਖਤਾਂ ਵਿਚਲੇ ਗ਼ਲਤ ਪਾਠ ਦੀ ਥਾਂ ਚੌਰਸ ਬਰੈਕਟਾਂ [ ] ਵਿਚ ਸਹੀ ਪਾਠ ਦਿੱਤਾ ਗਿਆ ਹੈ। ਖੋਜ-ਕਾਰਜ ਵਿਚ ਸ਼ਾਮਿਲ ਸਰੋਤਾਂ ਦੇ ਮੂਲ ਪਾਠ ਵਿਚ ਆਈਆਂ ਤਿੱਥਾਂ ਅਤੇ ਵਿਕ੍ਰਮੀ ਸੰਮਤ ਦੀਆਂ ਮਿਤੀਆਂ ਨੂੰ ਈਸਵੀ ਸੰਮਤ ਅਨੁਸਾਰ ਸਮਝਣ ਲਈ ਸ. ਪਾਲ ਸਿੰਘ ਪੁਰੇਵਾਲ ਦੀ 500 ਸਾਲਾ ਜੰਤਰੀ ਅਨੁਸਾਰ ਈਸਵੀ ਸੰਮਤ ਦੀਆਂ ਮਿਤੀਆਂ ਗੋਲ ਬਰੈਕਟਾਂ ਵਿਚ ਮੂਲ ਸੰਮਤਾਂ ਦੇ ਨਾਲ ਦਿੱਤੀਆਂ ਗਈਆਂ ਹਨ। ਸਮੁੱਚੇ ਖੋਜ-ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ ਅਤੇ ਅੰਤ ਵਿਚ ਖੋਜ-ਕਾਰਜ ਦਾ ਸਾਰ ਦਿੱਤਾ ਗਿਆ ਹੈ।

ਖੋਜ-ਕਾਰਜ ਦੇ ਪਹਿਲੇ ਅਧਿਆਇ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ, ਜਿਸ ਵਿਚ ਸਭ ਤੋਂ ਪਹਿਲਾਂ ਰਾਜਸਥਾਨੀ ਭਾਸ਼ਾ ਅਤੇ ਸਾਹਿਤ ਦੀ ਮੁੱਢਲੀ ਅਤੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਰਾਜਸਥਾਨੀ ਭਾਸ਼ਾ ਦੇ ਆਰੰਭ, ਉੱਪ-ਬੋਲੀਆਂ ਅਤੇ ਵਿਸ਼ੇਸ਼ਤਾਵਾਂ ਪਿਛੋਂ ਰਾਜਸਥਾਨੀ ਸਾਹਿਤ ਦੇ ਆਰੰਭ ਅਤੇ ਵਿਕਾਸ ਸਬੰਧੀ ਸੰਖਿਪਤ ਵਰਣਨ ਕੀਤਾ ਗਿਆ ਹੈ। ਦੂਜੇ ਭਾਗ ਵਿਚ 1750 ਈ: ਤੋਂ ਪਹਿਲਾਂ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਸਰੋਤਾਂ ਦਾ ਵਰਣਨ ਕੀਤਾ ਗਿਆ ਹੈ, ਜਿਸ ਵਿਚ ਭਗਤਮਾਲਾਂ, ਸਾਖੀ, ਪ੍ਰਚਈ ਆਦਿ ਧਾਰਮਿਕ ਅਤੇ ਅਧਿਆਤਮਿਕ ਰਚਨਾਵਾਂ ਤੋਂ ਇਲਾਵਾ ਖਿਆਤਾਂ, ਵਕੀਲ ਰਿਪੋਰਟਾਂ ਅਤੇ ਅਰਜਦਾਸਤਾਂ ਬਾਰੇ ਚਰਚਾ ਕੀਤੀ ਗਈ ਹੈ। ਇਸ ਪਿਛੋਂ ਤੀਜੇ ਭਾਗ ਵਿਚ ਸਿੱਖ ਧਰਮ ਸੰਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਸਰੋਤਾਂ ਦੀਆਂ ਵੰਨਗੀਆਂ ਦੀ ਪਛਾਣ ਕਰਵਾਈ ਗਈ ਹੈ। ਅਖੀਰ ਚੌਥੇ ਭਾਗ ਵਿਚ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਰਾਜਸਥਾਨੀ ਸਰੋਤਾਂ ਉੱਪਰ ਹੁਣ ਤੱਕ ਹੋਏ ਕਾਰਜ ਦੀ ਸਮੀਖਿਆ ਕੀਤੀ ਗਈ ਹੈ।

ਦੂਸਰੇ ਅਧਿਆਇ ਵਿਚ ਭੂਤਪੂਰਵ ਜੈਪੁਰ ਰਿਆਸਤ ਦੇ ਸਰਕਾਰੀ ਦਸਤਾਵੇਜ਼, 'ਦਸਤੂਰ ਕੌਮਵਾਰ' ਦੀ ਵਿਸਤ੍ਰਿਤ ਜਾਂਚ-ਪੜਤਾਲ ਕੀਤੀ ਗਈ ਹੈ। ਇਹ ਇਕ ਦਸਤਾਵੇਜ਼ੀ ਕਿਸਮ ਦਾ ਰੋਜਨਾਮਚੇ ਵਰਗਾ ਸਰਕਾਰੀ ਰਿਕਾਰਡ ਹੈ, ਜਿਸ ਵਿਚ ਜੈਪੁਰ ਦਰਬਾਰ ਵੱਲੋਂ ਕਿਸੇ ਵੀ ਜਾਤੀ, ਧਰਮ ਜਾਂ ਨਸਲ ਆਦਿ ਦੇ ਵਿਅਕਤੀ ਨਾਲ ਕੀਤੇ ਗਏ ਦਸਤੂਰ ਜਾਂ ਵਰਤੋਂ-ਵਿਹਾਰ ਸਮੇਂ ਸਬੰਧਿਤ ਵਿਅਕਤੀ ਨੂੰ ਦਿੱਤੀਆਂ ਜਾਂ ਉਸ ਤੋਂ ਪ੍ਰਾਪਤ ਕੀਤੀਆਂ ਗਈਆਂ ਭੇਟਾਵਾਂ ਅਤੇ ਸੁਗਾਤਾਂ ਆਦਿ ਸੰਬੰਧੀ ਵਿਸਥਾਰ ਸਹਿਤ ਵੇਰਵੇ ਦਰਜ ਹਨ। 'ਦਸਤੂਰ ਕੌਮਵਾਰ' ਦੀਆਂ ਕੁੱਲ 34 ਕਿਤਾਬਾਂ ਹਨ, ਜਿਨ੍ਹਾਂ ਵਿਚੋਂ 32 ਕਿਤਾਬਾਂ ਵਿਚ ਵੱਖ-ਵੱਖ ਧਰਮਾਂ, ਜਾਤਾਂ, ਨਸਲਾਂ ਆਦਿ ਦੇ ਲੋਕਾਂ ਨਾਲ ਜੈਪੁਰ ਵੱਲੋ ਕੀਤੇ ਦਸਤੂਰ ਦਰਜ਼ ਹਨ, ਜਦਕਿ ਦੂਜੀਆਂ ਦੋ ਕਿਤਾਬਾਂ ਵਿਚ ਇਨ੍ਹਾਂ 32 ਕਿਤਾਬਾਂ ਦਾ ਤਤਕਰਾ ਦਿੱਤਾ। ਇਸ ਸਰੋਤ ਵਿਚ ਸਿੱਖਾਂ ਸਬੰਧੀ 1740 ਈ. ਤੋਂ 1862 ਈ. ਤੱਕ ਨਾਮ ਤੇ ਕਿਸਮਾਂ, ਥਾਵਾਂ, ਤਰੀਖਾਂ, ਦਿੱਤੀਆਂ ਜਾਂ ਲਈਆਂ ਗਈਆਂ ਵਸਤਾਂ ਦੇ ਨਾਵਾਂ, ਉਨ੍ਹਾਂ ਦੀ ਕੀਮਤ ਤੇ ਗਿਣਤੀ ਆਦਿ ਸਮੇਤ ਪੂਰੇ ਵੇਰਵੇ ਮਿਲਦੇ ਹਨ। ਇਸ ਸਰੋਤ ਵਿਚੋਂ ਸਿੱਖ ਮਿਸਲਾਂ, ਸਿੱਖ ਸਰਦਾਰਾਂ, ਸਿੱਖ ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਾਂ ਬਾਰੇ ਵੀ ਹਵਾਲੇ ਮਿਲਦੇ ਹਨ। ਇਹ ਇਕੋ-ਇਕ ਅਜਿਹਾ ਸਰੋਤ ਹੈ ਜਿਸ ਵਿਚ ਸਿੱਖਾਂ ਦੇ ਜੈਪੁਰ ਰਿਆਸਤ ਵਿਚ ਨੌਕਰੀ ਕਰਨ, ਅਤੇ ਜਗੀਰਦਾਰਾਂ ਪ੍ਰਾਪਤ ਕਰਨ ਦੇ ਹਵਾਲੇ ਵੀ ਮਿਲਦੇ ਹਨ। ਹਾਲਾਂਕਿ ਸਿੱਖਾਂ ਵਿਚ ਇਹ ਧਾਰਨਾ ਆਮ ਪ੍ਰਚੱਲਿਤ ਤੁਰੀ ਆਉਂਦੀ ਹੈ ਕਿ 18ਵੀਂ ਸਦੀ ਵਿੱਚ ਜਦੋਂ ਮੁਗ਼ਲ ਹਕੂਮਤ ਨੇ ਪੰਜਾਬ ਵਿਚ ਸਿੱਖਾਂ ਉੱਪਰ ਅਥਾਹ ਜ਼ੁਲਮ ਕੀਤੇ ਅਤੇ ਜਦ ਉਨ੍ਹਾਂ ਦੇ ਸਿਰਾਂ ਦੇ ਮੁੱਲ ਰੱਖ ਦਿਤੇ ਗਏ ਤਾਂ ਸਿੱਖ ਪੰਜਾਬ ਨੂੰ ਛੱਡ ਕੇ ਪਹਾੜਾਂ, ਜੰਗਲਾਂ ਅਤੇ ਰਾਜਸਥਾਨ ਦੇ ਮਾਰੂਥਲ ਵੱਲ ਚਲੇ ਗਏ। ਇਸ ਸਬੰਧੀ ਰਤਨ ਸਿੰਘ ਭੰਗੂ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਆਪਣੇ ਪਿਤਾ ਅਤੇ ਦਾਦੇ ਸਮੇਤ ਹੋਰ ਵੀ ਬਹੁਤ ਸਾਰੇ ਸਿੱਖਾਂ ਦੇ ਜੈਪੁਰ ਰਿਆਸਤ ਵਿਚ ਨੌਕਰੀ ਕਰਨ ਦਾ ਜ਼ਿਕਰ ਕੀਤਾ ਹੈ। 'ਦਸਤੂਰ ਕੌਮਵਾਰ' ਸਿੱਖ ਪ੍ਰੰਪਰਾ ਨੂੰ ਸਪੱਸ਼ਟ ਕਰਨ ਹਿਤ ਜਿੱਥੇ ਸਮਕਾਲੀ ਗਵਾਹੀ ਜੁਟਾਉਂਦਾ ਹੈ ਉਥੇ ਸਿੱਖ ਮਿਸਲਾਂ ਦੇ ਸਰਦਾਰਾਂ ਦਾ ਰੁਤਬਾ ਅਤੇ ਉਨ੍ਹਾਂ ਦੀ 18ਵੀਂ ਸਦੀ ਦੇ ਪਿਛਲੇ ਅੱਧ ਵਿਚ ਭਾਰਤ ਦੇ ਇਤਿਹਾਸ ਤੇ ਰਾਜਨੀਤੀ ਵਿਚ ਭੂਮਿਕਾ ਦੀਆਂ ਗੰਢਾਂ ਵੀ ਖੋਲ੍ਹਦਾ ਹੈ।

ਤੀਜੇ ਅਧਿਆਇ ਵਿਚ ਪ੍ਰਵਾਨੇ, ਅਰਜ਼ਦਾਸ਼ਤਾਂ ਅਤੇ ਖਾਤੂਤ ਅਹਿਲਕਾਰਾਨ' ਦਸਤਾਵੇਜ਼ੀ ਕਿਸਮ ਦੇ ਸਰੋਤ ਸ਼ਾਮਲ ਕੀਤੇ ਗਏ ਹਨ। ਪ੍ਰਵਾਨੇ, ਅਰਜ਼ਦਾਸ਼ਤਾਂ ਅਤੇ ਖਾਤੂਤ ਅਹਿਲਕਾਰਾਨ ਅਸਲ ਵਿਚ ਤਿੰਨ ਵੱਖ-ਵੱਖ ਵੰਨਗੀਆਂ ਦੇ ਪੱਤਰ ਹਨ ਜੋ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਅਹੁੱਦਿਆਂ ਦੀਆਂ ਪੱਦਵੀਆਂ ਨਾਲ ਸਬੰਧਤ ਹੁੰਦੇ ਹਨ। ਇਨ੍ਹਾਂ ਤਿੰਨਾਂ ਕਿਸਮਾਂ ਦੇ ਪੱਤਰਾਂ ਦੇ ਨਾਮ ਫ਼ਾਰਸੀ ਭਾਸ਼ਾ ਦੀ ਰੀਸ ਵਿਚ ਪ੍ਰਚਲਿਤ ਹੋਏ ਸਨ।

ਪ੍ਰਵਾਨਾ ਰਾਜੇ-ਮਹਾਰਾਜੇ ਵੱਲੋ ਜਾਂ ਕਿਸੇ ਉੱਚ ਅਧਿਕਾਰੀ, ਵਜ਼ੀਰ, ਅਹਿਲਕਾਰ ਆਦਿ ਵੱਲੋਂ ਆਪਣੇ ਤੋਂ ਹੇਠਲੇ ਅਧਿਕਾਰੀ/ਕਰਮਚਾਰੀ ਨੂੰ ਲਿਖਿਆ ਜਾਂਦਾ ਸੀ। ਇਸ ਅਧਿਆਇ ਵਿਚ ਸ਼ਾਮਿਲ ਪ੍ਰਵਾਨੇ ਅਸਲ ਵਿਚ ਜੈਪੁਰ ਰਿਆਸਤ ਵੱਲੋਂ ਵੱਖ-ਵੱਖ ਸਮਿਆਂ 'ਤੇ ਆਪਣੇ ਅਹਿਲਕਾਰਾਂ, ਅਧਿਕਾਰੀਆਂ ਅਤੇ ਉਸ ਦੀ ਸਰਦਾਰੀ ਅਧੀਨ ਰਹੀਆਂ ਰਿਆਸਤਾਂ ਦੇ ਰਾਜਿਆਂ ਤੇ ਅਹਿਲਕਾਰਾਂ ਆਦਿ ਨੂੰ ਲਿਖੇ ਗਏ ਸਨ। ਪ੍ਰਵਾਨਿਆਂ ਦੀਆਂ ਦਫ਼ਤਰੀ ਨਕਲਾਂ (Office Copies) ਪ੍ਰਾਪਤ ਹਨ, ਜਿਨ੍ਹਾਂ ਵਿਚ ਪ੍ਰਵਾਨੇ ਦੇ ਆਰੰਭ ਤੇ ਅਖੀਰ ਵਾਲੀ ਨਿਸ਼ਚਿਤ ਪ੍ਰੰਪਰਾਗਤ ਸ਼ਬਦਾਵਲੀ ਨੂੰ ਛੱਡ ਕੇ ਕੇਵਲ ਪ੍ਰਵਾਨੇ ਵਿਚ ਲਿਖੇ ਗਏ ਵਿਸ਼ੇ ਨੂੰ ਦਰਜ਼ ਕੀਤਾ ਗਿਆ ਹੈ। ਇਨ੍ਹਾਂ ਪ੍ਰਵਾਨਿਆਂ ਵਿਚ 1765 ਈ. ਤੋਂ ਲੈ ਕੇ 1770 ਈ. ਤੱਕ ਦੇ ਸਮੇਂ ਵਿਚ ਸਿੱਖ ਮਿਸਲਾਂ ਦੀਆਂ ਜੈਪੁਰ ਅਤੇ ਭਰਤਪੁਰ ਰਿਆਸਤਾਂ ਵਿਚਲੀਆਂ ਗਤੀਵਿਧੀਆਂ, ਇਨ੍ਹਾਂ ਦੋਹਾਂ ਰਿਆਸਤਾਂ ਦੀਆਂ ਆਪਸ ਵਿਚ ਲੜਾਈਆਂ ਵਿਚ ਸਿੱਖਾਂ ਦੁਆਰਾ ਭਰਤਪੁਰ ਦੀ ਮੱਦਦ ਕਰਨ, ਬਾਅਦ ਵਿਚ ਭਰਤਪੁਰ ਰਿਆਸਤ ਦੀ ਆਪਸੀ ਖਾਨਾ-ਜੰਗੀ ਵਿਚ ਇਕ ਧਿਰ ਦੀ ਮਦਦ ਕਰਨ, ਭਰਤਪੁਰ ਰਿਆਸਤ ਦੇ ਮਥੁਰਾ ਤੋਂ ਪਲਵਲ ਦੇ ਇਲਾਕੇ ਵਿਚ ਜੈਪੁਰ ਤੇ ਭਰਤਪੁਰ ਰਿਆਸਤ ਦੀਆਂ ਸਾਂਝੀਆਂ ਫੌਜਾਂ ਨਾਲ ਲੜਾਈਆਂ ਹੋਣ, ਜਿਸ ਵਿਚ ਇੱਕ ਪ੍ਰਮੱਖ ਸਿੱਖ ਸਰਦਾਰ ਦੇ ਮਾਰੇ ਜਾਣ ਅਤੇ ਸਿੱਖ ਵਹੀਰ ਦੇ ਲੁੱਟੇ ਜਾਣ ਆਦਿ ਵੇਰਵਿਆਂ ਤੋਂ ਇਲਾਵਾ ਸਿੱਖ ਸਰਦਾਰਾਂ ਵੱਲੋਂ ਪੁਸ਼ਕਰ ਵਗੈਰਾ ਤੋਂ ਬਲਦ ਅਤੇ ਘੋੜੇ ਆਦਿ ਖਰੀਦ ਕੇ ਲਿਆਉਣ ਸਮੇਂ ਜੈਪੁਰ ਰਿਆਸਤ ਵੱਲੋਂ ਰਾਹਦਾਰੀ ਪ੍ਰਵਾਨੇ ਜਾਰੀ ਕਰਨ ਸਬੰਧੀ ਹਵਾਲੇ ਮਿਲਦੇ ਹਨ।

ਅਰਜ਼ਦਾਸ਼ਤਾਂ ਤੇ ਵਕੀਲ ਰਿਪੋਰਟਾਂ ਵਿਚ ਜੈਪੁਰ ਰਿਆਸਤ ਅਤੇ ਮਰਾਠਿਆਂ ਦੇ ਵਕੀਲਾਂ/ਕਰਮਚਾਰੀਆਂ ਦੀਆਂ ਅਰਜ਼ੀਆਂ/ਰਿਪੋਰਟਾਂ ਸ਼ਾਮਲ ਹਨ। ਇਨ੍ਹਾਂ ਅਰਜ਼ਦਾਸ਼ਤਾਂ ਅਤੇ ਰਿਪੋਰਟਾਂ ਵਿਚ 1767 ਈ. ਤੋਂ 1770 ਈ. ਤੱਕ ਸਿੱਖਾਂ ਦੀਆਂ ਪੰਜਾਬ, ਦਿੱਲੀ ਅਤੇ

ਰਾਜਪੂਤਾਨੇ ਵਿਚਲੀਆਂ ਜੰਗੀ ਮੁਹਿੰਮਾਂ ਬਾਰੇ ਹਵਾਲੇ ਮਿਲਦੇ ਹਨ। ਇਨ੍ਹਾਂ ਵਿਚ ਸਿੱਖ ਮਿਸਲਾਂ ਦੀ ਸ਼ਕਤੀ, ਸਿੱਖ ਸਰਦਾਰਾਂ ਦੇ ਨਾਮ, ਮਿਸਲਾਂ ਦੇ ਸਰਦਾਰਾਂ ਦੀ ਆਪਸੀ ਫੁੱਟ, ਜੈਪੁਰ ਰਿਆਸਤ ਤੋਂ ਸਿੱਖ ਮਿਸਲਦਾਰਾਂ ਦੁਆਰਾ ਕਾਫੀ ਰਕਮ ਵਸੂਲ ਕਰਨ; ਪੰਜਾਬ ਅਤੇ ਉੱਤਰੀ-ਪੱਛਮੀ ਇਲਾਕਿਆਂ ਵਿਚ ਸਿੱਖ ਮਿਸਲਦਾਰਾਂ ਦੇ ਕਬਜ਼ੇ ਹੇਠਲੇ ਇਲਾਕਿਆਂ ਵਿਚ ਕਬਜ਼ਿਆਂ ਕਾਰਣ ਮਿਸਲਾਂ ਦੇ ਸਰਦਾਰਾਂ ਦੇ ਆਪਸੀ ਮੱਤ-ਭੇਦ ਤੇ ਵਿਵਾਦਾਂ ਸਬੰਧੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਸਰੋਤਾਂ ਵਿਚ ਸਿੱਖਾਂ ਦੇ ਹੋਲੀ ਦੇ ਤਿਉਹਾਰ ਮੌਕੇ ਆਨੰਦਪੁਰ ਜਾਣ, ਵੈਸਾਖੀ ਦੇ ਮੌਕੇ ’ਤੇ ਸਿੱਖਾਂ ਵਿਚ ਏਕਤਾ ਹੋਣ, ਜੰਗੀ ਮੁਹਿੰਮਾਂ ਦੌਰਾਨ ਸਵੇਰੇ-ਸ਼ਾਮੀ ਦੀਵਾਨ ਸਜਾਉਣ, ਸਿੱਖ ਸਰਦਾਰਾਂ ਦੁਆਰਾ ਖੁਦ ਕੀਰਤਨ ਕਰਨ, ਸਿੱਖ ਧਰਮ ਦੀਆਂ ਰਵਾਇਤਾਂ ਅਤੇ ਵਿਵਹਾਰਕ ਜੀਵਨ ਨਾਲ ਸਬੰਧਿਤ ਬੜੇ ਬੇਸ਼-ਕੀਮਤੀ ਹਵਾਲੇ ਮਿਲਦੇ ਹਨ। ਇਸ ਤੋਂ ਇਲਾਵਾ ਅਹਿਮਦ ਸ਼ਾਹ ਅਬਦਾਲੀ ਅਤੇ ਉਸ ਦੇ ਜਰਨੈਲਾਂ ਦੀਆਂ ਪੰਜਾਬ ਵਿਚ ਗਤੀਵਿਧੀਆਂ, ਸਿੱਖਾਂ ਦੀ ਵਿਉਂਤਬੰਦੀ ਤੇ ਰਾਜਨੀਤੀ ਆਦਿ ਸਬੰਧੀ ਜਾਣਕਾਰੀ ਵੀ ਇਹਨਾਂ ਵਿਚ ਮਿਲਦੀ ਹੈ।

‘ਖਾਤੂਤ ਅਹਿਲਕਾਰਨ’ ਵਿਚ ਜੈਪੁਰ ਰਿਆਸਤ ਦੇ ਅਹਿਲਕਾਰਾਂ ਤੇ ਅਧਿਕਾਰੀਆਂ ਦੇ ਆਪਸੀ ਚਿੱਠੀ-ਪੱਤਰ ਸ਼ਾਮਲ ਹਨ। ਇਨ੍ਹਾਂ ਪੱਤਰਾਂ ਵਿਚੋਂ ਸਿੱਖਾਂ ਦੀਆਂ 1765 ਈ. ਤੋਂ 1769 ਈ. ਤੱਕ ਰਾਜਪੂਤਾਨੇ ਦੀਆਂ ਭਰਤਪੁਰ ਅਤੇ ਜੈਪੁਰ ਰਿਆਸਤਾਂ ਦੇ ਖੇਤਰ ਵਿਚਲੀਆਂ ਜੰਗੀ ਕਾਰਵਾਈਆਂ ਦੀ ਜਾਣਕਾਰੀ ਮਿਲਦੀ ਹੈ।

ਚੌਥੇ ਅਧਿਆਇ ਵਿਚ ਰਾਜਸਥਾਨੀ ਸਾਹਿਤ ਦੀ ਚਰਚਿਤ ਇਤਿਹਾਸਕ ਵਿਧਾ, ਖਿਆਤ ਵੰਨਗੀ ਵਿਚੋਂ ਸਿੱਖਾਂ ਨਾਲ ਸੰਬੰਧਤ ਜਾਣਕਾਰੀ ਦੇਣ ਵਾਲੀਆਂ ਚਾਰ ਖਿਆਤਾਂ ਸ਼ਾਮਿਲ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ‘ਬਾਂਕੀ ਦਾਸ ਰੀ ਖਿਆਤ’, ‘ਬੀਕਾਨੇਰ ਰੀ ਖਿਆਤ’, ‘ਖਿਆਤ ਦੇਸ਼ ਦਰਪਣ’ ਅਤੇ ‘ਪਟਿਆਲਾ ਰਾ ਸਿਧੂ ਜਾਟ ਤਿਣਰੀ ਖਿਆਤ’ ਹਨ। ‘ਬਾਂਕੀ ਦਾਸ ਰੀ ਖਿਆਤ’ ਇਕ ਸਟੀਕ ਕਿਸਮ ਦੀ ਖਿਆਤ ਹੈ ਜਿਸ ਵਿਚ ਰਾਜਸਥਾਨ ਤੋਂ ਇਲਾਵਾ ਦੂਸਰੇ ਇਲਾਕਿਆਂ ਅਤੇ ਦੇਸ਼ਾਂ ਸਬੰਧੀ ਇਤਿਹਾਸਕ, ਭੂਗੋਲਿਕ, ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਆਦਿ ਵਿਸ਼ਿਆਂ ਬਾਰੇ ਟੂਕਾਂ ਦਿੱਤੀਆਂ ਗਈਆਂ ਹਨ। ਇਸ ਖਿਆਤ ਵਿਚ ਸਿੱਖ ਸੰਪ੍ਰਦਾਵਾਂ, ਸਿੱਖ ਸਿਧਾਂਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਿਤ ਕੁਝ ਕੁ ਫੁਟਕਲ ਹਵਾਲੇ ਦਿੱਤੇ ਗਏ ਹਨ। ਇਸ ਖਿਆਤ ਵਿਚ ਬਾਂਕੀ ਦਾਸ ਨੇ

ਅਕਾਲੀ ਸਿੱਖਾਂ (ਨਿਹੰਗ ਸਿੰਘਾਂ) ਨੂੰ ਬੜੀ ਅਭੱਦਰ ਸ਼ਬਦਾਵਲੀ ਵਿਚ ਸੰਬੋਧਿਤ ਕੀਤਾ ਹੈ ਜਦੋਂ ਕਿ ਸੇਵਾ ਪੰਥੀ ਸੰਪ੍ਰਦਾਇ ਦੀ ਤਾਰੀਫ ਕੀਤੀ ਹੈ। ਖਿਆਤਕਾਰ ਦੇ ਸਿੱਖਾਂ ਸਬੰਧੀ ਵਿਚਾਰ/ਅਨੁਭਵ ਸੁਣੀਆਂ-ਸੁਣਾਈਆਂ ਗੱਲਾਂ 'ਤੇ ਅਧਾਰਿਤ ਲੱਗਦੇ ਹਨ। ਇਸ ਖਿਆਤ ਵਿਚ ਕੁਝ ਭ੍ਰਾਂਤੀਆਂ ਵੀ ਨਜ਼ਰ ਆਉਂਦੀਆਂ ਹਨ।

ਬਾਂਕੀ ਦਾਸ ਪਿੱਛੋਂ ਬੀਕਾਨੇਰ ਰਿਆਸਤ ਦੇ ਰਾਜ ਕਵੀ, ਦਿਆਲ ਦਾਸ ਸਿੰਢਾਇਚ ਦੁਆਰਾ ਰਚਿਤ 'ਬੀਕਾਨੇਰ ਰੀ ਖਿਆਤ' ਵਿਚ 18ਵੀਂ ਅਤੇ 19ਵੀਂ ਸਦੀ ਦੇ ਸਿੱਖ ਇਤਹਾਸ ਅਤੇ ਰਾਜਨੀਤੀ ਬਾਰੇ ਬੜੇ ਮਹੱਤਵਪੂਰਨ ਵਿਵਰਣ ਮਿਲਦੇ ਹਨ। ਇਸ ਖਿਆਤ ਵਿਚਲੇ 19ਵੀਂ ਸਦੀ ਦੇ ਵੇਰਵੇ ਜ਼ਿਆਦਾ ਪ੍ਰਮਾਣੀਕ ਹਨ। ਇਸ ਖਿਆਤ ਦਾ ਆਧਾਰ ਮੁੱਖ ਤੌਰ 'ਤੇ ਬੀਕਾਨੇਰ ਰਿਆਸਤ ਦੇ ਸਰਕਾਰੀ ਦਸਤਾਵੇਜ਼ ਤੇ ਸਹਿਤਕ ਸਰੋਤ ਹਨ। 'ਖਿਆਤ ਦੇਸ਼ ਦਰਪਣ' ਵੀ ਦਿਆਲ ਦਾਸ ਸਿੰਢਾਇਚ ਦੀ ਰਚਨਾ ਹੈ ਜਿਸ ਵਿਚ 'ਬੀਕਾਨੇਰ ਰੀ ਖਿਆਤ' ਵਿਚੋਂ ਰਹਿ ਗਏ ਵਿਵਰਣ ਨੂੰ ਸਥਾਨ ਦਿੱਤਾ ਹੈ। ਇਨ੍ਹਾਂ ਦੋਹਾਂ ਖਿਆਤਾਂ ਵਿਚ ਸਿੱਖ ਮਿਸਲਾਂ ਦੁਆਰਾ ਬੀਕਾਨੇਰ ਰਿਆਸਤ ਦੇ ਇਲਾਕੇ ਨੌਹਰ, ਭਾਦਰਾ 'ਤੇ ਹਮਲਾ ਕਰਨ ਅਤੇ ਬੀਕਾਨੇਰ ਦੇ ਰਾਜਾ ਗਜ ਸਿੰਘ ਵੱਲੋਂ ਉਨ੍ਹਾਂ ਖਿਲਾਫ਼ ਕੀਤੀ ਗਈ ਕਾਰਵਾਈ ਦੇ ਹਵਾਲੇ ਸਮੇਤ ਸਿੱਖ ਰਿਆਸਤਾਂ- ਨਾਭਾ, ਪਟਿਆਲਾ, ਜੀਂਦ, ਕੈਥਲ ਅਤੇ ਲਾਹੌਰ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਾਂ ਬਾਰੇ ਤਾਰੀਖਾਂ ਸਮੇਤ ਹਵਾਲੇ ਮਿਲਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਦੋਵਾਂ ਖਿਆਤਾਂ ਵਿਚ ਬੀਕਾਨੇਰ ਰਿਆਸਤ ਅਧੀਨ ਨੌਕਰੀ ਕਰਨ ਵਾਲੇ ਸਿੱਖਾਂ ਸਬੰਧੀ ਜਾਣਕਾਰੀ ਸਮੇਤ ਐਂਗਲੋਂ-ਸਿੱਖ ਯੁੱਧ ਅਤੇ ਪਿੱਛੋਂ ਮੁਲਤਾਨ ਦੇ ਸੂਬੇਦਾਰ ਦੀਵਾਨ ਮੂਲ ਰਾਜ ਦੇ ਵਿਦਰੋਹ ਸਮੇਂ ਬੀਕਾਨੇਰ ਰਿਆਸਤ ਵੱਲੋਂ ਅੰਗਰੇਜ਼ ਸਰਕਾਰ ਦੀ ਮੱਦਦ ਕਰਨ ਅਤੇ ਇਨ੍ਹਾਂ ਦੋਹਾਂ ਘਟਨਾਵਾਂ ਸਬੰਧੀ ਜ਼ਿਕਰ ਤੋਂ ਇਲਾਵਾ ਰਾਜਪੂਤ ਰਿਆਸਤਾਂ ਦੀ ਐਂਗਲੋ-ਸਿੱਖ ਯੁੱਧ ਵਿਚ ਅੰਗਰੇਜ਼ਾਂ ਦੀ ਕੀਤੀ ਗਈ ਸਹਾਇਤਾ ਵੀ ਉਜਾਗਰ ਹੁੰਦੀ ਹੈ।

'ਪਟਿਆਲਾ ਰਾ ਸਿਧੂ ਜਾਟ ਤਿਣ ਰੀ ਖਿਆਤ' ਵਿਚ ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਦੇ ਸੰਖੇਪ ਜੀਵਨ ਘਟਨਾਵਾਂ ਪਿੱਛੋਂ ਮਹਾਰਾਜਾ ਅਮਰ ਸਿੰਘ, ਸਾਹਿਬ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ ਅਤੇ ਮਹਿੰਦਰ ਸਿੰਘ ਤੱਕ ਪਟਿਆਲਾ ਦੇ ਸ਼ਾਸਕਾਂ ਦੇ

ਨਾਮ ਅਤੇ ਉਨ੍ਹਾਂ ਦੀਆਂ ਮੁੱਖ ਪ੍ਰਾਪਤੀਆਂ ਦਾ ਸੰਖੇਪ ਜ਼ਿਕਰ ਇਸ ਵਿਚ ਸ਼ਾਮਿਲ ਹੈ। ਇਹ ਖਿਆਤ ਆਕਾਰ ਵਿਚ ਬੜੀ ਛੋਟੀ ਅਤੇ ਸੰਖਿਪਤ ਹੈ।

ਪੰਜਵੇਂ ਅਤੇ ਆਖਰੀ ਅਧਿਆਇ ਵਿਚ ਰਾਜਸਥਾਨੀ ਭਾਸ਼ਾ ਦੇ ਵੱਖ-ਵੱਖ ਖੇਤਰਾਂ ਅਤੇ ਕਿਸਮਾਂ ਨਾਲ ਸਬੰਧਤ ਤਿੰਨ ਸਰੋਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਵਿਚ ਸਭ ਤੋਂ ਪਹਿਲਾਂ ਜੈਪੁਰ ਰਿਆਸਤ ਦੇ ਕਛਵਾਹਾ ਵੰਸ਼ ਦੇ ਇਤਿਹਾਸ ਸਬੰਧੀ ਸਾਹਿਤਕ ਵੰਨਗੀ ਦੀ ਇਤਿਹਾਸਕ ਕਾਵਿ ਰਚਨਾ 'ਕੁਰਮ-ਵਿਲਾਸ' ਨੂੰ ਰੱਖਿਆ ਗਿਆ ਹੈ। ਇਸ ਵਿਚ ਗੁਰੂ ਕਾਲ ਸਮੇਂ 1670 ਈ. ਅਤੇ 1697 ਈ. ਦੀਆਂ ਮੁਗਲ ਬਾਦਸ਼ਾਹ ਔਰੰਗਜ਼ੇਬ ਵੱਲੋਂ ਸਿੱਖ ਗੁਰੂਆਂ ਵਿਰੁੱਧ ਭੇਜੀਆਂ ਫੌਜੀ ਮੁਹਿੰਮਾਂ ਅਤੇ ਇਨ੍ਹਾਂ ਸਮਿਆਂ 'ਤੇ ਜੈਪੁਰ ਰਾਜਿਆਂ ਦੇ ਮੁਗਲ ਫੌਜਾਂ ਵਿਚ ਸ਼ਾਮਿਲ ਹੋਣ ਦੇ ਹਵਾਲਿਆਂ ਤੋਂ ਇਲਾਵਾ ਬੰਦਾ ਸਿੰਘ ਬਹਾਦਰ ਵਿਰੁੱਧ ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਕੀਤੀ ਸੈਨਿਕ ਕਾਰਵਾਈ ਅਤੇ 1748 ਈ. ਵਿਚ ਜੈਪੁਰ ਦੇ ਸ਼ਾਸਕ ਈਸਰੀ ਸਿੰਘ ਦੇ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਲੜਾਈ ਲਈ ਪੰਜਾਬ ਵਿਚ ਸਤਲੁਜ ਦਰਿਆ ਕਿਨਾਰੇ ਮਾਨੂੰਪੁਰ ਦੇ ਮੈਦਾਨੈ ਜੰਗ ਵਿੱਚੋਂ ਵਾਪਸ ਜੈਪੁਰ ਜਾਂਦੇ ਸਮੇਂ ਰਸਤਾ ਭਟਕਣ ਅਤੇ ਬਾਬਾ ਆਲਾ ਸਿੰਘ ਨਾਲ ਮੁਲਾਕਾਤ ਕਰਨ ਸਬੰਧੀ ਹਵਾਲੇ ਆਏ ਹਨ।

ਇਸ ਪਿੱਛੋਂ ਇਕ ਹੱਥ ਲਿਖਤ ਫੁਟਕਲ ਕਿਸਮ ਦੇ ਗ੍ਰੰਥ 'ਭੂਗੋਲ ਇਤਿਹਾਸ ਵਿਸ਼ਿਯ ਸਬੰਧੀ ਏਵੰ ਅਨਯ ਵਿਸ਼ਿਉਂ ਕਾ ਫੁਟਕਰ ਗ੍ਰੰਥ' ਵਿਚ ਲਾਹੌਰ ਦਰਬਾਰ ਨਾਲ ਸਬੰਧਿਤ ਦੋ ਅਹਿਮ ਘਟਨਾਵਾਂ ਦਰਜ਼ ਹਨ ਜਿਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ ਗਵਰਨਰ ਜਨਰਲ ਨਾਲ 29 ਨਵਬੰਰ 1838 ਈ. ਨੂੰ ਫਿਰੋਜ਼ਪੁਰ ਵਿਚ ਹੋਈ ਸ਼ਾਹੀ ਮੁਲਾਕਾਤ ਅਤੇ 16 ਦਸੰਬਰ 1846 ਈ. ਨੂੰ ਅੰਗਰੇਜਾਂ ਅਤੇ ਲਾਹੌਰ ਦਰਬਾਰ ਦੇ ਮਹਾਰਾਜਾ ਦਲੀਪ ਸਿੰਘ ਦਰਮਿਆਨ ਲਾਹੌਰ ਵਿਚ ਹੋਏ ਕੌਲਨਾਮੇ ਸਬੰਧੀ ਲਿਖਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮਹਾਰਾਜੇ ਅਤੇ ਗਵਰਨਰ ਜਨਰਲ ਦੀ ਮੁਲਾਕਾਤ ਵਾਲੀ ਲਿਖਤ ਵਿਚੋਂ ਇਸ ਮੁਲਾਕਾਤ ਸਮੇਂ ਦੇ ਵਿਸਥਾਰਤ ਹਾਲ ਵਰਣਿਤ ਕੀਤੇ ਗਏ ਹਨ ਜਿਸ ਵਿਚ ਮੁਲਾਕਾਤ ਦੇ ਦਿਨ, ਵਾਰ, ਸਮਾਂ, ਫੌਜੀ ਪ੍ਰਬੰਧ, ਹਾਜ਼ਰ ਅੰਗਰੇਜ਼ ਅਫ਼ਸਰ, ਦੋਹਾਂ ਧਿਰਾਂ ਦੀ ਸ਼ਾਨੋ-ਸ਼ੌਕਤ ਨੂੰ ਦਰਸਾਉਂਦੇ ਸ਼ਾਹੀ ਠਾਠ, ਜੰਗੀ ਸਮਾਨ, ਮਹਾਰਾਜੇ ਦੀ ਸੂਝ-ਬੂਝ, ਆਪਸੀ ਗੱਲ-ਬਾਤ ਆਦਿ ਸਬੰਧੀ ਵਰਨਣ ਕੀਤਾ ਗਿਆ ਹੈ।

'ਕੌਲਨਾਮੇ ਲਾਹੌਰ ਕੋ' ਵਿਚ ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਦਰਮਿਆਨ ਹੋਏ ਕੌਲਨਾਮੇ (ਇਕਰਾਰਨਾਮੇ) ਦੀਆਂ 12 ਸ਼ਰਤਾਂ ਲਿਖੀਆਂ ਹੋਈਆਂ ਹਨ। ਇਸ ਤੋਂ ਇਲਾਵਾ ਲਾਹੌਰ ਦਰਬਾਰ ਵੱਲੋਂ ਇਸ ਮੌਕੇ 'ਤੇ ਹਾਜ਼ਰ ਸਰਦਾਰਾਂ, ਵਜ਼ੀਰਾਂ ਅਤੇ ਅਹਿਲਕਾਰਾਂ ਸਮੇਤ ਦੂਜੀ ਧਿਰ, ਅੰਗਰੇਜ਼ਾਂ ਵੱਲੋਂ ਇਸ ਸਮੇਂ ਹਾਜ਼ਰ ਅੰਗਰੇਜ਼ ਅਧਿਕਾਰੀਆਂ ਦੇ ਨਾਮ ਦਿੱਤੇ ਗਏ ਹਨ, ਜਿਨ੍ਹਾਂ ਨੇ ਇਸ ਕੌਲਨਾਮੇ 'ਤੇ ਆਪਣੇ ਦਸਤਖ਼ਤ ਕੀਤੇ ਸਨ। ਇਸ ਕੌਲਨਾਮੇ ਵਿਚ ਲਾਹੌਰ ਸਰਕਾਰ ਸਿਰ ਅੰਗਰੇਜ਼ਾਂ ਵੱਲੋਂ ਪਾਏ ਗਏ ਜੰਗੀ ਹਰਜਾਨੇ ਦੀਆਂ ਰਕਮਾਂ ਵੀ ਦਿੱਤੀਆਂ ਗਈਆਂ ਹਨ।

ਅਖੀਰਲੇ ਭਾਗ ਵਿਚ ਉੱਤਰੀ-ਭਾਰਤ ਦੇ ਰਾਜਸਥਾਨ ਨਾਲ ਸਬੰਧਤ ਪ੍ਰਸਿੱਧ ਵਪਾਰੀ 'ਸੇਠ ਮਿਰਜਾ ਮੱਲ ਪੋਤੇਦਾਰ' ਦੇ ਪੋਤੇਦਾਰ ਵਾਪਾਰੀ ਘਰਾਣੇ (Firm) ਦੇ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖੇ ਗਏ ਪੱਤਰ, ਹੁੰਡੀਆਂ ਅਤੇ ਵਹੀਆਂ ਵਿਚ ਪੰਜਾਬ ਦੀਆਂ ਸਿੱਖ ਰਿਆਸਤਾਂ ਸਮੇਤ ਲਾਹੌਰ ਦਰਬਾਰ ਦੇ ਇਲਾਕੇ ਦੀ ਸਮਾਜਿਕ, ਰਾਜਨੀਤਕ, ਆਰਥਿਕ, ਵਪਾਰਕ, ਪ੍ਰਸ਼ਾਸਨਿਕ ਅਤੇ ਨਿਆਇਕ ਵਿਵਸਥਾ ਅਤੇ ਇਤਿਹਾਸ ਸਬੰਧੀ ਮਿਲਦੀ ਜਾਣਕਾਰੀ ਨੂੰ ਸਾਹਮਣੇ ਲਿਆਂਦਾ ਗਿਆ ਹੈ।

ਅਖੀਰ 'ਤੇ 'ਨਿਸ਼ਕਰਸ਼' ਵਿਚ ਹੱਥਲੇ ਖੋਜ-ਕਾਰਜ ਵਿਚ ਸ਼ਾਮਿਲ ਸਾਰੇ ਰਾਜਸਥਾਨੀ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਸਿੱਖ ਧਰਮ ਤੇ ਇਤਿਹਾਸ ਦੇ ਸੰਦਰਭ ਵਿਚ ਇਨ੍ਹਾਂ ਸਰੋਤਾਂ ਵਿਚ ਵਿਸ਼ੇਸ਼ ਤੱਥਾਂ ਨੂੰ ਦਰਸਾਇਆ ਗਿਆ ਹੈ। ਅਧਿਐਨ ਉਪਰੰਤ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਸਾਹਮਣੇ ਆਈ ਨਵੀਂ ਜਾਣਕਾਰੀ ਅਤੇ ਵਿਲੱਖਣਤਾਵਾਂ ਨੂੰ ਸੰਖੇਪ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਸੋ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਰਾਜਸਥਾਨੀ ਸਰੋਤ ਸਿੱਖ ਧਰਮ ਬਾਰੇ ਜਾਣਨ ਅਤੇ ਸਿੱਖ ਇਤਿਹਾਸ ਲਿਖਣ ਲਈ ਬਹੁਤ ਹੀ ਲਾਹੇਵੰਦ ਜਾਣਕਾਰੀ ਪ੍ਰਦਾਨ ਕਰਦੇ ਹਨ। ਇਨ੍ਹਾਂ ਸਰੋਤਾਂ ਵਿਚੋਂ ਸਿੱਖਾਂ ਸਬੰਧੀ ਮਿਲਦੇ ਹਵਾਲਿਆਂ ਅਤੇ ਜਾਣਕਾਰੀ ਦੀ ਰੌਸ਼ਨੀ ਵਿਚ ਸਿੱਖ ਇਤਿਹਾਸ ਵਿਚਲੇ ਕਈ ਖੱਪਿਆਂ ਨੂੰ ਪੂਰਿਆ ਜਾ ਸਕਦਾ ਹੈ, ਜਿਸ ਨਾਲ ਕਈ ਨਵੇਂ ਪੱਖ ਸਾਹਮਣੇ ਆ ਸਕਦੇ ਹਨ। ਹੱਥਲਾ ਖੋਜ-ਕਾਰਜ ਇਸ ਖੇਤਰ ਵਿਚ ਹੁਣ ਤੱਕ ਹੋਏ ਮੁੱਢਲੇ ਜਤਨਾਂ ਦੀ ਲੜੀ ਦਾ ਇਕ ਹਿੱਸਾ ਹੈ ਜਿਸ ਨਾਲ ਖੋਜ ਦੇ ਹੋਰ ਆਯਾਮ ਖੁੱਲ੍ਹਣ ਦੀ ਉਮੀਦ ਹੈ।

# ਅਧਿਆਇ-1
# ਸਿੱਖ ਧਰਮ ਅਤੇ ਇਤਿਹਾਸ ਦੇ ਰਾਜਸਥਾਨੀ ਸਰੋਤ: ਮੁੱਢਲੀ ਜਾਣ-ਪਛਾਣ

ਸਿੱਖ ਧਰਮ ਅਤੇ ਇਤਿਹਾਸ ਬਾਰੇ ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਦੇ ਸਰਕਾਰੀ ਰਿਕਾਰਡਾਂ ਅਤੇ ਰਾਜਸਥਾਨੀ ਦੇ ਧਾਰਮਿਕ, ਸਾਹਿਤਕ ਅਤੇ ਇਤਿਹਾਸਕ ਸਰੋਤਾਂ ਵਿਚ ਬਹੁਤ ਮਹੱਤਵਪੂਰਨ ਜਾਣਕਾਰੀ ਅਤੇ ਵੇਰਵੇ ਮਿਲਦੇ ਹਨ। ਇਹ ਸਾਰੇ ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਤੋਂ ਇਲਾਵਾ ਰਾਜਸਥਾਨੀ ਭਾਸ਼ਾ ਵਿਚ ਵੱਖ-ਵੱਖ ਵੰਨਗੀਆਂ ਅਤੇ ਵਿਧਾਵਾਂ ਵਿਚ ਲਿਖੇ ਗਏ ਹਨ। ਰਾਜਸਥਾਨ ਵਿਚ ਫ਼ਾਰਸੀ ਭਾਸ਼ਾ ਵਿਚ ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਸਰੋਤਾਂ ਵਿਚੋਂ ਫ਼ਾਰਸੀ ਭਾਸ਼ਾ ਦੇ ਦਸਤਾਵੇਜ਼ 'ਅਖਬਾਰ-ਏ-ਦਰਬਾਰ-ਏ-ਮੁਅੱਲਾ' ਦਾ ਪ੍ਰਯੋਗ ਤਾਂ ਸਿੱਖ ਇਤਿਹਾਸਕਾਰਾਂ ਨੇ ਕੀਤਾ ਹੈ ਪਰ ਸਿੱਖ ਧਰਮ ਅਤੇ ਇਤਿਹਾਸ ਬਾਰੇ ਬਹੁ-ਪੱਖੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਵਿਚ ਲਿਖਤ ਸਰੋਤਾਂ ਵੱਲ ਸਿੱਖ ਧਰਮ ਅਤੇ ਇਤਿਹਾਸ ਬਾਰੇ ਖੋਜ ਕਰਨ ਵਾਲੇ ਵਿਦਵਾਨਾਂ ਦਾ ਧਿਆਨ ਪਿੱਛੇ ਜਿਹੇ ਡਾ. ਬਲਵੰਤ ਸਿੰਘ ਢਿੱਲੋਂ ਨੇ ਆਪਣੀ ਖੋਜ ਰਾਹੀਂ ਦਿਵਾਇਆ ਹੈ। ਰਾਜਸਥਾਨੀ ਭਾਸ਼ਾ ਦੇ ਸਰੋਤਾਂ ਦੀ ਪ੍ਰਮੁੱਖ ਲਿੱਪੀ ਦੇਵਨਾਗਰੀ ਹੈ। ਇਸ ਤੋਂ ਇਲਾਵਾ ਰਾਜਸਥਾਨ ਨਾਲ ਸਬੰਧਿਤ ਵਾਪਾਰੀਆਂ ਦੀਆਂ ਲਿਖਤਾਂ ਵਹੀਆਂ, ਰੋਜਨਾਮਚੇ, ਚਿੱਠੀਆਂ ਆਦਿ ਹਿਸਾਬ ਕਿਤਾਬ ਨਾਲ ਸਬੰਧਿਤ ਦਸਤਾਵੇਜ਼ ਮੁੜੀਆ ਲਿੱਪੀ ਵਿਚ ਵੀ ਮਿਲਦੇ ਹਨ। ਇਸ ਅਧਿਆਇ ਵਿਚ ਰਾਜਸਥਾਨੀ ਭਾਸ਼ਾ, ਸਾਹਿਤ ਅਤੇ ਸਿੱਖ ਧਰਮ-ਇਤਿਹਾਸ ਨਾਲ ਸਬੰਧਿਤ ਸਰੋਤਾਂ ਬਾਰੇ ਮੁੱਢਲੀ ਅਤੇ ਸੰਖੇਪ ਜਾਣਕਾਰੀ ਅੱਗੇ ਤਰਤੀਬਵਾਰ ਦਿੱਤੀ ਜਾ ਰਹੀ ਹੈ।

## 1. ਰਾਜਸਥਾਨੀ ਭਾਸ਼ਾ ਅਤੇ ਸਾਹਿਤ ਦੀ ਸੰਖੇਪ ਜਾਣਕਾਰੀ/ਜਾਣ-ਪਛਾਣ:

ਭਾਰਤ ਦੇ ਅਜੋਕੇ ਪ੍ਰਾਂਤ ਰਾਜਸਥਾਨ ਨੂੰ 1947 ਤੋਂ ਪਹਿਲਾਂ ਰਾਜਪੂਤਾਨੇ ਅਤੇ ਰਾਜਸਥਾਨ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਸੀ। ਭੂਗੋਲਿਕ ਤੌਰ 'ਤੇ ਰਾਜਸਥਾਨ ਅਜੋਕੇ

ਭਾਰਤ ਦੇ ਉੱਤਰ-ਪੱਛਮੀ ਹਿੱਸੇ ਵਿੱਚ ਸਥਿਤ ਹੈ ਜੋ ਭਾਰਤ ਦੇ ਅਜੋਕੇ ਸੂਬਿਆਂ ਗੁਜਰਾਤ, ਮੱਧ-ਪ੍ਰਦੇਸ਼, ਯੂ.ਪੀ., ਹਰਿਆਣਾ ਅਤੇ ਪੰਜਾਬ ਦੇ ਵਿਚਕਾਰ ਸਥਿਤ ਹੈ। ਇਸ ਦਾ ਕਾਫੀ ਹਿੱਸਾ ਪਾਕਿਸਤਾਨ ਦੇ ਸਿੰਧ, ਮੁਲਤਾਨ ਅਤੇ ਬਹਾਵਲਪੁਰ ਦੇ ਇਲਾਕਿਆਂ ਨਾਲ ਲੱਗਦਾ ਹੈ। ਰਾਜਸਥਾਨ ਦਾ ਇਲਾਕਾ ਖੁਸ਼ਕ, ਮਾਰੂਥਲੀ ਅਤੇ ਪਹਾੜੀ ਖੇਤਰ ਦਾ ਮਿਸ਼ਰਨ ਹੈ। ਰਾਜਸਥਾਨ ਭਾਰਤ ਦੇ ਵੱਡੇ ਰਾਜਾਂ ਵਿਚੋਂ ਇਕ ਹੈ। ਇੱਥੋਂ ਦੀ ਬੋਲੀ ਨੂੰ ਮਾਰਵਾੜੀ ਅਤੇ ਮਰੂ ਭਾਸ਼ਾ ਵੀ ਕਿਹਾ ਜਾਂਦਾ ਰਿਹਾ ਹੈ। ਕਿਉਂਕਿ ਜੋਧਪੁਰ, ਜੈਸਲਮੇਰ, ਬੀਕਾਨੇਰ ਅਤੇ ਸ਼ੇਖਾਵਟੀ ਦੇ ਇਲਾਕੇ ਨੂੰ ਮਾਰਵਾੜ ਜਾਂ ਮਰੂ ਕਿਹਾ ਜਾਂਦਾ ਸੀ ਅਤੇ ਰਾਜਸਥਾਨ ਬਹੁਤ ਵੱਡਾ ਭਾਗ ਰਾਜਸਥਾਨ ਦੇ ਇਸ ਇਲਾਕੇ ਤੋਂ ਇਲਾਵਾ ਹੋਰ ਵੀ ਹੈ ਇਸ ਲਈ ਪੂਰੇ ਰਾਜਸਥਾਨ ਦੀ ਭਾਸ਼ਾ ਨੂੰ ਮਰੂ ਜਾਂ ਮਾਰਵਾੜੀ ਭਾਸ਼ਾ ਦੀ ਸੰਗਿਆ ਦੇਣਾ ਉੱਚਿਤ ਨਹੀਂ ਸਮਝਿਆ ਗਿਆ ਇਸ ਕਰਕੇ ਸਮੁੱਚੇ ਰਾਜਸਥਾਨ ਦੀ ਬੋਲੀ ਨੂੰ ਰਾਜਸਥਾਨੀ ਬੋਲੀ ਕਿਹਾ ਜਾਣ ਲੱਗ ਪਿਆ।

ਰਾਜਸਥਾਨੀ ਭਾਸ਼ਾ ਦੇ ਆਰੰਭ ਸਬੰਧੀ ਵਿਦਵਾਨਾਂ ਨੇ ਰਾਜਸਥਾਨੀ ਭਾਸ਼ਾ ਦਾ ਪਿਛੋਕੜ ਵੈਦਿਕ ਸੰਸਕ੍ਰਿਤ ਭਾਸ਼ਾ ਨਾਲ ਜੋੜਦਿਆਂ ਮੰਨਿਆ ਹੈ ਕਿ ਵੈਦਿਕ ਸੰਸਕ੍ਰਿਤ ਤੋਂ ਆਮ ਬੋਲੀ ਜਾਣ ਵਾਲੀ ਸੰਸਕ੍ਰਿਤ ਦਾ ਜਨਮ ਹੋਇਆ, ਇਸ ਤੋਂ ਅੱਗੇ ਪ੍ਰਾਕਿਰਤ ਭਾਸ਼ਾ ਬਣੀ, ਪ੍ਰਾਕਿਰਤ ਤੋਂ ਅੱਗੇ ਅਪਭ੍ਰੰਸ਼ ਭਾਸ਼ਾ ਬਣੀ, ਅਪਭ੍ਰੰਸ਼ ਵਿਚੋਂ ਅੱਗੇ ਸ਼ੌਰਸੈਣੀ, ਮਗਧੀ, ਬਾਂਗਰੂ ਅਤੇ ਖੜੀ ਬੋਲੀ ਆਦਿ 27 ਉੱਪ-ਭਾਸ਼ਾਵਾਂ ਬਣੀਆਂ। ਇਨ੍ਹਾਂ 27 ਭਾਸ਼ਾਵਾਂ ਵਿਚੋਂ ਸ਼ੌਰਸੈਣੀ ਅਪਭ੍ਰੰਸ਼ ਵਿਚੋਂ ਅੱਗੇ ਰਾਜਸਥਾਨੀ ਭਾਸ਼ਾ ਦਾ ਜਨਮ ਹੋਇਆ।[1] ਰਾਜਸਥਾਨੀ ਭਾਸ਼ਾ ਦੇ ਆਰੰਭ ਜਾਂ ਜਨਮ ਦੇ ਸਮੇਂ ਬਾਰੇ 2 ਮਤ ਪ੍ਰਚਲਿਤ ਹਨ, ਪਹਿਲੇ ਮਤ ਅਨੁਸਾਰ ਰਾਸਥਾਨੀ ਭਾਸ਼ਾ ਦਾ ਆਰੰਭ 8ਵੀਂ ਸਦੀ ਤੱਕ ਹੋ ਚੁੱਕਾ ਸੀ।[2] ਅਤੇ ਦੂਜੇ ਮਤ ਅਨੁਸਾਰ ਰਾਜਸਥਾਨੀ ਭਾਸ਼ਾ ਦਾ ਜਨਮ 11ਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ।[3] ਗੈਰੀਸਨ ਨੇ ਰਾਜਸਥਾਨੀ ਭਾਸ਼ਾ ਨੂੰ ਭਾਰਤੀ-ਯੂਰਪੀਅਨ ਭਾਸ਼ਾ ਪਰਿਵਾਰ ਦੀ ਹੀ ਇਕ ਸ਼ਾਖ ਦੱਸਿਆ ਹੈ।[4]

---

1 ਵੀ. ਐੱਸ. ਮਾਲੀ ਅਸ਼ਾਂਤ, **ਰਾਜਸਥਾਨੀ ਸਾਹਿਤਿਅ ਕਾ ਇਤਿਹਾਸ,** ਪੰਨਾ 5.

2 ਸਵਾਮੀ ਨਰੋਤਮ ਦਾਸ, **'ਰਾਜਸਥਾਨੀ ਭਾਸ਼ਾ ਔਰ ਸਾਹਿਤਯ,** ਪੰਨੇ 3-10.

3 ਵੀ. ਐੱਸ. ਮਾਲੀ ਅਸ਼ਾਂਤ, **ਰਾਜਸਥਾਨੀ ਸਾਹਿਤਿਅ ਕਾ ਇਤਿਹਾਸ,** ਪੰਨਾ 5.

4 George A. Garison*, Linguestic Survey of India*, Vol. IX, Part II, p. 2.

ਰਾਜਸਥਾਨੀ ਅਤੇ ਗੁਜਰਾਤੀ 16ਵੀਂ ਸਦੀ ਤੋਂ ਪਹਿਲਾ ਇੱਕੋ ਹੀ ਭਾਸ਼ਾ ਸੀ।[5] ਪੱਛਮੀ ਰਾਜਸਥਾਨੀ ਅਤੇ ਗੁਜਰਾਤੀ ਦੋਵੇਂ ਭਾਸ਼ਾਵਾਂ ਅੱਜ ਵੀ ਇਕ-ਦੂਜੇ ਦੇ ਬਹੁਤ ਨੇੜੇ ਹਨ। ਇਨ੍ਹਾਂ ਦੋਹਾਂ ਭਾਸ਼ਾਵਾਂ ਵਿਚ ਉਚਾਰਨ, ਲੈਅ ਅਤੇ ਵਿਆਕਰਨ ਸਮੇਤ ਕਈ ਸਾਂਝਾਂ ਅਤੇ ਸਮਾਨਤਾਵਾਂ ਹਨ। ਰਾਜਸਥਾਨੀ ਭਾਸ਼ਾ ਦੀਆਂ ਅੱਗੋਂ ਕੁਝ ਉੱਪ-ਬੋਲੀਆਂ ਵੀ ਹਨ ਜੋ ਰਾਜਸਥਾਨ ਦੇ ਵੱਖ-ਵੱਖ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਹਨ। ਇਹਨਾਂ ਵਿਚੋਂ ਪ੍ਰਮੁੱਖ ਉੱਪ-ਬੋਲੀਆਂ ਹਨ:

### 1.1.1 **ਮਾਰਵਾੜੀ:**

ਮਾਰਵਾੜੀ ਬੋਲੀ ਰਾਜਸਥਾਨੀ ਭਾਸ਼ਾ ਵਿਚ ਪ੍ਰਮੁੱਖ ਉੱਪ-ਬੋਲੀ ਹੈ। ਰਾਜਸਥਾਨ ਦੀਆਂ ਦੂਜੀਆਂ ਉੱਪ-ਬੋਲੀਆਂ ਵਿਚੋਂ ਮਾਰਵਾੜੀ ਸਭ ਤੋਂ ਜਿਆਦਾ ਬੋਲੀ, ਲਿਖੀ ਅਤੇ ਪੜ੍ਹੀ ਜਾਂਦੀ ਹੈ। ਮਾਰਵਾੜੀ ਭਾਸ਼ਾ ਰਾਜਸਥਾਨੀ ਵਾਪਾਰੀਆਂ ਦੀ ਪ੍ਰਮੁੱਖ ਭਾਸ਼ਾ ਰਹੀ ਹੈ ਜਿਸ ਕਰਕੇ ਇਸ ਦਾ ਪ੍ਰਚਾਰ ਪ੍ਰਸਾਰ ਸਮੁੱਚੇ ਭਾਰਤ ਵਿਚ ਕਾਫੀ ਫੈਲਿਆ। ਮਾਰਵਾੜੀ ਭਾਸ਼ਾ ਦਾ ਪੁਰਾਣਾ ਨਾਮ 'ਮਰੂ' (ਮਾਰੂਥਲ) ਭਾਸ਼ਾ ਵੀ ਰਿਹਾ ਹੈ ਤੇ ਇਸ ਨੂੰ ਪੱਛਮੀ ਰਾਜਸਥਾਨੀ ਵੀ ਕਿਹਾ ਜਾਂਦਾ ਹੈ। ਇਹ ਬੋਲੀ ਰਾਜਸਥਾਨ ਦੀਆਂ ਪ੍ਰਮੁੱਖ ਪੁਰਾਣੀਆਂ ਰਿਆਸਤਾਂ ਬੀਕਾਨੇਰ, ਜੋਧਪੁਰ, ਜੈਸਲਮੇਰ ਅਤੇ ਸਰੋਹੀ ਆਦਿ ਦੇ ਖੇਤਰਾਂ ਵਿਚ ਬੋਲੀ ਜਾਂਦੀ ਹੈ। ਇਹਨਾਂ ਖੇਤਰਾਂ ਤੋਂ ਇਲਾਵਾ ਮਾਰਵਾੜੀ ਬੋਲੀ ਇਹਨਾਂ ਖੇਤਰਾਂ ਨਾਲ ਲੱਗਦੇ ਪੰਜਾਬ, ਸਿੰਧ, ਹਰਿਆਣਾ (ਬਾਂਗਰ), ਮੇਵਾੜ, ਢੂੰਢਾੜ ਆਦਿ ਦੀਆਂ ਬੋਲੀਆਂ ਵਿੱਚ ਵੀ ਆਪਣਾ ਪ੍ਰਭਾਵ ਰੱਖਦੀ ਹੈ। ਪਰ ਮਾਰਵਾੜੀ ਭਾਸ਼ਾ ਦਾ ਕੇਂਦਰੀ ਇਲਾਕਾ ਕਿਸ਼ਨਗੜ੍ਹ, ਅਜਮੇਰ ਅਤੇ ਜੋਧਪੁਰ ਆਦਿ ਦੇ ਆਸ-ਪਾਸ ਨੂੰ ਮੰਨਿਆ ਜਾਂਦਾ ਹੈ। ਮੇਵਾੜੀ ਉੱਪ-ਬੋਲੀ ਨੂੰ ਵੀ ਮਾਰਵਾੜੀ ਦੇ ਨਜਦੀਕੀ ਹੋਣ ਕਰਕੇ ਮਾਰਵਾੜੀ ਹੀ ਸਮਝਿਆ ਜਾਂਦਾ ਹੈ।

### 1.1. **ਢੂੰਢਾੜੀ:**

ਢੂੰਢਾੜੀ ਰਾਜਸਥਾਨੀ ਦੀ ਇੱਕ ਹੋਰ ਉੱਪ-ਬੋਲੀ ਹੈ ਜਿਸ ਦਾ ਮੁੱਖ ਖੇਤਰ ਪੁਰਾਣਾ ਜੈਪੁਰ ਰਾਜ ਦਾ ਇਲਾਕਾ ਹੈ। ਰਾਜਸਥਾਨੀ ਦੀ ਇਸ ਉੱਪ-ਬੋਲੀ ਉੱਤੇ ਮਾਰਵਾੜੀ ਅਤੇ ਗੁਜਰਾਤੀ ਦਾ ਮਿਲਵਾਂ ਪ੍ਰਭਾਵ ਦਿੱਸਦਾ ਹੈ। ਇਸ ਬੋਲੀ ਵਿਚ ਰਚੇ ਗਏ ਸਾਹਿਤ ਵਿਚ ਬ੍ਰਿਜ

---

[5] ਸੀਤਾ ਰਾਮ ਲਾਲਸ, **ਰਾਜਸਥਾਨੀ ਸ਼ਬਦ ਕੋਸ਼**, ਪੰਨਾ 10

ਭਾਸ਼ਾ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਸੰਤ ਦਾਦੂ ਦਿਆਲ ਅਤੇ ਹੋਰ ਦਾਦੂ ਪੰਥੀ ਸੰਤਾਂ ਤੋਂ ਇਲਾਵਾ ਭਗਤਾਂ ਦੀਆਂ ਰਚਨਾਵਾਂ ਵਧੇਰੇ ਕਰਕੇ ਰਾਜਸਥਾਨੀ ਦੀ ਇਸ ਉੱਪ-ਬੋਲੀ ਵਿੱਚ ਹੀ ਲਿਖੀਆਂ ਮਿਲਦੀਆਂ ਹਨ।

### 1.1.2. **ਹੜੌਤੀ:**

ਕੋਟਾ-ਬੂੰਦੀ ਦੇ ਇਲਾਕੇ ਵਿਚ ਬੋਲੀ ਜਾਣ ਵਾਲੀ ਰਾਜਸਥਾਨੀ ਦੀ ਉੱਪ-ਬੋਲੀ ਨੂੰ ਹੜੌਤੀ ਕਿਹਾ ਜਾਂਦਾ ਹੈ। ਇਹ ਬੋਲੀ ਢੂੰਢਾੜੀ ਦਾ ਹੀ ਇਕ ਰੂਪ ਮੰਨੀ ਜਾਂਦੀ ਹੈ। ਇਹਨਾਂ ਦੋਵਾਂ ਉੱਪ-ਬੋਲੀਆਂ ਦਟੂੰ ਬੋਲਣ ਵਿਚ ਬਹੁਤ ਘੱਟ ਅੰਤਰ ਪਾਇਆ ਜਾਂਦਾ ਹੈ। ਕੇਵਲ ਉਚਾਰਨ ਸ਼ੈਲੀ ਅਤੇ ਸ਼ਬਦਾਂ ਵਿਚ ਹੀ ਅੰਤਰ ਹੈ। ਇਸ ਬੋਲੀ ਦੀ ਵਿਲੱਖਣ ਉਚਾਰਨ ਸ਼ੈਲੀ ਕਰਕੇ ਡਾ. ਮੋਤੀ ਲਾਲ ਮੇਨਾਰੀਆ ਇਸ ਦੇ ਪੁਰਾਤਨ ਸਮੇਂ ਹੂਣ ਅਤੇ ਗੁੱਜਰ ਜਾਂ ਕਿਸੇ ਹੋਰ ਵਿਦੇਸ਼ੀ ਜਾਤੀ ਨਾਲ ਸਬੰਧਿਤ ਕਿਸੇ ਭਾਸ਼ਾ ਦੇ ਸੰਪਰਕ ਵਿਚ ਰਹੀ ਹੋਣ ਦਾ ਅਨੁਮਾਨ ਲਾਉਂਦੇ ਹਨ।[6]

### 1.1.3. **ਮਾਲਵੀ ਜਾਂ ਮਲਵਈ:**

ਜਿਵੇਂ ਪੰਜਾਬ ਦੇ ਸਤਲੁਜ ਤੋਂ ਪਾਰਲੇ ਇਲਾਕੇ ਮਾਲਵਾ ਅਤੇ ਉਥੇ ਬੋਲੀ ਜਾਂਦੀ ਭਾਸ਼ਾ ਨੂੰ ਮਲਵਈ ਕਿਹਾ ਜਾਂਦਾ ਹੈ, ਠੀਕ ਇਸੇ ਤਰ੍ਹਾਂ ਹੀ ਰਾਜਸਥਾਨ ਦੇ ਦੱਖਣ-ਪੂਰਬ ਮੱਧ-ਪ੍ਰਦੇਸ਼ ਨਾਲ ਲੱਗਦੇ ਇਲਾਕੇ ਨੂੰ ਮਾਲਵਾ ਕਿਹਾ ਜਾਂਦਾ ਹੈ। ਇਸ ਖੇਤਰ ਵਿੱਚ ਨਟਨਾਗਰ, ਉਜੈਨ, ਸੀਤਾਮਊ, ਰਤਲਾਮ ਆਦਿ ਨਾਲ ਜੁੜਿਆ ਇਲਾਕਾ ਆਉਂਦਾ ਹੈ। ਇਹ ਮਾਲਵੇ ਦਾ ਇਲਾਕਾ ਵੀ ਰਾਜਸਥਾਨ ਦੀਆਂ ਰਿਆਸਤਾਂ ਦੇ ਪ੍ਰਭਾਵ ਹੇਠ ਰਿਹਾ ਹੈ। ਇਸ ਇਲਾਕੇ ਵਿਚ ਬੋਲੀ ਜਾਂਦੀ ਭਾਸ਼ਾ ਨੂੰ ਮਾਲਵੀ ਕਿਹਾ ਜਾਂਦਾ ਹੈ। ਇਸ ਬੋਲੀ ਵਿਚ ਮਾਰਵਾੜੀ, ਢੂੰਢਾੜੀ ਅਤੇ ਮਰਾਠੀ ਦਾ ਪ੍ਰਭਾਵ ਨਜ਼ਰ ਆਉਂਦਾ ਹੈ ਅਤੇ ਇਸ ਨੂੰ ਰਾਜਸਥਾਨੀ ਦੀ ਕੋਮਲ ਉੱਪ-ਬੋਲੀ ਮੰਨਿਆ ਜਾਂਦਾ ਹੈ।

### 1.1.4. **ਮੇਵਾਤੀ:**

ਦਿੱਲੀ ਦੇ ਦੱਖਣ ਵੱਲ ਨਾਲ ਲੱਗਦੇ ਪਹਾੜੀ ਇਲਾਕੇ ਗੜਗਾਉਂ, ਫਿਰੋਜ਼ਪੁਰ ਝਿਰਕਾ, ਰੇਵਾੜੀ, ਤਿਜਾਰਾ, ਅਲਵਰ ਆਦਿ ਨੂੰ ਮੇਵਾਤ ਖੇਤਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

---

[6] ਮੋਤੀ ਲਾਲ ਮੇਨਾਰੀਆ,**ਰਾਜਸਥਾਨੀ ਭਾਸ਼ਾ ਔਰ ਸਾਹਿਤਯ**, ਪੰਨਾ 7.

ਇਹ ਇਲਾਕਾ ਅਜੋਕੇ ਦਿੱਲੀ, ਹਰਿਆਣਾ ਅਤੇ ਰਾਜਸਥਾਨ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਹੈ। ਪੁਰਾਣੇ ਸਮੇਂ ਇਹ ਇਲਾਕਾ ਕਈ ਵਾਰ ਰਾਜਪੂਤਾਨੇ ਦਾ ਹਿੱਸਾ ਰਿਹਾ ਹੈ। ਇਸ ਲਈ ਏਥੋਂ ਦੀ ਉੱਪ-ਬੋਲੀ ਮੇਵਾਤੀ ਨੂੰ ਵੀ ਰਾਜਸਥਾਨ ਦੀ ਉੱਪ-ਭਾਸ਼ਾ ਮੰਨਿਆ ਜਾਂਦਾ ਹੈ। ਮੇਵਾਤੀ ਬੋਲੀ ਉੱਪਰ ਬ੍ਰਿਜ, ਢੂੰਢਾੜੀ, ਮਾਰਵਾੜੀ ਅਤੇ ਬਾਂਗਰੂ ਆਦਿ ਬੋਲੀਆਂ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਇਸ ਬੋਲੀ ਦੀ ਸਾਹਿਤ ਰਚਨਾ ਜਾਂ ਦਫ਼ਤਰੀ ਕੰਮਾਂ ਲਈ ਵਰਤੋਂ ਬਹੁਤ ਘੱਟ ਹੋਈ ਹੈ। ਇਹ ਸਿਰਫ ਆਮ ਬੋਲ-ਚਾਲ ਦੀ ਭਾਸ਼ਾ ਵਜੋਂ ਹੀ ਜਿਆਦਾ ਪ੍ਰਚੱਲਿਤ ਰਹੀ ਹੈ।

### 1.1.5. **ਡਿੰਗਲ:**

ਰਾਜਸਥਾਨੀ ਉੱਪ-ਬੋਲੀ ਡਿੰਗਲ ਸਾਹਿਤਕ ਭਾਸ਼ਾ ਵਜੋਂ ਪੂਰੇ ਰਾਜਸਥਾਨ ਵਿਚ ਪ੍ਰਚੱਲਿਤ ਰਹੀ ਹੈ। ਇਹ ਭਾਸ਼ਾ ਰਾਜਸਥਾਨੀ ਸਾਹਿਤ ਰਚਨਾ ਲਈ ਵਿਸ਼ੇਸ਼ ਮਾਧਿਅਮ ਰਹੀ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਅਸਲ ਵਿਚ ਡਿੰਗਲ ਭਾਸ਼ਾ ਦਾ ਪਿਛੋਕੜ ਪੱਛਮੀ ਰਾਜਸਥਾਨ ਦੀ ਮਰੂ ਭਾਸ਼ਾ ਜਾਂ ਮਾਰਵਾੜੀ ਦੇ ਸਾਹਿਤਕ ਰੂਪ ਨਾਲ ਹੀ ਜੁੜਦਾ ਹੈ। ਅਸਲ ਵਿਚ ਇਸ ਦਾ ਮੁੱਢਲਾ ਨਾਮ ਡੀਂਗਲ ਸੀ ਜੋ ਬਾਅਦ ਵਿਚ ਡਿੰਗਲ ਕਰਕੇ ਜਾਣੀ ਜਾਣ ਲੱਗ ਪਈ। ਇਸ ਬੋਲੀ ਵਿਚ ਹਿੰਦੀ, ਖੜੀ ਬੋਲੀ, ਬ੍ਰਿਜ ਅਤੇ ਸਾਧ ਭਾਸ਼ਾ ਦਾ ਮਿਸ਼੍ਰਣ ਹੈ। ਲਗਭਗ 19ਵੀਂ ਸਦੀ ਵਿਚ ਇਹ ਭਾਸ਼ਾ ਰਾਜਸਥਾਨੀ ਸਾਹਿਤ ਰਚਨਾ ਵਿਚ ਪ੍ਰਮੁੱਖਤਾ ਹਾਸਲ ਕਰ ਗਈ। ਚਾਰਨ, ਭਾਟ (ਭੱਟ), ਰਾਵ, ਢਾਢੀ ਆਦਿ ਜਾਤੀਆਂ ਦੇ ਸਾਹਿਤਕਾਰਾਂ ਅਤੇ ਲਿਖਾਰੀਆਂ ਦੀਆਂ ਲਿਖਤਾਂ ਜ਼ਿਆਦਾਤਰ ਇਸੇ ਰਾਜਸਥਾਨੀ ਉੱਪ-ਬੋਲੀ ਵਿਚ ਲਿਖੀਆਂ ਮਿਲਦੀਆ ਹਨ।

### 1.1.6. **ਬਾਗੜੀ/ਵਾਗੜੀ**:

ਰਾਜਪੂਤਾਨੇ ਦੀਆਂ ਪੁਰਾਣੀਆਂ ਰਿਆਸਤਾਂ ਡੂੰਗਰਪੁਰ ਅਤੇ ਬਾਂਸਵਾੜਾ ਦੇ ਸੰਯੁਕਤ ਇਲਾਕੇ ਨੂੰ ਵਾਗੜ ਜਾਂ ਬਾਗੜ ਕਿਹਾ ਜਾਂਦਾ ਹੈ। ਇਸ ਇਲਾਕੇ ਵਿਚ ਬੋਲੀ ਜਾਂਦੀ ਭਾਸ਼ਾ ਬਾਗੜੀ ਅਖਵਾਉਂਦੀ ਹੈ ਜਿਸ ਵਿਚ ਗੁਜਰਾਤੀ ਬੋਲੀ ਦਾ ਬਹੁਤ ਜਿਆਦਾ ਪ੍ਰਭਾਵ ਹੈ। ਇਸ ਤੋਂ ਇਲਾਵਾ ਮਾਲਵੀ ਅਤੇ ਮਰਾਠੀ ਦਾ ਅਸਰ ਵੀ ਇਸ ਬੋਲੀ ਵਿਚ ਨਜ਼ਰ ਆਉਂਦਾ ਹੈ। ਇਹ ਬੋਲੀ ਵੀ ਆਮ ਲੋਕਾਂ ਦੇ ਬੋਲ-ਚਾਲ ਦੀ ਭਾਸ਼ਾ ਤੱਕ ਹੀ ਸੀਮਤ ਰਹੀ ਹੈ। ਉਂਝ

ਰਾਜਸਥਾਨ ਦੇ ਪੰਜਾਬ ਅਤੇ ਹਰਿਆਣਾ ਦੇ ਜਿਲ੍ਹਿਆਂ: ਫਾਜ਼ਿਲਕਾ, ਬਠਿੰਡਾ, ਸਰਸਾ ਅਤੇ ਹਿਸਾਰ ਨਾਲ ਲੱਗਦੇ ਸਰਹੱਦੀ ਖੇਤਰ ਦੀ ਬੋਲੀ ਨੂੰ ਵੀ ਬਾਗੜ ਜਾਂ ਬਾਗੜੀ ਕਿਹਾ ਜਾਂਦਾ ਹੈ।

ਇਨ੍ਹਾਂ ਰਾਜਸਥਾਨੀ ਉੱਪ-ਬੋਲੀਆਂ ਤੋਂ ਇਲਾਵਾ ਰਾਜਸਥਾਨ ਵਿਚ ਵੱਸਣ ਵਾਲੇ ਕੁਝ ਕਬੀਲਿਆਂ ਦੀ ਆਪਣੀ ਵਿਸ਼ੇਸ਼ ਭਾਸ਼ਾ ਵੀ ਹੈ ਜਿਵੇਂ ਭੀਲਾਂ ਦੀ ਭੀਲ, ਵਣਜਾਰਿਆਂ ਦੀ ਵਣਜਾਰੀ ਅਤੇ ਗੁੱਜਰਾਂ ਦੀ ਗੁਜਰੀ ਆਦਿ।

ਰਾਜਸਥਾਨੀ ਭਾਸ਼ਾ ਦੀਆਂ ਉੱਪ-ਬੋਲੀਆਂ ਦੀ ਉਪਰੋਕਤ ਵੰਡ ਤੋਂ ਇਲਾਵਾ ਪੰਡਿਤ ਨਰੋਤਮ ਦਾਸ ਸਮੇਤ ਕੁਝ ਵਿਦਵਾਨ ਰਾਜਸਥਾਨੀ ਭਾਸ਼ਾ ਦੀਆਂ ਉੱਪ-ਬੋਲੀਆਂ ਦੀ ਵੰਡ ਖੇਤਰੀ ਤੌਰ ’ਤੇ ਇਸ ਤਰ੍ਹਾਂ ਵੀ ਮੰਨਦੇ ਹਨ: 1. ਪੱਛਮੀ ਰਾਜਸਥਾਨੀ (ਉਦੇਪੁਰ, ਜੋਧਪੁਰ, ਜੈਸਲਮੇਰ, ਸ਼ੇਖਾਵਟੀ, ਬੀਕਾਨੇਰ ਆਦਿ ਦਾ ਇਲਾਕਾ) 2. ਪੂਰਬੀ ਰਾਜਸਥਾਨੀ (ਜੈਪੁਰ ਅਤੇ ਹੜੌਤੀ ਦਾ ਇਲਾਕਾ) 3. ਉੱਤਰੀ ਰਾਜਸਥਾਨੀ (ਮੇਵਾਤ ਅਤੇ ਮਥੁਰਾ ਦਾ ਇਲਾਕਾ) 4. ਦੱਖਣੀ ਰਾਜਸਥਾਨੀ (ਮਾਲਵੇ ਪ੍ਰਦੇਸ਼ ਨਾਲ ਲੱਗਦਾ ਇਲਾਕਾ)।[7]

ਰਾਜਸਥਾਨੀ ਭਾਸ਼ਾ ਦੀਆਂ ਇਹਨਾਂ ਸਾਰੀਆਂ ਉੱਪ-ਬੋਲੀਆਂ ਤੋਂ ਇਲਾਵਾ ਲਿਖਤਾਂ ਜਾਂ ਰਚਨਾਵਾਂ ਲਈ ਅੱਜ-ਕੱਲ੍ਹ ਬ੍ਰਿਜ ਭਾਸ਼ਾ ਅਤੇ ਰਲੀ-ਮਿਲੀ ਹਿੰਦੀ (ਹਿੰਦੁਸਤਾਨੀ) ਦੀ ਵਰਤੋਂ ਵੀ ਆਮ ਮਿਲਦੀ ਹੈ। ਅਜੋਕੇ ਸਮੇਂ ਵਿਚ ਹਿੰਦੀ ਰਾਸ਼ਟਰੀ ਭਾਸ਼ਾ ਹੋਣ ਕਰਕੇ ਪੂਰੇ ਭਾਰਤ ਵਿਚ ਆਪਣਾ ਪ੍ਰਭਾਵ ਕਾਇਮ ਕਰ ਚੁੱਕੀ ਹੈ ਜਿਸ ਦਾ ਅਸਰ ਰਾਜਸਥਾਨੀ ਭਾਸ਼ਾ ਉੱਪਰ ਬਹੁਤ ਜਿਆਦਾ ਦੇਖਣ ਨੂੰ ਮਿਲਦਾ ਹੈ। ਇਸ ਲਈ ਪਹਿਲਾਂ ਰਾਜਸਥਾਨੀ ਵਿਚ ਸਾਹਿਤ ਰਚਨਾ ਲਈ ਮਾਰਵਾੜੀ ਅਤੇ ਡੀਂਗਲ ਭਾਸ਼ਾ ਨੂੰ ਪ੍ਰਮੁੱਖਤਾ ਹਾਸਲ ਸੀ ਜੋ ਹੁਣ ਹਿੰਦੀ ਨੇ ਲੈ ਲਈ ਹੈ।

### 1.2. **ਰਾਜਸਥਾਨੀ ਭਾਸ਼ਾ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ:**

- ਰਾਜਸਥਾਨੀ ਭਾਸ਼ਾ ਵਿਚ ਖੜੀ ਬੋਲੀ, ਗੁਜਰਾਤੀ, ਮਰਾਠੀ, ਬ੍ਰਿਜ, ਬਾਂਗਰੂ, ਪੰਜਾਬੀ, ਬਹਾਵਲਪੁਰੀ ਅਤੇ ਸਿੰਧੀ ਬੋਲੀਆਂ ਦਾ ਪ੍ਰਭਾਵ ਨਜਰ ਆਉਂਦਾ ਹੈ।

---

7 ਸਵਾਮੀ ਨਰੋਤਮ ਦਾਸ, ‘ਰਾਜਸਥਾਨੀ ਭਾਸ਼ਾ ਔਰ ਸਾਹਿਤਯ’, **ਰਾਜਸਥਾਨੀ ਭਾਸ਼ਾ ਸਾਹਿਤਯ ਔਰ ਇਤਿਹਾਸ**, ਪੰਨਾ 10.

- ਰਾਜਸਥਾਨੀ ਭਾਸ਼ਾ ਦਾ ਸਰੂਪ ਰਾਜਸਥਾਨ ਦੇ ਇਲਾਕੇ ਦੀ ਤਰ੍ਹਾਂ ਪੂਰੇ ਪ੍ਰਦੇਸ਼ ਵਿਚ ਵੱਖ-ਵੱਖ ਹੁੰਦਾ ਹੋਇਆ ਵੀ ਇਕ ਮੁੱਖ ਸੂਤਰ ਵਿਚ ਪਰੋਇਆ ਹੋਇਆ ਹੈ।
- ਰਾਜਸਥਾਨੀ ਭਾਸ਼ਾ ਵਿਚ ਕਿਰਿਆ ਦੇ ਨਾਲ ਪਛੇਤਰ ਵਜੋਂ 'ਡੋ', 'ਲਾ', 'ਲੋ' ਅਤੇ 'ਬੋ' ਦੀਆਂ ਧੁਨੀਆਂ ਬਹੁਤ ਪ੍ਰਚਲਤ ਹਨ, ਜਿਵੇਂ: 'ਲਾ' ਪਛੇਤਰ ਦੀ ਧੁਨੀਆਂ ਵਾਲੇ ਸ਼ਬਦ ਖਾਉ ਨੂੰ ਖਾਉਲਾ, ਜਾਣ ਨੂੰ ਜਾਉਲਾ, ਭੇਜਣਾ ਨੂੰ ਭਿਜਾਉਲਾ ਆਦਿ ਉਚਾਰਿਆ ਜਾਂਦਾ ਹੈ। 'ਲੋ' ਪਛੇਤਰ ਦੀ ਧੁਨੀਆਂ ਵਾਲੇ ਸ਼ਬਦ ਲਿਖਣ ਨੂੰ ਲਿਖਾਉਲੋ, ਜਾਣ ਨੂੰ ਜਾਉਲੋ, ਭੇਜਣਾ ਨੂੰ ਭਿਜਾਉਲੋ ਆਦਿ ਉਚਾਰਿਆ ਜਾਂਦਾ ਹੈ ਅਤੇ 'ਬ' ਪਛੇਤਰ ਦੀ ਧੁਨੀ ਵਾਲੇ ਸ਼ਬਦ ਕਰ ਨੂੰ ਕਰਬੋ, ਆਇਉ ਨੂੰ ਆਇਬੋ ਆਦਿ ਉਚਾਰਿਆ ਜਾਂਦਾ ਹੈ।
- ਮਾਰਵਾੜੀ ਭਾਸ਼ਾ ਵਿਚ 'ਈ' ਧੁਨੀ ਦੀ ਨਾਮਿਅਕ ਧੁਨੀ ਵਜੋਂ ਬਹੁਤ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਈਣ, ਈਣੀ, ਰੀ ਆਦਿ।
- ਰਾਜਸਥਾਨੀ ਭਾਸ਼ਾ ਦੀ ਹੜੌਤੀ ਉੱਪ-ਭਾਸ਼ਾ ਵਿਚ 'ਬ' ਦੀ ਜਗ੍ਹਾ 'ਵ' ਦੀ ਧੁਨੀ ਅਤੇ 'ਵ' ਦੀ ਥਾਂ 'ਤੇ 'ਬ' ਦੀ ਧੁਨੀ ਦੀ ਵਰਤੋਂ ਜਿਆਦਾ ਕੀਤੀ ਜਾਂਦੀ ਹੈ, ਜਿਵੇਂ; ਵੱਡਾ ਦੀ ਥਾਂ ਬਡਾ, ਬਹੁਤ ਦੀ ਥਾਂ ਵਹੁਤ ਅਤੇ ਬਾਅਦ ਦੀ ਥਾਂ ਵਾਦ, ਬਖਸ ਦੀ ਥਾਂ ਵਖਸ ਆਦਿ।
- ਰਾਜਸਥਾਨੀ ਭਾਸ਼ਾ ਦੀ ਉੱਪ-ਬੋਲੀ ਪੱਛਮੀ ਰਾਜਸਥਾਨੀ ਜਾਂ ਮਾਰਵਾੜੀ ਵਿਚ ਗੁਜਰਾਤੀ ਬੋਲੀ ਦੇ ਪ੍ਰਭਾਵ ਕਰਕੇ ਸ਼ਬਦ ਦੇ ਅਖੀਰ ਵਿਚ ਵਾਕ ਪੂਰਾ ਹੋਣ 'ਤੇ ਹੈ, ਸੀ, ਹਨ ਦੀ ਥਾਂ 'ਤੇ ਛਾ, ਛੀ, ਛੋ, ਛੈ ਲਗਾਇਆ ਜਾਂਦਾ ਹੈ, ਜਿਵੇਂ; ਆਵਾਂ ਛਾ, ਗਿਆ ਛਾ, ਜਾਵਾ ਛੋ, ਆਇਓ ਛੀ ਆਦਿ।

### 1.3. ਰਾਜਸਥਾਨੀ ਸਾਹਿਤ ਦਾ ਆਰੰਭ ਅਤੇ ਵਿਕਾਸ

ਰਾਜਸਥਾਨ ਦੇ ਲੋਕਾਂ ਦੀ ਸਾਹਿਤ ਰਚਨਾ ਵਿਚ ਬਹੁਤ ਰੁਚੀ ਰਹੀ ਹੈ। ਏਥੇ ਰਾਜਸਥਾਨੀ, ਹਿੰਦੀ, ਫ਼ਾਰਸੀ ਆਦਿ ਭਾਸ਼ਾਵਾਂ ਵਿਚ ਸਮੇਂ-ਸਮੇਂ ਤੇ ਸਾਹਿਤ ਸਿਰਜਣਾ ਦਾ ਕਾਰਜ ਲਗਾਤਾਰ ਚੱਲਦਾ ਰਿਹਾ ਹੈ। ਰਜਾਸਥਾਨ ਦੇ ਲੋਕ ਸਾਹਿਤ ਸਿਰਜਨਾ ਦੇ ਨਾਲ-ਨਾਲ ਸਿਰਜਿਤ ਸਾਹਿਤ ਦੀ ਸੰਭਾਲ ਕਰਨ ਵਿਚ ਵੀ ਬਹੁਤ ਦਿਲਚਸਪੀ ਲੈਂਦੇ ਰਹੇ ਹਨ ਇਸ ਲਈ

ਇਸ ਭਾਸ਼ਾ ਦੀਆਂ ਪੁਰਾਤਨ ਸਾਹਿਤਕ ਰਚਨਾਵਾਂ ਅੱਜ ਤੱਕ ਰਾਜਸਥਾਨ ਦੇ ਵੱਖ-ਵੱਖ ਥਾਵਾਂ 'ਤੇ ਵੱਡੀ ਗਿਣਤੀ ਵਿਚ ਮਿਲਦੀਆਂ ਹਨ। ਰਾਜਸਥਾਨ ਦੇ ਜਨ ਸਧਾਰਨ ਤੋਂ ਲੈ ਕੇ ਸ਼ਾਸਕਾਂ ਤੱਕ ਲੋਕ, ਸਾਹਿਤ ਰਚਨਾ ਅਤੇ ਸਾਹਿਤ ਦੀ ਸੰਭਾਲ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਰਹੇ ਹਨ।

ਰਾਜਸਥਾਨੀ ਸਾਹਿਤ ਸਿਰਜਨਾ ਵਿਚ ਵੀਰਤਾ, ਭਗਤੀ ਅਤੇ ਸ਼ਿੰਗਾਰ ਵਿਸ਼ਿਆਂ ਦਾ ਜ਼ਿਆਦਾ ਪ੍ਰਭਾਵ ਰਿਹਾ ਹੈ। ਹਾਲਾਂਕਿ ਸਮੇਂ ਦੇ ਨਾਲ-ਨਾਲ ਸਮਾਜਿਕ ਅਤੇ ਰਾਜਸੀ ਚੇਤਨਾ ਆਦਿ ਰਾਹੀਂ ਰਾਜਸਥਾਨੀ ਸਾਹਿਤ ਦੀ ਪ੍ਰਵਿਰਤੀ ਅਤੇ ਸ਼ੈਲੀ ਵਿਚ ਬਦਲਾਅ ਆਉਂਦੇ ਰਹੇ ਹਨ ਜਿਸ ਨਾਲ ਰਾਜਸਥਾਨੀ ਸਾਹਿਤ ਦਾ ਵਿਕਾਸ ਸਮੇਂ ਦੇ ਨਾਲ-ਨਾਲ ਚੱਲਦਾ ਰਿਹਾ ਹੈ। ਰਾਜਸਥਾਨੀ ਸਾਹਿਤ ਦੇ ਆਰੰਭ ਸਬੰਧੀ ਦੋ ਤਰ੍ਹਾਂ ਦੇ ਵਿਚਾਰ ਵਿਦਵਾਨਾਂ ਵਿਚ ਪ੍ਰਚੱਲਿਤ ਹਨ। ਕੁਝ ਵਿਦਵਾਨ ਰਾਜਸਥਾਨੀ ਸਾਹਿਤ ਨੂੰ ਤਿੰਨ ਕਾਲਾਂ ਵਿਚ ਅਤੇ ਕੁਝ ਚਾਰ ਕਾਲਾਂ ਵਿਚ ਵੰਡਦੇ ਹਨ। ਰਾਜਸਥਾਨੀ ਸਾਹਿਤ ਦੇ ਆਰੰਭ ਅਤੇ ਵਿਕਾਸ ਨੂੰ ਤਿੰਨ ਕਾਲਾਂ ਵਿਚ ਵੰਡਣ ਵਾਲੇ ਵਿਦਵਾਨ ਇਸ ਦੀ ਕਾਲ ਵੰਡ ਇਸ ਪ੍ਰਕਾਰ ਕਰਦੇ ਹਨ:

- ਆਦਿ ਕਾਲ
- ਮੱਧ ਕਾਲ
- ਆਧੁਨਿਕ ਕਾਲ[8]

ਦੂਸਰੇ ਵਿਚਾਰ ਨਾਲ ਸਬੰਧਿਤ ਵਿਦਵਾਨ ਰਾਜਸਥਾਨੀ ਸਾਹਿਤ ਦੇ ਆਰੰਭ ਅਤੇ ਵਿਕਾਸ ਨੂੰ ਚਾਰ ਪੜਾਵਾਂ ਵਿਚ ਮੰਨਦੇ ਹੋਏ ਇਸ ਦੀ ਵੰਡ ਇਸ ਪ੍ਰਕਾਰ ਕਰਦੇ ਹਨ;

- ਪ੍ਰਾਰੰਭ ਕਾਲ (ਸੰਮਤ 1045-1460)
- ਪੂਰਵ-ਮੱਧ ਕਾਲ (ਸੰਮਤ 1460-1700)
- ਉੱਤਰ-ਮੱਧ ਕਾਲ (ਸੰਮਤ 1700-1900)
- ਆਧੁਨਿਕ ਕਾਲ (ਸੰਮਤ 1900 ਤੋਂ ਬਾਅਦ)[9]

---

8 ਨਰਾਇਣ ਸਿੰਘ ਭਾਟੀ, **ਰਾਜਸਥਾਨੀ ਸਾਹਿਤਯ ਕਾ ਕੋਸ਼ ਵ ਛੰਦ ਸ਼ਾਸ਼ਤਰ,** ਪੰਨੇ 1-14.

9 ਮੋਤੀ ਲਾਲ ਮੇਨਾਰੀਆ, ਉਕਤ, ਪੰਨਾ 63.

ਕੁਝ ਵਿਦਵਾਨਾਂ ਦੁਆਰਾ ਰਾਜਸਥਾਨੀ ਸਾਹਿਤ ਦਾ ਆਰੰਭ ਕਾਲ 8ਵੀਂ ਸਦੀ ਨੂੰ ਮੰਨਿਆ ਗਿਆ ਹੈ। ਇਸ ਸਮੇਂ ਅਪਭ੍ਰੰਸ਼ ਅਤੇ ਪ੍ਰਾਕਿਰਤ ਭਾਸ਼ਾ ਤੋਂ ਰਾਜਸਥਾਨੀ ਦਾ ਆਰੰਭ ਹੋਇਆ ਮੰਨਿਆ ਗਿਆ ਹੈ। ਪਰ ਇਸ ਮੁੱਢਲੇ ਦੌਰ ਵਿਚ ਰਾਜਸਥਾਨੀ ਭਾਸ਼ਾ ਵਿਚ ਰਚਿਤ ਸਾਹਿਤ ਬਹੁਤ ਘੱਟ ਮਾਤਰਾ ਵਿਚ ਮਿਲਦਾ ਹੈ। ਰਾਜਸਥਾਨੀ ਭਾਸ਼ਾ ਵਿਚ ਰਚਿਤ ਸਾਹਿਤ ਦਾ ਪ੍ਰਚਲਨ ਜ਼ਿਆਦਾਤਰ 13ਵੀਂ ਸਦੀ ਵਿੱਚ ਜੈਨੀ ਸਾਧੂਆਂ ਦੁਆਰਾ ਰਚਿਤ ਭਗਤੀ ਸਾਹਿਤ ਨਾਲ ਹੁੰਦਾ ਹੈ। ਸ਼ੁਰੂ ਵਿਚ ਜੈਨ ਧਰਮ ਦੇ ਗ੍ਰੰਥਾਂ ਦਾ ਉਲਥਾ ਰਾਜਸਥਾਨੀ ਭਾਸ਼ਾ ਵਿਚ ਕੀਤੇ ਜਾਣ ਨਾਲ ਸਾਹਿਤ ਰਚਨਾ ਦਾ ਆਰੰਭ ਹੁੰਦਾ ਹੈ। ਇਸ ਦੇ ਨਾਲ ਹੀ ਜੈਨ ਧਰਮ ਦੇ ਸਿਧਾਂਤਾ ਅਤੇ ਹੋਰ ਕਥਾਵਾਂ ਆਦਿ ਦੀਆਂ ਰਚਨਾਵਾਂ ਇਸ ਸਮੇਂ ਦੌਰਾਨ ਰਾਜਸਥਾਨੀ ਭਾਸ਼ਾ ਦੇ ਸਾਹਿਤ ਦਾ ਆਧਾਰ ਬਣੀਆਂ। ਭਾਂਵੇ ਇਹਨਾਂ ਰਚਨਾਵਾਂ ਦਾ ਮਨੋਰਥ ਜੈਨ ਧਰਮ ਦਾ ਪ੍ਰਚਾਰ-ਪ੍ਰਸਾਰ ਸੀ ਪਰ ਇਸ ਨੇ ਰਾਜਸਥਾਨੀ ਸਾਹਿਤ ਰਚਨਾ ਦੇ ਵਿਕਾਸ ਵਿਚ ਮੁੱਢਲਾ ਅਤੇ ਵਡਮੁੱਲਾ ਯੋਗਦਾਨ ਪਾਇਆ ਹੈ। ਰਾਜਸਥਾਨੀ ਸਾਹਿਤ ਵਿਚ ਕਾਵਿ ਅਤੇ ਵਾਰਤਕ ਦੋਵਾਂ ਵਿਧਾਵਾਂ ਵਿਚ ਸਾਹਿਤ ਰਚਨਾ ਦਾ ਕਾਰਜ ਚੱਲਦਾ ਰਿਹਾ ਹੈ। ਰਾਜਸਥਾਨੀ ਪਦ ਜਾਂ ਕਾਵਿ ਵਿਚ ਵੇਲ, ਨਿਸ਼ਾਨੀ, ਝੂਲਣਾ, ਗੀਤ, ਦੋਹੇ, ਵਿਲਾਸ, ਰਾਸੋ, ਵਚਨਿਕਾ, ਪ੍ਰਬੰਧ, ਸਾਖੀ, ਪਰਚਈ, ਭਗਤਮਾਲ, ਗਜ਼ਲ ਆਦਿ ਕਈ ਵੰਨਗੀਆਂ ਦੀਆਂ ਸਾਹਿਤਕ ਰਚਨਾਵਾਂ ਆਉਂਦੀਆਂ ਹਨ ਅਤੇ ਗੱਦ ਜਾਂ ਵਾਰਤਕ ਵਿਚ ਸ਼ਿਲਾਲੇਖ, ਪਟੇ, ਬਾਤ, ਵੰਸ਼ਾਵਲੀ, ਵਿਗਤ, ਦਵਾਵੇਤ, ਪੀਢੀ (ਪੀੜ੍ਹੀ), ਵਹੀ, ਖਿਆਤ, ਅਹਿਵਾਲ, ਹਕੀਕਤੀ ਆਦਿ ਰਚਨਾਵਾਂ ਸ਼ਾਮਿਲ ਹਨ। ਇਸ ਸਮੇਂ ਦੀ ਰਾਜਸਥਾਨੀ ਸਾਹਿਤਕ ਭਾਸ਼ਾ ਨੂੰ ਵਿਦਵਾਨ ਪੁਰਾਣੀ ਪੱਛਮੀ ਰਾਜਸਥਾਨੀ ਕਹਿੰਦੇ ਹਨ।

ਰਾਜਸਥਾਨੀ ਸਾਹਿਤ ਦੀਆਂ ਇਹਨਾਂ ਸਾਹਿਤਕ ਵਿਧਾਵਾਂ ਤੋਂ ਇਲਾਵਾ ਰਾਜਸਥਾਨ ਦੀਆਂ ਭੂਤ-ਪੂਰਵ ਰਿਆਸਤਾਂ ਨਾਲ ਸਬੰਧਿਤ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਪ੍ਰਬੰਧ ਨੂੰ ਰਿਕਾਰਡ ਕਰਨ ਵਾਲੇ ਦਸਤਾਵੇਜ਼: ਪਟੇ, ਪ੍ਰਵਾਨੇ, ਵਹੀਆਂ, ਰੋਜਨਾਮਚੇ, ਅਤੇ ਖਤ ਆਦਿ ਵੀ ਰਾਜਸਥਾਨੀ ਸਾਹਿਤ, ਇਤਿਹਾਸ ਅਤੇ ਪ੍ਰਸ਼ਾਸਨਿਕ ਪ੍ਰਬੰਧ ਆਦਿ ਦੀਆਂ ਮਿਸ਼ਰਿਤ ਵਿਧਾਵਾਂ ਮੰਨੇ ਜਾ ਸਕਦੇ ਹਨ। ਇਹਨਾਂ ਵਿਚ ਰਾਜਸਥਾਨੀ ਬੋਲੀ ਅਤੇ ਸ਼ੈਲੀ ਆਦਿ ਦੀਆਂ ਵੰਨਗੀਆਂ ਤੋਂ ਇਲਾਵਾ ਰਾਜਸਥਾਨੀ ਭਾਸ਼ਾ ਦੀ ਲਿੱਪੀ ਦੇ ਅੱਖਰਾਂ ਤੇ ਸ਼ਬਦਾਵਲੀ ਸਮੇਤ ਹੋਰ ਖੇਤਰੀ ਪ੍ਰਪਾਟੀਆਂ ਦੇ ਪ੍ਰਚਲਨ ਦਾ ਪਤਾ ਲੱਗਦਾ ਹੈ। ਰਾਜਸਥਾਨੀ ਭਾਸ਼ਾ ਦੇ ਰਾਜਨੀਤਿਕ ਅਤੇ

ਪ੍ਰਸ਼ਾਸਨਿਕ ਦਸਤਾਵੇਜ਼ੀ ਸਰੋਤਾਂ ਤੋਂ ਇਲਾਵਾ ਚਿਕਿਤਸਾ ਨਾਲ ਸਬੰਧਿਤ ਆਯੂਰਵੈਦਿਕ ਗ੍ਰੰਥਾਂ ਦੀਆਂ ਰਚਨਾਵਾਂ ਰਾਜਸਥਾਨੀ ਭਾਸ਼ਾ ਦੇ ਕਾਵਿ ਅਤੇ ਵਾਰਤਕ ਸਾਹਿਤ ਵਿਚ ਮਿਲਦੀਆਂ ਹਨ।

## 2. 1750 ਈ. ਤੋਂ ਪਹਿਲਾਂ ਦੇ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ: ਰਾਜਸਥਾਨੀ ਸਰੋਤ

ਹਥਲੇ ਖੋਜ-ਪ੍ਰਬੰਧ ਵਿਚ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਸਰੋਤਾਂ ਦੀ ਸਮਾਂ ਸੀਮਾ 1750 ਤੋਂ 1850 ਈ. ਤੱਕ ਲਈ ਗਈ ਹੈ। ਖੋਜ ਦੀ ਇਹ ਸਮਾਂ ਸੀਮਾ ਦੋ ਤਰ੍ਹਾਂ ਨਾਲ ਰੱਖੀ ਗਈ ਹੈ। ਪਹਿਲਾ 1750-1850 ਈ. ਦਰਮਿਆਨ ਲਿਖੇ ਗਏ ਰਾਜਸਥਾਨੀ ਸਰੋਤ ਅਤੇ 1750 ਤੋਂ 1850 ਈ. ਤੱਕ ਸਿੱਖ ਧਰਮ ਅਤੇ ਇਤਿਹਾਸ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਵਾਲੇ ਇਹ ਸਭ ਸਰੋਤ ਆਉਂਦੇ ਹਨ।

ਰਾਜਸਥਾਨੀ ਭਾਸ਼ਾ ਵਿਚ ਲਿਖਤ ਸਾਹਿਤਕ ਅਤੇ ਦਸਤਾਵੇਜੀ ਸਰੋਤਾਂ ਵਿਚ 1750 ਈ. ਤੋਂ ਪਹਿਲਾਂ ਵੀ ਸਿੱਖ ਧਰਮ ਅਤੇ ਇਤਿਹਾਸ ਬਾਰੇ ਵੇਰਵੇ ਮਿਲਦੇ ਹਨ। ਰਾਜਸਥਾਨੀ ਭਾਸ਼ਾ ਦੇ ਸਰੋਤਾਂ ਵਿਚ ਖਿਆਤਾਂ, ਸਾਖੀਆਂ, ਪਰਚਈਆਂ, ਭਗਤਮਾਲਾਵਾਂ ਆਦਿ ਵਿਚ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜ਼ਿਕਰ ਮਿਲਦੇ ਹਨ।

**ਰਾਜਸਥਾਨੀ ਭਗਤਮਾਲ, ਸਾਖੀ ਅਤੇ ਪ੍ਰਚਈ ਸਾਹਿਤ**: ਰਾਜਸਥਾਨੀ ਸਾਹਿਤ ਵਿਚ 16ਵੀਂ ਸਦੀ ਦੇ ਅਖੀਰ ਵਿਚ 'ਭਗਤਮਾਲ' ਵੰਨਗੀ ਦੀ ਸਾਹਿਤਕ ਰਚਨਾ ਸ਼ੁਰੂ ਹੋਈ ਜੋ 19ਵੀਂ ਸਦੀ ਤੱਕ ਵੱਖ-ਵੱਖ ਧਾਰਮਿਕ ਸੰਪ੍ਰਦਾਵਾਂ ਨਾਲ ਸਬੰਧਿਤ ਭਗਤਾਂ ਅਤੇ ਵਿਅਕਤੀਆਂ ਦੁਆਰਾ ਲਿਖੀਆਂ ਗਈਆਂ। ਭਗਤਮਾਲ ਤੋਂ ਭਾਵ ਹੈ 'ਭਗਤਾਂ ਦੀ ਮਾਲਾ'। ਇਸ ਵਿਧਾ ਦਾ ਮੁੱਢ 'ਨਾਭਾ ਦਾਸ ਦੀ ਭਗਤਮਾਲ' ਨੂੰ ਮੰਨਿਆ ਜਾਂਦਾ ਹੈ ਜੋ 1650 ਬਿਕਰਮੀ ਸੰਮਤ ਦੀ ਰਚਨਾ ਮੰਨੀ ਜਾਂਦੀ ਹੈ।[10] ਇਸ ਤੋਂ ਬਾਅਦ ਦਾਦੂਪੰਥੀ, ਰਾਮ ਸਨੇਹੀ, ਨਿਰੰਜਨੀ ਆਦਿ ਸੰਪ੍ਰਦਾਵਾਂ ਨਾਲ ਸਬੰਧਿਤ ਕੁਝ ਮਹਾਂਪੁਰਸ਼ਾਂ ਵੱਲੋਂ ਭਗਤਮਾਲਾਵਾਂ ਰਚੀਆਂ ਗਈਆਂ। ਇਨ੍ਹਾਂ ਭਗਤਮਾਲਾਵਾਂ ਵਿਚ ਸਿੱਖ ਧਰਮ ਦੇ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਬਾਣੀ ਵਾਲੇ ਸੰਤਾਂ-ਭਗਤਾਂ ਦੇ ਜੀਵਨ ਸਬੰਧੀ ਸਾਖੀਆਂ, ਸਿੱਖ ਧਰਮ ਦੀ ਗੁਰੂ ਪ੍ਰੰਪਰਾ ਅਤੇ ਸਿੱਖ ਧਰਮ ਦੇ ਮੁੱਢਲੇ ਪ੍ਰਚਾਰਕਾਂ ਆਦਿ ਸਬੰਧੀ ਸੰਖੇਪ ਵਰਨਣ ਮਿਲਦੇ ਹਨ। ਸਿੱਖ ਧਰਮ ਨਾਲ ਸਬੰਧਿਤ ਜਾਣਕਾਰੀ

---

[10] ਬਰਜਿੰਦਰ ਕੁਮਾਰ ਸਿੰਹਲ, **ਸੰਤ ਸੁਖਸਾਰਣ ਜੀ ਪ੍ਰਣੀਤ ਨਾਮਪ੍ਰਤੀਤ-ਭਗਤਮਾਲਾ**, ਪੰਨਾ 7.

ਦੇਣ ਵਾਲੀਆਂ ਪ੍ਰਮੁੱਖ ਭਗਤਮਾਲਾਵਾਂ 'ਰਾਘਵਦਾਸ ਦੀ ਭਗਤ ਮਾਲ'[11] ਅਤੇ ਸੁਖ ਸਾਰਨ ਦੀ 'ਨਾਮਪ੍ਰਤੀਤ ਭਗਤਮਾਲ'[12] ਹਨ।

ਰਾਜਸਥਾਨੀ ਭਾਸ਼ਾ ਵਿਚ ਭਗਤਮਾਲ ਤੋਂ ਇਲਾਵਾ ਸਾਖੀ, ਪਰਚਈ, ਬਾਣੀ, ਪਦੇ ਅਤੇ ਦੋਹੇ ਆਦਿ ਧਾਰਮਿਕ ਸਾਹਿਤ ਦੀਆਂ ਵਿਧਾਵਾਂ ਵਿਚ ਗੁਰੂ ਕਾਲ ਨਾਲ ਸਬੰਧਿਤ ਸਿੱਖ ਧਰਮ ਬਾਰੇ ਜਾਣਕਾਰੀ ਮਿਲਦੀ ਹੈ। ਧਾਰਮਿਕ ਸਾਹਿਤ ਦੀਆਂ ਇਹਨਾਂ ਵਿਧਾਵਾਂ ਨਾਲ ਸਬੰਧਿਤ ਰਚਨਾਵਾਂ ਵਿਚ ਵੱਖ-ਵੱਖ ਤੌਰ ਤੇ ਮੌਲਿਕ ਅਤੇ ਮਿਸ਼ਰਤ ਦੋਵਾਂ ਰੂਪਾਂ ਵਿਚ ਮਿਲਦੀਆਂ ਹਨ। ਰਾਜਸਥਾਨੀ ਭਾਸ਼ਾ ਵਿਚ ਪਰਚਈ ਸਾਹਿਤ ਦਾ ਮੋਢੀ ਅਨੰਤ ਦਾਸ ਨੂੰ ਮੰਨਿਆ ਜਾਂਦਾ ਹੈ। ਉਸ ਦਾ ਰਚਨਾ ਕਾਲ 16ਵੀਂ ਸਦੀ ਮੰਨਿਆ ਜਾਂਦਾ ਹੈ। ਅਨੰਤ ਦਾਸ ਨੇ ਭਾਰਤ ਦੀ ਮੱਧਕਾਲੀ ਭਗਤੀ ਲਹਿਰ ਅਤੇ ਇਸ ਤੋਂ ਪਹਿਲਾਂ ਹੋਏ ਸੰਤਾਂ/ਭਗਤਾਂ ਦੇ ਜੀਵਨ ਚਰਿੱਤਰਾਂ ਸਬੰਧੀ ਸੰਖੇਪ ਪਰਚੀਆਂ ਰਚੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਸਮੇਤ ਸਿੱਖ ਧਰਮ ਦੇ ਉਦਾਸੀ ਸੰਪ੍ਰਦਾਇ ਨਾਲ ਸਬੰਧਿਤ ਪ੍ਰਚਾਰਕਾਂ ਦਾ ਜ਼ਿਕਰ ਵੀ ਕੀਤਾ ਹੈ। ਇਸ ਤੋਂ ਇਲਾਵਾ ਇਨ੍ਹਾਂ ਪਰਚੀਆਂ ਵਿਚ ਉਨ੍ਹਾਂ ਭਗਤਾਂ ਦੇ ਜੀਵਨ ਸਬੰਧੀ ਵੀ ਪਰਚੀਆਂ ਸ਼ਾਮਿਲ ਹਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਸੰਤਾਂ-ਭਗਤਾਂ ਦੀ ਬਾਣੀ ਸ਼ਾਮਲ ਹੈ ਉਨ੍ਹਾਂ ਵਿਚੋਂ ਭਗਤ ਰਵਿਦਾਸ, ਕਬੀਰ, ਸਧਨਾ, ਧੰਨਾ, ਸੈਣ, ਤਿਰਲੋਚਨ, ਸੂਰਦਾਸ, ਨਾਮਦੇਵ, ਜੈਦੇਵ, ਰਾਮਾਨੰਦ, ਬਾਬਾ ਫਰੀਦ ਆਦਿ ਦੇ ਜੀਵਨ ਚਰਿੱਤਰ ਅਤੇ ਉਨ੍ਹਾਂ ਦੇ ਭਗਤੀ ਸਾਹਿਤ ਨਾਲ ਸਬੰਧਿਤ ਜਿਕਰ ਮਿਲਦੇ ਹਨ। ਇਨ੍ਹਾਂ ਰਾਜਸਥਾਨੀ ਸਰੋਤਾਂ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਤੱਕ ਸਿੱਖ ਗੁਰੂਆਂ ਬਾਰੇ ਸੰਖੇਪ ਜਾਣਕਾਰੀ ਮਿਲਦੀ ਹੈ। ਅਨੰਤ ਦਾਸ ਤੋਂ ਇਲਾਵਾ ਦਾਦੂ ਪੰਥੀ ਅਤੇ ਨਿਰੰਜਨੀ ਸੰਪ੍ਰਦਾਇ ਦੇ ਸਾਧੂਆਂ ਸੁੰਦਰ ਦਾਸ ਆਦਿ ਦੁਆਰਾ ਰਚੀਆਂ ਸਾਖੀਆਂ ਅਤੇ ਪਰਚੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਕੁਝ ਵਿਚ ਗੁਰੂ ਨਾਨਕ ਦੇਵ ਤੋਂ ਗੁਰੂ ਤੇਗ ਬਹਾਦਰ ਤੱਕ ਅਤੇ ਉਦਾਸੀ ਸੰਪ੍ਰਦਾਇ ਨਾਲ ਸਬੰਧਿਤ ਸਿੱਖ ਪ੍ਰਚਾਰਕਾਂ ਅਲਮਸਤ, ਫੂਲ ਅਤੇ ਗੋਂਦਾ ਬਾਰੇ ਵਰਨਣ ਮਿਲਦੇ ਹਨ। ਭਗਤਮਾਲ, ਪਰਚਈ, ਸਾਖੀ, ਪਦੇ ਅਤੇ ਦੋਹੇ ਆਦਿ ਧਾਰਮਿਕ ਵਿਧਾਵਾਂ ਦਾ ਸਾਹਿਤ ਰਾਜਸਥਾਨੀ ਭਾਸ਼ਾ ਵਿਚ ਜਿਆਦਾਤਰ 17ਵੀਂ ਸਦੀ ਤੱਕ ਰਚਿਆ ਗਿਆ ਹੈ।

---

[11] **ਰਾਘਵਦਾਸ ਕ੍ਰਿਤ ਭਗਤਮਾਲ (ਚਤੁਰਦਾਸ ਕ੍ਰਿਤ ਟੀਕਾ ਸਹਿਤ)**, ਸੰਪਾ. ਅਗਰ ਚੰਦ ਨਾਹਟਾ,

[12] ਬਰਜਿੰਦਰ ਕੁਮਾਰ, ਸਿੰਹਲ, ਉਕਤ, ਪੰਨਾ 7.

ਭਗਤਮਾਲ ਤੋਂ ਇਲਾਵਾ ਰਾਜਸਥਾਨੀ ਭਾਸ਼ਾ ਦੇ ਇਤਿਹਾਸ ਅਤੇ ਸਾਹਿਤ ਦੀ ਮਿਸ਼ਰਿਤ ਵਿਧਾ ਖਿਆਤ ਸਾਹਿਤ ਵਿਚ ਵੀ ਸਿੱਖ ਧਰਮ ਬਾਰੇ 1750 ਈ. ਤੋਂ ਪਹਿਲਾਂ ਦੇ ਜ਼ਿਕਰ ਮਿਲਦੇ ਹਨ। ਰਾਜਸਥਾਨੀ ਭਾਸ਼ਾ ਦੀਆਂ ਜਿਨ੍ਹਾਂ ਖਿਆਤਾਂ ਵਿਚ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜ਼ਿਕਰ ਮਿਲਦੇ ਹਨ, ਉਹਨਾਂ ਵਿਚੋਂ ਪ੍ਰਮੁੱਖ ਹਨ; 'ਮਹਾਰਾਜਾ ਗਜ ਸਿੰਘ, ਜਸਵੰਤ ਸਿੰਘ, ਅਮਰ ਸਿੰਘ, ਸੁਰ ਸਿੰਘ ਰੀ ਖਿਆਤ' ਇਸ ਨੂੰ 'ਜੋਧਪੁਰ ਰੀ ਖਿਆਤ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਖਿਆਤ 20ਵੀਂ ਸਦੀ ਦੇ ਮੁੱਢਲੇ ਦੌਰ ਵਿਚ ਲਿਖੀ ਗਈ ਹੈ ਜੋ 'ਰਾਜਸਥਾਨੀ ਸ਼ੋਧ ਸੰਸਥਾਨ ਚੌਪਾਸਨੀ' ਵਿਚ ਖਰੜਾ ਨੰਬਰ 15633 ਅਧੀਨ ਹੱਥ-ਲਿਖਤ ਖਰੜੇ ਦੇ ਰੂਪ ਵਿਚ ਮੌਜੂਦ ਹੈ। ਇਸ ਖਿਆਤ ਵਿਚ ਜੋਧਪੁਰ ਦੇ ਮਹਾਰਾਜਾ ਗਜ ਸਿੰਘ ਦੇ ਸਮੇਂ ਮੁਗਲ ਬਾਦਸ਼ਾਹ ਸ਼ਾਹ ਜਹਾਨ ਵਿਰੁੱਧ ਵਲੈਤ ਦੇ ਕਿਸੇ ਬਾਦਸ਼ਾਹ ਵਿਰੁੱਧ 1629 ਈ. ਨੂੰ ਚੜ੍ਹਾਈ ਕਰਨ ਦੀ ਘਟਨਾ ਦੇ ਵਰਨਣ ਵਿਚ ਜ਼ਿਕਰ ਆਇਆ ਹੈ ਕਿ ਇਸ ਲੜਾਈ ਵਿਚ ਸਿੱਖਾਂ ਨੇ ਵਲੈਤ ਦੇ ਬਾਦਸ਼ਾਹ ਦੀ ਮਦਦ ਕੀਤੀ ਸੀ, ਪਰ ਉਹ ਮੁਗ਼ਲ ਫੌਜ ਤੋਂ ਹਾਰ ਗਏ। ਇਸ ਸਮੇਂ ਬਾਦਸ਼ਾਹ ਸ਼ਾਹ ਜਹਾਨ ਨੇ ਗਜ ਸਿੰਘ ਨੂੰ ਜੰਗ ਵਿਚ ਦਿਖਾਈ ਬਹਾਦਰੀ ਕਰਕੇ 'ਮਹਾਰਾਜਾ' ਦਾ ਖਿਤਾਬ ਦਿੱਤਾ ਤੇ ਮਨਸਬ ਵਿਚ ਵਾਧਾ ਵੀ ਕਰ ਦਿੱਤਾ। ਭਾਵੇਂ ਕਿ ਇਹ ਘਟਨਾ ਮਨੋ-ਕਲਪਿਤ ਲੱਗਦੀ ਹੈ ਪਰ ਉਸ ਸਮੇਂ ਦਰਮਿਆਨ ਗੁਰੂ ਹਰਗੋਬਿੰਦ ਜੀ ਦੇ ਸਮੇਂ ਸਿੱਖਾਂ ਦੀਆਂ ਮੁਗ਼ਲ ਫੌਜਾਂ ਨਾਲ ਲੜਾਈਆਂ ਹੋਣ ਬਾਰੇ ਸਿੱਖ ਇਤਿਹਾਸ ਵਿਚ ਜ਼ਿਕਰ ਮਿਲਦਾ ਹੈ, ਹੋ ਸਕਦਾ ਹੈ ਇਹ ਘਟਨਾ ਉਨ੍ਹਾਂ ਲੜਾਈਆਂ ਵਿਚੋਂ ਕਿਸੇ ਨਾਲ ਸਬੰਧਿਤ ਹੋਵੇ।

ਇਸ ਖਿਆਤ ਤੋਂ ਇਲਾਵਾ ਦਿਆਲ-ਦਾਸ ਸਿੰਢਾਇਚ ਰਚਿਤ 'ਬੀਕਾਨੇਰ ਰੀ ਖਿਆਤ' ਵਿਚ ਗੁਰੂ ਹਰਰਾਇ ਜੀ ਦੇ ਪੁੱਤਰ ਬਾਬਾ ਰਾਮ ਰਾਇ ਦੀ ਦਿੱਲੀ ਵਿਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ ਅਤੇ ਉਸ ਸਮੇਂ ਬਾਬਾ ਰਾਮ ਰਾਇ ਵੱਲੋਂ ਦਿਖਾਈਆਂ ਗਈਆਂ ਅਤੇ ਲੋਕਾਂ ਵਿਚ ਚਰਚਿਤ ਕਰਾਮਾਤਾਂ ਬਾਰੇ ਜ਼ਿਕਰ ਆਇਆ ਹੈ। ਇਹ ਖਿਆਤ ਹਥਲੇ ਖੋਜ ਕਾਰਜ ਦੇ ਖਿਆਤ ਵਾਲੇ ਅਧਿਆਇ ਵਿਚ ਸ਼ਾਮਿਲ ਹੈ, ਜਿਸ ਵਿਚ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਹੈ, ਇਸ ਲਈ ਇਹ ਵਰਨਣ ਇੱਥੇ ਸੰਖੇਪ ਰੂਪ ਵਿਚ ਹੀ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਖਿਆਤਾਂ ਤੋਂ ਇਲਾਵਾ ਜੋਧਪੁਰ ਦੇ ਰਾਜਾ ਸਵਾਈ ਜੈ ਸਿੰਘ ਦੇ ਜੀਵਨ ਸਬੰਧੀ ਕਵੀ ਆਤਮਾ ਰਾਮ ਰਚਿਤ 'ਸਵਾਈ ਜੈ ਸਿੰਘ ਚਰਿਤ'[13] ਵਿਚ, ਜੈਪੁਰ ਦੇ ਕਛਵਾਹਾ

---

[13] ਚੰਦ ਕਵੀ, **ਕੂਮਰਵਿਲਾਸ**, (ਸੰਪਾ.) ਜੇ ਕੇ ਜੈਨ.

ਰਾਜਘਰਾਣੇ ਦੇ ਸ਼ਾਸ਼ਕਾਂ ਦੇ ਜੀਵਨ ਸਬੰਧੀ ਰਚਿਤ 'ਕਛਵਾਹਾਂ ਰੀ ਖਿਆਤ-ਵੰਸ਼ਾਵਲੀ'[14] ਅਤੇ ਜੈਪੁਰ ਦੇ ਕਛਵਾਹਾ ਸ਼ਾਸ਼ਕਾਂ ਦੀ ਇਤਿਹਾਸ ਸਬੰਧੀ ਚੰਦ ਕਵੀ ਰਚਿਤ 'ਕੂਰਮਵਿਲਾਸ'[15] ਵਿਚ ਬਾਦਸ਼ਾਹ ਔਰੰਗਜ਼ੇਬ ਦੇ ਵੱਲੋਂ ਸ਼ਹਿਜਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੀਆਂ 1670 ਈ. ਅਤੇ 1696 ਈ. ਨੂੰ ਪਹਾੜੀ ਰਾਜਿਆਂ ਅਤੇ ਗੁਰੂ ਸਾਹਿਬਾਨ ਖਿਲਾਫ਼ ਭੇਜੀਆਂ ਗਈਆਂ ਸ਼ਾਹੀ ਮੁਹਿੰਮਾਂ ਵਿਚ ਜੈਪੁਰ ਨਰੇਸ਼ਾਂ ਕ੍ਰਮਵਾਰ ਰਾਜਾ ਰਾਮ ਸਿੰਘ ਅਤੇ ਰਾਜਾ ਬਿਸ਼ਨ ਸਿੰਘ ਦੇ ਸ਼ਾਹੀ ਫੌਜ ਨਾਲ ਸ਼ਾਮਿਲ ਹੋਣ, ਬੰਦਾ ਸਿੰਘ ਬਹਾਦਰ ਵਿਰੁੱਧ (1711 ਈ.) ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਚੜ੍ਹਾਈ ਅਤੇ ਪਿੱਛੋਂ ਜੈਪੁਰ ਦੇ ਰਾਜਾ ਸਵਾਈ ਜੈ ਸਿੰਘ ਦੇ ਵੀ ਬੰਦਾ ਸਿੰਘ ਅਤੇ ਸਿੱਖਾਂ ਵਿਰੁੱਧ ਬਾਦਸ਼ਾਹ ਦੇ ਹੁਕਮ 'ਤੇ ਸਢੌਰਾ ਆਉਣ ਦੇ ਜ਼ਿਕਰ ਮਿਲਦੇ ਹਨ। ਇਸੇ ਤਰ੍ਹਾਂ ਹੀ ਜੋਧਪੁਰ ਰਿਆਸਤ ਦੇ ਮਹਾਰਾਜਾ ਅਜੀਤ ਸਿੰਘ ਦੇ ਇਸੇ ਸਮੇਂ ਬਾਦਸ਼ਾਹ ਦੇ ਹੁਕਮ ਅਨੁਸਾਰ ਬੰਦਾ ਸਿੰਘ ਬਹਾਦਰ ਵਿਰੁੱਧ ਮੁਹਿੰਮ ਵਿਚ ਸ਼ਾਮਲ ਹੋਣ ਦੇ ਹਵਾਲੇ ਵੀ 'ਅਜੀਤ ਵਿਲਾਸ' ਵਿਚ ਮਿਲਦੇ ਹਨ।[16]

ਇਹਨਾਂ ਸਾਹਿਤਕ ਸਰੋਤਾਂ ਤੋਂ ਇਲਾਵਾ ਰਾਜਸਥਾਨੀ ਵਿਚ ਲਿਖਤ ਰਿਆਸਤੀ ਦਸਤਾਵੇਜਾਂ ਵਿਚ ਵੀ 1750 ਈ. ਤੋਂ ਪਹਿਲਾਂ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਸਰੋਤ ਮਿਲਦੇ ਹਨ ਜਿਨ੍ਹਾਂ ਵਿਚ 18ਵੀਂ ਸਦੀ ਦੇ ਸ਼ੁਰੂ ਵਿਚ ਜੈਪੁਰ, ਜੋਧਪੁਰ ਅਤੇ ਮੇਵਾੜ ਰਿਆਸਤਾਂ ਦੇ ਵਕੀਲਾਂ ਦੀਆਂ ਰਿਪੋਰਟਾਂ ਅਤੇ ਅਰਜਦਾਸ਼ਤਾਂ ਵਿਚ ਬੰਦਾ ਸਿੰਘ ਬਹਾਦਰ ਸਮੇਂ ਮੁਗਲ-ਸਿੱਖ ਸੰਘਰਸ਼ ਨਾਲ ਸਬੰਧਿਤ ਜਾਣਕਾਰੀ ਮਿਲਦੀ ਹੈ। ਇਨ੍ਹਾਂ ਅਰਜਦਾਸ਼ਤਾਂ ਅਤੇ ਵਕੀਲ ਰਿਪੋਰਟਾਂ ਵਿਚ ਇਸ ਸੰਘਰਸ਼ ਦੇ 1711 ਈ. ਤੋਂ 1715 ਈ. ਤੱਕ ਦੀਆਂ ਘਟਨਾਵਾਂ ਅਤੇ ਗਤੀਵਿਧੀਆਂ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਵਿਚੋਂ ਜੈਪੁਰ ਰਿਆਸਤ ਨਾਲ ਸਬੰਧਿਤ ਵਕੀਲ ਰਿਪੋਰਟਾਂ ਅਤੇ ਅਰਜਦਾਸ਼ਤਾਂ ਦਾ ਸੰਕਲਨ ਅਤੇ ਅਧਿਐਨ ਡਾ. ਬਲਵੰਤ ਸਿੰਘ ਢਿੱਲੋਂ ਦੁਆਰਾ ਕਿਤਾਬ ਰੂਪ ਵਿਚ ਛਪਵਾਇਆ ਜਾ ਚੁੱਕਾ ਹੈ। ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ 1750 ਈ. ਤੋਂ ਪਹਿਲਾਂ ਦੇ ਇਹਨਾਂ ਸਾਰੇ ਸਰੋਤਾਂ ਤੋਂ ਇਲਾਵਾ ਇਸ ਖੇਤਰ ਵਿਚ ਖੋਜ ਦੇ ਹੋਰ ਜਤਨਾਂ ਨਾਲ ਰਾਜਸਥਾਨੀ ਭਾਸ਼ਾ ਦੇ ਹੋਰ ਸਰੋਤ ਵੀ

14 ਕਵੀ ਆਤਮਾ ਰਾਮ, **ਸਵਾਈ ਜੈ ਸਿੰਹ ਚਰਿਤ,** (ਸੰਪਾ.) ਗੋਪਾਲ ਨਾਰਾਇਣ ਬਾਹੁਰਾ.

15 **ਕਛਵਾਹਾ ਰੀ ਖਿਆਤ ਵੰਸ਼ਾਵਲੀ**, (ਸੰਪਾ.) ਹੁਕਮ ਸਿੰਘ ਭਾਟੀ.

16 **ਅਜੀਤ ਵਿਲਾਸ**, ਸੰਪਾ. ਸ਼ਿਵਦੱਤਦਾਨ ਬਾਰਹਟ, ਜੋਧਪੁਰ,

ਮਿਲ ਸਕਦੇ ਹਨ। ਅਸਲ ਵਿਚ ਇਸ ਖੇਤਰ ਵਿਚ ਖੋਜ ਅਤੇ ਅਧਿਐਨ ਸਬੰਧੀ ਬਹੁਤ ਘੱਟ ਕਾਰਜ ਹੋਇਆ ਹੈ ਅਤੇ ਹਥਲੇ ਖੋਜ ਕਾਰਜ ਨੂੰ ਵੀ ਇਸ ਖੇਤਰ ਵਿਚ ਖੋਜ ਅਤੇ ਅਧਿਐਨ ਦੇ ਮੁਢਲੇ ਪੜ੍ਹਾਅ ਵਿਚ ਹੀ ਸ਼ਾਮਿਲ ਕੀਤਾ ਜਾ ਸਕਦਾ ਹੈ। ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਸਰੋਤਾਂ ਸਬੰਧੀ ਖੋਜ ਕਰਨ 'ਤੇ ਅੱਗੇ ਹੋਰ ਨਵੇਂ ਰਾਜਸਥਾਨੀ ਸਰੋਤ ਮਿਲਣ ਦੀ ਪ੍ਰਬਲ ਸੰਭਾਵਨਾ ਹੈ।

### 3. ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਰਾਜਸਥਾਨੀ ਸਰੋਤਾਂ ਦੀ ਵੰਡ:

ਰਾਜਸਥਾਨੀ ਭਾਸ਼ਾ ਵਿਚ ਸਾਹਿਤਕ ਅਤੇ ਇਤਿਹਾਸਕ ਸਰੋਤਾਂ ਦੀਆਂ ਕਈ ਵੰਨਗੀਆਂ ਮਿਲਦੀਆਂ ਹਨ। ਇਨ੍ਹਾਂ ਵੰਨਗੀਆਂ ਦੀ ਵਿਸਥ੍ਰਿਤ ਚਰਚਾ ਅਗਲੇ ਅਧਿਆਇਆਂ ਵਿਚ ਕੀਤੀ ਜਾਵੇਗੀ। ਇਥੇ ਕੇਵਲ ਸੰਖੇਪ ਜਾਣ-ਪਛਾਣ ਕਰਾਈ ਜਾ ਰਹੀ ਹੈ। ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਰਾਜਸਥਾਨੀ ਭਾਸ਼ਾ ਦੇ ਸਰੋਤਾਂ ਨੂੰ ਹਥਲੇ ਖੋਜ ਪ੍ਰਬੰਧ ਵਿਚ ਤਿੰਨ ਵੰਨਗੀਆਂ/ਹਿੱਸਿਆਂ ਵਿਚ ਵੰਡ ਕੇ ਅਧਿਐਨ ਕੀਤਾ ਜਾਵੇਗਾ। ਇਹ ਤਿੰਨ ਵੰਨਗੀਆਂ ਹਨ:

1. ਸਾਹਿਤਕ ਅਤੇ ਅਰਧ ਇਤਿਹਾਸਕ ਸਰੋਤ।
2. ਰਿਆਸਤੀ ਜਾਂ ਸਰਕਾਰੀ ਰਿਕਾਰਡ ਅਤੇ ਦਸਤਾਵੇਜ਼।
3. ਵਪਾਰਿਕ ਸ਼੍ਰੇਣੀ ਨਾਲ ਸਬੰਧਿਤ ਸਰੋਤ।

**3.1. ਸਾਹਿਤਕ ਅਤੇ ਅਰਧ ਇਤਿਹਾਸਕ ਸ੍ਰੋਤ:** ਇਸ ਵੰਨਗੀ ਵਿਚ ਰਾਜਸਥਾਨੀ ਭਾਸ਼ਾ ਵਿਚ ਸਾਹਿਤਕ ਸਰੂਪ ਵਾਲੀਆਂ ਲਿਖਤਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਖਿਆਤ, ਭਗਤਮਾਲ, ਪਰਚਈ ਅਤੇ ਸਾਖੀ ਆਉਂਦੇ ਹਨ। ਖਿਆਤ ਸਾਹਿਤਕ ਮਿਸ਼ਰਣ ਦੀ ਇਕ ਵੰਨਗੀ ਹੈ ਜੋ ਭਾਰਤੀ ਅਤੇ ਇਸਲਾਮਿਕ ਸ਼ੈਲੀ ਦਾ ਸੰਗਮ ਕਹੀ ਜਾ ਸਕਦੀ ਹੈ। ਖਿਆਤ ਵਿਚ ਕਿਸੇ ਵਿਸ਼ੇਸ਼ ਵਿਅਕਤੀ, ਜਾਤੀ, ਕੁੱਲ ਜਾਂ ਗੋਤਰ ਕਿਸੇ ਵਿਸ਼ੇਸ਼ ਰਾਜ ਰਿਆਸਤ ਜਾਂ ਇਲਾਕੇ ਸਬੰਧੀ ਜਾਣਕਾਰੀ ਹੁੰਦੀ ਹੈ। ਖਿਆਤ ਗੱਦ ਜਾਂ ਵਾਰਤਕ ਸ਼ੈਲੀ ਦੀ ਸਾਹਿਤਕ ਵਿਧਾ ਹੈ। ਕਈ ਖਿਆਤਾਂ ਵਿਚ ਵਾਰਤਕ ਦੇ ਨਾਲ-ਨਾਲ ਛੰਦ, ਦੋਹਰੇ, ਛਪੇ ਆਦਿ ਵਿਚ ਰਚੇ ਕੁਝ ਕਾਵਿ ਬੰਦ ਵੀ ਸ਼ਾਮਿਲ ਹੁੰਦੇ ਹਨ। ਇਸੇ ਤਰ੍ਹਾਂ ਹੀ ਰਾਜਸਥਾਨੀ ਸਾਹਿਤ ਦੀ

ਭਗਤਮਾਲ ਵੰਨਗੀ ਵਿਚ ਭਾਰਤੀ ਭਗਤੀ ਧਾਰਾ ਭਾਵ ਸੰਤ ਪ੍ਰੰਪਰਾ ਵਿਚ ਹੋਏ ਅਧਿਆਤਮ ਮਹਾਂਪੁਰਖਾਂ, ਸੰਤਾਂ ਭਗਤਾਂ ਦੀਆਂ ਜੀਵਨ ਘਟਨਾਵਾਂ, ਬਾਣੀ, ਸੰਤ ਮਹਿਮਾ ਅਤੇ ਪ੍ਰਭੂ ਮਹਿਮਾ ਨਾਲ ਓਤਪੋਤ ਹੁੰਦੀ ਹੈ। ਸਾਖੀ ਅਤੇ ਪਰਚੀ ਸਾਹਿਤ ਵੀ ਭਗਤਮਾਲ ਵੰਨਗੀ ਦਾ ਹੀ ਇੱਕ ਹਿੱਸਾ ਮੰਨਿਆ ਜਾ ਸਕਦਾ ਹੈ। ਇਹਨਾਂ ਵਿਧਾਵਾਂ ਵਿਚ ਵੀ ਅਧਿਆਤਮਕ ਮਹਾਂਪੁਰਖਾਂ, ਸੰਤਾਂ, ਭਗਤਾਂ ਦੀਆਂ ਜੀਵਨ ਘਟਨਾਵਾਂ, ਚਮਤਕਾਰਾਂ ਅਤੇ ਮਹਾਂਪੁਰਖਾਂ ਦੇ ਸਿਧਾਂਤ ਤੇ ਉੱਪਦੇਸ਼ ਸ਼ਾਮਿਲ ਹੁੰਦੇ ਹਨ। ਸਾਖੀ ਅਤੇ ਪਰਚੀ ਵਿਧਾ ਭਗਤਮਾਲ ਦਾ ਹਿੱਸਾ ਵੀ ਹੋ ਸਕਦੀਆਂ ਹਨ ਤੇ ਵੱਖਰੇ ਤੌਰ ’ਤੇ ਸੁਤੰਤਰ ਲਿਖਤਾਂ ਵੀ। ਭਗਤਮਾਲ, ਸਾਖੀ ਅਤੇ ਪਰਚੀਆਂ ਪਦ ਸ਼ੈਲੀ ਵਿਚ ਹੋਣ ਕਰਕੇ ਕਾਵਿ ਵਿਚ ਰਚਿਤ ਮਿਲਦੀਆਂ ਹਨ।

**3.2. ਰਿਆਸਤੀ ਜਾਂ ਸਰਕਾਰੀ ਰਿਕਾਰਡ ਅਤੇ ਦਸਤਾਵੇਜ਼:** ਰਾਜਸਥਾਨੀ ਭਾਸ਼ਾ ਵਿਚ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਵੱਖ-ਵੱਖ ਸਮੇਂ ਦੀ ਤਤਕਾਲੀ ਜਾਣਕਾਰੀ ਦੇਣ ਵਾਲੇ ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਜੈਪੁਰ, ਜੋਧਪੁਰ, ਬੀਕਾਨੇਰ ਆਦਿ ਦੇ ਰਿਕਾਰਡ ਅਤੇ ਦਸਤਾਵੇਜ਼ ਮਿਲਦੇ ਹਨ। ਇਨ੍ਹਾਂ ਰਿਕਾਰਡਾਂ ਅਤੇ ਦਸਤਾਵੇਜ਼ਾਂ ਦੇ ਸਰੂਪ ਅਤੇ ਵੰਨਗੀਆਂ ਵੱਖ-ਵੱਖ ਹਨ, ਜਿੰਨ੍ਹਾਂ ਨੂੰ ਇਸ ਤਰ੍ਹਾਂ ਨਿਖੇੜ ਕੇ ਵੇਖਿਆ ਜਾ ਸਕਦਾ ਹੈ:

**3.2.1. ਚਿੱਠੀ ਪੱਤਰ**: ਇਸ ਸ਼ੈਲੀ ਦੇ ਦਸਤਾਵੇਜ਼ ਵਿਚ ਰਾਜਸਥਾਨ ਦੀਆਂ ਪੁਰਾਣੀਆਂ ਰਿਆਸਤਾਂ ਦੇ ਰਾਜੇ, ਮਹਾਰਾਜਿਆਂ, ਅਹਿਲਕਾਰਾਂ, ਅਧਿਕਾਰੀਆਂ, ਜਗੀਰਦਾਰਾਂ ਆਦਿ ਵੱਲੋਂ ਲਿਖੇ ਚਿੱਠੀ-ਪੱਤਰ ਸ਼ਾਮਿਲ ਕੀਤੇ ਹਨ।ਇਸ ਵੰਨਗੀ ਵਿਚ ਖਾਤੂਤ, ਪ੍ਰਵਾਨੇ ਅਤੇ ਅਰਜਦਾਸ਼ਤਾਂ ਆਉਂਦੀਆਂ ਹਨ। ਇਨ੍ਹਾਂ ਚਿੱਠੀ ਪੱਤਰਾਂ ਦੀਆਂ ਪ੍ਰਮੁੱਖ ਵੰਨਗੀਆਂ ਹਨ ;

**3.2.1.1. ਖਾਤੂਤ:** ਖਾਤੂਤ ਖਤ ਦਾ ਹੀ ਬਹੁ-ਵਚਨ ਹੈ। ਇਸ ਵੰਨਗੀ ਦੇ ਪੱਤਰ ਰਾਜਸੀ ਪੱਧਰ ’ਤੇ ਆਪਸੀ ਸੰਪਰਕ ਅਤੇ ਜਾਣਕਾਰੀਆਂ ਲਈ ਵਰਤੇ ਜਾਂਦੇ ਸਨ।

**3.2.1.2. ਖਰੀਤੇ ਅਤੇ ਪ੍ਰਵਾਨੇ:** ਆਮ ਤੌਰ ’ਤੇ ਰਾਜ ਦਰਬਾਰ ਨਾਲ ਸਬੰਧਿਤ ਉੱਚ-ਅਧਿਕਾਰੀਆਂ, ਅਹਿਲਕਾਰਾਂ, ਜਾਗੀਰਦਾਰਾਂ, ਸਾਮੰਤਾਂ ਵੱਲੋਂ ਇੱਕ-ਦੂਜੇ ਨੂੰ ਕਿਸੇ ਕੰਮ ਲਈ ਜਾਂ ਜਾਣਕਾਰੀ ਸਾਂਝੀ ਕਰਨ ਲਈ ਲਿਖੇ ਜਾਂਦੇ ਸਨ। ਪ੍ਰਵਾਨੇ ਹੁਕਮੀ ਅਤੇ ਸਾਧਾਰਨ ਦੋ ਤਰ੍ਹਾਂ ਦੇ ਹੁੰਦੇ ਸਨ।

3.2.1.3. **ਅਰਜਦਾਸ਼ਤਾਂ/ਵਕੀਲ ਰਿਪੋਰਟਾਂ**: ਇਹ ਖਤ ਦੀ ਉਹ ਕਿਸਮ ਹੈ ਜੋ ਕਿਸੇ ਹੇਠਲੇ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਆਪਣੇ ਤੋਂ ਉੱਪਰਲੇ ਅਧਿਕਾਰੀ ਜਾਂ ਹਸਤੀ ਨੂੰ ਅਰਜ਼ੀ ਜਾਂ ਬੇਨਤੀ ਰੂਪ ਵਿਚ ਲਿਖੇ ਜਾਂਦੇ ਸਨ। ਇਹ ਅਰਜਦਾਸ਼ਤਾਂ ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਦੇ ਵਕੀਲਾਂ ਦੀਆਂ ਰਿਪੋਰਟਾਂ ਦੇ ਰੂਪ ਵਿਚ ਵੀ ਮਿਲਦੀਆਂ ਹਨ।

3.2.2. **ਦਸਤੂਰ ਕੌਮਵਾਰ**: ਭੂਤਪੂਰਵ ਜੈਪੁਰ ਰਿਆਸਤ ਦੁਆਰਾ ਜਿਸ ਵੀ ਜਾਤੀ, ਧਰਮ, ਕੌਮ ਆਦਿ ਦੇ ਵਿਅਕਤੀ ਨੂੰ ਰਿਆਸਤ ਵੱਲੋਂ ਜੋ ਕੁਝ ਦਿੱਤਾ ਜਾਂ ਲਿਆ ਜਾਂਦਾ ਸੀ ਉਸ ਦਾ ਪੂਰਾ ਵੇਰਵਾ ਨਾਮ, ਮਿਤੀ, ਵਸਤਾਂ ਅਤੇ ਉਨ੍ਹਾਂ ਦੀ ਕੀਮਤ ਸਮੇਤ ਜਿਸ ਰਿਕਾਰਡ ਵਿਚ ਦਰਜ ਕੀਤਾ ਜਾਂਦਾ ਸੀ ਉਸ ਨੂੰ ਦਸਤੂਰ ਕੌਮਵਾਰ ਕਿਹਾ ਜਾਂਦਾ ਸੀ।

3.2.3. **ਵਾਪਾਰਕ ਸ਼੍ਰੇਣੀ ਨਾਲ ਸਬੰਧਿਤ ਦਸਤਾਵੇਜ਼**: ਵਾਪਾਰਕ ਸ਼੍ਰੇਣੀ ਨਾਲ ਸਬੰਧਿਤ ਸਰੋਤਾਂ ਵਿਚ ਰਾਜਸਥਾਨ ਦੇ ਚੁਰੂ ਨਗਰ ਨਿਵਾਸੀ ਸੇਠ ਮਿਰਜਾ ਮੱਲ ਪੋਤੇਦਾਰ/ਪੋਦਾਰ ਦੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਾਹੌਰ ਦਰਬਾਰ ਅਤੇ ਹੋਰ ਸਿੱਖ ਰਿਆਸਤਾਂ ਨਾਲ ਵਾਪਾਰਕ ਗਤੀਵਿਧੀਆਂ ਸਬੰਧੀ ਪੱਤਰ ਅਤੇ ਵਹੀਆਂ ਸ਼ਾਮਿਲ ਹਨ। ਇਨ੍ਹਾਂ ਵਿਚੋਂ ਕੁਝ ਪੱਤਰਾਂ ਨੂੰ ਇਸ ਖੋਜ ਕਾਰਜ ਵਿਚ ਸ਼ਾਮਿਲ ਕੀਤਾ ਗਿਆ ਹੈ ਅਤੇ ਵਹੀਆਂ ਮੁੜੀਆ ਲਿੱਪੀ ਵਿਚ ਲਿਖੀਆਂ ਹੋਣ ਕਰਕੇ ਇੱਥੇ ਸ਼ਾਮਿਲ ਨਹੀਂ ਕੀਤਾ ਜਾ ਰਿਹਾ।

## 4. ਪ੍ਰਾਪਤ ਅਧਿਐਨ

ਰਾਜਸਥਾਨੀ ਭਾਸ਼ਾ ਵਿਚ ਬਹੁਤ ਸਾਰੇ ਸਾਹਿਤਕ, ਇਤਿਹਾਸਕ, ਅਰਧ-ਇਤਿਹਾਸਕ, ਰਾਜਨੀਤਿਕ ਅਤੇ ਸਮਾਜਿਕ ਆਦਿ ਖੇਤਰਾਂ ਨਾਲ ਸਬੰਧਿਤ ਬਹੁਤ ਸਾਰੀ ਸਮੱਗਰੀ ਮੌਜੂਦ ਹੈ। ਇਸ ਸਮੱਗਰੀ ਵਿਚ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਵੱਖ-ਵੱਖ ਕਿਸਮਾਂ ਅਤੇ ਵਿਧਾਵਾਂ ਦੇ ਸਰੋਤ ਵੀ ਮੌਜੂਦ ਹਨ। ਰਾਜਸਥਾਨੀ ਭਾਸ਼ਾ ਵਿਚ ਲਿਖਤ ਇਨ੍ਹਾਂ ਸਰੋਤਾਂ ਵੱਲ ਹੁਣ ਤੱਕ ਸਿੱਖ ਇਤਿਹਾਸ ਅਤੇ ਸਿੱਖ ਧਰਮ ਨਾਲ ਸਬੰਧਿਤ ਸਰੋਤਾਂ ਉੱਪਰ ਬਹੁਤ ਘੱਟ ਖੋਜ-ਕਾਰਜ ਹੋਇਆ ਹੈ। ਸਿੱਖ ਇਤਿਹਾਸ ਸਬੰਧੀ ਮਹੱਤਵਪੂਰਨ ਜਾਣਕਾਰੀ ਸੰਭਾਲੀ ਪਏ ਇਨ੍ਹਾਂ ਸਰੋਤਾਂ ਵੱਲ ਸਿੱਖ ਇਤਿਹਾਸ ਲਿਖਣ ਅਤੇ ਖੋਜਣ ਵਾਲੇ ਵਿਦਵਾਨਾਂ ਦਾ ਬਹੁਤ ਲੰਮਾ ਅਰਸਾ

ਧਿਆਨ ਨਹੀਂ ਗਿਆ। ਸ਼ਾਇਦ ਇਸ ਇਤਿਹਾਸਕ ਖ਼ਜਾਨੇ ਨਾਲ ਭਰਪੂਰ ਖੇਤਰ ਬਾਰੇ ਸਿੱਖ ਇਤਿਹਾਸ ਲਿਖਣ ਵਾਲਿਆਂ ਨੂੰ ਸੂਹ ਨਹੀਂ ਮਿਲੀ ਹੋਵੇਗੀ। ਹੈਰਾਨੀ ਦੀ ਗੱਲ ਹੈ ਕਿ ਉੱਘੇ ਸਿੱਖ ਇਤਿਹਾਸਕਾਰ ਡਾ. ਗੰਡਾ ਸਿੰਘ ਦਾ ਰਾਜਸਥਾਨ ਦੇ ਚੂਰੂ ਨਿਵਾਸੀ ਖੋਜੀ ਵਿਦਵਾਨ ਸ੍ਰੀ ਗੋਬਿੰਦ ਅਗਰਵਾਲ ਨਾਲ ਸੰਪਰਕ ਬਣਨ ਦਾ ਪਤਾ ਚੱਲਦਾ ਹੈ। ਜਦੋਂ ਸ੍ਰੀ ਗੋਬਿੰਦ ਅਗਰਵਾਲ ਨੇ 'ਪੋਤੇਦਾਰ ਸੰਗ੍ਰਹਿ ਕੇ ਫ਼ਾਰਸੀ ਕਾਗਜਾਤ' 1978 ਈ. ਨੂੰ ਇਕ ਛੋਟੀ ਜਿਹੀ ਕਿਤਾਬ ਹਿੰਦੀ ਭਾਸ਼ਾ ਵਿਚ ਉਲੱਥਾ ਕਰਵਾ ਕੇ ਲੋਕ ਸ਼ੋਧ ਸੰਸਕ੍ਰਿਤੀ ਸੰਸਥਾਨ ਨਗਰ ਸ੍ਰੀ ਚੂਰੂ ਤੋਂ ਛਾਪੀ ਤਾਂ ਉਸ ਕਿਤਾਬ ਵਿਚ ਡਾ. ਗੰਡਾ ਸਿੰਘ ਦਾ ਇਸ ਕੰਮ ਲਈ ਇੱਕ ਸ਼ਲਾਘਾ ਪੱਤਰ ਛਪਿਆ ਸੀ। ਇਸ ਕਿਤਾਬ ਵਿਚ ਮਹਾਰਾਜਾ ਰਣਜੀਤ ਸਿੰਘ ਸਮੇਤ ਹੋਰ ਸਿੱਖ ਰਿਆਸਤਾਂ ਨਾਲ ਸਬੰਧਿਤ ਚੂਰੂ ਨਿਵਾਸੀ ਵਪਾਰੀ ਸੇਠ ਮਿਰਜਾ ਮੱਲ ਪੋਤੇਦਾਰ ਨਾਲ ਫ਼ਾਰਸੀ ਵਿਚ ਹੋਏ ਚਿੱਠੀ-ਪੱਤਰ ਵੀ ਸ਼ਾਮਿਲ ਹਨ। ਇਸ ਤੋਂ ਬਿਨਾ ਸ੍ਰੀ ਗੋਬਿੰਦ ਅਗਰਵਾਲ ਨੂੰ ਸਿੱਖਾਂ ਰਿਆਸਤਾਂ ਅਤੇ ਲਾਹੌਰ ਦਰਬਾਰ ਨਾਲ ਸਬੰਧਿਤ ਉੱਪਰੋਕਤ ਸੇਠ ਦੇ ਗ੍ਰਹਿ ਵਿਚ ਮੌਜੂਦ ਚਿੱਠੀ-ਪੱਤਰਾਂ ਅਤੇ ਵਹੀਆਂ ਬਾਰੇ ਭਰਪੂਰ ਜਾਣਕਾਰੀ ਸੀ। ਪਰ ਇਸ ਗੱਲ ਬਾਰੇ ਪਤਾ ਨਹੀਂ ਚੱਲ ਸਕਿਆ ਕਿ ਡਾ. ਗੰਡਾ ਸਿੰਘ ਨੂੰ ਰਾਜਸਥਾਨੀ ਭਾਸ਼ਾ ਵਿਚ ਰਾਜਸਥਾਨ ਵਿਚ ਮੌਜੂਦ ਸਿੱਖਾਂ ਨਾਲ ਸਬੰਧਿਤ ਨਿੱਜੀ ਅਤੇ ਰਿਆਸਤਾਂ ਦੇ ਰਿਕਾਰਡ ਆਦਿ ਦੇ ਇਨ੍ਹਾਂ ਸਰੋਤਾਂ ਬਾਰੇ ਪਤਾ ਸੀ ਜਾਂ ਨਹੀਂ। ਕਾਰਨ ਚਾਹੇ ਕੋਈ ਰਹੇ ਹੋਣ ਪਰ ਇਹ ਗੱਲ ਸਪੱਸ਼ਟ ਹੈ ਕਿ ਇਹ ਅਣਮੁੱਲੇ ਸਰੋਤ ਸਿੱਖ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਦੀ ਨਜਰ ਤੋਂ ਲਾਂਭੇ ਰਹਿ ਗਏ। ਇਨ੍ਹਾਂ ਸਰੋਤਾਂ ਨਾਲ ਸਿੱਖ ਇਤਿਹਾਸ ਦੇ ਕਈ ਖੱਪੇ ਪੂਰੇ ਜਾ ਸਕਦੇ ਸਨ ਤੇ ਕਈ ਘਟਨਾਵਾਂ ਅਤੇ ਸਥਿਤੀਆਂ ਬਾਰੇ ਜਾਣਕਾਰੀ ਦੇਣ ਵਿਚ ਇਹ ਸਰੋਤ ਸਹਾਈ ਹੋ ਸਕਦੇ ਸਨ।

ਸਭ ਤੋਂ ਪਹਿਲਾਂ ਡਾ. ਐਮ.ਐਲ. ਆਹਲੂਵਾਲੀਆ ਦੇ ਰਾਜਸਥਾਨੀ ਸਰੋਤਾਂ ਦੇ ਸੰਪਰਕ ਵਿਚ ਆਏ। ਡਾ. ਆਹਲੂਵਾਲੀਆ ਨੇ 1747-48 ਈ. ਵਿਚ ਲਾਹੌਰ ਦੇ ਸਿੱਖ ਰਾਜ ਅਧੀਨ ਮੁਲਤਾਨ ਦੇ ਗਵਰਨਰ ਦੀਵਾਨ ਮੂਲ ਰਾਜ ਵੱਲੋਂ ਅੰਗਰੇਜ਼ਾਂ ਖਿਲਾਫ਼ ਕੀਤੇ ਵਿਦਰੋਹ ਨਾਲ ਸਬੰਧਿਤ ਰਾਜਸਥਾਨੀ ਭਾਸ਼ਾ ਵਿਚ ਬੀਕਾਨੇਰ ਰਿਆਸਤ ਨਾਲ ਸੰਪਰਕ ਸਬੰਧੀ ਲਿਖੇ 7 ਪੱਤਰਾਂ

ਦੀ ਖੋਜ ਕੀਤੀ ਸੀ ਜੋ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 'ਪੰਜਾਬ ਹਿਸਟਰੀ ਕਾਨਫਰੰਸ 19-20 ਮਾਰਚ 1971[17] ਸਮੇਂ ਆਪਣੇ ਖੋਜ-ਪਰਚੇ ਵਿਚ ਪੇਸ਼ ਕੀਤੇ ਸਨ। ਉਨ੍ਹਾਂ ਤੋਂ ਪਿੱਛੋਂ ਲੰਮਾ ਸਮਾਂ ਕਿਸੇ ਖੋਜੀ ਵਿਦਵਾਨ ਨੇ ਰਾਜਸਥਾਨੀ ਸਰੋਤਾਂ ਸਬੰਧੀ ਕੋਈ ਖੋਜ ਨਹੀਂ ਕੀਤੀ।

ਡਾ. ਆਹਲੂਵਾਲੀਆ ਤੋਂ ਪਿੱਛੋਂ ਡਾ. ਬਲਵੰਤ ਸਿੰਘ ਢਿੱਲੋਂ ਨੇ ਰਾਜਸਥਾਨੀ ਭਾਸ਼ਾ ਦੇ ਸਰੋਤਾਂ ਉੱਪਰ ਮੁੱਢਲਾ ਅਤੇ ਵਿਧੀਵਤ ਖੋਜ-ਕਾਰਜ ਆਰੰਭਿਆ। ਉਨ੍ਹਾਂ ਦੇ 4 ਖੋਜ-ਪੱਤਰ ਰਾਜਸਥਾਨੀ ਭਾਸ਼ਾ ਦੇ ਸਰੋਤਾਂ ਸਬੰਧੀ ਛਪ ਚੁੱਕੇ ਹਨ ਜਿੰਨ੍ਹਾਂ ਵਿਚ ; 1. Marwari Sources on Trade and Commerce Under Sikh Rule,[18] 2. The Sikh Gurus and the Rajput Chiefs,[19] 3. The Sikh-Rajput Relations During the Eighteenth Century,[20] ਉੱਪਰੋਕਤ ਖੋਜ-ਪੱਤਰਾਂ ਵਿਚ ਰਾਜਸਥਾਨੀ ਭਾਸ਼ਾ ਦੇ ਸਿੱਖਾਂ ਨਾਲ ਸਬੰਧਿਤ ਸਰੋਤਾਂ, ਤੋਜੀ ਸਿੱਖ, ਖਾਤੂਤ ਅਹਿਲਕਾਰਨ, ਖਰੀਤੇ ਰਾਜਸਥਾਨੀ, ਪੋਤੇਦਾਰ ਸੰਗ੍ਰਹਿ ਚੁਰੂ ਦੇ ਪੱਤਰ ਆਦਿ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਇਨ੍ਹਾਂ ਸਰੋਤਾਂ ਤੇ ਆਧਾਰਿਤ ਇਕ ਕਿਤਾਬ 'Rajasthani Documents on Banda Singh Bahadur' 2016 ਵਿਚ ਲਿਖੀ ਗਈ ਹੈ।[21] ਇਸ ਕਿਤਾਬ ਵਿਚ ਬੰਦਾ ਸਿੰਘ ਬਹਾਦਰ ਦੇ ਖਿਲਾਫ ਮੁਗ਼ਲ ਹਕੂਮਤ ਦੀਆਂ ਕਾਰਵਾਈਆਂ ਅਤੇ ਉਸ ਸਮੇਂ ਦੀਆਂ ਘਟਨਾਵਾਂ ਦੀ ਮਹੱਤਵਪੂਰਨ ਜਾਣਕਾਰੀ ਦੇਣ ਵਾਲੇ ਜੈਪੁਰ ਰਿਆਸਤ ਦੇ ਵਕੀਲਾਂ ਦੀਆਂ ਰਿਪੋਰਟਾਂ ਅਤੇ ਅਰਜ਼ਦਾਸ਼ਤਾਂ ਵਾਲੇ ਰਾਜਸਥਾਨੀ ਸਰੋਤ ਸਾਹਮਣੇ ਲਿਆਂਦੇ ਗਏ ਹਨ ਜੋ ਬੰਦਾ ਸਿੰਘ ਬਹਾਦਰ ਦੇ ਸੰਘਰਸ਼, 1710 ਈ. ਤੋਂ 1715 ਈ. ਤੱਕ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਵਾਲੀ ਹਵਾਲਾ (Reference) ਕਿਤਾਬ ਦਾ ਸਥਾਨ ਰੱਖਦੀ ਹੈ।

---

17 *Proceedings of Punjab History Conference*, Punjabi Universty Patiala, March 1971.
18 *Journal of Sikh Studies*, Department of Guru Nanak Studies, GNDU, Amritsar, Vol. XXVII, 2002.
19 Ibid., Vol.XXXI, 2004.
20 Ibid., Vol XXXVI, 2007.
21 Dr. Balwant Singh Dhillon, *Rajasthani Documents on Banda Singh Bahadur*.

ਉਕਤ ਅਧਿਐਨ ਦੇ ਆਧਾਰ ’ਤੇ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਿੱਖ ਇਤਿਹਾਸ ਨਾਲ ਸਬੰਧਿਤ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਸਰੋਤਾਂ ’ਤੇ ਹੁਣ ਤੱਕ ਉਕਤ ਵਰਣਿਤ ਖੋਜ ਕਾਰਜ ਹੀ ਹੋਇਆ ਹੈ। ਇਸ ਲਈ ਰਾਜਸਥਾਨੀ ਸਰੋਤਾਂ ਦਾ ਅਧਿਐਨ ਤੇ ਮੁਲੰਕਣ ਇਕ ਨਵਾਂ ਅਤੇ ਅਹਿਮ ਖੇਤਰ ਹੈ ਜਿਸ ਰਾਹੀਂ ਸਿੱਖ ਇਤਿਹਾਸ ਸਬੰਧੀ ਬਹੁਤ ਸਾਰੀਆਂ ਉਲਝਣਾਂ ਦੂਰ ਕਰਨ, ਨਵੇਂ ਤੱਥ ਅਤੇ ਜਾਣਕਾਰੀ ਸਾਹਮਣੇ ਆਉਣ ਦੀ ਪ੍ਰਬਲ ਸੰਭਾਵਨਾ ਹੈ।

#########

# ਅਧਿਆਇ-2
# ਦਸਤੂਰ ਕੌਮਵਾਰ

ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ (Rajasathan State Archivas Bikaner) ਵਿਚ ਰਾਜਸਥਾਨ ਨਾਲ ਸਬੰਧਤ ਬਹੁਤ ਸਾਰੀ ਪੁਰਾਲੇਖ ਸਮੱਗਰੀ (Archival Material) ਉਪਲਬਧ ਹੈ। ਇਸ ਵਿਚ ਰਾਜਪੂਤਾਨੇ ਦੇ ਪੁਰਾਣੇ ਰਾਜਾਂ ਅਤੇ ਰਿਆਸਤਾਂ ਦਾ ਲਿਖਤ ਰਿਕਾਰਡ ਵੱਡੀ ਗਿਣਤੀ ਵਿਚ ਮੌਜੂਦ ਹੈ। ਇਸ ਪੁਰਾਲੇਖ ਸਮੱਗਰੀ ਵਿਚ ਜੈਪੁਰ ਰਿਆਸਤ ਨਾਲ ਸਬੰਧਤ ਸਾਹਿਤਕ, ਰਾਜਨੀਤਕ, ਪ੍ਰਸ਼ਾਸਨਕ ਆਦਿ ਲਿਖਤ ਰਿਕਾਰਡ ਮੌਜੂਦ ਹੈ, ਜਿਸ ਵਿਚ ਇਕ ਬਹੁਤ ਅਹਿਮ ਦਸਤਾਵੇਜ 'ਦਸਤੂਰ ਕੌਮਵਾਰ' ਵੀ ਸ਼ਾਮਿਲ ਹੈ।

'ਦਸਤੂਰ ਕੌਮਵਾਰ' ਦੇ ਨਾਮ ਤੋਂ ਹੀ ਪਤਾ ਚੱਲਦਾ ਹੈ ਕਿ ਇਹ ਦਸਤਾਵੇਜ ਕੌਮਾਂ ਨਾਲ ਸਬੰਧਤ ਦਸਤੂਰ ਜਾਂ ਵਰਤੋਂ-ਵਿਹਾਰ ਬਾਰੇ ਹੈ। ਦਸਤੂਰ ਫ਼ਾਰਸੀ ਭਾਸ਼ਾ ਦਾ ਮੂਲ ਸ਼ਬਦ ਹੈ ਜਿਸ ਦੇ ਅਰਥ ਹਨ: ਰਸਮ, ਨਿਯਮ, ਕਾਇਦਾ, ਰੀਤੀ ਆਦਿ।[1] ਇਸੇ ਤਰ੍ਹਾਂ ਕੌਮ+ਵਾਰ ਸ਼ਬਦ ਵੀ ਫ਼ਾਰਸੀ ਮੂਲ ਦੇ ਸ਼ਬਦ ਕੌਮ ਜਿਸ ਦਾ ਭਾਵ ਹੈ: ਜਾਤੀ, ਪਰ ਇਸ ਸਰੋਤ ਵਿਚ ਕੌਮ ਦੇ ਅਰਥ ਕੇਵਲ ਜਾਤੀ ਤੱਕ ਸੀਮਤ ਨਹੀਂ ਰਹੇ ਸਗੋਂ ਨਸਲ, ਹਾਕਿਮ ਸ਼੍ਰੇਣੀ, ਫਿਰਕੇ, ਧਰਮ ਜਾਂ ਕਿਸੇ ਵਿਸ਼ੇਸ਼ ਸੱਭਿਆਚਾਰ ਨਾਲ ਸਬੰਧਤ ਆਏ ਹਨ ਅਤੇ ਇਸ ਸਰੋਤ ਵਿਚ ਵਰਤੇ ਗਏ ਪਿਛੇਤਰ 'ਵਾਰ' ਦਾ ਅਰਥ ਹੈ: ਤਰਤੀਬ ਅਨੁਸਾਰ। ਇਸ ਤਰ੍ਹਾਂ 'ਦਸਤੂਰ ਕੌਮਵਾਰ' ਸ਼ਬਦ ਦਾ ਪੂਰਾ ਭਾਵ ਹੈ ਕਿ ਜੈਪੁਰ ਰਿਆਸਤ ਵੱਲੋਂ ਕਿਸੇ ਵਿਸ਼ੇਸ਼ ਜਾਤੀ, ਗੋਤ, ਧਰਮ, ਫਿਰਕੇ ਆਦਿ ਨਾਲ ਮੇਲ-ਮਿਲਾਪ ਮੌਕੇ ਰੀਤੀ, ਰਸਮਾਂ, ਨਿਯਮਾਂ ਅਤੇ ਕਾਇਦਿਆਂ ਦਾ ਰਿਕਾਰਡ।

'ਦਸਤੂਰ ਕੌਮਵਾਰ', ਤੋਜ਼ੀ ਬੰਡਲ ਅਤੇ ਕਿਤਾਬਾਂ ਦੇ ਰੂਪ ਵਿਚ ਹਨ। 'ਤੋਜ਼ੀ' ਤੋਂ ਭਾਵ ਹੈ ਵਰਕਿਆਂ ਦੀ ਥਹੀ। 'ਦਸਤੂਰ ਕੌਮਵਾਰ' ਤੋਜ਼ੀ ਦੇ ਕੁੱਲ 42 ਬੰਡਲ ਹਨ। ਜੈਪੁਰ ਦੇ ਮਹਾਰਾਜਾ ਵੱਲੋਂ ਜਿਸ ਜਾਤੀ ਦੇ ਕਿਸੇ ਵੀ ਵਿਅਕਤੀ ਜਾਂ ਹਸਤੀ ਨਾਲ ਜੋ ਦਸਤੂਰ ਕੀਤਾ

---

[1] ਭਾਈ ਕਾਹਨ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 615.

ਜਾਂਦਾ ਸੀ, ਉਸ ਦਾ ਵੇਰਵਾ ਇਨ੍ਹਾਂ ਤੋਜ਼ੀ ਵਿਚ ਲਿਖ ਲਿਆ ਜਾਂਦਾ ਸੀ। ਤੋਜ਼ੀ ਦੇ ਇਨ੍ਹਾਂ ਕਾਗਜਾਂ ਉੱਪਰ ਪੰਨਾ ਨੰਬਰ ਵੀ ਲਿਖਿਆ ਜਾਂਦਾ ਸੀ। ਹਰੇਕ ਜਾਤੀ ਦੇ ਨਾਲ ਸਬੰਧਤ ਇਕ ਵੱਖਰਾ ਬੰਡਲ ਬਣਾਇਆ ਜਾਂਦਾ ਸੀ, ਜਿਸ ਨੂੰ ਸਬੰਧਤ ਜਾਤੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਜਿਵੇਂ ਸਿੱਖਾਂ ਨਾਲ ਸਬੰਧਤ ਤੋਜ਼ੀ ਨੂੰ 'ਤੋਜ਼ੀ ਸਿੱਖ' ਕਿਹਾ ਜਾਂਦਾ ਹੈ। ਪਰ ਕਈ ਤੋਜੀ ਬੰਡਲਾਂ ਵਿਚ ਇਕ ਤੋਂ ਵਧੇਰੇ ਕੌਮਾਂ ਨਾਲ ਸਬੰਧਿਤ ਵੇਰਵਿਆਂ ਦੇ ਰਿਕਾਰਡ ਵੀ ਮਿਲਦੇ ਹਨ। ਇਨ੍ਹਾਂ ਤੋਜ਼ੀ ਬੰਡਲਾਂ ਤੋਂ ਹੀ ਅੱਗੇ 'ਦਸਤੂਰ ਕੌਮਵਾਰ' ਦੀਆਂ ਕਿਤਾਬਾਂ ਵਿਚ ਸਾਫ਼-ਸੁਥਰੀ ਲਿਖਾਈ ਵਿਚ ਉਤਾਰਾ ਕੀਤਾ ਗਿਆ ਹੈ। ਇਹ ਵੇਰਵਾ 'ਦਸਤੂਰ ਕੌਮਵਾਰ' ਵਿਚ ਦਰਜ ਕਰਨ ਉਪਰੰਤ ਹਰ ਪੰਨੇ ਦੇ ਅਖੀਰ ਵਿਚ ਥੱਲੇ ਇਕ ਨਕਲ ਕਰਤਾ ਜਾਂ ਉਤਾਰਾ-ਕਾਰ ਦੁਆਰਾ ਉਸ ਪੰਨੇ 'ਤੇ ਦਰਜ ਵੇਰਵੇ ਨੂੰ ਤਸਦੀਕ ਵਜੋਂ 'ਮੁਕਾਬਿਲਾ ਕੀਆ ਠੀਕ ਪਾਇਆ ਜਾਂ ਠੀਕ ਹੈ ਦ. (ਦਸਤਖਤ)' ਲਿਖ ਕੇ ਆਪਣੇ ਦਸਤਖਤ ਕੀਤੇ ਜਾਂਦੇ ਸਨ ਅਤੇ ਨਾਲ 'ਮੋਹਰਿ ਮੁਕਾਬਿਲਾ' ਵੀ ਲਿਖਿਆ ਜਾਂਦਾ ਸੀ ਜਿਸ ਤੋਂ ਭਾਵ ਹੈ ਕਿ ਇਸ ਅੱਖਰ ਨਾਲ ਸ਼ੁਰੂ ਹੋਣ ਵਾਲੇ ਨਾਮ ਨਾਲ ਸਬੰਧਤ ਦਰਜ ਕੀਤਾ ਗਿਆ ਉਰੋਕਤ ਵੇਰਵਾ, ਸਬੰਧਤ ਤੋਜੀ ਰਿਕਾਰਡ, ਜਿਸ ਤੋਂ ਇਹ ਉਤਾਰਾ ਜਾਂ ਨਕਲ ਕੀਤਾ ਗਿਆ, ਨਾਲ ਮਿਲਦਾ ਹੈ। ਜਿਸ ਪੰਨੇ 'ਤੇ ਰਦੀਫ਼ ਨਾਮ ਭਾਵ ਅੱਖਰਕ੍ਰਮ ਅਨੁਸਾਰ ਚੱਲ ਰਹੇ ਅੱਖਰ ਨਾਲ ਸ਼ੁਰੂ ਹੋਣ ਵਾਲੇ ਨਾਮ ਖਤਮ ਹੁੰਦੇ ਸਨ (ਭਾਵ ਅਗਲੇ ਅੱਖਰ ਦੇ ਸ਼ੁਰੂ ਤੋਂ ਪਹਿਲਾਂ) ਉਸ ਪੰਨੇ ਦੇ ਅਖੀਰ ਵਿਚ ਹੇਠਾਂ ਸੱਜੇ ਪਾਸੇ ਜਿਸ ਕੌਮ/ਜਾਤੀ ਆਦਿ ਨਾਲ ਸਬੰਧਤ ਵੇਰਵਾ ਦਰਜ ਕੀਤਾ ਹੈ ਉਸ ਦਾ ਨਾਮ ਲਿਖਕੇ, ਸਬੰਧਤ ਅੱਖਰ ਨਾਲ ਆਰੰਭ ਹੋਣ ਵਾਲੇ ਨਾਵਾਂ ਵਾਲੇ ਜਿੰਨੇ ਵਿਅਕਤੀਆਂ ਦਾ ਵੇਰਵਾ ਦਰਜ ਕੀਤਾ ਗਿਆ ਹੈ ਉਸ ਦੀ ਗਿਣਤੀ ਲਿਖਣ ਉਪਰੰਤ ਦਸਤੂਰ...ਕੋ ਆ. ...ਤਸਦੀਕ ਕੀਆ ਠੀਕ ਦ.' ਲਿਖਕੇ ਆਪਣੇ ਦਸਤਖਤ ਕੀਤੇ ਗਏ ਹਨ, ਜਿਵੇਂ: ਦਸਤੂਰ ਸਿੱਖਾਂ ਕਾ ਆ. (ਆਦਮੀ) 4, ਤਸਦੀਕ ਕੀਆ ਠੀਕ ਦ. (ਦਸਤਖਤ) ਰਾਮ ਲਾਲ ਕਾ।[2]

'ਦਸਤੂਰ ਕੌਮਵਾਰ' ਰਾਜਸਥਾਨੀ ਭਾਸ਼ਾ ਅਤੇ ਦੇਵਨਾਗਰੀ ਲਿੱਪੀ ਵਿਚ ਲਿਖਤ ਇਕ ਅਹਿਮ ਹੱਥ-ਲਿਖਤ ਦਸਤਾਵੇਜ਼ ਹੈ ਜੋ ਹੁਣ ਤੱਕ ਅਪ੍ਰਕਾਸ਼ਤ ਹੈ। ਇਸ ਦਸਤਾਵੇਜ਼ ਵਿਚ ਦਰਜ ਵੇਰਵੇ ਵਿਕਰਮੀ ਸੰਮਤ 1741 (1684 ਈ.) ਤੋਂ ਸ਼ੁਰੂ ਹੁੰਦੇ ਹਨ। ਇਸ ਦੇ ਕਾਗਜ ਦੀ

---

2 **ਦਸਤੂਰ ਕੌਮਵਾਰ**, ਕਿਤਾਬ ਨੰ. 32, ਪੰਨਾ 359.

ਲੰਬਾਈ ਸਾਢੇ 12 ਇੰਚ ਅਤੇ ਚੌੜਾਈ ਸਾਢੇ 7 ਇੰਚ ਹੈ। ਕਾਗਜ਼ ਦੇ ਦੁਆਲੇ ਚਕੌਰ ਹਾਸ਼ੀਆ ਹੈ। ਇਸ ਦੇ ਕੁੱਲ 34 ਭਾਗ ਜਾਂ ਕਿਤਾਬਾਂ ਹਨ ਜਿਨ੍ਹਾਂ ਵਿਚੋਂ ਪਹਿਲੇ 32 ਭਾਗਾਂ ਵਿਚ ਜੈਪੁਰ ਰਿਆਸਤ ਵੱਲੋਂ ਜਿਸ ਕੌਮ ਜਾਂ ਜਾਤੀ ਆਦਿ ਦੇ ਵਿਅਕਤੀ/ਵਿਅਕਤੀਆਂ ਨੂੰ ਤੋਹਫ਼ੇ, ਸੌਗਾਤਾਂ ਜਾਂ ਨਕਦੀ ਆਦਿ ਦਿੱਤੇ ਜਾਂ ਲਏ ਜਾਂਦੇ ਸਨ ਉਸ ਦਾ ਪੂਰਾ ਵੇਰਵਾ ਦਰਜ ਕੀਤਾ ਗਿਆ ਹੈ।

ਇਸ ਦਸਤਵੇਜ ਵਿਚ ਅਖੌਤੀ ਛੋਟੀਆਂ, ਵੱਡੀਆਂ 134 ਜਾਤੀਆਂ/ਕੌਮਾਂ ਸਬੰਧੀ ਵੇਰਵੇ ਦਰਜ ਹਨ। ਹਰੇਕ ਜਾਤੀ/ਕੌਮ ਦੇ ਵਿਅਕਤੀ ਨਾਲ ਕੀਤੇ ਜਾਂਦੇ ਵਿਹਾਰ/ਦਸਤੂਰ ਦਾ ਵੇਰਵਾ ਉਸ ਜਾਤੀ ਜਾਂ ਕੌਮ ਦੇ ਨਾਮ ਦੇ ਸ਼ੁਰੂ ਵਾਲੇ ਦੇਵਨਾਗਰੀ ਲਿੱਪੀ ਅਨੁਸਾਰ ਆਉਣ ਵਾਲੇ ਪਹਿਲੇ ਅੱਖਰ ਮੁਤਾਬਕ ਕਿਤਾਬ ਜਾਂ ਭਾਗ ਵਿਚ ਲਿਖਿਆ ਜਾਂਦਾ ਸੀ, ਜਿਵੇਂ ਕਿ ਸਿੱਖਾਂ ਨਾਲ ਸਬੰਧਤ ਦਸਤੂਰ ਵਿਸ਼ੇਸ਼ ਤੌਰ ’ਤੇ ਕਿਤਾਬ ਨੰਬਰ 32 ਅਤੇ ਦੇਵਨਾਗਰੀ ਲਿੱਪੀ ਦੇ ਅੱਖਰਕ੍ਰਮ (Alphabet) ‘स’ ਵਿਚ ਪੰਨਾ 708 ਤੋਂ 799 ਤੱਕ ਦਰਜ ਹੈ। ਇਸੇ ਤਰ੍ਹਾਂ ਹੀ ਦੂਜੀਆਂ ਜਾਤਾਂ ਜਾਂ ਕੌਮਾ ਦੇ ਵੇਰਵੇ ਦੇਵਨਾਗਰੀ ਲਿੱਪੀ ਦੇ ਅੱਖਰਕ੍ਰਮ ਅਨੁਸਾਰ (Alphabetical Order) ‘अ’ ਤੋਂ ‘ह’ ਤੱਕ ਕੌਮ/ਜਾਤੀ/ਧਰਮ/ਗੋਤ ਆਦਿ ਦੇ ਨਾਮ ਸ਼ੁਰੂ ਵਾਲੇ ਪਹਿਲੇ ਦੇਵਨਾਗਰੀ ਅੱਖਰ ਮੁਤਾਬਕ ਇਹਨਾਂ ਵਿਚ ਦਰਜ ਕੀਤੇ ਗਏ ਹਨ। ਬਾਕੀ ਦੀਆਂ 2 ਕਿਤਾਬਾਂ ਜੋ ਕ੍ਰਮਵਾਰ 33 ਅਤੇ 34 ਨੰ. ਹਨ, ਵਿਚ ਦਸਤੂਰ ਕੌਮਵਾਰ ਦੀਆਂ 32 ਕਿਤਾਬਾਂ ਦਾ ਤਤਕਰਾ (Index) ਦਿੱਤਾ ਗਿਆ ਹੈ। ਤਤਕਰੇ ਵਾਲੀ ਕਿਤਾਬ ਨੰਬਰ 33 ਵਿਚ 1 ਤੋਂ 18 ਭਾਗਾਂ ਜਾਂ ਕਿਤਾਬਾਂ ਦਾ ਤਤਕਰਾ ਦੇਵਨਾਗਰੀ ਲਿੱਪੀ ਦੇ ਅੱਖਰ ‘अ’ ਤੋਂ ‘स’ ਤੱਕ ਦਿੱਤਾ ਗਿਆ ਹੈ ਅਤੇ ਕਿਤਾਬ ਨੰਬਰ 34 ਵਿਚ 19 ਤੋਂ 32 ਭਾਗਾਂ ਜਾਂ ਕਿਤਾਬਾਂ ਦਾ ਤਤਕਰਾ ਦੇਵਨਾਗਰੀ ਲਿੱਪੀ ਦੇ ਅੱਖਰ ‘स’ ਤੋਂ ‘ह’ ਤੱਕ ਦਿੱਤਾ ਗਿਆ ਹੈ,‘स’ ਅੱਖਰ ਨਾਲ ਸਬੰਧਤ ਵੇਰਵੇ ਜਿਆਦਾ ਹੋਣ ਕਰਕੇ 2 ਕਿਤਾਬਾਂ 18 ਅਤੇ 19 ਸਮੇਤ ਕਈ ਕਿਤਾਬਾਂ ਵਿਚ ਆਏ ਵਿਚ ਆਏ ਹਨ। ਹਰੇਕ ਕਿਤਾਬ ਦੇ ਪੰਨਿਆਂ ਦੀ ਗਿਣਤੀ ਬਰਾਬਰ ਨਹੀਂ ਹੈ ਇਹ ਸਬੰਧਤ ਜਾਤੀ ਦੇ ਵਿਅਕਤੀਆਂ ਦੇ ਨਾਵਾਂ ਦੇ ਦਰਜ ਵੇਰਵਿਆਂ ਦੀ ਗਿਣਤੀ ਅਤੇ ਅਤੇ ਲੈਣ ਦੇਣ ਦੀ ਗਿਣਤੀ ਅਨੁਸਾਰ ਵੱਧ ਘੱਟ ਹੈ। ਹਰੇਕ ਕਿਤਾਬ ਵਿਚ ਰਦੀਫ਼ ਜਾਤ ਤੋਂ ਪਿੱਛੋਂ ਰਦੀਫ਼ ਨਾਮ ਨਾਲ ਅੱਖਰਕ੍ਰਮ ਅਨੁਸਾਰ ਵੇਰਵੇ ਦਰਜ ਕੀਤੇ ਗਏ ਹਨ, ਜਿਵੇਂ ਸਿੱਖਾਂ ਨਾਲ ਸਬੰਧਤ ਭਾਗ ਵਿਚ ਰਦੀਫ਼ ਜਾਤ ਸਿੱਖ ‘स’ ਵਿਚ ਰਦੀਫ਼ ਨਾਮ ਦੇਵਨਾਗਰੀ ਲਿੱਪੀ ਦੀ ਵਰਨਮਾਲਾ ਦੇ

ਪਹਿਲੇ ਅੱਖਰ 'ਅ' ਨਾਲ ਆਰੰਭ ਕੀਤਾ ਗਿਆ ਹੈ। ਇਸ ਵਿਚ ਪਹਿਲਾ ਵੇਰਵਾ 'ਆਸਾ ਸਿੰਘ ਲਾਹੌਰ ਕਾ' ਦੇ ਨਾਂ ਨਾਲ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ ਹੀ ਅੱਗੇ ਦੂਸਰੇ ਵਿਅਕਤੀਆਂ ਨਾਲ ਸਬੰਧਤ ਵੇਰਵੇ ਵੀ ਦੇਵਨਾਗਰੀ ਵਰਣਮਾਲਾ ਦੇ ਅੱਖਰਕ੍ਰਮ ਅਨੁਸਾਰ ਦਰਜ ਕੀਤੇ ਗਏ ਹਨ। ਅੱਖਰਕ੍ਰਮ ਅਨੁਸਾਰ ਵੇਰਵੇ ਦਰਜ ਹੋਣ ਕਰਕੇ ਇਸ ਵਿਚੋਂ ਕਿਸੇ ਖਾਸ ਜਾਤੀ ਜਾਂ ਕੌਮ ਦੇ ਕਿਸੇ ਵਿਅਕਤੀ ਜਾਂ ਸਮੁੱਚੀ ਕੌਮ/ਜਾਤੀ ਨਾਲ ਸਬੰਧਤ ਜਾਣਕਾਰੀ ਹਾਸਲ ਕਰਨ ਲਈ ਇਹ ਬਹੁਤ ਸੌਖੀ ਵਿਧੀ ਹੈ। 'ਦਸਤੂਰ ਕੌਮਵਾਰ' ਵਿਚ ਪ੍ਰਮੁੱਖ ਭਾਸ਼ਾ ਰਾਜਸਥਾਨੀ ਦੇ ਨਾਲ-ਨਾਲ ਫ਼ਾਰਸੀ ਮੂਲ ਦੇ ਸ਼ਬਦ ਤਤਸਮ ਅਤੇ ਤਦਭਵ ਰੂਪ ਵਿਚ ਆਏ ਹਨ। ਜਿਸ ਦਾ ਮੁੱਖ ਕਾਰਨ ਇਸ ਦਸਤਾਵੇਜ਼ ਦੇ ਤਤਕਾਲੀਨ ਰਾਜਨੀਤਕ ਅਤੇ ਪ੍ਰਸ਼ਾਸਨਕ ਗਤੀਵਿਧੀਆਂ ਅਤੇ ਰਾਜ ਦਰਬਾਰ ਨਾਲ ਸਬੰਧਤ ਹੋਣ ਕਰਕੇ ਹੈ, ਕਿਉਂਕਿ ਮੁਗ਼ਲ ਸਾਮਰਾਜ ਦੇ ਪ੍ਰਸ਼ਾਸਨਕ ਅਤੇ ਰਾਜਨੀਤਕ ਢਾਂਚੇ ਵਿਚ ਫ਼ਾਰਸੀ ਪ੍ਰਮੁੱਖ ਭਾਸ਼ਾ ਸੀ ਜਿਸ ਦਾ ਅਸਰ ਹਿੰਦੋਸਤਾਨ ਦੀਆਂ ਦੂਜੀਆਂ ਰਿਆਸਤਾਂ ਵਾਂਗ ਜੈਪੁਰ ਰਿਆਸਤ ਦੀ ਰਾਜਨੀਤਕ ਅਤੇ ਪ੍ਰਸਾਸ਼ਨਕ ਵਿਵਸਥਾ ਅਤੇ ਸ਼ਬਦਾਵਲੀ 'ਤੇ ਵੀ ਨਜਰ ਆਉਂਦਾ ਹੈ।

'ਦਸਤੂਰ ਕੌਮਵਾਰ' ਦੇ ਸਾਰੇ ਹੀ ਭਾਗ ਬਹੁਤ ਚੰਗੀ ਅਤੇ ਪੜ੍ਹਨਯੋਗ ਹਾਲਤ ਵਿਚ ਹਨ। ਇਸ ਵਿਚਲੀ ਲਿਖਾਈ ਸਾਫ਼ ਅਤੇ ਸਪੱਸ਼ਟ ਹੈ। 'ਦਸਤੂਰ ਕੌਮਵਾਰ' ਦੇ ਉੱਪਰ ਹਰੇਕ ਪੱਤਰੇ ਉੱਪਰ ਪੰਨਾ ਨੰਬਰ ਲਿਖਿਆ ਹੋਇਆ ਹੈ। ਹਾਸ਼ੀਏ ਤੋਂ ਬਾਹਰ ਉੱਪਰਲੇ ਖੱਬੇ ਪਾਸੇ ਰਦੀਫ਼ ਨਾਮ ਅਤੇ ਸੱਜੇ ਪਾਸੇ ਰਦੀਫ਼ ਜਾਤ ਲਿਖੇ ਹੋਏ ਹਨ। ਦਸਤੂਰ ਸਬੰਧੀ ਬਾਕੀ ਸਾਰਾ ਵੇਰਵਾ ਹਾਸ਼ੀਏ ਦੇ ਅੰਦਰਵਾਰ ਲਿਖਿਆ ਹੋਇਆ ਹੈ। ਹਰੇਕ ਵੇਰਵੇ ਦੀ ਸ਼ੁਰੂਆਤ ਸਬੰਧਤ ਵਿਅਕਤੀ ਦੇ ਨਾਮ ਤੋਂ ਹੁੰਦੀ ਹੈ। ਨਾਮ ਤੋਂ ਉਪਰੰਤ ਬਿਕ੍ਰਮੀ ਸੰਮਤ ਲਿਖਕੇ ਅਗਲੀ ਪੰਕਤੀ ਵਿਚ ਬਿਕ੍ਰਮੀ ਸੰਮਤ ਦੀ ਤਿਥ ਦੀ ਮਿਤੀ ਲਿਖੀ ਹੋਈ ਹੁੰਦੀ ਹੈ ਜੋ 'ਦਸਤੂਰ ਕੌਮਵਾਰ' ਵਿਚ ਸਬੰਧਤ ਵੇਰਵੇ ਦੇ ਦਰਜ ਕਰਨ ਦੀ ਹੁੰਦੀ ਹੈ। 'ਦਸਤੂਰ ਕੌਮਵਾਰ' ਵਿਚ ਕਈ ਵਾਰ ਦਰਜ ਵੇਰਵਾ ਸਬੰਧਤ ਦਸਤੂਰ ਦੀ ਅਸਲ ਮਿਤੀ ਤੋਂ ਬਾਅਦ ਵਿਚ ਲਿਖਿਆ ਗਿਆ ਹੁੰਦਾ ਹੈ ਇਸ ਲਈ ਦਸਤੂਰ ਦੀ ਅਸਲ ਮਿਤੀ, ਵੇਰਵਾ ਦਰਜ ਕਰਨ ਦੀ ਮਿਤੀ ਤੋਂ ਬਾਅਦ ਵਿਚ ਲਿਖੀ ਹੋਈ ਹੈ, ਜਿਵੇ:

## ਸੰਮਵਤ 1825

।

ਮਿਤੀ ਪੋਸ ਸੁਦੀ 15 ਵਾਂਕੇ ਮਿਤੀ ਕਾਤਿਗ ਸੁਦੀ 13 ਨੈ ਕਿਰਕਿਰਾਖਾਨਾ ਥੇ...[3]

ਕੁਝ ਇੰਦਰਾਜਾਂ ਵਿਚ 2 ਮਿਤੀਆਂ ਲਿਖੀਆਂ ਹੋਈਆਂ ਹਨ ਜੋ ਦਸਤੂਰ ਅਨੁਸਾਰ ਕੋਈ ਵਸਤੂ ਦੇਣ ਜਾਂ ਲੈਣ ਅਤੇ 'ਦਸਤੂਰ ਕੌਮਵਾਰ' ਵਿਚ ਉਹ ਵੇਰਵਾ ਦਰਜ ਕਰਨ ਦੀ, ਦੋਵੇ ਮਿਤੀਆਂ ਹਨ। ਇਸ ਤਰ੍ਹਾਂ ਦੇ 2 ਮਿਤੀਆਂ ਵਾਲੇ ਇੰਦਰਾਜ ਵਿਚ 'ਵਾਂਕੇ' ਸ਼ਬਦ ਲਿਖਿਆ ਹੁੰਦਾ ਹੈ ਜਿਸ ਤੋਂ ਭਾਵ ਹੈ ਕਿ ਇਹ ਵਾਕਿਆ ਇਸ ਮਿਤੀ ਦਾ ਹੈ। ਮਿਤੀ ਤੋਂ ਪਿੱਛੋਂ ਦਸਤੂਰ ਸਬੰਧੀ ਸਾਰਾ ਵੇਰਵਾ ਦਰਜ ਕੀਤਾ ਗਿਆ ਹੁੰਦਾ ਹੈ। ਉਪਰੰਤ ਦਸਤੂਰ ਵਿਚ ਦਿੱਤੀਆਂ ਗਈਆਂ ਵਸਤਾਂ ਦੀ ਕੀਮਤ, ਗਿਣਤੀ ਅਤੇ ਕਿਸਮ ਅਤੇ ਸਥਾਨ ਆਦਿ ਤਫ਼ਸੀਲਵਾਰ ਦਰਜ ਕੀਤੀ ਹੈ। ਜਿਸ ਭੰਡਾਰ ਜਾਂ ਮਹਿਕਮੇ ਵਿਚੋਂ ਦਸਤੂਰ ਦੀਆਂ ਵਸਤਾਂ ਜਾਂ ਰਕਮ ਦਿੱਤੀ ਗਈ ਸੀ ਜਾਂ ਪ੍ਰਾਪਤ ਹੋਈ ਵਸਤੂ ਆਦਿ ਜਮ੍ਹਾਂ ਹੋਈ, ਉਸ ਦਾ ਵੇਰਵਾ ਵੀ ਦਰਜ ਹੈ। ਦਸਤੂਰ ਕੌਮਵਾਰ ਵਿਚ ਦਰਜ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਜੈਪੁਰ ਰਿਆਸਤ ਦੇ ਵੱਖ-ਵੱਖ ਮਹਿਕਮਿਆਂ ਜਾਂ ਭੰਡਾਰਾਂ, ਜਿਨ੍ਹਾਂ ਵਿਚੋਂ ਕਿਸੇ ਜਾਤੀ ਜਾਂ ਕੌਮ ਦੇ ਲੋਕਾਂ ਨੂੰ ਜੈਪੁਰ ਰਿਆਸਤ ਦੇ ਪ੍ਰਚਲਤ ਦਸਤੂਰ ਅਨੁਸਾਰ ਕੋਈ ਵੀ ਤੋਹਫਾ ਜਾਂ ਵਸਤੂ ਆਦਿ ਦਿੱਤੀ ਗਈ ਜਾਂ ਜਮ੍ਹਾਂ ਕੀਤੀ ਗਈ, ਦੇ ਰਿਕਾਰਡ ਵਿਚ ਵੀ ਇਹ ਵੇਰਵੇ ਲਿਖੇ ਜਾਂਦੇ ਸਨ। ਜਿਨ੍ਹਾਂ ਮਹਿਕਮਿਆਂ ਜਾਂ ਭੰਡਾਰਾਂ ਦੇ ਬਾਰੇ ਦਸਤੂਰ ਕੌਮਵਾਰ ਵਿਚ ਜ਼ਿਕਰ ਆਇਆ ਹੈ ਉਨ੍ਹਾਂ ਵਿਚੋਂ ਪ੍ਰਮੁੱਖ ਹਨ: ਸਿਆਹ ਹਜ਼ੂਰ, ਖਜ਼ਾਨਾ ਹਜ਼ੂਰੀ, ਕੱਪੜ ਦੁਆਰ, ਤੋਸ਼ਾਖਾਨਾ, ਸਿਲ੍ਹਾਖਾਨਾ, ਕਿਰਕਿਰਾਖਾਨਾ, ਪੋਥੀਖਾਨਾ, ਰਸੋੜਾ (ਸ਼ਾਹੀ ਰਸੋਈ ਦੀਆਂ ਰਸਦਾਂ ਦਾ ਭੰਡਾਰ), ਘੋੜਸਾਲ ਜਾਂ ਤਬੇਲਾ, ਫ਼ੀਲਖਾਨਾ ਆਦਿ।

ਦਸਤੂਰ ਕੌਮਵਾਰ ਵਿਚ ਸਬੰਧਤ ਵਿਅਕਤੀ ਜਾਂ ਵਿਅਕਤੀਆਂ ਨੂੰ ਦਿੱਤੀਆਂ ਭੇਟਾਵਾਂ ਸਬੰਧੀ ਵੀ ਦੋ ਤਰ੍ਹਾਂ ਦੇ ਇੰਦਰਾਜ ਦਰਜ ਹਨ। ਇੱਕ ਤਾਂ ਉਹ ਭੇਟਾਵਾਂ ਹਨ ਜੋ ਜੈਪੁਰ ਰਿਆਸਤ ਦੇ ਕਿਸੇ ਅਧਿਕਾਰੀ ਜਾਂ ਅਹਿਲਕਾਰ ਆਦਿ ਵੱਲੋਂ ਕਿਸੇ ਵਿਅਕਤੀ ਨੂੰ ਦਿੱਤੀਆਂ

[3] ਉਹੀ, ਪੰਨਾ 334.

ਗਈਆਂ ਅਤੇ ਦੂਜੀ ਉਹ ਹੈ ਜੋ ਜੈਪੁਰ ਦੇ ਮਹਾਰਾਜੇ ਵੱਲੋਂ ਖ਼ੁਦ ਜਾਂ ਉਸ ਦੀ ਹਾਜ਼ਰੀ ਵਿਚ ਕਿਸੇ ਵਿਅਕਤੀ ਨੂੰ ਕੋਈ ਸਨਮਾਨ ਜਾਂ ਭੇਟਾਵਾਂ ਦਿੱਤੀਆਂ ਜਾਂ ਭੇਜੀਆਂ ਜਾਂਦੀਆਂ ਜਾਂ ਦੂਸਰੇ ਵਿਅਕਤੀ, ਰਾਜਸੀ ਪ੍ਰਤੀਨਿਧ ਜਾਂ ਰਾਜ ਆਦਿ ਵੱਲੋਂ ਜੈਪੁਰ ਦਰਬਾਰ ਨੂੰ ਪ੍ਰਾਪਤ ਹੁੰਦੀਆਂ ਸਨ। ਮਹਾਰਾਜਾ ਨਾਲ ਸਬੰਧਤ ਦਸਤੂਰ ਨੂੰ 'ਸਿਆਹ ਹਜ਼ੂਰ' ਦੇ ਨਾਂ 'ਤੇ ਦਰਜ ਕੀਤਾ ਜਾਂਦਾ ਸੀ। ਇਹ ਭੇਟਾਵਾਂ ਜਾਂ ਸਨਮਾਨ ਪ੍ਰਾਪਤ ਕਰਨ ਵਾਲੇ ਤੇ ਭੇਜਣ ਵਾਲੇ ਵਿਅਕਤੀ ਜਾਂ ਤਾਂ ਖ਼ੁਦ ਜੈਪੁਰ ਦਰਬਾਰ ਵਿਚ ਹਾਜ਼ਰ ਹੁੰਦੇ ਜਾਂ ਉਨ੍ਹਾਂ ਵੱਲੋਂ ਕੋਈ ਅਧਿਕਾਰਤ ਵਕੀਲ, ਦੀਵਾਨ ਜਾਂ ਕੋਈ ਹੋਰ ਵਿਅਕਤੀ ਆਦਿ ਹੁੰਦੇ ਸਨ। ਕਈ ਵਾਰ ਇਹ ਸਨਮਾਨ ਜਾਂ ਭੇਟਾਵਾਂ ਸਬੰਧਤ ਵਿਅਕਤੀਆਂ ਕੋਲ ਜੈਪੁਰ ਦਰਬਾਰ ਦੁਆਰਾ ਆਪਣੇ ਆਦਮੀਆਂ ਰਾਹੀਂ ਵੀ ਪਹੁੰਚਾਈਆਂ ਜਾਂਦੀਆਂ ਸਨ।

**ਸਿੱਖਾਂ ਨਾਲ ਸਬੰਧਤ 'ਦਸਤੂਰ ਕੌਮਵਾਰ' ਵਿਚ ਮਿਲਦੇ ਵੇਰਵੇ:**

ਜੈਪੁਰ ਰਿਆਸਤ ਵੱਲੋਂ ਸਿੱਖਾਂ ਨਾਲ ਸਬੰਧਤ ਦਸਤੂਰ ਦੇ ਵੇਰਵੇ ਪ੍ਰਮੁੱਖ ਤੌਰ 'ਤੇ 'ਦਸਤੂਰ ਕੌਮਵਾਰ' ਦੀ ਕਿਤਾਬ ਨੰਬਰ 32 'ਰਦੀਫ਼ ਜਾਤ-ਸਿੱਖ' ਵਿਚ ਪੰਨਾ 307 ਤੋਂ ਪੰਨਾ 399 ਤੱਕ ਦਰਜ ਮਿਲਦੇ ਹਨ। ਇਸ ਤੋਂ ਇਲਾਵਾ ਸਿੱਖਾਂ ਨਾਲ ਸਬੰਧਤ ਕੁਝ ਫੁਟਕਲ ਵੇਰਵੇ 'ਦਸਤੂਰ ਕੌਮਵਾਰ', ਕਿਤਾਬ ਨੰ. 7 'ਰਦੀਫ ਜਾਤ-ਜਾਟ', ਕਿਤਾਬ ਨੰ. 17 'ਰਦੀਫ ਜਾਤ-ਬਿਨਾ ਜਾਤ' ਅਤੇ ਜੈਪੁਰ ਰਿਆਸਤ ਦੇ ਵਸਨੀਕ ਜਾਂ ਪੱਕੇ ਤੌਰ 'ਤੇ ਜੈਪੁਰ ਰਿਆਸਤ ਅਧੀਨ ਸੇਵਾ ਕਰਨ ਵਾਲੇ ਸਿੱਖਾਂ ਬਾਰੇ ਵੇਰਵੇ ਬ੍ਰਹਾਮਣ ਜਾਤੀ ਨਾਲ ਸਬੰਧਤ ਕਿਤਾਬ ਨੰ. 5 ਅਤੇ ਖੱਤਰੀ ਜਾਤੀ ਨਾਲ ਸਬੰਧਤ ਕਿਤਾਬ ਨੰਬਰ 3 ਵਿਚ ਵੀ ਦਰਜ ਮਿਲਦੇ ਹਨ। ਦਸਤੂਰ ਕੌਮਵਾਰ 18ਵੀਂ ਦੇ ਅੱਧ ਤੋਂ 19ਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਦੇ ਸਿੱਖ-ਰਾਜਪੂਤ ਸਬੰਧਾਂ, ਸਿੱਖ ਮਿਸਲਾਂ, ਮਿਸਲਾਂ ਦੇ ਸਰਦਾਰਾਂ ਆਦਿ ਅਤੇ ਸਿੱਖ ਇਤਿਹਾਸ ਬਾਰੇ ਤਾਰੀਖਵਾਰ ਪ੍ਰਮਾਣੀਕ ਜਾਣਕਾਰੀ ਦੇਣ ਵਾਲਾ ਰਾਜਸਥਾਨੀ ਭਾਸ਼ਾ ਵਿਚ ਪ੍ਰਮੁੱਖ ਤਤਕਾਲੀਨ ਸਰੋਤ ਹੈ।

ਦਸਤੂਰ ਕੌਮਵਾਰ ਵਿਚ ਸਿੱਖ ਮਿਸਲਾਂ ਅਤੇ ਮਿਸਲਦਾਰਾਂ, ਮਿਸਲਾਂ ਦੇ ਹੋਰ ਪ੍ਰਮੁੱਖ ਸਿੱਖ ਸਰਦਾਰਾਂ, ਉਨ੍ਹਾਂ ਦੇ ਵਕੀਲਾਂ, ਕਰਿੰਦਿਆਂ, ਸਿੱਖ ਮਿਸਲਾਂ ਪਿੱਛੋਂ ਸਥਾਪਿਤ ਹੋਏ ਲਾਹੌਰ ਦਰਬਾਰ (ਮਹਾਰਾਜਾ ਰਣਜੀਤ ਸਿੰਘ), ਰਿਆਸਤਾਂ ਪਟਿਆਲਾ ਅਤੇ ਨਾਭਾ ਨਾਲ ਜੈਪੁਰ ਦੇ ਸਬੰਧਾਂ, ਉਨ੍ਹਾਂ ਦੇ ਵਕੀਲਾਂ ਅਤੇ ਕਰਿੰਦਿਆਂ ਅਤੇ ਜੈਪੁਰ ਰਿਆਸਤ ਦੇ ਅਧੀਨ ਨੌਕਰੀ ਕਰਦੇ

ਸਿੱਖਾਂ ਆਦਿ ਸਬੰਧੀ ਵੇਰਵੇ ਮਿਲਦੇ ਹਨ। 'ਦਸਤੂਰ ਕੌਮਵਾਰ' ਵਿਚ ਸਿੱਖਾਂ ਨਾਲ ਸਬੰਧਤ ਆਏ ਵੇਰਵਿਆਂ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਕਾਲ-ਵੰਡ ਦੀ ਤਰਤੀਬ ਅਨੁਸਾਰ ਅੱਗੇ ਦਿੱਤਾ ਜਾ ਰਿਹਾ। ਇੱਥੇ ਇਹ ਦੱਸ ਦੇਣਾ ਜ਼ਰੂਰੀ ਹੋਵੇਗਾ ਕਿ 'ਦਸਤੂਰ ਕੌਮਵਾਰ' ਦੇ ਮੂਲ ਖਰੜੇ ਵਿਚ ਵੇਰਵੇ ਉੱਪਰ ਦੱਸੇ ਅਨੁਸਾਰ ਅੱਖਰਕ੍ਰਮ ਮੁਤਾਬਕ ਦਰਜ ਹਨ ਜਦ ਕਿ ਹਥਲੇ ਖੋਜ-ਪ੍ਰਬੰਧ ਦੇ ਇਸ ਅਧਿਆਇ ਵਿਚ ਪੰਜਾਬੀ ਅਨੁਵਾਦ ਵਿਚ ਦਿੱਤੇ ਜਾ ਰਹੇ ਵੇਰਵਿਆਂ ਵਿਚ ਅੱਖਰਕ੍ਰਮ ਦੀ ਥਾਂ ਮਿਤੀਵਾਰ ਦਿੱਤੇ ਜਾ ਰਹੇ ਹਨ ਅਤੇ ਇੱਥੇ ਵੇਰਵਿਆਂ ਵਿਚ ਆਈਆਂ ਮਿਤੀਆਂ ਤੇ ਸੰਮਤ ਮੂਲ ਸਰੋਤ ਵਿਚਲੇ ਵਿਕਰਮੀ ਸੰਮਤ ਦੇ ਨਾਲ ਸਪੱਸ਼ਟਤਾ ਲਈ ਈਸਵੀ ਸੰਮਤ ਦੀਆਂ ਤਾਰੀਖਾਂ ਵੀ ਬਰੈਕਟਾਂ ( ) ਵਿਚ ਦਿੱਤੀਆਂ ਗਈਆਂ ਹਨ। ਇਹਨਾਂ ਵੇਰਵਿਆਂ ਨੂੰ ਤਰਤੀਬ ਨਿਮਨ ਲਿਖ਼ਤ ਅਨੁਸਾਰ ਦਿੱਤੀ ਗਈ ਹੈ।

1. ਖਾਲਸਾ ਦਲ ਜਾਂ ਸਿੱਖ ਮਿਸਲਾਂ, ਮਿਸਲਦਾਰਾਂ ਅਤੇ ਸਿੱਖ ਸਰਦਾਰਾਂ ਨਾਲ ਸਬੰਧਤ।
2. ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ।
3. ਪਟਿਆਲਾ ਰਿਆਸਤ ਨਾਲ ਸਬੰਧਤ।
4. ਨਾਭਾ ਰਿਆਸਤ ਨਾਲ ਸਬੰਧਤ।
5. ਜੈਪੁਰ ਰਿਆਸਤ ਦੇ ਅਧੀਨ ਨੌਕਰੀ ਕਰਦੇ ਸਿੱਖਾਂ ਨਾਲ ਸਬੰਧਤ।

## 1. ਖਾਲਸਾ ਦਲ ਜਾਂ ਸਿੱਖ ਮਿਸਲਾਂ, ਮਿਸਲਦਾਰਾਂ ਅਤੇ ਸਿੱਖ ਸਰਦਾਰਾਂ ਨਾਲ ਸਬੰਧਤ ਵੇਰਵੇ:

ਮਿਤੀ ਪਹਿਲੀ ਸਾਵਣ ਵਦੀ 3, ਸੰਮਤ 1797 (1 ਜੁਲਾਈ 1740 ਈ.) ਨੂੰ ਗੁਰਬਖਸ਼ ਸਿੰਘ ਸਿੱਖ ਆਪਣੀ ਚਿੱਠੀ ਵਿਚ ਕੀਤੇ ਫ਼ਰਦ ਇਕਰਾਰ ਮੁਤਾਬਕ ਰਾਇ ਹਰਪ੍ਰਸਾਦ ਦੇ ਰਾਹੀਂ ਆਇਆ ਉਸ ਨੂੰ ਫ਼ਰਦ ਕਰਾਰ ਦਸਤਖਤੀ ਵੈਸਾਖ ਸੁਦੀ 12 ਸੰਮਤ 1796 (9 ਮਈ 1739 ਈ.) ਅਨੁਸਾਰ ਖਰਚ ਲਈ 50 ਰੁ. ਦਿੱਤੇ ਗਏ। (ਉਹ) ਸਿੱਖਾਂ ਵੱਲੋਂ ਆਇਆ।[4]

---

[4] **ਦਸਤੂਰ ਕੌਮਵਾਰ**, ਕਿਤਾਬ ਨੰ. 17, ਪੰਨੇ 681-82.

ਮਿਤੀ ਫੱਗਣ ਵਦੀ 2 ਸੰਮਤ 1798 (10 ਫਰਵਰੀ 1742 ਈ.) ਨੂੰ ਗੁਰਬਖਸ਼ ਸਿੰਘ ਸਿੱਖ ਜੋ ਸਿੱਖਾਂ ਵੱਲੋਂ ਡੋਲ ਖਰਚ ਲਈ ਹਜ਼ੂਰ ਆਇਆ, ਉਸ ਨੂੰ 500 ਸਵਾਰ ਅਤੇ 500 ਬਰਕੰਦਾਜ਼ (ਬੰਦੂਕਚੀ) ਲੈਣ ਲਈ ਫੇਰ ਭੇਜਿਆ। ਇਸ ਸਬੰਧੀ ਮੱਘਰ ਵਦੀ 4 ਸੰਮਤ 1897 (13 ਨਵੰਬਰ 1840 ਈ.) ਨੂੰ ਹੋਏ ਹੁਕਮ ਮੁਤਾਬਕ ਉਸ ਨੂੰ ਖਰਚ ਲਈ 100 ਰੁ. ਦਿੱਤੇ ਗਏ।[5]

ਮਿਤੀ ਜੇਠ ਵਦੀ 6 ਸੰਮਤ 1801 (21-22 ਅਪ੍ਰੈਲ 1744 ਈ.) ਨੂੰ ਬਿਦਰਾ ਸਿੰਘ ਜਮੀਅਤਦਾਰ ਸਿੱਖ ਜੋ ਮੋਜਮ (ਮੁਅੱਜਮ) ਕੁਲੀ ਵਗੈਰਾ ਨਾਲ ਹਮਰਾਹੀ ਹੋ ਕੇ ਆਇਆ, (ਉਨ੍ਹਾਂ) ਨੂੰ ਅਜਰੂਯ ਮਿਹਰਬਾਨੀ ਸਹਿਤ ਪੌਣੇ 49 ਰੁ. ਕੀਮਤ ਦੇ 3 ਥਾਨ ਸਰੋਪੇ ਦੇ ਦਿੱਤੇ ਗਏ ਜਿਸ ਵਿਚ ਉਪਰੋਕਤ ਭੱਦਰਪੁਰਸ਼ ਦਾ ਸਰੋਪਾ ਵੀ ਸ਼ਾਮਿਲ ਹੈ।[6]

ਮਿਤੀ ਜੇਠ ਵਦੀ 6 ਸੰਮਤ 1810 (10 ਮਈ 1753 ਈ.) ਨੂੰ ਮੀਰ ਸਿੰਘ ਜਮੀਅਤਦਾਰ ਸਿੱਖ ਜੋ ਮੋਜਮ (ਮੁਅੱਜਮ) ਕੁਲੀ ਵਗੈਰਾ ਨਾਲ ਹਮਰਾਹੀ ਹੋ ਕੇ ਆਇਆ ਨੂੰ ਘਾਟਾ ਵਾਧਾ ਦਿੱਤਾ ਗਿਆ। ਉਨ੍ਹਾਂ ਨੂੰ ਅਜਰੂਯ ਮਿਹਰਬਾਨੀ ਸਹਿਤ ਪੌਣੇ 49 ਰੁ. ਕੀਮਤ ਦੇ 3 ਥਾਨ ਸਰੋਪੇ ਦੇ ਦਿੱਤੇ ਗਏ ਜਿਸ ਵਿਚ ਉਪਰੋਕਤ ਭੱਦਰਪੁਰਸ਼ ਦਾ ਸਰੋਪਾ ਵੀ ਸ਼ਾਮਿਲ ਹੈ।[7]

ਚੇਤ ਵਦੀ 9, ਚੇਤ 6 ਨੂੰ ਦਰਜ ਕੀਤਾ ਗਿਆ ਕਿ ਚੇਤ ਵਦੀ 6 ਸੰਮਤ 1822 (13 ਮਾਰਚ 1765 ਈ.) ਨੂੰ ਸਿੱਖਾਂ ਦੇ ਵਕੀਲਾਂ ਬਖਤ ਸਿੰਘ ਵਗੈਰਾ ਦੀ ਮੇਜ਼ਬਾਨੀ ਲਈ 200 ਰੁ. ਨਕਦ ਖਰਚ ਲਈ ਅਤੇ 19 ਰੁ. 2 ਮਣ ਸੀਰਨੀ ਦੇ ਲਈ ਦਿੱਤੇ ਗਏ। ਇਸ ਸਮੇਂ ਜੈਪੁਰ ਵੱਲੋਂ ਸਿੱਖਾਂ ਦੇ ਵਕੀਲਾਂ ਸਬੰਧੀ ਕੁੱਲ 219 ਰੁ. ਖਰਚ ਕੀਤੇ ਗਏ।[8]

ਭਾਦਰੋਂ ਵਦੀ 8 ਨੂੰ ਦਰਜ ਕੀਤਾ ਗਿਆ ਕਿ ਚੇਤ ਸੁਦੀ 2, 14 ਚੇਤ ਸੰਮਤ 1822 (23 ਮਾਰਚ 1765 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਦੇ ਵਕੀਲ ਅਮੋਲਕ ਰਾਮ ਨੂੰ ਵਿਦਾਇਗੀ ਵਜੋਂ ਸਵਾ 63 ਰੁ. ਕੀਮਤ ਦੇ 2 ਥਾਨ ਖਿਰਮਾ[9] ਪੱਛਮੀ ਬੂਟੇਦਾਰ ਦੇ ਦਿੱਤੇ ਗਏ।[10]

---

5 ਉਹੀ, ਕਿਤਾਬ ਨੰ. 17, ਪੰਨਾ 682.
6 ਉਹੀ, ਕਿਤਾਬ ਨੰ. 17, ਪੰਨਾ 734.
7 ਉਹੀ, ਕਿਤਾਬ ਨੰ. 17, ਪੰਨਾ 747.
8 ਉਹੀ, ਪੰਨਾ 341.
9 ਉੱਤਮ ਸ਼ਰੇਣੀ ਦਾ ਖਾਸ ਵਸਤਰ।
10 ਉਕਤ, ਪੰਨਾ 339.

ਪਹਿਲੀ ਚੇਤ, ਚੇਤ ਸੁਦੀ 4 ਸੰਮਤ 1822 (25 ਮਾਰਚ 1765 ਈ.) ਨੂੰ ਦਰਜ ਕੀਤਾ ਗਿਆ ਕਿ ਜੈਪੁਰ ਦਰਬਾਰ ਵੱਲੋਂ ਸ. ਜੱਸਾ ਸਿੰਘ ਆਹਲੂਵਾਲੀਆ ਦੇ ਵਕੀਲਾਂ ਬਖਤ ਸਿੰਘ ਵਗੈਰਾ ਨੂੰ ਲਿਖਤ ਫ਼ਰਦ ਦਸਤਖਤੀ ਸਬੰਧੀ ਖਰਚ ਵਜੋਂ 400 ਰੁ. ਦਿੱਤੇ ਗਏ। ਫ਼ਰਦ ਵਿਚ ਨਾਮ ਨਹੀਂ ਪਾਇਆ ਗਿਆ।[11]

ਵੈਸਾਖ ਸੁਦੀ 6 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 12 ਅਤੇ 13 ਸੰਮਤ 1822 (17-18 ਅਪ੍ਰੈਲ 1765 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਅਮੋਲਕ ਰਾਮ (ਵਕੀਲ) ਦਿੱਲੀ ਦੇ ਨਵਾਬ ਨਜ਼ੀਬ (ਨਜ਼ੀਬੁਦੌਲਾ ਰੁਹੇਲਾ) ਨੂੰ ਮਿਲਕੇ ਮਹਾਰਾਜਾ ਜੈਪੁਰ ਕੋਲ ਆਇਆ, ਜਿਸ ਨੂੰ ਵਿਦਾਇਗੀ ਵਜੋਂ 100 ਰੁ. ਨਕਦ ਦਿੱਤੇ ਗਏ।[12]

ਵੈਸਾਖ ਸੁਦੀ 6 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 12 ਸੰਮਤ 1822 (17 ਅਪ੍ਰੈਲ 1765 ਈ.) ਨੂੰ ਵਕੀਲ ਬਾਲਕ ਰਾਮ ਨੂੰ ਸਰਕਾਰ (ਮਹਾਰਾਜਾ ਜੈਪੁਰ) ਦੀ ਤਰਫੋਂ ਸ. ਜੱਸਾ ਸਿੰਘ ਆਹਲੂਵਾਲੀਆ ਲਈ 100 ਰੁ. ਭੇਜਿਆ ਗਿਆ।[13]

ਜੇਠ ਸੁਦੀ 14 ਨੂੰ 'ਦਸਤੂਰ ਕੌਮਵਾਰ' ਵਿਚ ਦਰਜ ਕੀਤਾ ਗਿਆ ਕਿ ਜੇਠ ਸੁਦੀ 2 ਸੰਮਤ 1822 ਨੂੰ ਦੀਵਾਨ ਦੇਸ ਰਾਮ [ਰਾਜ][14] ਵੱਲੋਂ ਇਕ ਕਾਸਦ ਅੰਮ੍ਰਿਤਸਰ ਤੋਂ ਜੈਪੁਰ ਆਇਆ ਜਿਸ ਨੂੰ ਜੈਪੁਰ ਦਰਬਾਰ ਵੱਲੋਂ 5 ਰੁ. ਦਿੱਤੇ ਗਏ।[15]

ਹਾੜ ਸੁਦੀ 11 ਨੂੰ ਦਰਜ ਕੀਤਾ ਗਿਆ ਕਿ ਹਾੜ ਸੁਦੀ 8 ਸੰਮਤ 1822 (26 ਜੂਨ 1765 ਈ.) ਨੂੰ ਗਜ ਸਿੰਘ ਨੂੰ ਵਿਦਾਇਗੀ ਸਮੇਂ 50 ਰੁ. ਦਿਤੇ ਗਏ।[16]

ਹਾੜ ਵਦੀ 14 ਨੂੰ ਦਰਜ ਕੀਤਾ ਗਿਆ ਕਿ ਹਾੜ ਵਦੀ 13 ਸੰਮਤ 1822 (16 ਜੂਨ 1765 ਈ.) ਨੂੰ ਸਿੱਖਾਂ ਦਾ ਵਕੀਲਾਂ ਗੁੱਜਰ ਮੱਲ ਅਤੇ ਸੌਂਧੇ ਖਾਂ ਨੂੰ 100 ਰੁ. ਖਰਚ ਦੇ ਦਿੱਤੇ ਗਏ, ਜਿਸ ਵਿਚੋਂ 50 ਰੁ. ਗੁੱਜਰ ਮੱਲ ਨੂੰ ਦਿੱਤੇ ਗਏ।[17]

---

11 ਉਹੀ, ਪੰਨਾ 341.

12 ਉਹੀ, ਪੰਨਾ 339.

13 ਉਹੀ, ਪੰਨੇ 343-345.

14 ਇਹ ਦੀਵਾਨ ਭਾਈ ਦੇਸ ਰਾਮ (ਦੇਸ ਰਾਜ) ਪਿੰਡ ਸੁਰਸਿੰਘ ਨਿਵਾਸੀ ਸੀ ਜਿਸ ਦੀ ਸੇਵਾ ਖਾਲਸੇ ਨੇ ਅਹਿਮਦ ਸ਼ਾਹ ਅਬਦਾਲੀ ਵੱਲੋਂ 1762 ਈ. ਵਿਚ ਢਾਹੇ ਗਏ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਅਤੇ ਸਰੋਵਰ ਆਦਿ ਦਾ ਦੁਬਾਰਾ ਨਿਰਮਾਣ ਕਰਵਾਉਣ ਲਈ ਲਗਾਈ ਸੀ। ਦੇਖੋ: ਕਰਮ ਸਿੰਘ (ਹਿਸਟੋਰੀਅਨ), **ਤਵਾਰੀਖ ਅੰਮ੍ਰਿਤਸਰ**, ਪੰਨਾ 20.

15 ਉਹੀ, ਪੰਨਾ 358.

16 ਉਹੀ, ਕਿਤਾਬ ਨੰ. 32, ਪੰਨਾ 339.

17 ਉਹੀ, ਪੰਨਾ 335.

ਹਾੜ ਵਦੀ 14 ਨੂੰ ਦਰਜ ਕੀਤਾ ਗਿਆ ਕਿ ਹਾੜ ਵਦੀ 13 ਸੰਮਤ 1822 (16 ਜੂਨ 1765 ਈ.) ਨੂੰ ਸਿੱਖਾਂ ਦਾ ਵਕੀਲਾਂ ਗੁੱਜਰ ਮੱਲ ਅਤੇ ਸੌਂਧੇ ਖਾਂ ਨੂੰ 100 ਰੁ. ਖਰਚ ਦੇ ਦਿੱਤੇ ਗਏ, ਜਿਸ ਵਿਚੋਂ 50 ਰੁ. ਸੌਂ  ਖਾਂ ਨੂੰ ਦਿੱਤੇ ਗਏ।[18]

ਭਾਦਰੋਂ ਵਦੀ 8 ਨੂੰ ਦਰਜ ਕੀਤਾ ਗਿਆ ਕਿ ਹਾੜ ਸੁਦੀ 6 ਸੰਮਤ 1822 (24 ਜੂਨ 1765 ਈ.) ਨੂੰ ਦਸੌਧਾ ਸਿੰਘ[19] ਨੂੰ ਵਿਦਾਇਗੀ ਵਜੋਂ 2 ਥਾਨ ਥਿਰਮਾ ਪੱਛਮੀ ਕੱਪੜੇ ਦੇ ਦਿੱਤੇ ਗਏ ਜਿਨ੍ਹਾਂ ਵਿਚੋਂ 1 ਥਾਨ ਦੀ ਕੀਮਤ ਸਵਾ 27 ਰੁ. ਸੀ, ਦੋਵੇਂ ਥਾਨਾਂ ਦੀ ਕੁੱਲ ਕੀਮਤ ਸਾਢੇ 48 ਰੁ. ਸੀ।[20]

ਭਾਦਰੋਂ ਵਦੀ 8 ਨੂੰ ਦਰਜ ਕੀਤਾ ਗਿਆ ਕਿ ਹਾੜ ਸੁਦੀ 6 ਸੰਮਤ 1822 (24 ਜੂਨ 1765 ਈ.) ਨੂੰ ਗੁਲਾਬ ਸਿੰਘ [21] ਨੂੰ ਵਿਦਾਇਗੀ ਵਜੋਂ 1 ਥਾਨ ਥਿਰਮਾ ਪੱਛਮੀ ਬੂਟੇਦਾਰ ਕੱਪੜੇ ਦਾ ਦਿੱਤਾ ਗਿਆ ਜਿਸ ਦੀ ਕੀਮਤ 22 ਰੁ. ਸੀ।[22]

'ਹਾੜ ਸੁਦੀ 11 ਨੂੰ ਦਰਜ ਕੀਤਾ ਗਿਆ ਕਿ ਹਾੜ ਸੁਦੀ 8 ਸੰਮਤ 1822 (26 ਜੂਨ 1765 ਈ.) ਨੂੰ ਸ. ਗੁਲਾਬ ਸਿੰਘ ਨੂੰ ਵਿਦਾਇਗੀ ਸਮੇਂ 50 ਰੁ. ਦਿੱਤੇ ਗਏ।[23]

ਹਾੜ ਸੁਦੀ 11 ਨੂੰ ਦਰਜ ਕੀਤਾ ਗਿਆ ਕਿ ਹਾੜ ਸੁਦੀ 8 ਸੰਮਤ 1822 (26 ਜੂਨ 1765 ਈ.) ਨੂੰ 500 ਰੁ. ਹੋਰ ਖਰਚ ਹੋਏ ਜਿਸ ਵਿਚੋਂ ਵਕੀਲ ਬਖਤ ਸਿੰਘ ਨੂੰ 220 ਰੁ. 220 ਰੁ. ਸਾਹਿਬ ਸਿੰਘ ਨੂੰ ਅਤੇ 60 ਰੁ. ਨੰਦ ਸਿੰਘ ਨੂੰ ਦਿੱਤੇ ਗਏ।[24]

ਹਾੜ ਸੁਦੀ 11 ਨੂੰ ਦਰਜ ਕੀਤਾ ਗਿਆ ਕਿ ਹਾੜ ਸੁਦੀ 8 ਸੰਮਤ 1822 (26 ਜੂਨ 1765 ਈ.) ਨੂੰ ਦਸੌਂਧਾ ਸਿੰਘ ਨੂੰ ਵਿਦਾਇਗੀ ਸਮੇਂ 100 ਰੁ. ਦਿੱਤੇ ਗਏ।[25]

---

18 ਉਹੀ, ਪੰਨਾ 346.
19 ਦਸੌਧਾ ਸਿੰਘ ਨਿਸ਼ਾਨਵਾਲੀਆ ਮਿਸਲ ਦਾ ਮੋਢੀ ਸੀ। ਵੇਖੋ: Bhagat Singh , *A History Of The Sikh Misals,* pp. 233, 263.
20 ਦਸਤੂਰ ਕੌਮਵਾਰ, ਪੰਨਾ 353.
21 ਸ. ਗੁਲਾਬ ਸਿੰਘ ਡੱਲੇਵਾਲੀਆ ਮਿਸਲ ਦਾ ਮੋਢੀ ਸੀ। ਦੇਖੋ: Bhagat Singh, *op. cit.,* pp. 228-229.
22 ਦਸਤੂਰ ਕੌਮਵਾਰ, ਪੰਨਾ 340.
23 ਉਹੀ, ਪੰਨਾ 339.
24 ਉਹੀ, ਪੰਨਾ 341.
25 ਉਹੀ, ਪੰਨਾ 353.

ਸਾਵਣ ਵਦੀ 9 ਨੂੰ ਦਰਜ ਕੀਤਾ ਗਿਆ ਕਿ ਸਾਵਣ ਵਦੀ 6 ਸੰਮਤ 1822 (8 ਜੁਲਾਈ 1765 ਈ.) ਨੂੰ ਸਿੱਖਾਂ ਵੱਲੋਂ ਛੱਜੂ ਖਾਂ ਚੋਬਦਾਰ ਮਹਾਰਾਜਾ ਜੈਪੁਰ ਦੇ ਹਜ਼ੂਰ ਆਇਆ, ਉਸ ਨੂੰ 10 ਰੁ. ਦਿੱਤੇ ਗਏ।[26]

ਅੱਸੂ ਸੁਦੀ 12 ਸੰਮਤ 1822 (26 ਸਤੰਬਰ 1765 ਈ.) ਨੂੰ ਸਿੱਖਾਂ ਦੇ ਵਕੀਲ ਬਖਤ ਸਿੰਘ ਨੂੰ ਜੈਪੁਰ ਦੇ ਰਾਵ ਸਹਿਜ ਸਿੰਘ ਰਾਹੀਂ ਵਿਦਾਇਗੀ ਵਜੋਂ 24 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ ਦਾ ਬਖਸ਼ਿਆ ਗਿਆ।[27]

ਪੋਹ ਸੁਦੀ 15 ਸੰਮਤ 1822 (27 ਦਸੰਬਰ 1765 ਈ.) ਨੂੰ ਦੀਵਾਨ ਮਹੇਸ਼ ਦਾਸ ਦਾ ਦੀਵਾਨ ਕੋਕਾ ਸਿੰਘ ਜੈਪੁਰ ਆਇਆ ਜਿਸ ਨੂੰ ਆਰਤ ਰਾਮ ਖਿੱਦੂ ਰਾਹੀਂ 5 ਰੁ. ਦਿੱਤੇ ਗਏ।[28]

ਚੇਤ ਵਦੀ 6 ਸੰਮਤ 1823 (2 ਮਾਰਚ 1766 ਈ.) ਨੂੰ ਦਰਜ ਕੀਤਾ ਗਿਆ ਕਿ ਮਾਘ ਵਦੀ 13 [ਸੰਮਤ 1822 (9 ਜਨਵਰੀ 1766 ਈ.] ਨੂੰ ਸਿੱਖਾਂ ਨੂੰ ਮੇਜ਼ਬਾਨੀ ਲਈ ਸਾਢੇ 56 ਰੁ. ਖਾਲਸੇ ਦੇ ਦੀਵਾਨ ਮਹੇਸ਼ ਦਾਸ ਨੂੰ ਭੇਜੇ ਗਏ, ਜਿਸ ਵਿਚ 50 ਰੁ. ਨਕਦ ਅਤੇ ਸਾਢੇ 6 ਰੁ. ਸਵਾ ਮਣ ਮਠਿਆਈ ਦੇ ਸਨ।[29]

ਮਾਘ ਸੁਦੀ 12 ਨੂੰ ਦਰਜ ਕੀਤਾ ਗਿਆ ਕਿ ਮਾਘ ਸੁਦੀ 9 ਸੰਮਤ 1822 (19 ਜਨਵਰੀ 1766 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਆਏ ਬਾਲਕ ਰਾਮ ਨੂੰ ਜੈਪੁਰ ਦਰਬਾਰ ਵੱਲੋਂ 50 ਰੁ. ਦਿੱਤੇ ਗਏ।[30]

ਮਾਘ ਸੁਦੀ 12 ਨੂੰ ਦਰਜ ਕੀਤਾ ਗਿਆ ਕਿ ਮਾਘ ਸੁਦੀ 9 ਸੰਮਤ 1822 (19 ਜਨਵਰੀ 1766 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਦੇ ਵਕੀਲ ਮੁਨਸ਼ੀ ਮਨਸੁਖ ਰਾਏ ਨੂੰ ਰਾਮ ਕਿਸ਼ਨ ਰਾਹੀਂ ਸਰੋਪੇ ਦੇ 50 ਰੁ. ਭੇਜੇ ਗਏ।[31]

---

[26] ਉਹੀ, ਪੰਨਾ 331.
[27] ਉਹੀ, ਪੰਨਾ 341.
[28] ਉਹੀ, ਪੰਨਾ 378.
[29] ਉਹੀ, ਪੰਨੇ 375-376.
[30] ਉਹੀ, ਪੰਨਾ 343.
[31] ਉਹੀ, ਪੰਨਾ 344.

ਫੱਗਣ ਸੁਦੀ 14 ਨੂੰ ਦਰਜ ਕੀਤਾ ਗਿਆ ਕਿ ਮਿਤੀ ਫੱਗਣ ਸੁਦੀ 1 ਸੰਮਤ 1822 (10 ਫਰਵਰੀ 1766 ਈ.) ਨੂੰ ਸਿੱਖਾਂ ਵੱਲੋਂ ਆਏ ਸਿਉ ਦਾਸ (ਸ਼ਿਵ ਦਾਸ) ਨੂੰ 50 ਰੁ. ਦਿੱਤੇ ਗਏ।[32]

ਚੇਤ ਸੁਦੀ 15 ਸੰਮਤ 1823 (26 ਮਾਰਚ 1766 ਈ.) ਨੂੰ ਖਾਲਸੇ ਦੇ ਦੀਵਾਨ ਮਹੇਸ਼ ਦਾਸ ਨੂੰ ਵਿਦਾਇਗੀ ਸਮੇਂ ਰਾਜਾ ਹਰਸਹਾਇ ਦੀ ਪ੍ਰਵਾਨਗੀ ਨਾਲ 200 ਰੁ. ਨਕਦ ਦਿੱਤੇ ਗਏ।[33]

ਜੇਠ ਸੁਦੀ 15 ਸੰਮਤ 1823 (15 ਜੂਨ 1766 ਈ.) ਨੂੰ ਦਰਜ ਕੀਤਾ ਗਿਆ ਕਿ ਚੇਤ ਸੁਦੀ 9 ਸੰਮਤ 1823 ਨੂੰ ਦੀਵਾਨ ਮਹੇਸ਼ ਦਾਸ ਵੱਲੋਂ ਕਾਸਦਾਂ ਦੀ 1 ਜੋੜੀ ਕਾਗਜ ਲੈ ਕੇ ਆਈ। ਉਨ੍ਹਾਂ ਨੂੰ 25 ਰੁ. ਦਿੱਤੇ ਗਏ।[34]

ਹਾੜ ਵਦੀ 13 ਸੰਮਤ 1823 (4 ਜੁਲਾਈ 1766 ਈ.) ਨੂੰ ਦਸਤਖਤੀ ਫ਼ਰਦ ਸਬੰਧੀ ਬਖਤ ਸਿੰਘ ਵਕੀਲ ਨੂੰ 400 ਰੁ. ਖਰਚ ਵਜੋਂ ਦਿੱਤੇ ਗਏ।[35]

ਹਾੜ ਵਦੀ 14 ਸੰਮਤ 1823 (5 ਜੁਲਾਈ 1766 ਈ.) ਨੂੰ ਦਸਤਖਤੀ ਫ਼ਰਦ ਸਬੰਧੀ ਜੈਪੁਰ ਵੱਲੋਂ ਸ. ਜੱਸਾ ਸਿੰਘ ਆਹਲੂਵਾਲੀਆ ਦੇ ਵਕੀਲ ਗੁੱਜਰ ਮੱਲ ਨੂੰ 300 ਰੁ. ਵਿਚੋਂ 150 ਰੁ. ਦਿੱਤੇ ਗਏ ਅਤੇ ਜਿਸ ਵਿਚੋਂ 150 ਰੁ. ਬਾਕੀ ਰਹਿ ਗਏ।[36]

ਹਾੜ ਸੁਦੀ 14 ਸੰਮਤ 1823 (21 ਜੁਲਾਈ 1766 ਈ.) ਨੂੰ ਫ਼ਰਦ ਸਬੰਧੀ ਦੀਵਾਨ ਮਹੇਸ਼ ਦਾਸ ਨੂੰ 1000 ਰੁ. ਖਰਚ ਦੇ ਜੈਪੁਰ ਵੱਲੋਂ ਦਿੱਤੇ ਗਏ।[37]

ਸਾਵਣ ਸੁਦੀ 9 ਸੰਮਤ 1823 (14 ਅਗਸਤ 1766 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਭੇਜੇ ਹਰਕਾਰੇ ਨੂੰ 13 ਰੁ. ਇਨਾਮ ਦਿੱਤਾ ਗਿਆ।[38]

---

32 ਉਹੀ, ਪੰਨਾ 395.
33 ਉਹੀ, ਪੰਨਾ 376.
34 ਉਹੀ, ਪੰਨਾ 379.
35 ਉਹੀ, ਪੰਨਾ 342.
36 ਉਹੀ, ਪੰਨਾ 346.
37 ਉਹੀ, ਪੰਨਾ 376.
38 ਉਹੀ, ਪੰਨਾ 335.

ਕੱਤਕ ਸੁਦੀ 5 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਵਦੀ 10 ਸੰਮਤ 1823 (29 ਅਗਸਤ 1766 ਈ.) ਨੂੰ ਸਿੱਖਾਂ ਦੇ ਮੁਨਸ਼ੀ ਮਨਸੁਖ ਰਾਏ ਨੂੰ 25 ਰੁ. ਕੀਮਤ ਦਾ 1 ਥਾਨ ਪੱਟ ਸਿਕਲਾਤੀ (ਮਖਮਲੀ ਰੇਸ਼ਮ) ਅਤੇ ਸਾਢੇ 8 ਰੁ. ਕੀਮਤ ਦਾ 1 ਥਾਨ ਚੀਰਾ ਰੰਗੀਨ ਲਹਿਰੀਆ ਕਿਰਕਰਾਖਾਨੇ ਵਿਚੋਂ ਦਿੱਤੇ ਗਏ।[39]

ਕੱਤਕ ਸੁਦੀ 5 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਵਦੀ 10 ਸੰਮਤ 1823 (29 ਅਗਸਤ 1766 ਈ.) ਨੂੰ ਖਾਲਸੇ ਦੇ ਦੀਵਾਨ ਮਹੇਸ਼ ਦਾਸ ਦੀਵਾਨ ਵੱਲ ਜੈਪੁਰ ਵੱਲੋਂ ਕੱਪੜੇ ਦੇ 4 ਥਾਨ ਜਿਨ੍ਹਾਂ ਵਿਚ ਸਵਾ 35 ਰੁ. ਕੀਮਤ ਦਾ 1 ਥਾਨ ਮਸਰੂ ਬੂਟੇਦਾਰ, ਸਵਾ 10 ਰੁ. ਦਾ ਚੀਰਾ ਰੰਗੀਨ 1 ਥਾਨ ਅਤੇ 20 ਰੁ. ਦੇ 2 ਥਾਨ ਛੀਂਟ ਦੇ ਸਨ, ਨਰ ਸਿੰਘ ਦਾਸ ਰਾਹੀਂ ਭੇਜੇ ਗਏ।[40]

ਕੱਤਕ ਸੁਦੀ 5 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਵਦੀ 10 ਸੰਮਤ 1823 (29 ਅਗਸਤ 1766 ਈ.) ਨੂੰ ਜੈਪੁਰ ਦਰਬਾਰ ਵੱਲੋਂ ਸ. ਜੱਸਾ ਸਿੰਘ ਆਹਲੂਵਾਲੀਆ ਵੱਲ ਨਰ ਸਿੰਘ ਦਾਸ ਦੇ ਰਾਹੀਂ 18 ਥਾਨ ਵੱਖ-ਵੱਖ ਤਰ੍ਹਾਂ ਦੇ ਕੱਪੜੇ ਦੇ ਭੇਜੇ ਗਏ, ਜਿਨ੍ਹਾਂ ਵਿਚ 110 ਰੁ. ਕੀਮਤ ਦੇ 8 ਥਾਨ ਸ਼ੀਂਟ ਦੇ, ਸਵਾ 81 ਰੁ. ਦੇ 4 ਥਾਨ ਮਸਰੂ ਬੂਟੇਦਾਰ ਦੇ, 2 ਥਾਨ ਪੱਟ ਸਿਕਲਾਤੀ (ਮਖਮਲੀ ਰੇਸ਼ਮ) ਦੇ ਜਿਸ ਦੀ ਕੀਮਤ ਸਾਢੇ 74 ਰੁ. ਅਤੇ 4 ਥਾਨ ਚੀਰਾ ਰੰਗੀਨ ਲਹਿਰੀਆ (ਇਕ ਕਿਸਮ ਦੀ ਪੱਗ) ਜਿਸ ਦੀ ਕੀਮਤ ਪੌਣੇ 51 ਰੁ. ਸੀ।[41]

ਕੱਤਕ ਸੁਦੀ 5 ਸੰਮਤ 1823 (7 ਨਵੰਬਰ 1766 ਈ.) ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਵਦੀ 10 ਸੰਮਤ 1823 (29 ਅਗਸਤ 1766 ਈ.) ਨੂੰ ਸ. ਸ਼ਾਮ ਸਿੰਘ ਨੂੰ ਨਰ ਸਿੰਘ ਦਾਸ ਰਾਹੀਂ ਜੈਪੁਰ ਦਰਬਾਰ ਦੇ ਕਿਰਕਰਾਖਾਨੇ ਵਿਚੋਂ 19 ਥਾਨ ਕੱਪੜੇ ਦੇ ਭੇਜੇ ਗਏ, ਜਿਸ ਵਿਚ 177 ਰੁ. ਦੇ 4 ਥਾਨ ਮਸਰੂ ਬੂਟੇਦਾਰ, ਸਾਢੇ 89 ਰੁ. ਕੀਮਤ ਦੇ 3 ਥਾਨ ਪੱਟ ਸਿਕਲਾਤੀ (ਮਖਮਲੀ ਰੇਸ਼ਮ), 101 ਰੁ. ਕੀਮਤ ਦੇ 8 ਥਾਨ ਛੀਂਟ ਦੇ ਅਤੇ 58 ਰੁ. ਕੀਮਤ ਦਾ 4 ਥਾਨ ਚੀਰਾ ਰੰਗੀਨ ਲਹਿਰੀਆ ਦੇ ਸਨ।[42]

---

[39] ਉਹੀ, ਪੰਨਾ 344.
[40] ਉਹੀ, ਪੰਨਾ 375.
[41] ਉਹੀ, ਪੰਨਾ 333.
[42] ਉਹੀ, ਪੰਨਾ 392.

'ਦਸਤੂਰ ਕੌਮਵਾਰ' ਵਿਚ ਕੱਤਕ ਸੁਦੀ 5 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਵਦੀ 10 ਸੰਮਤ 1823 (29 ਅਗਸਤ 1766 ਈ.) ਨੂੰ ਸਦਾ ਸਿੰਘ[43] ਨੂੰ 4 ਥਾਨ ਕੱਪੜੇ ਦੇ ਦਿੱਤੇ ਗਏ ਜਿਨ੍ਹਾਂ ਵਿਚ 101 ਰੁ. ਕੀਮਤ ਦੇ 2 ਥਾਨ ਮਸਰੂ, ਸਾਢੇ 25 ਰੁ. ਕੀਮਤ ਦਾ 1 ਥਾਨ ਪੱਟ ਸਿਕਲਾਤੀ (ਮਖਮਲੀ ਰੇਸ਼ਮ) ਅਤੇ 10 ਰੁ. ਕੀਮਤ ਦਾ 1 ਥਾਨ ਛੀਂਟ ਕਿਰਕਰਾ ਖਾਨੇ ਵਿਚੋਂ ਦਿੱਤੇ ਗਏ।[44]

ਕੱਤਕ ਸੁਦੀ 5 ਸੰਮਤ 1823 (7 ਨਵੰਬਰ 1766 ਈ.) ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਸੁਦੀ 10 ਸੰਮਤ 1823 (14 ਸਤੰਬਰ 1766 ਈ.) ਨੂੰ ਨਰ ਸਿੰਘ ਦਾਸ ਦੇ ਰਾਹੀਂ ਵਕੀਲ ਸੋਹਲ ਸਿੰਘ ਨੂੰ 2 ਥਾਨ ਕੱਪੜੇ ਦੇ ਭੇਜੇ ਗਏ, ਜਿਸ ਵਿਚ 24 ਰੁ. ਕੀਮਤ ਦਾ 1 ਥਾਨ ਪੱਟ ਸਿਕਲਾਤੀ (ਮਖਮਲੀ ਰੇਸ਼ਮ) ਅਤੇ 10 ਰੁ. ਕੀਮਤ ਦਾ 1 ਥਾਨ ਛੀਂਟ ਦਾ ਸਨ।[45]

ਕੱਤਕ ਸੁਦੀ 5 ਸੰਮਤ 1823 (7 ਨਵੰਬਰ 1766 ਈ.) ਨੂੰ ਵਿਦਾਇਗੀ ਸਮੇਂ ਦਸਤਖਤੀ ਫ਼ਰਦ ਇਕਰਾਰ ਸਬੰਧੀ ਬਖਤ ਸਿੰਘ ਵਕੀਲ ਨੂੰ ਖਰਚ ਦੇ 300 ਰੁ. ਜੈਪੁਰ ਵੱਲੋਂ ਦਿੱਤੇ ਗਏ ।[46]

ਕੱਤਕ ਸੁਦੀ 5 ਸੰਮਤ 1823 (7 ਨਵੰਬਰ 1766 ਈ.) ਨੂੰ ਦਸਤਖਤੀ ਫ਼ਰਦ ਇਕਰਾਰ ਸਬੰਧੀ ਸਿੱਖਾਂ ਦੇ ਵਕੀਲ ਸੌਧੇ ਖਾਂ ਨੂੰ ਖਰਚ ਦੇ 100 ਰੁ. ਵਿਦਾਇਗੀ ਸਮੇਂ ਜੈਪੁਰ ਵੱਲੋਂ ਦਿੱਤੇ ਗਏ।[47]

ਕੱਤਕ ਸੁਦੀ 5 ਸੰਮਤ 1823 (7 ਨਵੰਬਰ 1766 ਈ.) ਨੂੰ ਦਸਤਖਤੀ ਫ਼ਰਦ ਇਕਰਾਰ ਸਬੰਧੀ ਸਿੱਖਾਂ ਦੇ ਵਕੀਲ ਗੁੱਜ਼ਰ ਮੱਲ ਨੂੰ ਖਰਚ ਦੇ 100 ਰੁ. ਵਿਦਾਇਗੀ ਸਮੇਂ ਜੈਪੁਰ ਵੱਲੋਂ ਦਿੱਤੇ ਗਏ।[48]

---

43 ਸਦਾ ਸਿੰਘ ਪੈਜਗੜੀਆ, ਡੱਲੇਵਾਲੀਆ ਮਿਸਲ ਦਾ ਇਕ ਸਰਦਾਰ ਸੀ।
44 ਉਕਤ, ਪੰਨਾ 390.
45 ਉਹੀ, ਪੰਨਾ 389.
46 ਉਹੀ, ਪੰਨਾ 342.
47 ਉਹੀ, ਪੰਨਾ 346.
48 ਉਹੀ, ਪੰਨੇ 336-337.

ਮਾਘ ਸੁਦੀ 6 ਨੂੰ ਦਰਜ ਕੀਤਾ ਗਿਆ ਕਿ ਮਾਘ ਸੁਦੀ 3 ਸੰਮਤ 1823 (1 ਫਰਵਰੀ 1767 ਈ.) ਨੂੰ ਸਿੱਖਾਂ ਦੇ ਦੀਵਾਨ ਮਹੇਸ਼ ਦਾਸ ਵੱਲੋਂ ਆਏ ਕਾਸਦ ਨੂੰ 7 ਰੁ. ਦਿੱਤੇ ਗਏ।[49]

ਮਾਘ ਸੁਦੀ 13 ਨੂੰ ਦਰਜ ਕੀਤਾ ਗਿਆ ਕਿ ਪੋਹ ਸੁਦੀ 9 ਸੰਮਤ 1823 (8 ਜਨਵਰੀ 1767 ਈ.) ਨੂੰ ਸਿੱਖਾਂ ਦੇ ਦੀਵਾਨ ਮਹੇਸ਼ ਦਾਸ ਵੱਲੋਂ ਆਏ ਕਾਸਦ ਨੂੰ 4 ਰੁ. ਦਿੱਤੇ ਗਏ।[50]

ਮਾਘ ਸੁਦੀ 13 ਸੰਮਤ 1823 (11 ਫਰਵਰੀ 1767 ਈ.) ਨੂੰ ਖੁਸ਼ਹਾਲ ਸਿੰਘ[51] ਅਤੇ ਤਾਰਾ ਸਿੰਘ[52] ਵੱਲੋਂ ਆਏ 1 ਚਾਕਰ ਅਤੇ 1 ਕਾਸਦ ਨੂੰ 10 ਰੁ. ਦਿੱਤੇ ਗਏ।[53]

ਸਾਵਣ ਸੁਦੀ 2 ਸੰਮਤ 1824 (21 ਜੁਲਾਈ 1767 ਈ.) ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 5 ਸੰਮਤ 1824 (19 ਅਪ੍ਰੈਲ 1767 ਈ.) ਨੂੰ ਵਕੀਲ ਸ਼ਿਵ ਦਾਸ ਨੂੰ ਵਿਦਾਇਗੀ ਸਮੇਂ 42 ਰੁ. ਦੇ ਥਿਰਮਾ ਪੱਛਮੀ ਬੂਟੇਦਾਰ ਦੇ 2 ਥਾਨ ਦਿੱਤੇ ਗਏ।[54]

ਮਿਤੀ 2 ਸਾਵਣ ਵਦੀ 14 ਸੰਮਤ 1824 (24 ਜੁਲਾਈ 1767 ਈ.) ਨੂੰ ਦਰਜ ਕੀਤਾ ਗਿਆ ਕਿ ਜੇਠ ਸੁਦੀ 5 ਸੰਮਤ 1824 ਨੂੰ ਉਮਰ ਸਿਆਹ (ਸ਼ਾਹ) ਚੋਬਦਾਰ ਮੇਜ਼ਬਾਨੀ ਦੇ ਮੁਕੱਰਰ ਕੀਤੇ ਸਬੰਧੀ 180 ਰੁ. ਨਕਦ ਅਤੇ 12 ਰੁ. ਦੀ ਪੌਣੇ 2 ਮਣ ਸੀਰਣੀ ਗੁੱਜ਼ਰ ਮੱਲ ਨੂੰ ਪਹੁੰਚਾਅ ਆਇਆ।[55]

'ਦਸਤੂਰ ਕੌਮਵਾਰ' ਵਿਚ ਮਿਤੀ 2 ਸਾਵਣ ਵਦੀ 14 ਸੰਮਤ 1824 (24 ਜੁਲਾਈ 1767 ਈ.) ਨੂੰ ਦਰਜ ਕੀਤਾ ਗਿਆ ਕਿ ਜੇਠ ਸੁਦੀ 5 ਸੰਮਤ 1824 ਨੂੰ ਉਮਰ ਸਿਆਹ (ਸ਼ਾਹ) ਚੋਬਦਾਰ ਮੇਜ਼ਬਾਨੀ ਦੇ ਮੁਕੱਰਰ ਕੀਤੇ ਸਬੰਧੀ 60 ਰੁ. ਨਕਦ ਅਤੇ 4 ਰੁ. ਦੀ ਸੀਰਣੀ ਵਕੀਲ ਸੌਂਧੇ ਖਾਂ ਨੂੰ ਪਹੁੰਚਾਅ ਆਇਆ।[56]

---

49 ਉਹੀ, ਪੰਨਾ 378.

50 ਉਹੀ, ਪੰਨਾ 379.

51 ਇਹ ਸਰਦਾਰ ਖੁਸ਼ਹਾਲ ਸਿੰਘ, ਸਿੰਘਪੁਰੀਆ ਮਿਸਲ ਦਾ ਮੁਖੀ ਜੋ ਨਵਾਬ ਕਪੂਰ ਸਿੰਘ ਦਾ ਭਤੀਜਾ ਸੀ ਅਤੇ ਉਨ੍ਹਾਂ ਪਿੱਛੋਂ ਸਿੰਘਪੁਰੀਆ ਮਿਸਲ ਦਾ ਸਰਦਾਰ ਬਣਿਆ ਸੀ।

52 ਇਹ ਤਾਰਾ ਸਿੰਘ 'ਗੈਬਾ' ਰਾਹੋਂ ਵਾਲਾ ਡੱਲੇਵਾਲੀਆ ਮਿਸਲ ਦਾ ਆਗੂ ਸੀ ਅਤੇ ਪੰਜਾਬ ਸਮੇਤ ਬਾਹਰਲੇ ਇਲਾਕਿਆਂ ਰਾਜਪੂਤਾਨੇ, ਭਰਤਪੁਰ, ਦਿੱਲੀ, ਯਮੁਨਾ ਦੁਆਬ ਆਦਿ ਵਿਚ ਖਾਲਸਾ ਦਲ ਦੀਆਂ ਮੁਹਿੰਮਾਂ ਵਿਚ ਪੂਰੀ ਤਰ੍ਹਾਂ ਸਰਗਰਮ ਸੀ।

53 ਦਸਤੂਰ ਕੌਮਵਾਰ, ਪੰਨਾ 323.

54 ਉਹੀ, ਪੰਨਾ 397.

55 ਉਹੀ, ਪੰਨਾ 338.

56 ਉਹੀ, ਪੰਨੇ 347-348.

'ਦਸਤੂਰ ਕੌਮਵਾਰ' ਵਿਚ ਮਿਤੀ 2 ਸਾਵਣ ਵਦੀ 14 ਸੰਮਤ 1824 (24 ਜੁਲਾਈ 1767 ਈ.) ਨੂੰ ਦਰਜ ਕੀਤਾ ਗਿਆ ਕਿ ਜੇਠ ਸੁਦੀ 5 ਸੰਮਤ 1824 ਨੂੰ ਉਮਰ ਸਿਆਹ (ਸ਼ਾਹ) ਚੋਬਦਾਰ ਮੇਜ਼ਬਾਨੀ ਦੇ ਮੁਕੱਰਰ ਕੀਤੇ ਸਬੰਧੀ 65 ਰੁ. ਨਕਦ ਅਤੇ ਸਾਢੇ 4 ਰੁ. ਦੀ ਸੀਰਣੀ ਦੀਵਾਨ ਮਹੇਸ਼ ਦਾਸ ਨੂੰ ਪਹੁੰਚਾਅ ਆਇਆ[57]

'ਦਸਤੂਰ ਕੌਮਵਾਰ' ਵਿਚ ਮਿਤੀ 2 ਸਾਵਣ ਵਦੀ 14 ਸੰਮਤ 1824 (24 ਜੁਲਾਈ 1767 ਈ.) ਨੂੰ ਦਰਜ ਕੀਤਾ ਗਿਆ ਕਿ ਜੇਠ ਸੁਦੀ 5 ਸੰਮਤ 1824 ਨੂੰ ਉਮਰ ਸਿਆਹ (ਸ਼ਾਹ) ਚੋਬਦਾਰ ਮੇਜ਼ਬਾਨੀ ਦੇ ਮੁਕੱਰਰ ਕੀਤੇ ਸਬੰਧੀ 20 ਰੁ. ਨਕਦ ਅਤੇ ਡੇਢ ਰੁ. ਦੀ ਸੀਰਣੀ ਸ਼ਿਵ ਦਾਸ ਨੂੰ ਪਹੁੰਚਾ ਆਇਆ।[58]

ਹਾੜ ਵਦੀ 14 ਸੰਮਤ 1824 (25 ਜੂਨ 1767 ਈ.) ਨੂੰ ਮਹਾਰਾਜਾ ਜੈਪੁਰ ਅਤੇ ਸਿੱਖ ਸਰਦਾਰਾਂ ਵੱਲੋਂ ਚਾਰ ਵਕੀਲਾਂ ਵਿਚਕਾਰ ਇਕ ਖਾਸ ਦਸਤਖਤੀ ਇਕਰਾਰਨਾਮਾ ਹੋਇਆ।ਇਸ ਫ਼ਰਦ ਵਿਚ ਨਾਵਾਂ ਤਫ਼ਸੀਲਵਾਰ ਨਹੀਂ ਸੀ ਲਿਖਿਆ ਗਿਆ ਇਸ ਲਈ ਸਿੱਖਾਂ ਦੇ ਵਕੀਲਾਂ ਗੁੱਜ਼ਰ ਮੱਲ, ਮਨਸੁਖ ਰਾਏ, ਮਹੇਸ਼ ਦਾਸ ਅਤੇ ਸ਼ਿਵ ਦਾਸ ਚਾਰਾਂ ਨੂੰ ਹਿਸਾਰ ਸੱਦ ਕੇ ਨਾਵਾਂ (ਇਕਰਾਰਨਾਮਾ) ਲਿਖਿਆ ਗਿਆ। ਇਸ ਸਮੇਂ ਜੈਪੁਰ ਵੱਲੋਂ 1000 ਰੁ. ਖਰਚ ਵਜੋਂ ਸਿੱਖਾਂ ਦੇ ਵਕੀਲਾਂ ਗੁੱਜ਼ਰ ਮੱਲ, ਮਨਸੁਖ ਰਾਏ, ਮਹੇਸ਼ ਦਾਸ, ਸ਼ਿਵ ਦਾਸ ਨੂੰ 250-250 ਰੁ. ਦਿੱਤੇ ਗਏ। ਇਸ ਸਮੇਂ ਵਕੀਲ ਗੁੱਜ਼ਰ ਮੱਲ ਨੂੰ 250 ਰੁ. ਦਿੱਤੇ ਗਏ।[59]

ਹਾੜ ਸੁਦੀ 3 ਸੰਮਤ 1824 (29 ਜੂਨ 1767 ਈ.) ਨੂੰ ਕਰਾਰ ਫ਼ਰਦ ਦਸਤਖਤੀ ਹਾੜ ਸੁਦੀ 14 ਸੰਮਤ 1824 ਸਬੰਧੀ ਸ਼ਿਵ ਦਾਸ ਨੂੰ ਕੁੱਲ 1000 ਰੁ. ਵਿਚੋਂ 250 ਰੁ. ਖਰਚ ਦੇ ਜੈਪੁਰ ਵੱਲੋਂ ਦਿੱਤੇ ਗਏ। ਇਹ ਫ਼ਰਦ ਤਫ਼ਸੀਲਵਾਰ ਨਹੀਂ ਸੀ ਲਿਖੀ ਗਈ ਇਸ ਲਈ ਹਿਸਾਰ ਸੱਦ ਕੇ ਨਾਵਾਂ (ਇਕਰਾਰਨਾਮਾ) ਲਿਖਿਆ ਗਿਆ।[60]

ਹਾੜ ਸੁਦੀ 3 ਸੰਮਤ 1824 (29 ਜੂਨ 1767 ਈ.) ਨੂੰ ਕਰਾਰ ਫ਼ਰਦ ਦਸਤਖਤੀ ਹਾੜ ਸੁਦੀ 14 ਸੰਮਤ 1824 (10 ਜੁਲਾਈ 1767 ਈ.) ਸਬੰਧੀ ਮਹੇਸ਼ ਦਾਸ ਨੂੰ ਕੁੱਲ 1000

---

57 ਉਹੀ, ਪੰਨਾ 377.
58 ਉਹੀ, ਪੰਨਾ 397.
59 ਉਹੀ, ਪੰਨੇ 337-338.
60 ਉਹੀ, ਪੰਨਾ 396.

ਰੁ. ਵਿਚੋਂ 250 ਰੁ. ਖਰਚ ਦੇ ਜੈਪੁਰ ਵੱਲੋਂ ਦਿੱਤੇ ਗਏ। ਇਹ ਫ਼ਰਦ ਤਫ਼ਸੀਲਵਾਰ ਨਹੀਂ ਸੀ ਲਿਖੀ ਗਈ ਇਸ ਲਈ ਉਸ ਨੂੰ ਹਿਸਾਰ ਸੱਦ ਕੇ ਨਾਵਾਂ (ਇਕਰਾਰਨਾਮਾ) ਲਿਖਿਆ ਗਿਆ।[61]

2 ਸਾਵਣ ਵਦੀ 3 ਨੂੰ ਦਰਜ ਕੀਤਾ ਗਿਆ ਕਿ ਹਾੜ ਸੁਦੀ 12 ਸੰਮਤ 1824 (8 ਜੁਲਾਈ 1767 ਈ.) ਨੂੰ ਖੁਸ਼ਹਾਲ ਸਿੰਘ ਵੱਲੋਂ ਆਏ ਕਾਸਦਾਂ ਦੀ ਜੋੜੀ ਨੂੰ 15 ਰੁ. ਦਿੱਤੇ ਗਏ।[62]

ਮਿਤੀ 2 ਸਾਵਣ ਵਦੀ 4 ਸੰਮਤ 1824 (15 ਜੁਲਾਈ 1767 ਈ.) ਨੂੰ ਫ਼ਰਦ ਦਸਤਖਤੀ ਕਰਾਰ ਮਿਤੀ ਸਾਵਣ ਵਦੀ 3 ਸੰਮਤ 1824 ਨੂੰ ਸਮੇਂ 1000 ਰੁ. ਕੁੱਲ ਖਰਚ ਵਿਚੋਂ ਗੁੱਜਰ ਮੱਲ ਵਕੀਲ ਨੂੰ 250 ਰੁ. ਦਿੱਤੇ ਗਏ।[63]

ਮਿਤੀ 2 ਸਾਵਣ ਵਦੀ 4 ਸੰਮਤ 1824 (15 ਜੁਲਾਈ 1767 ਈ.) ਨੂੰ ਫ਼ਰਦ ਦਸਤਖਤੀ ਕਰਾਰ ਮਿਤੀ ਸਾਵਣ ਵਦੀ 3 ਸੰਮਤ 1824 ਨੂੰ ਸਮੇਂ 1000 ਰੁ. ਕੁੱਲ ਖਰਚ ਵਿਚੋਂ ਮਨਸੁਖ ਰਾਏ ਨੂੰ 250 ਰੁ. ਦਿੱਤੇ ਗਏ।[64]

ਮਿਤੀ 2 ਸਾਵਣ ਵਦੀ 4 ਸੰਮਤ 1824 (15 ਜੁਲਾਈ 1767 ਈ.) ਨੂੰ ਫ਼ਰਦ ਦਸਤਖਤੀ ਕਰਾਰ ਮਿਤੀ ਸਾਵਣ ਵਦੀ 3 ਸੰਮਤ 1824 ਨੂੰ 1000 ਰੁ. ਕੁੱਲ ਖਰਚ ਵਿਚੋਂ ਦੀਵਾਨ ਮਹੇਸ਼ ਦਾਸ ਨੂੰ 250 ਰੁ. ਦਿੱਤੇ ਗਏ।[65]

ਮਿਤੀ 2 ਸਾਵਣ ਵਦੀ 4 ਸੰਮਤ 1824 (15 ਜੁਲਾਈ 1767 ਈ.) ਨੂੰ ਫ਼ਰਦ ਦਸਤਖਤੀ ਕਰਾਰ ਮਿਤੀ ਸਾਵਣ ਵਦੀ 3 ਸੰਮਤ 1824 (14 ਜੁਲਾਈ 1767 ਈ.) ਸਮੇਂ 1000 ਰੁ. ਕੁੱਲ ਖਰਚ ਵਿਚੋਂ ਸ਼ਿਵ ਦਾਸ ਨੂੰ 250 ਰੁ. ਦਿੱਤੇ ਗਏ।[66]

---

61 ਉਹੀ, ਪੰਨਾ 376.
62 ਉਹੀ, ਪੰਨਾ 323.
63 ਉਹੀ, ਪੰਨਾ 338.
64 ਉਹੀ, ਪੰਨਾ 345.
65 ਉਹੀ, ਪੰਨੇ 3376-377.
66 ਉਹੀ, ਪੰਨਾ 396.

'ਦਸਤੂਰ ਕੌਮਵਾਰ' ਵਿਚ ਭਾਦਰੋਂ ਸੁਦੀ 11 ਸੰਮਤ 1824 (4 ਸਤੰਬਰ 1767 ਈ.) ਨੂੰ ਦਰਜ ਕੀਤਾ ਗਿਆ ਕਿ ਸਾਵਣ ਸੁਦੀ 9 ਸੰਮਤ 1823 (4 ਅਗਸਤ 1767 ਈ.) ਨੂੰ ਸਿੱਖਾਂ ਵੱਲੋਂ ਕਾਸਦ ਅਤੇ ਚਾਕਰ ਚੋਬਦਾਰ ਰਤਨ ਸਿੰਘ ਅਤੇ ਦਿਆਲ ਸਿੰਘ ਪੁੱਤਰ ਸ਼ਾਮ ਸਿੰਘ ਜੈਪੁਰ ਆਏ, ਨੂੰ 17 ਰੁ. ਇਨਾਮ ਦਿੱਤਾ ਗਿਆ।[67]

ਅੱਸੂ ਸੁਦੀ 6 ਨੂੰ ਦਰਜ ਕੀਤਾ ਗਿਆ ਕਿ ਅੱਸੂ ਵਦੀ 2 ਸੰਮਤ 1824 (10 ਸਤੰਬਰ 1767 ਈ.) ਨੂੰ ਸ. ਸ਼ਾਮ ਸਿੰਘ ਵੱਲੋਂ ਆਏ ਕਾਸਦਾਂ ਦੀ 1 ਜੋੜੀ ਨੂੰ 8 ਰੁ. ਦਿੱਤੇ ਗਏ।[68]

ਅੱਸੂ ਸੁਦੀ 15 ਨੂੰ ਦਰਜ ਕੀਤਾ ਗਿਆ ਕਿ ਅੱਸੂ ਸੁਦੀ 2 ਸੰਮਤ 1824 (25 ਸਤੰਬਰ 1767 ਈ.) ਨੂੰ ਸ. ਸ਼ਾਮ ਸਿੰਘ ਵੱਲੋਂ ਆਏ ਹਰਕਾਰਿਆਂ ਦੀ 1 ਜੋੜੀ ਨੂੰ 17 ਰੁ. ਅਤੇ ਚੋਬਦਾਰ ਨੂੰ 12 ਰੁ. ਕੁੱਲ 29 ਰੁ. ਦਿੱਤੇ ਗਏ।[69]

ਕੱਤਕ ਵਦੀ 6 ਸੰਮਤ 1824 (13 ਅਕਤੂਬਰ 1767 ਈ.) ਨੂੰ ਵਕੀਲ ਬਖਤ ਸਿੰਘ ਨੂੰ ਵਿਦਾਇਗੀ ਸਮੇਂ ਪੌਣੇ 26 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ ਅਤੇ ਸਾਢੇ 52 ਰੁ. ਕੀਮਤ ਦੇ ਕੁੱਲ 2 ਥਾਨ ਮੁਕੱਰਰ ਅਨੁਸਾਰ ਜੈਪੁਰ ਦੇ ਤੋਸ਼ਾਖਾਨੇ ਵਿਚੋਂ ਦਿੱਤੇ ਗਏ।[70]

ਕੱਤਕ ਸੁਦੀ 6 ਸੰਮਤ 1824 (18 ਅਕਤੂਬਰ 1767 ਈ.) ਨੂੰ ਹੀਰਾ ਸਿੰਘ[71] ਨੂੰ ਵਿਦਾਇਗੀ ਸਮੇਂ ਜੈਪੁਰ ਦੇ ਤੋਸ਼ਾਖਾਨੇ ਵਿਚੋਂ 17 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ ਬੂਟੇਦਾਰ ਦਾ ਦਿੱਤਾ ਗਿਆ।[72]

ਕੱਤਕ ਵਦੀ 13 ਸੰਮਤ 1824 (20 ਅਕਤੂਬਰ 1767 ਈ.) ਨੂੰ ਕੱਤਕ ਵਦੀ 12 ਸੰਮਤ 1824 (9 ਅਕਤੂਬਰ 1767 ਈ.) ਦੇ ਫ਼ਰਦ ਦਸਤਖਤੀ ਇਕਰਾਰ ਮੁਤਾਬਕ ਜੈਪੁਰ ਦਰਬਾਰ ਵੱਲੋਂ ਤੋਸ਼ੇਖਾਨੇ ਵਿਚੋਂ ਖਰਚ ਦੇ ਸਾਰੇ 1000 ਰੁ. ਵਿਚੋਂ ਵਕੀਲ ਬਖਤ ਸਿੰਘ ਨੂੰ 600 ਰੁ. ਨੌਰੰਗਸ਼ਾਹੀ ਦਿੱਤੇ ਗਏ।[73]

---

67 ਉਹੀ, ਪੰਨਾ 381.
68 ਉਹੀ, ਪੰਨਾ 394.
69 ਉਹੀ, ਪੰਨਾ 394.
70 ਉਹੀ, ਪੰਨਾ 342.
71 ਇਸ ਸਮੇਂ ਦੋ ਹੀਰਾ ਸਿੰਘ ਖਾਲਸੇ ਵਿਚ ਪ੍ਰਸਿੱਧ ਸਨ, ਇੱਕ ਹੀਰਾ ਸਿੰਘ ਸ਼ਹੀਦ ਮਿਸਲ ਵਿਚ ਅਤੇ ਦੂਜਾ ਹੀਰਾ ਸਿੰਘ ਨਕੱਈ ਮਿਸਲ ਦਾ ਸੀ। ਗਿਆਨੀ ਗਿਆਨ ਸਿੰਘ ਨੇ ਹੀਰਾ ਸਿੰਘ ਨਕੱਈ ਦੇ ਪੂਰਬ, ਹਰਿਆਣਾ, ਰਾਜਪੂਤਾਨਾ ਆਦਿ ਦੀਆਂ ਮੁਹਿੰਮਾਂ ਵਿਚ ਸ਼ਾਮਿਲ ਹੋਣ ਸਬੰਧੀ ਜਿਕਰ ਕੀਤਾ ਹੈ। ਦੇਖੋ: ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, 1987, ਪੰਨ 1155, 1196.
72 ਉਹੀ, ਪੰਨਾ 398.
73 ਉਹੀ, ਪੰਨਾ 342.

ਕੱਤਕ ਵਦੀ 13 ਸੰਮਤ 1824 (9 ਅਕਤੂਬਰ 1767 ਈ.) ਨੂੰ ਕੱਤਕ ਵਦੀ 12 ਸੰਮਤ 1824 ਦੇ ਫ਼ਰਦ ਦਸਤਖਤੀ ਇਕਰਾਰ ਮੁਤਾਬਕ ਜੈਪੁਰ ਦਰਬਾਰ ਵੱਲੋਂ ਤੋਸ਼ੇਖਾਨੇ ਵਿਚੋਂ ਖਰਚ ਦੇ ਸਾਰੇ 1000 ਰੁਪੱਈਆਂ ਵਿਚੋਂ ਵਕੀਲ ਸੋਂਧੇ ਖਾਂ ਨੂੰ 400 ਰੁ. ਦਿੱਤੇ ਗਏ।[74]

ਕੱਤਕ ਵਦੀ 6 ਸੰਮਤ 1824 (13 ਅਕਤੂਬਰ 1767 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਦੇ ਵਕੀਲ ਗੁੱਜ਼ਰ ਮੱਲ ਨੂੰ ਵਿਦਾਇਗੀ ਸਮੇਂ 45 ਰੁ. ਕੀਮਤ ਦੇ 2 ਥਾਨ ਖਿਰਮਾ ਪੱਛਮੀ ਦੇ ਦਿੱਤੇ ਗਏ।[75]

ਕੱਤਕ ਸੁਦੀ 3 ਨੂੰ ਦਰਜ ਕੀਤਾ ਗਿਆ ਕਿ ਕੱਤਕ ਵਦੀ 2 ਸੰਮਤ 1824 (9 ਅਕਤੂਬਰ 1767 ਈ.) ਨੂੰ ਸਿੱਖ ਦਿਆਲ ਸਿੰਘ ਕਾਸਦਾਂ ਦੀ ਜੋੜੀ ਨੂੰ 14 ਰੁ. ਦਿੱਤੇ ਗਏ।[76]

ਕੱਤਕ ਸੁਦੀ 8 ਸੰਮਤ 1824 (30 ਅਕਤੂਬਰ 1767 ਈ.) ਨੂੰ ਦਰਜ ਕੀਤਾ ਗਿਆ ਕਿ ਕੱਤਕ ਵਦੀ 7 ਸੰਮਤ 1824 ਨੂੰ (14 ਅਕਤੂਬਰ 1767 ਈ.) ਸ. ਸ਼ਾਮ ਸਿੰਘ ਵੱਲੋਂ ਆਏ ਕਾਸਦਾਂ ਦੀ 1 ਜੋੜੀ ਨੂੰ ਜੈਪੁਰ ਦਰਬਾਰ ਵੱਲੋਂ 16 ਰੁ. ਦਿੱਤੇ ਗਏ।[77]

ਮੱਘਰ ਵਦੀ 9 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1824 (4 ਨਵੰਬਰ 1767 ਈ.) ਨੂੰ ਸਿੱਖਾਂ ਦੇ ਵਕੀਲ ਬਖਤ ਸਿੰਘ ਨੂੰ ਵਿਦਾਇਗੀ ਦੇ ਸਾਰੇ 425 ਰੁ. ਵਿਚੋਂ 200 ਰੁ. ਜੈਪੁਰ ਦਰਬਾਰ ਵੱਲੋਂ ਦਿੱਤੇ ਗਏ।[78]

ਮੱਘਰ ਵਦੀ 9 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1824 (7 ਨਵੰਬਰ 1767 ਈ.) ਨੂੰ 200 ਰੁ. ਵਿਚੋਂ 100 ਰੁ. ਸਿੱਖਾਂ ਦੇ ਵਕੀਲ ਸੌਂਧੇ ਖਾਂ ਦੇ ਨਾਂ ਖਾਤੇ ਪਾਏ ਗਏ ਅਤੇ 100 ਰੁ. ਵਕੀਲ ਗੁੱਜ਼ਰ ਮੱਲ ਨੂੰ ਵਿਦਾਇਗੀ ਵਜੋਂ ਜੈਪੁਰ ਦਰਬਾਰ ਵੱਲੋਂ ਦਿੱਤੇ ਗਏ।[79]

---

[74] ਉਹੀ, ਪੰਨਾ 347.
[75] ਉਹੀ, ਪੰਨਾ 337.
[76] ਉਹੀ, ਪੰਨਾ 381.
[77] ਉਹੀ, ਪੰਨਾ 394.
[78] ਉਹੀ, ਪੰਨੇ 342-343.
[79] ਉਹੀ, ਪੰਨਾ 337.

ਮੱਘਰ ਵਦੀ 9 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1824 (4 ਨਵੰਬਰ 1767 ਈ.) ਨੂੰ 200 ਰੁ. ਵਿਚੋਂ 100 ਰੁ. ਵਕੀਲ ਗੁੱਜ਼ਰ ਮੱਲ ਦੇ ਨਾਂ ਖਾਤੇ ਪਾਏ ਗਏ ਅਤੇ 100 ਰੁ. ਸਿੱਖਾਂ ਦੇ ਵਕੀਲ ਸੌਂਧੇ ਖਾਂ ਨੂੰ ਵਿਦਾਇਗੀ ਵਜੋਂ ਜੈਪੁਰ ਦਰਬਾਰ ਵੱਲੋਂ ਦਿੱਤੇ ਗਏ।[80]

ਮੱਘਰ ਵਦੀ 9 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1824 (4 ਨਵੰਬਰ 1767 ਈ.) ਨੂੰ (ਵਕੀਲ) ਹੀਰਾ ਸਿੰਘ ਨੂੰ ਵਿਦਾਇਗੀ ਦੇ ਸਾਰੇ 425 ਰੁ. ਵਿਚੋਂ 25 ਰੁ. ਜੈਪੁਰ ਦਰਬਾਰ ਵੱਲੋਂ ਦਿੱਤੇ ਗਏ।[81]

ਮਿਤੀ ਮੱਘਰ ਵਦੀ 6 ਸੰਮਤ 1824 (11 ਨਵੰਬਰ 1767 ਈ.) ਨੂੰ ਜੈਪੁਰ ਦਰਬਾਰ ਦੇ ਸਿਲ੍ਹਾਖਾਨੇ ਵਿਚੋਂ ਤੇਗਾ ਤਲਵਾਰ ਆਹਨੀ (ਲੋਹੇ ਦਾ) ਵਗੈਰਾ, ਜਿਸ ਦੀ ਕੀਮਤ ਪੌਣੇ 10 ਰੁ. ਸੀ, ਇਕ ਕਬਜ਼ਾ (ਕਿਰਪਾਨ ਦਾ ਮੁੱਠਾ ਜਾਂ ਹੱਥਾ) ਅਤੇ 1 ਥਾਨ ਖੋਲੀਖਾਰ (ਫੱਟੀਦਾਰ) ਦੀਆਂ ਦੋਹਰਾਂ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤੇ ਗਏ।[82]

ਮੱਘਰ ਵਦੀ 6 ਸੰਮਤ 1824 (11 ਨਵੰਬਰ 1767 ਈ.) ਨੂੰ ਖੁਸ਼ਹਾਲ ਸਿੰਘ ਨੂੰ ਸਿਲ੍ਹਾਖਾਨੇ ’ਚੋਂ ਤਲਵਾਰ ਤੇਗਾ ਆਹਨੀ (ਲੋਹੇ ਦਾ) ਵਗੈਰਾ, ਜਿਨ੍ਹਾਂ ਵਿਚ 1 ਕਬਜ਼ਾ ਤਲਵਾਰ (ਮੁੱਠੇ ਸਮੇਤ ਤਲਵਾਰ) ਆਹਨੀ ਜਿਸ ਦੀ ਕੀਮਤ ਉਸ ਸਮੇਂ ਸਾਢੇ 11 ਰੁ. ਸੀ ਅਤੇ 1 ਥਾਨ ਖੋਲੀਖਾਰ (ਫੱਟੀਦਾਰ) ਦੀਆਂ ਦੋਹਰਾਂ ਦਾ ਦਿੱਤੇ ਗਏ।[83]

ਮਿਤੀ ਮੱਘਰ ਵਦੀ 6 ਸੰਮਤ 1824 (11 ਨਵੰਬਰ 1767 ਈ.) ਨੂੰ ਜੈਪੁਰ ਦਰਬਾਰ ਦੇ ਸਿਲ੍ਹਾਖਾਨੇ ਵਿਚੋਂ ਸ. ਸ਼ਾਮ ਸਿੰਘ ਨੂੰ ਤੇਗਾ ਤਲਵਾਰ ਆਹਨੀ (ਲੋਹੇ ਦਾ) ਇਕ ਕਬਜ਼ੇ ਸਮੇਤ (ਕਿਰਪਾਨ ਦਾ ਮੁੱਠਾ ਜਾਂ ਹੱਥਾ) ਵਗੈਰਾ, ਜਿਸ ਦੀ ਕੀਮਤ ਪੌਣੇ 9 ਰੁ. ਸੀ, ਅਤੇ 1 ਥਾਨ ਖੋਲੀਖਾਰ (ਫੱਟੀਦਾਰ) ਦੀਆਂ ਦੋਹਰਾਂ ਦਿੱਤੇ ਗਏ।[84]

---

80 ਉਹੀ, ਪੰਨਾ 347.
81 ਉਹੀ, ਪੰਨਾ 399.
82 ਉਹੀ, ਪੰਨਾ 334.
83 ਉਹੀ, ਪੰਨਾ 321.
84 ਉਹੀ, ਪੰਨੇ 392-393.

ਮੱਘਰ ਵਦੀ 6 ਸੰਮਤ 1824 (11 ਨਵੰਬਰ 1767 ਈ.) ਨੂੰ ਤਾਰਾ ਸਿੰਘ (ਗੈਬਾ) ਨੂੰ ਸਿਲ੍ਹਾਖਾਨੇ 'ਚੋਂ ਤਲਵਾਰ ਤੇਗਾ ਆਹਨੀ (ਲੋਹੇ ਦਾ) ਵਗੈਰਾ, ਜਿਨ੍ਹਾਂ ਵਿਚ 1 ਕਬਜ਼ਾ ਤਲਵਾਰ (ਮੁੱਠੇ ਸਮੇਤ ਤਲਵਾਰ) ਆਹਨੀ ਜਿਸ ਦੀ ਕੀਮਤ ਉਸ ਸਮੇਂ ਪੌਣੇ 11 ਰੁ. ਸੀ ਅਤੇ 1 ਥਾਨ ਖੋਲੀਖਾਰ (ਫੱਟੀਦਾਰ) ਦੀਆਂ ਦੋਹਰਾਂ ਦਾ ਦਿੱਤੇ ਗਏ।[85]

ਪੋਹ ਵਦੀ 4 ਨੂੰ ਦਰਜ ਕੀਤਾ ਗਿਆ ਕਿ ਮੱਘਰ ਵਦੀ 6 ਸੰਮਤ 1824 (11 ਨਵੰਬਰ 1767 ਈ.) ਨੂੰ ਸਿੱਖਾਂ ਦੇ ਵਕੀਲਾਂ ਨੂੰ 250 ਰੁ. ਖਰਚ ਦੇ ਦਿੱਤੇ ਗਏ ਜਿਸ ਵਿਚੋਂ 150 ਰੁ. ਸਿੱਖਾਂ ਦੇ ਵਕੀਲ ਬਖਤ ਸਿੰਘ ਨੂੰ ਖਰਚ ਦੇ ਦਿੱਤੇ ਗਏ।[86]

ਪੋਹ ਵਦੀ 4 ਨੂੰ ਦਰਜ ਕੀਤਾ ਗਿਆ ਕਿ ਮੱਘਰ ਵਦੀ 6 ਸੰਮਤ 1824 (11 ਨਵੰਬਰ 1767 ਈ.) ਨੂੰ ਸਿੱਖ ਸਰਦਾਰਾਂ ਨੂੰ 250 ਰੁ. ਖਰਚੇ ਵਜੋਂ ਦਿੱਤੇ ਗਏ, ਜਿਸ ਵਿਚੋਂ 100 ਰੁ. ਸਿੱਖਾਂ ਦੇ ਵਕੀਲ ਸੌਂਧੇ ਖਾਂ ਨੂੰ ਖਰਚ ਵਜੋਂ ਦਿੱਤੇ ਗਏ ।[87]

ਭਾਦਰੋਂ ਸੁਦੀ 10 ਸੰਮਤ 1825 (4 ਨਵੰਬਰ 1767 ਈ.) ਨੂੰ ਦਰਜ ਕੀਤਾ ਗਿਆ ਕਿ ਪੋਹ ਸੁਦੀ 4 (ਸੰਮਤ 1824 [24 ਦਸੰਬਰ 1767]) ਨੂੰ ਸ. ਸ਼ਾਮ ਸਿੰਘ ਵੱਲੋਂ ਜੈਪੁਰ ਆਈ (ਕਾਸਦਾ ਦੀ) 1 ਜੋੜੀ ਨੂੰ 15 ਰੁ. ਇਨਾਮ ਦੇ ਦਿੱਤੇ ਗਏ।[88]

ਮਾਘ ਵਦੀ 9 ਸੰਮਤ 1824 (13 ਜਨਵਰੀ 1768 ਈ.) ਨੂੰ ਦਰਜ ਕੀਤਾ ਗਿਆ ਕਿ ਪੋਹ ਸੁਦੀ 10 ਸੰਮਤ 1824 ਨੂੰ ਸ. ਸ਼ਾਮ ਸਿੰਘ ਵੱਲੋਂ ਕਾਸਦ ਛਾਜੂ ਖਾਂ ਚੋਬਦਾਰ ਨੂੰ ਜੈਪੁਰ ਦਰਬਾਰ ਵਿਚ ਲੈ ਕੇ ਆਇਆ ਜਿਸ ਨੂੰ 25 ਰੁ. ਇਨਾਮ ਦੇ ਦਿੱਤੇ ਗਏ।[89]

ਪੋਹ ਸੁਦੀ 12 ਸੰਮਤ 1824 (11 ਜਨਵਰੀ 1768 ਈ.) ਨੂੰ ਸ. ਸ਼ਾਮ ਸਿੰਘ ਦੇ ਚੋਬਦਾਰ ਛਾਜੂ ਖਾਂ ਨੂੰ ਜੈਪੁਰ ਦੇ ਤੋਸ਼ੇਖਾਨੇ ਵਿਚੋਂ 5 ਰੁ. ਕੀਮਤ ਦਾ 1 ਥਾਨ ਛੀਂਟ ਦਾ ਦਿੱਤਾ ਗਿਆ।[90]

---

85 ਉਹੀ, ਪੰਨਾ 351.
86 ਉਹੀ, ਪੰਨਾ 343.
87 ਉਹੀ, ਪੰਨਾ 347.
88 ਉਹੀ, ਪੰਨਾ 395.
89 ਉਹੀ, ਪੰਨਾ 394.
90 ਉਹੀ, ਪੰਨਾ 394.

ਭਾਦਰੋਂ ਸੁਦੀ 1 ਸੰਮਤ 1825 (12 ਸਤੰਬਰ 1768 ਈ.) ਨੂੰ ਦਰਜ ਕੀਤਾ ਗਿਆ ਕਿ ਪੋਹ ਸੁਦੀ 4 (ਸੰਮਤ 1824 [19 ਫਰਵਰੀ 1768]) ਨੂੰ ਸਿੱਖਾਂ ਵੱਲੋਂ ਆਏ ਕਾਸਦ ਧਰਮ ਸਿੰਘ ਅਤੇ ਇਕ ਚਾਕਰ ਦੀ ਜੋੜੀ ਨੂੰ 8 ਰੁ. ਦਿੱਤੇ ਗਏ।[91]

ਹਾੜ ਵਦੀ 5 ਸੰਮਤ 1825 (5 ਜੂਨ 1768 ਈ.) ਨੂੰ ਦਰਜ ਕੀਤਾ ਗਿਆ ਕਿ ਫੱਗਣ ਸੁਦੀ 1 (ਸੰਮਤ 1824 [19 ਫਰਵਰੀ 1768]) ਨੂੰ ਜੈਪੁਰ ਦੇ ਕਿਰਕਰਾਖਾਨੇ (ਕਾਰਖਾਨਾ) ਵਿਚੋਂ 10 ਰੁ. ਕੀਮਤ ਦਾ 1 ਚਵਰ (ਚੌਰ) ਸੁਰਾਗਾਂਇ ਦਾ ਅਤੇ ਚੌਰ ਦੀ ਤਾਂਬੇ ਦੀ ਡੰਡੀ, ਮੁਰਸਾਤਿਲਾਈ ਸਿਕਲਾਤੀ (ਮਖਮਲੀ ਕੱਪੜਾ) ਨਗ 1, ਖੁਸ਼ਹਾਲ ਸਿੰਘ ਨੂੰ ਦਿੱਤੇ ਗਏ।[92]

ਫੱਗਣ ਸੁਦੀ 1 (ਸੰਮਤ 1824 [19 ਫਰਵਰੀ 1768])) ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਸੁਦੀ 1 ਸੰਮਤ 1825 (12 ਸਤੰਬਰ 1768 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਜੈਪੁਰ ਦੇ ਵਕੀਲ ਜੁਵਾਲਾ ਨਾਥ ਰਾਹੀਂ 'ਸੂਰ ਸਾਗਰ' ਦੀ ਖਾਸ ਪੋਥੀ ਜਿਸ ਦੇ 102 ਪੱਤਰੇ ਸਨ, ਗੱਤਾ ਚਾਰ (ਭਾਵ ਚੁਫੇਰੇ ਗੱਤੇ ਦੀ ਜਿਲਦ) ਮੀਨ ਹਾਲ (ਮੀਨਾਕਾਰੀ ਕੀਤੀ ਹੋਈ) ਮਖਮਲੀ ਕੱਪੜੇ ਦੀ, ਭਟ ਰਾਜਾ ਸਦਾ ਸਿਵ ਜੀ ਦੀ ਪੋਥੀ ਅਜਰੂਯ ਮਿਹਰਵਾਨੀ ਬਾਬਤ ਦਿੱਤੀ।[93]

ਚੇਤ ਵਦੀ 5 ਸੰਮਤ 1825 (8 ਮਾਰਚ 1768 ਈ.) ਨੂੰ ਸਿੱਖਾਂ ਦਾ ਵਕੀਲ ਚੇਤ ਵਦੀ 1 ਸੰਮਤ 1825 ਨੂੰ ਜੈਪੁਰ ਰਿਆਸਤ ਨਾਲ ਖਾਲਸੇ ਦੇ ਹੋਏ ਲਿਖਤੀ ਕਰਾਰ ਦਸਤਖਤੀ ਦੇ ਮਾਮਲੇ ਸਬੰਧੀ ਜੈਪੁਰ ਆਇਆ ਜਿਸ ਨੂੰ ਖਰਚ ਦੇ 4000 ਰੁ. ਦਿੱਤੇ ਗਏ।[94]

ਭਾਦਰੋਂ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਚੇਤ ਵਦੀ 4 ਸੰਮਤ 1825 (7 ਮਾਰਚ 1768 ਈ.) ਨੂੰ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ ਜੈਪੁਰ ਦੇ ਸਿਲ੍ਹਾਖਾਨੇ ਵਿਚੋਂ 51 ਰੁ. ਕੀਮਤ ਦੇ ਛੁਰੀ (ਛੋਟੀ ਕਿਰਪਾਨ) ਤੇਗਾ ਆਹਨੀ (ਫੌਲਾਦ ਦੀ ਕਿਰਪਾਨ) ਦਸਤੇ ਸਮੇਤ ਅਤੇ ਤਿੱਲੇ ਨਾਲ ਮੜ੍ਹੀ ਹੋਈ ਮਖਮਲੀ ਮਿਆਨ ਸਮੇਤ ਭੇਜੀ ਗਈ।[95]

---

91 ਉਹੀ, ਪੰਨਾ 361.
92 ਉਹੀ, ਪੰਨਾ 322.
93 ਉਹੀ, ਪੰਨਾ 336.
94 ਉਹੀ, ਪੰਨਾ 389.
95 ਉਹੀ, ਪੰਨਾ 349.

ਸਾਵਣ ਸੁਦੀ 3 ਨੂੰ ਦਰਜ ਕੀਤਾ ਗਿਆ ਕਿ ਚੇਤ ਵਦੀ 9 ਸੰਮਤ 1825 (13 ਮਾਰਚ 1768 ਈ.) ਨੂੰ ਸਰਬੱਤ ਸਿੱਖਾਂ ਵੱਲੋਂ (ਰਾਜ ਤਿਲਕ ਦਾ) ਟਿੱਕਾ[96] ਲਿਆਉਣ ਵੇਲੇ ਸਿੱਖਾਂ ਦੇ ਵਕੀਲ ਬਖਤ ਸਿੰਘ ਨੂੰ ਵਿਦਾਇਗੀ ਸਮੇਂ ਜੈਪੁਰ ਦਰਬਾਰ ਵੱਲੋਂ 45 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਦੇ ਦਿੱਤੇ ਗਏ।[97]

ਭਾਦਰੋਂ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਚੇਤ ਸੁਦੀ 14 ਸੰਮਤ 1825 (1 ਅਪ੍ਰੈਲ 1768 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਆਈ ਕਾਸਦਾਂ ਦੀ ਇਕ ਜੋੜੀ ਨੂੰ ਜੈਪੁਰ ਦਰਬਾਰ ਵੱਲੋਂ 16 ਰੁ. ਦਿੱਤੇ ਗਏ।[98]

'ਦਸਤੂਰ ਕੌਮਵਾਰ' ਵਿਚ ਭਾਦਰੋਂ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਚੇਤ ਸੁਦੀ 14 ਸੰਮਤ 1825 (1 ਅਪ੍ਰੈਲ 1768 ਈ.) ਨੂੰ ਸਿੱਖਾਂ ਵੱਲੋਂ ਆਈ ਧਰਮ ਸਿੰਘ ਆਦਿ ਕਾਸਦਾਂ ਦੀ ਇਕ ਜੋੜੀ ਨੂੰ ਜੈਪੁਰ ਦਰਬਾਰ ਵੱਲੋਂ 16 ਰੁ. ਦਿੱਤੇ ਗਏ।[99]

ਭਾਦਰੋਂ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਚੇਤ ਸੁਦੀ 15 ਸੰਮਤ 1825 (2 ਅਪ੍ਰੈਲ 1768 ਈ.) ਨੂੰ ਦੀਵਾਨ ਦੇਸ ਰਾਮ ਵੱਲੋਂ ਅੰਮ੍ਰਿਤਸਰ ਤੋਂ ਕਾਸਦਾਂ ਦੀ 1 ਜੋੜੀ ਜੈਪੁਰ ਆਈ ਜਿਨ੍ਹਾਂ ਨੂੰ 10 ਰੁ. ਦਿਤੇ ਗਏ।[100]

ਸਾਵਣ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 5 ਸੰਮਤ 1825(7 ਅਪ੍ਰੈਲ 1768 ਈ.) ਨੂੰ ਵਕੀਲ ਗੁੱਜ਼ਰ ਮੱਲ ਨੂੰ ਵਿਦਾਇਗੀ ਵਜੋਂ 48 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਦੇ ਦਿੱਤੇ ਗਏ।[101]

ਸਾਵਣ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 5 ਸੰਮਤ 1825 (7 ਅਪ੍ਰੈਲ 1768 ਈ.) ਨੂੰ ਅਮੋਲਕ ਰਾਮ ਨੂੰ ਵਿਦਾਇਗੀ ਵਜੋਂ 45 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਦੇ ਦਿੱਤੇ ਗਏ।[102]

---

[96] 5 ਮਾਰਚ 1768 ਈ. ਨੂੰ ਜੈਪੁਰ ਦੇ ਮਹਾਰਜਾ ਸਵਾਈ ਮਾਧੋ ਸਿੰਘ ਦੀ ਮੌਤ ਹੋ ਗਈ। ਇਸ ਪਿੱਛੋਂ ਸਵਾਈ ਪ੍ਰਤਾਪ ਸਿੰਘ ਜੈਪੁਰ ਦੀ ਰਾਜ ਗੱਦੀ 'ਤੇ ਬੈਠਾ। ਸਿੱਖਾਂ ਵੱਲੋਂ ਮਹਾਰਾਜਾ ਸਵਾਈ ਮਾਧੋ ਸਿੰਘ ਦੀ ਮੌਤ 'ਤੇ ਅਫਸੋਸ ਵਜੋਂ ਇਕ ਸ਼ੋਕ ਸੰਦੇਸ਼ ਵੀ ਠਾਕੁਰ ਰਾਜ ਸਿੰਘ ਰਾਹੀਂ ਮਹਾਰਾਜਾ ਸਵਾਈ ਪ੍ਰਤਾਪ ਸਿੰਘ ਵੱਲ ਭੇਜਿਆ ਗਿਆ ਸੀ; ਦੇਖੋ: ਮਿਤੀ ਚੇਤ ਵਦੀ 8 ਸੰਮਤ 1825, **ਖਤੂਤ ਅਹਿਲਕਾਰਨ ਰਾਜਸਥਾਨੀ**, ਬਸਤਾ ਨੰ. 3, ਨੰਬਰ 397/380.

[97] ਉਹੀ, ਪੰਨਾ 343.

[98] ਉਹੀ, ਪੰਨਾ 349.

[99] ਉਹੀ, ਪੰਨੇ 349, 361.

[100] ਉਹੀ, ਪੰਨੇ 358-359.

[101] ਉਹੀ, ਪੰਨਾ 338.

[102] ਉਹੀ, ਪੰਨਾ 340.

ਸਾਵਣ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 5 ਸੰਮਤ 1825 (7 ਅਪ੍ਰੈਲ 1768 ਈ.) ਨੂੰ ਮੁਨਸ਼ੀ ਮਨਸੁਖ ਰਾਏ ਨੂੰ ਵਿਦਾਇਗੀ ਵਜੋਂ ਕੀਮਤ 20 ਰੁ. ਥਾਨ ਥਿਰਮਾ ਪੱਛਮੀ ਦਾ ਦਿੱਤਾ ਗਿਆ।[103]

ਸਾਵਣ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਸੁਦੀ 5 ਸੰਮਤ 1825 (21 ਅਪ੍ਰੈਲ 1768 ਈ.) ਨੂੰ ਸਾਢੇ 19 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ (ਸ. ਬਘੇਲ ਸਿੰਘ ਦੇ) ਵਕੀਲ ਕਾਸਦਾ ਉਹੀ ਨੰਦ ਨੂੰ ਜੈਪੁਰ ਦਰਬਾਰ ਵੱਲੋਂ ਦਿੱਤਾ ਗਿਆ।[104]

ਭਾਦਰੋਂ ਸੁਦੀ 7 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਸੁਦੀ 7 ਸੰਮਤ 1825 (23 ਅਪ੍ਰੈਲ 1768 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਆਏ ਕਾਸਦਾਂ ਦੀ ਜੋੜੀ ਨੂੰ 8 ਰੁ. ਦਿੱਤੇ ਗਏ।[105]

ਸਾਵਣ ਵਦੀ 9 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 10 ਸੰਮਤ 1825 (12 ਅਪ੍ਰੈਲ 1768 ਈ.) ਨੂੰ ਜੈਪੁਰ ਦਰਬਾਰ ਵੱਲੋਂ ਮਾਤਮੀ[106] ਦਾ ਸਰੋਪਾ 40 ਰੁ. ਕੀਮਤ ਦਾ 3 ਥਾਨ ਦੀਵਾਨ ਮਹੇਸ਼ ਦਾਸ ਨੂੰ ਬਖਸ਼ਿਆ ਗਿਆ।[107]

ਭਾਦਰੋਂ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਵਦੀ 2 ਸੰਮਤ 1825 (21 ਅਗਸਤ 1768 ਈ.) ਨੂੰ ਬਘੇਲ ਸਿੰਘ ਦੇ ਵਕੀਲ ਕਾਸਦਾ ਨੰਦ ਨੂੰ ਵਿਦਾਇਗੀ ਸਮੇਂ 100 ਰੁ. ਦਿੱਤੇ ਗਏ।[108]

ਭਾਦਰੋਂ ਸੁਦੀ 1 ਸੰਮਤ 1825 (12 ਸਤੰਬਰ 1768 ਈ.) ਨੂੰ ਦਰਜ ਕੀਤਾ ਗਿਆ ਕਿ ਪੋਹ ਸੁਦੀ 4 {ਸੰਮਤ 1824 [24 ਦਸੰਬਰ 1767]} ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਆਏ ਇਕ ਕਾਸਦ ਨੂੰ 8 ਰੁ. ਦਿੱਤੇ ਗਏ।[109]

---

103 ਉਹੀ, ਪੰਨਾ 345.
104 ਉਹੀ, ਪੰਨਾ 373.
105 ਉਹੀ, ਪੰਨਾ 335
106 ਸਵਾਈ ਪ੍ਰਿਥਵੀ ਸਿੰਘ ਦੀ ਮੌਤ ਸਬੰਧੀ ਸਿੱਖਾਂ ਵੱਲੋਂ ਮਾਤਮ-ਪੁਰਸ਼ੀ ਕਰਨ ਲਈ ਆਪਣੇ ਵਕੀਲ ਤੇ ਕੁਝ ਸਿੱਖ ਸਰਦਾਰ ਵੀ ਜੈਪੁਰ ਗਏ ਸਨ ਸ਼ਾਇਦ ਇਹ ਉਸੇ ਸਮੇਂ ਦੀ ਗੱਲ ਹੈ।
107 ਉਕਤ, ਪੰਨਾ 377.
108 ਉਹੀ, ਪੰਨੇ 371, 373.
109 ਉਹੀ, ਪੰਨਾ 349.

ਭਾਦਰੋਂ ਸੁਦੀ 2 ਸੰਮਤ 1825 (12 ਸਤੰਬਰ 1768 ਈ.) ਨੂੰ ਦਰਜ ਕੀਤਾ ਗਿਆ ਕਿ ਮੱਘਰ ਵਦੀ 6 [ਸੰਮਤ 1824] ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਆਏ ਕਾਸਦਾਂ ਦੀ ਜੋੜੀ ਨੂੰ 10 ਰੁ. ਦਿੱਤੇ ਗਏ।[110]

ਮਾਘ ਸੁਦੀ 1 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਸੁਦੀ 3 ਸੰਮਤ 1825 (14 ਸਤੰਬਰ 1768 ਈ.) ਨੂੰ ਸ. ਬਘੇਲ ਸਿੰਘ ਵੱਲ ਦੇ 1 ਚਾਕਰ ਅਭੈ ਰਾਮ ਨੂੰ 43 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਦੇ ਤੋਸ਼ਾਖਾਨੇ 'ਚੋਂ ਦਿੱਤੇ ਗਏ।[111]

'ਦਸਤੂਰ ਕੌਮਵਾਰ' ਵਿਚ ਮਾਘ ਸੁਦੀ 1 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਸੁਦੀ 3 ਬੁੱਧਵਾਰ ਸੰਮਤ 1825 (14 ਸਤੰਬਰ 1768 ਈ.) ਨੂੰ ਤੋਸ਼ਾਖਾਨੇ ਵਿਚੋਂ ਬਘੇਲ ਸਿੰਘ ਦੇ ਵਕੀਲ ਕਾਸਦਾ ਨੰਦ ਨੂੰ ਪੌਣੇ 45 ਰੁ. ਕੀਮਤ ਦਾ 2 ਥਾਨ ਥਿਰਮਾ ਪੱਛਮੀ ਬੂਟੇਦਾਰ ਬਖਸ਼ਿਆ ਗਿਆ।[112]

ਪੋਹ ਸੁਦੀ 15 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1825 (22 ਨਵੰਬਰ 1768 ਈ.) ਨੂੰ ਮੁਨਸ਼ੀ ਰਾਮ ਕਿਸ਼ਨ (ਵਕੀਲ) ਰਾਹੀਂ ਸ. ਜੱਸਾ ਸਿੰਘ ਆਹਲੂਵਾਲੀਆ ਨੂੰ 6 ਥਾਨ ਕੱਪੜੇ ਦੇ ਭੇਜੇ ਗਏ ਜਿਸ ਵਿਚ 2 ਥਾਨ ਮਸਰੂ ਬੂਟੇਦਾਰ ਕੀਮਤ 133 ਰੁ., ਥਿਰਮਾ ਪੱਛਮੀ ਬੂਟੇਦਾਰ 2 ਥਾਨ ਕੀਮਤ ਪੌਣੇ 56 ਰੁ., ਮਸਰੂ ਸਾਦਾ 1 ਥਾਨ, ਕੀਮਤ ਪੌਣੇ 12 ਰੁ. ਅਤੇ 1 ਥਾਨ ਛੀਂਟ, ਕੀਮਤ ਪੌਣੇ 12 ਰੁ. ਸਨ।[113]

ਪੋਹ ਸੁਦੀ 15 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1825 (22 ਨਵੰਬਰ 1768 ਈ.) ਨੂੰ ਵਕੀਲ ਮੁਨਸ਼ੀ ਰਾਮ ਕਿਸ਼ਨ ਰਾਹੀਂ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ 6 ਥਾਨ ਕੱਪੜਿਆਂ ਦੇ ਭੇਜੇ ਗਏ, ਜਿਸ ਵਿਚ ਨਿਸ਼ਚਿਤ ਕੀਤੇ 64 ਰੁ. ਦੇ 2 ਥਾਨ ਥਿਰਮਾ, 84 ਰੁ. ਦੇ 2 ਥਾਨ ਮਸਰੂ ਬੂਟੇਦਾਰ ਦੇ, ਪੌਣੇ 12 ਰੁ. 1 ਥਾਨ ਮਸਰੂ ਸਾਦਾ ਅਤੇ ਪੌਣੇ 12 ਰੁ. ਦਾ 1 ਥਾਨ ਛੀਟ ਦਾ ਸਨ।[114]

---

110 ਉਹੀ, ਪੰਨਾ 335.
111 ਉਹੀ, ਪੰਨਾ 370.
112 ਉਹੀ, ਪੰਨਾ 372.
113 ਉਹੀ, ਪੰਨਾ 334,
114 ਉਹੀ, ਪੰਨਾ 348.

ਪੋਹ ਸੁਦੀ 15 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1825 (22 ਨਵੰਬਰ 1768 ਈ.) ਨੂੰ ਵਕੀਲ ਮੁਨਸ਼ੀ ਰਾਮ ਕਿਸ਼ਨ ਰਾਹੀਂ ਸ. ਸ਼ਾਮ ਸਿੰਘ ਨੂੰ 5 ਥਾਨ ਕੱਪੜੇ ਦੇ ਭੇਜੇ ਗਏ, ਜਿਸ ਵਿਚ ਸਾਢੇ 47 ਰੁ. ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ, ਸਵਾ 22 ਰੁ. ਦੇ 2 ਥਾਨ ਮਸਰੂ ਸਾਦੇ ਅਤੇ 11 ਰੁ. ਦਾ 1 ਥਾਨ ਚੀਰਾ ਰੰਗੀਨ ਲਹਿਰੀਆ ਸਨ।[115]

ਪੋਹ ਸੁਦੀ 15 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1825 (22 ਨਵੰਬਰ 1768 ਈ.) ਨੂੰ ਸਿੱਖਾਂ ਵੱਲ ਮੁਨਸ਼ੀ ਰਾਮ ਕਿਸ਼ਨ (ਵਕੀਲ) ਰਾਹੀਂ ਸ. ਖੁਸ਼ਹਾਲ ਸਿੰਘ (ਸਿੰਘਪੁਰੀਆ) ਨੂੰ 6 ਥਾਨ ਕੱਪੜੇ ਦੇ ਭੇਜੇ ਗਏ ਜਿਸ ਵਿਚ 2 ਥਾਨ (ਕੱਪੜਾ) ਮਸਰੂ ਬੂਟੇਦਾਰ ਕੀਮਤ 100 ਰੁ., ਥਿਰਮਾ ਪੱਛਮੀ ਬੂਟੇਦਾਰ 2 ਥਾਨ, ਕੀਮਤ ਸਵਾ 50 ਰੁ., ਮਸਰੂ ਸਾਦਾ (ਕੱਪੜਾ) 1 ਥਾਨ, ਕੀਮਤ ਪੌਣੇ 12 ਰੁ. ਅਤੇ ਛੀਂਟ 1 ਥਾਨ, ਕੀਮਤ ਪੌਣੇ 12 ਰੁ. ਸਨ।[116]

ਪੋਹ ਸੁਦੀ 15 ਨੂੰ ਦਰਜ ਕੀਤਾ ਗਿਆ ਕਿ ਕੱਤਕ ਸੁਦੀ 13 ਸੰਮਤ 1825 (22 ਨਵੰਬਰ 1768 ਈ.) ਨੂੰ ਸਿੱਖਾਂ ਵੱਲ ਮੁਨਸ਼ੀ ਰਾਮ ਕਿਸ਼ਨ (ਵਕੀਲ) ਰਾਹੀਂ ਤਾਰਾ ਸਿੰਘ (ਗੈਬਾ) ਨੂੰ 5 ਥਾਨ ਕੱਪੜੇ ਦੇ ਭੇਜੇ ਗਏ ਜਿਸ ਵਿਚ 1 ਥਾਨ ਮਸਰੂ ਬੂਟੇਦਾਰ (ਕੱਪੜਾ) ਕੀਮਤ 81 ਰੁ., ਥਿਰਮਾ ਪੱਛਮੀ ਬੂਟੇਦਾਰ 2 ਥਾਨ ਕੀਮਤ ਪੌਣੇ 57 ਰੁ., ਮਸਰੂ ਸਾਦਾ 1 ਥਾਨ ਕੀਮਤ ਸਵਾ 11 ਰੁ. ਅਤੇ ਛੀਂਟ 1 ਥਾਨ ਕੀਮਤ ਪੌਣੇ 12 ਰੁ. ਸਨ।[117]

ਸਾਵਣ ਸੁਦੀ 2 ਸੰਮਤ 1826 (3 ਅਗਸਤ 1769 ਈ.) ਨੂੰ ਦਰਜ ਕੀਤਾ ਗਿਆ ਕਿ ਜੈਪੁਰ ਦਰਬਾਰ ਵੱਲੋਂ ਵੈਸਾਖ ਵਦੀ 5 ਨੂੰ ਪਰਮ ਸਿੰਘ ਨੂੰ ਵਿਦਾਇਗੀ ਸਮੇਂ ਸਾਢੇ 19 ਰੁ. ਕੀਮਤ ਦਾ 2 ਥਾਨ ਥਿਰਮਾ ਪੱਛਮੀ ਦੇ ਦਿੱਤੇ ਗਏ।[118]

ਸਾਵਣ ਸੁਦੀ 2 ਸੰਮਤ 1826 (3 ਅਗਸਤ 1769 ਈ.) ਨੂੰ ਦਰਜ ਕੀਤਾ ਗਿਆ ਕਿ ਵੈਸਾਖ ਵਦੀ 5 ਨੂੰ ਜੈਪੁਰ ਦਰਬਾਰ ਵੱਲੋਂ ਸਿੱਖਾਂ ਦੇ ਵਕੀਲ ਹਰਜਸ ਰਾਏ ਨੂੰ ਵਿਦਾਇਗੀ ਸਮੇਂ ਸਾਢੇ 20 ਰੁ. ਕੀਮਤ ਦਾ 1 ਥਾਨ ਥਿਰਮਾ ਦਿੱਤਾ ਗਿਆ।[119]

---

115 ਉਹੀ, ਪੰਨਾ 393.
116 ਉਹੀ, ਪੰਨੇ 321-322.
117 ਉਹੀ, ਪੰਨੇ 351-352.
118 ਉਹੀ, ਪੰਨਾ 365.
119 ਉਹੀ, ਪੰਨਾ 399.

ਸਾਵਣ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਸੁਦੀ 5 ਸੰਮਤ 1826 (10 ਮਈ 1769 ਈ.) ਨੂੰ ਵਕੀਲ ਜਵਾਲਾ ਨਾਥ ਨੂੰ ਵਿਦਾਇਗੀ ਵਜੋਂ 45 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਦਿੱਤੇ ਗਏ।[120]

ਸਾਵਣ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਸੁਦੀ 5 ਸੰਮਤ 1826 (10 ਮਈ 1769 ਈ.) ਨੂੰ ਕਾਲਕਾ ਦਾਸ (ਸਿੱਖਾਂ ਦਾ ਵਕੀਲ) ਨੂੰ ਵਿਦਾਇਗੀ ਵਜੋਂ 21 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ ਬੂਟੇਦਾਰ ਦਿੱਤਾ ਗਿਆ।[121]

ਸਾਵਣ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਵੈਸਾਖ ਸੁਦੀ 5 ਸੰਮਤ 1826 (10 ਮਈ 1769 ਈ.) ਨੂੰ ਦੀਵਾਨ ਮਹੇਸ਼ ਦਾਸ ਨੂੰ ਵਦਾਇਗੀ ਵਜੋਂ 45 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਦਿੱਤੇ ਗਏ।[122]

ਪੋਹ ਸੁਦੀ 14 ਸੰਮਤ 1827 (31 ਦਸੰਬਰ 1769 ਈ.) ਨੂੰ ਸ. ਖੁਸ਼ਹਾਲ ਸਿੰਘ ਦਾ ਮੋਦੀ ਤਨਖਾਹ ਲੈਣ ਲਈ ਜੈਪੁਰ ਆਇਆ ਜਿਸ ਨੂੰ ਜੈਪੁਰ ਦਰਬਾਰ ਵੱਲੋਂ 50 ਰੁ. ਇਨਾਮ ਦੇ ਦਿੱਤੇ ਗਏ।[123]

ਹਾੜ ਸੁਦੀ 12 ਸੰਮਤ 1828 (24 ਜੂਨ 1771 ਈ.) ਨੂੰ ਸ. ਸ਼ਾਮ ਸਿੰਘ ਵੱਲੋਂ ਆਏ (ਵਕੀਲ) ਬਖਤ ਸਿੰਘ ਨੂੰ ਜੈਪੁਰ ਦਰਬਾਰ ਦੇ ਖਜ਼ਾਨਾ ਹਜ਼ੂਰੀ ਵਿਚੋਂ ਵਿਦਾ ਕਰਨ ਸਮੇਂ 55 ਰੁ. ਖਰਚ ਹੋਏ। ਜਿਸ ਵਿਚ 30 ਰੁ. ਨਕਦ ਅਤੇ 25 ਰੁ. ਦਾ ਥਿਰਮਾ (ਕੱਪੜਾ) ਦਿੱਤੇ ਗਏ।[124]

ਅੱਸੂ ਸੁਦੀ 2 ਸੰਮਤ 1828 (14 ਜੂਨ 1771 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਇਕ ਕਾਸਦ ਜੈਪੁਰ ਆਇਆ ਜਿਸ ਨੂੰ 6 ਰੁ. ਵਜੋਂ ਇਨਾਮ ਖਜ਼ਾਨਾ ਹਜੂਰ ਵਿਚੋਂ ਦਿੱਤੇ ਗਏ।[125]

ਅੱਸੂ ਸੁਦੀ 2 ਸੰਮਤ 1828 (14 ਜੂਨ 1771 ਈ.) ਨੂੰ ਸਿੱਖਾਂ ਵੱਲੋਂ ਧਰਮ ਸਿੰਘ ਆਦਿ ਕਾਸਦਾਂ ਦੀ ਇਕ ਜੋੜੀ ਰੁੱਕਾ ਲੈ ਕੇ ਜੈਪੁਰ ਆਈ ਜਿਨ੍ਹਾਂ ਨੂੰ ਖਜ਼ਾਨਾ ਹਜ਼ੂਰ ਵਿਚੋਂ 6 ਰੁ. ਇਨਾਮ ਵਜੋਂ ਦਿੱਤੇ ਗਏ।[126]

---

[120] ਉਹੀ, ਪੰਨਾ 336.
[121] ਉਹੀ, ਪੰਨਾ 318.
[122] ਉਹੀ, ਪੰਨਾ 377.
[123] ਉਹੀ, ਪੰਨੇ 222-223.
[124] ਉਹੀ, ਪੰਨਾ 395.
[125] ਉਹੀ, ਪੰਨਾ 350.
[126] ਉਹੀ, ਪੰਨਾ 361.

ਵੈਸਾਖ ਵਦੀ 3 ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਕਾਸਦਾਂ ਦੀ ਜੋੜੀ ਮੱਘਰ ਵਦੀ 5 ਸੰਮਤ 1829 (15 ਨਵੰਬਰ 1772 ਈ.) ਦੇ ਇਕਰਾਰਨਾਮੇ ਦਾ ਰੁੱਕਾ ਲਿਆਉਣ ਬਾਬਤ ਜੈਪੁਰ ਵੱਲੋਂ 10 ਰੁ. ਇਨਾਮ ਵਜੋਂ ਦਿੱਤੇ ਗਏ।[127]

ਵੈਸਾਖ ਵਦੀ 3 ਨੂੰ ਕਾਸਦ ਨੂੰ ਸ. ਖੁਸ਼ਹਾਲ ਸਿੰਘ ਵੱਲੋਂ ਫੱਗਣ ਵਦੀ 9 ਸੰਮਤ 1829 (15 ਫਰਵਰੀ 1773 ਈ.) ਦੇ ਇਕਰਾਰਨਾਮੇ ਦਾ ਰੁੱਕਾ ਲਿਆਉਣ ਬਾਬਤ ਜੈਪੁਰ ਵੱਲੋਂ 8 ਰੁ. ਇਨਾਮ ਵਜੋਂ ਦਿੱਤੇ ਗਏ।[128]

ਵੈਸਾਖ ਵਦੀ 3 ਸੰਮਤ 1829 (20 ਅਪ੍ਰੈਲ 1772 ਈ.) ਨੂੰ ਮੱਘਰ ਸੁਦੀ 6 (ਸੰਮਤ 1828) ਦੇ ਕਰਾਰ ਦਾ ਸ. ਖੁਸ਼ਹਾਲ ਸਿੰਘ ਵੱਲੋਂ ਰੁੱਕਾ ਲੈ ਕੇ ਆਏ ਕਾਸਦ ਨੂੰ ਜੈਪੁਰ ਦਰਬਾਰ ਵੱਲੋਂ 8 ਰੁ. ਇਨਾਮ ਦਿੱਤੇ ਗਏ।[129]

ਵੈਸਾਖ ਵਦੀ 3 ਸੰਮਤ 1829 (20 ਅਪ੍ਰੈਲ 1772 ਈ.) ਨੂੰ ਦਰਜ ਕੀਤਾ ਗਿਆ ਕਿ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਮੱਘਰ ਵਦੀ 5 ਸੰਮਤ 1829 (5 ਨਵੰਬਰ 1772 ਈ.) (ਸੰਮਤ 1828) ਦੇ ਇਕਰਾਰਨਾਮੇ ਦਾ ਕਾਗਜ਼ ਲਿਆਉਣ ਵਾਲੇ ਕਾਸਦਾ ਦੀ ਨੂੰ ਜੈਪੁਰ ਦਰਬਾਰ ਵੱਲੋਂ 8 ਰੁ. ਇਨਾਮ ਵਜੋਂ ਦਿੱਤੇ ਗਏ।[130]

ਵੈਸਾਖ ਵਦੀ 3 ਸੰਮਤ 1829 (20 ਅਪ੍ਰੈਲ 1772 ਈ.) ਨੂੰ ਦਰਜ ਕੀਤਾ ਗਿਆ ਕਿ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਮਾਘ ਸੁਦੀ 7 (ਸੰਮਤ 1828) ਦੇ ਇਕਰਾਰਨਾਮੇ ਦਾ ਕਾਗਜ ਲਿਆਉਣ ਵਾਲੇ ਕਾਸਦ ਨੂੰ ਜੈਪੁਰ ਵੱਲੋਂ 8 ਰੁ. ਇਨਾਮ ਦਿੱਤੇ ਗਏ।[131]

ਕੱਤਕ ਸੁਦੀ 12 ਸੰਮਤ 1829 (7 ਨਵੰਬਰ 1772 ਈ.) ਸ. ਖੁਸ਼ਹਾਲ ਸਿੰਘ ਵੱਲੋਂ ਆਏ ਕਾਸਦ ਨੂੰ ਜੈਪੁਰ ਦਰਬਾਰ ਵੱਲੋਂ 8 ਰੁ. ਇਨਾਮ ਦਿੱਤੇ ਗਏ।[132]

ਕੱਤਕ ਸੁਦੀ 15 ਸੰਮਤ 1830 (30 ਅਕਤੂਬਰ 1773 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਵੱਲੋਂ ਰੁੱਕਾ ਲਿਆਉਣ ਵਾਲੇ ਕਾਸਦ ਸ. ਧਰਮ ਸਿੰਘ ਨੂੰ ਜੈਪੁਰ ਦਰਬਾਰ ਵੱਲੋਂ 8 ਰੁ. ਇਨਾਮ ਦਿੱਤੇ ਗਏ।[133]

---

127 ਉਹੀ, ਪੰਨਾ 350.
128 ਉਹੀ, ਪੰਨਾ 324.
129 ਉਹੀ, ਪੰਨਾ 324.
130 ਉਹੀ, ਪੰਨਾ 350
131 ਉਹੀ, ਪੰਨਾ 350
132 ਉਹੀ, ਪੰਨਾ 324.
133 ਉਹੀ, ਪੰਨਾ 350.

ਕੱਤਕ ਸੁਦੀ 15 ਸੰਮਤ 1830 (30 ਅਕਤੂਬਰ 1773 ਈ.) ਨੂੰ ਸ. ਖੁਸ਼ਹਾਲ ਸਿਘ ਵੱਲੋਂ ਰੁੱਕਾ ਲਿਆਉਣ ਵਾਲੇ ਕਾਸਦ ਨੂੰ ਜੈਪੁਰ ਦਰਬਾਰ ਵੱਲੋਂ 8 ਰੁ. ਦਿੱਤੇ ਗਏ।[134]

'ਦਸਤੂਰ ਕੌਮਵਾਰ' ਵਿਚ ਮਾਘ ਵਦੀ 1 ਸੰਮਤ 1833 (24 ਜਨਵਰੀ 1777 ਈ.) ਨੂੰ ਦਰਜ ਕੀਤਾ ਗਿਆ ਕਿ ਮਾਘ ਸੁਦੀ 9 ਸੰਮਤ 1831 ਨੂੰ ਬਖਤ ਸਿੰਘ ਨੂੰ 40 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਦੇ ਦਿੱਤੇ ਗਏ।[135]

ਵੈਸਾਖ ਸੁਦੀ 15 ਸੰਮਤ 1835 (11 ਮਈ 1778 ਈ.) ਨੂੰ ਦਰਜ ਕੀਤਾ ਗਿਆ ਕਿ ਮੱਘਰ ਸੁਦੀ 2 ਸੰਮਤ 1832 (14 ਨਵੰਬਰ 1775 ਈ.) ਨੂੰ ਸਰਦਾਰ ਸਿੰਘ ਵੱਲੋਂ ਆਏ ਚਾਕਰ ਧਨਪਤ ਰਾਏ ਖੱਤਰੀ ਨੂੰ ਜੈਪੁਰ ਵੱਲੋਂ ਵਿਦਾਇਗੀ ਸਮੇਂ 26 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ ਬੂਟੇਦਾਰ ਬਖਸ਼ਿਆ ਗਿਆ।[136]

ਸੁਦੀ 15 ਸੰਮਤ 1835 (11 ਮਈ 1778 ਈ.) ਨੂੰ ਦਰਜ ਕੀਤਾ ਗਿਆ ਮੱਘਰ ਸੁਦੀ 2 ਸੰਮਤ 1832 (24 ਨਵੰਬਰ 1775 ਈ.) ਨੂੰ ਸਰਦਾਰ ਸਿੰਘ ਵੱਲੋਂ ਆਏ (ਵਕੀਲ) ਬਸੰਤ ਰਾਏ ਖੱਤਰੀ ਨੂੰ ਵਿਦਾਇਗੀ ਸਮੇਂ ਪੌਣੇ 32 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਬਖਸ਼ੇ ਗਏ।[137]

ਵੈਸਾਖ ਸੁਦੀ 15 ਸੰਮਤ 1835 (11 ਮਈ 1778 ਈ.) ਨੂੰ ਦਰਜ ਕੀਤਾ ਗਿਆ ਮੱਘਰ ਸੁਦੀ 2 ਸੰਮਤ 1832 (24 ਨਵੰਬਰ 1775 ਈ.) ਨੂੰ ਸਿੱਖਾਂ ਦੇ ਵਕੀਲ ਰੂੜ ਮੱਲ ਨੂੰ ਵਿਦਾਇਗੀ ਸਮੇਂ ਪੌਣੇ 32 ਰੁ. ਕੀਮਤ ਦਾ 1 ਥਾਨ ਕੱਪੜੇ ਦਾ ਬਖਸ਼ਿਆ ਗਿਆ।[138]

1 ਚੇਤ, ਚੇਤ ਸੁਦੀ 15 ਸੰਮਤ 1841 (5 ਅਪ੍ਰੈਲ 1784 ਈ.) ਨੂੰ ਦਰਜ ਕੀਤਾ ਗਿਆ ਮਿਤੀ ਪੋਹ ਵਦੀ 10 ਸੰਮਤ 1835 (13 ਦਸਬੰਰ 1778 ਈ.) ਨੂੰ ਜੈਪੁਰ ਦੇ ਤੋਸ਼ਾਖਾਨੇ ਵਿਚੋਂ ਸਿੱਖਾਂ ਦੇ ਵਕੀਲ ਨੂੰ ਸਾਢੇ 22 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ ਦਿੱਤਾ ਗਿਆ।[139]

---

[134] ਉਹੀ, ਪੰਨਾ 325.
[135] ਉਹੀ, ਪੰਨਾ 395.
[136] ਉਹੀ, ਪੰਨੇ 390-391.
[137] ਉਹੀ, ਪੰਨਾ 391.
[138] ਉਹੀ, ਪੰਨੇ 391-392.
[139] ਉਹੀ, ਪੰਨਾ 397.

ਪੋਹ ਸੁਦੀ 2 ਨੂੰ ਦਰਜ ਕੀਤਾ ਗਿਆ ਕਿ ਭਾਦਰੋਂ ਸੁਦੀ 2 ਸੰਮਤ 1837 (31 ਅਗਸਤ 1780 ਈ.) ਨੂੰ ਸਿੱਖਾਂ ਦੇ ਦੀਵਾਨ ਮਹੇਸ਼ ਦਾਸ ਨੂੰ ਜੈਪੁਰ ਦਰਬਾਰ ਵੱਲੋਂ 43 ਰੁ. ਕੀਮਤ ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਦੇ ਬਖਸ਼ੇ ਗਏ।[140]

ਮਾਘ ਵਦੀ 11 ਸ਼ਨੀਵਾਰ ਸੰਮਤ 1844 (2 ਫਰਵਰੀ 1788 ਈ.) ਨੂੰ ਸ. ਬਘੇਲ ਸਿੰਘ ਦੇ ਵਕੀਲਾਂ ਰਾਮ ਦਿਆਲ ਅਤੇ ਰੂੜ ਮੱਲ, ਲਾਧੂ ਵਾਸ ਸਾਰਨ ਵਾਸ, ਪਰਗਨਾ ਰੇਵਾੜੀ ਦੇ ਸਥਾਨ 'ਤੇ ਆਏ। ਇਸ ਸਮੇਂ ਸ. ਬਘੇਲ ਸਿੰਘ ਵਗੈਰਾ ਨੂੰ 192 ਰੁ. ਕੀਮਤ ਦੇ ਕੱਪੜੇ ਦੇ 6 ਥਾਨ ਮਹਾਰਾਜਾ ਜੈਪੁਰ ਵੱਲੋਂ ਬਖਸ਼ੇ ਗਏ ਜਿਨ੍ਹਾਂ ਵਿਚੋਂ ਸ. ਬਘੇਲ ਸਿੰਘ ਨੂੰ 124 ਰੁ. ਦੇ 4 ਥਾਨ ਜਿਸ ਵਿਚ 78 ਰੁ. ਦਾ ਥਿਰਮਾ ਪੱਛਮੀ 2 ਥਾਨ, 41 ਰੁ. ਦਾ ਮਸਰੂ ਬੂਟੇਦਾਰ 1 ਥਾਨ ਅਤੇ 5 ਰੁ. ਦਾ ਗੋਸਬਾਰ ਦਾ 1 ਥਾਨ ਸਨ ਜੋ ਵਕੀਲਾਂ ਦੇ ਹੱਥ ਸ. ਬਘੇਲ ਸਿੰਘ ਵੱਲ ਭੇਜੇ ਗਏ। ਸ. ਬਘੇਲ ਸਿੰਘ ਦੇ ਵਕੀਲ ਰੂੜ ਮੱਲ ਨੂੰ 68 ਰੁ. ਦੇ ਥਿਰਮਾ ਪੱਛਮੀ ਬੂਟੇਦਾਰ ਦੇ 2 ਥਾਨ ਦਿੱਤੇ ਗਏ ਜੋ ਦਾਖਲ ਸਿਆਹ ਹਜ਼ੂਰ ਦਰਜ ਹੋਏ।[141]

ਮਿਤੀ ਫੱਗਣ ਵਦੀ 11 ਸੰਮਤ 1844 (3 ਮਾਰਚ 1788 ਈ.) ਸੋਮਵਾਰ ਮੁਕਾਮ ਲਾਧੂ ਵਾਸ ਸਾਰਨ ਵਾਸ ਪਰਗਨਾ ਰੇਵਾੜੀ ਸ. ਬਘੇਲ ਸਿੰਘ ਦਿਨ ਅਸਤ ਹੋਏ ਆਇਆ ਖਾਸਾ ਡੇਰੇ (ਮਹਾਰਾਜੇ ਦਾ ਨਿੱਜੀ ਡੇਰਾ) ਦੀ ਬਾਹਰਲੀ ਬੁਰਜ ਵਿਚ ਸ਼੍ਰੀ ਜੀ (ਮਹਾਰਾਜਾ ਸਵਾਈ ਪ੍ਰਤਾਪ ਸਿੰਘ) ਬਿਰਾਜਿਆ ਜਿੱਥੇ ਸਰਦਾਰ ਬਘੇਲ ਸਿੰਘ ਪੈਰਾਂ ਵਾਲੇ ਪਾਸਿਉਂ ਆਇਆ ਅਤੇ ਮਹਾਰਾਜਾ ਨਾਲ ਰੁਬਰੂ ਹੋ ਕੇ ਮਹਾਰਾਜੇ ਦਾ ਸਤਿਕਾਰ ਕੀਤਾ ਅਤੇ ਦਸਤਪੋਸ਼ੀ ਕੀਤੀ (ਹੱਥ ਮਿਲਾਏ)। ਮਹਾਰਾਜੇ ਦੀ ਗੱਦੀ (ਸਿੰਘਾਸਣ) ਦੇ ਸੱਜੇ ਪਾਸੇ ਬੜੀ ਖੁਸ਼ੀ ਨਾਲ ਇਕ ਕਦਮ ਦੂਰ ਬੈਠਿਆ ਅਤੇ 1 ਘੜੀ ਗੱਲਾਂ-ਬਾਤਾਂ ਹੋਈਆਂ। ਵਿਦਾਇਗੀ ਸਮੇਂ ਤੋੜਾ (ਤੋੜੇਦਾਰ ਬੰਦੂਕ) 1, ਸਰਪੇਚ ਜੜਾਊ ਅਤੇ 1 ਕਲਗੀ ਜੜਾਊ ਅਤੇ 16 ਥਾਨ ਕੱਪੜੇ ਦੇ ਸਮੇਤ ਕੁੱਲ 4 ਨਗ ਸ. ਬਘੇਲ ਸਿੰਘ ਨੂੰ ਮਹਾਰਾਜਾ ਸਵਾਈ ਪ੍ਰਤਾਪ ਸਿੰਘ ਵੱਲੋਂ ਦਿੱਤੇ ਗਏ। ਇਨ੍ਹਾਂ 16 ਥਾਨ ਕੱਪੜਿਆਂ ਦੇ ਵਿਚ 200 ਰੁ. ਦਾ ਥਿਰਮਾ ਪੱਛਮੀ ਬੂਟੇਦਾਰ 4 ਥਾਨ ਜਿਸ ਵਿਚ 2 ਥਾਨ ਜਰਦ (ਪੀਲਾ) ਅਤੇ 2 ਥਾਨ ਲਾਖਾ, 40 ਰੁ. ਦੇ ਆਲਮ ਜਰੀ ਤਮਾਮੀ ਦੇ 2 ਥਾਨ, 110 ਰੁ. ਦਾ ਮਸਰੂ ਬੂਟੇਦਾਰ, ਚੀਰਾ ਲਹਿਰੀਆ 2 ਥਾਨ, ਤਾਣੋਬਾਣੋ ਕਿਰਮਚੀ ਦੇ 2 ਥਾਨ, 14 ਰੁ. ਦੇ

[140] ਉਹੀ, ਪੰਨਾ 378.
[141] ਉਹੀ, ਪੰਨਾ 372.

ਗੋਸਵਾਰ ਦੇ 2 ਥਾਨ, 28 ਰੁ. ਦੇ ਫੈਂਟਾ ਗੁਜਰਾਤੀ ਦੇ 2 ਥਾਨ, ਜੈ ਕਲਕੱਤੀ 1 ਥਾਨ, 60 ਰੁ. ਦਾ ਸ. ਬਘੇਲ ਸਿੰਘ ਨੂੰ ਮਹਾਰਾਜਾ ਜੈਪੁਰ ਵੱਲੋਂ ਦਿੱਤੇ ਗਏ।[142] ਇਸ ਸਮੇਂ ਨਰ ਸਿੰਘ ਦਾਸ ਵਕੀਲ ਨੂੰ 60 ਰੁ. ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਦੇ ਦਿੱਤੇ ਗਏ। ਇਹ ਸਾਰਾ ਵੇਰਵਾ ਦਾਖਲ ਸਿਆਹ ਹਜ਼ੂਰ ਵਿਚ ਦਰਜ ਕੀਤਾ ਗਿਆ।[143]

ਚੇਤ ਵਦੀ 8 ਵੀਰਵਾਰ ਸੰਮਤ 1845 (19 ਮਾਰਚ 1789 ਈ.) ਨੂੰ ਸਿੱਖਾਂ ਦੇ ਵਕੀਲ ਵੀਰ ਸਿੰਘ ਨੂੰ 50 ਰੁ. ਨਕਦ ਅਤੇ 1 ਮਣ ਮਠਿਆਈ ਮੇਜ਼ਬਾਨੀ ਵਜੋਂ ਦੌਲਤ ਰਾਮ ਰਾਹੀਂ ਭੇਜੇ ਗਏ।[144]

ਹਾੜ ਸੁਦੀ 15 ਸੰਮਤ 1845 (18 ਜੁਲਾਈ 1788 ਈ.) ਨੂੰ ਜੈਪੁਰ ਵੱਲੋਂ ਬਘੇਲ ਸਿੰਘ ਦੇ ਸਿੱਖ ਦੁਲਚਾ ਸਿੰਘ ਨੇ ਪੌਣੇ 69 ਰੁ. ਦਾ ਮਾਤਮੀ ਦਾ ਸਿਰੋ-ਪਾਉ ਖਵਾਸ (ਖ਼ਾਸ) ਰੋੜਾ ਰਾਮ (ਜੈਪੁਰ) ਵੱਲ ਲਸ਼ਕਰ ਵਿਚ ਭੇਜਿਆ। ਇਸ ਸਰੋਪੇ ਵਿਚ 3 ਥਾਨ ਕੱਪੜੇ ਦੇ ਸਨ।[145]

ਮਾਘ ਵਦੀ 9 ਸੋਮਵਾਰ ਸੰਮਤ 1845 (19 ਜਨਵਰੀ 1789 ਈ.) ਨੂੰ ਸਿੱਖਾਂ ਵੱਲੋਂ ਆਏ ਕਿਸ਼ਨ ਸਿੰਘ ਨਾਮ ਦੇ ਵਕੀਲ ਨੂੰ ਜੈਪੁਰ ਰਿਆਸਤ ਵੱਲੋਂ ਵਿਦਾ ਕਰਨ ਸਮੇਂ ਕੱਪੜੇ ਦੇ 3 ਥਾਨ ਜਿਸ ਵਿਚ 2 ਥਾਨ ਥਿਰਮਾ ਪੱਛਮੀ (ਕੱਪੜਾ) ਅਤੇ 1 ਕਰਨਪੇਚ ਮੁਕੈਸੀ ਬਖਸ਼ੇ ਗਏ।[146]

ਮੱਘਰ ਵਦੀ 10 ਸੰਮਤ 1851 (17 ਨਵੰਬਰ 1794 ਈ.) ਨੂੰ ਸਿੱਖਾਂ ਦੇ ਵਕੀਲ ਕਲਿਆਣ ਸਿੰਘ ਨੂੰ ਜੈਪੁਰ ਰਿਆਸਤ ਵੱਲੋਂ ਮਿੱਠਾ ਲਾਲ ਮੁਨਸ਼ੀ ਰਾਹੀਂ ਥਿਰਮਾ ਪੱਛਮੀ ਬੂਟੇਦਾਰ,2 ਥਾਨ, ਕੀਮਤ 45 ਰੁ. ਦੇ ਅਤੇ 25 ਰੁ. ਨਕਦ ਬਖਸ਼ੇ ਗਏ।[147]

ਮੱਘਰ ਵਦੀ 9 ਸੰਮਤ 1858 (29 ਨਵੰਬਰ 1801 ਈ.) ਨੂੰ ਸਿੱਖਾਂ ਦੇ ਵਕੀਲ ਜੈ ਕਿਸ਼ਨ ਨੂੰ ਵਿਦਾਇਗੀ ਵਜੋਂ ਜੈਪੁਰ ਵੱਲੋਂ 25 ਰੁ. ਬਖਸ਼ੇ ਦਿੱਤੇ ਗਏ।[148]

---

142 ਉਹੀ, ਪੰਨਾ 369.
143 ਉਹੀ, ਪੰਨਾ 371.
144 ਉਹੀ, ਪੰਨਾ 367.
145 ਉਹੀ, ਪੰਨਾ 353. ਨੋਟ: ਇੱਥੇ ਦੁਲਚਾ ਸਿੰਘ ਦੁਆਰਾ ਜੈਪੁਰ ਦੇ ਅਹਿਲਕਾਰ ਖਵਾਸ ਰੋੜਾ ਰਾਮ ਨੂੰ ਮਾਤਮੀ ਵਜੋਂ ਦਿੱਤੇ ਸਰੋਪੇ ਸਬੰਧੀ ਕੋਈ ਹਵਲਾ ਨਹੀਂ ਮਿਲਦਾ ਕਿ ਇਹ ਮਾਤਮੀ ਸਰੋਪਾ ਕਿਸ ਦੀ ਮੌਤ ਦੇ ਸਬੰਧ ਵਿਚ ਦਿੱਤਾ ਗਿਆ ਸੀ।
146 ਉਹੀ, ਪੰਨਾ 309.
147 ਉਹੀ, ਪੰਨਾ 317.
148 ਉਹੀ, ਪੰਨਾ 333.

ਸਿੱਖਾਂ ਨਾਲ ਸਬੰਧਤ ਇਹ ਸਾਰੇ ਵੇਰਵੇ 'ਦਸਤੂਰ ਕੌਮਵਾਰ' ਵਿਚੋਂ ਇੱਥੇ ਪੰਜਾਬੀ ਵਿਚ ਤਰਜਮਾਏ ਗਏ ਹਨ। ਉਪਰੋਕਤ ਸਾਰੇ ਵੇਰਵਿਆਂ ਦੇ ਅਧਾਰ 'ਤੇ ਇਸ ਸਰੋਤ ਦੇ ਸਿੱਖ ਮਿਸਲਾਂ ਅਤੇ ਉਨ੍ਹਾਂ ਦੇ ਸਰਦਾਰਾਂ ਆਦਿ ਦੇ ਸੰਦਰਭ ਵਿਚ ਆਈਆਂ ਜਾਣਕਾਰੀਆਂ ਅਤੇ ਇਤਿਹਾਸਕ ਤੱਥਾਂ ਆਦਿ ਦਾ ਵਿਸ਼ਲੇਸ਼ਣ ਕਰਨ 'ਤੇ ਹੇਠ ਲਿਖੇ ਪੱਖ ਸਾਹਮਣੇ ਆਉਂਦੇ ਹਨ।

## 1.1 ਸਿੱਖ ਮਿਸਲਾਂ ਅਤੇ ਸਿੱਖ ਸਰਦਾਰਾਂ ਦੇ ਜੈਪੁਰ ਰਿਆਸਤ ਨਾਲ ਸਬੰਧ ਅਤੇ ਉਨ੍ਹਾਂ ਦੀਆਂ ਰਾਜਪੂਤਾਨੇ ਵਿਚ ਗਤੀਵਿਧੀਆਂ:

ਦਸਤੂਰ ਕੌਮਵਾਰ ਵਿਚ 1740 ਈ. ਤੋਂ ਲੈ ਕੇ 1862 ਈ. ਤੱਕ ਸਿੱਖਾਂ ਨਾਲ ਸਬੰਧਿਤ ਵੇਰਵੇ ਮਿਲਦੇ ਹਨ।'ਦਸਤੂਰ ਕੌਮਵਾਰ' ਵਿਚ ਸਭ ਤੋਂ ਪਹਿਲਾ ਵੇਰਵਾ ਜੋ ਕਿਤਾਬ ਨੰ. 17 ਵਿਚ 'ਰਦੀਫ਼ ਕੌਮ-ਬਿਨਾ ਜਾਤ' ਵਿਚ ਮਿਲਦਾ ਹੈ ਉਹ 1 ਸਾਵਣ ਸੰਮਤ 1797 (1740 ਈ.) ਵਿਚ ਸ. ਗੁਰਬਖਸ਼ ਸਿੰਘ ਦੇ ਨਾਂ 'ਤੇ ਹੈ। 'ਦਸਤੂਰ ਕੌਮਵਾਰ' ਵਿਚ ਗੁਰਬਖਸ਼ ਸਿੰਘ ਨਾਲ ਹੀ ਸਬੰਧਤ ਫੱਗਣ ਵਦੀ 2 ਸੰਮਤ 1798 (10 ਫਰਵਰੀ 1742 ਈ.) ਦੇ ਵੇਰਵੇ ਤੋਂ ਪਤਾ ਚੱਲਦਾ ਹੈ ਕਿ ਉਹ ਸਿੱਖਾਂ ਵੱਲੋਂ ਜੈਪੁਰ ਦੇ ਮਹਾਰਾਜਾ ਕੋਲ ਡੋਲ ਖਰਚ ਲੈਣ ਲਈ ਗਿਆ ਸੀ। ਜੈਪੁਰ ਦਰਬਾਰ ਵੱਲੋਂ ਉਸ ਨੂੰ 500 ਸਵਾਰ ਅਤੇ 500 ਬੰਦੂਕਚੀ ਹੋਰ ਲਿਆਉਣ ਲਈ ਖਰਚ ਦੇ ਕੇ ਭੇਜਣ ਦੇ ਜ਼ਿਕਰ ਤੋਂ ਲੱਗਦਾ ਹੈ ਕਿ ਉਸ ਤੋਂ ਪਹਿਲਾਂ ਵੀ ਸਿੱਖ ਜੈਪੁਰ ਰਿਆਸਤ ਵਿਚ ਬਤੌਰ ਸੈਨਕ ਰਹਿ ਰਹੇ ਸਨ ਅਤੇ ਜੈਪੁਰ ਰਿਆਸਤ ਨੂੰ ਹੋਰ ਸਿੱਖ ਸੈਨਕਾਂ ਦੀ ਲੋੜ ਸੀ। ਗੁਰਬਖਸ਼ ਸਿੰਘ ਨਾਲ ਸਬੰਧਤ ਇਸ ਤੋਂ ਪਹਿਲੇ ਵੇਰਵੇ ਵਿਚ (ਜੈਪੁਰ ਰਿਆਸਤ ਵੱਲੋਂ) ਗੁਰਬਖਸ਼ ਸਿੰਘ ਨਾਲ ਚਿੱਠੀ ਰਾਹੀਂ ਸੰਪਰਕ ਹੋਣ ਦਾ ਜ਼ਿਕਰ ਵੀ ਆਇਆ ਹੈ ਜੋ ਇਸ ਮਿਤੀ ਤੋਂ ਪਹਿਲਾਂ ਵੈਸਾਖ ਸੁਦੀ 12 ਸੰਮਤ 1796 (9 ਮਈ 1739 ਈ.) ਨਾਲ ਸਬੰਧਤ ਹੋਣ ਦਾ ਪਤਾ ਚੱਲਦਾ ਹੈ। ਉਸ ਤੋਂ ਪਿੱਛੋਂ ਜੇਠ ਵਦੀ 6 ਸੰਮਤ 1810 (23 ਮਈ 1753 ਈ.) ਦਾ ਬਿਦਰਾ ਸਿੰਘ ਅਤੇ ਮੀਰ ਸਿੰਘ 'ਜਮੀਅਤਦਾਰ' ਸਿੱਖਾਂ ਦਾ ਵੇਰਵਾ ਮਿਲਦਾ ਹੈ, ਜਿਸ ਤੋਂ ਲੱਗਦਾ ਹੈ ਕਿ ਇਨ੍ਹਾਂ ਦੋਵਾਂ ਸਿੱਖ ਸਰਦਾਰਾਂ ਦੇ ਅਧੀਨ ਆਪਣੇ-ਆਪਣੇ ਜਥੇ ਸਨ ਅਤੇ ਇਹ ਵੀ ਜੈਪੁਰ ਰਿਆਸਤ ਦੀ ਸੈਨਕ ਮਦਦ ਲਈ ਇਸ ਤਰੀਕ ਨੂੰ ਜੈਪੁਰ ਦੀ ਸੇਵਾ ਵਿਚ ਸਨ। ਗੁਰਬਖਸ਼ ਸਿੰਘ, ਬਿਦਰਾ ਸਿੰਘ ਅਤੇ ਮੀਰ ਸਿੰਘ ਨਾਲ ਸਬੰਧਤ ਵੇਰਵਿਆਂ ਤੋਂ ਮਾਲੂਮ ਹੁੰਦਾ ਹੈ ਕਿ ਸਿੱਖਾਂ ਨਾਲ ਜੈਪੁਰ ਰਿਆਸਤ ਦੇ ਸਬੰਧ ਜੈਪੁਰ ਦੇ ਮਹਾਰਾਜਾ ਸਵਾਈ ਜੈ ਸਿੰਘ ਦੇ

ਰਾਜ ਕਾਲ ਤੋਂ ਕਾਇਮ ਹੋ ਗਏ ਸਨ ਅਤੇ ਸਿੱਖਾਂ ਦੇ ਉਸ ਸਮੇਂ ਜੈਪੁਰ ਰਿਆਸਤ ਦੀ ਬਤੌਰ ਸੈਨਕ ਨੌਕਰੀ ਕਰਨ ਦਾ ਪਤਾ ਲੱਗਦਾ ਹੈ ਜਿਸ ਸਬੰਧੀ ਰਤਨ ਸਿੰਘ ਭੰਗੂ ਨੇ ਵੀ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਜ਼ਿਕਰ ਕੀਤਾ ਹੈ।[149] ਇਸ ਤੋਂ ਕਾਫੀ ਸਮਾਂ ਬਾਅਦ ਚੇਤ ਵਦੀ 6 ਸੰਮਤ 1822 ਬਿਕਰਮੀ 13 ਮਾਰਚ 1765 ਈ. ਤੱਕ ਸਿੱਖਾਂ ਸਬੰਧੀ ਕੋਈ ਵੇਰਵਾ ਇਸ ਵਿਚ ਨਹੀਂ ਮਿਲਦਾ ਪਰ ਚੇਤ ਵਦੀ 6 ਸੰਮਤ 1822 (13 ਮਾਰਚ 1765 ਈ.) ਪਿੱਛੋਂ ਲਗਾਤਾਰ ਕਈ ਸਾਲਾਂ ਤੱਕ ਦੇ ਵੇਰਵੇ ਮਿਲਦੇ ਹਨ।

'ਦਸਤੂਰ ਕੌਮਵਾਰ' ਵਿਚ ਬੁੱਢਾ ਦਲ ਦੀਆਂ ਪ੍ਰਮੁੱਖ ਮਿਸਲਾਂ ਆਹਲੂਵਾਲੀਆ, ਸਿੰਘਪੁਰੀਆ, ਕਰੋੜਸਿੰਘੀਆ, ਡੱਲੇਵਾਲੀਆ, ਨਿਸ਼ਾਨਵਾਲੀਆ, ਸ਼ਹੀਦ ਆਦਿ ਤੋਂ ਇਲਾਵਾ ਤਰਨਾ ਦਲ ਦੀਆਂ ਮਿਸਲਾਂ ਰਾਮਗੜ੍ਹੀਆ, ਕਨ੍ਹੱਈਆ, ਭੰਗੀ, ਨਕੱਈ ਆਦਿ ਅਤੇ ਇਨ੍ਹਾਂ ਮਿਸਲਾਂ ਦੇ ਆਗੂ ਸਰਦਾਰਾਂ ਸਬੰਧੀ 13 ਮਾਰਚ 1765 ਈ. ਤੋਂ ਨਾਵਾਂ ਸਮੇਤ ਤਾਰੀਖਵਾਰ ਵੇਰਵੇ ਮਿਲਦੇ ਹਨ।

'ਦਸਤੂਰ ਕੌਮਵਾਰ' ਵਿਚ ਸਿੱਖ ਮਿਸਲਾਂ ਨਾਲ ਸਬੰਧਤ ਪਹਿਲਾ ਵੇਰਵਾ ਚੇਤ ਵਦੀ 6 ਸੰਮਤ 1822 (13 ਮਾਰਚ 1765 ਈ.) ਨੂੰ ਸਿੱਖਾਂ ਦੇ ਵਕੀਲਾਂ ਬਖਤ ਸਿੰਘ ਵਗੈਰਾ ਦੇ ਜੈਪੁਰ ਤੋਂ ਵਿਦਾ ਹੋਣ ਸਬੰਧੀ ਮਿਲਦਾ ਹੈ, ਬਾਕੀ ਸਭ ਵੇਰਵੇ ਇਸ ਤਾਰੀਕ ਤੋਂ ਪਿੱਛੋਂ ਸ਼ੁਰੂ ਹੁੰਦੇ ਹਨ। ਇਸ ਤੋਂ ਅਗਲਾ ਵੇਰਵਾ ਚੇਤ ਸੁਦੀ 2, ਸੰਮਤ 1822 (23 ਮਾਰਚ 1765 ਈ.) ਨੂੰ ਸਿੱਖਾਂ ਦੇ ਵਕੀਲ ਅਮੋਲਕ ਰਾਮ ਦੇ ਜੈਪੁਰ ਤੋਂ ਵਿਦਾ ਹੋਣ ਸਬੰਧੀ ਮਿਲਦਾ ਹੈ। ਇਸ ਤੋਂ ਪਿੱਛੋਂ ਚੇਤ ਸੁਦੀ 4 ਸੰਮਤ 1822 ( 25ਮਾਰਚ 1765 ਈ.) ਨੂੰ ਸਿੱਖਾਂ ਦੇ ਵਕੀਲਾਂ ਬਖਤ ਸਿੰਘ ਵਗੈਰਾ ਨੂੰ ਜੈਪੁਰ ਰਿਆਸਤ ਵੱਲੋਂ 400 ਰੁ. ਦੇਣ ਦਾ ਵੇਰਵਾ ਮਿਲਦਾ ਹੈ।ਇਸ ਤੋਂ ਕੁਝ ਦਿਨ ਪਿੱਛੋਂ ਵੈਸਾਖ ਵਦੀ 12 ਅਤੇ 13 ਸੰਮਤ 1822 (17-18 ਅਪ੍ਰੈਲ 1765 ਈ.) ਨੂੰ ਸਿੱਖਾਂ ਵੱਲੋਂ ਅਮੋਲਕ ਰਾਮ (ਵਕੀਲ) ਦਿੱਲੀ ਦੇ ਨਵਾਬ ਨਜ਼ੀਬ (ਨਜ਼ੀਬੁਦੌਲਾ ਰੁਹੇਲਾ) ਨੂੰ ਮਿਲਕੇ ਮਹਾਰਾਜਾ ਜੈਪੁਰ ਕੋਲ ਆਇਆ।[150] ਇਸੇ ਸਮੇਂ ਵੈਸਾਖ ਵਦੀ 12 ਸੰਮਤ 1822 ਨੂੰ ਵਕੀਲ ਬਾਲਕ ਰਾਮ ਜੈਪੁਰ ਆਉਣ ਸਬੰਧੀ 'ਦਸਤੂਰ ਕੌਮਵਾਰ' ਵਿਚ ਜ਼ਿਕਰ ਮਿਲਦਾ ਹੈ। ਇਸ ਸਮੇਂ

---

149 ਭੰਗੂ, ਰਤਨ ਸਿੰਘ, **ਸ੍ਰੀ ਗੁਰ ਪੰਥ ਪ੍ਰਕਾਸ਼**, ਸੰਪਾ. ਬਲਵੰਤ ਸਿੰਘ ਢਿੱਲੋਂ, ਪੰਨਾ 227.

150 **ਦਸਤੂਰ ਕੌਮਵਾਰ**, ਪੰਨੇ 339, 341, 343, 345.

ਅਹਿਮਦ ਸ਼ਾਹ ਅਬਦਾਲੀ ਕੁੰਜਪੁਰੇ ਤੋਂ ਸਰਹੰਦ ਹੁੰਦਾ ਹੋਇਆ ਪੰਜਾਬ ਰਸਤੇ ਵਾਪਸ ਅਫਗਾਨਿਸਤਾਨ ਜਾ ਰਿਹਾ ਸੀ ਅਤੇ ਸਿੱਖ ਮਿਸਲਾਂ ਇਸ ਸਮੇਂ ਉਸ ਨੂੰ ਰਸਤੇ ਵਿਚ ਘੇਰਨ ਲਈ ਸਤਲੁਜ ਦੇ ਕੋਲ ਪਹੁੰਚ ਚੁੱਕੀਆਂ ਸਨ। ਸੰਭਵ ਹੈ ਕਿ ਸਿੱਖਾਂ ਦੇ ਵਕੀਲ ਜੈਪੁਰ ਰਿਆਸਤ ਕੋਲੋਂ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਕੋਈ ਸਹਾਇਤਾ ਸਬੰਧੀ ਵਿਚਾਰ ਕਰਨ ਲਈ ਇਸ ਸਮੇਂ ਜੈਪੁਰ ਰਿਆਸਤ ਦੇ ਵਕੀਲ ਜਾਂ ਅਹਿਲਕਾਰਾਂ ਆਦਿ ਨੂੰ ਮਿਲਦੇ ਰਹੇ ਹੋਣ। ਇਸੇ ਦੌਰਾਨ ਸਿੱਖਾਂ ਦੇ ਵਕੀਲ ਅਮੋਲਕ ਰਾਮ ਦਾ ਦਿੱਲੀ ਨਜ਼ੀਬੁਦੌਲਾ ਨੂੰ ਮਿਲ ਕੇ ਜੈਪੁਰ ਜਾਣ ਤੋਂ ਸੰਕੇਤ ਮਿਲਦਾ ਹੈ ਕਿ ਸਿੱਖ, ਜੈਪੁਰ ਅਤੇ ਨਜ਼ੀਬੁਦੌਲਾ ਦਰਮਿਆਨ ਕੋਈ ਗੱਲ-ਬਾਤ ਚੱਲ ਰਹੀ ਸੀ। 'ਦਸਤੂਰ ਕੌਮਵਾਰ' ਵਿਚ ਹਾੜ ਵਦੀ ਅਤੇ ਸੁਦੀ ਸੰਮਤ 1822 (1765 ਈ.) ਵਿਚ ਸਿੱਖ ਮਿਸਲਾਂ ਦੇ ਸਰਦਾਰਾਂ ਗਜ ਸਿੰਘ, ਗੁਲਾਬ ਸਿੰਘ, ਦਸੌਂਧਾ ਸਿੰਘ ਨੂੰ ਜੈਪੁਰ ਰਿਆਸਤ ਵੱਲੋਂ ਨਕਦ ਪੈਸੇ ਅਤੇ ਕੱਪੜੇ ਆਦਿ ਦਿੱਤੇ ਜਾਣ ਸਬੰਧੀ ਮਿਲਦੇ ਵੇਰਵਿਆਂ ਤੋਂ ਲਗਦਾ ਹੈ ਕਿ ਅਬਦਾਲੀ ਦੇ ਵਾਪਸ ਕਾਬਲ ਪਰਤਣ ਪਿੱਛੋਂ ਸਿੱਖ ਮਿਸਲਾਂ ਜੈਪੁਰ ਰਿਆਸਤ ਅਤੇ ਇਸ ਦੇ ਨੇੜਲੇ ਇਲਾਕਿਆਂ ਵਿਚ ਆ ਗਈਆਂ ਸਨ। 'ਦਸਤੂਰ ਕੌਮਵਾਰ' ਵਿਚਲੇ ਇਨ੍ਹਾਂ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਸਿੱਖ ਮਿਸਲਾਂ ਦੇ ਇਸ ਸਮੇਂ ਤੱਕ ਜੈਪੁਰ ਰਿਆਸਤ ਨਾਲ ਰਾਜਨੀਤਕ ਅਤੇ ਕੂਟਨੀਤਕ, ਅਤੇ ਸਮਾਜਕ ਸਬੰਧ ਸਥਾਪਤ ਹੋ ਚੁੱਕੇ ਸਨ।

'ਦਸਤੂਰ ਕੌਮਵਾਰ' ਵਿਚ ਮਿਲਦੇ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਸੰਮਤ 1823 ਵਿਚ ਸਿੱਖ ਮਿਸਲਾਂ ਦੀਆਂ ਜੈਪੁਰ ਅਤੇ ਉਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਗਤੀਵਿਧੀਆਂ ਕਾਫੀ ਤੇਜ ਹੋ ਗਈਆਂ ਸਨ। ਇਸ ਸਮੇਂ ਦੌਰਾਨ ਸਿੱਖਾਂ ਦੇ ਵਕੀਲਾਂ, ਕਾਸਦਾਂ, ਹਰਕਾਰਿਆਂ ਆਦਿ ਸਬੰਧੀ 'ਦਸਤੂਰ ਕੌਮਵਾਰ' ਵਿਚ ਕਾਫੀ ਵੇਰਵੇ ਮਿਲਦੇ ਹਨ। ਹਾੜ ਵਦੀ 13 ਨੂੰ ਵਕੀਲ ਬਖਤ ਸਿੰਘ ਅਤੇ ਹਾੜ ਵਦੀ 14 ਸੰਮਤ 1823 (4-5 ਜੁਲਾਈ 1766 ਈ.) ਨੂੰ ਵਕੀਲ ਗੁੱਜਰ ਮੱਲ ਅਤੇ ਦੀਵਾਨ ਮਹੇਸ਼ ਦਾਸ, ਨੂੰ ਫਰਦ ਦਸਤਖਤੀ ਮੁਤਾਬਕ 1500 ਰੁ. ਖਰਚ ਵਜੋਂ ਦਿੱਤੇ ਗਏ। ਇਸ ਵੇਰਵੇ ਤੋਂ ਸਿੱਖਾਂ ਨਾਲ ਜੈਪੁਰ ਰਿਆਸਤ ਦੇ ਕਿਸੇ ਲਿਖਤ ਸਮਝੌਤੇ ਦੀ ਫ਼ਰਦ ਸਬੰਧੀ ਇਸ਼ਾਰਾ ਮਿਲਦਾ ਹੈ। ਕੱਤਕ ਸੁਦੀ 5 ਸੰਮਤ 1823 (7 ਨਵੰਬਰ 1766 ਈ.) ਨੂੰ ਸਿੱਖਾਂ ਦੇ ਵਕੀਲਾਂ ਬਖਤ ਸਿੰਘ, ਗੁੱਜਰ ਮੱਲ ਅਤੇ ਸੌਂਧੇ ਖਾਂ ਨੂੰ ਜੈਪੁਰ

ਰਿਆਸਤ ਵੱਲੋਂ ਦਸਤਖਤੀ ਇਕਰਾਰ ਦੀ ਫਰਦ ਅਨੁਸਾਰ ਨਕਦ ਰੁ. ਦਿੱਤੇ ਜਾਣ ਦਾ ਵੇਰਵਾ ਮਿਲਦਾ ਹੈ।[151] ਇਸ ਤੋਂ ਅਗਲੇ ਸਾਲ ਸੰਮਤ 1824 ਵਿਚ 'ਦਸਤੂਰ ਕੌਮਵਾਰ' ਵਿਚ ਸਿੱਖਾਂ ਦੀਆਂ ਗਤੀਵਿਧੀਆਂ ਸਬੰਧੀ ਕਾਫੀ ਵੇਰਵੇ ਮਿਲਦੇ ਹਨ ਜਿਨ੍ਹਾਂ ਵਿਚੋਂ ਇਕ ਹੋਰ ਇਕਰਾਰਨਾਮਾ ਜੈਪੁਰ ਦਰਬਾਰ ਵੱਲੋਂ ਹਾੜ ਵਦੀ 14 ਸੰਮਤ 1824 (25 ਜੂਨ 1767 ਈ.) ਨੂੰ ਸਿੱਖ ਮਿਸਲਾਂ ਦੇ 4 ਵਕੀਲਾਂ ਗੁੱਜਰ ਮੱਲ, ਮਨਸੁੱਖ ਰਾਏ, ਮਹੇਸ਼ ਦਾਸ ਅਤੇ ਸ਼ਿਵ ਦਾਸ ਨਾਲ ਹੋਣ ਸਬੰਧੀ ਜਾਣਕਾਰੀ ਮਿਲਦੀ ਹੈ ਜਿਸ ਵਿਚ ਸਿੱਖਾਂ ਨੂੰ ਖਰਚ ਵਜੋਂ ਰੁਪਏ ਦੇਣ ਦਾ ਜ਼ਿਕਰ ਮਿਲਦਾ ਹੈ। ਇਸ ਇਕਰਾਰਨਾਮੇ ਦੀ ਫਰਦ ਵਿਚ (ਸਿੱਖ ਸਰਦਾਰਾਂ ਦੇ) ਨਾਮ ਤਫਸੀਲਵਾਰ ਨਹੀਂ ਲਿਖੇ ਗਏ ਸਨ ਜੋ ਬਾਅਦ ਵਿਚ ਹਾੜ ਸੁਦੀ 3 ਸੰਮਤ 1822 (21 ਜੂਨ 1765 ਈ.) ਨੂੰ ਹਿਸਾਰ ਵਿਚ ਲਿਖੇ ਗਏ ਸਨ।[152] ਸਿੱਖ ਮਿਸਲਾਂ ਨਾਲ ਇਸ ਇਕਰਾਰਨਾਮੇ ਪਿੱਛੋਂ ਜੈਪੁਰ ਰਿਆਸਤ ਦੁਆਰਾ ਇਕ ਹੋਰ ਇਕਰਾਰਨਾਮਾ ਸਾਵਣ ਵਦੀ 3 ਸੰਮਤ 1824 (14 ਜੁਲਾਈ 1767 ਈ.) ਨੂੰ ਬੁੱਢਾ ਦਲ ਦੀਆਂ ਇਨ੍ਹਾਂ ਮਿਸਲਾਂ ਦੇ ਵਕੀਲਾਂ ਗੁੱਜਰ ਮੱਲ ਅਤੇ ਸ਼ਿਵ ਦਾਸ, ਦੀਵਾਨ ਮਹੇਸ਼ ਦਾਸ, ਮੁਨਸ਼ੀ ਮਨਸੁਖ ਰਾਏ ਨਾਲ ਕੀਤਾ ਗਿਆ ਹੋਣ ਬਾਰੇ 'ਦਸਤੂਰ ਕੌਮਵਾਰ' ਵਿਚ ਇੰਦਰਾਜ ਮਿਲਦਾ ਹੈ।[153] 'ਦਸਤੂਰ ਕੌਮਵਾਰ' ਵਿਚ ਸਿੱਖਾਂ ਸਬੰਧੀ ਦਰਜ ਵੇਰਵਿਆਂ ਵਿਚ ਸਿੱਖਾਂ ਅਤੇ ਜੈਪੁਰ ਰਿਆਸਤ ਦਰਮਿਆਨ ਇਨ੍ਹਾਂ ਇਕਰਾਰਨਾਮਿਆਂ ਦਾ ਪਤਾ ਸਬੰਧਤ ਵੇਰਵੇ ਵਿਚ ਲਿਖੇ ਸ਼ਬਦਾਂ 'ਫ਼ਰਦ ਦਸਖਤੀ ਕਰਾਰ ਮਿਤੀ...' ਤੋਂ ਪੁਸ਼ਟੀ ਹੁੰਦੀ ਹੈ। ਉਪਰੋਕਤ ਇਕਰਾਰਨਾਮਿਆਂ ਸਬੰਧੀ ਆਏ ਵੇਰਵਿਆਂ ਦੀਆਂ ਤਰੀਕਾਂ ਤੋਂ ਲੱਗਦਾ ਹੈ ਕਿ ਇਹ ਇਕਰਾਰਨਾਮੇ ਮਹੀਨੇਵਾਰ ਜਾਂ ਹੋਰ ਨਿਸ਼ਚਿਤ ਸਮਾਂ-ਸੀਮਾ ਤੱਕ ਹੁੰਦੇ ਸਨ ਅਤੇ ਇਹ ਸਦੀਵ ਨਹੀਂ ਸਨ। ਇਸ ਤਰ੍ਹਾਂ ਦੇ ਸੰਮਤ 1825 ਵਿਚ ਸਿੱਖ ਮਿਸਲਾਂ ਅਤੇ ਜੈਪੁਰ ਰਿਆਸਤ ਵਿਚ ਕਈ ਇਕਰਾਰਨਾਮੇ ਹੋਣ ਦੇ ਵੇਰਵੇ 'ਦਸਤੂਰ ਕੌਮਵਾਰ' ਵਿਚੋਂ ਮਿਲਦੇ ਹਨ। ਸਿੱਖਾਂ ਨਾਲ ਹੋਏ ਲਿਖਤੀ ਇਕਰਾਰ ਅਨੁਸਾਰ ਸਿੱਖਾਂ ਦਾ ਵਕੀਲ ਚੇਤ ਸੁਦੀ 1 ਸੰਮਤ 1825 (4 ਮਾਰਚ 1768 ਈ.) ਨੂੰ ਜੈਪੁਰ ਖਰਚ ਲੈਣ ਲਈ ਆਇਆ ਜਿਸ ਨੂੰ 4000 ਰੁ. ਦਿੱਤੇ ਜਾਣ ਬਾਰੇ ਜਾਣਕਾਰੀ

---

151 ਉਹੀ, ਪੰਨੇ 336-337,344,346.

152 ਉਹੀ, ਪੰਨੇ 337-38, 344-45, 376, 396

153 ਉਹੀ, ਪੰਨੇ 338, 346,376-377, 397.

ਮਿਲਦੀ ਹੈ।[154] ਇਸ ਸਮੇਂ ਸਿੱਖ ਸਰਦਾਰਾਂ ਵੱਲੋਂ ਦੀਵਾਨ, ਵਕੀਲ ਅਤੇ ਮੁਨਸ਼ੀ ਨੇ ਜੈਪੁਰ ਰਿਆਸਤ ਦੇ ਵਕੀਲਾਂ ਨਾਲ ਮੁਲਾਕਾਤ ਕੀਤੀ।[155] ਸੰਭਵ ਹੈ ਕਿ ਇਸ ਸਮੇਂ ਵੀ ਉਨ੍ਹਾਂ ਦਰਮਿਆਨ ਕੋਈ ਇਕਰਾਰਨਾਮਾ ਹੋਇਆ ਹੋਵੇਗਾ।

ਸਿੱਖ ਮਿਸਲਾਂ ਸੰਮਤ 1822 ਤੋਂ ਸੰਮਤ 1825 (1765-66 ਈ. ਤੋਂ 1768-69 ਈ.) ਤੱਕ ਕਈ ਵਾਰ ਭਰਤਪੁਰ ਦੇ ਜਾਟ ਰਾਜਾ ਜਵਾਹਰ ਸਿੰਘ ਦੀ ਘਰੇਲੂ ਲੜਾਈ, ਜੈਪੁਰ ਅਤੇ ਮਰਾਠਿਆਂ ਵਿਰੁੱਧ ਮਦਦ ਲਈ ਜਾਂਦੀਆਂ ਰਹੀਆਂ ਸਨ। ਉਸ ਵੱਲੋਂ ਜੈਪੁਰ ਰਿਆਸਤ ਖਿਲਾਫ਼ ਸਿੱਖਾਂ ਨਾਲ ਉਸ ਦੀ ਮਦਦ ਕਰਨ ਲਈ ਇਕਰਾਰ ਵਿਚ ਤੈਅ ਕੀਤੇ ਰੁਪਏ ਨਾ ਦੇਣ ਕਰਕੇ ਸਿੱਖਾਂ ਨੇ ਫਰਵਰੀ, 1768 ਈ. ਵਿਚ ਉਸ ਦੇ ਇਲਾਕੇ ਵਿਚ ਲੁੱਟ-ਮਾਰ ਕੀਤੀ ਅਤੇ ਉਸ ਨੇ ਸਿੱਖਾਂ ਨੂੰ ਇਕਰਾਰਨਾਮੇ ਵਿਚ ਤੈਅ ਕੀਤੀ ਰਕਮ ਦੇਣ ਅਤੇ ਉਨ੍ਹਾਂ ਨੂੰ ਜੈਪੁਰ ਵਿਰੁੱਧ ਸਹਾਇਤਾ ਕਰਨ ਸਬੰਧੀ ਮਨਾ ਲਿਆ ਸੀ। ਇਸ ਸਮੇਂ ਦੌਰਾਨ ਭਰਤਪੁਰ-ਜੈਪੁਰ ਸੰਘਰਸ਼ ਵਿਚ ਸਿੱਖਾਂ ਦੁਆਰਾ ਜਾਟਾਂ ਦੀ ਮਦਦ ਕਰਨ ਕਰਕੇ ਜੈਪੁਰ ਰਿਆਸਤ ਵੱਲੋਂ ਆਪਣੇ ਵਕੀਲਾਂ ਮੁਨਸ਼ੀ ਰਾਮ ਕਿਸ਼ਨ ਆਦਿ ਰਾਹੀਂ ਸਿੱਖ ਮਿਸਲਾਂ ਨਾਲ ਸੰਪਰਕ ਬਣਾਇਆ ਗਿਆ ਸੀ। ਸਿੱਖ ਵੀ ਇਸ ਸਮੇਂ ਰਾਜਨੀਤਕ ਹਲਾਤਾਂ ਨੂੰ ਦੇਖਦਿਆਂ ਕੂਟਨੀਤੀ ਤੋਂ ਕੰਮ ਲੈ ਰਹੇ ਸਨ। ਸਮਕਾਲੀ ਸਰੋਤਾਂ ਤੋਂ ਪਤਾ ਚੱਲਦਾ ਹੈ ਕਿ ਸਿੱਖ, ਜਾਟ ਰਾਜਾ ਦੀ ਮਦਦ ਵੀ ਕਰ ਰਹੇ ਸਨ ਅਤੇ ਨਾਲ ਦੀ ਨਾਲ ਜੈਪੁਰ ਰਿਆਸਤ ਦੇ ਵਕੀਲਾਂ ਦੁਆਰਾ ਸਿੱਖਾਂ ਨੂੰ ਮਨਾਉਣ ਸਬੰਧੀ ਕੀਤੇ ਜਾ ਰਹੇ ਯਤਨਾਂ ਕਰਕੇ ਜੈਪੁਰ ਰਿਆਸਤ ਨਾਲ ਅੰਦਰੋਂ ਨਰਮੀ ਵੀ ਵਰਤ ਰਹੇ ਸਨ। ਸਿੱਖ ਸਰੋਤਾਂ ’ਚੋਂ ਮਿਲਦੇ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਸਿੱਖ ਸਰਦਾਰ ਜੈਪੁਰ ਰਿਆਸਤ ਘਰਾਣੇ ਨੂੰ ਸਿੱਖਾਂ ਦੇ 8ਵੇਂ ਅਤੇ 9ਵੇਂ ਗੁਰੂ ਸਾਹਿਬਾਨ ਦੇ ਸ਼ਰਧਾਲੂ ਹੋਣ ਕਰਕੇ ਉਨ੍ਹਾਂ ਨੂੰ ਆਪਣੇ ਗੁਰ-ਭਾਈ ਸਮਝਦੇ ਸਨ।[156]

‘ਦਸਤੂਰ ਕੌਮਵਾਰ’ ਵਿਚਲੀ ਪ੍ਰਾਪਤ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਸਿੱਖ ਮਿਸਲਾਂ ਨੇ 18ਵੀਂ ਸਦੀ ਵਿਚ ਜੈਪੁਰ ਰਿਆਸਤ ਨਾਲ ਕੂਟਨੀਤਕ, ਰਾਜਨੀਤਕ, ਸੈਨਿਕ, ਅਤੇ ਸਮਾਜਕ ਸਬੰਧ ਬਣਾ ਲਏ ਸਨ। ਇਨ੍ਹਾਂ ਸਬੰਧਾਂ ਕਰਕੇ ਹੀ ਜਦੋਂ 6 ਮਾਰਚ 1768 ਈ. ਨੂੰ

---

[154] ਉਹੀ, ਪੰਨਾ 389.

[155] ਉਹੀ, ਪੰਨੇ 338, 340, 345, 373.

[156] ਗਿਆਨੀ ਗਿਆਨ ਸਿੰਘ, ਉਕਤ, ਪੰਨੇ 870-871.

ਜੈਪੁਰ ਦਾ ਮਹਾਰਾਜਾ ਸਵਾਈ ਮਾਧੋ ਸਿੰਘ ਦੀ ਮੌਤ ਹੋ ਗਈ ਸੀ ਤਾਂ ਸਿੱਖ ਸਰਦਾਰਾਂ ਵੱਲੋਂ ਮਾਤਮ ਪੁਰਸੀ ਲਈ ਜੱਸਾ ਸਿੰਘ ਰਾਮਗੜ੍ਹੀਆ ਜੈਪੁਰ ਗਿਆ।[157] ਇਸ ਸਮੇਂ ਸਿੱਖ ਸਰਦਾਰਾਂ ਵੱਲੋਂ ਜੈਪੁਰ ਦੇ ਬਖਸ਼ੀ ਰਾਜ ਸਿੰਘ ਨਾਲ ਪੱਤਰ ਰਾਹੀਂ ਮਹਾਰਾਜਾ ਜੈਪੁਰ ਦੀ ਮੌਤ 'ਤੇ ਅਫਸੋਸ ਜਾਹਰ ਕੀਤੇ ਜਾਣ ਸਬੰਧੀ ਵੀ ਰਾਜਸਥਾਨੀ ਸਰੋਤਾਂ ਵਿਚ ਹਵਾਲਾ ਮਿਲਦਾ ਹੈ।[158] ਇਸ ਤੋਂ ਕੁਝ ਦਿਨ ਪਿੱਛੋਂ ਸਮੂਹ ਸਿੱਖ ਸਰਦਾਰਾਂ ਵੱਲੋਂ ਜੈਪੁਰ ਰਿਆਸਤ ਦੀ ਰਾਜਗੱਦੀ ਲਈ ਆਪਣੇ ਵਕੀਲ ਬਖ਼ਤ ਸਿੰਘ ਨੂੰ ਟਿੱਕਾ ਦੇ ਕੇ ਜੈਪੁਰ ਭੇਜਿਆ ਗਿਆ ਸੀ।[159] ਸਿੱਖਾਂ ਅਤੇ ਜੈਪੁਰ ਰਿਆਸਤ ਆਪਸ ਵਿਚ ਖੁਸ਼ੀ-ਗਮੀ ਦੇ ਮੌਕਿਆਂ 'ਤੇ ਇਕ ਦੂਜੇ ਨੂੰ ਸੌਗਾਤਾਂ ਅਤੇ ਮਾਤਮੀ ਸੰਦੇਸ਼ ਆਦਿ ਭੇਜਣ ਤੋਂ ਇਲਾਵਾ ਸਿੱਖਾਂ ਅਤੇ ਜੈਪੁਰ ਰਿਆਸਤ ਦਰਮਿਆਨ ਹਮਦਰਦੀ ਭਰੇ ਸਬੰਧਾਂ ਬਾਰੇ ਵੀ 'ਦਸਤੂਰ ਕੌਮਵਾਰ' ਵਿਚ ਜਾਣਕਾਰੀ ਮਿਲਦੀ ਹੈ। ਸਿੱਖਾਂ ਦੇ ਦੀਵਾਨ ਦੇਸ ਰਾਮ (ਦੇਸ ਰਾਜ) ਦੁਆਰਾ ਅੰਮ੍ਰਿਤਸਰ ਤੋਂ ਜੇਠ ਸੁਦੀ 14 ਸੰਮਤ 1822 (2 ਜੂਨ 1765 ਈ.) ਅਤੇ ਚੇਤ ਸੁਦੀ 15 ਸੰਮਤ 1825 (2 ਅਪ੍ਰੈਲ 1768 ਈ.) ਨੂੰ ਦੋ ਵਾਰ ਮਹਾਰਾਜਾ ਜੈਪੁਰ ਕੋਲ ਖਤ ਲੈ ਕੇ ਆਏ ਹਰਕਾਰਿਆਂ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਦੀਵਾਨ ਦੇਸ ਰਾਜ ਜੋ ਅਹਿਮਦ ਸ਼ਾਹ ਅਬਦਾਲੀ ਦੁਆਰਾ 1761 ਈ. ਦੇ ਹਮਲੇ ਸਮੇਂ ਢਾਹੀ ਗਈ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਅਤੇ ਸਰੋਵਰ ਦੀ ਮੁੜ ਉਸਾਰੀ ਕਰਵਾਉਣ ਲਈ ਖਾਲਸੇ ਵੱਲੋਂ 1762 ਈ. ਤੋਂ ਸੇਵਾ ਕਰਵਾ ਰਿਹਾ ਸੀ, ਵੱਲੋਂ ਜੈਪੁਰ ਰਿਆਸਤ ਤੋਂ ਪ੍ਰਬੀਨ ਇਮਾਰਤ-ਸਾਜ਼ ਅਤੇ ਕਾਰੀਗਰ ਜਾਂ ਇਮਾਰਤ-ਸਾਜ਼ੀ ਲਈ ਪੱਥਰ ਆਦਿ ਹੋਰ ਸਮਾਨ ਸੰਬੰਧੀ ਕੋਈ ਸਹਿਯੋਗ ਮੰਗਿਆ ਹੋਵੇ ਕਿਉਂਕਿ ਉਸ ਸਮੇਂ ਜੈਪੁਰ ਦੇ ਮਹਿਲਾਂ ਅਤੇ ਜੈਪੁਰ ਸ਼ਹਿਰ ਦੀ ਭਵਨ ਨਿਰਮਾਨ ਕਲਾ, ਇਮਾਰਤਾਂ ਅਤੇ ਕਾਰੀਗਰਾਂ ਦੀ ਪ੍ਰਸਿੱਧੀ ਪੂਰੇ ਭਾਰਤ ਵਿਚ ਸੀ।

'ਦਸਤੂਰ ਕੌਮਵਾਰ' ਵਿਚ ਸੰਮਤ 1825 (1768-69 ਈ.) ਤੱਕ ਸਿੱਖ ਮਿਸਲਾਂ ਦੀਆਂ ਗਤੀਵਿਧੀਆਂ ਵਿਚ ਸ਼ਾਮਿਲ ਜਿੰਨ੍ਹਾਂ ਸਿੱਖ ਮਿਸਲਾਂ ਦੇ ਸਰਦਾਰਾਂ ਦੇ ਨਾਮ ਮਿਲਦੇ ਹਨ ਉਨ੍ਹਾਂ ਵਿਚ ਪ੍ਰਮੁੱਖ ਸਿੱਖ ਸਰਦਾਰਾਂ:- ਜੱਸਾ ਸਿੰਘ ਆਹਲੂਵਾਲੀਆ ਤੋਂ ਇਲਾਵਾ, ਗਜ ਸਿੰਘ,

---

[157] ਉਹੀ, ਪੰਨਾ 349.

[158] ਖਤੂਤ ਅਹਿਲਕਾਰਨ ਰਾਜਸਥਾਨੀ, ਬਸਤਾ ਨੰ. 3, 397, ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ.

[159] ਦਸਤੂਰ ਕੌਮਵਾਰ, ਪੰਨਾ 343.

ਗੁਲਾਬ ਸਿੰਘ (ਡੱਲੇਵਾਲੀਆ) ਦਸੌਂਧਾ ਸਿੰਘ (ਨਿਸ਼ਾਨਵਾਲੀਆ), ਸ਼ਾਮ ਸਿੰਘ (ਕਰੋੜਸਿੰਘੀਆ), ਸਦਾ ਸਿੰਘ (ਕਰੋੜਸਿੰਘੀਆ), ਖੁਸ਼ਹਾਲ ਸਿੰਘ (ਸਿੰਘਪੁਰੀਆ), ਤਾਰਾ ਸਿੰਘ (ਗੈਬਾ ਡੱਲੇਵਾਲੀਆ), ਜੱਸਾ ਸਿੰਘ ਰਾਮਗੜ੍ਹੀਆ ਆਦਿ ਹਨ। ਇਸ ਤੋਂ ਸਪੱਸ਼ਟ ਹੈ ਕਿ ਇਹ ਮਿਸਲਾਂ ਰਾਜਪੂਤਾਨੇ ਅਤੇ ਉਸ ਦੇ ਆਸ-ਪਾਸ ਦੀਆਂ ਮੁਹਿੰਮਾਂ ਵਿਚ ਸਰਗਰਮ ਸਨ। 'ਦਸਤੂਰ ਕੌਮਵਾਰ' ਵਿਚਲੇ ਸਿੱਖ ਮਿਸਲਾਂ ਅਤੇ ਉਨ੍ਹਾਂ ਦੇ ਸਰਦਾਰਾਂ ਸਬੰਧੀ ਵੇਰਵਿਆਂ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਸਬੰਧੀ ਕੇਵਲ (1768 ਈ. ਵਿਚ) ਦੋ ਵੇਰਵੇ ਮਿਲਦੇ ਹਨ। ਜਿਸ ਤੋਂ ਪਤਾ ਚੱਲਦਾ ਹੈ ਕਿ ਜੈਪੁਰ ਜਾਂ ਉਸ ਦੇ ਆਸ-ਪਾਸ ਦੀਆਂ ਗਤੀਵਿਧੀਆਂ ਵਿਚ ਬੁੱਢਾ ਦਲ ਦੀਆਂ ਮਿਸਲਾਂ ਤੋਂ ਇਲਾਵਾ ਰਾਮਗੜ੍ਹੀਆ ਮਿਸਲ (1768 ਈ.) ਵੀ ਸ਼ਾਮਿਲ ਸੀ। ਇਸ ਤਰ੍ਹਾਂ ਸਿੱਖ ਸਰਦਾਰਾਂ ਵੱਲੋਂ ਸੰਮਤ 1825 (1768/69 ਈ.) ਤੋਂ ਸੰਮਤ 1831 (1774/75) ਤੱਕ ਲਗਾਤਾਰ ਜੈਪੁਰ ਰਿਆਸਤ ਨਾਲ ਆਪਣੇ ਵਕੀਲਾਂ, ਕਾਸਦਾਂ ਅਤੇ ਨੌਕਰਾਂ ਆਦਿ ਰਾਹੀਂ ਚਿੱਠੀ-ਪੱਤਰ ਅਤੇ ਮੁਲਾਕਾਤਾਂ ਰਾਹੀਂ ਸੰਪਰਕ ਬਣਾਏ ਰੱਖਣ ਦਾ ਪਤਾ ਚੱਲਦਾ ਹੈ। 'ਦਸਤੂਰ ਕੌਮਵਾਰ' ਵਿਚ ਦਰਜ ਵੇਰਵਿਆਂ ਅਨੁਸਾਰ ਇਸ ਸਮੇਂ ਦੌਰਾਨ ਸਿੱਖ ਮਿਸਲਾਂ ਅਤੇ ਉਨ੍ਹਾਂ ਦੇ ਸਰਦਾਰਾਂ ਦੀਆਂ ਜੈਪੁਰ ਰਿਆਸਤ ਅਤੇ ਉਸ ਦੇ ਆਸ-ਪਾਸ ਦੇ ਇਲਾਕੇ ਵਿਚ ਚੋਖੀਆਂ ਗਤੀਵਿਧੀਆਂ ਸਨ।

ਸੰਮਤ 1826 (1769/70 ਈ.) ਵਿਚ ਸਿੱਖਾਂ ਦੇ ਵਕੀਲਾਂ ਹਰਜਸ ਰਾਏ, ਜਵਾਲਾ ਨਾਥ, ਕਾਲਕਾ ਦਾਸ, ਦੀਵਾਨ ਮਹੇਸ਼ ਦਾਸ ਅਤੇ ਪਰਮ ਸਿੰਘ ਸਬੰਧੀ ਵੇਰਵੇ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ। ਇਸੇ ਤਰ੍ਹਾਂ ਹੀ ਸੰਮਤ 1827 ਵਿਚ ਵੀ ਸ. ਖੁਸ਼ਹਾਲ ਸਿੰਘ ਦੇ ਮੋਦੀ ਦੇ ਦੁਆਰਾ ਤਨਖ਼ਾਹ ਲੈਣ ਆਉਣ ਸਬੰਧੀ ਕੇਵਲ ਇੱਕ ਵੇਰਵਾ ਮਿਲਦਾ ਹੈ। 'ਦਸਤੂਰ ਕੌਮਵਾਰ' ਵਿਚ ਸੰਮਤ 1828 (1771/72 ਈ.) ਤੋਂ ਸੰਮਤ 1832 (1775/76 ਈ.) ਤੱਕ ਸ. ਜੱਸਾ ਸਿੰਘ ਆਹਲੂਵਾਲੀਆ, ਸ. ਸ਼ਾਮ ਸਿੰਘ (ਕਰੋੜਸਿੰਘੀਆ) ਅਤੇ ਖੁਸ਼ਹਾਲ ਸਿੰਘ ਵੱਲੋਂ ਕੇਵਲ ਦੋ ਵਾਰ ਵਕੀਲ ਬਖ਼ਤ ਸਿੰਘ ਅਤੇ ਕਾਸਦਾਂ ਦੁਆਰਾ ਰੁੱਕੇ ਲੈ ਕੇ ਆਉਣ ਸਬੰਧੀ ਕੁਝ ਕੁ ਸਬੂਤ ਹੀ ਮਿਲਦੇ ਹਨ। ਸ਼ਾਇਦ ਇਨ੍ਹਾਂ ਸਾਲਾਂ ਵਿਚ ਸਿੱਖ ਮਿਸਲਾਂ ਦੇ ਦਿੱਲੀ ਅਤੇ ਉਸ ਦੇ ਪੱਛਮ, ਉੱਤਰ ਅਤੇ ਪੂਰਬ ਦੇ ਇਲਾਕਿਆਂ ਦੀਆਂ ਮੁਹਿੰਮਾਂ ਵਿਚ ਵਿਅਸਤ ਹੋਣ

ਕਰਕੇ ਉਨ੍ਹਾਂ ਦੀਆਂ ਰਾਜਪੂਤਾਨੇ ਦੇ ਇਲਾਕਿਆਂ ਵਿਚ ਗਤੀਵਿਧੀਆਂ ਸੀਮਤ ਹੋ ਗਈਆਂ ਸਨ।

ਸੰਮਤ 1832 (1775/76 ਈ.) ਤੋਂ ਸੰਮਤ 1837 (1780/81 ਈ.) ਤੱਕ ਸਰਦਾਰ ਸਿੰਘ ਵੱਲੋਂ ਵਕੀਲ ਬਸੰਤ ਰਾਏ ਅਤੇ ਧਨਪਤ ਰਾਏ, ਸ. ਬਘੇਲ ਸਿੰਘ ਵੱਲੋਂ ਵਕੀਲ ਰੂੜ ਮੱਲ ਅਤੇ ਦੀਵਾਨ ਮਹੇਸ਼ ਦਾਸ ਦੇ ਨਾਵਾਂ ਸਬੰਧੀ ਕੇਵਲ 1-1 ਵਾਰ ਵੇਰਵਾ ਮਿਲਦਾ ਹੈ। ਇਸ ਸਮੇਂ ਦੌਰਾਨ ਸਿੱਖ ਮਿਸਲਾਂ ਦੀਆਂ ਗਤੀਵਿਧੀਆਂ ਸਬੰਧੀ ਹੋਰ ਕੋਈ ਵੇਰਵਾ 'ਦਸਤੂਰ ਕੌਮਵਾਰ' ਵਿਚ ਨਹੀਂ ਮਿਲਦਾ। ਇਸ ਸਮੇਂ ਸਿੱਖ ਮਿਸਲਾਂ ਗੰਗਾ-ਜਮਨਾ ਅਤੇ ਸਤਲੁਜ-ਜਮਨਾ ਦੁਆਬ ਵਿਚ ਆਪਣੇ-ਆਪਣੇ ਇਲਾਕੇ ਮੱਲ ਕੇ ਉੱਥੋਂ ਦੇ ਸ਼ਾਸਕ ਪ੍ਰਬੰਧ ਨੂੰ ਠੀਕ ਕਰਨ ਵਿਚ ਰੁੱਝ ਗਈਆਂ ਸਨ ਅਤੇ ਮਿਸਲਾਂ ਦੇ ਮੋਢੀ ਸਰਦਾਰਾਂ ਵਿਚੋਂ ਕੁਝ ਦੀ ਮੌਤ ਹੋ ਗਈ ਸੀ ਅਤੇ ਕੁਝ ਬਜੁਰਗ ਹੋ ਗਏ ਸਨ। ਉਂਝ ਵੀ ਸਿੱਖ ਮਿਸਲਾਂ 18ਵੀਂ ਸਦੀ ਦੇ ਅਖੀਰ 'ਚ ਆਪਸੀ ਲੜਾਈਆਂ ਵਿਚ ਉਲਝ ਗਈਆਂ ਸਨ।

ਇਸ ਪਿੱਛੋਂ ਸ. ਬਘੇਲ ਸਿੰਘ ਕਰੋੜ-ਸਿੰਘੀਆ ਦੀਆਂ ਗਤੀਵਿਧੀਆਂ ਸਤਲੁਜ-ਜਮਨਾ-ਗੰਗਾ ਦੁਆਬ, ਦਿੱਲੀ, ਰਾਜਪੂਤਾਨੇ, ਮੇਵਾਤ, ਬਾਂਗਰ ਆਦਿ ਵਿਚ ਜਿਆਦਾ ਰਹੀਆਂ। ਸ. ਬਘੇਲ ਸਿੰਘ ਵੱਲੋਂ ਮਾਘ ਵਦੀ 11 ਸ਼ਨੀਵਾਰ ਸੰਮਤ 1844 (2 ਫਰਵਰੀ 1788 ਈ.) ਨੂੰ ਵਕੀਲ ਰਾਮ ਦਿਆਲ ਅਤੇ ਰੂੜ ਮੱਲ ਦੇ ਲਾਧੂ ਵਾਸ ਸਾਰਨ ਵਾਸ, ਪਰਗਨਾ ਰੇਵਾੜੀ ਦੇ ਸਥਾਨ 'ਤੇ ਆਉਣ ਦਾ ਜ਼ਿਕਰ 'ਦਸਤੂਰ ਕੌਮਵਾਰ' ਵਿਚ ਮਿਲਦਾ ਹੈ। ਸ. ਬਘੇਲ ਸਿੰਘ ਦਾ ਜੈਪੁਰ ਮਹਾਰਾਜਾ ਨਾਲ 25 ਜਨਵਰੀ 1787 ਨੂੰ ਜੈਪੁਰ ਰਿਆਸਤ ਨਾਲ ਹੋਏ ਇਕ ਅਹਿਦਨਾਮੇ ਜੋ ਫ਼ਾਰਸੀ ਵਿਚ ਹੈ, ਪਤਾ ਚੱਲਦਾ ਹੈ ਕਿ ਸ. ਬਘੇਲ ਸਿੰਘ ਦੇ ਜੈਪੁਰ ਰਿਆਸਤ ਇਸ ਸਮੇਂ ਵੀ ਸਬੰਧ ਕਾਇਮ ਸਨ ਭਾਵੇਂ ਇਸ ਸਬੰਧੀ ਦਸਤੂਰ ਕੌਮਵਰ ਵਿਚ ਕੋਈ ਵੇਰਵਾ ਨਹੀ ਮਿਲਦਾ।[160]

---

[160] Gopal Narayan Bahura and Chandarmani Singh, *Catalogue Of Historical Documents In Kapad Dwara Jaipur*, pp. 288, 297, Fig. 54; Balwant Singh Dhillon, 'The Sikh-Rajput Relations During the Eighteenth Century', *Journal of Sikh Studies*, Vol XXXVI, 2007. p. 45.

ਸੰਮਤ 1845 (30 ਮਾਰਚ 1788 ਈ.) ਵਿਚ ਚੇਤ ਵਦੀ 8 ਵੀਰਵਾਰ ਨੂੰ ਰਾਮਗੜ੍ਹੀਆ ਮਿਸਲ ਦੇ ਵਕੀਲ ਵੀਰ ਸਿੰਘ,[161] ਮਾਘ ਵਦੀ 9 ਸੋਮਵਾਰ ਸੰਮਤ 1845 (19 ਜਨਵਰੀ 1789 ਈ.) ਨੂੰ ਵਕੀਲ ਕਿਸ਼ਨ ਸਿੰਘ ਤੋਂ ਇਲਾਵਾ ਬਘੇਲ ਸਿੰਘ ਦੇ ਸਾਥੀ ਦੁਲਚਾ ਸਿੰਘ ਵੱਲੋਂ ਹਾੜ ਸੁਦੀ 15 ਸੰਮਤ 1845 (18 ਜੁਲਾਈ 1788 ਈ.) ਨੂੰ ਜੈਪੁਰ ਦੇ ਖਵਾਸ ਰੋੜਾ ਰਾਮ ਨੂੰ ਮਾਤਮੀ ਸਰੋਪਾ ਭੇਜਣ ਸਬੰਧੀ ਵੇਰਵੇ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ। ਇਸ ਵਿਚ ਇਸ ਸਮੇਂ ਦੀਆਂ ਸਿੱਖ ਮਿਸਲਾਂ ਦੀਆਂ ਗਤੀਵਿਧੀਆਂ ਬਾਰੇ ਕੋਈ ਬਹੁਤੇ ਵੇਰਵੇ ਨਹੀਂ ਮਿਲਦੇ। ਮੱਘਰ ਵਦੀ 10 ਸੰਮਤ 1851 ਨੂੰ ਸਿੱਖਾਂ ਦੇ ਵਕੀਲ ਕਲਿਆਣ ਸਿੰਘ ਅਤੇ ਮੱਘਰ ਵਦੀ 9 ਸੰਮਤ 1858 (29 ਨਵੰਬਰ 1801 ਈ.) ਨੂੰ ਸਿੱਖਾਂ ਦੇ ਵਕੀਲ ਜੈ ਕਿਸ਼ਨ ਸਬੰਧੀ ਕੇਵਲ ਦੋ ਵਾਰ ਜ਼ਿਕਰ ਹੋਇਆ ਹੈ।

ਸੋ 'ਦਸਤੂਰ ਕੌਮਵਾਰ' ਵਿਚਲੇ ਵੇਰਵਿਆਂ ਤੋਂ ਜਿੱਥੇ ਸਿੱਖ ਮਿਸਲਾਂ ਦੇ ਸਮੇਂ ਸਿੱਖਾਂ ਦੀਆਂ ਦੂਜੇ ਰਾਜਾਂ ਸਬੰਧੀ ਰਾਜਨੀਤਕ, ਸੈਨਕ ਅਤੇ ਕੂਟਨੀਤਕ ਗਤੀਵਿਧੀਆਂ ਦਾ ਪਤਾ ਚੱਲਦਾ ਹੈ, ਉਥੇ ਮਿਸਲਾਂ ਦੇ ਪ੍ਰਬੰਧਕੀ ਢਾਂਚੇ, ਸਰਦਾਰਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਆਦਿ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਸਾਰੇ ਵੇਰਵਿਆਂ ਤੋਂ ਸਿੱਖ ਮਿਸਲਾਂ ਦੇ ਸਰਦਾਰਾਂ ਵੱਲੋਂ ਜੈਪੁਰ ਰਿਆਸਤ ਨਾਲ ਹੋਏ ਲਿਖਤ ਸਮਝੌਤਿਆਂ ਅਨਸੁਾਰ ਉਨ੍ਹਾਂ ਨੂੰ ਜੈਪੁਰ ਰਿਆਸਤ ਵੱਲੋਂ ਕੁਝ ਮਹੀਨਿਆਂ ਪਿੱਛੋਂ, ਛਿਮਾਹੀ ਜਾਂ ਸਾਲਾਨਾ ਨਿਸ਼ਚਤ ਰਕਮ ਦੇਣ ਦਾ ਪਤਾ ਚੱਲਦਾ ਹੈ। ਇਸ ਖੋਜ ਪ੍ਰਬੰਧ ਵਿਚਲੇ ਤੀਜੇ ਅਧਿਆਇ ਦੇ ਸਿਰਲੇਖ 'ਅਰਜ਼ਦਾਸ਼ਤ' ਵਿਚ ਸ਼ਾਮਿਲ 2.1.5. ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚ ਜੈਪੁਰ ਦੇ ਵਕੀਲ ਮੁਨਸ਼ੀ ਰਾਮ ਕਿਸ਼ਨ ਅਤੇ ਨਰ ਸਿੰਘ ਦਾਸ ਦੁਆਰਾ ਸਿੱਖ ਸਰਦਾਰਾਂ ਨੂੰ 2 ਲੱਖ ਰੁ. ਦੇਣ ਦਾ ਹਵਾਲਾ ਮਿਲਦਾ ਹੈ। ਇਸ ਤੋਂ ਇਲਾਵਾ ਇਕ ਹੋਰ ਵੀ ਰਾਜਸਥਾਨੀ ਦੇ ਮਸੌਦੇ ਵਿਚ ਸਿੱਖਾਂ ਨੂੰ 1 ਲੱਖ ਰੁ. ਪਿਛਲੀ ਤਨਖਾਹ ਦੇਣ ਅਤੇ ਮੁਨਸ਼ੀ ਰਾਮ ਕਿਸ਼ਨ ਰਾਹੀਂ ਸਿੱਖਾਂ ਦੇ ਵਕੀਲ ਨੂੰ 2 ਲੱਖ ਰੁ. ਦੇਣ ਦੀ ਗੱਲ ਤੈਅ ਹੋਣ ਦਾ ਜ਼ਿਕਰ ਮਿਲਦਾ ਹੈ[162] ਜਿਸ ਤੋਂ ਪਤਾ ਚੱਲਦਾ ਹੈ ਕਿ ਜੈਪੁਰ ਰਿਆਸਤ ਵੱਲੋਂ ਸਿੱਖਾਂ ਨਾਲ ਸੈਨਿਕ ਸਮਝੌਤਿਆਂ ਆਦਿ ਲਈ ਮੋਟੀਆਂ ਰਕਮਾ ਦਿੱਤੀਆਂ ਜਾਂਦੀਆਂ ਸਨ। 'ਦਸਤੂਰ ਕੌਮਵਾਰ' ਵਿਚ ਕੇਵਲ ਸਿੱਖਾਂ ਦੇ ਵਕੀਲਾਂ ਨੂੰ ਇਸ ਸਬੰਧੀ ਖਰਚ ਦਿੱਤੇ ਜਾਣ ਦੇ ਵੇਰਵੇ

[161] ਗਿਆਨੀ ਗਿਆਨ ਸਿੰਘ, **ਪੰਥ ਪ੍ਰਕਾਸ਼**, ਪੰਨਾ 1177.
[162] ਮਰਾਠੋਂ ਸੇ ਸਬੰਧਿਤ ਅਭਿਲੇਖ ਵ ਅਨਯ, ਬੰਡਲ-1, ਲੇਖ ਨੰ. 56,

ਮਿਲਦੇ ਹਨ ਜਦਕਿ ਲਿਖਤ ਇਕਰਾਰਨਾਮਿਆਂ ਵਿਚ ਸਿੱਖ ਸਰਦਾਰਾਂ ਨੂੰ ਕਿੰਨੀ ਰਾਸ਼ੀ ਜਾਂ ਕਿੰਨੇ ਸਮੇਂ ਬਾਅਦ ਦੇਣ ਆਦਿ ਸਬੰਧੀ ਕੋਈ ਵੇਰਵਾ ਨਹੀਂ ਮਿਲਦਾ। 'ਦਸਤੂਰ ਕੌਮਵਾਰ' ਵਿਚਲੇ ਵੇਰਵਿਆਂ ਨੂੰ ਹੋਰਨਾ ਸਰੋਤਾਂ ਅਤੇ ਦਸਤਾਵੇਜਾਂ ਨਾਲ ਮਿਲਾ ਕੇ ਘੋਖ ਕਰਨ ਨਾਲ ਕਈ ਨਵੇਂ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ। ਇਸ ਪੱਖ ਨੂੰ ਸਪੱਸ਼ਟ ਕਰਨ ਲਈ ਜੈਪੁਰ ਰਿਆਸਤ ਨਾਲ ਸਬੰਧਿਤ ਰਿਕਾਰਡ ਜੋ ਰਾਜਸਥਾਨ ਸਟੇਟ ਆਰਕਾਈਵਜ਼ ਵਿਚ ਮੌਜੂਦ ਹਨ, ਵਿਚ ਫ਼ਾਰਸੀ ਵਿਚ ਲਿਖਤ ਇਕਰਾਰਨਾਮੇ ਵੀ ਸਹਾਈ ਹੋ ਸਕਦੇ ਹਨ।ਜੈਪੁਰ ਰਿਆਸਤ ਦੇ ਮਹਾਰਾਜਾ ਸਵਾਈ ਪ੍ਰਤਾਪ ਸਿੰਘ ਅਤੇ ਸਿੱਖ ਸਰਦਾਰਾਂ ਸ. ਬਘੇਲ ਸਿੰਘ, ਦੂਲਚਾ ਸਿੰਘ, ਰਾਇ ਸਿੰਘ, ਦੀਵਾਨ ਰਾਜਾ ਬਹਾਦਰ ਸਿੰਘ, ਨਿਹਾਲ ਸਿੰਘ, ਗੁਰਦਿੱਤ ਸਿੰਘ, ਕਰਮ ਸਿੰਘ ਬਹਾਦਰ, ਸਦਾ ਸਿੰਘ ਦਰਮਿਆਨ 5 ਰਬੀ ਉਸਾਨੀ, ਸੰਮਤ 28 ਸ਼ਾਹ ਆਲਮੀ (25 ਜਨਵਰੀ 1787 ਈ.) ਨੂੰ ਹੋਇਆ ਅਤੇ ਇਕ ਮਿਤੀਹੀਣ ਇਕਰਾਰਨਾਮਾ ਫ਼ਾਰਸੀ ਵਿਚ ਹਨ, ਮਹਾਰਾਜਾ ਸਵਾਈ ਪ੍ਰਤਾਪ ਸਿੰਘ ਅਤੇ ਸ. ਬਘੇਲ ਸਿੰਘ ਦਰਮਿਆਨ ਹੋਏ ਸਨ, ਜੈਪੁਰ ਦੇ ਕੱਪੜ ਦਵਾਰਾ ਵਿਚ ਮੌਜ਼ੂਦ ਹਨ।[163]

ਇਨ੍ਹਾਂ ਸਿੱਖ ਵਿਅਕਤੀਆਂ ਨਾਲ ਜੈਪੁਰ ਰਿਆਸਤ ਵੱਲੋਂ ਕੀਤਾ ਜਾਂਦਾ ਵਿਵਹਾਰ ਜਾਂ ਦਸਤੂਰ ਸਬੰਧਤ ਸ਼ਕਤੀ ਜਾਂ ਧਿਰ ਦੀ ਰਾਜਨੀਤਕ, ਸੈਨਿਕ ਅਤੇ ਸਮਾਜਕ ਸਥਿਤੀ/ਹੈਸੀਅਤ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਸੀ। ਦਸਤੂਰ ਕੌਮਵਾਰ ਵਿਚ ਦਰਜ ਵੇਰਵਿਆਂ ਦੇ ਅਧਾਰ 'ਤੇ ਉਸ ਸਮੇਂ ਸਿੱਖਾਂ ਦੀ ਹਿੰਦੋਸਤਾਨ ਦੇ ਦੂਜੇ ਰਾਜਾਂ ਜਾਂ ਰਜਵਾੜਿਆਂ ਖਾਸ ਕਰਕੇ ਰਾਜਪੂਤਾਨੇ ਦੇ ਜੈਪੁਰ ਰਿਆਸਤ ਵਿਚ ਕੀ ਭੂਮਿਕਾ ਅਤੇ ਸਥਿਤੀ ਸੀ, ਦਾ ਵੀ ਪਤਾ ਚੱਲਦਾ ਹੈ। ਇਸ ਤੋਂ ਇਲਾਵਾ ਸਿੱਖਾਂ ਦੇ ਜੈਪੁਰ ਰਿਆਸਤ ਨਾਲ ਸਬੰਧਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

## 1.2. ਜੈਪੁਰ ਰਿਆਸਤ ਵੱਲੋਂ ਸਿੱਖ ਮਿਸਲਦਾਰਾਂ ਅਤੇ ਸਰਦਾਰਾਂ ਦੇ ਸਨਮਾਨ:

'ਦਸਤੂਰ ਕੌਮਵਾਰ' ਵਿਚ ਜੈਪੁਰ ਰਿਆਸਤ ਵੱਲੋਂ ਸਿੱਖ ਸਰਦਾਰਾਂ ਨੂੰ ਸਨਮਾਨ ਵਜੋਂ ਨਕਦ ਰਾਸ਼ੀ ਤੋਂ ਇਲਾਵਾ ਤੋਹਫੇ ਦਿੱਤੇ ਜਾਣ ਸਬੰਧੀ ਜ਼ਿਕਰ ਮਿਲਦਾ ਹੈ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

[163] Gopal Narayan Bahura and Chandarmani Singh, *Catalogue of Historical Documents in Kapad Dwara Jaipur*, p. 288, 297, Fig. 54.

ਵੈਸਾਖ ਵਦੀ 12 ਸੰਮਤ 1822 (17 ਅਪ੍ਰੈਲ 1765 ਈ.) ਨੂੰ ਮਹਾਰਾਜਾ ਜੈਪੁਰ ਦੀ ਤਰਫੋਂ ਸ. ਜੱਸਾ ਸਿੰਘ ਆਹਲੂਵਾਲੀਆ ਲਈ 100 ਰੁ. ਨਕਦ ਵਕੀਲ ਬਾਲਕ ਰਾਮ ਰਾਹੀਂ ਭੇਜਿਆ ਗਿਆ। ਹਾੜ ਸੁਦੀ 6 ਸੰਮਤ 1822 (26 ਅਪ੍ਰੈਲ 1789 ਈ.) ਨੂੰ ਦਸੌਂਧਾ ਸਿੰਘ ਨੂੰ ਵਿਦਾਇਗੀ ਵਜੋਂ ਸਾਢੇ 48 ਰੁ. ਕੀਮਤ ਦੇ 2 ਥਾਨ ਖਿਰਮਾ ਪੱਛਮੀ ਕੱਪੜੇ ਦੇ ਅਤੇ ਗੁਲਾਬ ਸਿੰਘ ਨੂੰ ਵਿਦਾਇਗੀ ਵਜੋਂ 1 ਥਾਨ ਖਿਰਮਾ ਪੱਛਮੀ ਬੂਟੇਦਾਰ ਦਿੱਤੇ ਗਏ। ਹਾੜ ਸੁਦੀ 6 ਸੰਮਤ 1822 (26 ਜੂਨ 1765 ਈ.) ਨੂੰ ਦਸੌਂਧਾ ਸਿੰਘ ਨੂੰ ਵਿਦਾਇਗੀ ਸਮੇਂ 100, ਗਜ ਸਿੰਘ ਨੂੰ 50 ਰੁ. ਅਤੇ ਸ. ਗੁਲਾਬ ਸਿੰਘ ਨੂੰ ਵਿਦਾਇਗੀ ਸਮੇਂ 50 ਰੁ. ਦਿੱਤੇ ਗਏ ਸਨ।

ਭਾਦਰੋਂ ਵਦੀ 10 ਸੰਮਤ 1823 (11 ਅਗਸਤਾ 1765 ਈ.) ਨੂੰ ਜੈਪੁਰ ਦਰਬਾਰ ਵੱਲੋਂ ਸ. ਜੱਸਾ ਸਿੰਘ ਆਹਲੂਵਾਲੀਆ ਲਈ 18 ਥਾਨ ਵੱਖ-ਵੱਖ ਤਰ੍ਹਾਂ ਦੇ ਕੱਪੜੇ ਦੇ ਭੇਜੇ ਗਏ, ਜਿਨ੍ਹਾਂ ਵਿਚ 110 ਰੁ. ਕੀਮਤ ਦੇ 8 ਥਾਨ ਸ਼ੀਂਟ ਦੇ, ਸਵਾ 81 ਰੁ. ਦੇ 4 ਥਾਨ ਮਸਰੂ ਬੂਟੇਦਾਰ ਦੇ, 2 ਥਾਨ ਮਖਮਲੀ ਰੇਸ਼ਮ ਦੇ ਜਿਸ ਦੀ ਕੀਮਤ ਸਾਢੇ 74 ਰੁ. ਅਤੇ 4 ਥਾਨ ਚੀਰਾ ਰੰਗੀਨ ਲਹਿਰੀਆ ਜਿਸ ਦੀ ਕੀਮਤ ਪੌਣੇ 51 ਰੁ. ਸੀ। ਸਦਾ ਸਿੰਘ ਨੂੰ 136 ਰੁ. ਦੇ 4 ਥਾਨ ਕੱਪੜੇ ਦੇ, ਸ਼ਾਮ ਸਿੰਘ ਨੂੰ 19 ਥਾਨ ਕੱਪੜੇ ਦੇ ਭੇਜੇ ਗਏ, ਜਿਸ ਵਿਚ 177 ਰੁ. ਦੇ 4 ਥਾਨ ਮਸਰੂ ਬੂਟੇਦਾਰ, ਸਾਢੇ 89 ਰੁ. ਕੀਮਤ ਦੇ 3 ਥਾਨ ਮਖਮਲੀ ਰੇਸ਼ਮ, 101 ਰੁ. ਕੀਮਤ ਦੇ 8 ਥਾਨ ਛੀਂਟ ਦੇ ਅਤੇ 58 ਰੁ. ਕੀਮਤ ਦਾ 4 ਥਾਨ ਚੀਰਾ ਰੰਗੀਨ ਲਹਿਰੀਆ ਦੇ ਜੈਪੁਰ ਰਿਆਸਤ ਦੇ ਵਕੀਲ ਨਰ ਸਿੰਘ ਦਾਸ ਦੇ ਰਾਹੀਂ ਭੇਜੇ ਗਏ।

ਮੱਘਰ ਵਦੀ 6 ਸੰਮਤ 1824 (11 ਨਵੰਬਰ 1767 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਜੈਪੁਰ ਦਰਬਾਰ ਦੇ ਸਿਲ੍ਹਾਖਾਨੇ ਵਿੱਚੋਂ 10 ਰੁ. ਕੀਮਤ ਦਾ ਫੌਲਾਦ ਦਾ ਇਕ ਤੇਗਾ ਤਲਵਾਰ ਕਬਜੇ ਸਮੇਤ ਅਤੇ ਇੱਕ ਥਾਨ ਫੱਟੀਦਾਰ ਕੱਪੜੇ ਦਾ, ਸ. ਸ਼ਾਮ ਸਿੰਘ ਕਰੋੜਸਿੰਘੀਆ ਨੂੰ 1 ਤੇਗਾ ਤਲਵਾਰ ਫੌਲਾਦੀ ਸਮੇਤ ਮੁੱਠਾ ਪੌਣੇ 9 ਰੁ. ਦਾ ਅਤੇ 1 ਥਾਨ ਫੱਟੀਦਾਰ ਕੱਪੜੇ ਦਾ, ਸਰਦਾਰ ਤਾਰਾ ਸਿੰਘ ਗੈਬਾ ਡੱਲਵਾਲੀਆ ਨੂੰ 1 ਤੇਗਾ ਤਲਵਾਰ ਫੌਲਾਦੀ ਮੁੱਠੇ ਸਮੇਤ ਪੌਣੇ 11 ਰੁ. ਦਾ ਅਤੇ 1 ਥਾਨ ਫੱਟੀਦਾਰ ਕੱਪੜੇ ਦਾ ਦਿੱਤੇ ਗਏ।

ਚੇਤ ਵਦੀ 4 ਸੰਮਤ 1825 (7 ਮਾਰਚ 1768 ਈ.) ਨੂੰ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ ਜੈਪੁਰ ਦੇ ਸਿਲ੍ਹਾਖਾਨੇ ਵਿਚੋਂ 51 ਰੁ. ਕੀਮਤ ਦੇ ਛੁਰੀ (ਛੋਟੀ ਕਿਰਪਾਨ) ਤੇਗਾ ਆਹਨੀ

(ਫੌਲਾਦ ਦੀ ਕਿਰਪਾਨ) ਦਸਤੇ ਸਮੇਤ ਅਤੇ ਤਿੱਲੇ ਨਾਲ ਮੜ੍ਹੀ ਹੋਈ ਮਖਮਲੀ ਮਿਆਨ ਸਮੇਤ ਭੇਜੀ ਗਈ।

ਹਾੜ ਵਦੀ 5 ਸੰਮਤ 1825 (5 ਜੂਨ 1768 ਈ.) ਨੂੰ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਜੈਪੁਰ ਦੇ ਵਕੀਲ ਜੁਵਾਲਾ ਨਾਥ ਰਾਹੀਂ 'ਸੂਰ ਸਾਗਰ' ਦੀ ਖਾਸ ਪੋਥੀ[164] ਜਿਸ ਦੇ 102 ਪੱਤਰੇ ਸਨ, ਗੱਤਾ ਚਾਰ (ਭਾਵ ਚੁਫੇਰੇ ਗੱਤੇ ਦੀ ਜਿਲਦ) ਮੀਨਹਾਲ ਮਖਮਲੀ ਕੱਪੜੇ ਦੀ, ਭਟ ਰਾਜਾ ਸਦਾ ਸਿਵ ਜੀ ਦੀ ਪੋਥੀ ਅਜਰੂਯ ਮਿਹਰਵਾਨੀ ਬਾਬਤ ਭੇਜੀ ਗਈ।[165] ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿਚ ਜ਼ਿਕਰ ਕੀਤਾ ਹੈ ਕਿ ਜਦੋਂ ਸਿੱਖ ਮਿਸਲਾਂ ਦੁਆਰਾ ਹਾਂਸੀ ਪਿੱਛੋਂ ਜੈਪੁਰ ਰਿਆਸਤ ਦੇ ਇਲਾਕੇ 'ਤੇ ਚੜ੍ਹਾਈ ਕੀਤੀ ਗਈ ਤਾਂ ਜੈਪੁਰ ਦੇ ਰਾਜੇ ਵੱਲੋਂ ਇਹ ਖਬਰ ਸੁਣ ਕੇ 500 ਰੁ. ਨਕਦ ਅਤੇ, 5 ਘੋੜਿਆਂ ਸਮੇਤ ਅੱਠਵੇਂ ਗੁਰੂ ਜੀ ਵੱਲੋਂ ਬਖ਼ਸ਼ੀ ਹੋਈ ਪੋਥੀ ਹਾਥੀ ਉੱਤੇ ਰੱਖ ਕੇ ਸਿੱਖਾਂ ਵੱਲ ਭੇਜੀ ਅਤੇ ਨਾਲ ਹੀ ਬੇਨਤੀ ਕੀਤੀ ਅਸੀ ਤਾਂ ਸਿੱਖਾਂ ਦੇ ਗੁਰਭਾਈ ਹਾਂ। ਇਸ ਸਮੇਂ ਸ. ਜੱਸਾ ਸਿੰਘ (ਆਹਲੂਵਾਲੀਆ) ਅਤੇ ਸ. ਕਪੂਰ ਸਿੰਘ ਵੱਲੋਂ 1100 ਰੁ. ਪੋਥੀ ਦੀ ਨਜਰ ਭੇਟ ਕਰਕੇ ਮੱਥਾ ਟੇਕਿਆ ਗਿਆ।[166] ਪਰ 'ਸੂਰ ਸਾਗਰ' ਪੋਥੀ ਸਬੰਧੀ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ ਇਹ ਕੇਵਲ ਜੈਪੁਰ ਦੇ 'ਦਸਤੂਰ ਕੌਮਵਾਰ' ਵਿਚ ਹੀ ਮਿਲਦਾ ਹੈ। ਇਸੇ ਦਿਨ ਹੀ ਸ. ਖੁਸ਼ਹਾਲ ਸਿੰਘ ਸਿੰਘਪੁਰੀਆ ਨੂੰ ਜੈਪੁਰ ਰਿਆਸਤ ਵੱਲੋਂ 1 ਚੌਰ ਤਾਂਬੇ ਦੀ ਡੰਡੀ ਵਾਲਾ 10 ਰੁ. ਦਾ ਅਤੇ ਮੁਰਸਾ ਤਲਾਈ ਮਖਮਲੀ ਕੱਪੜੇ ਦਾ 1 ਥਾਨ ਭੇਜੇ ਗਏ।[167]

ਕੱਤਕ ਸੁਦੀ 13 ਸੰਮਤ 1825 (22 ਨਵੰਬਰ 1768 ਈ.) ਨੂੰ ਜੈਪੁਰ ਦਰਬਾਰ ਵੱਲੋਂ ਵਕੀਲ ਮੁਨਸ਼ੀ ਰਾਮ ਕਿਸ਼ਨ ਰਾਹੀਂ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ 64 ਰੁ. ਦੇ 2 ਥਾਨ ਖਿਰਮਾ, 84 ਰੁ. ਦੇ 2 ਥਾਨ ਮਸਰੂ ਬੂਟੇਦਾਰ ਦੇ, ਪੌਣੇ 12 ਰੁ. 1 ਥਾਨ ਮਸਰੂ ਸਾਦਾ ਅਤੇ ਪੌਣੇ 12 ਰੁ. ਦਾ 1 ਥਾਨ ਛੀਂਟ ਦਾ, ਕੁੱਲ 6 ਥਾਨ ਕੱਪੜੇ ਦੇ; ਸ. ਸ਼ਾਮ ਸਿੰਘ ਕਰੋੜਸਿੰਘੀਆ

---

164 ਇਸ ਗ੍ਰੰਥ ਵਿਚ ਭਗਤ ਸੂਰ ਦਾਸ ਅਤੇ ਹੋਰ ਮਹਾਂਪੁਰਖਾਂ ਦੀ ਬਾਣੀ ਜੋ ਪਦਿਆਂ ਵਿਚ ਹੈ, ਦਰਜ ਹੈ। ਇਸ ਦਾ ਸਭ ਤੋਂ ਪੁਰਾਣਾ ਖਰੜਾ 1582 ਈ. ਦਾ ਮੰਨਿਆਂ ਜਾਂਦਾ ਹੈ ਜਿਸ ਤੋਂ ਇਕ ਉਤਾਰਾ ਜੈਪੁਰ ਨੇੜੇ ਪੈਂਦੇ ਨਗਰ ਫਤਹਿਪੁਰ ਸ਼ੇਖਾਵਟੀ ਦੇ ਠਾਕੁਰ ਦੁਆਰਾ ਜੈਪੁਰ ਦੇ ਮਹਾਰਾਜਾ ਲਈ ਕਰਵਾਇਆ ਗਿਆ ਸੀ। ਵਿਸਥਾਰ ਲਈ ਵੇਖੋ: *The Padas of Surdas,* ed. G.N. Bahura & K. E. Bryant,

165 ਦਸਤੂਰ ਕੌਮਵਾਰ, ਪੰਨਾ 336.

166 ਗਿਆਨੀ ਗਿਆਨ ਸਿੰਘ, **ਪੰਥ ਪ੍ਰਕਾਸ਼**, ਪੰਨੇ 870-871.

167 ਦਸਤੂਰ ਕੌਮਵਾਰ, ਪੰਨਾ 336.

ਨੂੰ ਸਾਢੇ 47 ਰੁ. ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ, ਸਵਾ 22 ਰੁ. ਦੇ 2 ਥਾਨ ਮਸਰੂ ਸਾਦੇ ਦੇ ਅਤੇ 11 ਰੁ. ਦਾ 1 ਥਾਨ ਚੀਰਾ ਰੰਗੀਨ ਲਹਿਰੀਆ ਸਮੇਤ 5 ਥਾਨ ਕੱਪੜੇ ਦੇ, ਖੁਸ਼ਹਾਲ ਸਿੰਘ ਸਿੰਘਪੁਰੀਆ ਨੂੰ 2 ਥਾਨ ਮਸਰੂ ਬੂਟੇਦਾਰ ਕੀਮਤ 100 ਰੁ., ਥਿਰਮਾ ਪੱਛਮੀ ਬੂਟੇਦਾਰ 2 ਥਾਨ, ਕੀਮਤ ਸਵਾ 50 ਰੁ., ਮਸਰੂ ਸਾਦਾ (ਕੱਪੜਾ) 1 ਥਾਨ, ਕੀਮਤ ਪੌਣੇ 12 ਰੁ. ਅਤੇ ਛੀਂਟ 1 ਥਾਨ, ਕੀਮਤ ਪੌਣੇ 12 ਰੁ. ਦੇ ਕੁੱਲ 6 ਥਾਨ ਕੱਪੜੇ ਦੇ; ਤਾਰਾ ਸਿੰਘ (ਗੈਬਾ) ਨੂੰ 1 ਥਾਨ ਮਸਰੂ ਬੂਟੇਦਾਰ (ਕੀਮਤ 81 ਰੁ., ਥਿਰਮਾ ਪੱਛਮੀ ਬੂਟੇਦਾਰ 2 ਥਾਨ ਕੀਮਤ ਪੌਣੇ 57 ਰੁ., ਮਸਰੂ ਸਾਦਾ 1 ਥਾਨ ਕੀਮਤ ਸਵਾ 11 ਰੁ. ਅਤੇ ਛੀਂਟ 1 ਥਾਨ ਕੀਮਤ ਪੌਣੇ 12 ਰੁ. ਦੇ ਕੁੱਲ 5 ਥਾਨ ਭੇਜੇ ਗਏ।

ਪੋਹ ਸੁਦੀ 4 ਸੰਮਤ 1825 (21 ਦਸੰਬਰ 1869 ਈ.) ਨੂ ਸ. ਜੱਸਾ ਸਿੰਘ ਆਹਲੂਵਾਲੀਆ ਨੂੰ 213 ਰੁ. ਕੀਮਤ ਦੇ ਮਸਰੂ ਬੂਟੇਦਾਰ, ਥਿਰਮਾ ਪੱਛਮੀ ਬੂਟੇਦਾਰ, ਮਸਰੂ ਸਾਦਾ ਅਤੇ ਛੀਂਟ ਦੇ ਕੱਪੜੇ ਦੇ 6 ਥਾਨ ਮੁਨਸ਼ੀ ਰਾਮ ਕਿਸ਼ਨ ਰਾਹੀਂ ਭੇਜੇ ਗਏ। ਇਸ ਸਮੇਂ ਹੀ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ 172 ਰੁ. ਕੀਮਤ ਦੇ 6 ਥਾਨ, ਸ਼ਾਮ ਸਿੰਘ ਕਰੋੜਸਿੰਘੀਆ ਨੂੰ 80 ਰੁ. ਦੇ 5 ਥਾਨ, ਖੁਸ਼ਹਾਲ ਸਿੰਘ ਸਿੰਘਪੁਰੀਆ ਨੂੰ 174 ਰੁ. ਦੇ 6 ਥਾਨ ਅਤੇ ਤਾਰਾ ਸਿੰਘ ਗੈਬਾ ਡੱਲੇਵਾਲੀਆ ਨੂੰ 161 ਰੁ. ਦੇ 5 ਥਾਨ ਵੱਖ-ਵੱਖ ਕੱਪੜਿਆਂ ਦੇ ਮੁਨਸ਼ੀ ਰਾਮ ਕਿਸ਼ਨ ਦੇ ਹੱਥ ਭੇਜੇ ਗਏ।[168]

'ਦਸਤੂਰ ਕੌਮਵਾਰ' ਵਿਚ ਸ. ਬਘੇਲ ਸਿੰਘ ਨੂੰ ਜੈਪੁਰ ਰਿਆਸਤ ਦੁਆਰਾ ਦੂਜੇ ਸਿੱਖ ਸਰਦਾਰਾਂ ਤੋਂ ਵੱਖਰੇ ਤੌਰ 'ਤੇ ਸਨਮਾਨਤ ਕਰਨ ਅਤੇ ਵਕੀਲਾਂ ਰਾਹੀਂ ਤੋਹਫ਼ੇ ਭੇਜਣ ਬਾਰੇ ਵੇਰਵੇ ਮਿਲਦੇ ਹਨ। ਇਸ ਦੇ ਇਕ ਇੰਦਰਾਜ ਅਨੁਸਾਰ ਰੇਵਾੜੀ ਪਰਗਨਾ ਵਿਚ ਲਾਧੂ ਵਾਸ ਸਾਰਨ ਵਾਸ ਤੋਂ ਸ. ਬਘੇਲ ਸਿੰਘ ਦੇ ਵਕੀਲਾਂ ਰੂੜ ਮੱਲ ਅਤੇ ਰਾਮ ਦਿਆਲ ਦੇ ਰਾਹੀਂ ਸ. ਬਘੇਲ ਸਿੰਘ ਵੱਲ 4 ਥਾਨ ਕੱਪੜੇ ਦੇ 124 ਰੁ. ਕੀਮਤ ਦੇ ਭੇਜੇ ਗਏ।[169] ਇਸ ਤੋਂ ਕੁਝ ਦਿਨ ਪਿੱਛੋਂ ਹੀ ਸ. ਬਘੇਲ ਸਿੰਘ ਦੀ ਜੈਪੁਰ ਦੇ ਮਹਾਰਾਜਾ ਸਵਾਈ ਪ੍ਰਤਾਪ ਸਿੰਘ ਨਾਲ ਇਸੇ ਸਥਾਨ ਤੇ ਫੱਗਣ ਵਦੀ 11 ਸੰਮਤ 1844 (3 ਮਾਰਚ 1788 ਈ.) ਨੂੰ ਸ਼ਾਮ ਸਮੇਂ ਮੁਲਾਕਾਤ ਹੋਈ।

---

168 ਉਹੀ, ਪੰਨੇ 321-322, 351-352, 365, 393, 399.
169 ਉਹੀ, ਪੰਨਾ 372.

ਇਸ ਮੁਲਾਕਾਤ ਸਮੇਂ ਸਰਦਾਰ ਬਘੇਲ ਸਿੰਘ ਪੈਰਾਂ ਵਾਲੇ ਪਾਸਿਉਂ ਆਇਆ ਅਤੇ ਮਹਾਰਾਜਾ ਨਾਲ ਰੂਬਰੂ ਹੋ ਕੇ ਮਹਾਰਾਜੇ ਦਾ ਸਤਿਕਾਰ ਕੀਤਾ ਅਤੇ ਦਸਤਪੋਸ਼ੀ ਕੀਤੀ (ਹੱਥ ਮਿਲਾਏ)। ਮਹਾਰਾਜੇ ਦੀ ਗੱਦੀ (ਸਿੰਘਾਸਣ) ਦੇ ਸੱਜੇ ਪਾਸੇ ਬੜੀ ਖੁਸ਼ੀ ਨਾਲ ਇਕ ਕਦਮ ਦੂਰ 'ਤੇ ਬਰਾਬਰ ਬੈਠਿਆ ਅਤੇ 1 ਘੜੀ ਗੱਲਾਂ-ਬਾਤਾਂ ਹੋਈਆਂ। ਵਿਦਾਇਗੀ ਸਮੇਂ ਤੋੜਾ (ਤੋੜੇਦਾਰ ਬੰਦੂਕ) 1 ਸਰਪੇਚ ਜੜਾਊ ਅਤੇ 1 ਕਲਗੀ ਜੜਾਊ ਅਤੇ 16 ਥਾਨ ਕੱਪੜੇ ਦੇ ਸਮੇਤ ਕੁੱਲ 4 ਨਗ ਸ. ਬਘੇਲ ਸਿੰਘ ਨੂੰ ਮਹਾਰਾਜਾ ਸਵਾਈ ਪ੍ਰਤਾਪ ਸਿੰਘ ਵੱਲੋਂ ਦਿੱਤੇ ਗਏ। ਇਨ੍ਹਾਂ 16 ਥਾਨ ਕੱਪੜਿਆਂ ਦੇ ਵਿਚ 200 ਰੁ. ਦਾ ਥਿਰਮਾ ਪੱਛਮੀ ਬੂਟੇਦਾਰ 4 ਥਾਨ ਜਿਸ ਵਿਚ 2 ਥਾਨ ਜਰਦ (ਪੀਲਾ) ਅਤੇ 2 ਥਾਨ ਲਾਖਾ, 40 ਰੁ. ਦੇ ਆਲਮ ਜਰੀ ਤਮਾਮੀ ਦੇ 2 ਥਾਨ, 110 ਰੁ. ਦਾ ਮਸਰੂ ਬੂਟੇਦਾਰ, ਚੀਰਾ ਲਹਿਰੀਆ 2 ਥਾਨ, ਤਾਣੋਬਾਣੋ ਕਿਰਮਚੀ ਦੇ 2 ਥਾਨ, 14 ਰੁ. ਦੇ ਗੋਸਵਾਰ ਦੇ 2 ਥਾਨ, 28 ਰੁ. ਦੇ ਫੇਟਾ ਗੁਜਰਾਤੀ ਦੇ 2 ਥਾਨ, ਜੈ ਕਲਕੱਤੀ 1 ਥਾਨ, 60 ਰੁ. ਦਾ ਸ. ਬਘੇਲ ਸਿੰਘ ਨੂੰ ਮਹਾਰਾਜਾ ਜੈਪੁਰ ਵੱਲੋਂ ਦਿੱਤੇ ਗਏ।[170]

'ਦਸਤੂਰ ਕੌਮਵਾਰ' ਵਿਚ ਆਏ ਸਿੱਖ ਸਰਦਾਰਾਂ ਦੇ ਸਨਮਾਨ ਸਬੰਧੀ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਸ. ਜੱਸਾ ਸਿੰਘ ਆਹਲੂਵਾਲੀਆ ਦਾ ਸਿੱਖ ਪੰਥ ਤੋਂ ਇਲਾਵਾ ਬਾਹਰੀ ਰਾਜਨੀਤਕ ਸ਼ਕਤੀਆਂ ਵਿਚ ਵੀ ਬਹੁਤ ਸਤਿਕਾਰ ਕੀਤਾ ਜਾਂਦਾ ਸੀ।ਜੈਪੁਰ ਰਿਆਸਤ ਦੁਆਰਾ ਮਿਸਲਾਂ ਸਮੇਂ ਜਿਨ੍ਹਾਂ ਸਿੱਖ ਸਰਦਾਰਾਂ ਨੂੰ ਸਨਮਾਨਤ ਕੀਤਾ ਜਾਂਦਾ ਰਿਹਾ ਉਨ੍ਹਾਂ ਵਿਚੋਂ ਸ. ਜੱਸਾ ਸਿੰਘ ਆਹਲੂਵਾਲੀਆ, ਸ. ਸ਼ਾਮ ਸਿੰਘ, ਖੁਸ਼ਹਾਲ ਸਿੰਘ, ਤਾਰਾ ਸਿੰਘ ਗੈਬਾ, ਜੱਸਾ ਸਿੰਘ ਰਾਮਗੜ੍ਹੀਆ ਅਤੇ ਬਘੇਲ ਸਿੰਘ ਉਸ ਸਮੇਂ ਦੇ ਸਿਰਕੱਢ ਸਿੱਖ ਆਗੂ ਸਨ।ਜੈਪੁਰ ਰਿਆਸਤ ਵੱਲੋਂ ਉਨ੍ਹਾਂ ਦਾ ਇੱਕ ਤੋਂ ਵੱਧ ਵਾਰ ਸਨਮਾਨ ਕੀਤੇ ਜਾਣ ਦੇ ਵੇਰਵੇ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ।ਜੈਪੁਰ ਰਿਆਸਤ ਦੁਆਰਾ ਸਿੱਖ ਸਰਦਾਰਾਂ ਦੇ ਵੱਖ-ਵੱਖ ਸਮੇਂ ਤੇ ਕੀਤੇ ਗਏ ਸਨਮਾਨਾ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੀ ਜੈਪੁਰ ਰਿਆਸਤ ਵਿਚ ਕੀ ਮਹੱਤਤਾ ਅਤੇ ਸਥਾਨ ਸੀ। ਇਹ ਸਭ ਕੁਝ ਚਾਹੇ ਜੈਪੁਰ ਰਿਆਸਤ ਵੱਲੋਂ ਕਿਸੇ ਵੀ ਤਰ੍ਹਾਂ ਦੇ ਹਾਲਾਤਾਂ ਜਾਂ ਪਰਸਥਿਤੀਆਂ ਵਿਚ ਕੀਤੇ ਗਏ ਹੋਣ ਪਰ ਫਿਰ ਵੀ 18 ਵੀਂ ਦੀ ਵਿਚ ਸਿੱਖਾਂ ਦੀ ਹਿੰਦੋਸਤਾਨ ਵਿਚ ਸੈਨਿਕ ਅਤੇ ਰਾਜਨੀਤਕ ਮਹੱਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

[170] ਉਹੀ, ਪੰਨਾ 369.

## 1.3. ਸਿੱਖਾਂ ਦੇ ਵਕੀਲਾਂ, ਕਾਸਦਾਂ, ਹਰਕਾਰਿਆਂ, ਨੌਕਰਾਂ ਅਤੇ ਮਿਸਲਾਂ ਦੇ ਪ੍ਰਬੰਧ ਢਾਂਚੇ ਆਦਿ ਦੇ ਬਾਰੇ ਜਾਣਕਾਰੀ

'ਦਸਤੂਰ ਕੌਮਵਾਰ' ਵਿਚੋਂ ਸਿੱਖ ਮਿਸਲਾਂ ਅਤੇ ਉਨ੍ਹਾਂ ਦੇ ਸਰਦਾਰਾਂ ਤੋਂ ਇਲਾਵਾ ਉਸ ਸਮੇਂ ਦੇ ਉਨ੍ਹਾਂ ਦੇ ਵਕੀਲਾਂ, ਕਾਸਦਾਂ ਅਤੇ ਹਰਕਾਰਿਆਂ ਦੇ ਨਾਵਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਵੇਰਵਿਆਂ ਤੋਂ ਸਿੱਖ ਮਿਸਲਾਂ ਦੇ ਪ੍ਰਬੰਧ, ਅੰਦਰੂਨੀ ਢਾਂਚੇ, ਸੰਚਾਰ ਵਿਵਸਥਾ ਆਦਿ ਬਾਰੇ ਪਤਾ ਚੱਲਦਾ ਹੈ। ਸਿੱਖ ਮਿਸਲਾਂ ਵਿਚ ਦੀਵਾਨ, ਵਕੀਲ ਅਤੇ ਮੁਨਸ਼ੀ ਤਿੰਨ ਉੱਪਰਲੇ ਪੱਧਰ ਦੀਆਂ ਪਦਵੀਆਂ ਸਨ। ਇਹ ਮਿਸਲ ਦੇ ਸਰਦਾਰ ਜਾਂ ਤੁੰਮਣਦਾਰ ਦੇ ਅਧੀਨ ਹੁੰਦੇ ਸਨ। ਮਿਸਲਾਂ ਵੱਲੋਂ ਸਾਰਾ ਹਿਸਾਬ-ਕਿਤਾਬ ਮੁਨਸ਼ੀ ਅਤੇ ਦੀਵਾਨ ਰੱਖਦੇ ਸਨ। ਮੁਨਸ਼ੀ ਦਾ ਕੰਮ ਲਿਖਤ ਪੜ੍ਹਤ ਕਰਨਾ ਹੁੰਦਾ ਸੀ। ਕਿਸੇ ਦੂਸਰੀ ਧਿਰ ਜਾਂ ਰਾਜਨੀਤਕ ਸ਼ਕਤੀ ਨਾਲ ਕੋਈ ਸਮਝੌਤਾ ਜਾਂ ਇਕਰਾਰਨਾਮਾ ਵਕੀਲਾਂ ਅਤੇ ਦੀਵਾਨ ਰਾਹੀਂ ਹੁੰਦਾ ਸੀ ਅਤੇ ਇਸ ਦੌਰਾਨ ਲਿਖਤ-ਪੜ੍ਹਤ ਦਾ ਕੰਮ ਮੁਨਸ਼ੀ ਕਰਦਾ ਸੀ। ਉਸ ਸਮੇਂ ਵਕੀਲ ਅਤੇ ਦੀਵਾਨ ਦੀ ਸਥਿਤੀ ਅੱਜ ਕੱਲ੍ਹ ਦੇ ਰਾਜਦੂਤ ਵਰਗੀ ਸੀ। ਇਸ ਗੱਲ ਦੀ ਪੁਸ਼ਟੀ 'ਦਸਤੂਰ ਕੌਮਵਾਰ' ਵਿਚ ਸਿੱਖਾਂ ਦੇ ਵਕੀਲਾਂ ਨੂੰ ਜੈਪੁਰ ਰਿਆਸਤ ਵੱਲੋਂ ਦਿੱਤੇ ਗਏ ਸਨਮਾਨਾਂ ਅਤੇ ਨਕਦ ਰਾਸ਼ੀ ਆਦਿ ਦੇ ਵੇਰਵਿਆਂ ਤੋਂ ਭਲੀ-ਭਾਂਤ ਪਤਾ ਚੱਲਦਾ ਹੈ। ਮਿਸਲਾਂ ਦੇ ਢਾਂਚੇ ਵਿਚ ਦੂਸਰੀਆਂ ਧਿਰਾਂ ਜਾਂ ਸ਼ਕਤੀਆਂ ਨਾਲ ਸੰਪਰਕ ਬਣਾਉਣ ਅਤੇ ਆਪਣੇ ਜ਼ਰੂਰੀ ਸੁਨੇਹੇ ਆਦਿ ਭੇਜਣ ਲਈ ਵਿਸ਼ਵਾਸ਼ਯੋਗ ਵਿਅਕਤੀ ਕਾਸਦ, ਹਰਕਾਰੇ ਅਤੇ ਨੌਕਰ ਆਦਿ ਬਾਰੇ ਵੀ ਇਸ ਸਰੋਤ ਵਿਚ ਜ਼ਿਕਰ ਆਉਂਦਾ ਹੈ। ਇਸੇ ਕਰਕੇ ਹੀ ਹਰਕਾਰੇ ਅਤੇ ਕਾਸਦ ਵਜੋਂ ਧਰਮ ਸਿੰਘ ਅਤੇ ਦਿਆਲ ਸਿੰਘ ਦਾ ਨਾਮ ਕਈ ਵਾਰ ਜੈਪੁਰ ਚਿੱਠੀ-ਪੱਤਰ ਲੈ ਕੇ ਆਉਣ ਸਬੰਧੀ ਮਿਲਦਾ ਹੈ ਕਿਉਂਕਿ ਉਹ ਜ਼ਿਆਦਾ ਵਿਸ਼ਵਾਸਯੋਗ ਅਤੇ ਖਾਸ ਵਿਅਕਤੀ ਹੋਣਗੇ।

ਸਿੱਖ ਮਿਸਲਾਂ ਵਿਚ ਦੀਵਾਨ ਮਹੇਸ਼ ਦਾਸ, ਦੀਵਾਨ ਦੇਸ ਰਾਮ [ਰਾਜ] ਅਤੇ ਅੱਗੋਂ ਦੀਵਾਨ ਮਹੇਸ਼ ਦਾਸ ਦੇ ਵੀ ਦੀਵਾਨ ਕੋਕਾ ਸਿੰਘ ਦੇ ਨਾਵਾਂ ਦਾ ਪਤਾ ਚੱਲਦਾ ਹੈ। 'ਦਸਤੂਰ ਕੌਮਵਾਰ' ਵਿਚ ਮਿਸਲਾਂ ਦੇ ਜਿਨ੍ਹਾਂ ਵਕੀਲਾਂ ਦਾ ਨਾਂ ਸਭ ਤੋਂ ਜ਼ਿਆਦਾ ਵਾਰ ਵੇਰਵਿਆਂ ਵਿਚ ਆਇਆ ਹੈ ਉਨ੍ਹਾਂ ਵਿਚ ਗੁੱਜਰ ਮੱਲ, ਮਹੇਸ਼ ਦਾਸ, ਸ਼ਿਵ ਦਾਸ, ਸੋਂਧੇ ਖਾਂ ਅਤੇ ਮਨਸੁਖ ਰਾਏ ਦੇ ਨਾਮ ਵਰਨਣਯੋਗ ਹਨ। ਸਿੱਖ ਮਿਸਲਾਂ ਵਿਚ ਜ਼ਿਆਦਾਤਰ ਵਕੀਲ ਹਿੰਦੂ ਸਨ ਪਰ ਵਕੀਲ ਸੋਂਧੇ ਖਾਂ ਦੇ ਨਾਮ ਤੋਂ ਪਤਾ ਚੱਲਦਾ ਹੈ ਕਿ ਸਿੱਖ ਮਿਸਲਾਂ ਦੇ ਮੁਸਲਮਾਨ ਵਕੀਲ ਵੀ ਹੁੰਦੇ ਸਨ।

ਸਿੱਖ ਮਿਸਲਾਂ ਵੱਲੋਂ ਜਿਹੜੇ ਵਕੀਲ ਜੈਪੁਰ ਰਿਆਸਤ ਨਾਲ ਰਾਬਤਾ ਬਣਾਉਂਦੇ ਰਹੇ ਉਨ੍ਹਾਂ ਦੇ ਨਾਮ ਬਖ਼ਤ ਸਿੰਘ, ਵਕੀਲ ਅਮੋਲਕ ਰਾਮ, ਵਕੀਲ ਬਾਲਕ ਰਾਮ, ਦੀਵਾਨ ਦੇਸ ਰਾਮ [ਰਾਜ], ਵਕੀਲ ਗੁੱਜਰ ਮੱਲ, ਸੌਂਧੇ ਖਾਂ, ਸਾਹਿਬ ਸਿੰਘ, ਨੰਦ ਸਿੰਘ, ਦੀਵਾਨ ਮਹੇਸ਼ ਦਾਸ ਤੇ ਉਸ ਦਾ ਦੀਵਾਨ ਕੋਕਾ ਸਿੰਘ, ਮੁਨਸ਼ੀ ਮਨਸੁਖ ਰਾਏ, ਸਿਉ ਦਾਸ (ਸ਼ਿਵ ਦਾਸ), ਵਕੀਲ ਸੋਹਣ ਸਿੰਘ, ਹੀਰਾ ਸਿੰਘ, ਕਾਸਦਾ ਨੰਦ, ਵਕੀਲ ਹਰਜਸ ਰਾਏ, ਵਕੀਲ ਜਵਾਲਾ ਨਾਥ, ਕਾਲਕਾ ਦਾਸ, ਬਸੰਤ ਰਾਏ ਖੱਤਰੀ, ਵਕੀਲ ਰੂੜ ਮੱਲ, ਰਾਮ ਦਿਆਲ, ਕਿਸ਼ਨ ਸਿੰਘ, ਕਲਿਆਣ ਸਿੰਘ, ਵਕੀਲ ਵੀਰ ਸਿੰਘ, ਕਿਸ਼ਨ ਸਿੰਘ ਆਦਿ ਦੇ ਨਾਮ 'ਦਸਤੂਰ ਕੌਮਵਾਰ' ਵਿਚ ਆਏ ਹਨ। ਇਸ ਤੋਂ ਇਲਾਵਾ ਜੈਪੁਰ ਰਿਆਸਤ ਨੂੰ ਸਿੱਖਾਂ ਵੱਲੋਂ ਸੁਨੇਹੇ ਜਾਂ ਚਿੱਠੀਆਂ ਆਦਿ ਪਹੁੰਚਾਉਣ ਵਾਲਿਆਂ ਦੇ ਨਾਮ ਵੀ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ ਜਿਨ੍ਹਾਂ ਵਿਚ ਛਾਜੂ ਖਾਂ ਚੋਬਦਾਰ, ਰਤਨ ਸਿੰਘ ਅਤੇ ਦਿਆਲ ਸਿੰਘ ਪੁੱਤਰ ਸ਼ਾਮ ਸਿੰਘ, ਧਰਮ ਸਿੰਘ, ਚਾਕਰ ਅਭੈ ਰਾਮ, ਧਨਪਤ ਰਾਏ ਖੱਤਰੀ ਆਦਿ ਵਰਨਣਯੋਗ ਹਨ।

## 2. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਲਾਹੌਰ ਦਰਬਾਰ ਨਾਲ ਸਬੰਧਤ ਵੇਰਵੇ

ਸ਼ੁਕਰਚੱਕੀਆ ਮਿਸਲ ਨਾਲ ਸਿੱਧੇ ਤੌਰ 'ਤੇ ਸਬੰਧਤ ਕੋਈ ਜ਼ਿਕਰ 'ਦਸਤੂਰ ਕੌਮਵਾਰ' ਵਿਚ ਨਹੀਂ ਮਿਲਦਾ।ਜੈਪੁਰ ਰਿਆਸਤ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਾਂ ਬਾਰੇ 'ਦਸਤੂਰ ਕੌਮਵਾਰ' ਵਿਚ ਵੱਖ-ਵੱਖ ਸਮਿਆਂ ਦੇ ਕੁਝ ਵੇਰਵੇ ਦਰਜ ਹੋਏ ਪ੍ਰਾਪਤ ਹੁੰਦੇ ਹਨ। ਇਸ ਰਾਜਸਥਾਨੀ ਸਰੋਤ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਸਭ ਤੋਂ ਪਹਿਲਾ ਵੇਰਵਾ ਹਾੜ ਵਦੀ 10 ਸੰਮਤ 1856 ਦਾ ਹੈ, ਬਾਕੀ ਸਭ ਵੇਰਵੇ ਇਸ ਦੇ ਪਿੱਛੋਂ ਦੇ ਹਨ। 'ਦਸਤੂਰ ਕੌਮਵਾਰ' ਵਿਚ ਦਰਜ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਵੇਰਵੇ ਸੰਪੂਰਨ ਹਵਾਲੇ ਲੜੀਵਾਰ ਅੱਗੇ ਦਿੱਤੇ ਗਏ ਹਨ:

ਹਾੜ ਵਦੀ 10 ਸੰਮਤ 1856 (27 ਜੂਨ 1799 ਈ.) ਨੂੰ ਮਹਾਰਾਜਾ ਰਣਜੀਤ ਸਿੰਘ ਦੇ ਵਕੀਲ ਹਾਕਮ ਰਾਏ ਨੂੰ ਵਿਦਾਇਗੀ ਸਮੇਂ 20 ਰੁ. ਕੀਮਤ ਦੇ ਥਿਰਮਾ ਪੱਛਮੀ ਬੂਟੇਦਾਰ ਦੇ 2 ਥਾਨ ਅਤੇ 50 ਰੁ. ਨਕਦ ਜੈਪੁਰ ਦਰਬਾਰ ਵੱਲੋਂ ਦਿੱਤੇ ਗਏ ਜੋ ਦਾਖਲ ਸਿਆਹ ਹਜ਼ੂਰ ਦਰਜ ਹੋਏ।[171]

---

[171] ਦਸਤੂਰ ਕੌਮਵਾਰ, ਪੰਨਾ 386.

ਮਹਾਰਾਜਾ ਰਣਜੀਤ ਸਿੰਘ ਵੱਲੋਂ ਵਕੀਲ ਜੈਸੀ ਰਾਮ ਜੈਪੁਰ ਆਇਆ। ਅੱਸੂ ਵਦੀ 4 ਸੰਮਤ 1862 ਨੂੰ (12 ਸਤੰਬਰ 1805 ਈ.) ਵਿਦਾਇਗੀ ਸਮੇਂ 25 ਰੁ. ਨਕਦ ਅਤੇ 10 ਰੁ. ਕੀਮਤ ਦਾ ਥਿਰਮਾ ਪੱਛਮੀ ਦਾ 1 ਥਾਨ ਬਖਸ਼ਿਆ ਗਿਆ ਜੋ ਸਿਆਹ ਹਜ਼ੂਰ ਵਿਚ ਦਰਜ ਕੀਤਾ ਗਿਆ।[172]

ਜਵਾਹਰ ਸਿੰਘ ਖੱਤਰੀ ਕੱਤਕ ਸੁਦੀ 13 ਮੰਗਲਵਾਰ ਸੰਮਤ 1862 (5 ਨਵੰਬਰ 1805 ਈ.) ਨੂੰ ਲਾਹੌਰ ਤੋਂ ਜੈਪੁਰ ਆਇਆ। ਉਸ ਨੂੰ ਵਿਦਾਇਗੀ ਸਮੇ 200 ਰੁ. ਨਕਦ ਅਤੇ 60 ਰੁ. ਦੇ 2 ਥਾਨ ਥਿਰਮਾ ਪੱਛਮੀ ਬੂਟੇਦਾਰ ਦੇ ਬਖਸ਼ੇ ਗਏ ਜੋ ਸਿਆਹ ਹਜ਼ੂਰ ਦਰਜ ਹੋਏ।[173]

'ਦਸਤੂਰ ਕੌਮਵਾਰ' ਵਿਚ ਫੱਗਣ ਸੁਦੀ 2 ਐਤਵਾਰ ਸੰਮਤ 1864 (28 ਫਰਵਰੀ 1808 ਈ.) ਨੂੰ ਦਰਜ ਕੀਤਾ ਗਿਆ ਕਿ ਆਸਾ ਸਿੰਘ ਲਾਹੌਰ ਦਾ ਮਿਤੀ ਮੱਘਰ ਸੁਦੀ 7 ਸੰਮਤ 1864 (6 ਦਸੰਬਰ 1807 ਈ.) ਨੂੰ ਖਾਸ ਕਰਾਰ ਦਾ ਰੁੱਕਾ ਲੈ ਕੇ ਆਇਆ ਸੀ ਜਿਸ ਨੂੰ ਚੰਦ ਸਿੰਘ ਦੇ ਰਾਹੀਂ ਕੱਤਕ ਵਦੀ 11 ਸੰਮਤ 1864 (27 ਅਕਤੂਬਰ 1807 ਈ.) ਨੂੰ 100 ਰੁ. ਮਾਧੋਪੁਰੀ ਦਿੱਤੇ ਗਏ ਜੋ ਦਾਖਲ (ਦਰਜ) ਸਿਆਹ ਹਜ਼ੂਰ ਹੋਏ।[174]

ਚੰਦਨ ਸਿੰਘ ਨੇ ਪੋਹ ਸੁਦੀ 4 ਸ਼ੁੱਕਰਵਾਰ ਸੰਮਤ 1864 (1 ਜਨਵਰੀ 1808 ਈ.) ਨੂੰ ਵਿਚ ਸੁਖ ਨਿਵਾਸ (ਮਹਿਲ) ਜੈਪੁਰ ਦਰਬਾਰ ਵਿਚ ਮਹਾਰਾਜਾ ਜੈਪੁਰ ਨਾਲ ਮੁਲਾਜਮਤ (ਮੁਲਾਕਾਤ) ਕੀਤੀ। ਉਸ ਨੇ 1 {ਮੋਹਰ} ਅਤੇ 5 ਰੁ. ਮਹਾਰਾਜਾ ਜੈਪੁਰ ਨੂੰ ਨਜ਼ਰ ਕੀਤਾ। ਉਪਰੰਤ ਉਸ ਨੂੰ ਮੇਜ਼ਬਾਨੀ ਵਜੋਂ 50 ਰੁ. ਅਤੇ 4 ਰੁ. ਦੀ ਮਠਿਆਈ ਭੇਜੀ ਗਈ।[175]

ਚੰਦਨ ਸਿੰਘ ਐਤਵਾਰ ਮਾਘ ਵਦੀ 4 ਸੰਮਤ 1864 (1 ਜਨਵਰੀ 1808 ਈ.) ਨੂੰ ਸੁਖ ਨਿਵਾਸ ਵਿਚ ਵਿਦਾਇਗੀ ਲੈਣ ਲਈ ਆਇਆ। ਇਸ ਸਮੇਂ ਉਸ ਨੂੰ ਜੈਪੁਰ ਦਰਬਾਰ ਵੱਲੋਂ 400 ਰੁ. ਮਾਧੋਪੁਰੀ ਨਕਦ ਅਤੇ ਇਕ ਸੌ ਸਾਢੇ ਚੌਦਾਂ ਰੁ. ਦਾ 5 ਥਾਨ ਦਾ ਸਰੋਪਾ ਬਖ਼ਸ਼ਿਆ ਗਿਆ ਜਿਸ ਵਿਚ ਸਾਢੇ 67 ਰੁ. ਦਾ ਥਿਰਮਾ ਪੱਛਮੀ ਬੂਟੇਦਾਰ 2 ਥਾਨ, ਸਾਢੇ 36 ਰੁ. ਦਾ 1 ਪਾਰਚੋ, ਸਾਢੇ 6 ਰੁ. ਦੀ 1 ਪੱਗ ਲਹਿਰੀਆ ਅਤੇ 4 ਰੁ. ਦਾ 1 ਫੈਂਟਾ ਸ਼ਾਮਿਲ

[172] ਉਹੀ, ਪੰਨੇ 384-385.
[173] ਉਹੀ, ਪੰਨਾ 385.
[174] ਉਹੀ, ਪੰਨਾ 307.
[175] ਉਹੀ, ਪੰਨੇ 382-384.

ਸਨ। ਇਸ ਤੋਂ ਇਲਾਵਾ ਚੰਦਨ ਸਿੰਘ ਦੇ ਬੇਟੇ ਨੂੰ ਸਾਢੇ 47 ਰੁ. ਕੀਮਤ ਦੇ 3 ਥਾਨ, ਸਾਢੇ 42 ਰੁ. ਦਾ ਥਿਰਮਾ ਪੱਛਮੀ ਬੂਟੇਦਾਰ 2 ਥਾਨ ਅਤੇ 5 ਰੁ. ਦੀ ਪੱਗ ਲਹਿਰੀਆ 1 ਥਾਨ ਦਿੱਤੇ ਗਏ। ਇਸ ਸਮੇਂ ਜਵਾਹਰ ਸਿੰਘ (ਚੰਦਨ ਸਿੰਘ ਦਾ ਪੁੱਤਰ) ਨੂੰ ਵੀ 100 ਰੁ. ਮਾਧੋਪੁਰੀ ਨਕਦ ਦਿੱਤੇ ਗਏ। ਇਹ ਸਾਰਾ ਵੇਰਵਾ ਦਾਖਲ ਸਿਆਹ ਹਜ਼ੂਰ ਹੋਇਆ ।[176]

ਭਾਦਰੋਂ ਵਦੀ 2 ਸੰਮਤ 1865 (8 ਅਗਸਤ 1808 ਈ.) ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰੁੱਕੇ ਖਾਸ ਅਨੁਸਾਰ ਜੈਪੁਰ ਰਿਆਸਤ ਵੱਲੋਂ ਮਹਾਰਾਜਾ ਰਣਜੀਤ ਸਿੰਘ ਲਈ ਪੱਗਾਂ ਦੇ 4 ਥਾਨ ਭੀਮ ਸੈਣ ਖੱਤਰੀ ਰਾਹੀਂ ਗੁਰਦਿਆਲ ਸਿੰਘ ਸਰਸੁਤ ਬ੍ਰਾਹਮਣ ਦੇ ਹੱਥ ਲਾਹੌਰ ਭੇਜੇ ਗਏ। ਪੱਗਾਂ ਦੇ 4 ਥਾਨਾਂ ਦੀ ਕੀਮਤ 208 ਰੁ. ਸੀ, ਜਿਸ ਵਿਚ 135 ਰੁ. ਦੇ 2 ਥਾਨ ਸਫੈਦ, 45 ਰੁ. ਦਾ 1 ਥਾਨ ਚੁੰਨੀ[177] ਦਾ ਅਤੇ 28 ਰੁ. ਦਾ 1 ਥਾਨ ਪੰਜ ਰੰਗਾ ਲਹਿਰੀਆ ਸਨ।[178]

## 2.1. ਮਹਾਰਾਜਾ ਰਣਜੀਤ ਸਿੰਘ ਦੇ ਜੈਪੁਰ ਰਿਆਸਤ ਨਾਲ ਸਬੰਧ ਅਤੇ ਉਸ ਵੱਲੋਂ ਜੈਪੁਰ ਆਉਣ ਵਾਲੇ ਵਕੀਲ ਅਤੇ ਵਿਅਕਤੀ:

ਮਹਾਰਾਜਾ ਰਣਜੀਤ ਸਿੰਘ ਸਿੱਖ ਮਿਸਲਾਂ ਵਿਚੋਂ ਉੱਘੀ ਮਿਸਲ ਸ਼ੁਕਰਚੱਕੀਆ ਦੇ ਮੋਢੀ ਸਰਦਾਰ ਚੜ੍ਹਤ ਸਿੰਘ ਦਾ ਪੋਤਾ ਸੀ। ਸਿੱਖ ਮਿਸਲਾਂ ਦੀਆਂ ਰਾਜਪੂਤਾਨੇ ਦੇ ਆਸ-ਪਾਸ ਦੀਆਂ ਮੁਹਿੰਮਾਂ ਵਿਚ ਸ਼ੁਕਰਚੱਕੀਆ ਮਿਸਲ ਸਬੰਧੀ ਕੋਈ ਵੀ ਹਵਾਲਾ 'ਦਸਤੂਰ ਕੌਮਵਾਰ' ਵਿਚ ਨਹੀਂ ਮਿਲਦਾ। ਰਣਜੀਤ ਸਿੰਘ ਤੋਂ ਪਹਿਲਾਂ ਇਹ ਮਿਸਲ ਪੰਜਾਬ ਦੇ ਪੱਛਮ ਅਤੇ ਉੱਤਰ ਪਾਸੇ ਦੇ ਇਲਾਕੇ ਵਿਚ ਹੀ ਰੁੱਝੀ ਰਹੀ। ਮਹਾਰਾਜਾ ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਨੂੰ ਇੱਕ ਸੁਤੰਤਰ, ਸੰਗ, ਸ਼ਕਤੀਸ਼ਾਲੀ ਅਤੇ ਖੁਸ਼ਹਾਲ ਰਾਜ ਦੇ ਰੂਪ ਵਿਚ ਸਥਾਪਤ ਕੀਤਾ। 'ਦਸਤੂਰ ਕੌਮਵਾਰ' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਸਭ ਤੋਂ ਪਹਿਲਾ ਵੇਰਵਾ ਹਾੜ ਵਦੀ 10 ਸੰਮਤ 1856 (27 ਜੂਨ 1799 ਈ.) ਨੂੰ ਮਹਾਰਾਜਾ ਰਣਜੀਤ ਸਿੰਘ ਦੇ ਵਕੀਲ ਹਾਕਮ ਰਾਏ ਦੇ ਜੈਪੁਰ ਆਉਂਣ ਨਾਲ ਸਬੰਧਤ ਮਿਲਦਾ ਹੈ। ਇਸ ਤੋਂ ਕਾਫੀ ਸਮਾਂ ਪਿੱਛੋਂ ਦੇ ਅੱਸੂ ਵਦੀ 4 ਸੰਮਤ 1862 (12 ਸਤੰਬਰ 1805 ਈ.) ਨੂੰ ਮਹਾਰਾਜਾ ਰਣਜੀਤ

[176] ਉਹੀ, ਪੰਨੇ 382-383.
[177] ਰਾਜਸਥਾਨ ਵਿਚ ਪ੍ਰਚਲਤ ਇਕ ਪਤਲੇ ਕੱਪੜੇ ਦੀ ਪੱਗ।
[178] ਉਕਤ, ਪੰਨਾ 382.

ਸਿੰਘ ਵਕੀਲ ਜੈਸੀ ਰਾਮ ਦੇ ਜੈਪੁਰ ਆਉਣ ਸਬੰਧੀ ਵੇਰਵਾ ਮਿਲਦਾ ਹੈ। ਇਸ ਤੋਂ ਲਗਭਗ ਡੇਢ ਮਹੀਨਾ ਮਗਰੋਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਜਵਾਹਰ ਸਿੰਘ ਖੱਤਰੀ ਦੇ ਕੱਤਕ ਸੁਦੀ 13 ਮੰਗਲਵਾਰ ਸੰਮਤ 1862 (5 ਨਵੰਬਰ 1805 ਈ.) ਨੂੰ ਅਤੇ ਮੱਘਰ ਸੁਦੀ 7 ਸੰਮਤ 1864 (6 ਦਸੰਬਰ 1807 ਈ.) ਨੂੰ ਆਸਾ ਸਿੰਘ ਮਹਾਰਾਜਾ ਰਣਜੀਤ ਸਿੰਘ ਵੱਲੋਂ ਮਹਾਰਾਜਾ ਜੈਪੁਰ ਲਈ ਖਾਸ ਕਰਾਰ ਦਾ ਰੁੱਕਾ ਲੈ ਕੇ ਜੈਪੁਰ ਆਉਣ ਦਾ ਜ਼ਿਕਰ 'ਦਸਤੂਰ ਕੌਮਵਾਰ' ਵਿਚ ਮਿਲਦਾ ਹੈ। ਇਹ ਕੌਲ-ਇਕਰਾਰ ਕਿਸ ਪ੍ਰਕਾਰ ਤੇ ਉਦੇਸ਼ ਲਈ ਸੀ, ਇਸ ਬਾਰੇ ਹਾਲੇ ਤੱਕ ਕੋਈ ਦਸਤਾਵੇਜ਼ ਨਜ਼ਰੀ ਨਹੀਂ ਆਇਆ। ਪੋਹ ਸੁਦੀ 4 ਸ਼ੁੱਕਰਵਾਰ ਸੰਮਤ 1864 (1 ਜਨਵਰੀ 1808 ਈ.) ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਚੰਦਨ ਸਿੰਘ ਨਾਮ ਦਾ ਵਿਅਕਤੀ ਜੈਪੁਰ ਆਇਆ ਅਤੇ ਉਸ ਦੀ ਮੁਲਾਕਾਤ ਜੈਪੁਰ ਦਰਬਾਰ ਦੇ 'ਸੁਖ ਨਿਵਾਸ' ਮਹਿਲ ਵਿਚ ਜੈਪੁਰ ਦੇ ਮਹਾਰਾਜਾ ਨਾਲ ਹੋਈ। ਚੰਦਨ ਸਿੰਘ ਕਰੀਬ 15 ਦਿਨ ਜੈਪੁਰ ਰਿਹਾ ਅਤੇ ਉਸ ਨੂੰ ਵਿਦਾਇਗੀ ਸਮੇਂ ਮਹਾਰਾਜਾ ਜੈਪੁਰ ਵੱਲੋਂ 400 ਰੁ ਨਕਦ ਅਤੇ 5 ਥਾਨ ਦਾ ਸਰੋਪਾ ਦਿੱਤਾ ਗਿਆ।

ਇਹ ਸਾਰੇ ਵੇਰਵੇ ਸਿਆਹ ਹਜ਼ੂਰ ਵਿਚ ਦਰਜ ਹੋਣ ਤੋਂ ਪਤਾ ਚੱਲਦਾ ਹੈ ਕਿ ਮਹਾਰਾਜਾ ਜੈਪੁਰ ਲਾਹੌਰ ਦਰਬਾਰ ਵੱਲੋਂ ਆਉਣ ਵਾਲੇ ਕਿਸੇ ਵਿਅਕਤੀ ਜਾਂ ਵਕੀਲ ਨਾਲ ਖੁਦ ਮੁਲਾਕਾਤ ਕਰਦਾ ਸੀ ਅਤੇ ਉਨ੍ਹਾਂ ਦਾ ਤੋਹਫ਼ਿਆਂ ਅਤੇ ਨਕਦ ਰਾਸ਼ੀ ਨਾਲ ਯਥਾਯੋਗ ਸਨਮਾਨ ਵੀ ਕਰਦਾ ਸੀ। ਇਸ ਤੋਂ ਪਤਾ ਚੱਲਦਾ ਹੈ ਕਿ ਜੈਪੁਰ ਦਰਬਾਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ ਅਤੇ ਦੋਹਾਂ ਰਾਜਾਂ ਵਿਚ ਆਪਸ ਵਿਚ ਬਹੁਤ ਨਿੱਘੇ ਸਬੰਧ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਵਕੀਲਾਂ ਅਤੇ ਹੋਰ ਕਰਿੰਦਿਆਂ ਦੇ ਸਤਿਕਾਰ ਤੋਂ ਇਲਾਵਾ ਜੈਪੁਰ ਦਰਬਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਖਾਸ ਤੌਰ 'ਤੇ ਤੋਹਫ਼ੇ ਵਜੋਂ 208 ਰੁ. ਕੀਮਤ ਦੇ 2 ਥਾਨ ਸਫੈਦ ਪੱਗਾਂ ਦੇ, 1 ਥਾਨ ਚੁੰਨੀ ਅਤੇ 1 ਥਾਨ ਪੰਜ ਰੰਗਾ ਲਹਿਰੀਆ ਸਮੇਤ 4 ਥਾਨ ਪੱਗਾਂ ਦੇ ਭੇਜਣ[179] ਦਾ ਜ਼ਿਕਰ ਦਸਤੂਰ ਕੌਮਵਾਰ ਵਿਚ ਮਿਲਦਾ ਹੈ। ਇਨ੍ਹਾਂ ਪੱਗਾਂ ਬਾਰੇ ਮਹਾਰਾਜਾ ਰਣਜੀਤ ਸਿੰਘ ਨੇ ਖੁਦ ਰੁੱਕੇ ਵਿਚ ਫਰਮਾਇਸ਼ ਲਿਖ ਕੇ ਜੈਪੁਰ ਦੇ

[179] ਦਸਤੂਰ ਕੌਮਵਾਰ, ਪੰਨਾ 382.

ਮਹਾਰਾਜੇ ਨੂੰ ਭੇਜੀ ਸੀ। ਇਸ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਸ਼ੌਕੀਨ ਸੁਭਾਅ ਦਾ ਵੀ ਪਤਾ ਚੱਲਦਾ ਹੈ। 'ਦਸਤੂਰ ਕੌਮਵਾਰ' ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਲਾਹੌਰ ਦਰਬਾਰ ਨਾਲ ਜੈਪੁਰ ਰਿਆਸਤ ਦੇ ਸਬੰਧਾਂ ਆਦਿ ਬਾਰੇ ਹੋਰ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਮਿਲਦੀ। ਸੰਮਤ 1857 1800/1801 ਈ.) ਤੋਂ ਸੰਮਤ 1865 (1808/1809 ਈ.) ਤੱਕ ਕੇਵਲ 8 ਕੁ ਸਾਲਾਂ ਦਾ ਵੇਰਵੇ ਹੀ ਪ੍ਰਾਪਤ ਹੁੰਦੇ ਹਨ।

## 3. ਪਟਿਆਲਾ ਰਿਆਸਤ ਨਾਲ ਸਬੰਧਤ ਵੇਰਵੇ

ਮਿਤੀ ਚੇਤ ਵਦੀ 3 ਸੰਮਤ 1804 (16/17 ਫਰਵਰੀ 1747 ਈ.) ਨੂੰ ਮੁਕਾਮ ਖੰਨੇ ਦੀ ਸਰਾਂ ਵਿਚ ਆਲਾ ਸਿੰਘ ਜਾਟ (ਜੱਟ) ਨੂੰ ਮਿਹਰਬਾਨੀ ਸਦਕਾ ਸਵਾ 44 ਰੁ. ਦਾ 3 ਥਾਨ ਦਾ ਸਿਰੋਪਾ ਬਖਸ਼ਿਆ ਗਿਆ।[180]

ਮਿਤੀ ਚੇਤ ਵਦੀ 11 ਨੂੰ ਮੁਕਾਮ ਸੀਮਾਣੇ (ਸਮਾਣਾ) ਵਿਚ ਆਲਾ ਸਿੰਘ ਜਾਟ (ਜੱਟ) ਦੇ ਚਾਕਰ ਭਵਾਨੀ ਸਿੰਘ ਨੂੰ 49 ਰੁ. ਕੀਮਤ ਦੇ 3 ਥਾਨ ਦਾ ਸਿਰੋਪਾ ਅਤੇ 100 ਰੁ. ਨਕਦ ਮਿਹਰਬਾਨੀ ਵਜੋਂ ਦਿੱਤੇ ਗਏ।[181]

ਮਿਤੀ ਮੱਘਰ ਵਦੀ 4 ਸ਼ਨੀਵਾਰ ਸੰਮਤ 1883 (18 ਨਵੰਬਰ 1826 ਈ.) ਨੂੰ ਮਹਾਰਾਜਾ ਕਰਮ ਸਿੰਘ ਪਟਿਆਲਾ ਦਾ ਵਕੀਲ ਕਪੂਰ ਸਿੰਘ ਸਰਸੁਤ ਬ੍ਰਾਹਮਣ ਅਤੇ ਮੁਨਸ਼ੀ ਕਪੂਰ ਸਿੰਘ ਖੱਤਰੀ, ਫਿਰੰਗੀ ਮੁਟਕਲ ਸਾਹਿਬ (ਅੰਗਰੇਜ ਮੈਟਕਾਫ) ਦੇ ਨਾਲ ਜੈਪੁਰ ਆਇਆ। ਪ੍ਰੀਤਮ ਨਿਵਾਸ (ਮਹਿਲ) ਵਿਚ ਉਨ੍ਹਾਂ ਨੂੰ ਬੁਲਾਇਆ ਅਤੇ ਉਹ ਆ ਕੇ ਸਾਰਿਆਂ

---

[180] ਉਹੀ, ਕਿਤਾਬ ਨੰ. 7, ਪੰਨਾ 313; ਨੋਟ: ਜੈਪੁਰ ਦੇ ਮਹਾਰਾਜਾ ਸਵਾਈ ਈਸਰੀ ਸਿੰਘ ਨੂੰ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਨੇ ਸ਼ਹਿਜਾਦਾ ਅਹਿਮਦ ਸ਼ਾਹ ਅਤੇ ਵਜ਼ੀਰ ਕਮਰੁਦੀਨ ਦੀ ਅਗਵਾਈ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕਰਨ ਲਈ ਪੰਜਾਬ ਵਿਚ ਭੇਜਿਆ ਸੀ। ਮਾਛੀਵਾੜੇ ਕੋਲ ਪਿੰਡ ਮਾਨੂਪੁਰ ਦੇ ਸਥਾਨ 'ਤੇ ਮੁਗਲਾਂ ਦੀ ਫੌਜ ਅਤੇ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਵਿਚ 3 ਮਾਰਚ 1747 ਨੂੰ ਲੜਾਈ ਆਰੰਭ ਹੋਈ। ਜੈਪੁਰ ਦੀ ਰਾਜ ਗੱਦੀ ਦੇ ਉੱਤਰਾਧਿਕਾਰ ਨੂੰ ਲੈ ਕੇ ਚੱਲ ਰਹੇ ਝਗੜੇ ਕਰਕੇ ਮਾਧੋ ਸਿੰਘ ਦੀ ਮਦਦ ਲਈ ਮੇਵਾੜ ਦੇ ਮਹਾਰਾਣਾ ਅਤੇ ਮਰਾਠਿਆਂ ਨੇ ਜੈਪੁਰ ਵਿਰੁੱਧ ਚੜ੍ਹਾਈ ਕਰ ਦਿੱਤੀ। ਜਦੋਂ ਸਵਾਈ ਈਸਰੀ ਸਿੰਘ ਨੂੰ ਮਾਨੂੰਪੁਰ ਦੇ ਮੈਦਾਨੇ ਜੰਗ ਵਿਚ ਇਹ ਖਬਰ ਲੱਗੀ ਤਾਂ ਉਹ ਮੁਗਲ-ਅਬਦਾਲੀ ਯੁੱਧ ਦਾ ਫੈਸਲਾ ਉਡੀਕੇ ਬਿਨਾਂ ਅਤੇ ਰੁਖਸਤ ਲਏ ਬਿਨਾਂ ਹੀ ਆਪਣਾ ਸਮਾਨ ਉੱਥੇ ਛੱਡ ਕੇ ਮੈਦਾਨੇ ਜੰਗ ਵਿਚੋਂ ਵਾਪਸ ਜੈਪੁਰ ਨੂੰ ਤੁਰ ਪਿਆ। ਇਸ ਸਮੇਂ ਵਾਪਸ ਜਾਂਦੇ ਹੋਏ ਉਸ ਨੇ ਖੰਨੇ ਦੀ ਸਰਾਂ ਵਿਚ ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਨਾਲ 25 ਮਾਰਚ 1747 ਈ. ਨੂੰ ਮੁਲਾਕਾਤ ਕੀਤੀ ਸੀ ਜਿਸ ਦਾ ਹਵਾਲਾ ਕਈ ਜੈਪੁਰ ਰਿਆਸਤ ਦੇ ਉਸ ਸਮੇਂ ਦੇ ਰਾਜ ਕਵੀ ਚੰਦ ਨੇ ਆਪਣੀ ਰਚਨਾ '**ਕੁਰਮਵਿਲਾਸ**' ਵਿਚ ਵੀ ਕੀਤਾ ਜੋ ਇਸ ਖੋਜ ਪ੍ਰਬੰਧ ਦੇ ਪੰਜਵੇ ਅਧਿਆਇ ਵਿਚ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ।ਦੇਖੋ: ਉਪੇਦਰ ਨਾਥ ਸ਼ਰਮਾ, **ਜਾਟੋਂ ਕਾ ਨਵੀਨ ਇਤਿਹਾਸ**, ਭਾਗ-2, ਪੰਨੇ 124-125, (ਹਿੰਦੀ).

[181] ਦਸਤੂਰ ਕੌਮਵਾਰ, ਕਿਤਾਬ ਨੰਬਰ 17, ਪੰਨੇ 313-314; ਨੋਟ: ਲੱਗਦਾ ਹੈ ਕਿ ਆਲਾ ਸਿੰਘ ਵੱਲੋਂ ਸਵਾਈ ਈਸਰੀ ਸਿੰਘ ਨੂੰ ਸਮਾਣੇ ਤੱਕ ਆਪਣੇ ਇਲਾਕੇ ਵਿਚੋਂ ਸੁਰੱਖਿਅਤ ਕੱਢਣ ਲਈ ਆਪਣੇ ਖਾਸ ਨੌਕਰ ਭਵਾਨੀ ਸਿੰਘ ਨੂੰ ਕੁਝ ਆਦਮੀ ਦੇ ਕੇ ਭੇਜਿਆ ਹੋਵੇਗਾ।

ਵਿਚ ਬੈਠ ਗਏ। ਪਿੱਛੇ ਠਾਕਰ ਲੋਕ ਗਲੀਚੇ ਦੀ ਵਿਸ਼ਾਈ ’ਤੇ ਬੈਠੇ ਸਨ, ਉੱਥੇ ਉਨ੍ਹਾਂ ਨੂੰ ਬੁਲਾਇਆ (ਬੈਠਣ ਲਈ) ਅਤੇ ਰਾਵ ਚੰਦ ਸਿੰਘ ਗੋਗਾਂਵਤ ਵਗੈਰਾ ਨੂੰ ਮਿਲੇ ਅਤੇ ਮੁਜਰਾ ਕਰਕੇ ਬੈਠ ਗਏ। ਦਰੋਗਾ ਮੰਨਾ ਲਾਲ ਪੁੱਤਰ ਸਰੂਪ ਚੰਦ ਦੇ ਹੱਥੀਂ ਨਜ਼ਰ ਸਬੰਧੀ ਪਤਾ ਕਰਾਇਆ। ਵਕੀਲ ਕਪੂਰ ਸਿੰਘ ਸਰਸੁਤ ਬ੍ਰਾਹਮਣ ਨੇ 5 ਮੋਹਰਾਂ ਨਜ਼ਰ ਕੀਤੀਆਂ। ਮੁਨਸ਼ੀ ਕਪੂਰ ਸਿੰਘ ਖੱਤਰੀ ਨੇ 5 ਮੋਹਰਾਂ ਨਜ਼ਰ ਭੱਟੇ ਕੀਤੀਆਂ (ਮਹਾਰਾਜਾ ਜੈਪੁਰ ਦੀ)। ਉਪਰੰਤ ਜਾਣ ਦੀ ਇਜਾਜਤ ਹੋਣ ’ਤੇ ਡੇਰੇ ਗਏ। ਇਹ ਵੇਰਵਾ ਸਿਆਹ ਹਜੂਰ ਵਿਚ ਦਾਖਲ (ਦਰਜ) ਹੋਇਆ।[182]

ਮਿਤੀ ਮੱਘਰ ਸੁਦੀ 5 ਐਤਵਾਰ ਸੰਮਤ 1883 (3 ਦਸੰਬਰ 1826 ਈ.) ਨੂੰ ਸ਼੍ਰੀ ਹਜ਼ੂਰ (ਮਹਾਰਾਜਾ ਜੈਪੁਰ) ਪਧਾਰਿਆ, ਜਦੋਂ ਰਾਇਤਾਣਾ ਦੇ ਵਕੀਲਾਂ ਨੂੰ ਬੁਲਾਇਆ ਤਦ ਵਕੀਲ ਕਪੂਰ ਸਿੰਘ ਸਰਸੁਤ ਬ੍ਰਾਹਮਣ ਅਤੇ ਮੁਨਸ਼ੀ ਕਪੂਰ ਸਿੰਘ ਖੱਤਰੀ ਨੂੰ ਵੀ ਵਿਦਾਇਗੀ ਦੀਆਂ ਵਸਤਾਂ ਦੇਣ ਲਈ ਸੱਦਿਆ ਗਿਆ। ਇਸ ਸਮੇਂ ਵਕੀਲ ਕਪੂਰ ਸਿੰਘ ਸਰਸੁਤ ਬ੍ਰਾਹਮਣ ਨੇ 5 ਮੋਹਰਾਂ ਨਜ਼ਰ ਕੀਤੀਆਂ ਅਤੇ ਉਸ ਦੇ ਨਾਲ ਦੇ ਦੋ ਜਾਣਿਆ ਨੇ 2 ਅਤੇ 3 ਮੋਹਰਾਂ ਨਜ਼ਰ ਕੀਤੀਆਂ, ਮੁਨਸ਼ੀ ਕਪੂਰ ਸਿੰਘ ਖੱਤਰੀ 5 ਮੋਹਰਾਂ ਨਜ਼ਰ ਕੀਤੀਆਂ (ਮਹਾਰਾਜਾ ਜੈਪੁਰ ਦੀ)। ਉਪਰੰਤ ਉਨ੍ਹਾਂ ਨੂੰ ਵਿਦਾਇਗੀ ਵਜੋਂ ਇਹ ਵਸਤਾਂ ਦਿੱਤੀਆਂ ਗਈਆਂ: ਵਕੀਲ ਕਪੂਰ ਸਿੰਘ ਸਰਸੁਤ ਬ੍ਰਾਹਮਣ ਨੂੰ 2 ਥਾਨ ਥਿਰਮਾ ਪੱਛਮੀ ਬੂਟੇਦਾਰ ਸਾਢੇ 36 ਰੁ. ਦੇ, 1 ਦੁਪੱਟਾ ਕਸੂਮਲ ਕੋਰਪਲਾ ਜ਼ਰੀ ਸਾਢੇ 13 ਰੁ. ਦਾ, 1 ਪੱਗ ਲਹਿਰੀਆ ਸਾਢੇ 6 ਰੁ. ਦੀ, 1 ਮਸਰੂ ਬੂਟੇਦਾਰ 13 ਰੁ. ਦਾ, 2 ਥਾਨ ਸਫੈਦ ਆਗਾਵਾਨੀ 10 ਰੁ. ਦੇ ਅਤੇ 1 ਸਰਪੇਚ ਜੜਾਊ ਦਿੱਤੇ ਗਏ। ਮੁਨਸ਼ੀ ਕਪੂਰ ਸਿੰਘ ਖੱਤਰੀ ਨੂੰ 2 ਥਾਨ ਥਿਰਮਾ ਪੱਛਮੀ ਬੂਟੇਦਾਰ ਸਾਢੇ 26 ਰੁ. ਦਾ, 1 ਦੁਪੱਟਾ ਕਸੂਮਲ ਕੋਰਪਲਾ ਜ਼ਰੀ 9 ਰੁ. ਦਾ ਦਿੱਤੇ ਗਏ। ਇਹ ਵੇਰਵਾ ਦਾਖਲ ਸਿਆਹ ਹਜ਼ੂਰ ਹੋਇਆ।[183]

ਪਟਿਆਲਾ ਰਾਜ ਵੱਲੋਂ ਵਕੀਲ ਬਿਜੈ ਸਿੰਘ ਬ੍ਰਾਹਮਣ ਸਾਰਸੁਤ ਮਿਤੀ ਜੇਠ ਸੁਦੀ 12, ਸ਼ਨੀਵਾਰ (ਸੰਨ 1885 ਈ.) ਨੂੰ ਜਰਨੈਲ ‘ਲੂਣੀ ਅਖਤਰ’ ਫਿਰੰਗੀ ਅੰਗਰੇਜ਼ [ਡੇਵਿਡ

[182] ਦਸਤੂਰ ਕੌਮਵਾਰ, ਪੰਨੇ 312-316.
[183] ਉਹੀ, ਪੰਨੇ 312-316.

ਅਖਤਰ ਲੋਨੀ] ਨਾਲ ਜੈਪੁਰ ਆਇਆ। ਪਟਿਆਲੇ ਦੇ ਰਾਜਾ ਕਰਮ ਸਿੰਘ ਦੀ ਸ਼ਾਦੀ ਹੋਈ ਸੀ ਇਸ ਲਈ ਰਾਇ ਜੁਵਾਲਾ ਨਾਥ ਦੇ ਰਾਹੀਂ ਖੁਵਾਨ (ਗੰਢਾਂ) ਨਗ 10 ਵਿਚ (ਮਹਾਰਾਜਾ ਜੈਪੁਰ ਦੀ) ਨਜ਼ਰ ਕਰਾਇਆ, ਜਿਸ ਵਿਚ ਬਦਾਮ, ਛੁਹਾਰਾ, ਪਿਸਤਾ, ਦਾਖ ਅਤੇ ਵੱਲਾ 5 ਨਗ ਸਨ ਅਤੇ ਦਰੋਗਾ ਸਰੂਪ ਚੰਦ ਦੇ ਰਾਹੀਂ ਮਹਾਰਾਜਾ ਕਰਮ ਸਿੰਘ ਦੇ ਵਕੀਲ ਨੇ 1 ਰੁ. ਅਤੇ 5 ਰੁ. ਨਜ਼ਰ ਕੀਤੇ। ਬਾਅਦ ਵਿਚ (ਪਟਿਆਲਾ ਦੇ ਵਕੀਲ ਲਈ) ਮੇਜ਼ਬਾਨੀ ਵਜੋਂ 100 ਰੁ. ਨਗਦ ਅਤੇ 1 ਮਣ ਮਠਿਆਈ ਵੀ ਭੇਜੀ। ਉਪਰੰਤ ਵਕੀਲ ਵਿਦਾਈ ਲੈ ਕੇ ਜਰਨੈਲ ਡੇਵਿਡ ਅਖਤਰ ਲੋਨੀ ਨਾਲ ਚਲਾ ਗਿਆ।[184]

ਮਿਤੀ ਹਾੜ ਵਦੀ 10 ਦਿਨ ਵੀਰਵਾਰ ਸੰਮਤ 1885 (7 ਜੂਨ 1828 ਈ.) ਨੂੰ ਜੈਪੁਰ ਦਰਬਾਰ ਦੇ ਪਟਿਆਲੇ ਦੇ ਰਾਜਾ ਕਰਮ ਸਿੰਘ ਦੀ ਸ਼ਾਦੀ ਹੋਈ ਜਿਸ ਦਾ ਸ਼ਗਨ ਪਟਿਆਲਾ ਰਾਜ ਵੱਲੋਂ ਵਕੀਲ ਬਿਜੈ ਸਿੰਘ ਬ੍ਰਾਹਮਣ ਸਾਰਸੁਤ ਨੇ (ਮਹਾਰਾਜਾ ਜੈਪੁਰ ਦੀ) ਨਜ਼ਰ ਕੀਤਾ ਸੀ ਉਸ ਨੂੰ ਮਹਾਰਾਜਾ ਨੇ ਵਿਦਾਈ ਸਮੇਂ ਤਿਲਕ ਵਜੋਂ ਵਕੀਲ ਨੂੰ 158 ਰੁ. ਕੀਮਤ ਦੇ, 1 ਥਾਨ ਆਲਮ ਸੁਰਖ 13 ਰੁ. ਦਾ, 1 ਥਾਨ ਮਸਰੂ ਬੂਟੇਦਾਰ ਸਾਢੇ 17 ਰੁ. ਦਾ, 1 ਥਾਨ ਥਿਰਮਾ ਪੱਛਮੀ ਬੂਟਾਦਾਰ 32 ਰੁ. ਦਾ, 1 ਦੁਪੱਟਾ ਸਵਾ 9 ਰੁ. ਦਾ, 2 ਥਾਨ ਸਫੈਦ ਪੌਣੇ 10 ਰੁ. ਦਾ, 2 ਥਾਨ ਥਿਰਮਾ ਪੱਛਮੀ ਬੂਟਾਦਾਰ 85 ਰੁ. ਦੇ, 1 ਸਰਪੇਚ ਜੜਾਊ ਕੀਮਤ 19 ਰੁ. ਦਾ, 1 ਦੁਪੱਟਾ ਕੋਰਪਲਾ ਜਰੀ ਕੀਮਤ ਪੌਣੇ 14 ਰੁ. ਅਤੇ ਨਾਲ ਦੇ ਹਮਰਾਹੀ ਅਸਾਮੀ (ਸਾਥੀਆਂ) ਨੂੰ 3 ਥਾਨ (ਕੱਪੜਿਆਂ ਦੇ) ਸਵਾ 41 ਰੁ. ਦੇ ਥਾਨ ਦਿੱਤੇ ਗਏ।[185]

ਮਿਤੀ ਫੱਗਣ ਵਦੀ 10 ਸੰਮਤ 1897 (15 ਫਰਵਰੀ 1841 ਈ.) ਨੂੰ ਖਜ਼ਾਨਾ ਮਾਲ ਦੇ ਰੁੱਕੇ ਅਨੁਸਾਰ ਕਪੂਰ ਸਿੰਘ ਸਰਸੁਤ ਬ੍ਰਾਹਮਣ ਵਕੀਲ ਮਹਾਰਾਜਾ ਪਟਿਆਲਾ ਵੱਲੋਂ ਜੈਪੁਰ 'ਸਧੌੜਾ' (ਸਧੌਰਾ) ਲੈ ਕੇ ਨਜ਼ਰ ਆਇਆ, ਵਿਦਾ ਕਰਨ ਸਮੇਂ ਚਾਕਰ ਨੂੰ 1 ਪੱਗ 4 ਰੁ. ਦੀ ਅਤੇ 7 ਰੁ. ਨਕਦ ਦਿੱਤੇ ਗਏ।[186]

---

[184] ਉਹੀ, ਪੰਨਾ 309.
[185] ਉਹੀ, ਪੰਨੇ 311-312.
[186] ਉਹੀ, ਪੰਨੇ 313-315.

ਚੇਤ ਸੁਦੀ 4 ਸੰਮਤ 1908 (7 ਮਾਰਚ 1851 ਈ.) ਨੂੰ ਪਟਿਆਲਾ ਦੇ ਰਾਜਾ ਨਰਿੰਦਰ ਸਿੰਘ ਦੀ ਲੜਕੀ ਦੇ ਵਿਆਹ ਦੇ ਨਿਉਤੇ ਦਾ ਸ਼ਗਨ ਲੈ ਕੇ ਵਕੀਲ ਜਵਾਲਾ ਨਾਥ ਅਤੇ ਮੰਗਲ ਖੱਤਰੀ ਜੈਪੁਰ ਆਏ। ਇਸ ਸਮੇਂ ਮਹਾਰਾਜਾ ਜੈਪੁਰ ਦੀ ਨਜ਼ਰ ਸਲਾਮ ਵਜੋਂ ਵਕੀਲ ਜਵਾਲਾ ਨਾਥ ਨੇ 5 ਰੁ. ਅਤੇ 5 ਰੁ. ਮੰਗਲ ਖੱਤਰੀ ਵੱਲੋਂ ਨਜ਼ਰ ਕੀਤੇ ਗਏ। ਇਸ ਪਿੱਛੋਂ 31 ਕਿਸ਼ਤੀਆਂ[187] ਵਿਚ ਜੋ ਸੁਗਾਤਾਂ ਸ਼ਗਨ ਵਿਚ ਪਟਿਆਲਾ ਰਿਆਸਤ ਵੱਲੋਂ ਭੇਜੀਆਂ ਗਈਆਂ ਉਨ੍ਹਾਂ ਵਿਚ 6 ਕਿਸ਼ਤੀਆਂ ਬਦਾਮ ਦੀ ਗਿਰੀ, 6 ਕਿਸ਼ਤੀਆਂ ਪਿਸਤਾ, 6 ਕਿਸ਼ਤੀਆਂ ਛੁਹਾਰੇ, 6 ਕਿਸ਼ਤੀਆਂ ਦਾਖਾਂ, 6 ਕਿਸ਼ਤੀਆਂ ਮਿਸ਼ਰੀ, 6 ਕਿਸ਼ਤੀਆਂ ਅਨਾਰ ਅਤੇ 5 ਮੋਹਰਾਂ (ਸੋਨੇ ਦੀਆਂ) ਸਨ ਬਾਕੀ ਵੇਰਵਾ ਕੱਪੜ-ਦੁਆਰ ਅਤੇ ਰਸੋਈਖਾਨੇ ਵਿਚ ਦਰਜ ਹੋਇਆ।[188]

### 3.1. ਜੈਪੁਰ ਰਿਆਸਤ ਅਤੇ ਪਟਿਆਲਾ ਰਿਆਸਤ ਦੇ ਆਪਸੀ ਸਬੰਧ

'ਦਸਤੂਰ ਕੌਮਵਾਰ' ਵਿਚ ਜੈਪੁਰ ਰਿਆਸਤ ਦੇ ਸ਼ਾਸਕਾਂ ਅਤੇ ਪਟਿਆਲਾ ਰਿਆਸਤ ਦੇ ਸਿੱਖ ਸ਼ਾਸਕਾਂ ਦਰਮਿਆਨ ਆਪਸੀ ਸਬੰਧਾਂ ਦੀ ਸ਼ੁਰੂਆਤ ਪਟਿਆਲਾ ਰਿਆਸਤ ਦੇ ਮੋਢੀ ਬਾਬਾ ਆਲਾ ਸਿੰਘ ਦੇ ਸਮੇਂ ਤੋਂ ਹੀ ਹੋਣ ਦਾ ਪਤਾ ਚੱਲਦਾ ਹੈ। ਜੈਪੁਰ ਦੇ ਮਹਾਰਾਜਾ ਸਵਾਈ ਈਸਰੀ ਸਿੰਘ ਨੂੰ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਨੇ ਸ਼ਹਿਜਾਦਾ ਅਹਿਮਦ ਸ਼ਾਹ ਅਤੇ ਵਜ਼ੀਰ ਕਮਰੁਦੀਨ ਦੀ ਅਗਵਾਈ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕਰਨ ਲਈ ਨਵੰਬਰ 1747 ਈ. ਨੂੰ ਦਿੱਲੀ ਤੋਂ ਪੰਜਾਬ ਵਿਚ ਭੇਜਿਆ ਸੀ। ਮਾਛੀਵਾੜੇ ਕੋਲ ਪਿੰਡ ਮਾਨੂਪੁਰ ਦੇ ਸਥਾਨ 'ਤੇ ਮੁਗਲਾਂ ਦੀ ਫੌਜ ਅਤੇ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਵਿਚ 3 ਮਾਰਚ 1748 ਈ. ਨੂੰ ਲੜਾਈ ਆਰੰਭ ਹੋਈ। ਜੈਪੁਰ ਦੀ ਰਾਜ ਗੱਦੀ ਦੇ ਉੱਤਰਾਧਿਕਾਰ ਨੂੰ ਲੈ ਕੇ ਚੱਲ ਰਹੇ ਝਗੜੇ ਕਰਕੇ ਮਾਧੋ ਸਿੰਘ ਨੇ ਉਦੇਪੁਰ (ਮੇਵਾੜ) ਦੇ ਮਹਾਰਾਣਾ ਅਤੇ ਮਰਾਠਾ ਸਰਦਾਰ ਮਲਹਾਰ ਰਾਉ ਹੋਲਕਰ ਦੀ ਮਦਦ ਨਾਲ ਜੈਪੁਰ ਦੀ ਰਾਜ ਗੱਦੀ ਪ੍ਰਾਪਤ ਕਰਨ ਲਈ ਜੈਪੁਰ 'ਤੇ ਚੜ੍ਹਾਈ ਕਰ ਦਿੱਤੀ ਸੀ। ਜਦੋਂ ਸਵਾਈ ਈਸਰੀ ਸਿੰਘ ਨੂੰ ਮਾਨੂੰਪੁਰ (ਪੰਜਾਬ) ਦੇ ਮੈਦਾਨੇ ਜੰਗ ਵਿਚ ਇਹ ਖਬਰ ਪਤਾ ਚੱਲੀ ਤਾਂ ਉਹ ਮੁਗਲ-ਅਬਦਾਲੀ ਯੁੱਧ ਦਾ ਫੈਸਲਾ ਉਡੀਕੇ ਬਿਨਾਂ ਅਤੇ ਰੁਖਸਤ ਲਏ ਬਿਨਾਂ ਹੀ ਆਪਣਾ ਸਮਾਨ ਉੱਥੇ ਛੱਡ ਕੇ ਮੈਦਾਨੇ ਜੰਗ ਵਿਚੋਂ ਵਾਪਸ ਜੈਪੁਰ ਨੂੰ

---

[187] ਕਿਸ਼ਤੀ ਦੀ ਸ਼ਕਲ ਦਾ ਇਕ ਥਾਲ ਜਿਸ ਵਿਚ ਢੋਏ ਆਦਿ ਦੀਆਂ ਚੀਜਾਂ ਰੱਖ ਕੇ ਪੇਸ਼ ਕੀਤੀਆਂ ਜਾਂਦੀਆਂ ਹਨ, **ਮਹਾਨਕੋਸ਼**, ਪੰਨਾ 327.

[188] ਦਸਤੂਰ ਕੌਮਵਾਰ, ਪੰਨੇ 363-364.

ਤੁਰ ਪਿਆ। ਇਸ ਸਮੇਂ ਵਾਪਸ ਜਾਂਦੇ ਹੋਏ ਉਸ ਨੇ ਖੰਨੇ ਦੀ ਸਰਾਂ ਵਿਚ ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਨਾਲ 25 ਮਾਰਚ 1747 ਈ. ਨੂੰ ਮੁਲਾਕਾਤ ਕੀਤੀ ਸੀ। ਸਵਾਈ ਈਸਰੀ ਨਾਲ ਸਬੰਧਤ ਇਸ ਘਟਨਾ ਬਾਰੇ ਕੁਝ ਸਰੋਤਾਂ ਵਿਚੋਂ ਹਵਾਲੇ ਮਿਲਦੇ ਹਨ ਪਰ ਉਸ ਦੀ ਬਾਬਾ ਆਲਾ ਸਿੰਘ ਨਾਲ ਮੁਲਾਕਾਤ, ਮੁਲਾਕਾਤ ਦੇ ਸਥਾਨ ਅਤੇ ਮੁਲਾਕਾਤ ਦੀ ਤਰੀਖ ਆਦਿ ਬਾਰੇ ਪ੍ਰਮਾਣੀਕ ਵੇਰਵੇ ਕਿਸੇ ਹੋਰ ਮੁੱਢਲੇ ਸਰੋਤ ਵਿਚੋਂ ਨਹੀਂ ਮਿਲਦੇ। 'ਦਸਤੂਰ ਕੌਮਵਾਰ' ਵਿਚ ਇਸ ਇਤਹਾਸਕ ਮਿਲਣੀ ਦੀ ਤਰੀਖ ਚੇਤ ਵਦੀ 3 ਸੰਮਤ 1804 (25 ਮਾਰਚ 1747 ਈ.) ਅਤੇ ਸਥਾਨ 'ਖੰਨੇ ਦੀ ਸਰਾਂ' ਲਿਖਿਆ ਹੋਇਆ ਹੈ। ਇਸ ਸਮੇਂ ਜੈਪੁਰ ਦੇ ਸ਼ਾਸਕ ਸਵਾਈ ਈਸਰੀ ਸਿੰਘ ਨੇ ਬਾਬਾ ਆਲਾ ਨੂੰ ਸਵਾ 44 ਰੁ. ਦਾ 3 ਥਾਨ ਦਾ ਸਿਰੋਪਾ ਵੀ ਦਿੱਤਾ। ਇਸ ਮੁਲਾਕਾਤ ਸਮੇਂ ਬਾਬਾ ਆਲਾ ਸਿੰਘ ਨੇ ਆਪਣੇ ਇਕ ਖਾਸ ਆਦਮੀ ਭਵਾਨੀ ਸਿੰਘ ਦੀ ਜਿੰਮੇਵਾਰੀ ਅਤੇ ਨਿਗਰਾਨੀ ਵਿਚ ਜੈਪੁਰ ਦੇ ਸ਼ਾਸਕ ਈਸਰੀ ਸਿੰਘ ਨੂੰ ਆਪਣੀ ਪਟਿਆਲਾ ਰਿਆਸਤ ਦੇ ਇਲਾਕੇ ਵਿਚੋਂ ਸੁਰੱਖਿਆ ਸਹਿਤ ਸਮਾਣੇ ਤੱਕ ਪਹੁੰਚਾਇਆ। ਇਸ ਲਈ ਜੈਪੁਰ ਦੇ ਸ਼ਾਸਕ ਵੱਲੋਂ ਭਵਾਨੀ ਸਿੰਘ ਨੂੰ ਸ਼ੁਕਰਾਨੇ ਵਜੋਂ 49 ਰੁ. ਕੀਮਤ ਦੇ 3 ਥਾਨ ਦਾ ਸਿਰੋਪਾ ਅਤੇ 100 ਰੁ. ਨਕਦ ਸਮਾਣੇ ਵਿਚ ਦੇਣ ਦਾ ਜ਼ਿਕਰ ਵੀ 'ਦਸਤੂਰ ਕੌਮਵਾਰ' ਵਿਚ ਜ਼ਿਕਰ ਸ਼ਾਮਿਲ ਹੈ।

ਇਸ ਤੋਂ ਕਾਫੀ ਸਮਾਂ ਪਿੱਛੋਂ ਤੱਕ ਪਟਿਆਲਾ ਰਿਆਸਤ ਦੇ ਜੈਪੁਰ ਨਾਲ ਸਬੰਧਾਂ ਬਾਰੇ ਦਸਤੂਰ ਕੌਮਵਾਰ ਵਿਚ ਕੋਈ ਜਾਣਕਾਰੀ ਨਹੀਂ ਮਿਲਦੀ। 'ਦਸਤੂਰ ਕੌਮਵਾਰ' ਵਿਚ ਪਟਿਆਲਾ ਰਿਆਸਤ ਦੇ ਜੈਪੁਰ ਰਿਆਸਤ ਨਾਲ ਸੰਮਤ 1883 (1826/27 ਈ.) ਵਿਚ ਮਹਾਰਾਜਾ ਕਰਮ ਸਿੰਘ ਪਟਿਆਲਾ ਤੋਂ ਲੈ ਕੇ ਸੰਮਤ 1908 (1852/53 ਈ.) ਤੱਕ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਤੱਕ, ਸਬੰਧਾਂ ਬਾਰੇ ਵੇਰਵੇ ਮਿਲਦੇ ਹਨ। ਇਨ੍ਹਾਂ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਅੰਗਰੇਜ ਅਫਸਰ ਮਿਸਟਰ ਮਟਕਾਫ ਜੋ ਪਟਿਆਲੇ ਤੋਂ ਜੈਪੁਰ ਗਿਆ ਤਾਂ ਉਸ ਦੇ ਨਾਲ ਪਟਿਆਲਾ ਰਿਆਸਤ ਦਾ ਵਕੀਲ ਕਪੂਰ ਸਿੰਘ ਖੱਤਰੀ ਅਤੇ ਮੁਨਸ਼ੀ ਕਪੂਰ ਸਿੰਘ ਸਰਸੁਤ ਬ੍ਰਹਾਮਣ ਵੀ ਜੈਪੁਰ ਗਏ ਸਨ। ਇਸ ਪਿੱਛੋਂ ਜੇਠ ਸੁਦੀ 12 ਸੰਮਤ 1885 ਨੂੰ ਅੰਗਰੇਜਾਂ ਦੇ ਪੁਲੀਟੀਕਲ ਏਜੰਟ ਡੇਵਡ ਅਖਤਰ ਲੋਨੀ ਨਾਲ ਪਟਿਆਲਾ ਰਿਆਸਤ ਦਾ ਵਕੀਲ ਬਿਜੇ ਸਿੰਘ, ਮਹਾਰਾਜਾ ਕਰਮ ਸਿੰਘ ਦੀ ਸ਼ਾਦੀ ਦੀ ਖੁਸ਼ੀ ਵਿਚ

ਬਦਾਮ, ਛੁਹਾਰਾ, ਪਿਸਤਾ, ਦਾਖ ਅਤੇ ਮਿਸ਼ਰੀ ਦੇ 10 ਨਗ ਮਹਾਰਾਜਾ ਜੈਪੁਰ ਲਈ ਲੈ ਕੇ ਜੈਪੁਰ ਪਹੁੰਚਿਆ ਸੀ ਅਤੇ ਉਸ ਨੂੰ ਵਾਪਸੀ ਸਮੇਂ ਮਹਾਰਾਜਾ ਜੈਪੁਰ ਵੱਲੋਂ ਕੀਮਤੀ ਤੋਹਫ਼ੇ ਤੇ ਨਕਦ ਰਾਸ਼ੀ ਦੇ ਕੇ ਵਿਦਾ ਕੀਤਾ ਸੀ। ਇਸ ਤੋਂ ਇਲਾਵਾ ਪਟਿਆਲਾ ਰਿਆਸਤ ਵੱਲੋਂ ਮਹਾਰਾਜਾ ਜੈਪੁਰ ਲਈ ਸੰਧੌਰਾ ਅਤੇ ਮਹਾਰਾਜਾ ਨਰਿੰਦਰ ਸਿੰਘ ਦੀ ਲੜਕੀ ਦੀ ਸ਼ਾਦੀ ਦੇ ਨਿਉਤੇ ਵਜੋਂ ਫਲ ਅਤੇ ਮੇਵਿਆਂ ਦੀਆਂ ਸੁਗਾਤਾ ਲੈ ਕੇ ਜਾਣ ਸਬੰਧੀ ਵੇਰਵੇ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ।

'ਦਸਤੂਰ ਕੌਮਵਾਰ' ਵਿਚਲੇ ਇਨ੍ਹਾਂ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਪਟਿਆਲਾ ਅਤੇ ਜੈਪੁਰ ਰਿਆਸਤਾਂ ਵਿਚ ਰਾਜਨੀਤਕ ਸਬੰਧਾਂ ਦੇ ਨਾਲ ਸਮਾਜਕ ਸਬੰਧ ਵੀ ਬਹੁਤ ਵਧੀਆਂ ਸਨ ਅਤੇ ਵਿਆਹ-ਸ਼ਾਦੀ ਆਦਿ ਦੇ ਸਮੇਂ ਇੱਕ-ਦੂਜੇ ਨਾਲ ਜਿੱਥੇ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਦੀਆਂ ਸਨ ਉੱਥੇ ਇਹੋ ਜਿਹੇ ਮੌਕਿਆਂ 'ਤੇ ਸੱਦਾ ਪੱਤਰ ਵੀ ਦਿੱਤੇ ਜਾਂਦੇ ਸਨ। ਇਸ ਸਰੋਤ ਵਿਚੋਂ ਮਹਾਰਾਜਾ ਕਰਮ ਸਿੰਘ ਪਟਿਆਲਾ ਦੀ ਸ਼ਾਦੀ ਦੇ ਸਮੇਂ ਬਾਰੇ ਵੀ ਪਤਾ ਚੱਲਦਾ ਹੈ ਅਤੇ ਇਸ ਦੇ ਨਾਲ ਹੀ ਪਟਿਆਲਾ ਅਤੇ ਜੈਪੁਰ ਦੋਹਾਂ ਰਾਜਾਂ ਦੇ ਅੰਗਰੇਜਾਂ ਨਾਲ ਸਬੰਧਾਂ ਬਾਰੇ ਜਾਣਕਾਰੀ ਵੀ ਮਿਲਦੀ ਹੈ।

### 4. ਨਾਭਾ ਰਿਆਸਤ ਨਾਲ ਸਬੰਧਤ ਵੇਰਵੇ

ਸੋਮਵਾਰ ਅੱਸੂ ਵਦੀ 11 ਸੰਮਤ 1898 (11 ਸਤੰਬਰ 1841 ਈ.) ਨੂੰ ਨਾਭਾ ਰਿਆਸਤ ਵੱਲੋਂ ਆਏ ਵਕੀਲ ਅਤੇ ਨੌਕਰ ਨੂੰ ਜੈਪੁਰ ਦਰਬਾਰ ਵੱਲੋਂ 25 ਰੁ. ਕੀਮਤ ਦੇ 4 ਥਾਨ ਕੱਪੜੇ ਦੇ ਬਖਸ਼ੇ ਗਏ ਜਿਨ੍ਹਾਂ ਵਿਚ 7 ਰੁ. ਕੀਮਤ ਦੀ 1 ਪੱਗ ਰੰਗੀਨ 1 ਥਾਨ, 8 ਰੁ. ਕੀਮਤ ਦਾ ਦੁਪੱਟਾ 1 ਥਾਨ, 10 ਰੁ. ਕੀਮਤ ਦੇ ਆਗਾਵਾਣੀ 2 ਥਾਨ ਦਿੱਤੇ ਗਏ।[189]

ਕੱਤਕ ਵਦੀ 14, ਦਿਨ ਸ਼ੁੱਕਰਵਾਰ ਸੰਮਤ 1898 (12 ਨਵੰਬਰ 1841 ਈ.) ਨੂੰ ਰਿਆਸਤ ਨਾਭਾ ਦੇ ਰਾਜਾ ਦਵਿੰਦਰ ਸਿੰਘ ਵੱਲੋਂ ਸੂਧਨ ਮੱਲ ਖੱਤਰੀ ਮਹਾਰਾਜਾ ਜੈਪੁਰ ਲਈ ਸ਼ਗਨ ਲੈ ਕੇ ਜੈਪੁਰ ਪੁੱਜਾ ਜਿਸ ਦੇ ਸਵਾਗਤ ਲਈ 1 ਕੋਹ ਤੱਕ ਦੀਪਮਾਲਾ ਕੀਤੀ ਗਈ। ਇਸ ਸਮੇਂ ਸੂਧਨ ਮੱਲ ਖੱਤਰੀ ਨੇ 5 ਰੁ. ਅਤੇ ਖਰੀਤਾ (ਮਹਾਰਾਜਾ ਜੈਪੁਰ ਦੀ) ਨਜ਼ਰ ਕੀਤੇ।

[189] ਉਹੀ, ਪੰਨੇ 357-358.

ਪਿੱਛੋਂ ਸ਼ਗਨ ਦੀਆਂ ਇਹ ਸਾਰੀਆਂ ਸੌਗਾਤਾਂ ਮਹਾਰਾਜਾ ਜੈਪੁਰ ਦੀ ਨਜ਼ਰ ਕੀਤੀਆਂ ਗਈਆਂ ਜੋ ਬਾਅਦ ਵਿਚ ਕੱਪੜਦੁਆਰ ਵਿਚ ਜਮ੍ਹਾਂ ਹੋਈਆਂ। ਇਹ ਸਾਰੀਆਂ ਵਸਤਾਂ ਜੋ ਨਾਭਾ ਰਿਆਸਤ ਵੱਲੋਂ ਭੇਜੀਆਂ ਗਈਆਂ ਸਨ, ਦਾ ਵੇਰਵਾ ਇਸ ਪ੍ਰਕਾਰ ਹੈ:

ਪੱਗਾਂ 2 = ਲਹਿਰੀਆ ਦੀ 1 ਅਤੇ ਕੇਸਰੀਆ ਦੀ 1, ਪਾਰਚਾ (ਜਰੀਦਾਰ ਵਸਤਰ) ਥਾਨ 2, ਖਿਰਮਾ ਪੱਛਮੀ ਬੂਟੇਦਾਰ 2 ਜੋੜੇ, 4 ਥਾਨ = 2 ਥਾਨ ਸਫੈਦ ਅਤੇ 2 ਥਾਨ ਅੰਬਰੀ (ਅਸਮਾਨੀ),1 ਥਾਨ ਦੁਪੱਟਾ, ਕਸੁੰਭਲ ਕੋਰਪਲਾ ਜਰੀ ਦਾ, 1 ਰੁਮਾਲ ਹਰੇ ਰੰਗ ਦਾ ਪੱਛਮੀ ਬੂਟੇਦਾਰ, 2 ਥਾਨ ਡੋਰੀਏ ਦੇ (ਦੁਪੱਟੇ) ਸਫੈਦ, 1 ਆਗਾਵਾਨੀ ਸਫੈਦ, 1 ਥਾਨ ਮਲਮਲ, 1 ਥਾਨ ਮਦਨਵੁਕ, 1 ਥਾਨ ਲੌਂਗੀ ਰੇਸ਼ਮੀ, 2 ਥਾਨ ਮਸਰੂ, 2 ਥਾਨ ਦੁਪੱਟਾ ਰੇਸ਼ਮੀ = 1 ਕਿਰਮਿਚੀ ਅਤੇ 1 ਜਾਫਰਵਾਨੀ, 1 ਥਾਨ ਜਾਮਾਂਵਾਰ ਪੱਛਮੀ, 1 ਥਾਨ ਆਤਮਸੁਖ, 1 ਗਲੇ ਦੀ ਮਾਲਾ ਮੋਤੀਆਂ ਦੀ, 1 ਸਰਪੇਚ ਜੜਾਊ

ਇਸ ਤੋਂ ਇਲਾਵਾ ਕੁਝ ਵਸਤਾਂ ਘੋੜਿਆਂ ਦੇ ਤਬੇਲੇ ਵਿਚ ਵੀ ਜਮ੍ਹਾਂ ਹੋਈਆਂ ਸਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

2 ਘੋੜਾ ਰਾਸ = 1 ਸੋਨੇ ਦੇ ਜੁੱਟ ਦੀ ਅਤੇ 1 ਚਾਂਦੀ ਦੇ ਜੁੱਟ ਦੀ, 1 ਜ਼ੀਨਪੋਸ਼ ਜਿਸ ਉੱਤੇ ਜ਼ਰਦੋਜ਼ੀ (ਸੋਨੇ ਦੀਆਂ ਤਾਰਾਂ ਦੀ ਕਢਾਈ) ਦਾ ਕੰਮ ਕੀਤਾ ਹੋਇਆ ਸੀ। ਘੋੜਿਆਂ ਵਾਲੇ ਨੌਕਰਾਂ ਨੂੰ ਜੈਪੁਰ ਦਰਬਾਰ ਵੱਲੋਂ ਵਿਦਾਇਗੀ ਸਮੇਂ 20 ਰੁ. ਨਕਦ ਦਿੱਤੇ ਗਏ।

ਜੈਪੁਰ ਦਰਬਾਰ ਦੇ ਸੁਖਨਿਵਾਸ ਮਹਿਲ ਦੀ ਖਾਸ ਚੌਂਕੀ ਵਿਚ ਸਾਰੇ ਠਾਕੁਰ ਲੋਕਾਂ ਨੇ ਮਹਾਰਾਜਾ ਨੂੰ ਤਾਜੀਮ ਦਿੱਤੀ। ਇਸ ਸਮੇਂ ਵਜ਼ੀਰ, ਅਹਿਲਕਾਰ, ਮੁਤਸਦੀ ਆਦਿ ਹਾਜ਼ਰ ਸਨ ਜਿਨ੍ਹਾਂ ਦੇ ਸਾਹਮਣੇ ਇਹ ਸਭ ਕੁਝ ਨਜ਼ਰ ਹੋਇਆ। ਇਸ ਸਬੰਧੀ ਸਾਰਾ ਘਾਟਾ-ਵਾਧਾ ਕੋਠੀ ਕੱਪੜਦੁਆਰ ਦੇ ਅਹੁਦੇਦਾਰਾਂ ਦੇ ਜਿੰਮੇ ਹੋਵੇਗਾ। ਇਸ ਸਬੰਧੀ ਹੋਰ ਵੇਰਵਾ ਸਿਆਹ ਹਜ਼ੂਰ ਵਿਚ ਦਰਜ ਹੈ।[190]

ਕੱਤਕ ਸੁਦੀ 6 ਸ਼ੁੱਕਰਵਾਰ ਨੂੰ ਨਾਭਾ ਰਿਆਸਤ ਵੱਲੋਂ ਸੌਗਾਤਾਂ ਲੈ ਕੇ ਆਏ ਵਕੀਲ ਸੂਧਨ ਮਲ ਖੱਤਰੀ ਨੂੰ ਵਿਦਾਇਗੀ ਸਮੇਂ ਪੌਣੇ 121 ਰੁ. ਕੀਮਤ ਦੀਆਂ ਕੁਝ ਸੌਗਾਤਾਂ ਦਿੱਤੀਆਂ

[190] ਉਹੀ, ਪੰਨੇ 354-357.

ਗਈਆਂ ਜੋ ਇਸ ਤਰ੍ਹਾਂ ਸਨ; 12 ਰੁ. ਦੀ ਪੱਗ ਚੁੰਨੀ (ਰਾਜਸਥਾਨ ਵਿਚ ਪ੍ਰਚਲਿਤ ਇਕ ਕਿਸਮ ਦੀ ਪੱਗ) 1 ਥਾਨ, 25 ਰੁ. ਕੀਮਤ ਦਾ ਜਰੀਦਾਰ ਵਸਤਰ (ਪਾਰਚੋ) 1 ਥਾਨ, 25 ਰੁ. ਦਾ ਦੁਪੱਟਾ ਜ਼ਰਦ (ਬਸੰਤੀ) ਬਨਾਰਸੀ ਕੌਰਪਲਾ ਜਰੀ ਦਾ 1 ਥਾਨ, 62 ਰੁ. ਦਾ ਥਿਰਮਾ ਪੱਛਮੀ ਬੂਟੇਦਾਰ 2 ਥਾਨ ਅਤੇ ਪੌਣੇ 4 ਰੁ. ਵਾਦ-ਵੱਟੇ (ਵੱਟੇ ਖਾਤੇ) ਪਾਏ ਗਏ। ਇਸ ਤੋਂ ਇਲਾਵਾ ਦਰੋਗਾ ਵਿਜੇ ਲਾਲ ਦੇ ਰਾਹੀਂ 5 ਰੁ. ਨਕਦ ਨਜ਼ਰ ਕੀਤੇ ਗਏ।[191]

ਦਿਨ ਸ਼ਨੀਵਾਰ ਮਾਘ ਵਦੀ 15 ਸੰਮਤ 1898 (10 ਫਰਵਰੀ 1842 ਈ.) ਦੇ ਖਜ਼ਾਨਾ ਮਾਲ ਦੇ ਰੁੱਕੇ (ਲਿਖਤੀ ਹਿਸਾਬ ਦੇ ਚਿੱਠੇ) ਅਨੁਸਾਰ ਨਾਭਾ ਰਿਆਸਤ ਵੱਲੋਂ ਆਏ ਵਿਅਕਤੀਆਂ, ਜੋ ਜੈਪੁਰ ਕਾਫੀ ਦਿਨ ਰਹੇ, ਦੇ ਰੋਟੀ ਆਦਿ 'ਤੇ 399 ਰੁ. ਖਰਚ ਆਇਆ।[192]

ਹਾੜ ਵਦੀ 7 ਸੰਮਤ 1900 (19 ਜੂਨ 1847 ਈ.) ਨੂੰ ਨਾਭਾ ਰਿਆਸਤ ਵੱਲੋਂ ਹਲਕਾਰਾ/ਕਾਸਦ ਰੁੱਕਾ ਲੈ ਕੇ ਜੈਪੁਰ ਆਇਆ ਜਿਸ ਨੂੰ 5 ਰੁ. ਦਿੱਤੇ ਗਏ।[193]

## 4.1. ਨਾਭਾ ਰਿਆਸਤ ਦੇ ਜੈਪੁਰ ਰਿਆਸਤ ਨਾਲ ਸਬੰਧ

'ਦਸਤੂਰ ਕੌਮਵਾਰ' ਵਿਚ ਨਾਭਾ ਰਾਜ ਨਾਲ ਸਬੰਧਤ ਵੇਰਵੇ ਸੰਮਤ 1898 (1841/42 ਈ.) ਤੋਂ ਸੰਮਤ 1900 (1843/44 ਈ.) ਤੱਕ ਮਿਲਦੇ ਹਨ। ਇਸ ਸਮੇਂ ਦੌਰਾਨ ਨਾਭਾ ਰਿਆਸਤ ਨਾਲ ਸਬੰਧਤ ਬਹੁਤ ਘੱਟ ਵੇਰਵੇ ਮਿਲਦੇ ਹਨ। ਜੈਪੁਰ ਅਤੇ ਨਾਭਾ ਰਿਆਸਤ ਦਰਮਿਆਨ ਸਬੰਧਾਂ ਦਾ ਸਭ ਤੋਂ ਮਹੱਤਵਪੂਰਨ ਵੇਰਵਾ ਨਾਭਾ ਰਿਆਸਤ ਵੱਲੋਂ ਜੈਪੁਰ ਦੇ ਮਹਾਰਾਜਾ ਲਈ ਭੇਜੀਆਂ ਸੌਗਾਤਾਂ ਵਾਲਾ ਹੈ। ਨਾਭਾ ਰਿਆਸਤ ਦੇ ਰਾਜਾ ਦਵਿੰਦਰ ਸਿੰਘ ਵੱਲੋਂ ਜੈਪੁਰ ਦੇ ਮਹਾਰਾਜਾ ਦੀ ਸ਼ਾਦੀ ਸਮੇਂ ਕੱਤਕ ਵਦੀ 14 ਸੰਮਤ 1898 (12 ਨਵੰਬਰ 1841 ਈ.) ਨੂੰ ਸੂਧਨ ਮੱਲ ਖੱਤਰੀ ਦੇ ਹੱਥ 1 ਖਰੀਤਾ, ਕੀਮਤੀ ਵਸਤਰ (ਪੱਗਾਂ, ਰੁਮਾਲ, ਡੋਰੀਏ, ਲੂੰਗੀ ਆਦਿ) 1 ਮੋਤੀਆਂ ਦੀ ਮਾਲਾ ਗਲੇ ਲਈ, 1 ਸਰਪੇਚ ਜੜਾਊ, ਘੋੜਿਆਂ ਲਈ ਸੋਨੇ ਅਤੇ ਚਾਂਦੀ ਦੇ 1-1 ਜੁੱਟ, 1 ਜੀਨਪੋਸ਼ ਸੋਨੇ ਦੀਆਂ ਤਾਰਾਂ ਨਾਲ ਕੱਢਿਆ ਹੋਇਆ ਆਦਿ

191 ਉਹੀ, ਪੰਨੇ 357-357.
192 ਉਹੀ, ਪੰਨਾ 357.
193 ਉਹੀ, ਪੰਨਾ 358.

ਸੌਗਾਤਾਂ ਜੈਪੁਰ ਦੇ ਮਹਾਰਾਜਾ ਨੂੰ ਭੇਜੇ ਗਏ ਸਨ। ਇਸ ਵੇਰਵੇ ਤੋਂ ਨਾਭਾ ਰਿਆਸਤ ਅਤੇ ਜੈਪੁਰ ਰਿਆਸਤ ਵਿਚਕਾਰ ਖੁਸ਼ੀ ਦੇ ਮੌਕੇ ਇਕ-ਦੂਜੇ ਦੀ ਖੁਸ਼ੀ ਵਿਚ ਸ਼ਾਮਿਲ ਹੋਣ ਦੀ ਸਾਂਝ ਅਤੇ ਆਪਸੀ ਸਨੇਹ ਨੂੰ ਦਰਸਾਉਂਦਾ ਹੈ।

## 5. ਜੈਪੁਰ ਰਿਆਸਤ ਅਧੀਨ ਨੌਂਕਰੀ ਕਰਨ ਵਾਲੇ ਸਿੱਖਾਂ ਨਾਲ ਸਬੰਧਤ ਵੇਰਵੇ

'ਦਸਤੂਰ ਕੌਮਵਾਰ' ਵਿਚ ਭਾਦਰੋਂ ਵਦੀ 9 ਨੂੰ ਦਰਜ ਕੀਤਾ ਗਿਆ ਕਿ ਜੇਠ ਸੁਦੀ 8 ਸੰਮਤ 1823 (15 ਜੂਨ 1766 ਈ.) ਨੂੰ ਜੈਪੁਰ ਰਿਆਸਤ ਦੇ ਚਾਕਰ ਕੇਸਰੀ ਸਿੰਘ ਨੂੰ ਵਿਦਾ ਕਰਨ ਸਮੇਂ ਜੈਪੁਰ ਦਰਬਾਰ ਵੱਲੋਂ ਵਿਦਾਇਗੀ ਦੇ ਤੌਰ 'ਤੇ 1 ਥਾਨ ਥਿਰਮਾ ਪੱਛਮੀ ਬੂਟੇਦਾਰ ਜਿਸ ਦੀ ਕੀਮਤ 23 ਰੁ. ਸੀ ਦਿੱਤਾ ਗਿਆ।[194]

ਭਾਦਰੋਂ ਵਦੀ 9 ਨੂੰ 'ਦਸਤੂਰ ਕੌਮਵਾਰ' ਵਿਚ ਦਰਜ ਕੀਤਾ ਗਿਆ ਕਿ ਜੇਠ ਸੁਦੀ 8 ਸੰਮਤ 1823 (15 ਜੂਨ 1766 ਈ.) ਨੂੰ ਜੈਪੁਰ ਰਿਆਸਤ ਦੇ ਚਾਕਰ (ਨੌਕਰ) ਗੁਰਬਖਸ਼ ਸਿੰਘ[195] ਨੂੰ ਵਿਦਾ ਕਰਨ ਸਮੇਂ ਜੈਪੁਰ ਦਰਬਾਰ ਵੱਲੋਂ ਵਿਦਾਇਗੀ ਦੇ ਤੌਰ 'ਤੇ 1 ਥਾਨ ਥਿਰਮਾ ਪੱਛਮੀ ਬੂਟੇਦਾਰ ਜਿਸ ਦੀ ਕੀਮਤ 24 ਰੁ. ਸੀ ਦਿੱਤਾ ਗਿਆ।[196]

ਭਾਦਰੋਂ ਵਦੀ 9 ਨੂੰ 'ਦਸਤੂਰ ਕੌਮਵਾਰ' ਵਿਚ ਦਰਜ ਕੀਤਾ ਗਿਆ ਕਿ ਜੇਠ ਸੁਦੀ 8 ਸੰਮਤ 1823 (15 ਜੂਨ 1766 ਈ.) ਨੂੰ ਮੋਹਕਮ ਸਿੰਘ ਚਾਕਰ ਸਰਕਾਰ (ਜੈਪੁਰ) ਦੇ ਨੂੰ ਵਿਦਾਇਗੀ ਸਮੇਂ ਪੌਣੇ 24 ਰੁ. ਦਾ 1 ਥਾਨ ਥਿਰਮਾ ਪੱਛਮੀ ਬੂਟੇਦਾਰ ਦਾ ਦਿੱਤਾ ਗਿਆ।[197]

ਭਾਦਰੋਂ ਵਦੀ 9 ਸੰਮਤ 1823 (18 ਅਗਸਤ 1766 ਈ.) ਨੂੰ ਦਰਜ ਕੀਤਾ ਗਿਆ ਕਿ ਜੇਠ ਸੁਦੀ 8 ਸੰਮਤ 1823 (15 ਜੂਨ 1766 ਈ.) ਨੂੰ ਸੰਤੋਖ ਸਿੰਘ ਜੈਪੁਰ ਸਰਕਾਰ ਦੇ

---

[194] ਉਹੀ, ਪੰਨਾ 317.

[195] ਇਸ ਸਮੇਂ ਸਿੱਖ ਮਿਸਲਾਂ ਦੀਆਂ ਰਾਜਪੂਤਾਨੇ ਵੱਲ ਦੀਆਂ ਗਤੀਵਿਧੀਆਂ ਵਿਚ 2 ਗੁਰਬਖਸ਼ ਸਿੰਘ ਹਿੱਸਾ ਲੈ ਰਹੇ ਸਨ। ਇੱਕ ਗੁਰਬਖਸ਼ ਸਿੰਘ ਕਰੋੜਸਿੰਘੀਆ ਮਿਸਲ ਦਾ ਸਿੱਧੂ ਗੋਤ ਦਾ ਜੱਟ ਪਿੰਡ ਕਲਸੀਆਂ, ਤਹਿਸੀਲ ਕਸੂਰ, ਜਿਲ੍ਹਾਂ ਲਾਹੌਰ ਦਾ ਸੀ। ਉਸ ਨੇ ਸਿੱਖਾਂ ਦੀ ਸਰਹੰਦ 'ਤੇ ਦੂਜੀ ਜਿੱਤ ਤੋਂ ਬਾਅਦ ਛਛਰੌਲੀ, ਬੱਸੀ ਤੇ ਚੜਿੱਕ ਦੇ ਪਰਗਨੇ ਆਪਣੇ ਅਧੀਨ ਕਰਕੇ ਕਲਸੀਆਂ ਰਿਆਸਤ ਦਾ ਮੁੱਢ ਬੰਨ੍ਹਿਆ ਸੀ। ਦੂਜਾ ਗੁਰਬਖਸ਼ ਸਿੰਘ, ਸ਼ਹੀਦ ਮਿਸਲ ਦਾ ਸਿਰਕੱਢ ਆਗੂ ਸੀ। ਇਹ ਪਿੰਡ ਗੱਗੋਬੂਹਾ ਤਹਿਸੀਲ ਤੇ ਜਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਸੀ। ਇਸ ਨੇ ਵੀ ਸਿੱਖਾਂ ਦੀ ਸਰਹੰਦ 'ਤੇ ਦੂਜੀ ਜਿੱਤ ਤੋਂ ਬਾਅਦ ਮਾਰਕੰਡਾ ਨਦੀ ਦੇ ਬੇਟ ਵਿਚ ਕੁਝ ਇਲਾਕਾ ਆਪਣੇ ਕਬਜ਼ੇ ਵਿਚ ਕਰਕੇ ਤੰਗੌਰ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਸੀ। ਦੇਖੋ: ਸਵਰਨ ਸਿੰਘ, '**ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ**', ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016, ਪੰਨੇ 176-178.

[196] ਦਸਤੂਰ ਕੌਮਵਾਰ, ਪੰਨਾ 327.

[197] ਉਹੀ, ਪੰਨਾ 375.

ਚਾਕਰ ਨੂੰ ਵਿਦਾਇਗੀ ਸਮੇਂ ਪੌਣੇ 24 ਰੁ. ਕੀਮਤ ਦਾ 1 ਥਾਨ ਥਿਰਮਾ ਪੱਛਮੀ ਬੂਟੇਦਾਰ ਬਖਸ਼ਿਆ ਗਿਆ।[198]

ਫੱਗਣ ਸੁਦੀ 11 ਮੰਗਲਵਾਰ ਸੰਮਤ 1844 (18 ਮਾਰਚ 1788 ਈ.) ਮੁਕਾਮ ਸਵਾਈ ਜੈਪੁਰ ਵਿਚ ਦਿਆਲ ਸਿੰਘ ਸਿੱਖ (ਗੌੜ ਬ੍ਰਾਹਮਣ) ਜੋ ਖੁਸਾਲੀ ਰਾਮ ਨਾਲ ਜਮੀਅਤ (ਫੌਜ) ਲਿਆਇਆ ਸੀ, ਉਨ੍ਹਾਂ ਨੂੰ ਵਿਦਾਇਗੀ ਸਮੇ 38 ਰੁ. ਦਾ 3 ਥਾਨ ਦਾ ਸਰੋਪਾ ਮਹਾਰਾਜਾ ਜੈਪੁਰ ਵੱਲੋਂ ਬਖਸ਼ਿਆ ਗਿਆ ਜਿਸ ਵਿਚ 10 ਰੁ. ਦਾ 1 ਥਾਨ ਆਲਮ ਜਰੀ, 21 ਰੁ. ਦਾ 1 ਥਾਨ ਮਸਰੂ ਬੂਟੇਦਾਰ ਅਤੇ 7 ਰੁ ਦਾ 1 ਥਾਨ ਫੇਂਟਾ ਗੁਜਰਾਤੀ ਸਨ। ਇਹ ਵੇਰਵਾ ਦਾਖਲ ਸਿਆਹ ਹਜੂਰ ਵਿਚ ਖੁਸਾਲੀ ਰਾਮ ਦੇ ਨਾਲ ਸ਼ਾਮਿਲ ਹੋਇਆ ਲਿਖਿਆ ਗਿਆ।[199]

ਸਾਵਣ ਸੁਦੀ 9 ਵੀਰਵਾਰ ਸੰਮਤ 1845 (10 ਅਗਸਤ 1788 ਈ.) ਨੂੰ ਦਿਆਲ ਸਿੰਘ ਸਿੱਖ (ਗੌੜ ਬ੍ਰਾਹਮਣ) ਰਾਜਾ ਰਾਧਿਕਾ ਦਾਸ ਵੱਲੋਂ ਭੇਜਿਆ ਹੋਇਆ ਆਇਆ। ਉਨ੍ਹਾਂ ਵੱਲੋਂ ਕੁੱਲ ਨਜ਼ਰ ਹੋਏ (ਮਹਾਰਾਜਾ ਜੈਪੁਰ ਦੀ) 17 ਰੁ. ਜਿਸ ਵਿਚ ਦਿਆਲ ਸਿੰਘ 5 ਰੁ., ਬਿਆਸ ਗੁਲਾਬ ਰਾਇ 5 ਰੁ., ਧਾਭਾਈ ਭਵਾਨੀ ਰਾਮ 5 ਰੁ. ਅਤੇ ਮੁਨਸ਼ੀ ਸੰਪਤ ਰਾਇ ਨੇ 2 ਰੁ. ਨਜਰ ਕੀਤੇ ਗਏ। ਜੈਪੁਰ ਦਰਬਾਰ ਵੱਲੋਂ ਇਨ੍ਹਾਂ ਨੂੰ ਮੇਜਬਾਨੀ ਵਜੋਂ 106 ਰੁ. ਨੱਥ ਮੱਲ ਜੌਹਰੀ ਰਾਹੀਂ ਭੇਜੇ ਗਏ।[200]

ਕੱਤਕ ਵਦੀ 8 ਸ਼ਨਿੱਛਰਵਾਰ ਸੰਮਤ 1846 (12 ਅਕਤੂਬਰ 1789 ਈ.) ਨੂੰ ਦਿਆਲ ਸਿੰਘ (ਗੌੜ ਬ੍ਰਾਹਮਣ) ਸਿਉਪੁਰ ਤੋਂ ਆਇਆ। ਉਸ ਨੂੰ ਮੇਜਬਾਨੀ ਵਜੋਂ 50 ਰੁ. ਨਕਦ ਅਤੇ 4 ਰੁ. ਦੀ ਅੱਧਾ ਮਣ ਮਠਿਆਈ ਭੇਜੀ ਗਈ।[201]

ਚੇਤ ਵਦੀ 9 ਮੰਗਲਵਾਰ (ਸੰਮਤ 1847) ਨੂੰ ਦਿਆਲ ਸਿੰਘ (ਗੌੜ ਬ੍ਰਾਹਮਣ) ਨੇ 5 ਰੁ. ਨਜਰ ਕੀਤੇ (ਮਹਾਰਾਜਾ ਜੈਪੁਰ ਦੀ)। ਉਸ ਨੂੰ ਵਿਦਾਇਗੀ ਵਜੋਂ 50 ਰੁ. ਦੇ 2 ਥਾਨ ਥਿਰਮਾ ਪੱਛਮੀ ਦੇ ਜੈਪੁਰ ਦਰਬਾਰ ਵੱਲੋਂ ਬਖਸ਼ੇ ਗਏ।[202]

---

198 ਉਹੀ ਪੰਨੇ 389-390.
199 ਉਹੀ, ਕਿਤਾਬ ਨੰ. 5, ਪੰਨਾ 267.
200 ਉਹੀ, ਕਿਤਾਬ ਨੰ. 5, ਪੰਨੇ 267-268.
201 ਉਹੀ, ਪੰਨਾ 268.
202 ਉਹੀ, ਪੰਨਾ 268.

ਚੇਤ ਵਦੀ 9 ਵੀਰਵਾਰ 1 ਸੰਮਤ 1856 (29 ਮਾਰਚ 1799 ਈ.) ਨੂੰ ਕਿਰਪਾਲ ਸਿੰਘ ਸਿੱਖ (ਖੱਤਰੀ) ਮੁਕਾਮ ਮੁਤਸਾਲ ਮਾਧੋਪੁਰਾ, ਜੈਪੁਰ ਆਇਆ ਉਸ ਨੂੰ ਲਿਆਉਣ ਲਈ ਮਹਾਂ ਚੰਦ ਖਿੱਦੂ ਨੂੰ ਅਤੇ ਸਿਉ (ਸ਼ਿਵ) ਲਾਲ, ਮੁਨਸ਼ੀ ਮਿੱਠਾ ਲਾਲ ਦੇ ਬੇਟੇ ਨੂੰ ਭੇਜਿਆ, ਜੋ ਕੋਹ ਇਕ ਤਾਂਈ (ਅੱਗੇ) ਜਾ ਕੇ ਨਾਲ ਲੈ ਕੇ ਆਇਆ ਅਤੇ 'ਸਰਬਤਾਂ ਸੁਖ' ਦੇ ਡੇਰੇ ਆਣ ਬੈਠਿਆ। ਉਸ ਨੂੰ ਪਿੱਛੋਂ ਖਾਸ ਡੇਰੇ (ਮਹਾਰਾਜਾ ਦੇ) ਬੁਲਾਇਆ ਗਿਆ, ਉਸ ਨੇ 1 (ਮੋਹਰ), ਕਿਰਪਾਲ ਸਿੰਘ ਦੇ ਭਰਾ ਬਿਸ਼ੰਭਰ ਨਾਥ ਨੇ 5 ਰੁ. ਅਤੇ ਕਿਰਪਾਲ ਸਿੰਘ ਦੇ ਪੋਤੇ ਤਾਰਾ ਚੰਦ ਨੇ 5 ਰੁ. (ਮਹਾਰਾਜਾ ਦੀ) ਨਜਰ ਕੀਤੇ।[203]

2 ਜੇਠ, ਜੇਠ ਸੁਦੀ 9 (ਸੰਮਤ 1856) 12 ਜੂਨ 1799 ਈ. ਨੂੰ ਮੁਕਾਮ ਹੋਟਵਾੜੇ ਕਿਰਪਾਲ ਸਿੰਘ ਸਿੱਖ (ਖੱਤਰੀ) ਦੀ ਮੁਲਾਜਮਤ ਹੋਈ (ਮਹਾਰਾਜਾ ਜੈਪੁਰ ਨਾਲ)। ਇਸ ਸਮੇਂ ਉਸ ਨੇ 4 ਰੁ. (ਮਹਾਰਾਜਾ ਦੀ) ਨਜਰ ਕੀਤੇ ਜੋ ਦਾਖਲ ਸਿਆਹ ਹਜੂਰ ਹੋਏ।[204]

ਸਾਵਣ ਸੁਦੀ 15 (ਸੰਮਤ 1856) 15 ਅਗਸਤ 1799 ਈ. ਨੂੰ ਕਿਰਪਾਲ ਸਿੰਘ ਸਿੱਖ (ਖੱਤਰੀ) ਨੂੰ ਮਹਾਰਾਜਾ ਵੱਲੋਂ ਵਿਦਾਇਗੀ ਸਮੇਂ 12 ਰੁ. ਦਾ 1 ਥਾਨ ਚੀਰਾ ਲਹਿਰੀਆ, 31 ਰੁ. ਦਾ 1 ਥਾਨ ਦੁਪੱਟਾ ਕੋਰਪਲਾ ਜਰੀ, 39 ਰੁ. ਦਾ 1 ਥਾਨ ਮਸਰੂ ਬੂਟੇਦਾਰ, ਸਾਢੇ 84 ਰੁ. ਦਾ 1 ਥਾਨ ਥਿਰਮਾ ਪੱਛਮੀ ਬੂਟੇਦਾਰ, 80 ਰੁ. ਦਾ 1 ਥਾਨ ਸਰਪੇਚ ਜੜਾਊ, 80 ਰੁ. ਦੀ 1 ਮੋਤੀਆਂ ਦੀ ਮਾਲਾ ਗਲੇ ਦੀ, 1 ਹਾਥੀ ਜੰਜੀਰ ਅਤੇ 1 ਜੰਜੀਰ ਮਹਾਰਾਜਾ ਜੈਪੁਰ ਵੱਲੋਂ ਬਖਸ਼ੇ ਗਏ।[205]

ਸਾਵਣ ਸੁਦੀ 7 ਸੰਮਤ 1858 (16 ਅਗਸਤ 1801 ਈ.) ਨੂੰ ਦਸਤਖਤੀ ਫ਼ਰਦ ਮੁਆਫਿਕ ਕਿਰਪਾਲ ਸਿੰਘ ਸਿੱਖ (ਖੱਤਰੀ) ਨੂੰ ਮਹਾਰਾਜਾ ਵੱਲੋਂ ਪੋਤੀ ਦੇ ਵਿਆਹ ਸਮੇਂ ਇਨਾਮ ਦੇ 500 ਰੁ. ਦਿੱਤੇ ਗਏ ਜੋ ਸਿਆਹ ਵਕਾਇਆ ਵਿਚ ਦਾਖਲ ਕੀਤੇ ਗਏ।[206]

---

203 ਉਹੀ, ਕਿਤਾਬ ਨੰ. 3, ਪੰਨਾ 521.
204 ਉਹੀ, ਕਿਤਾਬ ਨੰ. 3, ਪੰਨਾ 522.
205 ਉਹੀ, ਕਿਤਾਬ ਨੰ. 3, ਪੰਨਾ 522; ਨੋਟ: ਕਿਰਪਾਲ ਸਿੰਘ ਨੂੰ ਤਾਲੁਕਾ ਮਾਨਪੁਰ, ਪਰਗਨਾ ਟੋਂਕ ਵਿਚ ਜੈਪੁਰ ਰਿਆਸਤ ਵੱਲੋਂ ਜਗੀਰਦਾਰੀ ਦਾ ਪਟਾ ਮਿਲਿਆ ਹੋਇਆ ਸੀ।
206 ਦਸਤੂਰ ਕੌਮਵਾਰ, ਕਿਤਾਬ ਨੰ. 3, ਪੰਨਾ 522.

ਮਿਤੀ ਭਾਦਰੋਂ ਵਦੀ 10 ਸੰਮਤ 1856 (26 ਅਗਸਤ 1799 ਈ.) ਨੂੰ ਕਿਰਪਾਲ ਸਿੰਘ ਸਿੱਖ (ਖੱਤਰੀ) ਦੇ ਭਰਾ ਰਾਮ ਨਾਥ ਨੂੰ ਵਿਦਾਇਗੀ ਵਜੋਂ ਪੌਣੇ 37 ਰੁ. ਦਾ 3 ਥਾਨ ਦਾ ਸਰੋਪਾ ਦਿੱਤਾ ਗਿਆ ਦਾਖਲ ਸਿਆਹ ਹਜ਼ੂਰ ਹੋਇਆ।[207]

ਮਿਤੀ ਮਾਘ ਸੁਦੀ 7 ਸੰਮਤ 1859 (29 ਜਨਵਰੀ 1803 ਈ.) ਨੂੰ ਤਾਰਾ ਚੰਦ ਪੁੱਤਰ ਮੁਸਤਾਕ ਰਾਇ (ਸਿੱਖ), ਨੂੰ ਉਸ ਦੇ ਦਾਦੇ ਕਿਰਪਾਲ ਸਿੰਘ ਦੇ ਸਵਾਈ ਜੈਪੁਰ ਵਿਚ ਕਾਲ ਵੱਸ ਹੋਣ ‘ਤੇ (ਮੌਤ ਹੋ ਗਈ) 18 ਰੁ. ਦਾ 3 ਥਾਨ ਦਾ ਮਾਤਮੀ ਦਾ ਸਰੋਪਾ ਜੈਪੁਰ ਦਰਬਾਰ ਵੱਲੋਂ ਦਿੱਤਾ ਗਿਆ ਜੋ ਦਾਖਲ ਸਿਆਹ ਹਜ਼ੂਰ ਹੋਇਆ।[208]

ਮਿਤੀ ਚੇਤ ਵਦੀ 6 ਸੋਮਵਾਰ (ਸੰਮਤ 1860) 14 ਮਾਰਚ 1803 ਈ. ਨੂੰ ਤਾਰਾ ਚੰਦ ਨੂੰ ਸਾਢੇ 10 ਰੁ. ਦੀ ਇਕ ਪੱਗ ਲਹਿਰੀਆ ਜੈਪੁਰ ਦਰਬਾਰ ਵੱਲੋਂ ਬਖਸੀ ਗਈ ਜੋ ਦਾਖਲ ਸਿਆਹ ਹਜ਼ੂਰ ਹੋਈ।[209]

ਵੈਸਾਖ ਵਦੀ 1 ਸੋਮਵਾਰ ਸੰਮਤ 1864 (13 ਅਪ੍ਰੈਲ 1807 ਈ.) ਨੂੰ ਤਾਰਾ ਚੰਦ ਨੂੰ ਜੈਪੁਰ ਵੱਲੋਂ ਅਜਰੂਯ ਮਿਹਰਵਾਨਗੀ ਸਹਿਤ ਦਰਬਾਰ ਦੀ ਜਮ੍ਹਾਂ-ਖਾਤਰ ਕਰਨ ਕਰਕੇ 225 ਰੁ. ਦਾ 8 ਥਾਨ ਦਾ ਸਰੋਪਾ ਬਖਸ਼ਿਆ ਗਿਆ ਜਿਸ ਵਿਚ 12 ਰੁ. ਦੀ 1 ਥਾਨ ਜਰੀ ਦੀ ਪੱਗ, 5 ਰੁ. ਦਾ ਗੋਸਵਾਰ ਦਾ 1 ਥਾਨ, 8 ਰੁ. ਦਾ 1 ਫੈਂਟਾ, 30 ਰੁ. ਦਾ 1 ਸਰਪੇਚ ਜੜਾਊ, 50 ਰੁ. ਦਾ 1 ਪਾਰਚੋ, 1 ਮੋਤੀਆਂ ਦੀ ਗਲੇ ਦੀ ਮਾਲਾ, 80 ਰੁ. ਦਾ 2 ਥਾਨ ਥਿਰਮਾ ਪੱਛਮੀ, 1 ਹਾਥੀ ਦੀ ਜੰਜੀਰ ਅਤੇ 1 ਤਲਵਾਰ ਦਿੱਤੇ ਗਏ। ਤਾਰਾ ਚੰਦ ਇਸ ਸਮੇਂ ਹਾਥੀ ਉੱਤੇ ਚੜ੍ਹ ਕੇ (ਆਪਣੇ) ਡੇਰੇ ਗਿਆ। ਇਹ ਸਭ ਦਾਖਲ ਸਿਆਹ ਹਜ਼ੂਰ ਹੋਇਆ।[210]

ਮੱਘਰ ਵਦੀ 13 ਐਤਵਾਰ ਸੰਮਤ 1877 (13 ਦਸੰਬਰ 1820 ਈ.) ਨੂੰ ਤਾਰਾ ਚੰਦ ਆਪਣੇ ਘਰ ਤੋਂ ਆਇਆ ਉਸ ਸਮੇਂ ਉਸ ਨੇ ਮਹਾਰਾਜਾ ਨੂੰ 5 ਰੁ. ਨਜਰ ਕੀਤੇ ਜੋ ਦਾਖਲ ਸਿਆਹ ਹਜ਼ੂਰ ਹੋਏ।[211]

---

[207] ਉਹੀ, ਪੰਨਾ 523.

[208] ਉਹੀ, ਕਿਤਾਬ ਨੰ. 3, ਪੰਨਾ 581.

[209] ਉਹੀ, ਕਿਤਾਬ ਨੰ. 3, ਪੰਨਾ 581.

[210] ਉਹੀ,ਕਿਤਾਬ ਨੰ. 3, ਪੰਨੇ 381-382.

[211] ਉਹੀ, ਕਿਤਾਬ ਨੰ. 3, ਪੰਨਾ 382

2 ਹਾੜ, ਵਦੀ 9 ਸੋਮਵਾਰ ਸੰਮਤ 1884 (18 ਜੂਨ 1827 ਈ.) ਨੂੰ ਤਾਰਾ ਚੰਦ ਦੇ ਤਾਲੁਕੇ ਮਾਨਪੁਰ[212] ਦੀ (ਜਗੀਰਦਾਰੀ ਪਟੇ ਦੀ) ਨਜਰ ਹੋਈ ਕੁੱਲ 12 ਰੁ. ਜਿਸ ਵਿਚੋਂ ਮਹਾਰਾਜਾ ਦੀ ਨਜਰ ਹੋਏ 5 ਰੁ., ਸ਼੍ਰੀ ਮਾਂਜੀ ਸਾਹਿਬਾਂ (ਰਾਜ ਮਾਤਾ) ਦੀ 5 ਰੁ. ਅਤੇ ਰਾਜ ਬਡਾਰਣ ਰੂਪਾ ਦੀ 2 ਰੁ. ਤਾਰਾ ਚੰਦ ਵੱਲੋਂ ਨਜਰ ਕੀਤੇ ਗਏ। ਇਹ ਸਾਰਾ ਵੇਰਵਾ ਦਾਖਲ ਸਿਆਹ ਹਜੂਰ ਹੋਇਆ।[213]

ਇਸੇ ਤਰ੍ਹਾਂ ਜੇਠ ਸੁਦੀ 3 ਸੰਮਤ 1870 (1 ਜੂਨ 1813 ਈ.) ਨੂੰ ਜੈਪੁਰ ਦੇ ਮਹਾਰਾਜਾ ਨੇ ਕਾਨ {ਕਾਹਨ} ਸਿੰਘ ਸਿੱਖ ਨੂੰ ਤਇਨਾਤ ਕੀਤਾ। ਚੋਮੂ[214] ਦੇ ਠਾਕਰ ਕਿਸ਼ਨ ਸਿੰਘ ਨਥਾਵਤ ਆਦਿ ਵੱਲੋਂ ਕੀਤੇ ਜਾ ਰਹੇ ਫਸਾਦ ਨੂੰ ਦਬਾਉਣ ਲਈ ਪ੍ਰੋਹਿਤ ਮਾਨਜੀ ਦਾਸ ਚੋਮੂ ਦੀ ਮਦਦ ਲਈ ਨਿਯੁਕਤ ਕੀਤਾ ਸੀ, ਜਿਸ ਨੇ ਵਧੀਆ ਕੰਮ ਕੀਤਾ ਅਤੇ ਇਸ ਤੋਂ ਖੁਸ਼ ਹੋ ਕੇ ਮਹਾਰਾਜਾ ਜੈਪੁਰ ਨੇ ਕਾਹਨ ਸਿੰਘ ਨੂੰ 3 ਥਾਨ ਦਾ ਸਰੋਪਾ ਬਖਸ਼ਿਆ ਜਿਸ ਦੀ ਕੀਮਤ 21 ਰੁ. ਸੀ, ਜਿਸ ਵਿਚ 1 ਪੱਗ ਸਾਢੇ ਚਾਰ ਰੁ. ਦੀ, 1 ਪਾਰਚੋ 15 ਰੁ. ਦਾ, 1 ਦੁਪੱਟਾ ਡੇਢ ਰੁ. ਦਾ, ਸ਼ਾਮਿਲ ਸਨ।[215]

ਪਟਿਆਲੇ ਦਾ ਬੂਟਾ ਸਿੰਘ ਸਿੱਖ ਜੋ ਜੈਪੁਰ ਰਿਆਸਤ ਵਿਚ ਨਕਦ ਤਨਖਾਹ ‘ਤੇ ਚਾਕਰ ਸੀ ਮਨੋਹਰਪੁਰ ਦੇ ਚਿਮਨ ਸਿੰਘ ਸੇਖਾਵਤ ਨਾਲ ਤਇਨਾਤ ਸੀ ਅਤੇ ਸੋਹਿਲਾਇ ਦੀ ਗੜ੍ਹੀ ਵਿਚ ਹੋਈ ਲੜਾਈ ਸਮੇਂ ਸ਼ਾਮਿਲ ਸੀ, ਨੂੰ ਮਹਾਰਾਜਾ ਜੈਪੁਰ ਵੱਲੋਂ ਜੇਠ ਸੁਦੀ 9 ਸ਼ੁੱਕਰਵਾਰ 1887 (31 ਮਈ 1830 ਈ.) ਨੂੰ ਢਾਈ ਰੁ. ਕੀਮਤ ਦੀ 1 ਥਾਨ ਕੇਸਰੀ ਪੱਗ ਦਿੱਤੀ ਗਈ।[216]

(ਮਿਤੀ ਹੀਣ) ਤਾਰਾ ਚੰਦ (ਸਿੰਘ) ਪੁੱਤਰ ਮੁਸਤਾਕ ਰਾਇ ਦਾ, ਪੋਤਾ ਕਿਰਪਾਲ ਸਿੰਘ ਦਾ ਖੱਤਰੀ, ਨੂੰ ਜੈਪੁਰ ਦਰਬਾਰ ਵੱਲੋਂ ਖਿਤਾਬ ਦਿੱਤਾ ਗਿਆ ਸੀ ਜਿਸ ਦਾ ਵੇਰਵਾ ‘ਦਸਤੂਰ ਕੌਮਵਾਰ’ ਦੇ ਖੱਤਰੀਆਂ ਸਬੰਧੀ ਵੇਰਵੇ ਦੀ ਕਿਤਾਬ/ਭਾਗ/ਜਿਲਦ [ਨੰ. 3] ਵਿਚ ਦਰਜ ਹੈ।[217]

---

212 ਤਾਰਾ ਚੰਦ ਦੇ ਦਾਦੇ ਕਿਰਪਾਲ ਸਿੰਘ ਨੂੰ ਤਾਲੁਕਾ ਮਾਨਪੁਰ, ਪਰਗਨਾ ਟੌਂਕ ਵਿਚ ਜੈਪੁਰ ਰਿਆਸਤ ਵੱਲੋਂ ਜਗੀਰਦਾਰੀ ਦਾ ਪਟਾ ਮਿਲਿਆ ਹੋਇਆ ਸੀ।

213 ਦਸਤੂਰ ਕੌਮਵਾਰ, ਕਿਤਾਬ ਨੰ. 3, ਪੰਨਾ 582.

214 ਜੈਪੁਰ ਨੇੜੇ ਸਥਿਤ ਇਕ ਸ਼ਹਿਰ

215 ਦਸਤੂਰ ਕੌਮਵਾਰ, ਕਿਤਾਬ ਨੰ. 32, ਪੰਨਾ 329.

216 ਉਹੀ, ਪੰਨਾ 367.

217 ਉਹੀ, ਪੰਨਾ 351.

ਮੱਘਰ ਵਦੀ 3 ਐਤਵਾਰ ਸੰਮਤ 1893 (26 ਦਸੰਬਰ 1836 ਈ.) ਨੂੰ ਗੋਪਾਲ ਸਿੰਘ ਪੁੱਤਰ ਤਿਲੋਕ ਸਿੰਘ ਨੂੰ ਉਸ ਦੇ ਪਿਤਾ ਦੀ ਮੌਤ 'ਤੇ ਸੋਗ ਸਮੇਂ ਮਾਤਮ ਪੁਰਸੀ ਵਜੋਂ ਮਹਾਰਾਜਾ ਜੈਪੁਰ ਵੱਲੋਂ ਪੌਣੇ 4 ਰੁ. ਕੀਮਤ ਦੀ 1 ਥਾਨ ਰੰਗੀਨ ਪੱਗ ਭੇਜੀ ਗਈ।[218]

2 ਜੇਠ ਵਦੀ 12 ਸ਼ੁੱਕਰਵਾਰ ਸੰਮਤ 1903 (22 ਮਈ 1846 ਈ.) ਨੂੰ ਚੰਦ ਸਿੰਘ ਪੁੱਤਰ ਤਾਰਾ ਸਿੰਘ ਪੋਤਾ ਮੁਸਤਾਕ ਰਾਇ ਖੱਤਰੀ ਨੂੰ ਉਸ ਦੇ ਪਿਤਾ ਦੀ ਮੌਤ 'ਤੇ ਸੋਗ ਸਮੇਂ ਮਾਤਮ-ਪੁਰਸੀ ਵਜੋਂ ਮਹਾਰਾਜਾ ਜੈਪੁਰ ਵੱਲੋਂ 3 ਥਾਨ ਦਾ ਮੁਕੈਸ਼ੀ ਸਰੋਪਾ ਦਿੱਤਾ ਗਿਆ ਜਿਸ ਵਿਚ 1 ਪੱਗ ਚੰਦ ਸਿੰਘ ਲਈ ਅਤੇ ਉਸ ਦੇ ਦੋ ਛੋਟੇ ਭਰਾਵਾਂ ਲਈ 2 ਥਾਨ (ਪੱਗਾਂ) ਭੇਜੀਆਂ ਗਈਆਂ।[219] (ਕਿਰਪਾਲ ਸਿੰਘ ਨੂੰ ਜੈਪੁਰ ਰਿਆਸਤ ਟੌਂਕ ਪਰਗਨੇ ਵਿਚ ਜਗੀਰ ਮਿਲੀ ਹੋਈ ਸੀ)।

ਹਾੜ ਵਦੀ 13 ਸੰਮਤ 1919 (24/25 ਜੂਨ 1862 ਈ.) ਨੂੰ ਗੋਪਾਲ ਸਿੰਘ ਪੁੱਤਰ ਪੂਰ ਸਿੰਘ ਨੂੰ ਉਸ ਦੇ ਪਿਤਾ ਦੀ ਮੌਤ 'ਤੇ ਸੋਗ ਸਮੇਂ ਮਾਤਮ-ਪੁਰਸੀ ਵਜੋਂ ਮਹਾਰਾਜਾ ਜੈਪੁਰ ਵੱਲੋਂ 3 ਰੁ. ਕੀਮਤ ਦੀ 1 ਥਾਨ ਰੰਗੀਨ ਪੱਗ ਦਿੱਤੀ ਗਈ।[220]

ਬਹਾਦਰ ਸਿੰਘ[221] ਦੇ ਵਕੀਲ ਲਾਲ ਜੀ ਮੱਲ ਅਤੇ ਇਕ ਸਿੱਖ ਨੌਂਕਰ ਰਾਇਆ ਸਿੰਘ ਨੂੰ ਵੀਰਵਾਰ ਮਿਤੀ ਅੱਸੂ ਵਦੀ 4 ਸੰਮਤ 1862 (12 ਸਤੰਬਰ 1805 ਈ.) ਨੂੰ ਜੈਪੁਰ ਦਰਬਾਰ ਵੱਲੋਂ ਵਿਦਾਇਗੀ ਸਮੇਂ 25 ਰੁ. ਨਕਦ ਅਤੇ 10 ਰੁ. ਦਾ 1 ਥਾਨ ਖਿਰਮਾ ਪੱਛਮੀ ਬੂਟੇਦਾਰ ਦਾ ਬਖਸ਼ਿਆ ਗਿਆ ਜੋ ਦਾਖਲ ਸਿਆਹ ਹਜ਼ੂਰ ਹੋਇਆ।[222]

## 5.1. ਜੈਪੁਰ ਰਿਆਸਤ ਵਿਚ ਨੌਕਰੀ ਕਰਨ ਵਾਲੇ ਸਿੱਖਾਂ ਸੰਬੰਧੀ

'ਦਸਤੂਰ ਕੌਮਵਾਰ' ਵਿਚ ਸਿੱਖਾਂ ਅਤੇ ਜੈਪੁਰ ਰਿਆਸਤ ਦਰਮਿਆਨ ਸੰਬੰਧਾਂ ਬਾਰੇ ਜਾਣਕਾਰੀ ਤੋਂ ਇਲਾਵਾ ਸਿੱਖਾਂ ਨਾਲ ਸੰਬੰਧਤ ਕਈ ਵੇਰਵੇ ਮਿਲਦੇ ਹਨ। ਪੰਜਾਬ ਵਿਚ ਮੁਗਲਾਂ ਅਤੇ ਅਹਿਮਦ ਸ਼ਾਹ ਅਬਦਾਲੀ ਆਦਿ ਬਾਹਰੀ ਹਮਲਾਵਾਰਾਂ ਵੱਲੋਂ 18ਵੀਂ ਸਦੀ ਵਿਚ ਸਿੱਖਾਂ ਖਿਲਾਫ਼ ਅਪਨਾਈ ਗਈ ਦਮਨਕਾਰੀ ਨੀਤੀ ਕਰਕੇ ਬਹੁਤ ਸਾਰੇ ਸਿੱਖ ਮਾਝੇ ਅਤੇ ਦੁਆਬੇ ਨੂੰ

218 ਉਹੀ, ਪੰਨੇ 327-328.
219 ਉਹੀ, ਪੰਨਾ 329.
220 ਉਹੀ, ਕਿਤਾਬ ਨੰਬਰ 32, ਪੰਨਾ 327.
221 ਬਹਾਦਰ ਸਿੰਘ ਕਿਸ਼ਨਗੜ੍ਹ (ਰਾਜਸਥਾਨ) ਰਿਆਸਤ ਦਾ ਰਾਜਾ ਸੀ।
222 ਦਸਤੂਰ ਕੌਮਵਾਰ, ਕਿਤਾਬ ਨੰਬਰ 32, ਪੰਨਾ 387.

ਛੱਡ ਕੇ ਜੰਗਲਾਂ, ਪਹਾੜਾਂ ਅਤੇ ਰਾਜਪੂਤਾਨੇ ਦੇ ਮਾਰੂਥਲਾਂ ਵਿਚ ਚਲੇ ਗਏ ਸਨ। ਇਸ ਬਿਪਤਾ ਦੇ ਸਮੇਂ ਕੁਝ ਸਿੱਖਾਂ ਨੇ ਰਾਜਪੂਤਾਨੇ ਦੇ ਕੁਝ ਰਾਜਾਂ ਵਿਚ ਨੌਕਰੀ ਕਰ ਲਈ ਸੀ। ਇਸ ਸੰਬੰਧੀ ਰਤਨ ਸਿੰਘ ਭੰਗੂ ਨੇ ਆਪਣੇ ਪਿਤਾ ਅਤੇ ਦਾਦੇ ਸਮੇਤ ਕਈ ਹੋਰ ਸਿੰਘਾਂ ਦੇ ਜੈਪੁਰ ਰਿਆਸਤ ਵਿਚ ਨੌਕਰੀ ਕਰਨ ਸੰਬੰਧੀ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਜ਼ਿਕਰ ਕੀਤਾ ਹੈ।[223] ਭੰਗੂ ਤੋਂ ਬਿਨਾਂ ਹੋਰ ਕੋਈ ਠੋਸ ਲਿਖਤ ਸਬੂਤ ਇਸ ਸੰਬੰਧੀ ਪ੍ਰਾਪਤ ਨਹੀਂ ਹੁੰਦਾ। ਦਸਤੂਰ ਕੌਮਵਾਰ ਵਿਚ ਸਿੱਖਾਂ ਦੇ ਨੌਕਰੀ ਕਰਨ ਸੰਬੰਧੀ ਕੁਝ ਵੇਰਵੇ ਮਿਲਦੇ ਹਨ। ਸਿੱਖਾਂ ਦੇ ਜੈਪੁਰ ਵਿੱਚ ਨੌਕਰੀ ਕਰਨ ਸੰਬੰਧੀ ''ਦਸਤੂਰ ਕੌਮਵਾਰ'' ਵਿਚ ਸਭ ਤੋਂ ਪਹਿਲਾ ਵੇਰਵਾ ਸ. ਗੁਰਬਖਸ਼ ਸਿੰਘ ਦਾ 1740 ਈ. ਦਾ ਮਿਲਦਾ ਹੈ। ਉਸ ਨੂੰ 'ਜਮੀਅਤਦਾਰ' ਲਿਖਿਆ ਗਿਆ ਹੈ ਜਿਸ ਦਾ ਭਾਵ ਹੈ ਕਿ ਉਸ ਅਧੀਨ ਸਿੱਖਾਂ ਦਾ ਇੱਕ ਸੈਨਕ ਜਥਾ ਸੀ। ਇਸ ਪਿੱਛੋਂ ਜੇਠ ਸੁਦੀ 8 ਸੰਮਤ 1823 (15 ਜੂਨ 1766 ਈ.) ਨੂੰ ਸ. ਗੁਰਬਖਸ਼ ਸਿੰਘ, ਸ. ਕੇਸਰੀ ਸਿੰਘ, ਸ. ਮੋਹਕਮ ਸਿੰਘ, ਸ. ਸੰਤੋਖ ਸਿੰਘ ਨੂੰ ਵਿਦਾਇਗੀ ਸਮੇਂ ਜੈਪੁਰ ਦਰਬਾਰ ਵੱਲੋਂ ਕੁਝ ਥਾਨ ਕੱਪੜਿਆਂ ਦੇ ਦਿੱਤੇ ਗਏ।[224] ਇਨ੍ਹਾਂ ਸਰਦਾਰਾਂ ਦੇ ਨਾਵਾਂ ਨਾਲ 'ਚਾਕਰ ਸਰਕਾਰ ਕਾ' ਜਾਂ 'ਚਾਕਰ ਸਰਕਾਰ ਕਾਨੇ' ਲਿਖਿਆ ਹੋਇਆ ਹੈ ਜਿਸ ਤੋਂ ਭਾਵ ਹੈ ਉਹ ਜੈਪੁਰ ਸਰਕਾਰ ਦੇ ਨੌਕਰ ਸਨ।ਜੈਪੁਰ ਰਿਆਸਤ ਵਿਚ ਨੌਕਰੀ ਕਰਨ ਵਾਲੇ ਵਿਅਕਤੀਆਂ ਦੇ ਨਾਵਾਂ ਨਾਲ ਦਸਤੂਰ ਕੌਮਵਾਰ ਵਿਚ ਚਾਕਰ ਸਰਕਾਰ ਕਾ ਜਾਂ ਚਾਕਰ ਸਰਕਾਰ/ਸਰਕਾਰੇ ਕਾਨੇ ਲਿਖਿਆ ਜਾਂਦਾ ਸੀ।

ਜੈਪੁਰ ਰਿਆਸਤ ਅਧੀਨ ਮਿਸਲ ਕਾਲ ਤੋਂ ਬਾਅਦ ਵੀ ਕਈ ਸਿੱਖਾਂ ਦੁਆਰਾ ਨੌਕਰੀ ਕਰਨ ਸੰਬੰਧੀ ਵੇਰਵੇ ਦਸਤੂਰ ਕੌਮਵਾਰ ਵਿਚ ਮਿਲਦੇ ਹਨ। ਜੇਠ ਸੁਦੀ 3 ਸੰਮਤ 1870 (1 ਜੂਨ 1813) ਦੇ ਇਕ ਇੰਦਰਾਜ ਅਨੁਸਾਰ ਸ. ਕਾਹਨ ਸਿੰਘ ਨੂੰ ਠਾਕੁਰ ਕਿਸ਼ਨ ਸਿੰਘ ਨਥਾਵਤ ਦੇ ਫਸਾਦ ਨੂੰ ਦਬਾਉਣ ਵਿਚ ਪ੍ਰੋਹਤ ਮਾਨ ਜੀ ਦਾਸ ਅਧੀਨ ਵਧੀਆ ਸੇਵਾ ਨਿਭਾਉਣ ਕਰਕੇ ਮਹਾਰਾਜਾ ਜੈਪੁਰ ਵੱਲੋਂ ਸਨਮਾਨਿਤ ਕੀਤਾ ਗਿਆ ਸੀ।[225] ਇਸੇ ਤਰ੍ਹਾਂ ਇਕ ਹੋਰ ਸਿੱਖ ਪਟਿਆਲੇ ਤੋਂ ਬੂਟਾ ਸਿੰਘ ਜੋ ਮਨੋਹਰਪੁਰ ਦੇ ਠਾਕੁਰ ਚਿਮਨ ਸਿੰਘ ਸੇਖਾਵਤ ਨਾਲ ਤਾਇਨਾਤ ਸੀ ਅਤੇ ਉਸ ਵੱਲੋਂ ਸੋਹਿਲਾ ਦੀ ਗੜ੍ਹੀ ਵਿਚ ਹੋਈ ਲੜਾਈ ਸਮੇਂ ਬਹਾਦਰੀ ਦਿਖਾਉਣ ਕਰਕੇ

[223] ਰਤਨ ਸਿੰਘ ਭੰਗੂ, **ਸ੍ਰੀ ਗੁਰ ਪੰਥ ਪ੍ਰਕਾਸ਼**, ਪੰਨਾ 227.
[224] ਦਸਤੂਰ ਕੌਮਵਾਰ, ਕਿਤਾਬ ਨੰਬਰ 32, ਪੰਨੇ 317, 389-390.
[225] ਉਹੀ, ਪੰਨਾ 329.

ਮਹਾਰਾਜਾ ਜੈਪੁਰ ਵੱਲੋਂ ਜੇਠ ਸੁਦੀ 9 ਸੰਮਤ 1887 (31 ਮਈ 1830 ਈ.) ਨੂੰ ਕੇਸਰੀ ਪੱਗ ਦੇ ਕੇ ਸਨਮਾਨਤ ਕੀਤਾ ਗਿਆ।[226]

ਜੈਪੁਰ ਰਿਆਸਤ ਤੋਂ ਇਲਾਵਾ ਕਿਸ਼ਨਗੜ੍ਹ ਰਾਜ ਦੇ ਰਾਜਾ ਬਹਾਦਰ ਸਿੰਘ ਕੋਲ ਨੌਕਰ ਇੱਕ ਸਿੱਖ ਰਾਇਆ ਸਿੰਘ ਦਾ ਨਾਮ ਵੀ ''ਦਸਤੂਰ ਕੌਮਵਾਰ'' ਵਿਚ ਮਿਲਦਾ ਹੈ।[227]

ਇਨ੍ਹਾਂ ਸਿੱਖਾਂ ਤੋਂ ਇਲਾਵਾ ਸ. ਖੁਸ਼ਹਾਲ ਸਿੰਘ ਦੇ ਇਕ ਮੋਦੀ ਦੇ ਜੈਪੁਰ ਤਨਖਾਹ ਲੈਣ ਆਉਣ ਸੰਬੰਧੀ ਦਸਤੂਰ ਕੌਮਵਾਰ ਵਿਚ ਦਰਜ ਵੇਰਵੇ ਤੋਂ ਲੱਗਦਾ ਹੈ ਕਿ ਸ. ਖੁਸ਼ਹਾਲ ਸਿੰਘ ਸਿੰਘਪੁਰੀਆ ਨੂੰ ਜਥੇ ਸਮੇਤ ਦਿਹਾੜੀ ਜਾਂ ਮਹੀਨੇ ਆਦਿ ਦੇ ਹਿਸਾਬ ਨਾਲ ਜੈਪੁਰ ਰਿਆਸਤ ਨੇ ਸਿੱਖ ਫੌਜ ਦੀ ਮਦਦ ਲਈ ਹੋਵੇਗੀ ਕਿਉਂਕਿ ਇਹ ਵਿਧੀ 18ਵੀਂ ਸਦੀ ਵਿਚ ਆਮ ਪ੍ਰਚੱਲਿਤ ਸੀ। ਸਿੱਖ ਅਤੇ ਮਰਾਠੇ ਆਦਿ ਆਪਣੇ ਸਰਦਾਰਾਂ, ਘੋੜ ਸਵਾਰਾਂ ਅਤੇ ਪੈਦਲ ਸਿਪਾਹੀਆਂ ਦੀ ਅੱਡ-ਅੱਡ ਗਿਣਤੀ ਦੇ ਹਿਸਾਬ ਨਾਲ ਸੈਨਕ ਸਹਾਇਤਾ ਪ੍ਰਾਪਤ ਕਰਨ ਵਾਲੇ ਤੋਂ ਦਿਹਾੜੀ ਦੇ ਹਿਸਾਬ ਨਾਲ ਖਰਚ ਵਜੋਂ ਲੈਂਦੇ ਸਨ। ਸੋ ਸੰਭਵ ਹੈ ਕਿ ਜੈਪੁਰ ਰਿਆਸਤ ਨੇ ਸ. ਖੁਸ਼ਹਾਲ ਸਿੰਘ ਆਦਿ ਤੋਂ ਆਰਜੀ ਤੌਰ ਤੇ ਸੈਨਿਕ ਸਹਾਇਤ ਪ੍ਰਾਪਤ ਕੀਤੀ ਹੋਵੇ ਜਿਸ ਦੀ ਤਨਖਾਹ ਜੈਪੁਰ ਰਿਆਸਤ ਵੱਲੋਂ ਸਿੱਖ ਸੈਨਾ ਨੂੰ ਦਿੱਤੀ ਗਈ ਹੋਵੇ। ਇਹ ਵੇਰਵਾ ਦਸਤੂਰ ਕੌਮਵਾਰ ਵਿਚ ਪੋਹ ਸੁਦੀ 14 ਸੰਮਤ 1827 (31 ਦਸੰਬਰ 1870 ਈ.) ਦਾ ਦਰਜ ਕੀਤਾ ਗਿਆ ਹੈ।[228]

## 5.2. ਜੈਪੁਰ ਰਿਆਸਤ ਵਿਚ ਜਗੀਰਦਾਰ ਸਿੱਖਾਂ ਸੰਬੰਧੀ:

ਸਿੱਖ ਮਿਸਲਾਂ ਤੋਂ ਪਿੱਛੋਂ ਵੀ ਸਿੱਖਾਂ ਦੇ ਜੈਪੁਰ ਰਿਆਸਤ ਨਾਲ ਸਬੰਧ ਰਹੇ ਹਨ। ਅਜਿਹੇ ਸਿੱਖਾਂ ਬਾਰੇ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਉਹ ਜੈਪੁਰ ਰਿਆਸਤ ਵਿਚ ਪੱਕੇ ਤੌਰ 'ਤੇ ਵੱਸ ਗਏ ਸਨ ਅਤੇ ਇਨ੍ਹਾਂ ਨਾਲ ਸਬੰਧਤ ਵੇਰਵੇ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ। 'ਦਸਤੂਰ ਕੌਮਵਾਰ' ਵਿਚ ਦਿਆਲ ਸਿੰਘ ਸਿੱਖ (ਗੌੜ ਬ੍ਰਾਹਮਣ) ਦੇ ਸੰਮਤ 1844 (1787/88 ਈ.) ਤੋਂ ਸੰਮਤ 1847 (1790-91 ਈ.) ਤੱਕ ਸਵਾਈ ਜੈਪੁਰ ਆਉਣ ਸਬੰਧੀ

---

[226] ਉਹੀ, ਪੰਨਾ 367.
[227] ਉਹੀ ਪੰਨਾ 387.
[228] ਉਹੀ, ਪੰਨੇ 222-223.

ਚਾਰ ਹਵਾਲੇ ਮਿਲਦੇ ਹਨ। ਇਨ੍ਹਾਂ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਉਹ ਉਸ ਸਮੇਂ ਜੈਪੁਰ ਦੀਆਂ ਸੈਨਕ ਮੁਹਿੰਮਾਂ ਵਿਚ ਜਮੀਅਤ ਲੈ ਕੇ ਵੀ ਜਾਂਦਾ ਰਿਹਾ ਸੀ। ਇਨ੍ਹਾਂ ਵੇਰਵਿਆਂ ਤੋਂ ਦਿਆਲ ਸਿੰਘ ਦੇ ਜੈਪੁਰ ਰਿਆਸਤ ਪ੍ਰਤੀ ਸੇਵਾਵਾਂ, ਉਸ ਦੀ ਸਥਿਤੀ ਦਾ ਪਤਾ ਚੱਲਦਾ ਹੈ। ਸੰਭਵ ਹੈ ਕਿ ਦਿਆਲ ਸਿੰਘ ਨੂੰ ਜੈਪੁਰ ਰਿਆਸਤ ਵਿਚ ਜਮੀਨ ਦਾ ਕੋਈ ਪਟਾ ਆਦਿ ਮਿਲਿਆ ਹੋਵੇ। ਦਿਆਲ ਸਿੰਘ ਦਾ ਜ਼ਿਕਰ 'ਦਸਤੂਰ ਕੌਮਵਾਰ' ਦੀ ਸਿੱਖਾਂ ਸਬੰਧੀ ਦਰਜ ਵੇਰਵਿਆਂ ਵਾਲੀ ਕਿਤਾਬ ਨੰ. 32 ਵਿਚ ਦਰਜ ਨਹੀਂ ਸਗੋਂ ਇਹ ਕਿਤਾਬ ਨੰ. 5 ਵਿਚ ਗੌੜ ਬ੍ਰਾਹਮਣ ਵਾਲੀ ਕਿਤਾਬ ਵਿਚ ਦਰਜ ਹੈ।

'ਦਸਤੂਰ ਕੌਮਵਾਰ' ਵਿਚ ਜੈਪੁਰ ਰਿਆਸਤ ਵਿਚ ਜਗੀਰਦਾਰ ਬਣੇ ਕਿਰਪਾਲ ਸਿੰਘ ਸਿੱਖ (ਖੱਤਰੀ) ਮੁਕਾਮ ਮੁਤਸਾਲ ਮਾਧੋਪੁਰਾ ਨਾਲ ਸਬੰਧਤ ਹਵਾਲੇ ਮਿਲਦੇ ਹਨ। 'ਦਸਤੂਰ ਕੌਮਵਾਰ' ਦੀ ਕਿਤਾਬ ਨੰ. 3 ਵਿਚ ਖੱਤਰੀ ਕੌਮ ਵਿਚ ਕਿਰਪਾਲ ਸਿੰਘ, ਉਸ ਦੇ ਭਰਾ ਬਿਸ਼ੰਭਰ ਨਾਥ ਅਤੇ ਰਾਮ ਨਾਥ, ਕਿਰਪਾਲ ਸਿੰਘ ਦੇ ਪੁੱਤਰ ਮੁਸਤਾਕ ਰਾਏ ਅਤੇ ਪੋਤੇ ਤਾਰਾ ਚੰਦ ਬਾਰੇ ਵੇਰਵੇ ਮਿਲਦੇ ਹਨ।[229] ਕਿਰਪਾਲ ਸਿੰਘ ਸਬੰਧੀ 'ਦਸਤੂਰ ਕੌਮਵਾਰ' ਵਿਚ ਸੰਮਤ 1856 (1799/1800 ਈ.) ਤੋਂ ਉਸ ਦੀ ਮੌਤ ਮਾਘ ਸੁਦੀ 7 ਸੰਮਤ 1859 (29 ਜਨਵਰੀ 1803 ਈ.) ਤੱਕ ਹਵਾਲੇ ਮਿਲਦੇ ਹਨ। ਉਸ ਸਬੰਧੀ ਮਿਲਦੇ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਅਤੇ ਉਸ ਦੇ ਪਰਿਵਾਰ ਦਾ ਜੈਪੁਰ ਦਰਬਾਰ ਵਿਚ ਬਹੁਤ ਸਤਿਕਾਰ ਕੀਤਾ ਜਾਂਦਾ ਸੀ। 'ਦਸਤੂਰ ਕੌਮਵਾਰ' ਵਿਚ ਦਰਜ ਸਾਵਣ ਸੁਦੀ 15 (ਸੰਮਤ 1856) ਦੇ ਵੇਰਵੇ ਤੋਂ ਪਤਾ ਚੱਲਦਾ ਹੈ ਕਿ ਕਿਰਪਾਲ ਸਿੰਘ ਸਿੱਖ (ਖੱਤਰੀ) ਨੂੰ ਮਹਾਰਾਜਾ ਜੈਪੁਰ ਵੱਲੋਂ 12 ਰੁ. ਦਾ 1 ਥਾਨ ਚੀਰਾ ਲਹਿਰੀਆ, 31 ਰੁ. ਦਾ, 1 ਥਾਨ ਦੁਪੱਟਾ ਕੋਰਪਲਾ ਜਰੀ, 39 ਰੁ. ਦਾ, 1 ਥਾਨ ਮਸਰੂ ਬੂਟੇਦਾਰ ਸਾਢੇ 84 ਰੁ. ਦਾ, 1 ਥਾਨ ਥਿਰਮਾ ਪੱਛਮੀ ਬੂਟੇਦਾਰ 80 ਰੁ. ਦਾ, 1 ਸਰਪੇਚ ਜੜਾਊ, 80 ਰੁ. ਦੀ 1 ਮੋਤੀਆਂ ਦੀ ਮਾਲਾ ਗਲੇ ਦੀ, 1 ਹਾਥੀ ਜੰਜੀਰ ਅਤੇ 1 ਜੰਜੀਰ ਮਹਾਰਾਜਾ ਜੈਪੁਰ ਵੱਲੋਂ ਬਖਸ਼ੇ ਗਏ ਸਨ।[230] ਇਹ ਵਸਤੂਆਂ ਕਿਸੇ ਸਾਧਾਰਨ ਵਿਅਕਤੀ ਨੂੰ ਮਹਾਰਾਜਾ ਜੈਪੁਰ ਵੱਲੋਂ ਨਹੀਂ ਦਿੱਤੀਆਂ ਜਾਂਦੀਆਂ ਸਨ। ਮਹਾਰਾਜਾ ਜੈਪੁਰ ਵੱਲੋਂ ਉਸ ਦੀ ਪੋਤੀ

---

[229] ਉਹੀ, ਕਿਤਾਬ ਨੰ. 3, ਪੰਨਾ 521.

[230] ਉਹੀ, ਕਿਤਾਬ ਨੰ. 3, ਪੰਨਾ 522; ਕਿਰਪਾਲ ਸਿੰਘ ਨੂੰ ਤਾਲੁਕਾ ਮਾਨਪੁਰ, ਨੇੜੇ ਮਾਧੋਪੁਰਾ, ਪਰਗਨਾ ਟੌਂਕ ਵਿਚ ਜੈਪੁਰ ਰਿਆਸਤ ਵੱਲੋਂ ਜਗੀਰਦਾਰੀ ਦਾ ਪਟਾ ਮਿਲਿਆ ਵੀ ਹੋਇਆ ਸੀ।

ਦੇ ਵਿਆਹ ’ਤੇ ਉਸ ਨੂੰ 500 ਰੁ. ਸ਼ਗਨ ਦੇ ਭੇਜੇ ਜਾਣ ਦੇ ਵੇਰਵੇ ਤੋਂ ਵੀ ਉਸ ਦੀ ਜੈਪੁਰ ਦਰਬਾਰ ਨਾਲ ਨੇੜਤਾ ਤੇ ਮਹੱਤਾ ਦੀ ਗਵਾਹੀ ਮਿਲਦੀ ਹੈ।

‘ਦਸਤੂਰ ਕੌਮਵਾਰ’ ਵਿਚ ਉਸ ਨਾਲ ਸਬੰਧਤ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿਰਪਾਲ ਸਿੰਘ ਦੇ ਪੋਤੇ ਤਾਰਾ ਚੰਦ ਪੁੱਤਰ ਮੁਸਤਾਕ ਰਾਏ ਦਾ ਵੀ ਜੈਪੁਰ ਦਰਬਾਰ ਵਿਚ ਬਹੁਤ ਸਤਿਕਾਰ ਸੀ। ਉਸ ਨੂੰ ਵੈਸਾਖ ਵਦੀ 1 ਸੋਮਵਾਰ ਸੰਮਤ 1864 (23 ਅਪ੍ਰੈਲ 1807 ਈ.) ਨੂੰ ਜੈਪੁਰ ਦਰਬਾਰ ਵੱਲੋਂ ਦਰਬਾਰ ਦੀ ਜਮ੍ਹਾਂ-ਖਾਤਰ ਅਤੇ ਸੇਵਾ ਕਰਨ ਕਰਕੇ 225 ਰੁ. ਦਾ 8 ਥਾਨ ਦਾ ਸਰੋਪਾ ਬਖ਼ਸ਼ਿਆ ਗਿਆ ਜਿਸ ਵਿਚ 12 ਰੁ. ਦੀ 1 ਥਾਨ ਜਰੀ ਦੀ ਪੱਗ, 5 ਰੁ. ਦਾ ਗੋਸਵਾਰ ਦਾ 1 ਥਾਨ, 8 ਰੁ. ਦਾ 1 ਫੇਟਾ, 30 ਰੁ. ਦਾ 1 ਸਰਪੇਚ ਜੜਾਊ, 50 ਰੁ. ਦਾ 1 ਪਾਰਚੋ, 1 ਮੋਤੀਆਂ ਦੀ ਗਲੇ ਦੀ ਮਾਲਾ, 80 ਰੁ. ਦਾ 2 ਥਾਨ ਥਿਰਮਾ ਪੱਛਮੀ, 1 ਹਾਥੀ ਦੀ ਜੰਜੀਰ ਅਤੇ 1 ਤਲਵਾਰ ਦਿੱਤੇ ਗਏ। ਤਾਰਾ ਚੰਦ ਇਸ ਸਮੇਂ ਹਾਥੀ ਉੱਤੇ ਚੜ੍ਹ ਕੇ (ਆਪਣੇ) ਡੇਰੇ ਗਿਆ।[231] ਤਾਰਾ ਚੰਦ ਦਾ ਹਾਥੀ ’ਤੇ ਚੜ੍ਹ ਕੇ ਜੈਪੁਰ ਦਰਬਾਰ ਵਿਚੋਂ ਜਾਣਾ ਦਰਸਾਉਂਦਾ ਹੈ ਕਿ ਉਸ ਦਾ ਜੈਪੁਰ ਦਰਬਾਰ ਵਿੱਚ ਕਿਵੇਂ ਦਾ ਸਤਿਕਾਰ ਅਤੇ ਸਥਾਨ ਸੀ। ਤਾਰਾ ਚੰਦ ਨੂੰ ਮਾਨੁਪੁਰ ਤਾਲੁਕਾ ਨੇੜੇ ਮਾਧੋਪੁਰਾ (ਪਰਗਨਾ ਟੌਂਕ) ਵਿਚ ਜਗੀਰ ਮਿਲੀ ਹੋਈ ਸੀ।[232]

**ਸਾਰ**

‘ਦਸਤੂਰ ਕੌਮਵਾਰ’ ਵਿਚ 18ਵੀਂ ਸਦੀ ਦੇ ਦੂਜੇ ਅੱਧ ਤੋਂ ਪਿੱਛੋਂ ਦਲ ਖਾਲਸਾ ਨਾਲ ਸਬੰਧਿਤ ਸਿੱਖ ਮਿਸਲਾਂ ਆਹਲੂਵਾਲੀਆ, ਸਿੰਘਪੁਰੀਆ, ਕਰੋੜਸਿੰਘੀਆ, ਡੱਲੇਵਾਲੀਆ, ਰਾਮਗੜ੍ਹੀਆ, ਕਨ੍ਹੱਈਆ, ਨਿਸ਼ਾਨਵਾਲੀਆ, ਭੰਗੀ, ਸ਼ਹੀਦ ਆਦਿ ਮਿਸਲਾਂ ਦੇ ਪ੍ਰਮੁੱਖ ਸਰਦਾਰਾਂ ਦੇ ਜੈਪੁਰ ਰਿਆਸਤ ਨਾਲ ਸਬੰਧਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਰਾਜਸਥਾਨੀ ਸਰੋਤ ਵਿਚਲੇ ਵੇਰਵਿਆਂ ਨੂੰ ਸਮਕਾਲੀ ਅਤੇ ਪਿਛੋਂ ਦੇ ਸਰੋਤਾਂ ਨਾਲ ਮਿਲਾ ਕੇ ਵੇਖਣ ਨਾਲ ਇਨ੍ਹਾਂ ਮਿਸਲਾਂ ਦੀਆਂ ਸਤਲੁਜ-ਜਮੁਨਾ ਦੁਆਬ, ਗੰਗਾ-ਜਮਨਾ ਦੁਆਬ, ਰੁਹੇਲਖੰਡ, ਦਿੱਲੀ, ਭਰਤਪੁਰ, ਜੈਪੁਰ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵੱਲ ਦੀਆਂ ਗਤੀਵਿਧੀਆਂ,

---

231 ਦਸਤੂਰ ਕੌਮਵਾਰ, ਕਿਤਾਬ ਨੰ. 3, ਪੰਨੇ 381-382.
232 ਉਹੀ, ਕਿਤਾਬ ਨੰ. 3, ਪੰਨਾ 582.

ਰਾਜਨੀਤਕ ਸ਼ਕਤੀਆਂ ਨਾਲ ਸਬੰਧਾਂ ਅਤੇ ਸਥਿਤੀ ਬਾਰੇ ਨਾਵਾਂ ਅਤੇ ਤਾਰੀਕਾਂ ਸਮੇਤ ਪ੍ਰਮਾਣੀਕ ਮਹੱਤਵਪੂਰਨ ਤੱਥ ਸਾਹਮਣੇ ਆ ਸਕਦੇ ਹਨ।

'ਦਸਤੂਰ ਕੌਮਵਾਰ' ਵਿਚਲੇ ਹਵਾਲਿਆਂ ਅਤੇ ਵੇਰਵਿਆਂ ਤੋਂ ਸਿੱਖ ਸਰਦਾਰਾਂ ਦੇ ਸਿੱਖ ਮਿਸਲਾਂ ਵਿਚ ਪ੍ਰਭਾਵ ਅਤੇ ਉਨ੍ਹਾਂ ਦੀ ਸਥਿਤੀ ਬਾਰੇ ਪਤਾ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਮਿਸਲਾਂ ਦੀਆਂ ਬਾਹਰਲੇ ਇਲਾਕਿਆਂ ਵਿਚਲੀਆਂ ਗਤੀਵਿਧੀਆਂ ਦਾ ਵੀ ਪਤਾ ਚੱਲਦਾ ਹੈ। ਸਿੱਖ ਮਿਸਲਾਂ ਦੇ ਕੂਟਨੀਤਕ, ਰਾਜਨੀਤਕ, ਸੈਨਕ ਅਤੇ ਸਮਾਜਕ ਗਤੀਵਿਧੀਆਂ ਬਾਰੇ ਜਾਣਕਾਰੀ ਮਿਲਦੀ ਹੈ।ਇਸ ਸਰੋਤ ਦੇ ਵੇਰਵਿਆਂ ਤੋਂ ਮਿਸਲਾਂ ਦੇ ਪ੍ਰਬੰਧਕੀ ਢਾਂਚੇ, ਉਨ੍ਹਾਂ ਦੇ ਦੀਵਾਨਾਂ, ਵਕੀਲਾਂ, ਮੁਨਸ਼ੀਆਂ ਆਦਿ ਬਾਰੇ ਵਿਲੱਖਣ ਤੱਥ ਸਾਹਮਣੇ ਆਉਂਦੇ ਹਨ।

'ਦਸਤੂਰ ਕੌਮਵਾਰ' ਵਿਚਲੇ ਵੇਰਵਿਆਂ ਤੋਂ ਸਿੱਖ ਮਿਸਲਦਾਰਾਂ ਅਤੇ 18ਵੀਂ ਸਦੀ ਦੇ ਪ੍ਰਮੁੱਖ ਸਿੱਖ ਆਗੂਆਂ ਦੇ ਜੀਵਨ ਅਤੇ ਉਨ੍ਹਾਂ ਦੀ ਮੌਤ ਆਦਿ ਸਬੰਧੀ ਤਾਰੀਖਾਂ ਨਿਸ਼ਚਿਤ ਕਰਨ ਵਿਚ ਵੀ ਮਦਦ ਲਈ ਜਾ ਸਕਦੀ ਹੈ।ਇਸ ਵਿਚੋਂ 18ਵੀਂ ਅਤੇ 19ਵੀਂ ਸਦੀ ਵਿਚ ਸਿੱਖ ਰਿਆਸਤਾਂ ਪਟਿਆਲਾ ਅਤੇ ਨਾਭਾ ਅਤੇ ਲਾਹੌਰ ਦਰਬਾਰ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਕੂਟਨੀਤਕ, ਰਾਜਨੀਤਕ ਅਤੇ ਸਮਾਜਕ ਸਬੰਧਾਂ ਬਾਰੇ ਵੀ ਮਹੱਤਵਪੂਰਨ ਜਾਣਕਾਰੀਆਂ ਸਾਹਮਣੇ ਆਉਂਦੀਆਂ ਹਨ।

'ਦਸਤੂਰ ਕੌਮਵਾਰ' ਵਿਚੋਂ 18ਵੀਂ ਅਤੇ 19ਵੀਂ ਸਦੀ ਵਿਚ ਸਿੱਖਾਂ ਦੁਆਰਾ ਰਾਜਪੂਤਾਨੇ ਦੀਆਂ ਰਿਆਸਤਾਂ ਵਿਚ ਨੌਕਰੀ ਕਰਨ ਅਤੇ ਜਗੀਰਦਾਰੀ ਪ੍ਰਾਪਤ ਕਰਨ ਆਦਿ ਸਬੰਧੀ ਪ੍ਰਮਾਣੀਕ ਤੱਤਕਾਲੀ ਸਰਕਾਰੀ ਰਿਕਾਰਡ ਦੀ ਗਵਾਹੀ ਮਿਲਦੀ ਹੈ ਜੋ ਇਸ ਤੋਂ ਪਹਿਲਾਂ ਦੇ ਕਿਸੇ ਸਰੋਤ ਤੋਂ ਪਰਤੱਖ ਰੂਪ ਵਿਚ ਸਾਹਮਣੇ ਨਹੀਂ ਆਈ ਭਾਵੇਂ ਕਿ ਰਤਨ ਸਿੰਘ ਭੰਗੂ ਨੇ ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਜੈਪੁਰ ਰਿਆਸਤ ਵਿਚ ਆਪਣੇ ਦਾਦੇ ਸ. ਮਹਿਤਾਬ ਸਿੰਘ ਮੀਰਾਂਕੋਟ ਸਮੇਤ ਬਹੁਤ ਸਾਰੇ ਸਿੱਖਾਂ ਦੇ ਨੌਕਰੀ ਕਰਨ ਸਬੰਧੀ ਜ਼ਿਕਰ ਕੀਤਾ ਹੈ,[233] ਪਰ 'ਦਸਤੂਰ ਕੌਮਵਾਰ' ਦੇ ਸਾਹਮਣੇ ਆਉਣ ਨਾਲ ਸਿੱਖਾਂ ਸਬੰਧੀ ਉਸ ਸਮੇਂ ਦੇ ਪ੍ਰਮਾਣੀਕ ਹਵਾਲੇ ਪ੍ਰਾਪਤ ਹੋ

[233] ਰਤਨ ਸਿੰਘ ਭੰਗੂ, ਪੰਨਾ 227.

ਗਏ ਹਨ। ਇਸ ਸਰੋਤ ਤੋਂ ਸਿੱਖਾਂ ਦੇ ਜੈਪੁਰ ਰਿਆਸਤ ਵਿਚ ਸਨਮਾਨਯੋਗ ਸਥਾਨ ਪ੍ਰਾਪਤ ਕਰਨ ਅਤੇ ਜੈਪੁਰ ਰਿਆਸਤ ਵੱਲੋਂ ਜਗੀਰਾਂ ਦੇ ਪਟੇ ਅਤੇ ਹੋਰ ਸਨਮਾਨ ਪ੍ਰਾਪਤ ਕਰਨ ਬਾਰੇ ਜਾਣਕਾਰੀ ਮਿਲਦੀ ਹੈ

'ਦਸਤੂਰ ਕੌਮਵਾਰ' ਜਿੱਥੇ 18ਵੀਂ ਅਤੇ 19ਵੀਂ ਸਦੀ ਦੇ ਸਿੱਖ ਇਤਿਹਾਸ ਵਿਚਲੇ ਕੁਝ ਖੱਪੇ ਪੂਰਨ ਜਾਂ ਪਾੜੇ ਮਿਟਾਉਣ ਵਿਚ ਸਹਾਈ ਹੋ ਸਕਦਾ ਹੈ ਉੱਥੇ ਇਸ ਵਿਚਲੀ ਗਵਾਹੀ ਸਿੱਖ ਸ਼ਕਤੀ ਦੇ ਤਤਕਾਲੀ ਉਭਾਰ ਨੂੰ ਉਜਾਗਰ ਕਰਨ ਅਤੇ ਸਮਝਣ ਵਿਚ ਵੀ ਯੋਗਦਾਨ ਪਾਉਂਦੀ ਹੈ।

#########

# ਅਧਿਆਇ-3

# ਪਰਵਾਨੇ, ਅਰਜ਼ਦਾਸ਼ਤਾਂ ਅਤੇ ਖਾਤੂਤ ਅਹਿਲਕਾਰਾਨ

ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ ਵਿਚ ਰਾਜਪੂਤਾਨੇ ਦੀਆਂ ਭੂਤਪੂਰਵ ਰਿਆਸਤਾਂ ਦੀ ਪੁਰਾਲੇਖ ਸਮੱਗਰੀ ਵਿਚ ਕਈ ਤਰ੍ਹਾਂ ਦੇ ਰਾਜਸੀ ਅਤੇ ਸਮਾਜਿਕ ਚਿੱਠੀ-ਪੱਤਰ ਮੌਜੂਦ ਹਨ। ਇਹ ਪੱਤਰ ਰਾਜਸਥਾਨੀ, ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਲਿਖੇ ਹੋਏ ਹਨ। ਇਹਨਾਂ ਪੱਤਰਾਂ ਵਿਚ ਭੂਤਪੂਰਵ ਜੈਪੁਰ ਰਿਆਸਤ ਦੇ ਪੱਤਰ ਵੀ ਸ਼ਾਮਿਲ ਹਨ, ਜਿਨ੍ਹਾਂ ਵਿਚੋਂ ਕੁਝ ਪੱਤਰਾਂ ਵਿਚ 18ਵੀਂ ਸਦੀ ਦੇ ਅੱਧ ਤੋਂ ਪਿੱਛੋਂ ਦੇ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਹਥਲੇ ਖੋਜ-ਕਾਰਜ ਦੇ ਇਸ ਅਧਿਆਇ ਵਿਚ 18ਵੀਂ ਸਦੀ ਦੇ ਦੂਜੇ ਅੱਧ ਨਾਲ ਸਬੰਧਤ ਸਿੱਖ ਧਰਮ ਅਤੇ ਇਤਿਹਾਸ ਦੀ ਮਹੱਤਵਪੂਰਨ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਵਿਚ ਲਿਖੇ ਤਿੰਨ ਵੱਖ-ਵੱਖ ਕਿਸਮਾਂ ਦੇ ਪੱਤਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜੋ ਦੇਵਨਾਗਰੀ ਲਿੱਪੀ ਵਿਚ ਲਿਖੇ ਹੋਏ ਹਨ। ਇਹ ਤਿੰਨ ਕਿਸਮਾਂ ਦੇ ਪੱਤਰ ਹਨ:

1. **ਪ੍ਰਵਾਨੇ**
2. **ਅਰਜ਼ਦਾਸ਼ਤਾਂ**
3. **ਖਾਤੂਤ ਅਹਿਲਕਾਰਾਨ**

ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਵਿਚ ਰਾਜਨੀਤਿਕ ਅਤੇ ਪ੍ਰਸਾਸ਼ਨਿਕ ਕੰਮਾਂ ਵਿਚ ਮੁਗ਼ਲ ਹਕੂਮਤ ਦੀ ਰਾਜ ਭਾਸ਼ਾ ਫ਼ਾਰਸੀ ਵਿਚ ਪ੍ਰਚੱਲਿਤ ਰਾਜਨੀਤਿਕ ਅਤੇ ਪ੍ਰਸਾਸ਼ਨਿਕ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਇਸੇ ਅਧੀਨ ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਨਾਲ ਸਬੰਧਿਤ ਸਰਕਾਰੀ ਦਸਤਾਵੇਜ਼ਾਂ ਦੇ ਨਾਮ ਅਤੇ ਉਨ੍ਹਾਂ ਵਿਚ ਲਿਖਤ ਵੇਰਵਿਆਂ ਆਦਿ ਦੀ ਸ਼ਬਦਾਵਲੀ ਫ਼ਾਰਸੀ ਭਾਸ਼ਾ ਦੇ ਤਤਸਮ ਅਤੇ ਤਦਭਵ ਰੂਪਾਂ ਵਿਚ ਪ੍ਰਚੱਲਿਤ ਸੀ।

ਹੱਥਲੇ ਅਧਿਆਇ ਵਿਚਲੇ ਇਨ੍ਹਾਂ ਪੱਤਰਾਂ ਦੀਆਂ ਕਿਸਮਾਂ ਦਾ ਨਾਮਕਰਨ ਅਤੇ ਵਰਗੀਕਰਨ ਰਾਜਸਥਾਨ ਰਾਜ ਅਭਿਲੇਖਾਗਾਰ ਦੁਆਰਾ ਕੀਤਾ ਗਿਆ ਹੈ, ਜਿਸ ਨੂੰ ਹਥਲੇ ਖੋਜ-ਪ੍ਰਬੰਧ ਦੇ ਇਸ ਅਧਿਆਇ ਵਿਚ ਉਸੇ ਤਰ੍ਹਾਂ ਉਨ੍ਹਾਂ ਨਾਵਾਂ ਅਤੇ ਵਰਗਾਂ ਅਨੁਸਾਰ ਹੀ ਅਧਿਐਨ ਵਿਚ ਸ਼ਾਮਲ ਹੈ। ਪਰ ਏਥੇ ਇਹ ਦੱਸ ਦੇਣਾ ਜ਼ਰੂਰੀ ਹੋਵੇਗਾ ਕਿ ਇਨ੍ਹਾਂ ਪੱਤਰਾਂ ਦੇ ਵਰਗਾਂ ਅਤੇ ਕਿਸਮਾਂ ਦੇ ਨਾਮ ਪੰਜਾਬੀ ਵਿਚ ਹੂ-ਬ-ਹੂ ਉਹੀ ਰੱਖੇ ਗਏ ਹਨ ਜੋ ਪਹਿਲਾਂ ਭੂਤਪੂਰਵ ਜੈਪੁਰ ਰਿਆਸਤ ਅਤੇ ਬਾਅਦ ਵਿਚ ਰਾਜਸਥਾਨ ਅਭਿਲੇਖਾਗਾਰ ਦੁਆਰਾ ਪੱਤਰਾਂ ਦੇ ਵਰਗੀਕਰਨ ਅਤੇ ਕਿਸਮਾਂ ਦੀ ਪਹਿਚਾਨ ਵਜੋਂ ਨਿਸ਼ਚਿਤ ਕੀਤੇ ਗਏ ਹਨ। ਇਹ ਸਾਰੇ ਪੱਤਰ ਵੱਖ-ਵੱਖ ਬੰਡਲਾਂ ਵਿਚ ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ ਵਿਚ ਮੌਜੂਦ ਹਨ। ਬਸਤਿਆਂ ਅਤੇ ਬੰਡਲਾਂ ਅੰਦਰ ਹਰੇਕ ਪੱਤਰ ਕਾਰਡ ਵਰਗੇ ਇਕ ਇਨਵੈਲਪ/ਫਾਇਲ ਵਿਚ ਸਾਂਭਿਆ ਹੋਇਆ ਹੈ ਜਿਸ ਦੇ ਬਾਹਰ ਉਸ ਪੱਤਰ ਦਾ ਨੰਬਰ, ਉਸ ਦੀ ਕਿਸਮ, ਭੇਜਣ ਅਤੇ ਪ੍ਰਾਪਤ ਕਰਨ ਵਾਲੇ ਦਾ ਨਾਮ ਅਤੇ ਲਿਖਣ ਦੀ ਮਿਤੀ ਆਦਿ ਵੇਰਵੇ ਲਿਖੇ ਹੋਏ ਹਨ। ਸਾਰੇ ਪੱਤਰਾਂ ਵਿਚ ਪੁਰਾਤਨ ਲਿਖਤਾਂ ਦੀ ਪਰਿਪਾਟੀ ਅਨੁਸਾਰ ਲਿਖਾਈ ਵਿਸ਼ਰਾਮ ਚਿੰਨ੍ਹਾਂ ਤੋਂ ਬਗੈਰ ਤੇ ਲੜੀਵਾਰ ਹੈ। ਇਨ੍ਹਾਂ ਤਿੰਨਾਂ ਕਿਸਮਾਂ ਦੇ ਪੱਤਰਾਂ ਦੇ ਹਥਲੇ ਅਧਿਆਇ ਵਿਚ ਕੀਤੇ ਗਏ ਪੰਜਾਬੀ ਅਨੁਵਾਦ ਨੂੰ ਪਦ-ਛੇਦ ਕਰਕੇ ਵਿਸ਼ਰਾਮ ਚਿੰਨ੍ਹਾਂ ਸਹਿਤ ਲਿਖਿਆ ਗਿਆ ਹੈ।

ਉਪਰੋਕਤ ਤਿੰਨਾਂ ਕਿਸਮਾਂ ਦੇ ਪੱਤਰਾਂ ਨੂੰ ਤਿੰਨ ਵੱਖ-ਵੱਖ ਹਿੱਸਿਆਂ ਵਿਚ ਵਿਚਾਰਿਆ ਜਾਵੇਗਾ। ਸਭ ਤੋਂ ਪਹਿਲਾਂ 'ਪ੍ਰਵਾਨੇ' ਭਾਗ ਵਿਚ ਸ਼ਾਮਿਲ ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਪੱਤਰਾਂ ਦਾ ਅਧਿਐਨ ਕੀਤਾ ਗਿਆ ਹੈ। ਦੂਜੇ ਨੰਬਰ 'ਤੇ 'ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ' ਵਿਚ ਸਿੱਖਾਂ ਸਬੰਧੀ ਜਾਣਕਾਰੀ ਦਾ ਅਧਿਐਨ ਕੀਤਾ ਗਿਆ ਹੈ ਅਤੇ ਅਖੀਰ ਵਿਚ ਤੀਜੇ ਨੰਬਰ ਤੇ 'ਖਾਤੂਤ ਅਹਿਲਕਾਰਾਨ' ਵਿਚਲੇ ਪੱਤਰਾਂ ਵਿਚੋਂ ਸਿੱਖਾਂ ਨਾਲ ਸਬੰਧਿਤ ਜਾਣਕਾਰੀ ਦਾ ਅਧਿਐਨ ਕੀਤਾ ਗਿਆ ਹੈ। ਹਰੇਕ ਕਿਸਮ ਦੇ ਪੱਤਰਾਂ ਬਾਰੇ ਮੁੱਢਲੀ ਤੇ ਸੰਖੇਪ ਜਾਣਕਾਰੀ ਦੇਣ ਪਿੱਛੋਂ ਹਰੇਕ ਪੱਤਰ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੈ। ਇਕ ਹੀ ਕਿਸਮ ਦੇ ਵੱਖ-ਵੱਖ ਪੱਤਰਾਂ ਦਾ ਪੰਜਾਬੀ ਅਨੁਵਾਦ ਕਰਨ ਪਿੱਛੋਂ ਅਖੀਰ ਵਿਚ ਸਬੰਧਤ ਕਿਸਮ ਦੇ ਪੱਤਰਾਂ ਵਿਚ ਸਿੱਖਾਂ ਸਬੰਧੀ ਆਈ ਜਾਣਕਾਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

1. **ਪ੍ਰਵਾਨੇ:**

ਪ੍ਰਵਾਨਾ ਇੱਕ ਰਾਜਸੀ ਪੱਤਰ ਹੁੰਦਾ ਸੀ, ਜੋ ਬਾਦਸ਼ਾਹ, ਰਾਜੇ, ਮਹਾਰਾਜੇ ਅਤੇ ਰਾਜ/ਰਿਆਸਤ ਦੇ ਕਿਸੇ ਉੱਚ ਅਹਿਲਕਾਰ ਆਦਿ ਰਾਜਸੀ ਹਸਤੀ ਵੱਲੋਂ ਆਪਣੇ ਅਧੀਨ ਕਿਸੇ ਰਾਜੇ, ਮਹਾਰਾਜੇ, ਅਹਿਲਕਾਰ, ਜਗੀਰਦਾਰ, ਅਧਿਕਾਰੀ, ਕਰਮਚਾਰੀ ਆਦਿ ਦੇ ਨਾਮ ਲਿਖਿਆ ਜਾਂਦਾ ਸੀ। ਇਹ ਹੁਕਮਨਾਮੇ (Order) ਅਤੇ ਆਗਿਆ ਪੱਤਰ ਦੇ ਰੂਪ ਵਿਚ ਦੋ ਕਿਸਮਾਂ ਦਾ ਹੈ। ਹੁਕਮਨਾਮੇ ਦੀ ਕਿਸਮ ਦਾ ਪ੍ਰਵਾਨਾ ਕਿਸੇ ਕਾਰਜ ਨੂੰ ਕਰਨ ਲਈ ਹੁਕਮ ਦੀ ਤਾਮੀਲ ਕਰਨ ਸਬੰਧੀ ਹੁੰਦਾ ਹੈ, ਜਦੋਂ ਕਿ ਆਗਿਆ ਪੱਤਰ ਕਿਸਮ ਦੇ ਪ੍ਰਵਾਨੇ ਵਿਚ ਕਿਸੇ ਕੰਮ ਜਾਂ ਅਹੁਦੇ ’ਤੇ ਨਿਯੁਕਤੀ ਆਦਿ ਸਬੰਧੀ ਪ੍ਰਵਾਨਗੀ ਪੱਤਰ ਹੁੰਦਾ ਹੈ, ਜਿਸ ਵਿਚ ਹੁਕਮੀ ਲਹਿਜਾ ਜਾਂ ਵਿਚਾਰ ਠੋਸਣ ਦਾ ਪ੍ਰਭਾਵ ਨਹੀਂ ਹੁੰਦਾ।

ਇਹ ਰਾਜਸੀ-ਪੱਤਰ ਲਿਖਣ ਦੀ ਸ਼ੁਰੂਆਤ ਖਾਸ ਤਰ੍ਹਾਂ ਦੇ ਸ਼ਬਦਾਂ ਨਾਲ ਨਿਯਮਤ ਸ਼ਿਸ਼ਟਾਚਾਰੀ ਰੂਪ ਵਿਚ ਕੀਤੀ ਜਾਂਦੀ ਸੀ। ਪੱਤਰ ਲਿਖਣ ਵਾਲਾ ਦੂਸਰੀ ਹਸਤੀ (ਜਿਸ ਵੱਲ ਪੱਤਰ ਲਿਖਿਆ ਜਾ ਰਿਹਾ ਹੁੰਦਾ) ਨੂੰ ਸਨਮਾਨਯੋਗ ਉਪਾਧੀਆਂ ਅਤੇ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦਿਆਂ ਉਸ ਦਾ ਤੇ ਆਪਣਾ ਨਾਮ ਅਤੇ ਸਥਾਨ ਵੀ ਲਿਖਦਾ ਸੀ। ਇਸ ਉਪਰੰਤ ਲਿਖਣ ਵਾਲਾ ਦੁਆ-ਸਲਾਮ ਆਦਿ ਕਰਦਾ। ਇਸ ਤੋਂ ਪਿੱਛੋਂ ‘ਅਪਰੰਚ’ (ਉਪਰੰਤ) ਸ਼ਬਦ ਲਿਖ ਕੇ ਪੱਤਰ ਦਾ ਵਿਸ਼ਾ ਵਰਨਣ ਕੀਤਾ ਜਾਂਦਾ ਸੀ। ਪੱਤਰ ਦੇ ਅੰਤਿਮ ਭਾਗ ਵਿਚ ਵੀ ਸ਼ੁਰੂਆਤ ਵਾਂਗ ਪਰੰਪਰਾਗਤ ਨਿਸ਼ਚਿਤ ਸ਼ਬਦਾਵਲੀ ਵਰਤੀ ਜਾਂਦੀ ਸੀ। ਅਖ਼ੀਰ ਵਿਚ ਪੱਤਰ ਲਿਖਦੇ ਰਹਿਣ ਸਬੰਧੀ ਕਹਿ ਕੇ ਸਮਾਪਤੀ ’ਤੇ ਪੱਤਰ ਲਿਖਣ ਦੀ ਮਿਤੀ ਅਤੇ ਸੰਮਤ ਲਿਖਿਆ ਜਾਂਦਾ ਸੀ।

ਭੂਤਪੂਰਵ ਜੈਪੁਰ ਰਿਆਸਤ ਨਾਲ ਸਬੰਧਿਤ ਦਸਤਾਵੇਜ਼ਾਂ ਵਿਚੋਂ ਪ੍ਰਾਪਤ ਪੱਤਰਾਂ ਵਿਚ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਖਰੀਤੇ ਵੀ ਮਿਲਦੇ ਹਨ। ਇਹ ਪੱਤਰ ਰਾਜਸਥਾਨ ਰਾਜ ਅਭਿਲੇਖਾਗਾਰ, ਬੀਕਾਨੇਰ ਵਿਚ ਮੌਜੂਦ ਜੈਪੁਰ ਰਿਕਾਰਡ ਦੇ ਕਈ ਕਿਸਮਾਂ ਦੇ ਦਸਤਾਵੇਜ਼ੀ ਬੰਡਲਾਂ ਵਿਚ ਪ੍ਰਾਪਤ ਹਨ।

ਜੈਪੁਰ ਰਿਆਸਤ ਵੱਲੋਂ ਵੱਖ-ਵੱਖ ਸਮੇਂ ’ਤੇ ਆਪਣੇ ਅਧੀਨ ਅਹਿਲਕਾਰਾਂ, ਅਧਿਕਾਰੀਆਂ, ਕਰਮਚਾਰੀਆਂ ਅਤੇ ਕਿਸੇ ਸਮੇਂ ਜੈਪੁਰ ਅਧੀਨ ਰਹੀਆਂ ਬਾਅਦ ਵਿਚ

ਖੁਦਮੁਖਤਿਆਰ ਬਣੀਆਂ ਰਿਆਸਤਾਂ ਦੇ ਮੁਖੀਆਂ ਤੇ ਅਹਿਲਕਾਰਾਂ ਆਦਿ ਨੂੰ ਲਿਖੇ ਗਏ ਖਰੀਤਿਆਂ ਅਤੇ ਪ੍ਰਵਾਨਿਆਂ ਦੀਆਂ ਦੀਆਂ ਨਕਲਾਂ (Office Coppies) ਦੇ ਰੂਪ ਵਿਚ ਰਿਕਾਰਡ ਵਿਚ ਸੰਭਾਲੇ ਹੋਏ ਹਨ। ਇਹਨਾਂ ਡਰਾਫਟਾਂ ਵਾਲੇ ਪ੍ਰਵਾਨਿਆਂ ਦੀ ਪੂਰੀ ਲਿਖਤ ਦੀ ਨਕਲ ਨਹੀਂ ਉਤਾਰੀ ਗਈ ਬਲਕਿ ਆਰੰਭ ਅਤੇ ਅੰਤ ਵਾਲੀ ਸ਼ਬਦਾਵਲੀ ਨੂੰ ਛੱਡ ਕੇ ਪ੍ਰਵਾਨੇ ਵਿਚ ਲਿਖੇ ਗਏ ਵਿਸ਼ੇ ਅਤੇ ਮੰਤਵ ਦੀ ਹੀ ਨਕਲ ਕੀਤੀ ਗਈ ਹੈ। ਇਹਨਾਂ ਬੰਡਲਾਂ ਵਿਚ ਖਰੀਤੇ ਅਤੇ ਪਰਵਾਨਿਆਂ ਦੇ ਡਰਾਫਟਾਂ ਦਾ ਮਿਸ਼ਰਣ ਹੈ। ਇਨ੍ਹਾਂ ਦੀ ਪਛਾਣ ਲਈ ਸਬੰਧਤ ਡਰਾਫਟ ਦੇ ਸ਼ੁਰੂ ਵਿਚ ਪ੍ਰਵਾਨਾ, ਖਰੀਤਾ, ਰੁੱਕਾ ਜਾਂ ਕਾਗਜ਼ ਲਿਖਿਆ ਹੁੰਦਾ ਹੈ। ਜਿਸ ਨੂੰ ਇਹ ਪੱਤਰ ਲਿਖਿਆ ਗਿਆ ਉਸ ਦੇ ਨਾਮ ਦਾ ਵੇਰਵਾ ਵੀ ਇਸ ਪੱਤਰ ਦੇ ਸ਼ੁਰੂ ਵਿਚ ਲਿਖਿਅ ਹੁੰਦਾ ਹੈ, ਜਿਵੇਂ: 'ਨਵਲ ਸਿੰਘ ਜਾਟ ਨੈ ਪ੍ਰਵਾਨਾ'। ਇਸ ਤੋਂ ਇਲਾਵਾ ਸਬੰਧਤ ਪੱਤਰ ਦੀ ਅੰਦਰੂਨੀ ਸ਼ਬਦਾਵਲੀ ਅਤੇ ਪ੍ਰਾਪਤ ਕਰਤਾ ਦੇ ਰੁਤਬੇ ਤੋਂ ਵੀ ਪੱਤਰ ਦੀ ਕਿਸਮ ਦਾ ਪਤਾ ਲੱਗਦਾ ਹੈ। ਇਸ ਤੋਂ ਇਲਾਵਾ ਇਹਨਾਂ ਡਰਾਫਟਾਂ ਵਿਚ ਪ੍ਰਵਾਨੇ ਲਈ ਅਖੀਰ ਵਿਚ ਹੇਠਾਂ ਸੱਜੇ ਪਾਸੇ 'ਪ੍ਰ'. ਲਿਖਿਆ ਹੁੰਦਾ ਹੈ, ਜਿਸ ਦਾ ਭਾਵ ਹੈ ਕਿ ਇਹ ਪ੍ਰਵਾਨਾ ਕਿਸ ਅਹਿਲਕਾਰ ਜਾਂ ਅਧਿਕਾਰੀ ਦੀ ਪ੍ਰਵਾਨਗੀ ਨਾਲ ਲਿਖਿਆ ਗਿਆ ਹੈ। 'ਪ੍ਰ.' ਲਿਖਣ ਪਿੱਛੋਂ ਪ੍ਰਵਾਨਗੀ ਦੇਣ ਵਾਲੇ ਵਿਅਕਤੀ ਦਾ ਨਾਮ ਲਿਖਿਆ ਹੁੰਦਾ ਹੈ। ਇਹਨਾਂ ਡਰਾਫਟਾਂ ਵਿਚ ਕਈ ਥਾਵਾਂ ਤੇ 'ਖਰੀਤਾ' ਵੀ ਲਿਖਿਆ ਹੁੰਦਾ ਹੈ ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਪੱਤਰ ਖਰੀਤਾ ਹੈ। ਇਸ ਤੋਂ ਇਲਾਵਾ ਇਹਨਾਂ ਡਰਾਫਟਾਂ ਦੀ ਪਛਾਣ ਪੱਤਰਾਂ ਵਿਚ ਲਿਖੀ ਗਈ ਸ਼ਬਦਾਵਲੀ ਅਤੇ ਸ਼ੈਲੀ ਤੋਂ ਵੀ ਹੁੰਦੀ ਹੈ। ਜੇਕਰ ਕਿਸੇ ਦੂਜੀ ਰਿਆਸਤ ਦੇ ਰਾਜੇ-ਮਹਾਰਾਜੇ ਆਦਿ ਨੂੰ ਇਹ ਪੱਤਰ ਲਿਖਿਆ ਗਿਆ ਹੈ ਤਾਂ ਇਸ ਵਿਚ ਸਤਿਕਾਰ ਅਤੇ ਬਰਾਬਰਤਾ ਦੇ ਭਾਵ ਵਾਲੀ ਸ਼ਬਦਾਵਲੀ ਲਿਖੀ ਹੁੰਦੀ ਹੈ ਜੋ ਖਰੀਤਿਆਂ ਵਿਚ ਵਿਸ਼ੇਸ਼ ਤੌਰ 'ਤੇ ਲਿਖੀ ਜਾਂਦੀ ਸੀ ਅਤੇ ਜੇਕਰ ਜੈਪੁਰ ਰਿਆਸਤ ਦੇ ਅਧੀਨ ਕਿਸੇ ਅਹੁਦੇਦਾਰ ਜਾਂ ਅਹਿਲਕਾਰ ਨੂੰ ਇਹ ਪੱਤਰ ਲਿਖਿਆ ਗਿਆ ਹੋਵੇ ਤਾਂ ਇਸ ਦੀ ਸ਼ਬਦਾਵਲੀ ਹੁਕਮੀਆ ਲਹਿਜੇ ਵਾਲੀ ਹੁੰਦੀ ਸੀ, ਜਿਵੇਂ ਕਿ 'ਮੈਂ ਫੁਰਮਾਉਂਦਾ ਹਾਂ' ਜਾਂ 'ਮੇਰਾ ਹੁਕਮ ਹੈ' ਆਦਿ। ਇਹਨਾਂ ਵਿਚੋਂ ਸਿੱਖਾਂ ਨਾਲ ਸਬੰਧਤ ਮਿਲਦੇ ਪ੍ਰਵਾਨਿਆਂ ਵਿਚ ਮੁੱਖ ਤੌਰ 'ਤੇ ਜੈਪੁਰ ਰਿਆਸਤ ਦੇ ਮਹਾਰਾਜਾ ਸਵਾਈ ਪ੍ਰਿਥਵੀ ਸਿੰਘ ਅਤੇ ਉਸ ਦੀ ਮਾਤਾ (ਜੈਪੁਰ ਦੀ ਰਾਜ ਮਾਤਾ) ਤੋਂ ਇਲਾਵਾ ਰਿਆਸਤ ਦੇ

ਦੀਵਾਨ, ਠਾਕੁਰਾਂ ਅਤੇ ਵਕੀਲਾਂ ਆਦਿ ਅਹਿਲਕਾਰਾਂ ਵੱਲੋਂ ਲਿਖੇ ਗਏ ਹਨ। ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਪ੍ਰਵਾਨੇ ਸੰਮਤ 1822 (1765 ਈ.) ਤੋਂ ਸੰਮਤ 1827 (1770 ਈ.) ਤੱਕ ਲਿਖੇ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝ ਤਾਕੀਦੀ ਅਤੇ ਕੁਝ ਰਾਹਦਾਰੀ ਕਿਸਮਾਂ ਦੇ ਪ੍ਰਵਾਨੇ ਵੀ ਹਨ।

ਡਰਾਫਟ ਖਰੀਤੇ ਪ੍ਰਵਾਨਿਆਂ ਦੇ ਬੰਡਲਾਂ ਵਿਚ ਸ਼ਾਮਿਲ ਇਹਨਾ ਸਾਰੇ ਪ੍ਰਵਾਨਿਆਂ ਦੀਆਂ ਨਕਲਾਂ ਦੇ ਕਾਗਜ਼ ਅਤੇ ਲਿਖਾਈ ਆਦਿ ਇੱਕੋ ਜਿਹੀ ਹੋਣ ਕਰਕੇ ਅੱਗੇ ਪ੍ਰਵਾਨਿਆਂ ਵਾਲੇ ਭਾਗ ਵਿਚ ਇੱਕੱਲੇ-ਇਕੱਲੇ ਪ੍ਰਵਾਨੇ ਦੀ ਲਿਖਾਈ ਅਤੇ ਕਾਗਜ਼ ਦੀ ਹਾਲਤ ਆਦਿ ਬਾਰੇ ਜਾਣਕਾਰੀ ਨਹੀਂ ਦਿੱਤੀ ਜਾਵੇਗੀ।

## 1.1. ਪ੍ਰਵਾਨਿਆਂ ਦਾ ਪੰਜਾਬੀ ਅਨੁਵਾਦ

### 1.1.1. ਪ੍ਰਵਾਨਾ ਅੱਸੂ ਵਦੀ 11, ਸੰਮਤ 1822[1] (10 ਸਤੰਬਰ 1765 ਈ.)

ਮਲਹਾਰ ਰਾਵ ਵੱਲ ਪ੍ਰਵਾਨਾ

॥ ਸ਼੍ਰੀ ॥ 1 ॥

ਉਪਰੰਤ ਬਹਾਦਰ ਸਿੰਘ ਵੈਰ ਵਾਲਾ ਦੀ ਅਰਜ਼ੀਆਂ ਇੱਥੇ ਆ ਰਹੀਆਂ ਹਨ ਅਤੇ ਰਾਜ (ਮਰਾਠਿਆਂ) ਨੂੰ ਵੀ ਲਿਖਿਆ ਹੋਵੇਗਾ। ਜਵਾਹਰ ਸਿੰਘ ਸਿੱਖਾਂ ਨੂੰ ਆਪਣੀ ਮਦਦ ਲਈ ਬੁਲਾਉਣਾ ਚਾਹੁੰਦਾ ਹੈ ਅਤੇ (ਉਸ ਨੇ) ਜ਼ਾਬਤਾਂ ਖਾਂ ਨੂੰ ਭੇਜਣ ਸਬੰਧੀ ਨਵਾਬ ਨਜ਼ੀਬ ਦੌਲਾ ਨੂੰ ਵੀ ਸੁਨੇਹਾ ਭੇਜਿਆ ਹੈ ਅਤੇ ਉਸ ਦਾ ਜਵਾਬ ਤੁਰੰਤ ਆਇਆ ਅਤੇ ਉਸ ਨੇ (ਨਜ਼ੀਬ ਦੌਲਾ ਰੁਹੇਲੇ) ਇਹ ਗੱਲ ਨਹੀਂ ਮੰਨੀ। ਮੈਂ ਵੀ ਇਸ ਲਈ ਨਵਾਬ ਨੂੰ ਲਿਖਿਆ ਸੀ। ਰਾਜ (ਮਲਹਾਰ ਰਾਵ) ਨੂੰ ਵੀ ਮੇਰੀ ਇਹੋ ਸਲਾਹ (ਜਵਾਹਰ ਸਿੰਘ ਦੀ ਮਦਦ ਨਾ ਕਰਨ ਦੀ) ਹੈ। ਹੋਰ ਸਮਾਚਾਰ ਜੁਗਲ ਕਿਸ਼ੋਰ ਜ਼ਾਹਰ ਕਰੇਗਾ। ਸਮਾਚਾਰ ਦਾ ਕਾਗਜ਼ ਲਿਖਵਾਉਂਦੇ ਰਹਿਣਾ।

ਪ੍ਰ. (ਪ੍ਰਵਾਨਗੀ) ਮੁਨਸ਼ੀ ਰਾਮ ਕਿਸ਼ਨ

ਮਿਤੀ ਅੱਸੂ ਵਦੀ 11, ਸੰਮਤ 1822.

[1] **ਡਰਾਫਟ ਖਰੀਤਾ ਪ੍ਰਵਾਨਾ ਰਾਜਸਥਾਨੀ,** ਬੰਡਲ ਨੰਬਰ 11, ਨੰਬਰ 138/344/148.

## 1.1.2. ਪ੍ਰਵਾਨਾ ਮਿਤੀ ਫੱਗਣ ਵਦੀ 5 ਸੰਮਤ 1822[2] (31 ਜਨਵਰੀ 1766 ਈ.)

ਰਾਜਾ ਇੰਦਰ ਸਿੰਘ ਜੀ ਨੂੰ

॥ਸ੍ਰੀ॥

ਉਪਰੰਤ ਸਿੱਖਾਂ ਦੀ ਫੌਜ ਨੇ ਸਰਕਾਰ (ਜੈਪੁਰ ਰਿਆਸਤ) ਦੀ ਹੱਦ ਕੋਲ ਆਣ ਡੇਰੇ ਕੀਤੇ ਹਨ। ਸੋ ਚੰਗੀ ਜਮੀਅਤ (ਵੱਡੀ ਫੌਜੀ ਨਫ਼ਰੀ) ਨਾਲ ਲੈ ਕੇ ਕੂਚ ਕਰੋ ਅਤੇ ਜਲਦੀ ਪਹੁੰਚੋ।

ਪ੍ਰ. (ਪ੍ਰਵਾਨਗੀ) ਰਾਜ ਸਿੰਘ ਹ. (ਹਮੀਰਦਾ)

ਮਿਤੀ ਫੱਗਣ ਵਦੀ 5 ਸੰਮਤ 1822.

## 1.1.3. ਪ੍ਰਵਾਨਾ ਮਿਤੀ ਚੇਤ ਵਦੀ 6 ਸੰਮਤ 1824[3] (21 ਮਾਰਚ 1767 ਈ.)

ਮੁਨਸ਼ੀ ਰਾਮ ਕਿਸ਼ਨ ਵੱਲ

ਸ੍ਰੀ॥ਸ੍ਰੀ ਰਾਮ ਜੀ॥

ਉਪਰੰਤ ਸ੍ਰੀ ਵੱਡਾ ਮਹਾਰਾਜ ਬੈਕੁੰਠ ਵਾਸੀ (ਸਵਾਈ ਮਾਧੋ ਸਿੰਘ) ਜੀ ਨੇ ਤੁਹਾਨੂੰ ਸਿੱਖਾਂ ਨਾਲ ਗੱਲ-ਬਾਤ ਕਰਨ ਲਈ ਭੇਜਿਆ ਸੀ। ਉਸੇ ਤਰ੍ਹਾਂ ਖਾਤਰਦਾਰੀ ਕਰਦੇ ਰਹੋ ਅਤੇ ਉਨ੍ਹਾਂ (ਸਿੱਖਾਂ) ਵੱਲ ਜਾ ਕੇ ਸਵਾਲ-ਜੁਵਾਬ ਕਰੋ।

ਪ੍ਰ. ਹ. (ਹਮੀਰਦਾ) ਦੀਵਾਨ

ਮਿਤੀ ਚੇਤਰ ਵਦੀ 6 ਸੰਮਤ 1824

## 1.1.4. ਪ੍ਰਵਾਨਾ, ਮਿਤੀ ਚੇਤ ਵਦੀ 14 ਸੰਮਤ 1824[4] (29 ਮਾਰਚ 1767 ਈ.)

(ਮਰਾਠੇ ਸਰਦਾਰਾਂ ਨੂੰ)

ਸ੍ਰੀ॥1॥

ਉਪਰੰਤ ਰਾਜ ਸਿੰਘ ਦਾ ਲਿਖਿਆ ਆਇਆ ਕਿ (ਤੁਸੀ) ਸਿੱਖਾਂ ਨਾਲ ਲੜਾਈ ਕੀਤੀ ਅਤੇ ਉਸ ਵਿਚ ਚੰਗਾ ਜ਼ੋਰ ਦਿਖਾਇਆ। ਸੋ ਇਹ ਤਾਂ ਤੁਹਾਡੇ ’ਤੇ ਭਰੋਸਾ ਹੀ ਹੈ। ਤੁਹਾਨੂੰ

---

2 ਉਹੀ, ਨੰਬਰ 348/136.

3 ਉਹੀ, ਬੰਡਲ ਨੰਬਰ 12, ਨੰਬਰ 237/28.

4 ਉਹੀ, ਨੰਬਰ 295/30.

ਇਹੋ ਹੀ ਕਰਨਾ ਚਾਹੀਦਾ ਸੀ। ਹੁਣ ਵੀ ਇਹੋ ਜਿਹੇ ਕੰਮ ਕਰਦੇ ਰਹਿਣਾ ਜਿਸ ਨਾਲ (ਜੈਪੁਰ ਦਰਬਾਰ ਨੂੰ) ਚੰਗਾ ਲੱਗਦਾ ਰਹੇ। ਮੇਰੇ ਅਤੇ ਸੂਬੇਦਾਰ (ਮਰਾਠਾ ਸਰਦਾਰ) ਦੇ ਵਿਹਾਰ ਵਿਚ ਕੋਈ ਫਰਕ ਨਹੀਂ ਜਾਨਣਾ।

ਪ੍ਰ. ਸ਼ਾਮ ਸਿੰਘ

ਜਸਵੰਤ ਰਾਵ ਜੀ ਵਾਵਲਾ (ਬਾਵਲਾ) ਨੂੰ

ਆਪਾ ਜੀ ਗਣੇਸ਼, ਸੋਮੋ ਜੀ ਦੇ ਨਾਲਦਿਆਂ ਨੂੰ, ਮਿਤੀ ਚੇਤ ਵਦੀ 14 ਸੰਮਤ 1824

### 1.1.5. ਪ੍ਰਵਾਨਾ ਮਿਤੀ ਕੱਤਕ ਸੁਦੀ 6 ਸੰਮਤ 1825[5] (15 ਨਵੰਬਰ 1768 ਈ.)

ਮਹਾਰਾਜਾ ਬਹਾਦਰ ਸਿੰਘ ਜੀ ਵੱਲ ਕਾਗਜ਼ (ਪ੍ਰਵਾਨਾ)

ਉਪਰੰਤ ਨਰ ਸਿੰਘਦਾਸ ਨਾਲ ਸਿੱਖਾਂ ਦਾ ਗੁਮਾਸ਼ਤਾ (ਮੁਨੀਮ) ਪੁਸ਼ਕਰ ਤੋਂ ਘੋੜੇ, ਊਠ, ਬਲਦ ਵਗੈਰਾ ਖਰੀਦ ਕੇ ਲਿਆ ਰਿਹਾ ਹੈ। ਸੋ ਰਾਜ ਦੇ ਮੁਤਸਦੀਆਂ (ਕਰਮਚਾਰੀਆਂ) ਨੂੰ ਪੱਕੀ ਕਰ ਦੇਣੀ ਕਿ ਆਪਣੇ ਰਾਜ ਦੀ ਹੱਦ ਤੱਕ ਰਸਤੇ ਵਿਚ ਉਨ੍ਹਾਂ ਦਾ ਸਾਥ ਦੇਣਾ ਅਤੇ ਚੌਕਸੀ ਨਾਲ ਪਹੁੰਚਾ ਦੇਣ ਅਤੇ ਕਾਗਜ਼ ਸਮਾਚਾਰ ਦਾ ਲਿਖਾਉਂਦੇ ਰਹਿਣਾ।

ਪ੍ਰ. ਮੁਨਸ਼ੀ ਰਾਮ ਕਿਸ਼ਨ
ਮਿਤੀ ਕੱਤਕ ਸੁਦੀ 6 ਸੰਮਤ 1825।

### 1.1.6. ਪ੍ਰਵਾਨਾ ਮਿਤੀ ਕੱਤਕ ਸੁਦੀ 14 ਸੰਮਤ 1825[6] (15 ਨਵੰਬਰ 1768 ਈ.)

ਮਹਾਰਾਜਾ ਬਹਾਦਰ ਸਿੰਘ ਜੀ (ਕਿਸ਼ਨਗੜ੍ਹ ਰਿਆਸਤ) ਨੂੰ ਕਾਗਜ਼ (ਪ੍ਰਵਾਨਾ)

ਸ਼੍ਰੀ ॥1॥

ਉਪਰੰਤ ਤਾਰਾ ਸਿੰਘ ਸਿੱਖ ਦੀ ਤਰਫੋਂ ਦਿਆਲ ਸਿੰਘ ਪੁਸ਼ਕਰ ਜੀ ਤੋਂ ਘੋੜੇ, ਬੈਲ (ਬਲਦ) ਖਰੀਦ ਕੇ ਲਿਆ ਰਹੇ ਹਨ, ਸੋ ਰਾਜ ਦੇ ਮੁਤਸਦੀਆਂ ਨੂੰ ਪੱਕੀ ਕਰ ਦੇਣੀ ਕਿ ਆਪਣੀ (ਰਿਆਸਤ ਦੀ) ਹੱਦ ਤੱਕ ਰਸਤੇ ਵਿਚ ਸਾਥ ਦੇਣਾ ਅਤੇ ਚੌਕਸੀ ਨਾਲ ਪਹੁੰਚਾ ਦੇਣਾ ਅਤੇ ਸਮਾਚਾਰ ਦਾ ਕਾਗਜ਼ ਲਿਖਾਉਂਦੇ ਰਹਿਣਾ।

ਪ੍ਰ. ਮੁਨਸ਼ੀ ਰਾਮ ਕਿਸ਼ਨ
ਮਿਤੀ ਕੱਤਕ ਸੁਦੀ 14 ਸੰਮਤ 1825

---

5 ਉਹੀ, ਬੰਡਲ ਨੰਬਰ 11, ਨੰਬਰ 245/230.
6 ਉਹੀ, ਨੰਬਰ 150/291.

### 1.1.7. **ਪ੍ਰਵਾਨਾ ਮਿਤੀ ਚੇਤ ਵਦੀ 10 ਸੰਮਤ 1826**[7] **(1 ਅਪ੍ਰੈਲ 1769 ਈ.)**

ਮਹਾਰਾਜਾ ਵੱਲੋਂ ਨਵਲ ਸਿੰਘ ਜਾਟ ਨੂੰ ਪ੍ਰਵਾਨਾ

ਉਪਰੰਤ ਤੁਹਾਡੀ ਅਰਜ਼ੀ ਆਈ ਸਮਾਚਾਰ ਪਤਾ ਲੱਗੇ। ਹਰਲਾਲ ਖ਼ਾਨਸਾਮਾ ਦੇ ਲਿਖੇ ਅਨੁਸਾਰ ਅਰਜ਼ ਪਹੁੰਚੀ ਹੈ। (ਉਸ ਨੇ) ਲਿਖਿਆ ਹੈ ਕਿ ਬਘੇਲ ਸਿੰਘ, ਖੁਸ਼ਹਾਲ ਸਿੰਘ ਵਗੈਰਾ ਸਿੱਖਾਂ ਨਾਲ ਸਾਡਾ ਇਤਫ਼ਾਕ ਹੈ। ਸੋ ਉਨ੍ਹਾਂ (ਸਿੱਖਾਂ ਸਰਦਾਰਾਂ) ਦੇ ਆਉਣ ਦਾ ਖਤ ਆਇਆ ਹੈ ਤੇ ਨਜ਼ੀਬ ਦੌਲਾ ਦੀ ਮਰਜ਼ੀ ਇਕੱਲਿਆਂ ਰਹਿਣ ਦੀ ਹੈ। ਖ਼ਾਨਸਾਮਾ ਨੂੰ ਹੋਰ ਵੀ ਜੁਗਤ ਫੌਜ ਜਮ੍ਹਾਂ ਕਰਨ ਦੀ ਦੱਸੀ ਹੈ, ਜੋ ਉਹ ਅਰਜ਼ੀ ਵਿਚ ਲਿਖੇਗਾ। ਹੁਣ ਦਰਬਾਰ (ਜੈਪੁਰ ਰਿਆਸਤ) ਦੀ ਫੌਜ ਅਤੇ ਤੋਪਖਾਨੇ ਨੂੰ ਛੁੱਟੀ ਦਿਉ। ਹਰਸਾਣਾ ਵਗੈਰਾ ਦੇ ਜਿਲ੍ਹੇ ਵਿਚ (ਜੈਪੁਰ ਦੀ) ਫੌਜ ਜਲਦੀ ਆਵੇ, ਸੋ ਸਾਰੀ ਹਕੀਕਤ ਪਤਾ ਲੱਗੀ ਹੈ, ਸਮਾਚਾਰ ਭੱਟ ਜੀ ਵੱਲੋਂ ਖ਼ਾਨਸਾਮਾ ਵੱਲ ਲਿਖਾਇਆ ਹੈ, ਉਹ (ਤੁਹਾਨੂੰ) ਦੱਸੇਗਾ।

ਮਿਤੀ ਚੇਤਰ ਵਦੀ 10 ਸੰਮਤ 1826

### 1.1.8. **ਪ੍ਰਵਾਨਾ ਮਿਤੀ ਪੋਹ ਵਦੀ ਸੰਮਤ 1826**[8] **(ਦਸੰਬਰ 1769 ਈ.)**

ਨਵਲ ਸਿੰਘ ਜਾਟ ਵੱਲ ਪ੍ਰਵਾਨਾ

ਉਪਰੰਤ ਖੁਸ਼ਹਾਲ ਸਿੰਘ ਜੀ ਸਿੱਖ ਦੇ ਮੋਹਤਬਰ (ਆਦਮੀ) ਇੱਥੋਂ ... ਖਰੀਦ ਕੇ ਲੈ ਜਾ ਰਹੇ ਹਨ। ਮੁਤਸਦੀਆਂ (ਕਰਮਚਾਰੀਆਂ) ਨੂੰ ਪੱਕੀ ਕਰ ਦਿਉ ਕਿ ਉਨ੍ਹਾਂ ਦਾ ਸਾਰੇ ਰਸਤੇ ਸਾਥ ਦੇਣਾ ਅਤੇ ਚੌਕਸੀ ਨਾਲ ਪਹੁੰਚਾਅ ਦੇਣ।

ਮਿਤੀ ਪੋਹ ਵਦੀ ਸੰਮਤ 1826

### 1.1.9. **ਪ੍ਰਵਾਨਾ ਮਿਤੀ ਮਾਘ ਸੁਦੀ 4 ਸੰਮਤ 1826**[9] **(30 ਜਨਵਰੀ 1770 ਈ.)**

ਉਪਰੰਤ ਸਿੱਖ ਇਸ ਪਾਸੇ ਆਏ ਹਨ। ਇਸ ਲਈ ਫੁਰਮਾਉਂਦਾ ਹਾਂ ਕਿ ਪ੍ਰਵਾਨਾ ਪਹੁੰਚਦੇ ਹੀ ਕਾਮ੍ਹਾ ਵਿਚ ਸੰਘਹੀ ਆਨੰਦ ਰਾਮ ਨਾਲ ਸ਼ਾਮਿਲ ਹੋ ਜਾਣਾ ਅਤੇ ਉੱਥੋਂ ਦੀ ਮਜ਼ਬੂਤੀ ਰੱਖਿਉ।

---

7 ਉਹੀ, ਬੰਡਲ ਨੰਬਰ 12, ਨੰਬਰ 245/230.

8 ਉਹੀ, ਬੰਡਲ ਨੰਬਰ 13, ਨੰਬਰ 43/182.

9 ਉਹੀ, ਨੰਬਰ 145/186.

ਦੇਵ ਸਿੰਘ ਕਲਾਣੌਤ ਚਾਵਡ ਸਿੰਘ ਦੇਵ ਰਾਮ ਵਾਂਕਾਵਤ ਰਾਇ ਦਾ

ਭੂਪ ਸਿੰਘ ਕਲਾਣੌਤ ਸੰਪਤਿ ਰਾਮ ਵਾਂਕਾਵਤ

ਪਾਹੜ ਸਿੰਘ ਕਲਾਣੌਤ ਹਰਿਸੇਵਕ ਆਨੰਦ ਰਾਮ ਦਾ ਬੇਟਾ

ਮਿਤੀ ਮਾਘ ਸੁਦੀ 4 ਸੰਮਤ 1826

### 1.1.10. ਪ੍ਰਵਾਨਾ ਫੱਗਣ ਸੁਦੀ 8 ਸੰਮਤ 1826[10] (5 ਮਾਰਚ 1770 ਈ.)

ਸ਼੍ਰੀ ਮਾਜੀ ਸਾਹਿਬਾ (ਰਾਜ ਰਾਤਾ) ਵੱਲੋਂ ਨਵਲ ਸਿੰਘ ਨੂੰ

॥ ਸ਼੍ਰੀ ॥

ਉਪਰੰਤ ਅਰਜ਼ੀ ਤੁਹਾਡੀ ਆਈ, ਸਮਾਚਾਰ ਖ਼ਾਨਸਾਮਾ ਹਰਲਾਲ ਦੇ ਲਿਖੇ ਅਤੇ ਪ੍ਰੋਹਤ ਗੋਕਲ ਚੰਦ ਦੇ ਅਰਜ਼ ਕਰਨ ਤੋਂ ਪਤਾ ਚੱਲੇ ਹਨ। ਜਿਸ ਵਿਚ ਲਿਖਿਆ ਹੈ ਕਿ ਸਿੱਖਾਂ ਨਾਲ ਲੜਾਈ ਹੋਈ ਜਿਸ ਵਿਚ ਉਨ੍ਹਾਂ (ਸਿੱਖਾਂ) ਦਾ ਸਰਦਾਰ ਮਾਰਿਆ ਗਿਆ, ਬਹੁਤ ਸਾਰੇ ਜ਼ਖਮੀ ਹੋਏ ਤੇ ਉਨ੍ਹਾਂ ਦਾ ਵਹੀਰ ਲੁੱਟਿਆ ਗਿਆ। ਉਹ (ਸਿੱਖ) ਭੱਜ ਕੇ ਸਾਡੇ ਰਾਜ (ਭਰਤਪੁਰ) ਦੀ ਹੱਦ ਵਿਚੋਂ ਬਾਹਰ ਚਲੇ ਗਏ। (ਇਹ ਕੰਮ) ਤੁਹਾਡੇ ਕਰਨ ਯੋਗ ਕੰਮ ਸੀ ਉਹ ਤੁਸੀ ਕੀਤਾ ਹੈ। ਸੋ ਹੋਰ ਲਿਖਿਆ ਕਿ ਸਾਡਾ ਡੇਰਾ ਹੋਡਲ (ਮਥਰਾ ਕੋਲ) ਹੋਇਆ ਹੈ। ਅੱਜ ਕੂਚ ਕਰਕੇ ਹਥੀਨ (ਪਲਵਲ ਨੇੜੇ ਇਕ ਪਿੰਡ) ਤੱਕ ਸਿੱਖਾਂ ਦਾ ਪਿੱਛਾ ਕੀਤਾ ਅਤੇ ਡੇਰਾ ਕੀਤਾ। ਹੁਣ ਇਸ ਪਾਸੇ ਮਜ਼ਬੂਤੀ ਕਰਕੇ ਜਲਦੀ ਵੈਰ (ਦੇ ਕਿਲ੍ਹੇ) ਵੱਲ ਕੂਚ ਕਰੋਗੇ, ਜੋ ਸ਼੍ਰੀ ਹਜ਼ੂਰ (ਮਹਾਰਾਜਾ ਜੈਪੁਰ) ਦਾ ਹੁਕਮ ਹੋਵੇਗਾ ਉਸ ਅਨੁਸਾਰ ਉੱਥੇ ਜਾਵਾਂਗੇ। ਸੋ ਸਾਰੀ ਹਕੀਕਤ ਪਤਾ ਲੱਗੀ ਸਮਾਚਾਰ ਸ਼੍ਰੀ ਭੱਟ ਜੀ ਕੋਲੋਂ ਖ਼ਾਨਸਾਮਾ ਨੂੰ ਲਿਖਾਇਆ ਹੈ ਸੋ ਕਹੈਗਾ।

ਮਿਤੀ ਫੱਗਣ ਸੁਦੀ 8 ਸੰਮਤ 1826।

### 1.1.11. ਪ੍ਰਵਾਨਾ ਫੱਗਣ ਸੁਦੀ 12 ਸੰਮਤ 1826[11] (8 ਮਾਰਚ 1770 ਈ.)

ਮਹਾਰਾਜਾ (ਜੈਪੁਰ) ਵੱਲੋਂ ਨਵਲ ਸਿੰਘ ਨੂੰ

---

10 ਉਹੀ, ਨੰਬਰ 116/187.
11 ਉਹੀ, ਨੰਬਰ 88/189.

॥ ਸ਼੍ਰੀ ॥

ਉਪਰੰਤ ਅਰਜ਼ੀ ਤੁਹਾਡੀ ਆਈ, ਸਮਾਚਾਰ ਖ਼ਾਨਸਾਮਾ ਹਰਲਾਲ ਦੇ ਲਿਖੇ ਅਤੇ ਪ੍ਰੋਹਤ ਗੋਕਲ ਚੰਦ ਦੇ ਅਰਜ਼ ਕਰਨ ਤੋਂ ਪਤਾ ਚੱਲੇ ਹਨ। ਜਿਸ ਵਿਚ ਲਿਖਿਆ ਹੈ ਕਿ ਸਿੱਖਾਂ ਨਾਲ ਲੜਾਈ ਹੋਈ ਜਿਸ ਵਿਚ ਉਨ੍ਹਾਂ (ਸਿੱਖਾਂ) ਦਾ ਸਰਦਾਰ ਮਾਰਿਆ ਗਿਆ, ਬਹੁਤ ਸਾਰੇ ਜ਼ਖਮੀ ਹੋਏ ਤੇ ਉਨ੍ਹਾਂ ਦਾ ਵਹੀਰ ਲੁੱਟਿਆ ਗਿਆ। ਉਹ (ਸਿੱਖ) ਭੱਜ ਕੇ ਸਾਡੇ ਰਾਜ (ਭਰਤਪੁਰ) ਦੀ ਹੱਦ ਵਿਚੋਂ ਬਾਹਰ ਚਲੇ ਗਏ। (ਇਹ ਕੰਮ) ਤੁਹਾਡੇ ਕਰਨ ਯੋਗ ਕੰਮ ਸੀ ਉਹ ਤੁਸੀ ਕੀਤਾ ਹੈ। ਸੋ ਹੋਰ ਲਿਖਿਆ ਕਿ ਸਾਡਾ ਡੇਰਾ ਹੋਡਲ (ਮਥਰਾ ਕੋਲ) ਹੋਇਆ ਹੈ। ਅੱਜ ਕੂਚ ਕਰਕੇ ਹਥੀਨ (ਪਲਵਲ ਨੇੜੇ ਇਕ ਪਿੰਡ) ਤੱਕ ਸਿੱਖਾਂ ਦਾ ਪਿੱਛਾ ਕੀਤਾ ਅਤੇ ਡੇਰਾ ਕੀਤਾ। ਹੁਣ ਇਸ ਪਾਸੇ ਮਜ਼ਬੂਤੀ ਕਰਕੇ ਜਲਦੀ ਵੈਰ (ਦੇ ਕਿਲ੍ਹੇ) ਵੱਲ ਕੂਚ ਕਰੋਗੇ, ਜੋ ਸ਼੍ਰੀ ਹਜ਼ੂਰ (ਮਹਾਰਾਜਾ ਜੈਪੁਰ) ਦਾ ਹੁਕਮ ਹੋਵੇਗਾ, ਉਸ ਅਨੁਸਾਰ ਉੱਥੇ ਜਾਵਾਂਗੇ। ਸੋ ਸਾਰੀ ਹਕੀਕਤ ਪਤਾ ਲੱਗੀ ਸਮਾਚਾਰ ਸ਼੍ਰੀ ਭੱਟ ਜੀ ਕੋਲੋਂ ਖ਼ਾਨਸਾਮਾ ਨੂੰ ਲਿਖਾਇਆ ਹੈ ਸੋ ਕਹੈਗਾ।

ਮਿਤੀ ਫੱਗਣ ਸੁਦੀ 12 ਸੰਮਤ 1826

## 1.2. ਪ੍ਰਵਾਨਿਆਂ ਵਿਚ ਸਿੱਖਾਂ ਨਾਲ ਸਬੰਧਿਤ ਜਾਣਕਾਰੀ ਦਾ ਵਿਸ਼ਲੇਸ਼ਣ:

ਜੈਪੁਰ ਰਿਆਸਤ ਦੁਆਰਾ ਲਿਖੇ ਗਏ ਪ੍ਰਵਾਨਿਆਂ ਵਿਚੋਂ ਸੰਮਤ 1822 ਤੋਂ ਸੰਮਤ 1826 ਤੱਕ ਸਿੱਖਾਂ ਦੀਆਂ ਜੈਪੁਰ ਅਤੇ ਭਰਤਪੁਰ ਆਦਿ ਰਾਜਪੂਤਾਨੇ ਵਿਚਲੀਆਂ ਜੰਗੀ ਮੁਹਿੰਮਾਂ ਅਤੇ ਗਤੀਵਿਧੀਆਂ ਬਾਰੇ ਅਹਿਮ ਖੁਲਾਸੇ ਹੁੰਦੇ ਹਨ। ਇਹਨਾਂ ਪ੍ਰਵਾਨਿਆਂ ਵਿਚ ਸ਼ਾਮਿਲ ਅੱਸੂ ਵਦੀ 11 ਸੰਮਤ 1822 (29 ਸਤੰਬਰ 1766) ਨੂੰ ਜੈਪੁਰ ਦੇ ਮਹਾਰਾਜਾ ਦੀ ਤਰਫ਼ੋਂ ਮੁਨਸ਼ੀ ਰਾਮ ਕਿਸ਼ਨ ਵੱਲੋਂ ਮਰਾਠਾ ਸਰਦਾਰ ਮਲਹਾਰ ਰਾਉ ਨੂੰ ਲਿਖੇ ਪ੍ਰਵਾਨੇ[12] ਵਿਚ ਭਰਤਪੁਰ ਦੇ ਜਾਟ ਰਾਜਾ ਜਵਾਹਰ ਸਿੰਘ ਦੁਆਰਾ ਆਪਣੇ ਚਚੇਰੇ ਭਰਾ ਬਹਾਦਰ ਸਿੰਘ ਜੋ ਉਸ ਸਮੇਂ ਵੈਰ ਦੇ ਕਿਲ੍ਹੇ ਵਿਚ ਸੀ, ਵਿਰੁੱਧ ਸਿੱਖਾਂ ਨੂੰ ਮਦਦ ਲਈ ਬੁਲਾਉਣ ਦੇ ਇਰਾਦੇ ਸਬੰਧੀ ਪਤਾ ਚੱਲਦਾ ਹੈ। ਹਾਲਾਂਕਿ ਸਿੱਖਾਂ ਵੱਲੋਂ ਇਸ ਸਬੰਧੀ ਕੀ ਜਵਾਬ ਦਿੱਤਾ ਗਿਆ, ਇਸ ਬਾਰੇ ਇਸ ਪ੍ਰਵਾਨੇ ਵਿਚ ਜ਼ਿਕਰ ਨਹੀਂ ਕੀਤਾ ਗਿਆ ਅਤੇ ਨਾ ਕਿਸੇ ਹੋਰ ਸਰੋਤ ਤੋਂ ਇਸ

[12] ਉਹੀ, ਬੰਡਲ ਨੰਬਰ 11, ਨੰਬਰ 138/144/148

ਸਬੰਧੀ ਕੋਈ ਜਾਣਕਾਰੀ ਮਿਲਦੀ ਹੈ। ਇਸ ਪ੍ਰਵਾਨੇ ਤੋਂ ਪਤਾ ਚੱਲਦਾ ਹੈ ਕਿ ਇਹ ਮੁਨਸ਼ੀ ਰਾਮ ਕਿਸ਼ਨ ਜੈਪੁਰ ਰਿਆਸਤ ਵੱਲੋਂ ਸਿੱਖਾਂ ਨਾਲ ਸੰਪਰਕ ਰੱਖਦਾ ਸੀ ਅਤੇ ਸਿੱਖਾਂ ਦੀਆਂ ਰਾਜਪੂਤਾਨੇ, ਦਿੱਲੀ ਅਤੇ ਜੈਪੁਰ ਰਿਆਸਤ ਦੇ ਇਲਾਕੇ ਦੇ ਆਸ-ਪਾਸ ਦੀਆਂ ਗਤੀਵਿਧੀਆਂ ’ਤੇ ਵੀ ਨਜਰ ਰੱਖਦਾ ਸੀ। ਉਹ ਸਿੱਖਾਂ ਨਾਲ ਸੰਪਰਕ ਕਰਨ ਵਾਲੀ ਹਰੇਕ ਰਾਜਨੀਤਕ ਸ਼ਕਤੀ ਦੀ ਖ਼ਬਰ ਜੈਪੁਰ ਦਰਬਾਰ ਨੂੰ ਭੇਜਦਾ ਸੀ। ਇਸੇ ਲਈ ਉਸ ਨੇ ਜਵਾਹਰ ਸਿੰਘ ਦੁਆਰਾ ਸਿੱਖਾਂ ਤੋਂ ਮਦਦ ਪ੍ਰਾਪਤ ਕਰਨ ਦੇ ਜਤਨ ਦੀ ਖਬਰ ਮਰਾਠਾ ਸਰਦਾਰ ਨੂੰ ਦਿੱਤੀ ਅਤੇ ਨਾਲ ਹੀ ਮਲਹਾਰ ਰਾਉ ਨੂੰ ਜਵਾਹਰ ਸਿੰਘ ਦੀ ਮਦਦ ਨਾ ਕਰਨ ਲਈ ਕਿਹਾ। ਸੰਭਵ ਹੈ ਕਿ ਮੁਨਸ਼ੀ ਰਾਮ ਕਿਸ਼ਨ ਨੇ ਸਿੱਖ ਸਰਦਾਰਾਂ ਨੂੰ ਵੀ ਬਹਾਦਰ ਸਿੰਘ ਵਿਰੁੱਧ ਜਵਾਹਰ ਸਿੰਘ ਦੀ ਮਦਦ ਨਾ ਕਰਨ ਲਈ ਮਨਾ ਲਿਆ ਹੋਵੇਗਾ।

ਇਸ ਤੋਂ ਪਿੱਛੋਂ ਜੈਪੁਰ ਦਰਬਾਰ ਦੇ ਠਾਕੁਰ ਰਾਜ ਸਿੰਘ ਹਮੀਰਦਾ ਦੁਆਰਾ ਆਪਣੇ ਅਧੀਨ ਇਕ ਠਾਕੁਰ ਰਾਜਾ ਇੰਦਰ ਸਿੰਘ ਨੂੰ ਮਿਤੀ ਫੱਗਣ ਵਦੀ 5 ਸੰਮਤ 1822 ਨੂੰ ਲਿਖੇ ਪ੍ਰਵਾਨੇ ਵਿਚ ਲਿਖਿਆ ਗਿਆ ਕਿ ਸਿੱਖ ਫੌਜ ਨੇ ਜੈਪੁਰ ਰਿਆਸਤ ਦੀ ਹੱਦ ਕੋਲ ਆ ਕੇ ਪੜਾਅ ਕੀਤਾ ਹੈ, ਇਸ ਲਈ ਜਲਦੀ ਚੰਗੀ ਫੌਜ ਲੈ ਕੇ ਪਹੁੰਚੋ। ਇਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਇਸ ਸਮੇਂ ਜਾਟ ਰਿਆਸਤ ਭਰਤਪੁਰ ਅਤੇ ਜੈਪੁਰ ਰਿਆਸਤ ਦੇ ਇਲਾਕੇ ਕੋਲ ਪਹੁੰਚ ਚੁੱਕੇ ਸਨ। ਇਸ ਸਮੇਂ ਸਿੱਖ ਰਾਜਾ ਜਵਾਹਰ ਸਿੰਘ ਦੀ ਬੇਨਤੀ ’ਤੇ ਉਸ ਦੀ ਸਹਾਇਤਾ ਲਈ ਮਰਾਠਿਆਂ ਖ਼ਿਲਾਫ ਲੜਾਈ ਵਿਚ ਮਦਦ ਕਰਨ ਗਏ ਸਨ। ਇਹ ਲੜਾਈ ਜਾਟ ਰਾਜਾ ਜਵਾਹਰ ਸਿੰਘ ਭਰਤਪੁਰ ਅਤੇ ਮਰਾਠਿਆਂ ਦਰਮਿਆਨ ਚੰਬਲ ਨਦੀ ਦੇ ਪੱਛਮ ਵਿਚ 14-15 ਮਾਰਚ 1766 ਈ. ਨੂੰ ਹੋਈ ਸੀ, ਜਿਸ ਵਿਚ ਜਵਾਹਰ ਸਿੰਘ ਨੇ ਸਿੱਖਾਂ ਦੀ ਮਦਦ ਨਾਲ ਮਰਾਠਿਆਂ ਨੂੰ ਬੁਰੀ ਤਰ੍ਹਾਂ ਹਰਾਇਆ ਸੀ ਅਤੇ ਬਹੁਤ ਸਾਰੇ ਮਰਾਠੇ ਸਰਦਾਰ ਜਖ਼ਮੀ ਹੋਏ ਤੇ ਚੋਟੀ ਦੇ ਮਰਾਠਾ ਜਰਨੈਲ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਸਮੇਂ ਸਿੱਖਾਂ ਦਾ ਜੈਪੁਰ ਰਿਆਸਤ ਦੇ ਇਲਾਕੇ ਵਿਚ ਕੋਈ ਦਖਲ-ਅੰਦਾਜ਼ੀ ਜਾਂ ਲੁੱਟ-ਮਾਰ ਆਦਿ ਕਰਨ ਦਾ ਕੋਈ ਇਰਾਦਾ ਨਹੀ ਸੀ ਪਰ ਜੈਪੁਰ ਰਿਆਸਤ ਸਿੱਖਾਂ ਦੇ ਅੱਗੇ ਲੰਘਣ ਸਮੇਂ ਵੀ ਪੂਰੀ ਤਰ੍ਹਾਂ ਚੌਕਸ ਸੀ।

ਇਸ ਤੋਂ ਲਗਭਗ ਦੋ ਸਾਲ ਮਗਰੋਂ ਜਦੋਂ ਇਕ ਵਾਰ ਫੇਰ ਭਰਤਪੁਰ ਦੇ ਰਾਜਾ ਜਵਾਹਰ ਸਿੰਘ ਨੇ ਸਹਾਇਤਾ ਕਰਨ ਬਦਲੇ ਸਿੱਖਾਂ ਨਾਲ ਤੈਅ ਕੀਤੀ ਰਾਸ਼ੀ ਨਾ ਦਿੱਤੀ ਤਾਂ ਸਿੱਖਾਂ ਨੇ

ਜਵਾਹਰ ਸਿੰਘ ਦੇ ਉੱਤਰ-ਪੱਛਮੀ ਇਲਾਕੇ ਵਿਚ ਤਬਾਹੀ ਮਚਾਈ ਤਾਂ ਜਵਾਹਰ ਸਿੰਘ ਨੇ ਸਿੱਖਾਂ ਨੂੰ ਪਿਛਲੀ ਰਾਸ਼ੀ ਦਾ ਭੁਗਤਾਨ ਕਰਨ ਦਾ ਵਚਨ ਦੇ ਕੇ ਅੱਗੋਂ ਜੈਪੁਰ ਰਿਆਸਤ ਖ਼ਿਲਾਫ ਮਦਦ ਕਰਨ ਲਈ ਹੋਰ ਰਾਸ਼ੀ ਦੇਣੀ ਤੈਅ ਕਰਕੇ ਸਿੱਖਾਂ ਨੂੰ ਆਪਣੀ ਸਹਾਇਤਾ ਕਰਨ ਲਈ ਮਨਾ ਲਿਆ। ਇਸ ਲਈ ਜੈਪੁਰ ਰਿਆਸਤ ਦੇ ਮਹਾਰਾਜਾ ਮਾਧੋ ਸਿੰਘ ਨੇ ਆਪਣੇ ਵਕੀਲ ਮੁਨਸ਼ੀ ਰਾਮ ਕਿਸ਼ਨ ਰਾਹੀਂ ਸਿੱਖਾਂ ਨੂੰ ਜਵਾਹਰ ਸਿੰਘ ਦੀ ਮਦਦ ਨਾ ਕਰਨ ਲਈ ਮਨਾਉਣ ਸਬੰਧੀ ਭੇਜਿਆ। ਇਸੇ ਦੌਰਾਨ ਹੀ ਸਵਾਈ ਮਾਧੋ ਸਿੰਘ ਦੀ ਚੇਤ ਵਦੀ 2 ਸੰਮਤ 1824, 5 ਮਾਰਚ 1768 ਈ. ਨੂੰ ਮੌਤ ਹੋ ਗਈ ਸੀ।[13] ਸਿੱਖਾਂ ਨੂੰ ਆਪਣੇ ਹੱਕ ਵਿਚ ਮਦਦ ਕਰਨ ਸਬੰਧੀ ਮਨਾਉਣ ਲਈ ਜੈਪੁਰ ਰਿਆਸਤ ਵੱਲੋਂ ਆਪਣੇ ਵਕੀਲ ਮੁਨਸ਼ੀ ਰਾਮ ਕਿਸ਼ਨ ਨੂੰ ਜਤਨ ਜਾਰੀ ਰੱਖਣ ਲਈ ਇਹ ਪ੍ਰਵਾਨਾ ਚੇਤ ਵਦੀ 6 ਸੰਮਤ 1825 (8 ਫਰਵਰੀ 1768) ਨੂੰ ਭੇਜਿਆ ਗਿਆ। ਇਸ ਪ੍ਰਵਾਨੇ ਵਿਚ ਮੁਨਸ਼ੀ ਰਾਮ ਕਿਸ਼ਨ ਨੂੰ ਕਿਹਾ ਗਿਆ ਕਿ ਸਿੱਖਾਂ ਨਾਲ ਗੱਲ-ਬਾਤ ਜਾਰੀ ਰੱਖੋ, ਜਿਵੇਂ ਕਿ ਸਵਰਗਵਾਸੀ ਮਹਾਰਾਜਾ ਨੇ ਤੁਹਾਡੇ ਜਿੰਮੇ ਇਹ ਕੰਮ ਲਗਾਇਆ ਸੀ। ਇਸ ਅਧਿਆਇ ਵਿਚਲੇ 'ਖਾਤੂਤ ਅਹਿਲਕਾਰਾਨ' ਸਿਰਲੇਖ ਵਿਚ ਸ਼ਾਮਿਲ ਚੇਤ ਵਦੀ 8 ਸੰਮਤ 1825 ਦੇ ਇਕ ਖਤ ਤੋਂ ਵੀ ਇਸ ਗੱਲ-ਬਾਤ ਸਬੰਧੀ ਪਤਾ ਚੱਲਦਾ ਹੈ ਕਿ ਮੁਨਸ਼ੀ ਰਾਮ ਕਿਸ਼ਨ ਨੇ ਸਿੱਖ ਸਰਦਾਰਾਂ ਨੂੰ ਭਰਤਪੁਰ ਦੀ ਮਦਦ ਨਾ ਕਰਨ ਲਈ ਮਨਾ ਲਿਆ ਸੀ। ਇਸ ਨਾਲ ਸਬੰਧਤ ਇਕ ਹੋਰ ਹਵਾਲਾ, ਜੋ ਇਸੇ ਅਧਿਆਇ ਵਿਚਲੇ 'ਅਰਜ਼ਦਾਸ਼ਤ/ਵਕੀਲ ਰਿਪੋਰਟ' ਵਿਚ ਸ਼ਾਮਿਲ ਹੈ ਵਿਚ ਵੈਸਾਖ ਵਦੀ 9 ਸੰਮਤ 1825 ਨੂੰ ਮਰਾਠਾ ਵਕੀਲ ਗੰਗਾਧਰ ਦੀ ਅਰਜ਼ਦਾਸ਼ਤ/ਵਕੀਲ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਜੈਪੁਰ ਰਿਆਸਤ ਵੱਲੋਂ ਸਿੱਖ ਸਰਦਾਰਾਂ ਨੂੰ ਦੋ ਲੱਖ ਰੁਪਏ ਦੇਣੇ ਕੀਤੇ ਸਨ ਜੋ ਦਿੱਲੀ ਵਿਚ ਹੁੰਡੀ ਰਾਹੀਂ ਸਿੱਖ ਸਰਦਾਰਾਂ ਨੂੰ ਮੁਨਸ਼ੀ ਰਾਮ ਕਿਸ਼ਨ ਅਤੇ ਨਰਸਿੰਘ ਦਾਸ ਰਾਹੀਂ ਪਹੁੰਚਾਏ ਗਏ ਸਨ।

ਚੇਤ ਵਦੀ 14 ਸੰਮਤ 1824 ਦੇ ਪ੍ਰਵਾਨੇ ਵਿਚਲੇ ਵੇਰਵੇ ਤੋਂ ਲੱਗਦਾ ਹੈ ਕਿ ਇਸ ਸਮੇਂ ਤੱਕ ਸਿੱਖਾਂ ਦੀ ਜੈਪੁਰ ਰਿਆਸਤ ਨਾਲ ਪੂਰੀ ਸਹਿਮਤੀ ਹਾਲੇ ਤੱਕ ਨਹੀਂ ਬਣੀ ਸੀ। ਇਸ

---

[13] ਉਪੇਂਦਰ ਨਾਥ ਸ਼ਰਮਾ, **ਮਹਾਰਾਜਾ ਜਵਾਹਰ ਸਿੰਘ ਔਰ ਉਤਰਾਧਿਕਾਰੀ**, ਪੰਨੇ 72-73 (ਹਿੰਦੀ); Jadunath Sarkar, *A History of Jaipur*, p 244.

ਪ੍ਰਵਾਨੇ ਵਿਚ ਸਿੱਖਾਂ ਦੀ ਜੈਪੁਰ ਰਿਆਸਤ ਦੀ ਮਦਦ ਕਰ ਰਹੇ ਮਰਾਠਿਆਂ ਦੀ ਫੌਜ ਨਾਲ ਲੜਾਈ ਹੋਣ ਦਾ ਸਮਾਚਾਰ ਪਤਾ ਲੱਗਦਾ ਹੈ। ਇਸ ਵਿਚੋਂ ਇਹ ਵੀ ਜਾਣਕਾਰੀ ਮਿਲਦੀ ਹੈ ਜਿੱਥੇ ਰਾਜਾ ਜਵਾਹਰ ਸਿੰਘ ਸਿੱਖਾਂ ਦੀ ਮਦਦ ਲੈ ਰਿਹਾ ਸੀ ਉਥੇ ਜੈਪੁਰ ਰਿਆਸਤ, ਮਰਾਠਿਆਂ ਦੀ ਸਹਾਇਤਾ ਲੈ ਰਹੀ ਸੀ। ਇਸ ਲੜਾਈ ਤੋਂ ਪਹਿਲਾਂ ਸਿੱਖਾਂ ਦੀ ਬਖਸ਼ੀ ਰਾਜ ਸਿੰਘ ਨਾਲ ਚਿੱਠੀ-ਪੱਤਰ ਹੋਣ ਅਤੇ ਸਵਾਈ ਮਾਧੋ ਸਿੰਘ ਦੀ ਮੌਤ ’ਤੇ ਅਫ਼ਸੋਸ ਵਜੋਂ ਸਾਰੇ ਸਿੱਖ ਸਰਦਾਰਾਂ ਵੱਲੋਂ ਸ਼ੋਕ ਮਤਾ ਭੇਜਣ ਸਬੰਧੀ ਹਵਾਲੇ ਵੀ ਮਿਲਦੇ ਹਨ, ਜੋ ਇਸੇ ਅਧਿਆਇ ਵਿਚ ਸ਼ਾਮਿਲ ‘ਖਾਤੂਤ ਅਹਿਲਕਾਰਾਨ’ ਸਿਰਲੇਖ ਵਿਚ ਸ਼ਾਮਿਲ ਚੇਤ ਵਦੀ 8 ਸੰਮਤ 1825 ’ਚੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਹੋ ਸਕਦਾ ਹੈ ਕਿ ਇਸ ਲੜਾਈ ਦੀ ਖਬਰ ਪਹਿਲਾਂ ਦੀ ਹੋਵੇ ਅਤੇ ਇਹ ਪ੍ਰਵਾਨਾ ਬਾਅਦ ਵਿਚ ਲਿਖਿਆ ਗਿਆ ਹੋਵੇ।

ਸੰਮਤ 1825 ਦੇ ਕੱਤਕ ਮਹੀਨੇ ਤੋਂ ਪਿੱਛੋਂ ਦੇ ਪ੍ਰਵਾਨਿਆ ਵਿਚ ਸਿੱਖਾਂ ਦੇ ਜੈਪੁਰ ਰਿਆਸਤ ਨਾਲ ਸਦਭਾਵਨਾ ਵਾਲੇ ਸਬੰਧ ਬਣਨ ਸਬੰਧੀ ਜਾਣਕਾਰੀ ਮਿਲਦੀ ਹੈ। ਕੱਤਕ ਵਦੀ 14 ਸੰਮਤ 1825 ਦੇ ਰਾਹਦਾਰੀ ਪ੍ਰਵਾਨੇ ਵਿਚ ਸਿੱਖ ਸਰਦਾਰ ਤਾਰਾ ਸਿੰਘ (ਗੈਬਾ ਮਿਸਲ ਡੱਲੇਵਾਲੀਆ) ਵੱਲੋਂ ਦਿਆਲ ਸਿੰਘ ਦੁਆਰਾ ਪੁਸ਼ਕਰ ਤੋਂ ਘੋੜੇ ਅਤੇ ਬਲਦ ਆਦਿ ਖਰੀਦ ਕੇ ਲਿਆਉਣ ਸਮੇਂ ਕਿਸ਼ਨਗੜ੍ਹ ਰਿਆਸਤ ਦੇ ਰਾਜਾ ਬਹਾਦਰ ਸਿੰਘ ਨੂੰ ਜੈਪੁਰ ਰਿਆਸਤ ਵੱਲੋਂ ਲਿਖਿਆ ਗਿਆ ਹੈ ਕਿ ਉਹ ਆਪਣੇ ਰਾਜ ਦੇ ਕਰਮਚਾਰੀਆਂ ਨੂੰ ਹਦਾਇਤ ਕਰ ਦੇਵੇ ਕਿ ਸਿੱਖ ਦਿਆਲ ਸਿੰਘ ਦੀ ਆਪਣੇ ਰਾਜ ਵਿਚ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਉਸ ਨੂੰ ਰਸਤੇ ਵਿਚ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਾ ਆਵੇ, ਇਸ ਲਈ ਉਸ ਦਾ ਸਾਥ ਦਿੱਤਾ ਜਾਵੇ। ਇਸ ਤਰ੍ਹਾਂ ਹੀ ਮਿਤੀ ਕੱਤਕ ਸੁਦੀ 6 ਸੰਮਤ 1825 ਦੇ ਪ੍ਰਵਾਨੇ ਵਿਚ ਵੀ ਰਾਜਾ ਬਹਾਦਰ ਸਿੰਘ (ਕਿਸ਼ਨਗੜ੍ਹ ਰਿਆਸਤ) ਨੂੰ ਲਿਖਿਆ ਗਿਆ ਕਿ ਸਿੱਖਾਂ ਦਾ ਗੁਮਾਸ਼ਤਾ (ਮੁਨੀਮ) ਜੈਪੁਰ ਰਿਆਸਤ ਦੇ ਵਕੀਲ ਨਰਸਿੰਘ ਦਾਸ ਨਾਲ ਪੁਸ਼ਕਰ ਤੋਂ ਘੋੜੇ, ਊਠ ਅਤੇ ਬਲਦ ਆਦਿ ਖਰੀਦ ਕੇ ਲਿਆ ਰਿਹਾ ਹੈ। ਆਪਣੇ ਰਾਜ ਦੇ ਕਰਮਚਾਰੀਆਂ ਨੂੰ ਉਨ੍ਹਾਂ ਦਾ ਖਿਆਲ ਰੱਖਣ ਅਤੇ ਲੋੜੀਂਦੀ ਸਹਾਇਤਾ ਦੇਣ ਸਬੰਧੀ ਕਿਹਾ ਜਾਵੇ ਤਾਂ ਜੋ ਉਹ ਰਾਜ ਦੀ ਹੱਦ ਵਿਚੋਂ ਸੁਰੱਖਿਅਤ ਆ ਜਾਣ। ਇਹਨਾਂ ਦੋਹਾਂ ਪ੍ਰਵਾਨਿਆਂ ਤੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਸਿੱਖਾਂ ਦੇ ਜੈਪੁਰ ਰਿਆਸਤ ਨਾਲ ਮਿੱਤਰਤਾ ਪੂਰਵਕ ਸਬੰਧ ਸਨ। ਇਸ ਸਮੇਂ ਸਿੱਖ ਪੁਸ਼ਕਰ ਦੇ ਮਸ਼ਹੂਰ ਮੇਲੇ

ਵਿਚੋਂ ਘੋੜੇ, ਊਠ ਆਦਿ ਪਸ਼ੂ ਖ਼੍ਰੀਦਣ ਜਾਂਦੇ ਸਨ। ਪੋਹ ਵਦੀ ਸੰਮਤ 1826 ਨੂੰ ਮਹਾਰਾਜਾ ਜੈਪੁਰ ਵੱਲੋਂ ਲਿਖੇ ਪ੍ਰਵਾਨੇ ਵਿਚ ਸਿੱਖ ਸਰਦਾਰ ਖੁਸ਼ਹਾਲ ਸਿੰਘ (ਸਿੰਘਪੁਰੀਆ ਮਿਸਲ) ਵੱਲੋਂ ਕੁਝ ਮੁਹਤਬਾਰ ਵਿਅਕਤੀਆਂ ਦੁਆਰਾ ਜੈਪੁਰ ਰਿਆਸਤ ਦੇ ਇਲਾਕੇ ਵਿਚੋਂ ਘੋੜੇ ਖਰੀਦਕੇ ਲੈ ਜਾਣ ਸਮੇਂ ਭਰਤਪੁਰ ਰਿਆਸਤ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਭਰਤਪੁਰ ਰਿਆਸਤ ਦੇ ਇਲਾਕੇ ਵਿਚ ਉਨ੍ਹਾਂ ਦਾ ਖਿਆਲ ਰੱਖਣ ਅਤੇ ਆਪਣੀ ਹੱਦ ਵਿਚ ਹਰ ਤਰ੍ਹਾਂ ਦੀ ਸਹਾਇਤਾ ਅਤੇ ਸੁਰੱਖਿਆ ਦੇਣ ਸਬੰਧੀ ਕਹਿਣ ਬਾਰੇ ਜਾਣਕਾਰੀ ਮਿਲਦੀ ਹੈ। ਇਸ ਪ੍ਰਵਾਨੇ ਦੇ ਵੇਰਵੇ ਤੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਸਿੱਖ ਸਰਦਾਰ ਕੇਵਲ ਪੁਸ਼ਕਰ ਤੋਂ ਹੀ ਘੋੜੇ ਆਦਿ ਨਹੀਂ ਸਨ ਖਰੀਦਦੇ, ਸਗੋਂ ਹੋਰ ਇਲਾਕਿਆਂ ਤੋਂ ਵੀ ਪਸ਼ੂ ਆਦਿ ਖਰੀਦਦੇ ਸਨ। ਸੰਭਵ ਹੈ ਕਿ ਉਸ ਸਮੇਂ ਜਿੱਥੋਂ ਵੀ ਵਧੀਆ ਪਸ਼ੂ ਮਿਲਦੇ ਸਨ ਉਹ ਉਥੋਂ ਹੀ ਖਰੀਦਣ ਜਾਂਦੇ ਸਨ। ਇਸ ਲਈ ਉਸ ਸਮੇਂ ਸਿੱਖਾਂ ਦੀ ਆਰਥਿਕ ਅਤੇ ਸਮਾਜਿਕ ਪੱਧਰ ’ਤੇ ਕਾਫੀ ਇੱਜਤ-ਸਨਮਾਨ ਦਾ ਵੀ ਪਤਾ ਚੱਲਦਾ ਹੈ। ਇਸ ਦੇ ਨਾਲ-ਨਾਲ ਸਿੱਖ ਉਸ ਸਮੇਂ ਤੱਕ ਆਰਥਿਕ ਤੌਰ ਤੇ ਵੀ ਕਾਫੀ ਮਜਬੂਤ ਹੋ ਗਏ ਲੱਗਦੇ ਸਨ ਤਾਂ ਹੀ ਉਹ ਪੁਸ਼ਕਰ ਦੇ ਪ੍ਰਸਿੱਧ ਪਸ਼ੂ ਮੇਲੇ ਵਿਚੋਂ ਵਧੀਆ ਕਿਸਮ ਦੇ ਘੋੜੇ, ਊਠ, ਬੈਲ ਆਦਿ ਖਰੀਦਦੇ ਹੋਣਗੇ। ਇਨ੍ਹਾਂ ਪ੍ਰਵਾਨਿਆਂ ਤੋਂ ਸਿੱਖਾਂ ਦੇ ਰਾਜਪੂਤਾਨੇ ਦੇ ਇਲਾਕਿਆਂ ਵਿਚਲੀਆਂ ਵਪਾਰਕ ਗਤੀਵਿਧੀਆਂ ਬਾਰੇ ਵੀ ਇਸ਼ਾਰਾ ਮਿਲਦਾ ਹੈ।

ਸਿੱਖਾਂ ਦੇ ਜਾਟ ਰਿਆਸਤ ਭਰਤਪੁਰ ਨਾਲ ਸਬੰਧਾਂ ਅਤੇ ਗਤੀਵਿਧੀਆਂ ਬਾਰੇ ਵੀ ਪ੍ਰਵਾਨਿਆਂ ’ਚੋਂ ਕਈ ਵੇਰਵੇ ਮਿਲਦੇ ਹਨ। ਚੇਤ ਵਦੀ 10 ਸੰਮਤ 1826 ਨੂੰ ਮਹਾਰਾਜਾ ਜੈਪੁਰ ਵੱਲੋਂ ਨਵਲ ਸਿੰਘ (ਨਾਇਬ ਭਰਤਪੁਰ ਰਾਜ) ਵੱਲ ਲਿਖੇ ਪ੍ਰਵਾਨੇ ਵਿਚੋਂ ਭਰਤਪੁਰ ਰਿਆਸਤ ਵੱਲੋਂ ਸਿੱਖਾਂ ਦੀ ਮਦਦ ਹਾਸਲ ਕਰਨ ਲਈ ਸਿੱਖ ਸਰਦਾਰਾਂ ਨਾਲ ਉਸ ਸਮੇਂ ਚੱਲ ਰਹੀ ਗੱਲ-ਬਾਤ ਦਾ ਪਤਾ ਚੱਲਦਾ ਹੈ। ਇਸ ਸਮੇਂ ਭਰਤਪੁਰ ਰਾਜ ਦੇ ਜਾਟ ਨਵਲ ਸਿੰਘ ਅਤੇ ਰਣਜੀਤ ਸਿੰਘ ਦੋਵਾਂ ਮਤਰੇਏ ਭਰਾਵਾਂ ਦਰਮਿਆਨ ਭਰਤਪੁਰ ਦੇ ਰਾਜਾ ਸਵਾਈ ਕੇਹਰੀ ਸਿੰਘ ਦੇ ਨਾਬਾਲਗ ਹੋਣ ਦੀ ਸੂਰਤ ਵਿਚ ਉਸ ਦੇ ਨਾਇਬ (ਮੁਖਤਿਆਰ) ਦੀ ਪੱਦਵੀ ਨੂੰ ਲੈ ਕੇ ਆਪਸੀ ਸੰਘਰਸ਼ ਚੱਲ ਰਿਹਾ ਸੀ। ਦੋਵੇਂ ਹੀ ਸਿੱਖਾਂ, ਮਰਾਠਿਆਂ, ਜੈਪੁਰ ਰਿਆਸਤ ਅਤੇ ਨਜ਼ੀਬੁਦੌਲਾ ਆਦਿ ਦੀ ਮਦਦ ਹਾਸਲ ਕਰਨ ਲਈ ਸਿਰਤੋੜ ਜਤਨ ਕਰ ਰਹੇ ਸਨ। ਇਸ ਤੋਂ ਇਲਾਵਾ ਮਰਾਠੇ ਵੀ ਭਰਤਪੁਰ ਰਿਆਸਤ ਦੇ ਇਲਾਕੇ ਵਿਚ ਲੁੱਟ-ਮਾਰ ਕਰ ਰਹੇ ਸਨ। ਇਸੇ ਸਬੰਧ

ਵਿਚ ਜੈਪੁਰ ਰਿਆਸਤ ਨੇ ਆਪਣੇ ਵੱਲੋਂ ਖ਼ਾਨਸਾਮਾ ਹਰਲਾਲ ਨੂੰ ਸੰਮਤ 1826 ਵਿਚ ਨਵਲ ਸਿੰਘ ਦੀ ਰਣਜੀਤ ਸਿੰਘ ਅਤੇ ਮਰਾਠਿਆਂ ਖਿਲਾਫ ਸਹਾਇਤਾ ਲਈ ਭੇਜਿਆ ਸੀ।[14] ਇਸ ਪ੍ਰਵਾਨੇ ਵਿਚੋਂ ਬਘੇਲ ਸਿੰਘ ਅਤੇ ਖੁਸ਼ਹਾਲ ਸਿੰਘ ਸਮੇਤ ਹੋਰਨਾਂ ਸਿੱਖ ਸਰਦਾਰਾਂ ਵੱਲੋਂ ਨਵਲ ਸਿੰਘ ਨੂੰ ਸਹਾਇਤਾ ਦੇਣ ਸਬੰਧੀ ਉਨ੍ਹਾਂ ਦਾ ਪੱਤਰ ਆਉਣ ਦਾ ਹਵਾਲਾ ਵੀ ਮਿਲਦਾ ਹੈ। ਇਸ ਪ੍ਰਵਾਨੇ ਵਿਚ ਸਿੱਖ ਸਰਦਾਰਾਂ ਨਾਲ ਭਰਤਪੁਰ ਦਾ ਇਤਫ਼ਾਕ ਹੋ ਜਾਣ ਸਬੰਧੀ ਵੀ ਜਾਣਕਾਰੀ ਮਿਲਦੀ ਹੈ।

ਮਿਤੀ ਮਾਘ ਸੁਦੀ 4 ਸੰਮਤ 1826 ਨੂੰ ਮਹਾਰਾਜਾ ਜੈਪੁਰ ਵੱਲੋਂ ਆਪਣੇ ਅਹਿਲਕਾਰਾਂ ਨੂੰ ਲਿਖੇ ਪ੍ਰਵਾਨੇ ਤੋਂ ਪਤਾ ਲੱਗਦਾ ਹੈ ਕਿ ਇਸ ਸਮੇਂ ਸਿੱਖ ਕਾਮ੍ਹਾਂ[15] ਦੇ ਇਲਾਕੇ ਵੱਲ ਪਹੁੰਚੇ ਹੋਏ ਸਨ ਅਤੇ ਇਸ ਸਮੇਂ ਉਨ੍ਹਾਂ ਦੀਆਂ ਜੰਗੀ ਗਤੀਵਿਧੀਆਂ ਭਰਤਪੁਰ ਰਿਆਸਤ ਅਧੀਨ ਆਉਂਦੇ ਮੇਵਾਤ ਦੇ ਇਲਾਕੇ ਦੇ ਆਸ-ਪਾਸ ਚੱਲ ਰਹੀਆਂ ਸਨ। ਜੈਪੁਰ ਰਿਆਸਤ ਸਿੱਖਾਂ ਦੀ ਇਸ ਪਾਸੇ ਆਮਦ ਤੋਂ ਪੂਰੀ ਤਰ੍ਹਾਂ ਚੌਕਸ ਸੀ। ਇਸ ਸਮੇਂ ਸਿੱਖਾਂ ਨੇ ਭਰਤਪੁਰ ਰਿਆਸਤ ਦੇ ਮੇਵਾਤ ਤੋਂ ਪਲਵਲ ਤੱਕ ਬਹੁਤ ਸਾਰੇ ਇਲਾਕਿਆਂ ਵਿਚ ਲੁੱਟ-ਮਾਰ ਕੀਤੀ। ਭਰਤਪੁਰ ਰਿਆਸਤ ਦੇ ਸਵ. ਰਾਜਾ ਜਵਾਹਰ ਸਿੰਘ ਨੇ ਸਿੱਖਾਂ ਨੂੰ ਆਪਣੀ ਮਦਦ ਕਰਨ ਬਦਲੇ ਜੋ ਪੈਸੇ ਦੇਣ ਦਾ ਵਚਨ ਦਿੱਤਾ ਸੀ ਉਹ ਉਸ ਨੇ ਨਹੀਂ ਦਿੱਤੇ ਸਨ ਇਸ ਲਈ ਸਿੱਖਾਂ ਨੇ ਉਸ ਦੇ ਉਤਰਾਧਿਕਾਰੀਆਂ ਤੋਂ ਇਹ ਰਕਮ ਮੰਗੀ ਤਾਂ ਉਨ੍ਹਾਂ ਨੇ ਵੀ ਇਸ ਨੂੰ ਟਾਲਣ ਦਾ ਜਤਨ ਕੀਤਾ ਸੀ। ਇਸ ਲਈ ਜਾਟ ਰਿਆਸਤ 'ਤੇ ਦਬਾਅ ਬਣਾਉਣ ਲਈ ਸਿੱਖਾਂ ਨੇ ਉਨ੍ਹਾਂ ਦੇ ਇਲਾਕੇ ਦੇ ਜਗੀਰਦਾਰਾਂ ਅਤੇ ਪ੍ਰਬੰਧਕਾਂ ਅਧੀਨ ਕਿਲ੍ਹਿਆਂ, ਗੜ੍ਹੀਆਂ ਆਦਿ ਨੂੰ ਜਾ ਘੇਰਿਆ। ਜੈਪੁਰ ਦੀ ਰਾਜ ਮਾਤਾ ਵੱਲੋਂ ਭਰਤਪੁਰ ਦੇ ਰਾਜ-ਮੁਖਤਿਆਰ ਨਵਲ ਸਿੰਘ ਨੂੰ ਫੱਗਣ ਸੁਦੀ 8 ਸੰਮਤ 1826 ਨੂੰ ਇਕ ਪ੍ਰਵਾਨਾ ਨਵਲ ਸਿੰਘ ਵੱਲੋਂ ਆਈ ਅਰਜ਼ਦਾਸ਼ਤ, ਜੋ ਇਸ ਅਧਿਆਇ ਵਿਚਲੇ 'ਅਰਜ਼ਦਾਸ਼ਤ/ਵਕੀਲ ਰਿਪੋਰਟ' ਵਾਲੇ ਸਿਰਲੇਖ ਵਿਚ ਸ਼ਾਮਿਲ ਹੈ, ਦੇ ਉੱਤਰ ਵਿਚ ਲਿਖਿਆ ਗਿਆ ਸੀ। ਜਿਸ ਵਿਚ ਸਿੱਖਾਂ ਨਾਲ ਜਾਟਾਂ ਦੀ ਫੌਜ ਦੀ ਫੱਗਣ ਵਦੀ 14 ਸ਼ਨੀਵਾਰ ਸੰਮਤ 1826 ਨੂੰ ਲੜਾਈ ਹੋਣ ਤੇ ਇਕ ਨਾਮੀ ਸਿੱਖ ਸਰਦਾਰ ਦੇ ਮਾਰੇ ਜਾਣ ਅਤੇ ਬਹੁਤ ਸਾਰਿਆਂ ਦੇ ਜ਼ਖ਼ਮੀ ਹੋਣ ਦਾ ਪਤਾ ਚੱਲਦਾ ਹੈ। ਇਸ ਲੜਾਈ ਵਿਚ ਸਿੱਖਾਂ ਦਾ ਵਹੀਰ ਲੁੱਟੇ

---

14 ਉਪੇਂਦਰ ਨਾਥ ਸ਼ਰਮਾ, ਪੰਨੇ 174-177.
15 ਉਹੀ, ਪੰਨੇ 173-174.

ਜਾਣ ਦੀ ਵੀ ਜਾਣਕਾਰੀ ਮਿਲਦੀ ਹੈ। ਇਹ ਲੜਾਈ ਪਿੰਡ ਕੋਸੀ ਤੋਂ ਕੋਟਵਾਨੰਦ ਅਤੇ ਸਰਾਇ ਹੋਡਲ ਤੱਕ ਹੋਈ ਸੀ ਅਤੇ ਅਗਲੇ ਦਿਨ ਪਿੰਡ ਹਥੀਨ (ਨੇੜੇ ਪਲਵਲ) ਤੱਕ ਜਾਟ ਫੌਜਾਂ ਨੇ ਸਿੱਖਾਂ ਦਾ ਪਿੱਛਾ ਕੀਤਾ ਸੀ। ਇਸ ਘਟਨਾ ਦਾ ਜ਼ਿਕਰ ਮਹਾਰਾਜਾ ਜੈਪੁਰ ਵੱਲੋਂ ਨਵਲ ਸਿੰਘ ਨੂੰ ਲਿਖੇ ਪ੍ਰਵਾਨੇ ਵਿਚ ਵੀ ਕੀਤਾ ਗਿਆ ਹੈ। ਇਸ ਸਮੇਂ ਜਿਸ ਸਿੱਖ ਸਰਦਾਰ ਦੇ ਮਾਰੇ ਜਾਣ ਸਬੰਧੀ ਜ਼ਿਕਰ ਇਸ ਪ੍ਰਵਾਨੇ ਵਿਚ ਆਇਆ ਹੈ ਸ਼ਾਇਦ ਉਹ ਸਰਦਾਰ ਕਰੋੜਾ ਸਿੰਘ ਬਰਕੀ ਵਾਲਾ ਹੋ ਸਕਦਾ ਹੈ ਜਿਸ ਦੇ ਨਾਮ ਤੋਂ ਕਰੋੜ ਸਿੰਘੀਆ ਮਿਸਲ ਦਾ ਨਾਮ ਪਿਆ ਸੀ।[16]

ਇਸ ਤਰ੍ਹਾਂ ਇਨ੍ਹਾਂ ਪ੍ਰਵਾਨਿਆਂ ਵਿਚ ਸਿੱਖ ਮਿਸਲਾਂ ਦੀਆਂ ਭੂਤਪੂਰਵ ਜੈਪੁਰ ਅਤੇ ਭਰਤਪੁਰ ਰਿਆਸਤਾਂ ਨਾਲ ਸਬੰਧਾਂ ਅਤੇ ਰਾਜਪੂਤਾਨੇ, ਮੇਵਾਤ ਅਤੇ ਬ੍ਰਜ ਆਦਿ ਦੇ ਇਲਾਕਿਆਂ ਵਿਚ ਸਿੱਖਾਂ ਦੀਆਂ ਸੰਮਤ 1822 ਤੋਂ 1826 ਸੰਮਤ (1765-1770 ਈ.) ਦੌਰਾਨ ਦੀਆਂ ਸੈਨਿਕ ਕਾਰਵਾਈਆਂ ਬਾਰੇ ਤਾਰੀਖਾਂ ਅਤੇ ਘਟਨਾਵਾਂ ਆਦਿ ਸਮੇਤ ਅਹਿਮ ਜਾਣਕਾਰੀ ਮਿਲਦੀ ਹੈ।

## 2. ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ:

ਅਰਜ਼ਦਾਸ਼ਤ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਬੇਨਤੀ-ਪੱਤਰ ਜਾਂ ਅਰਜ਼ੀ।[17] ਇਹ ਸ਼ਬਦ ਹਿੰਦੋਸਤਾਨ ਵਿਚ ਮੁਸਲਮਾਨ ਰਾਜ ਸਤਾ ਦੇ ਆਉਣ ਨਾਲ ਰਾਜਸੀ ਅਤੇ ਪ੍ਰਸ਼ਾਸਨਿਕ ਖੇਤਰ ਦੇ ਅਦਾਰਿਆਂ ਵਿਚ ਸ਼ੁਰੂ ਹੋਇਆ। ਬਾਦਸ਼ਾਹ ਦੇ ਹੇਠਲੇ ਅਧਿਕਾਰੀਆਂ ਤੋਂ ਲੈ ਕੇ ਅਰਦਲੀ ਅਤੇ ਸਾਧਾਰਨ ਵਿਅਕਤੀ ਤੱਕ ਨੂੰ ਆਪਣੇ ਤੋਂ ਉਪਰਲੇ ਕਿਸੇ ਅਧਿਕਾਰੀ ਜਾਂ ਰਾਜਸੀ ਹਸਤੀ ਨੂੰ ਆਪਣੀ ਕੋਈ ਵੀ ਗੱਲ ਲਿਖਤੀ ਤੌਰ ’ਤੇ ਕਹਿਣ ਲਈ ਬੇਨਤੀ ਅਰਜ਼ੀ ਜਾਂ ਅਰਜ਼ਦਾਸ਼ਤ ਰੂਪ ਵਿਚ ਲਿਖੀ ਜਾਂਦੀ ਸੀ। ਇਸੇ ਤਰ੍ਹਾਂ ਕਿਸੇ ਰਾਜਨੀਤਿਕ ਸ਼ਕਤੀ ਰਾਜੇ-ਮਹਾਰਾਜੇ ਆਦਿ ਦੇ ਵਕੀਲਾਂ ਦੁਆਰਾਂ ਆਪਣੇ ਮਾਲਕ ਜਾਂ ਉਸ ਦੇ ਕਿਸੇ ਅਹਿਲਕਾਰ ਨੂੰ ਲਿਖੀ ਜਾਂਦੀ ਸਥਿਤੀ (ਵਾਕਿਆ) ਰਿਪੋਰਟ ਨੂੰ ਵੀ ਅਰਜ਼ਦਾਸ਼ਤ ਜਾਂ ਅਰਜ਼ੀ ਕਿਹਾ ਜਾਂਦਾ ਸੀ।

ਹਿੰਦੋਸਤਾਨ ਦੇ ਕੇਂਦਰੀ ਪ੍ਰਸ਼ਾਸਨਿਕ ਅਤੇ ਰਾਜਨੀਤਕ ਖੇਤਰ ਵਾਂਗ ਰਾਜਪੂਤਾਨੇ ਵਿਚਲੀਆਂ ਰਿਆਸਤਾਂ ਦੇ ਰਾਜਨੀਤਕ ਅਤੇ ਪ੍ਰਸ਼ਾਸਨਿਕ ਢਾਂਚੇ ਵਿਚ ਵੀ ਇਹ ਅਰਜ਼ਦਾਸ਼ਤਾਂ

---

16 Bhagat Singh, *A History of the Sikh Misals*, pp 272-274.

17 **ਫ਼ਾਰਸੀ ਪੰਜਾਬੀ ਕੋਸ਼**, ਪੰਨਾ 484.

ਪ੍ਰਚੱਲਿਤ ਸਨ। ਏਥੇ ਰਾਜਸਥਾਨੀ ਅਤੇ ਫ਼ਾਰਸੀ ਦੋਹਾਂ ਭਾਸ਼ਾਵਾਂ ਵਿਚ ਅਰਜ਼ਦਾਸ਼ਤਾਂ ਮਿਲਦੀਆਂ ਹਨ। ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਨਾਲ ਸਬੰਧਤ ਸਰਕਾਰੀ ਰਿਕਾਰਡ ਦੀ ਸਮੱਗਰੀ ਵਿਚ ਮੌਜੂਦ ਰਾਜਸਥਾਨੀ ਭਾਸ਼ਾ ਵਿਚ ਲਿਖਤ ਕੁਝ ਅਰਜ਼ਦਾਸ਼ਤਾਂ ਵਿਚੋਂ 18ਵੀਂ ਸਦੀ ਦੇ ਸਤਵੇਂ ਦਹਾਕੇ ਦੇ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਅਹਿਮ ਜਾਣਕਾਰੀ ਮਿਲਦੀ ਹੈ। ਏਥੇ ਵਿਚਾਰਧੀਨ ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ ਵਿਚ ਜੈਪੁਰ ਰਿਕਾਰਡ ਦੇ ਵੱਖ-ਵੱਖ ਬੰਡਲਾਂ ਵਿਚੋਂ ਲਈਆਂ ਗਈਆਂ ਹਨ। ਇਸ ਅਧਿਆਇ ਵਿਚ ਜੈਪੁਰ ਰਿਆਸਤ ਦੇ ਅਹਿਲਕਾਰਾਂ, ਜੈਪੁਰ ਰਿਆਸਤ ਅਤੇ ਮਰਾਠਿਆਂ ਦੇ ਵਕੀਲਾਂ ਅਤੇ ਭਰਤਪੁਰ ਰਿਆਸਤ ਦੇ ਅਹਿਲਕਾਰਾਂ ਦੀਆਂ ਅਰਜ਼ਦਾਸ਼ਤਾਂ ਸ਼ਾਮਿਲ ਹਨ। ਸਿੱਖਾਂ ਨਾਲ ਸਬੰਧਿਤ ਜਾਣਕਾਰੀ ਦੇਣ ਵਾਲੀਆਂ ਅਰਜ਼ਦਾਸ਼ਤਾਂ ਦਾ ਪੰਜਾਬੀ ਅਨੁਵਾਦ ਦਿੱਤਾ ਗਿਆ ਹੈ। ਅਨੁਵਾਦ ਕਰਦੇ ਸਮੇਂ ਕੁਝ ਅਰਜ਼ਦਾਸ਼ਤਾਂ ਦੇ ਕਾਗਜ਼ ਸਿਉਂਕ ਨਾਲ ਵਿਚੋਂ ਖਾਧੇ ਹੋਣ ਕਰਕੇ ਅਤੇ ਕੁਝ ਦੇ ਕਈ ਥਾਵਾਂ ਤੋਂ ਅੱਖਰ ਬਹੁਤ ਧੁੰਦਲੇ ਹੋ ਜਾਣ ਕਰਕੇ ਪੂਰੀ ਲਿਖਤ ਦਾ ਸਹੀ ਪਤਾ ਨਹੀਂ ਚਲਦਾ। ਇਸ ਲਈ ਉਨ੍ਹਾਂ ਥਾਵਾਂ ਤੇ ਖੱਪੇ ਰਹਿ ਗਏ ਹਨ। ਕੁਝ ਥਾਵਾਂ 'ਤੇ ਚੱਲ ਰਹੀ ਗੱਲ ਦੀ ਅਗਲੇ-ਪਿਛਲੇ ਸ਼ਬਦਾਂ ਅਤੇ ਵਾਕ ਦੇ ਭਾਵਾਂ ਤੋਂ ਅੰਦਾਜ਼ਾ ਲਗਾ ਕੇ ਚੌਰਸ ਬਰੈਕਟ ਵਿਚ ਸ਼ਬਦ ਲਿਖ ਕੇ ਉਨ੍ਹਾਂ ਥਾਵਾਂ ਨੂੰ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ।

## 2.1. ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਬਾਰੇ ਸੰਖੇਪ ਵੇਰਵੇ ਅਤੇ ਉਨ੍ਹਾਂ ਦਾ ਪੰਜਾਬੀ ਅਨੁਵਾਦ:

### 2.1.1. ਅਰਜ਼ਦਾਸ਼ਤ/ਵਕੀਲ ਰਿਪੋਰਟ ਮਿਤੀ ਚੇਤ ਵਦੀ 2, ਸੰਮਤ 1825[18] (5 ਮਾਰਚ 1768 ਈ.)

**ਅਰਜ਼ਦਾਸ਼ਤ/ਵਕੀਲ ਰਿਪੋਰਟ ਸਬੰਧੀ ਸੰਖੇਪ ਜਾਣਕਾਰੀ**: ਇਹ ਅਰਜ਼ਦਾਸ਼ਤ/ਵਕੀਲ ਰਿਪੋਰਟ ਜੈਪੁਰ ਰਿਆਸਤ ਵੱਲੋਂ ਨਵਾਬ ਨਜ਼ੀਬੁਦੌਲਾ ਰੁਹੇਲੇ ਕੋਲ ਨਿਯੁਕਤ ਵਕੀਲ ਬਹਾਦਰ ਸਿੰਘ ਗੰਗਾਬਿਸ਼ਨ ਵੱਲੋਂ ਜੈਪੁਰ ਰਿਆਸਤ ਦੇ ਦੀਵਾਨ ਸੰਗਹੀ ਜੀਵ ਰਾਜ ਨੂੰ ਲਿਖੀ ਗਈ ਹੈ। ਇਸ

[18] **ਅਮੇਰ ਅਭਿਲੇਖ,** ਬੰਡਲ ਨੰਬਰ 150, ਨੰਬਰ 18.

ਦਾ ਕਾਗਜ਼ ਮਟਮੈਲੇ ਰੰਗ ਦਾ ਅਤੇ ਤਸੱਲੀਬਖਸ਼ ਹਾਲਤ ਵਿਚ ਹੈ। ਲਿਖਾਈ ਸਾਫ਼-ਸੁਥਰੀ ਅਤੇ ਭਾਸ਼ਾ ਢੂੰਢਾੜੀ ਰਾਜਸਥਾਨੀ ਹੈ। ਪੱਤਰ ਵਿਚ ਫ਼ਾਰਸੀ ਭਾਸ਼ਾ ਦੀ ਕਾਫੀ ਸ਼ਬਦਾਵਲੀ ਵਰਤੀ ਗਈ ਹੈ। ਸਾਰਾ ਪੱਤਰ ਇਕ ਹੀ ਪੰਨੇ 'ਤੇ ਲਿਖਿਆ ਹੋਇਆ ਹੈ। ਅਖੀਰਲੀਆਂ ਪੰਕਤੀਆਂ ਕਾਗਜ਼ ਦੇ ਉੱਪਰਲੇ ਹਿੱਸੇ ਦੇ ਖੱਬੇ ਪਾਸੇ ਹਾਸ਼ੀਏ ਵਿਚ ਉੱਪਰ ਤੋਂ ਹੇਠਾਂ ਨੂੰ ਟੇਢੇ ਰੁਖ ਨੂੰ ਲਿਖੀਆਂ ਹਨ।

॥ਸਿਧਿ ਸ੍ਰੀ ਸਰਵ ਉਪਮਾ ਬਿਰਾਜਮਾਨ ਸੰਗਹੀ ਜੀਵ ਰਾਜ ਜੀ ਜੋਗ। ਲਿਖਤੁਮ ਬਹਾਦਰ ਸਿੰਘ ਗੰਗਾ ਬਿਸ਼ਨ ਵੱਲੋਂ ਸਲਾਮ ਪ੍ਰਵਾਨ ਕਰਨੀ ਜੀ। ਏਥੋਂ ਦਾ ਸਮਾਚਾਰ ਸ੍ਰੀ ਜੀ ਦੀ ਨਜ਼ਰ ਕਰਕੇ ਭਲਾ ਹੈ ਆਪ ਦਾ ਸਦਾ ਸੁਖ ਸਮਾਚਾਰ ਦੇਹ ਆਰੋਗਤਾ ਚਾਹੀਦੀ ਹੈ। ਉਪਰੰਤ ਆਪ ਦਾ ਇਨਾਇਤਨਾਮਾ ਆਇਆ, ਸਮਾਚਾਰ ਪਤਾ ਲੱਗੇ, ਸਿਰ ਉੱਚਾ ਹੋਇਆ। (ਤੁਸੀਂ) ਲਿਖਿਆ ਜੋ ਸ਼ਾਹ (ਅਹਿਮਦ ਸ਼ਾਹ ਅਬਦਾਲੀ) ਦੀ ਤਾਜ਼ੀ ਖ਼ਬਰ ਨਵਾਬ ਸਾਹਿਬ ਕੋਲ (ਅਬਦਾਲੀ ਦੀ ਫੌਜ ਸਬੰਧੀ) ਆਈ ਹੋਵੇ ਤਾਂ ਲਿਖ ਦੇਣਾ। ਸੋ ਸਾਹਿਬ ਨਵਾਬ (ਨਜ਼ੀਬੁਦੌਲਾ) ਸਾਹਿਬ ਨੂੰ ਅਰਜ਼ ਹੋਈ ਹੈ ਕਿ ਸ਼ਾਹ (ਅਬਦਾਲੀ) ਦਾ ਪੜਾਅ ਝੰਗ ਸਿਆਲ (ਵਿਚ) ਹੈ। ਝੰਗ ਸਿਆਲ ਗੁਜਰਾਤ (ਪੰਜਾਬ ਵਿਚ) ਤੋਂ ਪੰਜਾਹ ਕੋਹ ਮੁਲਤਾਨ ਵਾਲੇ ਪਾਸੇ ਹੈ। ਨਵਾਬ ਸਾਹਿਬ ਨੇ ਇਹ ਖਬਰ (ਅਬਦਾਲੀ ਸਬੰਧੀ) ਸੁਣ ਕੇ ਆਉਣ ਲਈ ਹਰਕਾਰਿਆਂ ਦੀਆਂ ਚਾਰ ਜੋੜੀਆਂ ਸ਼ਾਹ ਦੇ ਲਸ਼ਕਰ ਵੱਲ ਭੇਜੀਆਂ ਹਨ, ਉਨ੍ਹਾਂ (ਹਰਕਾਰਿਆਂ) ਦਾ ਇੰਤਜ਼ਾਰ ਹੈ। ਸਿੱਖਾਂ ਵੱਲ ਵੇਖਦੇ ਹਾਂ? ਸਿੱਖ ਸਾਰੇ ਹੀ ਹੋਲੀ 'ਤੇ (ਹੋਲੇ-ਮਹੱਲੇ) ਮਾਖੋਵਾਲ (ਅਨੰਦਪੁਰ ਸਾਹਿਬ) ਜਮ੍ਹਾ ਹੋਏ ਹਨ, ਹੁਣ ਵੇਖਦੇ ਹਾਂ ਕਿ ਉਹ (ਸਿੱਖ) ਕਿਧਰ ਨੂੰ ਰੁਖ ਕਰਦੇ ਹਨ ਅਤੇ ਨਵਾਬ ਸਾਹਿਬ ਜਲਾਲਾਬਾਦ (ਉੱਤਰ ਪ੍ਰਦੇਸ਼) ਵਿਚ ਗੜ੍ਹ ਦੀ ਤਿਆਰੀ ਵਿਚ ਰੁੱਝਾ ਹੋਇਆ ਹੈ। ਉਹ ਨਜ਼ੀਬਾਬਾਦ ਜਾਂ ਕੁੰਜਪੁਰੇ ਵੱਲ ਫੌਜ ਦੀ ਮੌਜੂਦਗੀ ਵੇਖਦਾ ਹੈ। (ਉਸ ਨੂੰ) ਦੋ-ਤਿੰਨ ਸਾਲਾਂ (ਅਬਦਾਲੀ ਦੇ ਹਮਲਿਆਂ) ਦਾ ਤਜ਼ਰਬਾ ਹੋ ਗਿਆ ਹੈ, ਉਸ (ਨਜ਼ੀਬੁਦੌਲਾ) ਉੱਤੇ (ਅਬਦਾਲੀ) ਮਿਹਰਬਾਨੀ ਰੱਖਦਾ ਹੈ ਤੇ ਮਿਹਰ ਦੀ ਨਜ਼ਰ ਨਾਲ ਦੇਖਦਾ ਹੈ। (ਨਜ਼ੀਬੁਦੌਲਾ) ਮੈਨੂੰ (ਜੈਪੁਰ ਦੇ ਵਕੀਲ ਨੂੰ ਅਬਦਾਲੀ ਨੂੰ ਦੇਣ ਲਈ ਪੈਸੇ ਤਿਆਰ ਰੱਖਣ ਲਈ) ਖਰਚ ਦੀ ਪੱਕੀ ਕਰਦਾ ਹੈ।

ਜਾਗੀਰ ਦੀ ਸਨਦ (ਪੱਕੀ ਲਿਖਤ) ਹੁਣ ਤੱਕ ਪਹੁੰਚੀ ਨਹੀਂ ਜਿਸ ਨਾਲ (ਜਾਗੀਰ ’ਤੇ) ਅਮਲ (ਕਬਜ਼ਾ) ਰੱਖ ਸਕਾਂ, ਪਿੰਡਾਂ ਵਿਚ ਸ਼ਾਹੂਕਾਰ (ਮੇਰਾ) ਇਤਬਾਰ ਨਹੀਂ ਕਰਦੇ।[19] ਉਨ੍ਹਾਂ ਦੀ ਵੀ ਗੱਲ ਸਿਆਣੀ ਹੈ। ਡਿਉੜੀ ਦੇ ਦਰੋਗੇ ਵੱਲੋਂ ਮਿਹਰਬਾਨੀ ਕਰਕੇ ਪ੍ਰਵਾਨਗੀ ਦਿਵਾਈ ਗਈ ਸੀ, ਸੋ ਹੁਣ ਫੇਰ ਪੱਕੀ ਕਰਕੇ, ਸਨਦ ਪੱਕੀ ਕਰਾ ਦੇਵੇ ਤਾਂ ਸ਼ਾਹੂਕਾਰਾਂ ਨਾਲ ਸਲੂਕ (ਨੇੜਤਾ) ਕਰਕੇ ਡੇਰੇ ਵਗੈਰਾ ਦੀ ਮੁਰੰਮਤ ਕਰਾ ਕੇ ਨਵਾਬ ਸਾਹਿਬ ਕੋਲ ਹਾਜ਼ਰ ਹੋ ਜਾਵਾਂ।

ਮਿਤੀ ਚੇਤ ਵਦੀ 2 ਸੰਮਤ 1824.

### 2.1.2. ਅਰਜ਼ਦਾਸ਼ਤ ਮਿਤੀ ਚੇਤ ਸੁਦੀ 1 ਸੰਮਤ 1824[20] (9 ਮਾਰਚ 1768 ਈ.)

**ਅਰਜ਼ਦਾਸ਼ਤ ਸਬੰਧੀ ਸੰਖੇਪ ਜਾਣਕਾਰੀ**: ਇਹ ਅਰਜਦਾਸ਼ਤ ਬੰਕਾਵਤ ਖਾਂਪ ਦੇ ਕਛਵਾਹਾ ਠਾਕੁਰ ਸੰਪਤੀ ਰਾਮ ਵੱਲੋਂ ਕਾਮ੍ਹਾਂ ਪ੍ਰਗਨੇ ਦੇ ਇਲਾਕੇ ਵਿਚੋਂ ਮਹਾਰਾਜਾ ਜੈਪੁਰ ਨੂੰ ਲਿਖੀ ਗਈ। ਇਸ ਪੱਤਰ ਦੀ ਲਿਖਾਈ ਸਾਫ਼ ਅਤੇ ਭਾਸ਼ਾ ਸਰਲ ਤੇ ਟਕਸਾਲੀ ਰਾਜਸਥਾਨੀ ਹੈ। ਕਾਗਜ਼ ਦੀ ਹਾਲਤ ਤਸੱਲੀਬਖਸ਼ ਅਤੇ ਪੜ੍ਹਨਯੋਗ ਹੈ।

।।ਸ਼੍ਰੀ ਰਾਮ ਜੀ

ਸ਼੍ਰੀ ਮਹਾਰਾਜਾ ਧਿਰਾਜ ਸਲਾਮਤ

ਅਰਜ਼ ਸੰਪਤੀ ਰਾਮ ਵਾਂਕਾਵਤ ਦੀ ਪਤਾ ਚੱਲੇ। ਸ਼੍ਰੀ ਹਜ਼ੂਰੀ ਦਾ ਪ੍ਰਵਾਨਾ ਆਇਆ ਮੱਥੇ ਚੜ੍ਹਾ ਕੇ ਪ੍ਰਵਾਨ ਕੀਤਾ। ਹੁਕਮ ਅਨੁਸਾਰ ਕਬੀਲੇ (ਪਰਿਵਾਰ) ਸਮੇਤ ਕਾਮ੍ਹਾਂ ਵਿਚ ਚਾਕਰੀ (ਨੌਕਰੀ) ’ਤੇ ਹਾਜ਼ਰ ਹਾਂ, ਇਸ ਪਾਸੇ ਹੀ (ਜੈਪੁਰ ਰਿਆਸਤ ਦੀ) ਰਾਜਾ ਸਰਦੂਲ ਸਿੰਘ ਦੇ ਕਹਿਣ ਮੁਤਾਬਕ ਖਾਤਰਦਾਰੀ ਕਰ ਰਿਹਾ ਹਾਂ। ਸਿੱਖਾਂ ਦੀ ਫੌਜ ਅਤੇ ਜਾਟਾਂ ਦੀ ਫੌਜ ਕਰਕੇ ਜਗੀਰਦਾਰੀ ਬੈਠਕ (ਠਿਕਾਣਾ) ਅਤੇ ਜਾਗੀਰ ਦਾ ਬੰਦੋਬਸਤ ਬਰਬਾਦ ਹੋ ਗਿਆ ਹੈ, ਜੋ ਸ਼੍ਰੀ (ਮਹਾਰਾਜਾ) ਜੀ ਦੇ ਧਿਆਨ ਵਿਚ ਆਇਆ ਹੋਵੇਗਾ। ਮਿਤੀ ਚੇਤ ਸੁਦੀ 1 ਸੰਮਤ 1824

### 2.1.3. ਅਰਜ਼ਦਾਸ਼ਤ/ਵਕੀਲ ਰਿਪੋਰਟ ਚੇਤ ਵਦੀ 6 ਸੰਮਤ 1825[21] (9 ਮਾਰਚ 1768 ਈ.)

**ਅਰਜ਼ਦਾਸ਼ਤ/ਵਕੀਲ ਰਿਪੋਰਟ ਸਬੰਧੀ ਸੰਖੇਪ ਜਾਣਕਾਰੀ**: ਇਹ ਅਰਜ਼ਦਾਸ਼ਤ/ਵਕੀਲ ਰਿਪੋਰਟ ਮਰਾਠਿਆਂ ਦੇ ਵਕੀਲ ਗੰਗਾਧਰ ਵੱਲੋਂ ਦਰੋਗਾ ਰਘੂਨਾਥ ਰਾਉ (ਮਰਾਠਾ ਜਰਨੈਲ) ਨੂੰ ਲਿਖੀ

---

19 ਇਸ ਤੋਂ ਅੱਗੇ ਕਾਗਜ਼ ਦੇ ਖੱਬੇ ਪਾਸੇ ਹਾਸ਼ੀਏ ਵਿਚ ਉੱਪਰ ਤੋਂ ਹੇਠਾਂ ਨੂੰ ਟੇਡੇ ਰੁਖ ਲਿਖਿਆ ਹੋਇਆ ਹੈ।

20 **ਮਰਾਠੋਂ ਸੇ ਸਬੰਧਿਤ ਅਭਿਲੇਖ ਵ ਅਨਯ,** ਬੰਡਲ ਨੰਬਰ 1, ਨੰਬਰ 259/9.

21 **ਆਮੇਰ ਅਭਿਲੇਖ**, ਬੰਡਲ ਨੰਬਰ 149; ਨੋਟ: ਇਸ ਪੱਤਰ ਦਾ ਕੋਈ ਨੰਬਰ ਨਹੀ ਲਗਾਇਆ ਗਿਆ ਕੇਵਲ ਪੱਤਰ ਦੇ ਬਾਹਰਲੇ ਪਾਸੇ ਲੱਗੇ ਇਨਵੈਲਪ ’ਤੇ ਟਾਈਪ ਕੀਤਾ ਨੰਬਰ GPB. 101-6-74-50000 F ਹੀ ਹੈ।

ਗਈ ਸੀ। ਲਿਖਾਰੀ ਸਿੱਖਾਂ ਦੇ ਦਲ ਨਾਲ ਵਕੀਲ ਦੇ ਤੌਰ 'ਤੇ ਸ਼ਾਮਿਲ ਰਹਿੰਦਾ ਸੀ, ਇਸੇ ਲਈ ਉਸ ਨੇ ਸਿੱਖ ਮਿਸਲਾਂ ਸਬੰਧੀ ਬਿਆਨ ਕੀਤੀਆਂ ਘਟਨਾਵਾਂ ਅੱਖੀ ਦੇਖਣ ਵਾਂਗ ਲਿਖੀਆਂ ਹਨ। ਇਸ ਪੱਤਰ ਦੀ ਲਿਖਾਈ ਘੁੰਡੀਦਾਰ ਤੇ ਝਰੀਟ ਕੇ ਕੀਤੀ ਹੋਈ ਹੈ। ਕਾਗਜ਼ 'ਤੇ ਸਿਆਹੀ ਫੈਲੀ ਹੋਈ ਹੈ ਪਰ ਸਾਰੀ ਲਿਖਤ ਪੜ੍ਹਨਯੋਗ ਹਾਲਤ ਵਿਚ ਹੈ। ਭਾਸ਼ਾ ਢੂੰਢਾੜੀ ਰਾਜਸਥਾਨੀ ਹੈ ਜੋ ਟਕਸਾਲੀ ਰਾਜਸਥਾਨੀ ਦੇ ਨੇੜੇ ਹੈ। ਕਾਗਜ਼ ਦਾ ਰੰਗ ਮਟਮੈਲਾ ਹੈ ਪਰ ਹਾਲਤ ਠੀਕ ਹੈ।

ਸ਼੍ਰੀ ਰਾਮ ਜੀ

॥ਸਿਧਿ ਸ਼੍ਰੀ ਪੂਜਯਾ ਸ਼੍ਰੀ ਦਰੋਗਾ ਜੀ ਰਘੂਨਾਥ ਜੀ ਜੋਗ। ਲਿਖਤੁਮ ਗੰਗਾਧਰ ਵੱਲੋਂ ਪ੍ਰਣਾਮ ਕਬੂਲ ਕਰਨੀ ਜੀ। ਉਪਰੰਤ ਹਕੀਕਤ ਇੱਥੋਂ ਦੀ ਪਤਾ ਚੱਲੇ। ਪਹਿਲਾਂ (ਪੱਤਰ ਵਿਚ) ਸਮਾਚਾਰ ਚੇਤ ਵਦੀ 5 ਮੰਗਲਵਾਰ ਪਹਿਰ ਰਾਤ ਗਿਆਂ ਤੱਕ ਲਿਖੇ ਸਨ ਸੋ ਪਤਾ ਲੱਗੇ ਹੋਣਗੇ। ਉਸ ਤੋਂ ਬਾਅਦ ਵਿਚ ਪਹਿਰ ਰਾਤ ਗਿਆਂ ਨਰਸਿੰਘ ਦਾਸ ਵਕੀਲ ਨੂੰ ਖੁਸ਼ਹਾਲ ਸਿੰਘ ਨੇ ਬੁਲਾਵਾ ਭੇਜਿਆ, ਉਹ (ਨਰ ਸਿੰਘਦਾਸ ਖੁਸ਼ਹਾਲ ਸਿੰਘ ਕੋਲ) ਗਿਆ, ਉਸ ਨਾਲ ਗੱਲ-ਬਾਤ ਹੋਈ, ਉਸ (ਖੁਸ਼ਹਾਲ ਸਿੰਘ) ਨੇ ਕਿਹਾ ਕਿ ਤੁਸੀਂ (ਨਰਸਿੰਘ ਦਾਸ) ਕਿਹਾ ਸੀ ਸਰਬੱਤ ਖਾਲਸਾ ਦੀ ਹੁੰਡੀ ਦਸ ਹਜ਼ਾਰ ਰੁਪਏ ਦੀ ਆਵੇਗੀ ਪਰ ਆਈ ਨਹੀਂ? ਇਸ ਤੇ ਨਰਸਿੰਘ ਦਾਸ ਨੇ ਕਿਹਾ ਕਿ ਹੁੰਡੀ ਤਾਂ ਨਿਸ਼ਚਿਤ ਅਨੁਸਾਰ ਆ ਗਈ ਹੈ, ਉਸ ਦੀ ਰਸੀਦ ਦਾ ਕਾਗਜ਼ ਵੀ ਪਹੁੰਚ ਗਿਆ ਹੈ। ਉਹ ਹੁੰਡੀ ਤੁਹਾਨੂੰ ਪਹੁੰਚੀ ਹੋਵੇਗੀ। ਸਾਡਾ ਆਦਮੀ ਹੁੰਡੀ ਅਤੇ ਕਾਗਜ਼ਾਂ ਸਮੇਤ (ਸਿੱਖ) ਦਲ ਵਿਚਲੇ ਲੋਕਾਂ ਨੇ ਰੋਕ ਰੱਖਿਆ ਹੈ, ਸੋ ਪਤਾ ਲੱਗ ਜਾਵੇਗਾ। ਸੋ ਤੜ੍ਹਕੇ (ਚੇਤ) ਵਦੀ 6 ਦਿਨ ਬੁੱਧਵਾਰ ਡੱਲੇਵਾਲੀਆਂ ਦੀ ਮਿਸਲ ਦਾ (ਜੈਪੁਰ ਰਿਆਸਤ ਵੱਲੋਂ ਹੁੰਡੀ ਲੈ ਕੇ ਆਉਂਣ ਵਾਲੇ ਵਿਅਕਤੀ ਨੂੰ ਘੇਰਨ ਬਾਰੇ) ਪਤਾ ਲੱਗਾ। ਦੋ ਰੁ. (ਹੁੰਡੀ ਲਿਆਉਣ ਵਾਲੇ ਨੂੰ) ਦੇ ਕੇ (ਖੁਸ਼ਹਾਲ ਸਿੰਘ ਨੇ) ਕਾਗਜ਼ ਅਤੇ ਹੁੰਡੀ ਮੰਗਵਾ ਲਈ। ਸਿੱਖਾਂ ਦਾ ਇਕ ਵਕੀਲ ਮਚੇੜੀ ਵਾਲੇ ਰਾਵ ਪ੍ਰਤਾਪ ਸਿੰਘ (ਨਰੂਕਾ) ਵੱਲ ਗਿਆ ਹੈ। ਉਸ (ਸਿੱਖਾਂ ਦੇ ਵਕੀਲ) ਦੀ ਉਸ (ਰਾਵ ਪ੍ਰਤਾਪ ਸਿੰਘ) ਨਾਲ ਮੁਲਾਕਾਤ ਹੋਣੀ ਹੈ। ਹੋਰ ਖ਼ਬਰ ਇਸ ਤਰ੍ਹਾਂ ਸੁਣੀ ਹੈ ਕਿ ਜੋ ਬਿਸ਼ੋਰ ਦਾ ਥਾਣਾ ਮਾਰਿਆ ਹੈ (ਉਸ ਵਿਚ) ਜਾਟ (ਜਵਾਹਰ ਸਿੰਘ) ਦੇ ਬਹੁਤ ਆਦਮੀ ਮਾਰੇ ਗਏ ਹਨ ਤੇ ਹੋਰ ਜਖ਼ਮੀ ਵੀ ਹੋਏ ਹਨ ਅਤੇ ਗੜ੍ਹੀ ਦੇ ਆਦਮੀ ਵੀ ਮਾਰੇ ਗਏ ਹਨ।

ਥਾਣੇਦਾਰ ਨੇ ਪਹਿਲਾਂ ਤਾਂ ਆਪਣੇ ਮਾਣਸਾਂ (ਪਰਿਵਾਰ ਦੀਆਂ ਔਰਤਾਂ ਅਤੇ ਬਾਂਦੀਆਂ) ਨੂੰ ਮਾਰਿਆ, ਪਿੱਛੋਂ ਆਪ ਮਰਿਆ ਅਤੇ ਲੂਣਹਿਰਾ ਵਾਲਾ[22] ਮਿਲ ਗਿਆ (ਰਲ ਗਿਆ)। ਸਿੱਖਾਂ ਵਿਚ ਖ਼ਬਰ ਆਈ ਹੈ ਕਿ ਨਵਾਬ ਨਜ਼ੀਬ ਖਾਨ (ਨਜ਼ੀਬੁਦੌਲਾ ਰੁਹੇਲਾ) ਹਾਦਰਗੜ੍ਹ (ਗੜਗਾਉਂ ਕੋਲ ਬਹਾਦਰਗੜ੍ਹ) ਆਇਆ ਹੈ। ਇਸ ਲਈ ਸਿੱਖ ਵੀ ਦੋ ਦਲਾਂ ਵਿਚ ਹੋ ਗਏ ਹਨ। ਉਹਨਾਂ (ਸਿੱਖਾਂ ਅਤੇ ਨਜ਼ੀਬੁਦੌਲਾ ਵਿਚਕਾਰ) ਦਾ ਲਿਖਤੀ ਇਕਰਾਰਨਾਮਾ ਹੋਇਆ ਸੀ[23], ਉਸ ਤੋਂ ਮਨਾ ਹੋ ਗਿਆ (ਸਮਝੌਤਾ ਟੁੱਟ ਗਿਆ) ਹੈ, ਸਾਰੇ ਆਏ ਰੁਪਏ (ਸਿੱਖਾਂ ਨੇ) ਆਪਸ ਵਿਚ ਵੰਡ ਲਏ। ਹੋਰ ਬਘੇਲ ਸਿੰਘ ਦੀ ਖ਼ਬਰ ਆਈ ਹੈ ਕਿ ਜਵਾਹਰ ਸਿੰਘ ਡੀਂਘ ਤੋਂ ਕੁਮ੍ਹੇਰ ਨੂੰ ਚਲਾ ਗਿਆ ਹੈ ਤੇ (ਬਘੇਲ ਸਿੰਘ) ਅਚਾਰਜ ਤੋਂ ਫਿਰ ਅੱਗੇ ਹੋਇਆ ਹੈ ਜੋ ਉਸ ਤੋਂ ਵੀ ਕਾਹਲਾ ਹੈ।

ਮਿਤੀ ਚੇਤ ਵਦੀ 6 ਸੰਮਤ 1825 (21 ਮਾਰਚ 1767 ਈ.), ਇਕ ਪਹਿਰ ਰਾਤ ਗਿਆਂ ਲਿਖਿਆ।

### 2.1.4. ਅਰਜ਼ਦਾਸ਼ਤ/ ਵਕੀਲ ਰਿਪੋਰਟ ਮਿਤੀ ਵੈਸਾਖ ਵਦੀ 2 ਸੰਮਤ 1825[24] (2 ਅਪ੍ਰੈਲ 1768 ਈ.)

**ਅਰਜ਼ਦਾਸ਼ਤ/ਵਕੀਲ ਰਿਪੋਰਟ ਸਬੰਧੀ ਸੰਖੇਪ ਜਾਣਕਾਰੀ**: ਇਹ ਅਰਜ਼ਦਾਸ਼ਤ/ਵਕੀਲ ਰਿਪੋਰਟ ਜੈਪੁਰ ਰਿਆਸਤ ਦੇ ਵਕੀਲ ਬਹਾਦਰ ਸਿੰਘ ਗੰਗਾਬਿਸ਼ਨ ਵੱਲੋਂ ਜੈਪੁਰ ਰਿਆਸਤ ਦੇ ਸੰਗਹੀ ਜੀਵ ਰਾਜ ਨੂੰ ਲਿਖੀ ਗਈ ਸੀ। ਇਸ ਖਤ ਦੀ ਹਾਲਤ ਖਸਤਾ ਹੈ। ਕਈ ਥਾਵਾਂ 'ਤੇ ਅੱਖਰ ਧੁੰਦਲੇ ਅਤੇ ਅਸਪੱਸ਼ਟ ਹਨ। ਲਿਖਾਈ ਬਹੁਤ ਸਾਫ਼ ਹੈ ਜੋ ਕਿਸੇ ਕਾਤਬ ਦੀ ਲੱਗਦੀ ਹੈ। ਖਤ ਦੇ ਵਿਚਕਾਰ ਉੱਪਰ ਤੋਂ ਹੇਠਾਂ ਤੱਕ ਸਿਉਂਕ ਨੇ ਖਾਧਾ ਹੋਣ ਕਰਕੇ ਪੰਕਤੀਆਂ ਦੇ ਵਿਚਕਾਰਲੇ ਕੁਝ ਅੱਖਰ ਗਾਇਬ ਹਨ। ਖਤ ਕਾਗ਼ਜ ਦੇ ਦੋਵੇ ਪਾਸੇ ਲਿਖਿਆ ਹੋਇਆ ਹੈ। ਕਾਗਜ਼ 'ਤੇ ਕਈ ਥਾਂਵਾਂ 'ਤੇ ਸਿਆਹੀ ਫੈਲੀ ਹੋਈ ਹੈ ਇਸ ਲਈ ਪੜ੍ਹਨ ਵਿਚ ਬਹੁਤ ਕਠਿਨ ਹੈ। ਇਸ

---

22 ਇਸ ਬਾਰੇ ਸਪੱਸ਼ਟ ਨਹੀਂ ਹੋ ਸਕਿਆ ਕਿ ਲੂਣਿਹਰਾ ਵਾਲਾ ਕੌਣ ਸੀ। ਸ਼ਾਇਦ ਇਹ ਜਾਟ ਸ਼ਾਸਕ ਅਧੀਨ ਕੋਈ ਠਾਕੁਰ ਜਾਂ ਕਿਸੇ ਗੜ੍ਹੀ, ਥਾਣੇ ਆਦਿ ਦਾ ਇੰਚਾਰਜ਼ ਹੋ ਸਕਦਾ ਹੈ

23 ਸਿੱਖਾਂ ਅਤੇ ਨਵਾਬ ਨਜ਼ੀਬੁਦੌਲਾ ਰੁਹੇਲੇ ਦਰਮਿਆਨ ਇਸ ਸਮੇ ਸਮਝੌਤਾ ਹੋਣ ਦਾ ਹੋਰਨਾ ਸਰੋਤਾਂ ਤੋਂ ਵੀ ਪਤਾ ਚੱਲਦਾ ਹੈ। ਦੇਖੋ: ਉਪੇਦਰ ਨਾਥ ਸ਼ਰਮਾ, ਉਕਤ, ਪੰਨਾ 139.

24 **ਖਾਤੂਤ ਅਹਿਲਕਾਰਨ ਰਾਜਸਥਾਨੀ,** ਬੰਡਲ ਨੰਬਰ 2, ਨੰਬਰ 387/371.

ਦੀ ਭਾਸ਼ਾ ਹਿੰਦੀ ਦੇ ਪ੍ਰਭਾਵ ਵਾਲੀ ਰਾਜਸਥਾਨੀ ਹੈ ਅਤੇ ਫ਼ਾਰਸੀ ਸ਼ਬਦਾਵਲੀ ਦੀ ਖਤ ਵਿਚ ਭਰਮਾਰ ਹੈ।

॥ ਸਿਧਿ ਸ਼੍ਰੀ ਸਰਬ ਉਪਮਾ ਬਿਰਾਜਮਾਨ ਸੰਗਹੀ ਜੀ ਸਾਹਿਬ ਸ਼੍ਰੀ ਜੀਵ ਰਾਜ ਜੀ ਜੋਗ, ਲਿਖਤੁਮ ਬਹਾਦੁਰ ਸਿੰਘ ਗੰਗਾਬਿਸ਼ਨ ਦੀ [ਨਮਸਕਾਰ] ਪ੍ਰਵਾਨ ਕਰਨੀ ਜੀ। ਏਥੋਂ ਦਾ ਸਮਾਚਾਰ ਸ਼੍ਰੀ ਜੀ [ਦੀ ਸ਼ੁਭ] ਨਜ਼ਰ ਕਰਕੇ ਭਲਾ ਹੈ। ਆਪ ਦਾ ਸੁਖ ਸਮਾਚਾਰ ਸਦਾ...ਆਰੋਗਤਾ ਚਾਹੀਦੀ ਹੈ। ਉਪਰੰਤ ਅੱਗੇ ਸਮਾਚਾਰ ਭੇਜਿਆ ਸੀ ਜੋ ਪਤਾ ਹੋਵੇਗਾ, ਇਨਾਇਤਨਾਮਾ ਆਪ ਜੀ ਵੱਲੋਂ ਆਏ ਨੂੰ ਕਾਫ਼ੀ ਦਿਨ ਹੋ ਗਏ ਹਨ...ਮੈਨੂੰ ਤਾਂ ਖ਼ਾਤਰਦਾਰੀ ਤੁਹਾਡੇ ਖ਼ਤ ਨਾਲ ਹੈ ਅਤੇ ਸੰਗਹੀ ਜੀ ਸਾਹਿਬ ਤੇ ਸ਼੍ਰੀ ਰਾਵਤ ਜੀ ਸਾਹਿਬ ਦਾ ਖ਼ਤ...ਮਾਮਲੇ ਸਬੰਧੀ ਮੇਰੇ ਨਾਮ ਆਇਆ ਸੀ, ਜਿਸ ਵਿਚ ਲਿਖਿਆ ਸੀ ਕਿ [ਇਸ ਵਾਰ] ਨਵਾਬ ਸਾਹਿਬ (ਨਜ਼ੀਬ ਦੌਲਾ) ਕੋਈ ਵੱਡਾ ਕੰਮ ਕਰਨ ਲਈ ਸਿੱਖਾਂ ਅਤੇ ਮਰਹੱਟਿਆਂ ਵਿਚੋਂ ਇਕ ਨੂੰ ਸ਼ਾਮਿਲ ਕਰਨ ਲਈ ਸੋਚ ਰਹੇ ਹਨ। ਸੋ ਮੈਂ ਨਵਾਬ ਸਾਹਿਬ ਦੀ ਮਰਜੀ ਪਹਿਲਾਂ ਹੀ ਲਿਖੀ ਸੀ ਕਿ ਮੁਬਾਰਕ ਹੈ... ਉਨ੍ਹਾਂ ਨੂੰ ਸ਼ਾਮਿਲ ਕਰ ਲਿਆ ਅਤੇ ਨਵਾਬ ਸਾਹਿਬ ਵੀ ਤਿਆਰ ਹਨ...[ਸ਼੍ਰੀ ਜੀ] ਦਾ ਇਤਫਾਕ ਅਤੇ...ਸ਼੍ਰੀ ਹਜ਼ੂਰ ਜੀ ਵੱਲੋਂ ਨਵਾਬ ਸਾਹਿਬ ਦੇ ਖ਼ਤ ਦਾ ਜਵਾਬ ਭੇਜਣ ਲਈ ਸਰਹੱਦ ਉਪਰ ਆਇਆ ਹੈ, ਉਹ ਮੈਂ ਰੱਖਿਆ ਹੈ। ਠਾਕੁਰ ਸ਼੍ਰੀ ਰਾਜ ਸਿੰਘ ਜੀ ਨੂੰ ਸ਼ੇਖਾਵਟੀ ਵੱਲ ਵਿਦਾ ਕੀਤਾ ਹੈ।

ਸ਼੍ਰੀ ਹਜੂਰ ਦਾ [ਮਹਾਰਾਜਾ ਜੈਪੁਰ] ਖਰੀਤਾ ਨਜ਼ੀਬਾਬਾਦ ਨਵਾਬ ਸਾਹਿਬ ਵੱਲੋਂ ਭੇਜਿਆ ਸੀ। ਜੋ ਬਿਜਨਸੀ (ਸਹੀ ਨਕਲ) ਸ਼੍ਰੀ ਹਜੂਰ ਭੇਜ ਦਿੱਤਾ ਹੈ। ਨਵਾਬ ਸਾਹਿਬ ਨੇ ਸ਼੍ਰੀ ਜੀ ਦੀ ਹਜੂਰੀ...ਮੈਨੂੰ ਵੀ ਲਿਖਿਆ ਹੈ ਕਿ ਮੈਂ ਸ਼੍ਰੀ ਰਾਜ ਸਿੰਘ ਜੀ ਨਾਲ ਰੇਵਾੜੀ ਕੋਲ ਆ ਕੇ ਮਿਲਾਂ। ਮੈਂ ਨਜੀਬਾਬਾਦ ਤੋਂ ਦਿੱਲੀ ਦੇ ਜਿਲ੍ਹੇ ਵਿਚ ਆਵਾਂਗਾ ਜੋ ਨਜ਼ਦੀਕ ਪਵੇਗਾ। ਵੱਡੇ ਕੰਮਾਂ ਸਬੰਧੀ ਸਵਾਲ ਜਵਾਬ, ਤੇ ਸਲਾਹ ਵਗੈਰਾ ਜਲਦੀ ਪਹੁੰਚਾਉ (ਭਿਜਾਵਾਉ)। ਇਸ ਲਈ ਪਿੱਛੋਂ ਅਰਜ਼ ਕੀਤੀ ਹੈ। ਸ਼੍ਰੀ ਠਾਕੁਰ ਸਾਹਿਬ (ਰਾਜ ਸਿੰਘ) ਸ਼ੇਖਾਵਟੀ ਵੱਲ ਵਿਦਾ ਹੋਇਆ ਹੈ, ਸੋ ਨਾਰਨੌਲ ਤੇ ਸ਼ੇਖਾਵਟੀ ਵਿਚ ਬਹੁਤ ਅੰਤਰ (ਫਾਸਲਾ) ਨਹੀਂ ਹੈ।

ਵੈਸਾਖ ਵਦੀ 2, ਸੰਮਤ 1825

## 2.1.5. ਮਿਤੀ ਵੈਸਾਖ ਸੁਦੀ 9 ਸੰਮਤ 1825[25] (25 ਅਪ੍ਰੈਲ 1768 ਈ.)

**ਅਰਜ਼ਦਾਸ਼ਤ/ਵਕੀਲ ਰਿਪੋਰਟ ਸਬੰਧੀ ਸੰਖੇਪ ਜਾਣਕਾਰੀ**: ਇਸ ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚਲੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਮਰਾਠਿਆਂ ਦੇ ਵਕੀਲ ਗੰਗਾਧਰ ਵੱਲੋਂ ਦਿੱਲੀ ਤੋਂ ਵੈਸਾਖ ਸੁਦੀ 9 ਅੱਧੀ ਰਾਤ ਸਮੇਂ ਸੰਮਤ 1825 ਨੂੰ ਦਰੋਗਾ ਰਘੂ ਨਾਥ ਰਾਉ (ਮਰਾਠਾ ਸਰਦਾਰ) ਨੂੰ ਲਿਖੀ ਗਈ ਸੀ।[26] ਇਸ ਅਰਜ਼ਦਾਸ਼ਤ ਵਿਚ ਇਸ ਤੋਂ ਪਹਿਲਾਂ ਵੀ ਇਕ ਅਰਜ਼ਦਾਸ਼ਤ ਵੈਸਾਖ ਸੁਦੀ 7 ਨੂੰ ਲਿਖ ਕੇ ਭੇਜੇ ਜਾਣ ਦਾ ਜ਼ਿਕਰ ਹੈ। ਇਸ ਵਕੀਲ ਦੁਆਰਾ ਲਿਖੀਆਂ ਦੂਜੀਆਂ ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਤੋਂ ਲੱਗਦਾ ਹੈ ਕਿ ਲਿਖਾਰੀ ਜੈਪੁਰ ਰਿਆਸਤ ਦੇ ਵਕੀਲਾਂ ਮੁਨਸ਼ੀ ਰਾਮ ਕਿਸ਼ਨ ਅਤੇ ਨਰਸਿੰਘ ਦਾਸ ਆਦਿ ਸਮੇਤ ਦਿੱਲੀ ਵਗੈਰਾ ਵਿਚ ਸਿੱਖਾਂ ਦੇ ਦਲ ਨਾਲ ਮੌਕੇ ’ਤੇ ਹਾਜ਼ਿਰ ਸੀ ਤਾਂ ਹੀ ਉਸ ਨੇ ਇਸ ਖਤ ਵਿਚ ਬਿਆਨ ਕੀਤੀਆਂ ਘਟਨਾਵਾਂ ਅੱਖੀ ਦੇਖਣ ਵਾਂਗ ਲਿਖੀਆ ਹਨ। ਇਸ ਖਤ ਦੀ ਹਾਲਤ ਖਸਤਾ ਹੈ। ਕਈ ਥਾਵਾਂ ’ਤੇ ਅੱਖਰ ਧੁੰਦਲੇ ਅਤੇ ਅਸਪੱਸ਼ਟ ਹਨ। ਲਿਖਾਈ ਲੜੀਵਾਰ (ਝਰੀਟ ਕੇ) ਹੈ ਅਤੇ ਸਾਫ਼ ਨਹੀਂ ਹੈ। ਖਤ ਦੇ ਸੱਜੇ ਕਿਨਾਰੇ ਨੂੰ ਉੱਪਰ ਤੋਂ ਹੇਠਾਂ ਤੱਕ ਸਿਉਂਕ ਨੇ ਖਾਧਾ ਹੋਣ ਕਰਕੇ ਪੰਕਤੀਆਂ ਦੇ ਅਖੀਰਲੇ ਕੁਝ ਅੱਖਰ ਗਾਇਬ ਹਨ। ਕਾਗਜ਼ ‘ਤੇ ਕਈ ਥਾਂਵਾਂ ’ਤੇ ਸਿਆਹੀ ਫੈਲੀ ਹੋਈ ਹੈ। ਅਰਜ਼ਦਾਸ਼ਤ ਦੇ ਅਖੀਰ ਵਿਚ ਫ਼ਾਰਸੀ ਦੀ ਇਕ ਗੋਲ ਮੋਹਰ ਲੱਗੀ ਹੋਈ ਹੈ ਜਿਸ ਵਿਚ ਉੱਪਰ ਦੇਵਨਾਗਰੀ ਵਿਚ ‘ਸ਼੍ਰੀ’ ਲਿਖਿਆ ਹੋਇਆ ਹੈ ਬਾਕੀ ਇਬਾਰਤ ਫ਼ਾਰਸੀ ਭਾਸ਼ਾ ਵਿਚ ਲਿਖੀ ਹੋਈ ਅਤੇ ਮੋਹਰ ਦੇ ਹੇਠਲੇ ਹਿੱਸੇ ਵਿਚ ਅੰਕ ਲਿਖੇ ਹੋਏ ਹਨ। ਮੋਹਰ ਤੋਂ ਹੇਠਾਂ ਪੱਤਰ ’ਤੇ ਸੱਜੇ ਪਾਸੇ ਫ਼ਾਰਸੀ ਵਿਚ ‘ਅਰਜ਼ਦਾਸ਼ਤ’ ਲਿਖਿਆ ਹੋਇਆ ਹੈ।

॥ਸ਼੍ਰੀ ਰਾਮ ਜੀ॥

ਸਿਧਿ ਸ਼੍ਰੀ ਪੂਜਯਾ ਸ਼੍ਰੀ ਦਰੋਗਾ ਜੀ ਸ਼੍ਰੀ ਰਘੂ ਨਾਥ ਜੀ ਜੋਗ। ਲਿਖਤੁਮ ਗੰਗਾਧਰ ਵੱਲੋਂ ਪ੍ਰਨਾਮ ਕਬੂਲ ਕਰਨੀ ਜੀ। ਉਪਰੰਤ ਹਕੀਕਤ ਇੱਥੋਂ ਦੀ (ਸਿੱਖਾਂ ਦੇ ਦਲ ਦੀ) ਪਤਾ ਚੱਲੇ। ਪਹਿਲਾਂ ਸਮਾਚਾਰ ਮਿਤੀ ਵੈਸਾਖ ਸੁਦੀ 7 ਸ਼ਨੀਵਾਰ ਤੱਕ ਦਾ ਲਿਖਿਆ ਸੀ ਜੋ ਪਤਾ ਚੱਲਿਆ

[25] **ਮਰਾਠੋਂ ਸੇ ਸਬੰਧਿਤ ਅਭਿਲੇਖ**, ਬੰਡਲ ਨੰਬਰ 1, ਨੰਬਰ 387/1.

[26] ਰਘੂਨਾਥ ਰਾਉ ਨੂੰ ਪੇਸ਼ਵਾ ਵੱਲੋਂ ਫਰਵਰੀ 1766 ਈ. ਵਿਚ ਉੱਤਰ-ਪੱਛਮੀ ਭਾਰਤ ਵੱਲ ਨਿਯੁਕਤ ਕੀਤਾ ਗਿਆ ਸੀ। ਦੇਖੋ: ਓਪੇਂਦਰ ਨਾਥ ਸ਼ਰਮਾ, ਉਕਤ, ਪੰਨਾ 82.

ਹੋਵੇਗਾ। (ਵੈਸਾਖ) ਸੁਦੀ 8 ਦਿਨ ਐਤਵਾਰ ਨੂੰ ਤੜਕੇ ਹੀ ਸਿੱਖਾਂ ਦੀ (ਫੌਜ) ਕਿਤੇ (ਜਾਣ) ਲਈ ਨਿਕਲੀ, [ਚਾਰ] ਘੜੀ ਤਾਂਈ ਖੜ੍ਹੇ ਰਹੇ ਫਿਰ ਸਵਾਰ (ਸਵਾਰ ਹੋ ਕੇ) ਤੁਰ ਗਏ। ਮੁਕਾਮ (ਪੜਾਅ)..... ਆਖਰੀ ਚਾਰ ਘੜੀ ਦਿਨ ਬਾਕੀ ਰਹਿੰਦਿਆਂ ਸਿੱਖਾਂ ਦਾ ਦੀਵਾਨ [ਲੱਗਿਆ] ਖੁਸ਼ਹਾਲ ਸਿੰਘ, ਜੱਸਾ ਸਿੰਘ ਆਹਲੂਵਾਲਾ, ਜੱਸਾ ਠੋਕਾ (ਜੱਸਾ ਸਿੰਘ ਰਾਮਗੜ੍ਹੀਆ) ਸ਼ਾਮ ਸਿੰਘ, ਤਾਰਾ ਸਿੰਘ, ਕਰਮ ਸਿੰਘ, ਧਰਮ ਸਿੰਘ ਵਗੈਰਾ [ਦੀਵਾਨ ਵਿਚ] ਆਣ ਬੈਠੇ। ਮੁਨਸ਼ੀ ਰਾਮ ਕਿਸ਼ਨ ਦੀ ਰੁਖ਼ਸਤੀ ਹੋਈ। ਸੋ ਖੁਸ਼ਹਾਲ ਸਿੰਘ, ਤਾਰਾ ਸਿੰਘ, ਕਰਮ ਸਿੰਘ ਨੇ ਡੇਰੇ ਤੋਂ ਦਿੱਲੀ ਜਾਣ ਲਈ (ਮੁਨਸ਼ੀ ਰਾਮ ਕਿਸ਼ਨ ਨੂੰ) ਰੁਖ਼ਸਤ ਕੀਤਾ।[ਕਰਮ ਸਿੰਘ] ਅੱਗੇ ਚੱਲਿਆ, ਪਿੱਛੋਂ ਜੱਸਾ ਸਿੰਘ ਆਹਲੂਵਾਲਾ ਨੇ ਕਿਹਾ, "ਤੁਸੀਂ ਆਪ ਤਾਂ 2 ਲੱਖ ਰੁ. ਲੈ ਲਏ, ਤੁਹਾਡੇ ਗੁਮਾਸ਼ਤੇ (ਮੁਨੀਮ) ਦੀ ਇਸ ਸਬੰਧੀ ਲਿਖਤ (ਪਹੁੰਚ ਰਸੀਦ) ਵੀ ਤੁਹਾਨੂੰ ਪਹੁੰਚ ਗਈ ਹੈ। ਇਨ੍ਹਾਂ ਵੱਲੋਂ (ਮੁਨਸ਼ੀ ਰਾਮ ਕਿਸ਼ਨ ਤਰਫੋਂ) ਤੁਹਾਡੀ ਤਾਂ ਖਾਤਰਦਾਰੀ ਹੋ ਗਈ ਹੈ ਤੇ ਮੈਂ ਹੀ ਰਹਿ ਗਿਆਂ ਹਾਂ। ਸੋ ਹੁਣ ਮੁਨਸ਼ੀ ਜੀ ਨੂੰ ਮੇਰੇ ਹਵਾਲੇ ਕਰੋ। ਮੈਂ... ਦਿਆਂਗਾ, ਚਾਹਾਗਾਂ ਲੈ ਚੱਲਾਂਗਾ।" ਉਸ ਨੇ ਫਿਰ ਕਿਹਾ, "ਮੈਂ ਹੀ ਤੁਹਾਨੂੰ ਲਿਆਉਣ ਵਾਲਾ ਹਾਂ ਤੇ ਮੈਂ ਹੀ ਪਹੁੰਚਾਉਣ ਵਾਲਾ।" ਫਿਰ ਜੱਸਾ ਸਿੰਘ ਨੇ ਆਖਿਆ, "ਨਹੀਂ ਤਾਂ ਫਿਰ ਸਾਡੀ-ਤੁਹਾਡੀ ਤਲਵਾਰ ਚੱਲੇਗੀ।" ਜਦੋਂ ਇਹ ਗੱਲ ਆਖੀ ਤਾਂ ਉਨ੍ਹਾਂ (ਖੁਸ਼ਹਾਲ ਸਿੰਘ ਵਗੈਰਾ) ਨੇ ਕਿਹਾ, "ਚੰਗੀ ਗੱਲ ਹੈ! ਚਲਾਉ ਤਲਵਾਰ? ਅਸੀਂ ਵੀ ਤਿਆਰ ਹਾਂ।" ਸੋ ਆਪਸ ਵਿਚ ਗਾਲੀ-ਗਲੋਚ ਬਹੁਤ ਹੋਇਆ। ਜਦੋਂ ਗਾਲੀਆਂ ਦੇ ਕੇ ਆਫਰ ਗਏ (ਰੱਜ ਗਏ) ਤਾਂ ਫਿਰ ਵੱਖ-ਵੱਖ ਹੋ ਕੇ ਬੈਠ ਗਏ ਤੇ ਗੱਲਾਂ ਬਾਤਾਂ ਕਰਦੇ ਰਹੇ। ਅੱਧੀ ਰਾਤ ਨੂੰ ਆਪਣੇ ਆਪਣੇ ਡੇਰੇ ਚਲੇ ਗਏ। (ਵੈਸਾਖ) ਸੁਦੀ 9 ਸੋਮਵਾਰ ਨੂੰ ਸਿੱਖਾਂ ਦਾ ਦੀਵਾਨ ਲੱਗਿਆ। ਖੁਸ਼ਹਾਲ ਸਿੰਘ, ਜੈ ਸਿੰਘ ਕਨ੍ਹੱਈਆ, ਜੱਸਾ [ਸਿੰਘ] ਰਾਮਗੜ੍ਹੀਆ, ਤਾਰਾ ਸਿੰਘ ਤਾਂ ਇਕ ਪਾਸੇ ਬੈਠੇ, ਬਘੇਲ ਸਿੰਘ, ਸ਼ਾਮ ਸਿੰਘ, ਜੱਸਾ ਸਿੰਘ ਆਹਲੂਵਾਲਾ ਇਕ ਪਾਸੇ ਬੈਠੈ, ਗੱਲਾਂ-ਬਾਤਾਂ ਹੋਈਆਂ.... ਸੋ ਆਪਸ ਵਿਚ ਹੀ ਹੋਈਆਂ। ਪਿੱਛੋਂ ਆਥਣ ਨੂੰ ਬਘੇਲ ਸਿੰਘ ਵਾਜੇ 'ਤੇ (ਕੀਰਤਨ ਕਰਨ ਲਈ) ਬੈਠਾ ਰਿਹਾ ਤੇ ਖੁਸ਼ਹਾਲ ਸਿੰਘ ਵਗੈਰਾ ਆਪਣੇ-ਆਪਣੇ ਡੇਰੇ ਚਲੇ ਗਏ। ਬਾਅਦ ਵਿਚ ਜੈ ਸਿੰਘ ਕਨ੍ਹੱਈਆ ਨੇ ਮੁਨਸ਼ੀ ਜੀ ਨੂੰ ਬੁਲਾਵਾ ਭੇਜਿਆ ਸੋ ਮੁਨਸ਼ੀ ਰਾਮ ਕਿਸ਼ਨ ਤੇ ਨਰਸਿੰਘ ਦਾਸ ਸਵਾਰ ਹੋ ਕੇ ਜੈ ਸਿੰਘ ਕਨ੍ਹੱਈਆ (ਦੇ ਡੇਰੇ) ਗਏ। ਖੁਸ਼ਹਾਲ ਸਿੰਘ, ਜੱਸਾ [ਸਿੰਘ]

ਰਾਮਗੜ੍ਹੀਆ, ਤਾਰਾ ਸਿੰਘ, ਕਰਮ ਸਿੰਘ ਵਗੈਰਾ ਵੀ ਉਥੇ ਹੀ ਬੈਠੇ ਸਨ। ਸੋ ਗੱਲਾਂ-ਬਾਤਾਂ ਹੋਈਆਂ ਕਿ ਸਾਡਾ ਕੂਚ ਨਿਸ਼ਚਿਤ ਹੈ, ਤੁਸੀਂ (ਸਾਡੀ) ਖਾਤਰਦਾਰੀ ਕਰਦੇ ਰਹੋ। ਅਸੀਂ ਤੁਹਾਨੂੰ ਪਹੁੰਚਾਅ ਕੇ ਪਿੱਛੋ ਆਪ ਕੂਚ ਕਰਾਂਗੇ, ਤੁਹਾਡੇ ਪਿੱਛੇ ਕਰਮ ਸਿੰਘ ਚੱਲੇਗਾ ਤੇ ਤੁਹਾਨੂੰ ਪਹੁੰਚਾਅ ਆਵੇਗਾ। ਅਸੀਂ ਤਾਂ ਹੁਣ ਤੱਕ ਤੁਹਾਨੂੰ (ਕੁਝ) ਨਹੀਂ ਕਿਹਾ, ਮਹਿਤਾ ਰਾਮ ਕਿਸ਼ਨ ਦੀ ਵਹੀਰ ਤਾਂ ਅਗਾੜੀ-ਪਿਛਾੜੀ ਤੋਂ (ਅੱਗੇ-ਪਿੱਛੇ) ਲੁੱਟ ਲੈਂਦੇ ਹਨ। ਤੁਹਾਡਾ ਅਸੀਂ ਕਦੇ ਕੌਡੀ ਦਾ ਵੀ ਨੁਕਸਾਨ ਨਹੀਂ ਹੋਣ ਦਿੱਤਾ ਤੇ ਤੁਸੀਂ ਸਾਡੇ ਲਈ ....ਜੀ ਦੇ ਵੱਡੇ ਮੁਤਸਦੀ ਹੋ ਅਤੇ (ਗੰਗਾਧਰ ਨੂੰ) ਕਿਹਾ ਕਿ ਤੁਹਾਨੂੰ ਅਸੀਂ ਬੁਲਾਇਆ ਨਹੀਂ, ਜਦ ਇਹ ਗੱਲ ਕਹੀ ਤਾਂ ਮੈਂ ਜਲਦੀ ਨਾਲ ਉੱਥੋਂ ਉੱਠ ਆਇਆ ਕਿਉਂਕਿ ਇਹ ਗੱਲ ਮੇਰੇ ਬਰਦਾਸ਼ਤ ਤੋਂ ਬਾਹਰ ਸੀ, ਨਹੀਂ ਤਾਂ ਗੱਲ ਵਧ ਜਾਂਦੀ। ਪਿੱਛੋਂ ਗੱਲਾਂ ਬਾਤਾਂ ਕਰਕੇ ਡੇਰੇ ਆ ਗਿਆ। (ਸਿੱਖਾਂ ਦੇ) ਦਲ ਦਾ ਕੂਚ ਨਿਸ਼ਚਤ ਹੈ। ਇੱਕ ਤਾਂ ਖਬਰ ਹੈ ਕਿ...ਜਮਨਾ ਪਾਰ ਕੁਤਬ ਵੱਲ ਜਾਣਾ ਹੈ, ਜੋ ਹੋਵੇਗਾ, ਲਿਖਾਂਗਾ। ਮਿਤੀ ਵੈਸਾਖ ਸੁਦੀ 9 ਸੰਮਤ 1825 ਅੱਧੀ ਰਾਤ ਗਿਆਂ ਲਿਖਿਆ।

ਲਿਖਾਰੀ ਗੰਗਾਧਰ

॥74॥ਪੂਜਿਯ ਸ਼੍ਰੀ ਦਰੋਗਾ ਜੀ ਸ਼੍ਰੀ ਰਘੁਨਾਥ ਜੀ ਜੋਗ[27]

### 2.1.6. ਅਰਜ਼ਦਾਸ਼ਤ/ਵਕੀਲ ਰਿਪੋਰਟ ਮਿਤੀ ਵੈਸਾਖ ਸੁਦੀ 10 ਸੰਮਤ 1825[28] (26 ਅਪ੍ਰੈਲ 1768 ਈ.)

**ਅਰਜ਼ਦਾਸ਼ਤ/ਵਕੀਲ ਰਿਪੋਰਟ ਸਬੰਧੀ ਸੰਖੇਪ ਜਾਣਕਾਰੀ**: ਇਸ ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚੋਂ ਇਸ ਦੇ ਲਿਖਾਰੀ ਜਾਂ ਜਿਸ ਨੂੰ ਇਹ ਲਿਖੀ ਗਈ, ਸਬੰਧੀ ਕੋਈ ਵੇਰਵਾ ਨਹੀਂ ਮਿਲਦਾ ਪਰ ਇਸ ਦੀ ਲਿਖਾਈ, ਕਾਗਜ਼, ਵਿਅਕਤੀਆਂ ਦੇ ਨਾਮ ਅਤੇ ਅਰਜ਼ਦਾਸ਼ਤ/ਵਕੀਲ ਰਿਪੋਰਟ ਦੀ ਤਾਰੀਖ ਵੈਸਾਖ ਸੁਦੀ 10 ਮੰਗਲਵਾਰ ਸੰਮਤ 1825 ਆਦਿ, ਮਿਤੀ ਵੈਸਾਖ ਸੁਦੀ 9 ਸੰਮਤ 1825 ਨੂੰ ਮਰਾਠਾ ਵਕੀਲ ਗੰਗਾਧਰ ਵੱਲੋਂ ਦਰੋਗਾ ਰਘੁਨਾਥ ਰਾਉ ਨੂੰ ਲਿਖੀ ਗਈ ਅਰਜ਼ਦਾਸ਼ਤ/ ਵਕੀਲ ਰਿਪੋਰਟ ਨਾਲ ਬਿਲਕੁਲ ਮਿਲਦੇ ਹਨ। ਇਸ ਲਈ ਸੰਭਵ ਹੈ ਕਿ ਇਹ

---

27 ਇਸ ਤੋਂ ਹੇਠਾਂ ਫ਼ਾਰਸੀ ਵਿਚ ਗੋਲ ਮੋਹਰ ਲੱਗੀ ਹੈ। ਮੋਹਰ ਤੋਂ ਹੇਠਾਂ ਸੱਜੇ ਪਾਸੇ ਫ਼ਾਰਸੀ ਵਿਚ 'ਅਰਜ਼ਦਾਸ਼ਤ' ਲਿਖਿਆ ਹੋਇਆ ਹੈ।

28 **ਮਰਾਠੋਂ ਸੇ ਸਬੰਧਿਤ ਅਭਿਲੇਖ ਵ ਅਨਯ**, ਬੰਡਲ ਨੰਬਰ 1, ਨੰਬਰ 172/13.

ਅਰਜ਼ਦਾਸ਼ਤ ਵੀ ਗੰਗਾਧਰ ਵੱਲੋਂ ਦਰੋਗਾ ਰਘੂਨਾਥ ਨੂੰ ਲਿਖੀ ਗਈ ਹੋਵੇਗੀ। ਕਿਉਂਕਿ ਅਰਜ਼ਦਾਸ਼ਤ/ਵਕੀਲ ਰਿਪੋਰਟ ਜੋ ਵੈਸਾਖ ਸੁਦੀ 9 ਨੂੰ ਲਿਖੀ ਗਈ ਸੀ ਉਸ ਵਿਚ ਵੀ ਪਹਿਲਾਂ ਇਕ ਅਰਜ਼ਦਾਸ਼ਤ ਵੈਸਾਖ ਸੁਦੀ 7 ਤੱਕ ਦੇ ਸਮਾਚਾਰ ਲਿਖੇ ਜਾਣ ਦਾ ਜਿਕਰ ਆਇਆ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੰਗਾਧਰ ਲਗਪਗ ਰੋਜ ਰਿਪੋਰਟ ਲਿਖ ਕੇ ਰਘੂ ਨਾਥ ਰਾਉ ਨੂੰ ਭੇਜਦਾ ਸੀ। ਇਹ ਅਰਜ਼ਦਾਸ਼ਤ/ਵਕੀਲ ਰਿਪੋਰਟ ਵੈਸਾਖ ਸੁਦੀ 10 ਮੰਗਲਵਾਰ ਸੰਮਤ 1825 ਨੂੰ ਲਿਖੀ। ਇਸ ਦੀ ਲਿਖਾਈ, ਭਾਸ਼ਾ, ਸ਼ੈਲੀ, ਕਾਗਜ਼ ਦੀ ਹਾਲਤ ਆਦਿ ਉਪਰੋਕਤ ਅਰਜ਼ਦਾਸ਼ਤ/ਵਕੀਲ ਰਿਪੋਰਟ 2.1.5. ਨਾਲ ਬਿਲਕੁੱਲ ਮਿਲਦੇ ਹਨ, ਇਸ ਲਈ ਇਨ੍ਹਾਂ ਦਾ ਇਥੇ ਜਿਕਰ ਨਹੀਂ ਕੀਤਾ ਜਾ ਰਿਹਾ।

॥ਸ੍ਰੀ ਰਾਮ ਜੀ॥

(ਵੈਸਾਖ) ਸੁਦੀ 10 ਮੰਗਲਵਾਰ ਤੜ੍ਹਕੇ ਸਿੱਖਾਂ ਦਾ ਕੂਚ ਹੋਇਆ। ਬਘੇਲ ਸਿੰਘ ਵਗੈਰਾ ਤਿਆਰ ਹੋ ਕੇ ਮੁਨਸ਼ੀ ਰਾਮ ਕਿਸ਼ਨ ਦੇ ਡੇਰੇ ਦੇ ਨੇੜੇ ਕੁਝ ਕਦਮ ਬਾਹਰ ਖੜੇ ਰਹੇ। ਪਿੱਛੋਂ ਖੁਸ਼ਹਾਲ ਸਿੰਘ ਵਗੈਰਾ (ਸਰਦਾਰ) ਵੀ ਤਿਆਰ ਹੋ ਗਏ ਤਾਂ ਉਥੋਂ ਜਦ ਤਿਲਪਤ ਘਾਟ[29] ਦੇ ਨੇੜੇ ਪਹੁੰਚੇ ਤਾਂ [ਗੁਰਬਖਸ਼ ਸਿੰਘ], ਬਘੇਲ ਸਿੰਘ, ਸ਼ਾਮ ਸਿੰਘ, ਜੱਸਾ ਸਿੰਘ ਆਹਲੂਵਾਲੀਆ (ਜਮਨਾ ਤੋਂ) ਪਾਰ ਗਏ। ਉਨ੍ਹਾਂ (ਖੁਸ਼ਹਾਲ ਸਿੰਘ ਵਗੈਰਾ) ਨੇ ਮੁਨਸ਼ੀ ਨਰਸਿੰਘ ਦਾਸ ਨੂੰ ਬੁਲਾ ਕੇ ਕਿਹਾ ਕਿ ਤੁਸੀਂ ਹੁਣ ਦਿੱਲੀ ਚੱਲੋ ਅਸੀਂ ਤੁਹਾਨੂੰ ਛੱਡ ਆਉਂਦੇ ਹਾਂ। ਮੁਨਸ਼ੀ ਜੀ ਲਗਾਤਾਰ ਚੱਲ ਕੇ ਦਿੱਲੀ ਪਹੁੰਚ ਗਏ। ਜੱਸਾ ਸਿੰਘ ਰਾਮਗੜ੍ਹੀਆ, ਖੁਸ਼ਹਾਲ ਸਿੰਘ, ਜੈ ਸਿੰਘ ਕਨ੍ਹੱਈਆ ਨੇ ਆਪਣਾ ਡੇਰਾ (ਦਿੱਲੀ ਦੇ) ਬਾਹਰ ਕਰ ਲਿਆ। ਉਨ੍ਹਾਂ ਨੇ ਮੁਨਸ਼ੀ ਨੂੰ ਵਿਦਾ ਕਰਨ ਲਈ ਸੱਦਾ ਭੇਜਿਆ। ਸੋ ਉਹ (ਮੁਨਸ਼ੀ ਰਾਮ ਕਿਸ਼ਨ) ਗਿਆ, ਕੁਝ ਸਮਾਂ ਗੱਲਾਂ-ਬਾਤਾਂ ਹੋਈਆਂ, ਫਿਰ ਉਨਾਂ ਨੂੰ ਰੁਖ਼ਸਤ ਕੀਤਾ ਗਿਆ। ਇਸ ਸਮੇਂ ਮੁਨਸ਼ੀ ਰਾਮ ਕਿਸ਼ਨ ਨੂੰ 1 ਦੁਸ਼ਾਲਾ ਅਤੇ 500 ਰੁ., ਬੁੱਧ ਸਿੰਘ ਸਿੱਖ ਨੂੰ 1 ਦੁਸ਼ਾਲਾ ਅਤੇ 500 ਰੁ., ਦੇਵੀ ਸਿੰਘ, ਧਰਮ ਸਿੰਘ ... ਰਾਹੀਂ ਰਾਵ ਸਾਹਿਬ ਸਿੰਘ ਨੂੰ 1-1 ਦੁਸ਼ਾਲਾ, ਖੁਸ਼ਹਾਲ ਸਿੰਘ ਦੇ ਵੱਡੇ ਮੁਤਸੱਦੀ (ਵਕੀਲ) ਗੁੱਜਰ ਮੱਲ ਨੂੰ 1 ਦੁਸ਼ਾਲਾ ਅਤੇ 500 ਰੁ. [ਸੋਧੇ] ਖਾਂ (ਸਿੱਖਾਂ ਦੇ ਵਕੀਲ) ਨੂੰ 200 ਰੁ., ਸਵਾਗਿਰ ਵੇਸਾ ਮੁਨਸ਼ੀ ਰਾਮ ਕਿਸ਼ਨ ਜੀ ਵੱਲ...ਸੇਵਾਦਾਰ, ਹਲਕਾਰੇ, ਫਰਾਸ਼ ਵਗੈਰਾ ਨੂੰ 200

[29] ਜਮਨਾ ਨਦੀ ਉਤੇ ਲਾਂਘਾ, ਜੋ ਦਿੱਲੀ ਕੋਲ ਸੀ।

ਰੁ. (ਦਿੱਤੇ) ਬਾਅਦ ਵਿਚ ਰੁਖ਼ਸਤ ਕੀਤਾ। ਮੁਨਸ਼ੀ ਜੀ ਨੇ ਸਿੱਖਾਂ ਦੇ ਚੋਬਦਾਰਾਂ, ਸੇਵਾਦਾਰਾਂ ਨੂੰ 20 ਰੁ. ਦਿੱਤੇ। ਖੁਸ਼ਹਾਲ ਸਿੰਘ ਵਗੈਰਾ ਸਰਦਾਰ ਮੁਨਸ਼ੀ ਜੀ ਨੂੰ ਜਾਣ ਲੱਗਿਆਂ ਵਿਦਾ ਕਰਨ ਆਏ। (ਉਨ੍ਹਾਂ ਨੇ) ਤੁਰਨ ਲੱਗਿਆਂ ਗੱਲਾਂ-ਬਾਤਾਂ ਕੀਤੀਆਂ। ਮੁਨਸ਼ੀ ਜੀ ਦੋ ਘੜੀ ਦਿਨ ਰਹਿੰਦਿਆਂ ਜੈ ਸਿੰਘਪੁਰੇ[30] ਆਣ ਦਾਖਲ ਹੋਇਆ। ਵੈਸਾਖ ਸੁਦੀ 10 ਸੰਮਤ 1825 ਬੁੱਧਵਾਰ ਤੜ੍ਹਕੇ ਲਿਖੀ।

### 2.1.7. ਅਰਜ਼ਦਾਸ਼ਤ ਮਿਤੀ ਵੈਸਾਖ ਵਦੀ 7 ਸੰਮਤ 1826[31] (28 ਅਪ੍ਰੈਲ 1769 ਈ.)

**ਅਰਜ਼ਦਾਸ਼ਤ ਸਬੰਧੀ ਸੰਖੇਪ ਜਾਣਕਾਰੀ:** ਇਹ ਅਰਜ਼ਦਾਸ਼ਤ ਭਰਤਪੁਰ ਰਿਆਸਤ ਦੇ ਰਾਜ ਮੁਖਤਿਆਰ ਨਵਲ ਸਿੰਘ ਜਾਟ ਵੱਲੋਂ ਜੈਪੁਰ ਰਾਜ ਘਰਾਣੇ ਦੀ ਮਾਂਜੀ ਸਾਹਿਬਾ (ਰਾਜ ਮਾਤਾ ਚੁੰਡਾਵਤ ਜੀ) ਨੂੰ ਵੈਸਾਖ ਵਦੀ 7 ਸੰਮਤ 1826 ਨੂੰ ਲਿਖੀ ਗਈ। ਇਸ ਵਿਚ ਜਿਸ ਵੇਰਵੇ ਸਬੰਧੀ ਜਿਕਰ ਆਇਆ ਹੈ ਉਹ ਵੈਸਾਖ ਵਦੀ 7 ਸੰਮਤ 1827 ਨਾਲ ਸਬੰਧਤ ਹੈ। ਕਿਉਂਕਿ ਸਿੱਖਾਂ ਅਤੇ ਮਰਾਠਿਆਂ ਨਾਲ ਜਾਟਾਂ ਅਤੇ ਖਾਨਸਾਮਾ ਹਰਲਾਲ ਅਧੀਨ ਜੈਪੁਰ ਰਿਆਸਤ ਦੀਆਂ ਸਾਝੀਆਂ ਫੌਜਾਂ ਵਿਚਕਾਰ ਹੋਈਆਂ ਲੜਾਈਆਂ ਦੀਆਂ ਘਟਨਾਵਾਂ ਸੰਮਤ 1826 ਦੇ ਮਾਘ-ਫੱਗਣ ਮਹੀਨੇ ਵਿਚ ਵਾਪਰੀਆਂ ਸਨ। ਇਸ ਲਈ ਇੱਥੇ ਮਿਤੀ ਲਿਖਣ ਵਿਚ ਕਾਤਬ ਨੂੰ ਭੁਲੇਖੇ ਕਰਕੀ ਗਲਤੀ ਹੋਈ ਲੱਗਦੀ ਹੈ। ਇਸ ਅਰਜ਼ਦਾਸ਼ਤ ਦਾ ਕਾਗਜ਼ ਸਜਾਵਟੀ ਹੈ ਜਿਸ ਉੱਤੇ ਸੁਨਹਿਰੀ ਚਕੋਰ ਟਿੱਕੀਆਂ ਬਣੀਆਂ ਹੋਈਆਂ ਹਨ, ਲਿਖਾਈ ਸਾਫ਼, ਸੁੰਦਰ ਅਤੇ ਛੋਟੀ ਹੈ। ਖਤ ਦੀ ਹਾਲਤ ਤਸੱਲੀਬਖਸ਼ ਹੈ।

ਸ਼੍ਰੀ ਮਹਾਰਾਜਾ ਧਿਰਾਜ, ਸ਼੍ਰੀ ਮਾਜੀ ਸਾਹਿਬ ਜੀ ਸਲਾਮਤ। ਬੰਦੇ ਨਵਲ ਸਿੰਘ ਦੀ ਵੇਰਵੇ ਸਹਿਤ ਅਰਜ਼ ਮਾਲੂਮ ਹੋਵੇ। ਉਪਰੰਤ ਸ਼੍ਰੀ ਜੀ ਦੀ ਮਿਹਰਬਾਨੀ ਨਾਲ ਖ਼ਾਨਸਾਮਾ (ਹਰਲਾਲ) ਜੀ ਵੱਲੋਂ ਸਿੱਖਾਂ ਤੇ ਦੱਖਣੀਆਂ (ਮਰਾਠਿਆਂ) ਨਾਲ ਲੜਾਈ ਵਿਚ ਸਾਡੀ ਚੰਗੀ ਮਦਦ ਕੀਤੀ ਗਈ, ਇਸ ਲਈ ਸ਼੍ਰੀ ਹਜ਼ੂਰ ਜੀ ਦੀ ਮਿਹਰਬਾਨੀ ਹੈ। ਜਿਸ ਕਰਕੇ ਇਹ ਸਭ ਹੋ ਸਕਿਆ। ਹੁਣ ਸਲਾਹ ਕਰਕੇ ਖ਼ਾਨਸਾਮਾ ਜੀ ਦਾ ਡੇਰਾ ਕਾਮ੍ਹਾਂ ਕਰਵਾਇਆ ਹੈ। ਸੋ ਸ਼੍ਰੀ ਹਜ਼ੂਰ ਵੱਲੋਂ ਇਹੋ ਫੁਰਮਾਇਆ ਗਿਆ ਸੀ ਕਿ ਕਾਮ੍ਹਾਂ ਡੇਰਾ ਰੱਖਿਆ ਜਾਵੇ। ਜਦੋਂ ਮੈਂ (ਜੈਪੁਰ

---

30 ਜੈ ਸਿੰਘਪੁਰਾ ਦਿੱਲੀ ਵਿਚ ਜੈਪੁਰ ਰਾਜ ਘਰਾਣੇ ਦਾ ਨਿਵਾਸ ਸਥਾਨ ਸੀ ਜੋ ਮਿਰਜਾ ਰਾਜਾ ਜੈ ਸਿੰਘ ਦੇ ਸਮੇਂ ਬਣਿਆ ਸੀ। ਅੱਜ ਵੀ ਦਿੱਲੀ ਦੇ ਇਸ ਇਲਾਕੇ ਦਾ ਨਾਮ ਜੈ ਸਿੰਘਪੁਰਾ ਹੈ।

31 **ਮਰਾਠੋਂ ਸੇ ਸਬੰਧਿਤ ਅਭਿਲੇਖ ਵ ਅਨਯ**, ਬੰਡਲ ਨੰਬਰ 1, ਨੰਬਰ 86/15.

ਰਿਆਸਤ ਨੂੰ) ਅਰਜ਼ੀ ਲਿਖਾਂ ਤਾਂ ਸਾਡੀ ਮਦਦ ਕਰਨੀ ਜੀ। ਮਿਤੀ ਵੈਸਾਖ ਵਦੀ 7 ਸੰਮਤ 1826

### 2.1.8. ਅਰਜ਼ਦਾਸ਼ਤ/ਵਕੀਲ ਰਿਪੋਰਟ ਮਿਤੀ ਜੇਠ ਸੁਦੀ 12, ਸੰਮਤ 1826[32] (28 ਅਪ੍ਰੈਲ 1769 ਈ.)

**ਅਰਜ਼ਦਾਸ਼ਤ/ਵਕੀਲ ਰਿਪੋਰਟ ਸਬੰਧੀ ਸੰਖੇਪ ਜਾਣਕਾਰੀ**: ਇਹ ਅਰਜ਼ਦਾਸ਼ਤ/ਵਕੀਲ ਰਿਪੋਰਟ ਜੈਪੁਰ ਰਿਆਸਤ ਦੇ ਵਕੀਲ ਜਿਣਦਾਸ ਵੱਲੋਂ ਸੰਗਹੀ ਜੀਵ ਰਾਜ ਜੈਪੁਰ ਨੂੰ ਲਾਹੌਰ ਤੋਂ ਲਿਖੀ ਗਈ। ਇਸ ਲਿਖਤ ਦੀ ਲਿਖਾਈ ਸਾਫ਼-ਸੁਥਰੀ ਅਤੇ ਭਾਸ਼ਾ ਟਕਸਾਲੀ ਰਾਜਸਥਾਨੀ ਦੇ ਪ੍ਰਭਾਵ ਵਾਲੀ ਢੂੰਢਾੜੀ ਹੈ, ਕਾਗਜ਼ ਦੀ ਹਾਲਤ ਤਸੱਲੀਬਖਸ਼ ਹੈ। ਇਹ ਦੋ ਪੰਨਿਆਂ ਦੀ ਲਿਖਤ ਹੈ।

॥ਸ਼੍ਰੀਰਾਮ ਜੀ॥

॥ਸਿਧਿ ਸ਼੍ਰੀ ਸਰਬ ਉਪਮਾ ਬਿਰਾਜਮਾਨ ਸਾਹਿਬ ਮਿਹਰਵਾਨ ਫ਼ੈਜ ਬਖ਼ਸ਼ ਫ਼ੈਜ ਰਸਾਨ ਸ਼ਾਹ ਜੀ ਸ਼੍ਰੀ ਜੀਵ ਰਾਜ ਜੀ ਜੋਗ ਲਿਖਤੁਮ ਲਾਹੌਰ ਤੋਂ ਸੇਵਕ ਜਿਣ ਦਾਸ ਵੱਲੋਂ ਨਮਸਕਾਰ ਪ੍ਰਵਾਨ ਕਰਨੀ ਜੀ। ਇੱਥੋਂ ਦਾ ਸਮਾਚਾਰ ਆਪ ਦੀ ਮਿਹਰਬਾਨੀ ਕਰਕੇ ਭਲਾ ਹੈ। ਆਪ ਦੀ ਘੜੀ-ਘੜੀ ਦੀ ਸਦਾ ਆਰੋਗਤਾ ਚਾਹੁੰਦਾ ਹਾਂ ਜੀ । ਉਪਰੰਤ ਅੱਗੇ ਏਥੋਂ ਦੀ ਸਰਕਾਰ ਦੀਆਂ ਖ਼ਬਰਾਂ ਮੈਂ ਹਮੇਸ਼ਾ ਭੇਜਦਾ (ਰਹਿੰਦਾ) ਹਾਂ, ਜੋ ਸਾਰੀਆਂ ਆਪ ਨੂੰ ਪਤਾ ਹੋਣਗੀਆਂ ਜੀ। ਹੁਣ ਏਥੋਂ ਦੀ ਖ਼ਬਰ ਇਹ ਹੈ ਕਿ ਸ਼ਹਿਨਸ਼ਾਹ (ਅਹਿਮਦ ਸ਼ਾਹ ਅਬਦਾਲੀ) ਆਪ ਤਾਂ ਕਾਬਲ ਵਿਚ ਹੀ ਹੈ ਅਤੇ (ਉਸ ਨੇ ਆਪਣੇ) ਵਜ਼ੀਰ ਸਾਹਿਬ ਅਲੀ (ਸ਼ਾਹ ਵਲੀ) ਖ਼ਾਨ ਜੀ ਨੂੰ ਮਿਹਰਬਾਨੀ ਦਾ ਸਿਰੋਪਾ ਦੇ ਕੇ ਬਲਖ਼ ਵੱਲ ਫੌਜ਼ ਲਿਆਉਣ ਲਈ ਭੇਜਿਆ ਹੈ ਜੀ। ਸਰਦਾਰ ਜਹਾਨ ਖ਼ਾਨ ਮੁਲਤਾਨ ਕੋਲ ਬਾਗ ਵਿਚ ਉੱਤਰਿਆ ਹੋਇਆ ਹੈ। (ਮੁਲਤਾਨ ਵੱਲ) ਅਨਾਜ ਭਾਅ 6-7 ਰੁਪਏ ਸੇਰ ਹੋ ਗਿਆ ਹੈ। ਜਿਸ ਕਰਕੇ ਉਨ੍ਹਾਂ (ਜਹਾਨ ਖ਼ਾਨ) ਨੇ ਪਰ੍ਹੇ ਤੋਂ ਰਸਦ ਮੰਗਵਾਈ ਹੈ। ਹੁਣ (ਉੱਥੇ) 16-17 ਰੁਪਏ ਸੇਰ ਅਨਾਜ ਦਾ ਭਾਅ ਹੋ ਗਿਆ ਹੈ। ਸੂਜੇ ਖਾਂ ਚਿਟੀਲੇ ਵਾਲਾ ਮੁਲਖੱਈਏ ਸਮੇਤ, ਮੁਲਤਾਨ ਨੂੰ ਗਿਆ ਹੈ। ਉਸ ਨੇ ਵੀ ਸਰਦਾਰ (ਜਹਾਨ ਖਾਨ) ਦੀ

---

[32] **ਆਮੇਰ ਅਭਿਲੇਖ** ਬੰਡਲ ਨੰਬਰ 152, ਨੰਬਰ 125/7

ਮੁਹਿੰਮ ਮੁਲਤਵੀ ਕਰਵਾਈ ਹੈ ਅਤੇ ਸਰਦਾਰ ਨੇ ਉਸ ਕੋਲੋਂ ਖਰਚ ਮੰਗਿਆ ਸੀ। ਨਵਾਬ ਸੂਜੇ ਖਾਂ ਤੋਂ ਰੁਪਏ ਮੰਗੇ ਸਨ। ਸੋ ਸੂਜੇ ਖਾਂ ਨੇ ਕਿਹਾ ਕਿ ਟਕੇ ਤਾਂ ਮੈਂ ਸਿੰਘਾਂ ਨੂੰ ਦੇ ਦਿੱਤੇ ਹਨ ਅਤੇ ਮੁਲਖ ਵੀ (ਉਨ੍ਹਾਂ ਨੇ) ਲੁੱਟ ਕੇ ਖਰਾਬ ਕਰ ਦਿੱਤਾ ਹੈ। ਇਸ ਲਈ ਹੁਣ ਸਰਦਾਰ ਵਾਪਸ ਸ਼ਾਹ (ਅਹਿਮਦ ਸ਼ਾਹ ਅਬਦਾਲੀ) ਵੱਲ ਚੱਲਿਆ ਹੈ। ਇਸ ਲਈ ਉੱਥੋਂ (ਅਬਦਾਲੀ ਵੱਲੋਂ) ਜੋ ਹੁਕਮ ਆਵੇਗਾ, ਸਰਦਾਰ ਉਹੋ ਹੀ ਕਰੇਗਾ ਜੀ। ਸਰਦਾਰ ਕੋਲ 5-6 ਹਜ਼ਾਰ ਸਵਾਰ, ਪਿਆਦਾ (ਪੈਦਲ) ਫੌਜ ਹੈ ਜੀ। ਦਾਊਦ ਪੋਤਰੇ ਮੁਮਾਰ ਖਾਂ (ਮੁਬਾਰਕ ਖਾਂ) ਵਗੈਰਾ ਅੱਠ ਸਰਦਾਰ 14-15 ਹਜ਼ਾਰ ਸਵਾਰਾਂ ਸਮੇਤ ਆ ਕੇ ਸਰਦਾਰ (ਜਹਾਨ ਖ਼ਾਨ) ਨਾਲ ਮਿਲੇ ਹਨ। ਆਪਣੇ ਜ਼ੋਰ ਸਿਰ ਇਹ ਸਾਰਾ ਮਾਮਲਾ ਤਾਂ ਉਨ੍ਹਾਂ (ਦਾਊਦ ਪੋਤਰਿਆਂ) ਕੋਲੋਂ ਆਪ ਤਾਂ (ਹੱਲ) ਨਹੀਂ ਹੋਇਆ। ਸੋ ਸਾਰੇ ਸਰਦਾਰਾਂ ਨੂੰ (ਜਹਾਨ ਖ਼ਾਨ ਵੱਲੋਂ) ਸਰੋਪੇ ਦੇ ਕੇ ਰੁਖਸੁਤ ਕਰਨ ਦੀ ਖਬਰ ਹੈ ਜੀ। ਸੋ ਹੁਣ ਵੇਖਦੇ ਹਾਂ ਕਿ ਸਰਦਾਰ (ਜਹਾਨ ਖ਼ਾਨ) ਕਿਧਰ ਨੂੰ ਕੂਚ ਕਰਦਾ ਹੈ। ਖ਼ਬਰ ਆਉਣ 'ਤੇ ਅਰਜ਼ ਲਿਖ ਭੇਜਾਂਗਾ ਜੀ। ਨਵਾਬ ਬੁਲੰਦ ਖਾਂ (ਸਰ ਬੁਲੰਦ ਖਾਂ) ਰੋਹਤਾਸ ਦੇ ਕਿਲ੍ਹੇ ਵਿਚ ਹੈ। ਹੁਣ (ਰੋਹਤਾਸ ਵਿਚ) ਅਨਾਜ ਤੇ ਘਾਹ ਦੀ ਬਹੁਤ ਤੰਗੀ ਹੈ ਇਸ ਲਈ ਹੁਣ (ਸਿੱਖਾਂ ਵੱਲ) ਸੁਲ੍ਹਾ ਕਰਨ ਲਈ ਸੁਨੇਹਾ ਭੇਜਿਆ ਹੈ। ਉਧਰੋਂ ਪਰਲੇ ਪਾਸੇ ਵੱਲੋਂ ਸ਼ਹਿਨਸ਼ਾਹ (ਅਬਦਾਲੀ) ਨੇ ਨਵਾਬ ਬੁਲੰਦ ਖਾਂ (ਸਰ ਬੁਲੰਦ ਖਾਂ) ਦੀ ਮਦਦ ਲਈ ਫੌਜ ਭੇਜਣ ਸਬੰਧੀ ਖੋਜ਼ਾ ਦਾਨਸ਼ ਖਾਂ, ਮੁੱਲਾ ਅਕਰਮ ਅਤੇ ਸ਼ਾਕਰ ਖ਼ਾਨ ਤਿੰਨਾਂ ਨੂੰ 7-8 ਕੁ ਹਜ਼ਾਰ ਸਵਾਰਾਂ ਸਮੇਤ ਰੁਖ਼ਸਤ ਕੀਤਾ ਹੈ। ਉਹਨਾਂ ਦੇ ਨੂਰਦੀ ਖਾਂ ਦੇ ਬਾਗ ਵਿਚ ਆ ਉਤਰਨ ਦੀ ਖ਼ਬਰ ਆਈ ਹੈ, ਹੁਣ ਪਿਸ਼ੌਰ (ਪਿਸ਼ਾਵਰ) ਕੋਲ ਆ ਗਏ ਹੋਣਗੇ, ਹੁਣ ਤੱਕ ਦੀ ਇਹ ਖ਼ਬਰ ਹੈ ਜੀ। ਝੰਡਾ ਸਿੰਘ ਜੀ ਤੇ ਲਹਿਣਾ ਸਿੰਘ ਜੀ (ਦੋਵੇਂ ਭੰਗੀ ਸਰਦਾਰ) ਏਥੇ ਮਿਤੀ ਜੇਠ ਸੁਦੀ 6 (ਸੰਮਤ 1826) ਨੂੰ ਮੀਆਂ ਮੀਰ ਵੱਲ ਆਣ ਉੱਤਰੇ ਹਨ ਅਤੇ ਝੰਡਾ ਸਿੰਘ ਜੀ ਨੇ ਲਹਿਣਾ ਸਿੰਘ ਜੀ ਨੂੰ ਆਖਿਆ ਕਿ ਮੈਨੂੰ ਪਾਤਸ਼ਾਹੀ ਮਿਲਦੀ ਲੱਗਦੀ ਹੈ। ਉਦੋਂ (ਸਿੱਖਾਂ ਦੀ) ਫੌਜ਼ ਤਾਂ ਸਾਰੀ ਝੰਡਾ ਸਿੰਘ ਜੀ ਨੇ ਅੰਮ੍ਰਿਤਸਰ ਵੱਲ ਭੇਜ ਦਿੱਤੀ ਅਤੇ ਆਪ ਝੰਡਾ ਸਿੰਘ ਜੀ, ਗੰਡਾ ਸਿੰਘ ਜੀ ਤੇ ਕਰਮ ਸਿੰਘ ਜੀ ਨਕੱਈ, ਇਹ ਤਿੰਨਾਂ ਸਰਦਾਰਾਂ ਨੂੰ 50-60 ਕੁ ਆਦਮੀਆਂ ਨਾਲ ਲਹਿਣਾ ਸਿੰਘ ਜੀ ਪਾਤਸ਼ਾਹੀ ਕਿਲ੍ਹੇ (ਲਾਹੌਰ) ਵਿਚ ਲਿਆਇਆ ਅਤੇ ਸਾਰਾ ਕਿਲ੍ਹਾ

ਦਿਖਾਇਆ, ਇਕ-ਦੋ ਪਹਿਰ ਕਿਲ੍ਹੇ ਵਿਚ ਰਹੇ। ਉਦੋਂ ਮੈਂ ਵੀ ਜਾ ਕੇ (ਉਨ੍ਹਾਂ ਨੂੰ) ਮਿਲਿਆ ਤਾਂ ਝੰਡਾ ਸਿੰਘ ਜੀ ਨੇ (ਮੈਨੂੰ) ਪੁੱਛਿਆ ਕਿ ਓਧਰ (ਜੈਪੁਰ) ਦੇ ਰਾਜੇ ਦਾ ਕੰਮ-ਕਾਜ ਪਹਿਲੇ ਦਸਤੂਰ ਅਨੁਸਾਰ ਹੀ ਚੱਲਦਾ ਹੈ ਜਾਂ ਕੋਈ ਕਮੀ ਆ ਗਈ ਹੈ? ਮੈਂ ਆਖਿਆ ਕਿ ਸਾਹਿਬ ਮਿਹਰਬਾਨ ਕੰਮ ਤਾਂ ਪਹਿਲੇ ਵਾਂਗ ਬਾ-ਦਸਤੂਰ ਸਹੀ ਸਲਾਮਤ ਚੱਲਿਆ ਜਾਂਦਾ ਹੈ ਅਤੇ ਮਹਾਰਾਜਾ ਧਿਰਾਜ ਪ੍ਰਿਥੀ (ਪ੍ਰਿਥਵੀ) ਸਿੰਘ ਜੀ ਦੇ ਤੇਜ-ਪ੍ਰਤਾਪ ਨਾਲ (ਜੈਪੁਰ ਰਿਆਸਤ ਦੀ) ਬਹੁਤ ਵਧੀਆ ਧਰਤੀ ਹੈ, ਤਾਂ (ਝੰਡਾ ਸਿੰਘ) ਸਿੰਘ ਬਹੁਤ ਖੁਸ਼ ਹੋਇਆ ਤੇ ਆਖਿਆ ਕਿ ਸਾਨੂੰ ਤਾਂ ਸ਼ੁਰੂ ਤੋਂ ਹੀ ਉਨ੍ਹਾਂ (ਜੈਪੁਰ ਰਿਆਸਤ) ਨਾਲ ਲਗਾਉ ਹੈ। ਇਸ ਲਈ ਉਨ੍ਹਾਂ ਦੀ ਚੰਗਿਆਈ ਦੀ ਗੱਲ ਸੁਣ ਕੇ ਸਾਡਾ ਵੀ ਦਿਲ ਖੁਸ਼ ਹੋ ਜਾਂਦਾ ਹੈ। ਪਿੱਛੋਂ ਸਮਾਂ ਬਹੁਤ ਹੋ ਗਿਆ ਸੋ ਘੜੀ ਚਾਰ ਦਿਨ ਰਹਿੰਦਿਆਂ ਕੂਚ ਕਰ ਗਏ ਅਤੇ ਲਹਿਣਾ ਸਿੰਘ ਜੀ ਉਨ੍ਹਾਂ ਨੂੰ ਪਹੁੰਚਾਅ ਕੇ ਵਾਪਸ (ਲਾਹੌਰ) ਮੁੜ ਆਇਆ ਜੋ ਦੋ ਦਿਨ ਉੱਥੇ ਹੀ ਰਿਹਾ ਅਤੇ ਹੁਣ ਡੋਗਰਾਂ ਵੱਲ ਕੂਚ ਕਰ ਗਿਆ ਹੈ ਜੀ। ਜੈ ਸਿੰਘ (ਕਨ੍ਹੱਈਆ) ਜੀ ਤੇ ਹਕੀਕਤ ਸਿੰਘ ਜੀ ਕਨ੍ਹੱਈਆ ਦੀ ਮਾਲਕੀਅਤ ਪਹਾੜਾਂ ਵਿਚ ਹਰੀਪੁਰ ਦੇ ਕੋਲ ਹੈ। ਉੱਥੇ ਹੀ ਹਰੀਪੁਰ ਕੋਲ ਜੱਸਾ ਸਿੰਘ ਜੀ ਰਾਮਗੜ੍ਹੀਆ ਜਾ ਮਿਲਿਆ ਤੇ ਉੱਥੋਂ ਦੇ ਜ਼ਿਮੀਂਦਾਰ, ਰਾਜਾ ਵਗੈਰਾ ਵੀ ਨਾਲ ਆਣ ਮਿਲੇ। ਇਸ ਲਈ ਜੈ ਸਿੰਘ ਕਨ੍ਹੱਈਏ ਨੇ ਜੱਸਾ ਸਿੰਘ ਜੀ (ਰਾਮਗੜ੍ਹੀਏ) ਨੂੰ ਕਿਹਾ ਕਿ ਜੋ ਗੜ੍ਹ/ਕਿਲ੍ਹੇ ਤੂੰ ਸਾਡੀ ਮਾਲਕੀਅਤ ਦੀ ਹੱਦ ਵੱਲ ਬਣਾਏ ਹਨ ਉਨ੍ਹਾਂ ਨੂੰ ਉੱਥੋਂ ਦੂਰ ਕਰੋ। ਸੋ ਉਸ (ਜੱਸਾ ਸਿੰਘ ਰਾਮਗੜ੍ਹੀਆ) ਨੇ ਇਹ ਗੱਲ ਨਹੀਂ ਮੰਨੀ, ਇਸ ਲਈ (ਉਨ੍ਹਾਂ ਦੀਆਂ) ਆਪਸ ਵਿਚ ਦੋ-ਤਿੰਨ ਲੜਾਈਆਂ ਹੋਈਆਂ ਹਨ। ਸੋ ਹੁਣ ਮਾਲਾ ਸਿੰਘ, ਜੱਸਾ ਸਿੰਘ (ਰਾਮਗੜ੍ਹੀਆ) ਦੇ ਭਾਈ ਅਤੇ ਕਰਮ ਸਿੰਘ, ਜੈ ਸਿੰਘ (ਕਾਨ੍ਹੱਈਆ) ਦਾ ਪੁਤਰੇਲਾ (ਮੁਤਬੰਨਾ ਪੁੱਤਰ) ਵਗੈਰਾ ਸੁਲਾਹ ਕਰਾਉਣ ਲਈ ਵਿਚ ਆਏ ਹਨ, ਸੋ ਹੁਣ ਸੁਲ੍ਹਾ ਹੋਣ ਪਿੱਛੋਂ ਫੇਰ ਅਰਜ਼ ਲਿਖਾਂਗਾ ਜੀ। ਜੱਸਾ ਸਿੰਘ ਆਹਲੂਵਾਲਾ ਜਲੰਧਰ ਦੇ ਕੋਲ ਹੈ ਅਤੇ ਬੁੱਢਾ ਦਲ ਪਟਿਆਲਾ ਵੱਲ ਹੈ। ਸੋ ਹੁਣ ਇਹ ਸਾਰੇ ਆਪਸ ਵਿਚ ਪਾਟੇ ਹੋਏ ਹਨ। ਸੋ ਪਰ੍ਹੇ ਤੋਂ (ਪੱਛਮ ਵੱਲੋਂ) ਕੋਈ ਨਹੀਂ ਆਵੇਗਾ ਜੀ। ਇਹ ਸਮਾਚਾਰ ਇੱਥੋਂ (ਪੰਜਾਬ ਵੱਲ) ਦੇ ਹਨ। ਸੋ ਅਰਜ਼ ਆਪ ਨੂੰ ਲਿਖੀ ਹੈ ਜੀ, ਮੈਂ ਸੇਵਕ ਹਾਂ, ਕਿਰਪਾ-ਮਿਹਰਬਾਨੀ ਰੱਖਣੀ ਜੀ। ਮਿਤੀ ਜੇਠ ਸੁਦੀ 12 ਸੰਮਤ 1826.

### 2.1.9. ਅਰਜ਼ਦਾਸ਼ਤ ਮਿਤੀ ਮਾਘ ਵਦੀ 5, ਸੰਮਤ 1826[33] (31 ਜਨਵਰੀ 1770 ਈ.)

**ਅਰਜ਼ਦਾਸ਼ਤ ਸਬੰਧੀ ਸੰਖੇਪ ਜਾਣਕਾਰੀ**: ਇਹ ਅਰਜ਼ਦਾਸ਼ਤ ਭਰਤਪੁਰ ਰਿਆਸਤ ਦੇ ਜਾਟ ਘਰਾਣੇ ਦੇ ਰਣਜੀਤ ਸਿੰਘ ਦੁਆਰਾ ਜੈਪੁਰ ਰਿਆਸਤ ਦੀ ਮਹਾਰਾਣੀ ਨੂੰ ਮਾਘ ਸੁਦੀ 5 ਸੰਮਤ 1826 ਵਿਚ ਲਿਖੀ ਗਈ ਸੀ। ਇਸ ਖਤ ਦੇ ਕਾਗਜ਼ ਉੱਪਰ ਚਕੋਰ ਸੁਨਹਿਰੀ ਟਿੱਕੀਆਂ ਬਣੀਆਂ ਹੋਈਆਂ ਹਨ। ਇਸ ਦੀ ਲਿਖਾਈ ਸਾਫ਼ ਅਤੇ ਸੁੰਦਰ ਹੈ, ਭਾਸ਼ਾ ਬ੍ਰਜ ਮਿਸ਼ਰਤ ਰਾਜਸਥਾਨੀ ਹੈ। ਖਤ ਦੇ ਕਿਨਾਰੇ ਭੁਰੇ ਹੋਏ ਹਨ ਪਰ ਲਿਖਤ ਵਾਲਾ ਹਿੱਸਾ ਠੀਕ ਹੈ।

॥ਸ਼੍ਰੀ ਰਾਮ ਜੀ

ਸਿਧਿ ਸ਼੍ਰੀ ਸਰਬ ਉਪਮਾ ਬਿਰਾਜਮਾਨ ਮਹਾਂਰਾਣੀ ਜੀ ਸ਼੍ਰੀ ਸ਼੍ਰੀ ਸ਼੍ਰੀ ਸ਼੍ਰੀ ਸ਼੍ਰੀ ਜੋਗ ਲਿਖਤੁਮ ਸੇਵਕ ਰਣਜੀਤ ਸਿੰਘ ਦੀ ਪ੍ਰਣਾਮ, ਰਾਮ ਰਾਮ, ਅਰਜ਼ ਕਬੂਲ ਕਰਨੀ ਜੀ। ਏਥੋਂ ਦੇ ਸਮਾਚਾਰ ਆਪ ਦੇ ਪ੍ਰਤਾਪ ਨਾਲ ਭਲੇ ਹਨ, ਔਰ ਸ਼੍ਰੀ ਮਹਾਰਾਣੀ ਜੀ ਦੀ ਸਦਾ ਆਰੋਗਤਾ ਚਾਹੁੰਦੇ ਹਾਂ। ਉਪਰੰਤ ਪਹਿਲਾਂ ਵੀ ਅਰਜ਼ੀ ਭੇਜੀ ਸੀ ਸੋ ਸਾਰੇ ਸਮਾਚਾਰ ਪਤਾ ਲੱਗੇ ਹੋਣਗੇ ਜੀ। ਇਨ੍ਹਾਂ ਦਿਨਾਂ ਵਿਚ ਸਿੱਖਾਂ ਦੇ ਹੰਗਾਮੇ ਤੋਂ ਬਿਨਾਂ ਆਪਸੀ ਚਾਲਾਂ ਬਾ-ਦਸਤੂਰ ਹੁਣ ਤੱਕ ਚੱਲ ਰਹੀਆਂ ਹਨ। ਚੌਬੇ ਪਿਤੰਬਰ ਦਾਸ ਨੂੰ ਹਜ਼ੂਰ ਰਵਾਨਾ ਕੀਤਾ ਹੈ ਜੋ ਦਰਬਾਰ ਵਿਚ ਹਾਜਰ ਰਹੇਗਾ। ਸੇਵਕ ਨੂੰ ਤਾਂ ਆਪ ਦੀ ਕ੍ਰਿਪਾ ਦਾ ਹੀ ਆਸਰਾ ਹੈ। ਕਦੀਮੀ ਖ਼ਾਨਜਾਦੇ ਦੀ ਸਹਾਇਤਾ ਮਨਜ਼ੂਰ ਕਰਨੀ ਅਤੇ ਹੋਰ ਕੋਈ ਚਾਕਰੀ ਹੋਵੇ ਤਾਂ ਆਗਿਆ ਕਰਨੀ, ਮੈਂ ਮਾਣ ਮਹਿਸੂਸ ਕਰਾਂਗਾ। ਮਿਤੀ ਮਾਘ ਸੁਦੀ ਪੰਜ (5) ਸੰਮਤ 1826

### 2.1.10. ਅਰਜ਼ਦਾਸ਼ਤ ਮਿਤੀ ਫੱਗਣ ਸੁਦੀ 1 ਸੰਮਤ 1826[34] (26 ਹਨਵਰੀ 1770 ਈ.)

**ਅਰਜ਼ਦਾਸ਼ਤ ਸਬੰਧੀ ਸੰਖੇਪ ਜਾਣਕਾਰੀ**: ਇਹ ਅਰਜ਼ਦਾਸ਼ਤ ਵਿਚ ਨਵਲ ਸਿੰਘ ਜਾਟ ਨਾਇਬ (ਰਾਜ ਮੁਖਤਿਆਰ) ਭਰਤਪੁਰ ਰਿਆਸਤ ਵੱਲੋਂ ਜੈਪੁਰ ਰਿਆਸਤ ਦੇ ਮਹਾਰਾਜਾ ਨੂੰ ਲਿਖੀ ਗਈ। ਇਸ ਅਰਜ਼ਦਾਸ਼ਤ ਦਾ ਕਾਗਜ਼ ਭਰਤਪੁਰ ਰਿਆਸਤ ਵੱਲੋਂ ਲਿਖੀਆਂ ਪਹਿਲੀਆਂ ਦੋਵਾਂ ਅਰਜ਼ਦਾਸ਼ਤਾਂ ਦੇ ਕਾਗਜ਼ਾਂ ਤੋਂ ਥੋੜ੍ਹਾ ਭਿੰਨ ਹੈ। ਇਸ ਕਾਗਜ਼ ਦੇ ਅੰਦਰ ਸੁਨਹਿਰੀ ਕਣ ਹਨ

---

33 **ਮਰਾਠੋਂ ਸੇ ਸਬੰਧਿਤ ਅਭਿਲੇਖ ਵ ਅਨਯ**, ਬੰਡਲ ਨੰਬਰ 1, ਨੰਬਰ 86/16.

34 **ਮਰਾਠੋਂ ਸੇ ਸਬੰਧਿਤ ਅਭਿਲੇਖ ਵ ਅਨਯ**, ਬੰਡਲ ਨੰਬਰ 1, ਨੰਬਰ 75/17.

ਅਤੇ ਇਹ ਕਾਗਜ਼ ਮਟਮੈਲੇ ਰੰਗ ਦਾ ਹੈ। ਇਸ ਵਿਚਲੀ ਲਿਖਾਈ ਬਾਰੀਕ, ਸਾਫ਼ ਅਤੇ ਘੁੰਡੀਦਾਰ ਹੈ, ਭਾਸ਼ਾਂ ਬ੍ਰਜ਼ ਤੇ ਹਿੰਦੀ ਮਿਸ਼੍ਰਤ ਰਾਜਸਥਾਨੀ ਹੈ।

॥ਸ਼੍ਰੀ ਰਾਮ ਜੀ

ਸ਼੍ਰੀ ਹਰਦੇਵ ਜੀ ਕੀ ਕ੍ਰਿਪਾ ਸੇਵਾ

ਸ਼੍ਰੀ ਮਹਾਰਾਜਾ ਧਿਰਾਜ ਨਮਸਕਾਰ। ਸੇਵਕ ਨਵਲ ਸਿੰਘ ਦੀ ਅਰਜ਼ ਪ੍ਰਵਾਨ ਹੋਣ ਬਾਰੇ ਪਤਾ ਚੱਲਿਆ ਹੈ। (ਮਹਾਰਾਜਾ ਜੈਪੁਰ ਵੱਲੋਂ) ਇਨਾਇਤਨਾਮਾ ਇਨਾਇਤ ਹੋਇਆ ਹੈ, ਮਾਣ ਮਹਿਸੂਸ ਕਰਦਾ ਹਾਂ ਅਤੇ ਹਕੀਕਤ ਖ਼ਾਨਸਾਮਾ ਜੀ ਅਤੇ ਰਾਜਾ ਤੁਲਸੀ ਰਾਮ ਦੀ ਜ਼ੁਬਾਨੀ ਤੇ ਪ੍ਰੋਹਤ ਗੋਕਲ ਚੰਦ ਨੂੰ (ਮਹਾਰਾਜਾ ਜੈਪੁਰ ਵੱਲੋਂ) ਲਿਖੇ ਅਨੁਸਾਰ ਜਾਣੀ। ਹੁਣ ਮਿਤੀ ਫੱਗਣ ਵਦੀ 14 ਸ਼ਨੀਵਾਰ ਨੂੰ ਮੌਜ਼ਾ ਜਾਂਵ ਤੋਂ ਕੂਚ ਕਰਕੇ ਕੋਸੀ ਤੋਂ ਪਿੰਡ ਕੋਟਵਾ ਨੰਦ ਹੋਡਲ ਤੱਕ ਸਿੱਖਾਂ ਨਾਲ ਲੜਾਈ ਹੋਈ....। ਸ੍ਰੀ ਹਜ਼ੂਰ ਦੇ ਪ੍ਰਤਾਪ ਨਾਲ ਸਿੱਖਾਂ ਦਾ ਸਰਦਾਰ ਮਾਰਿਆ ਗਿਆ ਅਤੇ ਬਹੁਤ ਸਾਰੇ ਜਖਮੀ ਹੋਏ, (ਸਿੱਖਾਂ ਦੀ) ਵਹੀਰ ਲੁੱਟੀ ਗਈ, ਸਿੱਖ ਭੱਜ ਕੇ ਸਾਡੀ (ਭਰਤਪੁਰ ਰਿਆਸਤ ਦੀ) ਹੱਦ ਤੋਂ ਬਾਹਰ ਚਲੇ ਗਏ। ਸਾਡਾ ਡੇਰਾ ਹੋਡਲ ਹੋਇਆ। (ਸਰਾਂਏ ਹੋਡਲ ਤੋਂ) ਅੱਜ ਕੂਚ ਕਰਕੇ ਹਥੀਨ ਤੱਕ ਪਿੱਛਾ ਕਰਨ ਉਪਰੰਤ ਡੇਰਾ ਕੀਤਾ। ਹੁਣ ਏਥੋਂ ਦੀ ਮਜਬੂਤੀ ਕਰਕੇ ਛੇਤੀ ਹੀ ਵੈਰ (ਦੇ ਕਿਲ੍ਹੇ) ਵੱਲ ਕੂਚ ਕਰਾਂਗੇ ਜੀ। ਅੱਗੇ ਸ਼੍ਰੀ ਹਜ਼ੂਰ ਦਾ ਜੋ ਹੁਕਮ ਹੋਵੇਗਾ, ਉਸੇ ਤਰ੍ਹਾਂ ਹੀ ਦੱਸਾਂਗੇ। ਸਾਰੀ ਹਕੀਕਤ ਖ਼ਾਨਸਾਮਾ ਜੀ ਦੇ ਲਿਖੇ ਅਤੇ ਪ੍ਰੋਹਿਤ ਗੋਕਲ ਚੰਦ ਜੀ ਦੇ ਅਰਜ਼ ਕਰਨ ਮੁਤਾਬਿਕ (ਤੁਹਾਨੂੰ) ਪਤਾ ਚੱਲੇਗੀ ਜੀ। ਮਿਤੀ ਫੱਗਣ ਸੁਦੀ 1, ਸੰਮਤ 1826

## 2.2. ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਵਿਚ ਸਿੱਖਾਂ ਨਾਲ ਸਬੰਧਿਤ ਜਾਣਕਾਰੀ ਦਾ ਵਿਸ਼ਲੇਸ਼ਣ:

ਰਾਜਸਥਾਨੀ ਭਾਸ਼ਾ ਵਿਚ ਲਿਖੀਆਂ ਇਨ੍ਹਾਂ ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਵਿਚ ਸਿੱਖਾਂ ਸਬੰਧੀ 1824 ਦੇ ਸ਼ੁਰੂ ਤੋਂ ਸੰਮਤ 1826 ਦੇ ਅਖੀਰ (1767 ਈ.-1770ਈ.) ਤਕ ਸੰਖੇਪ ਪਰ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

ਜੈਪੁਰ ਰਿਆਸਤ ਦੁਆਰਾ ਨਵਾਬ ਨਜ਼ੀਬਦੌਲਾ ਰੁਹੇਲੇ ਵੱਲ ਨਿਯੁਕਤ ਵਕੀਲ ਬਹਾਦਰ ਸਿੰਘ ਗੰਗਾਬਿਸ਼ਨ ਵੱਲੋਂ ਚੇਤ ਵਦੀ 2 ਸੰਮਤ 1824 ਨੂੰ ਜੈਪੁਰ ਰਿਆਸਤ ਦੇ ਅਹਿਲਕਾਰ ਸੰਗਹੀ ਜੀਵ ਰਾਜ ਨੂੰ ਲਿਖੀ ਅਰਜ਼ਦਾਸ਼ਤ/ਰਿਪੋਰਟ ਵਿਚੋਂ ਤਤਕਾਲੀ ਪੰਜਾਬ ਦੇ ਸਮੇਤ ਉੱਤਰੀ ਭਾਰਤ ਦੇ ਸਮੁੱਚੇ ਰਾਜਨੀਤਿਕ ਹਾਲਾਤ ਬਾਰੇ ਜਾਣਕਾਰੀ ਮਿਲਦੀ ਹੈ। ਇਸ ਅਰਜ਼ਦਾਸ਼ਤ ਵਿਚੋਂ ਪਤਾ ਚੱਲਦਾ ਹੈ ਕਿ ਸਾਰੇ ਸਿੱਖ ਉਸ ਸਮੇਂ ਮਾਖੋਵਾਲ (ਅਨੰਦਪੁਰ ਸਾਹਿਬ) ਵਿਚ ਹੋਲੇ-ਮਹੱਲੇ ਦੇ ਤਿਉਹਾਰ 'ਤੇ ਇਕੱਠੇ ਹੋਏ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਭੀੜ ਅਤੇ ਔਖਿਆਈ ਸਮੇਂ ਵੀ ਸਿੱਖ ਆਪਣੇ ਪ੍ਰੰਪਰਿਕ ਤੇ ਇਤਿਹਾਸਕ ਤੌਰ ਤੇ ਪ੍ਰਚੱਲਿਤ ਜੋੜ-ਮੇਲੇ ਆਦਿ ਨੂੰ ਮਨਾਉਣ ਨੂੰ ਕਿੰਨ੍ਹੀ ਤਰਜ਼ੀਹ ਦਿੰਦੇ ਸਨ। ਅਜਿਹੇ ਇਤਿਹਾਸਕ ਇਕੱਠਾਂ ਤੇ ਉਹ ਆਪਣੇ ਧਰਮ ਸਬੰਧੀ ਸਮਾਜਿਕ ਤੌਰ 'ਤੇ ਵਿਧੀਵਤ ਅਤੇ ਸੰਸਥਾਗਤ ਫੈਸਲੇ ਵੀ ਲੈਂਦੇ ਸਨ। ਅਜਿਹੇ ਇਕੱਠਾਂ ਤੇ ਉਹ ਸਾਂਝੇ ਦੁਸ਼ਮਣ ਨਾਲ ਨਜਿੱਠਣ, ਆਪਸੀ ਗ਼ਲਤ-ਫਹਿਮੀਆਂ ਅਤੇ ਨਾਰਾਜ਼ਗੀਆਂ ਨੂੰ ਦੂਰ ਕਰਨ ਦੇ ਜਤਨ ਵੀ ਕਰਦੇ ਸਨ। ਇਸੇ ਲਈ ਇਸ ਪੱਤਰ ਦਾ ਲੇਖਕ ਲਿਖਦਾ ਹੈ ਕਿ 'ਹੁਣ ਵੇਖਦੇ ਹਾਂ ਕਿ ਉਹ ਕਿੱਧਰ ਨੂੰ ਤੁਰਦੇ ਹਨ'। ਸੰਭਵ ਹੈ ਕਿ ਇਸ ਸਮੇਂ ਸਿੱਖਾਂ ਨੇ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕਰਨ ਲਈ ਤੇ ਦੇਸ਼ ਦੀ ਮੌਜੂਦਾ ਰਾਜਨੀਤਕ ਸਥਿਤੀ ਦਾ ਵਿਸ਼ਲੇਸ਼ਣ ਕਰਕੇ ਢੁਕਵੀਂ ਰਣਨੀਤੀ ਅਖਤਿਆਰ ਕਰਨ ਲਈ ਵਿਚਾਰ-ਵਟਾਂਦਰਾ ਕੀਤਾ ਹੋਵੇਗਾ।

ਇਸ ਅਰਜ਼ਦਾਸ਼ਤ ਵਿਚੋਂ ਅਹਿਮਦ ਸ਼ਾਹ ਅਬਦਾਲੀ ਦੇ ਉੱਤਰ-ਪੱਛਮੀ ਪੰਜਾਬ ਦੇ ਝੰਗ ਸਿਆਲ ਦੇ ਇਲਾਕੇ ਵਿਚ ਪੜਾਅ ਕੀਤੇ ਹੋਣ ਦੀ ਜਾਣਕਾਰੀ ਵੀ ਮਿਲਦੀ ਹੈ। ਇਸ ਦੇ ਨਾਲ ਹੀ ਨਜ਼ੀਬੁਦੌਲਾ ਦੀ ਬੇਚੈਨੀ ਅਤੇ ਅਬਦਾਲੀ ਦੇ ਪਹੁੰਚਣ ਸਬੰਧੀ ਉਤਾਵਲੇਪਣ ਦਾ ਪਤਾ ਵੀ ਲੱਗਦਾ ਹੈ ਜਿਸ ਕਰਕੇ ਉਹ ਤਿੰਨ-ਚਾਰ ਜੋੜੀਆਂ ਹਰਕਾਰਿਆਂ ਦੀਆਂ ਅਬਦਾਲੀ ਦੀ ਫੌਜ ਦੀਆਂ ਖ਼ਬਰਾਂ ਲਿਆਉਣ ਲਈ ਝੰਗ-ਸਿਆਲ ਵੱਲ ਭੇਜਦਾ ਹੈ। ਇਸ ਦੇ ਨਾਲ-ਨਾਲ ਉਹ ਆਪਣੇ ਕਿਲ੍ਹਿਆਂ ਦੀ ਕਰੜਾਈ ਵੀ ਕਰਦਾ ਹੈ। ਇਸ ਤੋਂ ਲੱਗਦਾ ਹੈ ਕਿ ਭਾਵੇਂ ਨਜ਼ੀਬੁਦੌਲਾ ਅਹਿਮਦ ਸ਼ਾਹ ਅਬਦਾਲੀ ਦਾ ਭਾਰਤ ਵਿਚ ਪ੍ਰਮੁੱਖ ਏਜੰਟ ਸੀ ਅਤੇ ਉਸ ਦੀਆਂ ਪਿਛਲੀਆਂ ਤਿੰਨ-ਚਾਰ ਮੁਹਿੰਮਾਂ ਵਿਚ ਸ਼ਾਹ ਵੱਲੋਂ ਉਸ ਪ੍ਰਤੀ ਦਿਖਾਈ ਦਿਆਲਤਾ ਦਾ ਤਜ਼ਰਬਾ ਵੀ ਸੀ, ਪਰ ਫਿਰ ਵੀ ਉਸ ਨੂੰ ਅਹਿਮਦ ਸ਼ਾਹ ਅਬਦਾਲੀ ਤੋਂ ਤੌਖ਼ਲਾ ਜ਼ਰੂਰ ਸੀ। ਇਸ ਤੋਂ ਇਲਾਵਾ ਇਸ ਅਰਜ਼ਦਾਸ਼ਤ ਵਿਚਲੇ ਵੇਰਵੇ ਤੋਂ ਪਤਾ ਲੱਗਦਾ ਹੈ ਕਿ ਨਵਾਬ ਨੇ ਜੈਪੁਰ ਰਿਆਸਤ ਦੇ

ਵਕੀਲ ਨੂੰ ਇਸ ਗੱਲ ਦੀ ਵਾਰ-ਵਾਰ ਪੱਕੀ ਕੀਤੀ ਸੀ ਕਿ ਜੈਪੁਰ ਰਿਆਸਤ ਵੱਲੋਂ ਅਬਦਾਲੀ ਨੂੰ ਖ਼ਰਚ ਦੇਣ ਲਈ ਉਹ ਪੈਸੇ ਤਿਆਰ ਰੱਖਣ।

ਮਰਾਠਿਆਂ ਦੇ ਵਕੀਲ ਗੰਗਾਧਰ ਵੱਲੋਂ ਮਰਾਠਾ ਜਰਨੈਲ ਰਘੂ ਨਾਥ ਰਾਉ ਨੂੰ ਚੇਤ ਵਦੀ 6 ਸੰਮਤ 1824 ਨੂੰ ਲਿਖੀ ਗਈ ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚੋਂ ਇਸ ਸਮੇਂ ਸਿੱਖਾਂ ਦੀਆਂ ਜੈਪੁਰ, ਭਰਤਪੁਰ ਅਤੇ ਮੇਵਾਤ ਆਦਿ ਦੇ ਇਲਾਕਿਆਂ ਵਿਚਲੀਆਂ ਗਤੀਵਿਧੀਆਂ ਅਤੇ ਉਨ੍ਹਾਂ ਦੇ ਰਾਜਨੀਤਿਕ ਸ਼ਕਤੀਆਂ ਨਾਲ ਸਬੰਧ ਅਤੇ ਸਥਿਤੀ ਆਦਿ ਸਬੰਧੀ ਜਾਣਕਾਰੀ ਮਿਲਦੀ ਹੈ। ਇਸ ਪੱਤਰ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਮਰਾਠੇ ਉੱਤਰ-ਪੱਛਮੀ ਭਾਰਤ ਵਿਚ ਉੱਭਰ ਰਹੀ ਰਾਜਨੀਤਿਕ ਸ਼ਕਤੀ ਦੀਆਂ ਗਤੀਵਿਧੀਆਂ ਅਤੇ ਰਾਜਨੀਤਿਕ ਸਬੰਧਾਂ ‘ਤੇ ਪੂਰੀ ਨਜ਼ਰ ਰੱਖ ਰਹੇ ਸਨ। ਇਸੇ ਲਈ ਉਨ੍ਹਾਂ ਦੇ ਵਕੀਲ ਸਿਖਾਂ ਦੀ ਹਰੇਕ ਗਤੀਵਿਧੀ ਦੀ ਖ਼ਬਰ ਆਪਣੇ ਮਰਾਠਾ ਜਰਨੈਲਾਂ ਅਤੇ ਸਰਦਾਰਾਂ ਨੂੰ ਭੇਜ ਰਹੇ ਸਨ। ਇਸ ਤੋਂ ਇਲਾਵਾ ਦੋ ਹੋਰ ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਗੰਗਾਧਰ ਵੱਲੋਂ ਰਘੂਨਾਥ ਰਾਉ ਨੂੰ ਲਿਖੀਆਂ ਮਿਲੀਆਂ ਹਨ। ਇਨ੍ਹਾਂ ਤਿੰਨ੍ਹਾਂ ਵਿਚ ਹੀ ਉਸ ਨੇ ਪਹਿਲੀਆਂ ਤਾਰੀਖਾਂ ਵਿਚ ਅਰਜ਼ਦਾਸ਼ਤਾਂ ਲਿਖ ਕੇ ਭੇਜਣ ਦੇ ਜ਼ਿਕਰ ਕੀਤੇ ਹਨ। ਜਿਸ ਤੋਂ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ ਕਿ ਉਹ ਸਿੱਖਾਂ ਦੀਆਂ ਗਤੀਵਿਧੀਆਂ ‘ਤੇ ਨਜ਼ਰ ਰੱਖ ਰਹੇ ਸਨ।

ਇਸ ਰਿਪੋਰਟ ਵਿਚੋਂ ਪਤਾ ਚੱਲਦਾ ਹੈ ਕਿ ਜੈਪੁਰ ਰਿਆਸਤ ਵੱਲੋਂ ਸ. ਖੁਸ਼ਹਾਲ ਸਿੰਘ (ਸਿੰਘਪੁਰੀਆ ਮਿਸਲ) ਨੂੰ ਸਰਬੱਤ ਖਾਲਸਾ ਭਾਵ ਖਾਲਸਾ ਦਲ ਲਈ ਨਰ ਸਿੰਘ ਦਾਸ ਰਾਹੀਂ ਦਸ ਹਜ਼ਾਰ ਰੁ. ਹੁੰਡੀ ਰਾਹੀਂ ਭੇਜੇ ਗਏ ਸਨ।ਇਸ ਤੋਂ ਇਲਾਵਾ ਸਿੱਖ ਸਰਦਾਰਾਂ ਅਤੇ ਜੈਪੁਰ ਰਿਆਸਤ ਅਧੀਨ ਮਾਚੇੜੀ ਦੇ ਠਾਕੁਰ ਪ੍ਰਤਾਪ ਸਿੰਘ ਨਰੂਕਾ ਵਿਚਕਾਰ ਵੀ ਗੱਲ-ਬਾਤ ਚੱਲ ਰਹੀ ਸੀ। ਇਸੇ ਸਬੰਧੀ ਸਿੱਖਾਂ ਦਾ ਇਕ ਵਕੀਲ ਉਸ ਠਾਕੁਰ ਨਾਲ ਗੱਲ ਕਰਨ ਲਈ ਗਿਆ ਹੋਇਆ ਸੀ।

ਇਸ ਅਧਿਆਇ ਦੇ ‘ਖ਼ਾਤੂਤ ਅਹਿਲਕਾਰਾਨ’ ਵਿਚ ਸ਼ਾਮਿਲ ਫੱਗਣ ਸੁਦੀ 4 ਸੰਮਤ 1824 ਨੂੰ ਕਾਮਾ ਪ੍ਰਗਨੇ ਦੇ ਠਾਕੁਰ ਹਰੀ ਸਿੰਘ ਨੂੰ ਲਿਖੇ ਖ਼ਤ ਵਿਚੋਂ ਪਤਾ ਚੱਲਦਾ ਹੈ ਕਿ ਜਵਾਹਰ ਸਿੰਘ ਜਾਟ ਨੇ ਸਿੱਖਾਂ ਨੂੰ ਇਸ ਸਮੇਂ ਜੈਪੁਰ ਰਿਆਸਤ ਵਿਰੁੱਧ ਮਦਦ ਕਰਨ ਲਈ ਸੱਤ ਲੱਖ ਰੁ. ਹੋਰ ਦੇਣ ਦਾ ਵਚਨ ਕਰਕੇ ਮਨਾ ਲਿਆ ਸੀ।[35] ਇਸ ਲਈ ਫੱਗਣ ਦੇ ਮਹੀਨੇ

[35] ਓਪੇਂਦਰ ਨਾਥ ਸ਼ਰਮਾ, ਉਕਤ, ਪੰਨੇ 138-139.

ਵਿਚ ਸਿੱਖ ਭਰਤਪੁਰ ਦੇ ਜਾਟ ਰਾਜਾ ਜਵਾਹਰ ਸਿੰਘ ਦੀ ਜੈਪੁਰ ਵਿਰੁੱਧ ਮਦਦ ਕਰ ਰਹੇ ਸਨ। ਪਰ ਜੈਪੁਰ ਰਿਆਸਤ ਵੀ ਸਿੱਖਾਂ ਨੂੰ ਮਨਾਉਣ ਲਈ ਜਤਨ ਕਰ ਰਹੀ ਸੀ, ਜਿਸ ਦਾ ਵਿਸਥਾਰਿਤ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ। ਇਨ੍ਹਾਂ ਯਤਨਾਂ ਕਰਕੇ ਹੀ ਜੈਪੁਰ ਰਿਆਸਤ ਵੱਲੋਂ ਸਰਬੱਤ ਖ਼ਾਲਸਾ ਨੂੰ ਦਸ ਹਜ਼ਾਰ ਰੁ. ਦੀ ਹੁੰਡੀ ਦਿੱਤੀ ਗਈ ਸੀ।

ਇਸ ਅਰਜ਼ਦਾਸ਼ਤ ਤੋਂ ਪਤਾ ਚੱਲਦਾ ਹੈ ਕਿ ਸਿੱਖ ਸਰਦਾਰਾਂ ਦਾ ਨਵਾਬ ਨਜ਼ੀਬੁਦੌਲਾ ਰੁਹੇਲੇ ਨਾਲ ਸਮਝੌਤਾ ਹੋਇਆ ਸੀ ਜੋ ਜਲਦੀ ਹੀ ਟੁੱਟ ਗਿਆ। ਇਸ ਲਈ ਇਸ ਸਮੇਂ ਨਵਾਬ ਨੇ ਸਿੱਖਾਂ ‘ਤੇ ਦਬਾਅ ਬਣਾਉਣ ਲਈ ਮੇਵਾਤ ਇਲਾਕੇ ਦੇ ਬਹਾਦਰਗੜ੍ਹ ਵਿਚ ਆਣ ਡੇਰੇ ਕੀਤੇ ਸਨ। ਪਰ ਸਿੱਖ ਵੀ ਉਸ ਦੀ ਚਾਲ ਨੂੰ ਸਮਝ ਕੇ ਮੌਕੇ ਦੇ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਦੋ ਦਲਾਂ ਵਿਚ ਹੋ ਗਏ ਸਨ, ਜਿਨ੍ਹਾਂ ਵਿਚੋਂ ਇਕ ਦਲ ਵਿਚ ਖੁਸ਼ਹਾਲ ਸਿੰਘ ਵਗੈਰਾ ਅਤੇ ਦੂਜੇ ਵਿਚ ਬਘੇਲ ਸਿੰਘ ਆਦਿ ਸਿੱਖ ਸਰਦਾਰ ਸ਼ਾਮਿਲ ਸਨ। ਇਸ ਸਮੇਂ ਸ. ਬਘੇਲ ਸਿੰਘ ਰਾਜਾ ਜਵਾਹਰ ਸਿੰਘ ਦੀ ਮਦਦ ਲਈ ਉਸ ਦੇ ਨਾਲ ਅੱਗੇ-ਪਿੱਛੇ ਹੁੰਦਾ ਹੋਇਆ ਡੀਂਗ ਅਤੇ ਕੁਮ੍ਹੇਰ ਵੱਲ ਗਿਆ ਹੋਇਆ ਸੀ। ਜੈਪੁਰ ਰਿਆਸਤ ਅਧੀਨ ਬੰਕਾਂਵਤ ਖਾਂਪ ਦੇ ਠਾਕੁਰ ਸੰਪਤੀ ਰਾਮ ਵੱਲੋਂ ਮਹਾਰਾਜਾ ਜੈਪੁਰ ਨੂੰ ਚੇਤ ਸੁਦੀ 1 ਸੰਮਤ 1824 ਨੂੰ ਲਿਖੀ ਅਰਜ਼ਦਾਸ਼ਤ ਵਿਚਲੇ ਵੇਰਵੇ ਤੋਂ ਪਤਾ ਚੱਲਦਾ ਹੈ ਕਿ ਜਾਟਾਂ ਅਤੇ ਸਿੱਖਾਂ ਦੀਆਂ ਸਾਂਝੀਆਂ ਫੌਜ਼ਾਂ ਨੇ ਜੈਪੁਰ ਰਿਆਸਤ ਦੇ ਕਾਮਾ ਪਰਗਨੇ ਨੂੰ ਬੁਰੀ ਤਰ੍ਹਾਂ ਬਰਬਾਦ ਕਰ ਦਿੱਤਾ ਸੀ। ਇਸ ਲਿਖ਼ਤ ਤੋਂ ਸਿੱਖਾਂ ਦੀ ਕੂਟਨੀਤੀ ਦਾ ਵੀ ਪਤਾ ਚੱਲਦਾ ਹੈ ਕਿ ਉਹ ਕਿਵੇਂ ਦੋ ਵਿਰੋਧੀ ਸ਼ਕਤੀਆਂ ਦੀ ਮਦਦ ਵੀ ਕਰਦੇ ਰਹੇ ਅਤੇ ਉਨ੍ਹਾਂ ਨਾਲ ਆਪਣੇ ਮਿੱਤਰਤਾ ਪੂਰਵਕ ਸਬੰਧ ਵੀ ਬਣਾਈ ਰੱਖੇ।

ਚੇਤ ਸੁਦੀ 1 ਸੰਮਤ 1824 ਨੂੰ ਕਾਮ੍ਹਾਂ ਪਰਗਨੇ ਅਧੀਨ ਠਾਕੁਰ ਸੰਪਤੀ ਰਾਮ ਬੰਕਾਵਤ ਵੱਲੋਂ ਲਿਖੀ ਗਈ ਅਰਜ਼ਦਾਸ਼ਤ ਵਿਚਲੇ ਵੇਰਵੇ ਤੋਂ ਪਤਾ ਚੱਲਦਾ ਹੈ ਕਿ ਚੇਤ ਸੁਦੀ 1 ਸੰਮਤ 1824 ਤੋਂ ਪਹਿਲਾਂ ਜੈਪੁਰ ਰਾਜ ਦੇ ‘ਕਾਮ੍ਹਾਂ’ ਇਲਾਕੇ ਵਿਚ ਜਾਟਾਂ ਨੇ ਸਿੱਖ ਫੌਜ਼ ਦੀ ਮਦਦ ਨਾਲ ਲੁੱਟ-ਮਾਰ ਕੀਤੀ ਅਤੇ ਇਲਾਕੇ ਵਿਚ ਇਹਨਾਂ ਦੀ ਦਹਿਸ਼ਤ ਨਾਲ ਬਰਬਾਦੀ ਹੋਣ ਦਾ ਪਤਾ ਚੱਲਦਾ ਹੈ। ਇਸ ਸਮੇ ਸਿੱਖਾਂ ਨੇ ਜਾਟਾਂ ਦੀ ਮਦਦ ਕਰਕੇ ਜੈਪੁਰ ਰਾਜ ਦਾ ‘ਕਾਮ੍ਹਾਂ’ ਇਲਾਕਾ ਜਾਟ ਰਾਜ ਅਧੀਨ ਲਿਆਉਣ ਦਾ ਜਤਨ ਕੀਤਾ ਸੀ।

ਵੈਸਾਖ ਵਦੀ 2 ਸੰਮਤ 1825 ਨੂੰ ਜੈਪੁਰ ਰਿਆਸਤ ਵੱਲੋਂ ਨਵਾਬ ਨਜ਼ੀਬੁਦੌਲਾ ਰੁਹੇਲੇ ਵੱਲ ਨਿਯੁਕਤ ਵਕੀਲ ਬਹਾਦਰ ਸਿੰਘ ਗੰਗਾਬਿਸ਼ਨ ਦੁਆਰਾ ਸੰਗਹੀ ਜੀਵਰਾਜ ਨੂੰ ਲਿਖੀ ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚ ਹੋਰਨਾਂ ਵੇਰਵਿਆਂ ਦੇ ਨਾਲ-ਨਾਲ ਸਿੱਖਾਂ ਦੀ ਤਤਕਾਲੀ ਰਾਜਨੀਤਕ ਸਥਿਤੀ ਬਾਰੇ ਵੀ ਹਵਾਲਾ ਮਿਲਦਾ ਹੈ। ਇਸ ਅਰਜ਼ਦਾਸ਼ਤ ਵਿਚੋਂ ਪਤਾ ਚੱਲਦਾ ਹੈ ਕਿ ਨਵਾਬ ਨਜ਼ੀਬੁਦੌਲਾ ਉੱਤਰੀ ਭਾਰਤ ਵਿਚ ਸਿੱਖਾਂ ਨੂੰ ਮਰਾਠਿਆਂ ਦੇ ਬਰਾਬਰ ਦੀ ਰਾਜਨੀਤਿਕ ਤੇ ਸੈਨਿਕ ਸ਼ਕਤੀ ਕਬੂਲ ਕਰਨ ਲੱਗ ਪਿਆ ਸੀ। ਇਸੇ ਲਈ ਉਹ ਕਿਸੇ ਵੱਡੇ ਰਾਜਨੀਤਕ ਕਾਰਜ ਲਈ ਸਿੱਖਾਂ ਜਾਂ ਮਰਾਠਿਆਂ ਵਿਚੋਂ ਕਿਸੇ ਇਕ ਨੂੰ ਆਪਣੇ ਨਾਲ ਸ਼ਾਮਿਲ ਕਰਨਾ ਚਾਹੁੰਦਾ ਸੀ। ਇਹ ਵੱਡਾ ਕਾਰਜ ਜੈਪੁਰ ਸਮੇਤ ਹੋਰ ਰਾਜਨੀਤਿਕ ਸ਼ਕਤੀਆਂ ਦਾ ਗਠਜੋੜ ਕਰਕੇ ਦਿੱਲੀ ਦੀ ਕੇਂਦਰੀ ਮੁਗ਼ਲ ਹਕੂਮਤ ਦੀ ਮੁੜ ਸਥਾਪਤੀ ਅਤੇ ਭਰਤਪੁਰ ਦੀ ਜਾਟ ਰਿਆਸਤ ਅਧੀਨ ਕੇਂਦਰੀ ਹਕੂਮਤ ਦੇ ਇਲਾਕਿਆਂ ’ਤੇ ਕਬਜ਼ਾ ਕਰਨਾ ਹੀ ਹੋ ਸਕਦਾ ਹੈ।

ਮਰਾਠਿਆਂ ਦੇ ਵਕੀਲ ਗੰਗਾਧਰ ਵੱਲੋਂ ਮਰਾਠਾ ਜਰਨੈਲ ਰਘੂ ਨਾਥ ਰਾਉ ਨੂੰ ਵੈਸਾਖ ਸੁਦੀ 9 ਸੰਮਤ 1825 ਨੂੰ ਲਿਖੀ ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚਲੇ ਵੇਰਵਿਆਂ ਤੋਂ ਜਾਣਕਾਰੀ ਮਿਲਦੀ ਹੈ ਕਿ ਸਿੱਖ ਮਿਸਲਾਂ ਖਾਸ ਕਰਕੇ ਕਰੋੜ ਸਿੰਘੀਆ, ਆਹਲੂਵਾਲੀਆ, ਸਿੰਘਪੁਰੀਆ, ਸ਼ਹੀਦ, ਕਨ੍ਹੱਈਆ, ਰਾਮਗੜ੍ਹੀਆ ਅਤੇ ਡੱਲੇਵਾਲੀਆ ਆਦਿ ਵੈਸਾਖ ਸੁਦੀ 8-9 ਸੰਮਤ 1825 (24-25 ਅਪ੍ਰੈਲ 1768 ਈ.) ਨੂੰ ਦਿੱਲੀ ਅਤੇ ਜਮਨਾ ਤੋਂ ਪਾਰ ਕੁਤਬਾ ਆਦਿ ਵਿਚ ਆਪਣੀਆਂ ਸੈਨਿਕ ਕਾਰਵਾਈਆਂ ਚਲਾ ਰਹੀਆਂ ਸਨ। ਇਸ ਸਮੇਂ ਉਪਰੋਕਤ ਮਿਸਲਾਂ ਦੇ ਮੁੱਖ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ ਅਤੇ ਸ਼ਾਮ ਸਿੰਘ ਕਰੋੜਸਿੰਘੀਆ, ਜੱਸਾ ਸਿੰਘ ਰਾਮਗੜ੍ਹੀਆ, ਖੁਸ਼ਹਾਲ ਸਿੰਘ ਸਿੰਘਪੁਰੀਆ, ਜੈ ਸਿੰਘ ਕਨ੍ਹੱਈਆ, ਤਾਰਾ ਸਿੰਘ ਗੈਬਾ (ਡੱਲੇਵਾਲੀਆ), ਗੁਰਬਖਸ਼ ਸਿੰਘ, ਕਰਮ ਸਿੰਘ ਤੇ ਧਰਮ ਸਿੰਘ[36] ਆਦਿ ਸਿੱਖ ਮਿਸਲਾਂ ਦੀ ਅਗਵਾਈ ਕਰ ਰਹੇ ਸਨ।

---

[36] ਧਰਮ ਸਿੰਘ ਉਸ ਸਮੇਂ ਦੋ ਹੋਏ ਹਨ, ਇਕ ਧਰਮ ਸਿੰਘ ਸ਼ਹੀਦ ਮਿਸਲ ਦਾ ਸੀ, ਦੂਸਰਾ ਧਰਮ ਸਿੰਘ ਤਾਰਾ ਸਿੰਘ ਗੈਬਾ ਦਾ ਚਚੇਰਾ ਭਰਾ ਸੀ ਜੋ ਪਿੰਡ ਕੰਗ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਸੀ। ਇਸੇ ਤਰ੍ਹਾਂ ਉਸ ਸਮੇਂ ਗੁਰਬਖਸ਼ ਸਿੰਘ ਵੀ ਦੋ ਮਿਸਲਾਂ ਦੇ ਆਗੂ ਸਨ। ਇਕ ਗੁਰਬਖਸ਼ ਸਿੰਘ ਸ਼ਹੀਦ ਮਿਸਲ ਦਾ ਸੀ ਜੋ ਗੱਗੋਬੂਆ ਪਿੰਡ ਦਾ ਰਹਿਣ ਵਾਲਾ ਸੀ। ਦੂਸਰਾ ਗੁਰਬਖਸ਼ ਸਿੰਘ ਕਰੋੜ ਸਿੰਘੀਆ ਮਿਸਲ ਦਾ ਆਗੂ ਸੀ ਜੋ ਲਾਹੌਰ ਜ਼ਿਲ੍ਹੇ (ਅਜੋਕਾ ਤਰਨ-ਤਾਰਨ) ਦੇ ਕਲਸੀਆ ਪਿੰਡ ਦਾ ਰਹਿਣ ਵਾਲਾ ਸੀ। ਵਿਸਥਾਰ ਲਈ ਵੇਖੋ: **ਮਹਾਨ ਕੋਸ਼**, ਪੰਨਾ 139; Gupta Hari Ram, *History of The Sikhs*, pp 54, 66, 124, 126.

ਇਸ ਤੋਂ ਇਲਾਵਾ ਉਸ ਸਮੇਂ ਸਿੱਖਾਂ ਦੇ ਰੋਜ਼ਾਨਾਂ ਨਿਤਨੇਮ ਅਤੇ ਦੀਵਾਨ ਸਜਾਉਣ ਤੋਂ ਇਲਾਵਾ ਚੜ੍ਹਾਈ ਜਾਂ ਕੂਚ ਕਰਨ ਦੇ ਸਮੇਂ ਆਦਿ ਬਾਰੇ ਵੀ ਪਤਾ ਲੱਗਦਾ ਹੈ। ਦੀਵਾਨਾਂ ਵਿਚ ਸਿੱਖਾਂ ਦੁਆਰਾ ਆਪਸੀ ਮਸਲੇ ਵੀ ਵਿਚਾਰੇ ਜਾਂਦੇ ਸਨ ਅਤੇ ਕਈ ਵਾਰੀ ਇਸ ਸਮੇਂ ਆਪਸ ਵਿਚ ਤਲਖ਼ਕਲਾਮੀ ਵੀ ਹੋ ਜਾਂਦੀ ਸੀ, ਪਰ ਫਿਰ ਸਾਰੇ ਆਮ ਵਾਂਗ ਵਿਚਰਣ ਲੱਗ ਪੈਂਦੇ ਸਨ। ਇਸ ਅਰਜ਼ਦਾਸ਼ਤ ਤੋਂ ਸਿੱਖ ਮਿਸਲਾਂ ਵਿਚ ਪੈਸੇ ਵਿਚ ਹਿੱਸੇਦਾਰੀ ਆਦਿ ਤੋਂ ਪੈਣ ਵਾਲੀ ਫੁੱਟ ਦਾ ਵੀ ਪਤਾ ਲੱਗਦਾ ਹੈ। ਇਸ ਸਮੇਂ ਦੀਵਾਨਾਂ ਵਿਚ ਸਿੱਖ ਸਰਦਾਰ ਖੁਦ ਕੀਰਤਨ ਵੀ ਕਰਿਆ ਕਰਦੇ ਸਨ। ਅਰਜ਼ਦਾਸ਼ਤ 'ਚ ਸ. ਬਘੇਲ ਸਿੰਘ ਦੇ ਸੋਮਵਾਰ ਵੈਸਾਖ ਸੁਦੀ 9 ਸੰਮਤ 1825 ਦੇ ਦੀਵਾਨ ਵਿਚ ਖੁਦ ਵਾਜੇ 'ਤੇ ਬੈਠ ਕੇ ਕੀਰਤਨ ਕਰਨ ਦਾ ਜ਼ਿਕਰ ਵੀ ਮਿਲਦਾ ਹੈ। ਇਸ ਸਮੇਂ ਸਿੱਖ ਮਿਸਲਾਂ ਦੇ ਸਰਦਾਰਾਂ ਵਿਚ ਜੈਪੁਰ ਰਿਆਸਤ ਦੇ ਵਕੀਲ ਦੁਆਰਾ ਦਿੱਤੇ 2 ਲੱਖ ਰੁ. ਦੀ ਆਪਸੀ ਵੰਡ ਸਮੇਂ ਝਗੜਾ ਹੋਣ ਦੀ ਜਾਣਕਾਰੀ ਮਿਲਦੀ ਹੈ, ਜੋ ਗਾਲੀ-ਗਲੋਚ ਤੱਕ ਚਲਾ ਗਿਆ। ਇਸ ਸਮੇਂ ਸਿੱਖ ਮਿਸਲਾਂ ਦੀ ਆਪਸੀ ਧੜੇਬੰਦੀ ਦਾ ਪਤਾ ਚੱਲਦਾ ਹੈ। ਇਹ ਘਟਨਾ ਐਤਵਾਰ ਵੈਸਾਖ ਸੁਦੀ 8 ਸੰਮਤ 1825 ਰਾਤ ਦੇ ਦੀਵਾਨ ਦੀ ਹੈ। ਦੀਵਾਨ ਦੀ ਸਮਾਪਤੀ ਪਿੱਛੋਂ ਮੁਨਸ਼ੀ ਰਾਮ ਕਿਸ਼ਨ ਨੂੰ ਦਿੱਲੀ ਜਾਣ ਲਈ ਵਿਦਾਇਗੀ ਦੇਣ ਲਈ ਖੁਸ਼ਹਾਲ ਸਿੰਘ, ਤਾਰਾ ਸਿੰਘ (ਗੈਬਾ) ਅਤੇ ਕਰਮ ਸਿੰਘ ਡੇਰੇ ਤੋਂ ਤੁਰੇ ਤਾਂ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਨੂੰ ਕਿਹਾ ਕਿ "ਤੁਹਾਨੂੰ ਤਾਂ ਜੈਪੁਰ ਰਿਆਸਤ ਵੱਲੋਂ 2 ਲੱਖ ਰੁ. ਮਿਲ ਗਏ ਹਨ ਅਤੇ ਤੁਹਾਡੀ ਖ਼ਾਤਰਦਾਰੀ ਵੀ ਉਨ੍ਹਾਂ ਵੱਲੋਂ ਹੋ ਗਈ ਹੈ, ਕੇਵਲ ਮੈਂ ਹੀ ਰਹਿ ਗਿਆ ਹਾਂ (ਭਾਵ ਜੱਸਾ ਸਿੰਘ ਨੂੰ ਉਸ ਸਮੇਂ ਤੱਕ ਜੈਪੁਰ ਰਿਆਸਤ ਵੱਲੋਂ ਪੈਸੇ ਨਹੀਂ ਮਿਲੇ ਸਨ) ਇਸ ਲਈ ਮੁਨਸ਼ੀ ਰਾਮ ਕਿਸ਼ਨ ਅਤੇ ਪੈਸੇ ਹੁਣ ਮੇਰੇ ਹਵਾਲੇ ਕਰ ਦਿਉ। ਮੈਂ ਜਿਸ ਨੂੰ ਜਿੰਨੇ ਚਾਹਾਂਗਾ ਦੇਵਾਂਗਾ। ਮੈਂ ਹੀ ਤੁਹਾਨੂੰ ਇੱਧਰ ਲਿਆਉਣ ਵਾਲਾ ਹਾਂ (ਭਾਵ ਆਗੂ) ਜੇ ਨਹੀਂ ਤਾਂ ਆਪਣੀ ਆਪਸ ਵਿਚ ਤਲਵਾਰ ਚੱਲੇਗੀ।" ਇਸ ਗੱਲ ਤੋਂ ਦੂਸਰੇ ਸਿੱਖ ਆਗੂ (ਖੁਸ਼ਹਾਲ ਸਿੰਘ, ਕਰਮ ਸਿੰਘ, ਤਾਰਾ ਸਿੰਘ ਗੈਬਾ ਆਦਿ) ਭੜਕ ਉੱਠੇ ਅਤੇ ਉਨ੍ਹਾਂ ਕਿਹਾ, "ਚਲਾਉ ਤਲਵਾਰ; ਅਸੀਂ ਵੀ ਇੱਥੇ ਹੀ ਹਾਂ।" ਇਸ ਤੋਂ ਪਿੱਛੋਂ ਆਪਸੀ ਗਾਲੀ-ਗਲੋਚ ਬਹੁਤ ਹੋਣ ਉਪਰੰਤ ਦੀਵਾਨ ਵਿਚ ਵੱਖ-ਵੱਖ ਹੋ ਕੇ ਬੈਠ ਗਏ। ਦੀਵਾਨ ਦੀ ਸਮਾਪਤੀ ਉਪਰੰਤ ਅੱਧੀ ਰਾਤ ਨੂੰ ਸਾਰੇ ਆਪਣੇ-ਆਪਣੇ ਡੇਰਿਆਂ ਨੂੰ ਚਲੇ ਗਏ। ਇਸ ਸਮੇਂ ਮਿਸਲਾਂ ਦੇ ਸਰਦਾਰਾਂ ਦੇ ਦੋ ਧੜੇ ਬਣ ਗਏ ਸਨ।

ਇਕ ਵਿਚ ਖੁਸ਼ਹਾਲ ਸਿੰਘ ਸਿੰਘਪੁਰੀਆ, ਤਾਰਾ ਸਿੰਘ ਗੈਬਾ ਡੱਲੇਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਅਤੇ ਜੈ ਸਿੰਘ ਕਨ੍ਹੱਈਆ ਆਦਿ ਸਨ ਅਤੇ ਦੂਜੇ ਵਿਚ ਜੱਸਾ ਸਿੰਘ ਆਹਲੂਵਾਲੀਆ, ਸ਼ਾਮ ਸਿੰਘ ਕਰੋੜਸਿੰਘੀਆ, ਬਘੇਲ ਸਿੰਘ ਕਰੋੜਸਿੰਘੀਆ ਆਦਿ ਸਨ। ਇਸ ਪੱਤਰ ਤੋਂ ਮਿਸਲਾਂ ਦੀ ਅੰਦਰੂਨੀ ਲੜਾਈ ਅਤੇ ਧੜੇਬੰਦੀ ਦੀ ਜਾਣਕਾਰੀ ਮਿਲਦੀ ਹੈ।

ਇਸ ਤੋਂ ਇਲਾਵਾ ਮਰਾਠਾ ਵਕੀਲ ਵੱਲੋਂ ਵੈਸਾਖ ਸੁਦੀ 9 ਅਤੇ 10 ਸੰਮਤ 1825 ਨੂੰ ਲਿਖੀਆਂ ਗਈਆਂ ਦੋਵਾਂ ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਵਿਚ ਲਿਖੇ ਹਾਲ ਤੋਂ ਪਤਾ ਚੱਲਦਾ ਹੈ ਕਿ ਸਿੱਖ ਮਿਸਲਾਂ ਨਾਲ ਸੰਧੀਆਂ-ਸਮਝੌਤੇ ਕਰਨ ਲਈ ਵੱਖ-ਵੱਖ ਰਾਜਨੀਤਿਕ ਸ਼ਕਤੀਆਂ ਅਤੇ ਰਿਆਸਤਾਂ ਦੇ ਵਕੀਲ/ਦੂਤ ਆਉਂਦੇ ਸਨ। ਇਹਨਾਂ ਦੋਵਾਂ ਅਰਜ਼ਦਾਸ਼ਤਾਂ ਦਾ ਲੇਖਕ ਖੁਦ ਮਰਾਠਿਆਂ ਵੱਲੋਂ ਸਿੱਖ ਮਿਸਲਾਂ ਨਾਲ ਦੂਤ ਵਜੋਂ ਵਿਚਰ ਰਹੇ ਹੋਣ ਦੇ ਇਸ਼ਾਰੇ ਮਿਲਦੇ ਹਨ। ਇਨ੍ਹਾਂ ਦੋਹਾਂ ਪੱਤਰਾਂ ਤੋਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਉਸ ਸਮੇਂ ਮਰਾਠੇ ਆਪਣੇ ਆਦਮੀਆਂ ਰਾਹੀਂ ਉੱਤਰ-ਪੱਛਮੀ ਭਾਰਤ ਦੇ ਰਾਜਨੀਤਿਕ ਹਾਲਾਤਾਂ ਅਤੇ ਸ਼ਕਤੀਆਂ ਦੇ ਆਪਸੀ ਸਬੰਧਾਂ ਅਤੇ ਲੈਣ ਦੇਣ ਉੱਤੇ ਪੂਰਾ ਧਿਆਨ ਰੱਖ ਰਹੇ ਸਨ।ਇਨ੍ਹਾਂ ਅਰਜ਼ਦਾਸ਼ਤਾਂ ਵਿਚਲੇ ਵੇਰਵਿਆਂ ਨੂੰ ਦੂਸਰੇ ਸਮਕਾਲੀ ਸਰੋਤਾਂ ਨਾਲ ਮਿਲਾਕੇ ਵੇਖਣ ਤੋਂ ਪਤਾ ਚੱਲਦਾ ਹੈ ਕਿ ਸਿੱਖ ਮਿਸਲਾਂ ਜਦੋਂ ਸੰਮਤ 1824 ਦੇ ਅਖੀਰ ਵਿਚ ਭਰਤਪੁਰ ਦੇ ਜਾਟ ਰਾਜਾ ਜਵਾਹਰ ਸਿੰਘ ਦੀ ਜੈਪੁਰ ਰਿਆਸਤ ਖਿਲਾਫ ਮਦਦ ਕਰ ਰਹੀਆਂ ਸਨ ਤਾਂ ਜੈਪੁਰ ਰਿਆਸਤ ਵੱਲੋਂ ਸਿੱਖਾਂ ਨੂੰ ਭਰਤਪੁਰ ਰਿਆਸਤ ਦੀ ਮਦਦ ਨਾ ਕਰਨ ਲਈ ਆਪਣੇ ਵੱਲੋਂ ਵਕੀਲ ਮੁਨਸ਼ੀ ਰਾਮ ਕਿਸ਼ਨ ਰਾਹੀਂ ਜਤਨ ਕੀਤੇ ਜਾ ਰਹੇ ਸਨ ਜਿਸ ਦੀ ਪੁਸ਼ਟੀ ਇਸੇ ਅਧਿਆਇ ਵਿਚ ਸ਼ਾਮਿਲ ਚੇਤ ਵਦੀ 6 ਸੰਮਤ 1825 ਨੂੰ ਮੁਨਸ਼ੀ ਰਾਮ ਕਿਸ਼ਨ ਨੂੰ ਲਿਖੇ ਇਕ ਪ੍ਰਵਾਨੇ ਤੋਂ ਵੀ ਹੁੰਦੀ ਹੈ।[37] ਫਰਵਰੀ-ਮਾਰਚ 1824 ਤੋਂ ਜਾਟ-ਕਛਵਾਹਾ ਲੜਾਈ ਵਿਚ ਰਾਜਾ ਜਵਾਹਰ ਸਿੰਘ ਨੇ ਸਿੱਖਾਂ ਦੀ ਮਦਦ ਲਈ ਸੀ ਅਤੇ ਜੈਪੁਰ ਰਿਆਸਤ ਵੱਲੋਂ ਇਸ ਗਠਜੋੜ ਨੂੰ ਤੋੜਨ ਲਈ ਜਤਨ ਕੀਤੇ ਜਾ ਰਹੇ ਸਨ।[38] ਸੋ ਇਨ੍ਹਾਂ ਸਭ ਜਤਨਾਂ ਕਰਕੇ ਮੁਨਸ਼ੀ ਰਾਮ ਕਿਸ਼ਨ ਨੇ ਸਿੱਖ ਮਿਸਲਾਂ ਦੇ ਸਰਦਾਰਾਂ ਨੂੰ 2 ਲੱਖ ਰੁ. ਦੇਣ ਦੀ ਸ਼ਰਤ 'ਤੇ ਜੈਪੁਰ ਰਿਆਸਤ ਵਿਰੁੱਧ ਰਾਜਾ ਜਵਾਹਰ ਸਿੰਘ

---

37 **ਡਰਾਫਟ ਖਰੀਤਾ ਪ੍ਰਵਾਨਾ**, ਬੰਡਲ ਨੰਬਰ 12, ਨੰਬਰ 137/28.
38 ਓਪੇਂਦਰ ਨਾਥ ਸ਼ਰਮਾ, ਉਕਤ, ਪੰਨੇ 139-145.

ਦੀ ਮਦਦ ਨਾ ਕਰਨ ਲਈ ਮਨਾ ਲਿਆ ਸੀ। ਇਸ ਦੀ ਪੁਸ਼ਟੀ ਇਸ ਅਧਿਆਇ ਵਿਚਲੇ ਖਤੂਤ ਅਹਿਲਕਾਰਾਨ ਵਿਚਲੇ ਖਤ ਅਤੇ ਮਰਾਠਾ ਵਕੀਲ ਗੰਗਾਧਰ ਵੱਲੋਂ ਲਿਖੀਆਂ ਦੂਜੀਆਂ ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਵਿਚਲੇ ਵੇਰਵਿਆਂ ਤੋਂ ਵੀ ਹੁੰਦੀ ਹੈ । ਇਸ ਰਿਪੋਰਟ ਵਿਚ ਸਿੱਖ ਸਰਦਾਰਾਂ ਦੁਆਰਾ ਜੈਪੁਰ ਰਿਆਸਤ ਦੇ ਵਕੀਲਾਂ ਮੁਨਸ਼ੀ ਰਾਮ ਕਿਸ਼ਨ ਅਤੇ ਨਰ ਸਿੰਘ ਦਾਸ, ਰਾਵ ਸਹਿਜ ਸਿੰਘ, ਭਰਤਪੁਰ ਦੇ ਵਕੀਲ ਸਾਹਿਬ ਸਿੰਘ ਆਦਿ ਨੂੰ 500-500 ਰੁ. ਅਤੇ 1-1 ਦੁਸ਼ਾਲਾ ਅਤੇ ਧਰਮ ਸਿੰਘ, ਗੁੱਜਰ ਮੱਲ, ਸੋਂਧੇ ਖਾਂ ਆਦਿ ਸਿੱਖਾਂ ਦੇ ਵਕੀਲਾਂ ਨੂੰ ਵੀ ਨਕਦ ਰੁ. ਅਤੇ ਦੁਸ਼ਾਲੇ ਆਦਿ ਦਿੱਤੇ ਜਾਣ ਦਾ ਪਤਾ ਚੱਲਦਾ ਹੈ।

ਦੂਜੀਆਂ ਕੁਝ ਅਰਜ਼ਦਾਸ਼ਤਾਂ/ਵਕੀਲ ਰਿਪੋਰਟਾਂ ਵਿਚੋਂ ਇਹ ਵੀ ਗਿਆਤ ਹੁੰਦਾ ਹੈ ਕਿ 18ਵੀਂ ਸਦੀ ਸਿੱਖ ਸੈਨਿਕ ਸੰਘਰਸ਼ ਕਰਨ ਦੇ ਨਾਲ-ਨਾਲ, ਦੂਜੀਆਂ ਰਾਜਨੀਤਿਕ ਸ਼ਕਤੀਆਂ ਨਾਲ ਆਪਣੇ ਕੂਟਨੀਤਿਕ ਸਬੰਧ ਅਤੇ ਸ਼ਿਸ਼ਟਾਚਾਰ ਰਾਹੀਂ ਵੀ ਸੁਖਾਵੇਂ ਤੇ ਮਿੱਤਰਤਾ ਪੂਰਵਕ ਸਬੰਧ ਸਥਾਪਤ ਕਰਨ ਦਾ ਜਤਨ ਕਰਦੇ ਸਨ। ਸਿੱਖ ਸਰਦਾਰਾਂ ਦੁਆਰਾ ਦੂਜੀਆਂ ਰਾਜਨੀਤਿਕ ਸ਼ਕਤੀਆਂ ਅਤੇ ਰਾਜਿਆਂ ਆਦਿ ਦੇ ਦੂਤਾਂ ਜਾਂ ਵਕੀਲਾਂ ਦੇ ਢੁਕਵੇਂ ਸਨਮਾਨ ਵੀ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਪਦਵੀਆਂ ਤੇ ਸਥਿਤੀ ਅਨੁਸਾਰ ਨਕਦ ਰਾਸ਼ੀ ਤੇ ਵਧੀਆ ਕੱਪੜੇ ਆਦਿ ਤੋਹਫਿਆਂ ਨਾਲ ਸਨਮਾਨਤ ਕੀਤਾ ਜਾਂਦਾ ਸੀ। ਇਨ੍ਹਾਂ ਦੋਹਾਂ ਅਰਜ਼ਦਾਸ਼ਤਾਂ ਵਿਚੋਂ 18ਵੀਂ ਸਦੀ ਵਿਚ ਸਿੱਖ ਮਿਸਲਾਂ ਦੇ ਧਨ ਦੇ ਸੋਮਿਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ, ਪਰ ਨਾਲ ਹੀ ਧਨ ਦੀ ਵੰਡ ਨੂੰ ਲੈ ਕੇ ਮਿਸਲਦਾਰਾਂ ਵਿਚ ਆਪਸੀ ਕਲੇਸ਼, ਆਪਹੁਦਰੇਪਣ, ਗਾਲੀ-ਗਲੋਚ ਕਰਨ, ਇੱਕ ਦੂਜੇ ਨਾਲ ਲੜਨ ਤੱਕ ਉਤਰਨ ਬਾਰੇ ਪਤਾ ਲੱਗਦਾ ਹੈ ਜੋ ਮਿਸਲਾਂ ਵਿਚ ਪੈਦਾ ਹੋ ਰਹੇ ਆਪਾ-ਧਾਪੀ ਵਾਲੇ ਮਾਹੌਲ ਦੀ ਝਲਕ ਦਿੰਦਾ ਹੈ।

ਭਰਤਪੁਰ ਰਿਆਸਤ ਦੇ ਰਾਜ-ਮੁਖਤਿਆਰ ਨਵਲ ਸਿੰਘ ਜਾਟ ਵੱਲੋਂ ਜੈਪੁਰ ਰਿਆਸਤ ਦੀ ਰਾਜ ਮਾਤਾ ਨੂੰ ਵੈਸਾਖ ਵਦੀ 7 ਸੰਮਤ 1826 [1827] ਨੂੰ ਲਿਖੀ ਅਰਜ਼ਦਾਸ਼ਤ ਵਿਚਲੀ ਜਾਣਕਾਰੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖ ਮਿਸਲਾਂ ਸੰਮਤ 1826 ਦੀ ਵੈਸਾਖੀ ਮਗਰੋਂ ਭਰਤਪੁਰ ਰਾਜ ਅਤੇ ਉਸ ਦੇ ਆਸ-ਪਾਸ ਦੇ ਇਲਾਕੇ ਵਿਚ ਆਪਣੀਆਂ ਗਤੀਵਿਧੀਆਂ ਚਲਾ ਰਹੀਆਂ ਸਨ। ਭਰਤਪੁਰ ਰਾਜ ਦੇ ਇਲਾਕੇ ਵਿਚ ਉਸ ਸਮੇਂ ਸਿੱਖਾਂ ਤੋਂ ਇਲਾਵਾ ਮਰਾਠੇ ਵੀ ਮਾਰਾ-ਮਾਰ ਸਨ ਅਤੇ ਇਹ ਦੋਵੇਂ ਸ਼ਕਤੀਆਂ ਉਸ ਸਮੇਂ ਉੱਤਰ-ਪੱਛਮੀ

ਹਿੰਦੋਸਤਾਨ ਵਿਚ ਸਥਾਪਤ ਹੋਣ ਲਈ ਆਪਣਿਆਂ ਇਲਾਕਿਆਂ ਤੋਂ ਬਾਹਰ ਜਾ ਕੇ ਆਪਣਾ-ਆਪਣਾ ਪ੍ਰਭਾਵ ਅਤੇ ਸ਼ਕਤੀ ਵਧਾਉਣ ਦਾ ਜਤਨ ਕਰ ਰਹੀਆਂ ਸਨ। ਇਸੇ ਲਈ ਉਹ ਲੁੱਟਮਾਰ ਕਰਦੇ ਹੋਏ ਇਸ ਸਮੇਂ ਭਰਤਪੁਰ ਦੇ ਇਲਾਕੇ ਵਿਚ ਵਿਚਰ ਰਹੇ ਸਨ। ਜਦ ਕਿ ਦੂਜੇ ਪਾਸੇ ਰਾਜਪੂਤਾਨੇ ਦੀਆਂ ਭਰਤਪੁਰ ਅਤੇ ਜੈਪੁਰ ਆਦਿ ਰਿਆਸਤਾਂ ਇਨ੍ਹਾਂ ਦੋਹਾਂ ਸ਼ਕਤੀਆਂ ਦੇ ਆਪਣੇ ਇਲਾਕਿਆਂ ਵਿਚ ਮਾਰੂ ਪ੍ਰਭਾਵ ਨੂੰ ਰੋਕਣ ਲਈ ਇਕ ਦੂਜੇ ਦਾ ਸਹਿਯੋਗ ਕਰ ਰਹੀਆਂ ਸਨ। ਇਸ ਲਈ ਜੈਪੁਰ ਰਿਆਸਤ ਵੱਲੋਂ ਖ਼ਾਨਸਾਮਾ ਹਰਲਾਲ ਦੀ ਅਗਵਾਈ ਵਿਚ ਕੁਝ ਫੌਜ ਅਤੇ ਤੋਪਖਾਨਾ ਭਰਤਪੁਰ ਰਾਜ ਦੀ ਮਦਦ ਲਈ ਭੇਜਿਆ ਗਿਆ ਸੀ। ਇਸ ਅਰਜ਼ਦਾਸ਼ਤ ਵਿਚ ਸਿੱਖਾਂ ਅਤੇ ਮਰਾਠਿਆਂ ਵਿਰੁੱਧ ਭਰਤਪੁਰ ਰਾਜ ਵੱਲੋਂ ਕਾਰਵਾਈ ਵਿਚ ਜੈਪੁਰ ਰਿਆਸਤ ਦੇ ਹਰਲਾਲ ਖ਼ਾਨਸਾਮਾ ਦੁਆਰਾ ਮਦਦ ਕਰਨ ਦਾ ਵਿਵਰਣ ਮਿਲਦਾ ਹੈ।

ਜੈਪੁਰ ਰਿਆਸਤ ਵੱਲੋਂ ਸਿੱਖਾਂ ਵੱਲ ਲਾਹੌਰ ਵਿਚ ਨਿਯੁਕਤ ਕੀਤੇ ਗਏ ਵਕੀਲ ਜਿਣ ਦਾਸ ਵੱਲੋਂ ਜੈਪੁਰ ਦੇ ਅਹਿਲਕਾਰ ਸੰਗਹੀ ਜੀਵ ਰਾਜ ਨੂੰ ਲਾਹੌਰ ਤੋਂ ਜੇਠ ਸੁਦੀ 12 ਸੰਮਤ 1826 ਨੂੰ ਲਿਖੀ ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚ ਸਿੱਖ ਮਿਸਲਾਂ ਅਤੇ ਉਨ੍ਹਾਂ ਦੇ ਸਰਦਾਰਾਂ ਦੀ ਪੰਜਾਬ ਵਿਚ ਸਥਿਤੀ, ਉਨ੍ਹਾਂ ਦੇ ਆਪਸੀ ਸਬੰਧਾਂ, ਅਧੀਨ ਇਲਾਕਿਆਂ ਤੋਂ ਇਲਾਵਾ ਪੱਛਮੀ ਹਿੰਦੋਸਤਾਨ ਵਿਚ ਬਹਾਵਲਪੁਰ ਦੇ ਦਾਊਦ ਪੋਤਰਿਆਂ ਅਤੇ ਅਹਿਮਦ ਸ਼ਾਹ ਅਬਦਾਲੀ ਤੇ ਉਸ ਦੇ ਜਰਨੈਲਾਂ ਬਾਰੇ ਬੜੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਸ ਅਰਜ਼ਦਾਸ਼ਤ ਵਿਚ ਵਕੀਲ ਨੇ ਜ਼ਿਕਰ ਕੀਤਾ ਹੈ ਕਿ ਉਹ ਪਹਿਲਾਂ ਵੀ ਲਾਹੌਰ ਵੱਲ ਦੀਆਂ ਖ਼ਬਰਾਂ ਲਾਹੌਰ ਤੋਂ (ਜੈਪੁਰ) ਭੇਜਦਾ ਰਹਿੰਦਾ ਹੈ।

ਇਸ ਸਮੇਂ ਭੰਗੀ ਮਿਸਲ ਦੇ ਸਰਦਾਰਾਂ ਦਾ ਲਾਹੌਰ ਵਿਚ ਸ਼ਾਸ਼ਨ ਪ੍ਰਬੰਧ ਹੋਣ ਦਾ ਪਤਾ ਚੱਲਦਾ ਹੈ। ਰਿਪੋਰਟ ਵਿਚੋਂ ਅਹਿਮਦ ਸ਼ਾਹ ਅਬਦਾਲੀ ਦੇ ਕਾਬਲ ਵਿਚ ਹੋਣ ਦਾ ਪਤਾ ਚੱਲਦਾ ਹੈ। ਇਸ ਸਮੇਂ ਅਬਦਾਲੀ ਦੇ ਜਰਨੈਲ ਜਹਾਨ ਖ਼ਾਨ ਨੇ ਮੁਲਤਾਨ ਕੋਲ ਇਕ ਬਾਗ ਵਿਚ ਡੇਰਾ ਕੀਤਾ ਹੋਇਆ ਸੀ ਤੇ ਬਹਾਵਲਪੁਰ ਦੇ ਦਾਊਦ ਪੋਤਰੇ ਅਤੇ ਸੂਜੇ ਖਾਂ ਆਦਿ ਉਸ ਨਾਲ ਮੁਲਾਕਾਤਾਂ ਕਰ ਰਹੇ ਸਨ। ਉਨ੍ਹਾਂ ਦੇ ਜਹਾਨ ਖ਼ਾਨ ਨੂੰ ਜਾ ਕੇ ਮਿਲਣ ਦਾ ਮਨੋਰਥ ਸਿੱਖਾਂ (ਖਾਸ ਕਰਕੇ ਭੰਗੀ ਸਰਦਾਰਾਂ) ਵਿਰੁੱਧ ਜਹਾਨ ਖ਼ਾਨ ਤੋਂ ਸਹਾਇਤਾ ਪ੍ਰਾਪਤ ਕਰਨਾ ਸੀ, ਕਿਉਂਕਿ ਭੰਗੀ ਸਰਦਾਰ ਨੇ ਇਸ ਸਮੇਂ ਬਹਾਵਲਪੁਰ, ਮੁਲਤਾਨ, ਡੇਰਾ ਗਾਜ਼ੀ ਖਾਨ ਅਤੇ ਡੇਰਾ

ਇਸਮਾਈਲ ਖਾਂ ਆਦਿ ਦੇ ਮੁਸਲਮਾਨ ਹਾਕਮਾਂ ਦੇ ਬਹੁਤ ਸਾਰੇ ਇਲਾਕਿਆਂ ‘ਤੇ ਕਬਜ਼ਾ ਕਰ ਲਿਆ ਸੀ। ਇਸ ਲਈ ਉਹ ਆਪਣੇ ਇਲਾਕੇ ਨਕੱਈ ਤੇ ਭੰਗੀ ਮਿਸਲ ਦੇ ਸਰਦਾਰਾਂ ਤੋਂ ਵਾਪਿਸ ਲੈਣਾ ਚਾਹੁੰਦੇ ਸਨ। ਰਿਪੋਰਟ ਦਾ ਲੇਖਕ ਲਿਖਦਾ ਹੈ ਕਿ ਇਨ੍ਹਾਂ ਮੁਮਾਰ ਖਾਂ ਵਗੈਰਾ, ਦਾਊਦ ਪੋਤਰਿਆਂ ਤੋਂ ਆਪਣੇ ਬਲਬੂਤੇ ਤਾਂ ਸਿੱਖਾਂ ਖ਼ਿਲਾਫ ਕੁਝ ਹੋਇਆ ਨਹੀਂ। ਇਸੇ ਤਰ੍ਹਾਂ ਜਹਾਨ ਖਾਨ ਵੱਲੋਂ ਜਦੋਂ ਸੂਜੇ ਖਾਂ ਚਟੀਲੇ ਵਾਲੇ ਕੋਲੋਂ ਖਰਚ ਮੰਗਿਆ ਤਾਂ ਉਸ ਨੇ ਅੱਗੋਂ ਜਹਾਨ ਖਾਨ ਨੂੰ ਜਵਾਬ ਦੇ ਦਿੱਤਾ ਕਿ ਮੁਲਕ ਤਾਂ ਸਾਰਾ ਸਿੱਖਾਂ ਨੇ ਲੁੱਟ ਲਿਆ ਹੈ ਤੇ ਮੈਂ ਪੈਸੇ ਵੀ ਸਾਰੇ ਸਿੱਖਾਂ ਨੂੰ ਦੇ ਦਿੱਤੇ ਹਨ। ਇਨ੍ਹਾਂ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਇਸ ਸਮੇਂ ਉੱਤਰ-ਪੱਛਮੀ ਹਿੰਦੋਸਤਾਨ ਦੇ ਮੁਸਲਮਾਨ ਹਾਕਮਾਂ ਨੂੰ ਸਿੱਖਾਂ ਦੀ ਸੈਨਿਕ ਤੇ ਰਾਜਨੀਤਿਕ ਸ਼ਕਤੀ ਨੇ ਬੁਰੀ ਤਰ੍ਹਾਂ ਦਰੜ ਦਿੱਤਾ ਸੀ ਤੇ ਉਹ ਸਿੱਖਾਂ ਦੀ ਰਾਜਨੀਤਿਕ ਤੇ ਸੈਨਿਕ ਸ਼ਕਤੀ ਤੋਂ ਮਜ਼ਬੂਰ ਹੋ ਕੇ ਅਬਦਾਲੀ ਵੱਲੋਂ ਮਦਦ ਦੀ ਹਾਲੇ ਵੀ ਟੇਕ ਲਗਾਈ ਬੈਠੇ ਸਨ। ਪਰ ਉਨ੍ਹਾਂ ਦੀ ਆਪਣੀ ਹਾਲਤ ਬਹੁਤ ਪਤਲੀ ਪੈ ਚੁੱਕੀ ਸੀ। ਉਹ ਉੱਤਰ-ਪੱਛਮੀ ਹਿੰਦੋਸਤਾਨ ਵਿਚ ਸਥਾਪਿਤ ਹੋ ਰਹੀ ਨਵੀਂ ਰਾਜਨੀਤਿਕ ਸ਼ਕਤੀ ਸਿੱਖਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ ਪਰ ਉਹ ਹਾਲਾਤਾਂ ਤੋਂ ਬੇਵੱਸ ਸਨ।

ਇਸ ਰਿਪੋਰਟ ਵਿਚਲੇ ਹਵਾਲਿਆਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅਬਦਾਲੀ ਦੀ ਫੌਜ਼ ਦੇ ਹਿੰਦੋਸਤਾਨ ਵਿਚ ਆਉਣ ਨਾਲ ਕਿਹੋ ਜਿਹੀ ਬਰਬਾਦੀ ਅਤੇ ਹਾਲਾਤ ਬਣ ਜਾਂਦੇ ਸਨ ਕਿ ਅਨਾਜ ਦੀ ਕੀਮਤ ਵਿਚ ਕਿਵੇਂ ਬੇ-ਤਹਾਸ਼ਾ ਵਾਧਾ ਹੋ ਜਾਂਦਾ ਸੀ। ਅਬਦਾਲੀ ਦੇ ਜਰਨੈਲ ਜਹਾਨ ਖਾਨ ਦੇ ਮੁਲਤਾਨ ਆਉਣ ਦੀ ਦਹਿਸ਼ਤ ਨਾਲ ਅਨਾਜ ਦਾ ਭਾਅ 6-7 ਰੁ. ਸੇਰ ਹੋ ਗਿਆ ਤੇ ਬਾਅਦ ਵਿਚ ਤਾਂ 16-17 ਰੁ. ਅਨਾਜ ਦਾ ਭਾਅ ਹੋਣ ਤੋਂ ਇਸ ਆਫਤ ਨਾਲ ਹਿੰਦੁਸਾਤਨ ਵਿਚ ਹੋਣ ਵਾਲੀ ਬਰਬਾਦੀ ਅਤੇ ਜਨ-ਸਾਧਾਰਨ ਦੇ ਕਸ਼ਟਾਂ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਬਦਾਲੀ ਦੀਆਂ ਹਿੰਦੋਸਤਾਨ ’ਤੇ ਚੜ੍ਹਾਈਆਂ ਸਮੇਂ ਲੋਕ ਸ਼ਹਿਰ ਅਤੇ ਪਿੰਡ ਖਾਲੀ ਕਰਕੇ ਆਪਣਾ ਕੀਮਤੀ ਸਮਾਨ ਲੈ ਕੇ ਜਾਨਾਂ ਬਚਾਉਣ ਲਈ ਜੰਗਲਾਂ, ਪਹਾੜਾਂ, ਬੇਲਿਆਂ ਆਦਿ ਵਿਚ ਜਾ ਲੁਕਦੇ ਸਨ। ਇਸੇ ਕਰਕੇ ਪੰਜਾਬ ਵਿਚ ਲੋਕ-ਉਕਤੀ ਜਾਂ ਅਖਾਣ ਵੀ ਪ੍ਰਸਿੱਧ ਹੋ ਗਿਆ ਸੀ ਕਿ:

‘ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ’

ਇਸ ਰਿਪੋਰਟ ਵਿਚਲੇ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਉੱਤਰ-ਪੱਛਮੀ ਹਿੰਦੋਸਤਾਨ ਵਿਚ ਸਥਾਪਿਤ ਹੋ ਰਹੀ ਸਿੱਖ ਸ਼ਕਤੀ ਦੇ ਭੈਅ ਤੋਂ ਅਹਿਮਦ ਸ਼ਾਹ ਅਬਦਾਲੀ ਦਾ ਇਕ ਪ੍ਰਸਿੱਧ ਜਰਨੈਲ ਜਹਾਨ ਖਾਨ ਮੁਲਤਾਨ ਤੋਂ ਅੱਗੇ ਆਉਣ ਦਾ ਹੀਆ ਨਹੀਂ ਕਰਦਾ ਸੀ ਅਤੇ ਉਹ ਕਾਬਲ ਵੱਲ ਵਾਪਸ ਅਹਿਮਦ ਸ਼ਾਹ ਅਬਦਾਲੀ ਕੋਲ ਜਾਣ ਵਿਚਾਰ ਬਣਾ ਰਿਹਾ ਸੀ। ਹਾਲਾਂਕਿ ਉਸ ਕੋਲ ਪੰਜ-ਛੇ ਹਜ਼ਾਰ ਆਪਣੀ ਅਤੇ ਚੌਦਾਂ ਪੰਦਰਾਂ ਹਜ਼ਾਰ ਦਾਊਦ ਪੋਤਰਿਆਂ ਦੀ ਫੌਜ਼ ਵੀ ਮੌਜੂਦ ਸੀ। ਇਸੇ ਤਰ੍ਹਾਂ ਰਿਪੋਰਟ ਤੋਂ ਅਬਦਾਲੀ ਦੇ ਚਾਚੇ ਅਤੇ ਉਸ ਦੇ ਪ੍ਰਸਿੱਧ ਜਰਨੈਲ ਨਵਾਬ ਸਰ ਬੁਲੰਦ ਖਾਂ ਦੀ ਹਾਲਤ ਵੀ ਸਿੱਖਾਂ ਨੇ ਤਰਸਯੋਗ ਬਣਾਈ ਹੋਈ ਸੀ। ਸਿੱਖਾਂ ਨੇ ਉਸ ਨੂੰ ਰੋਹਤਾਸ ਦੇ ਕਿਲ੍ਹੇ ਵਿਚ ਘੇਰਿਆ ਹੋਇਆ ਸੀ ਤੇ ਉਸ ਕੋਲ ਖਾਣ ਲਈ ਅਨਾਜ ਤੇ ਘੋੜਿਆਂ ਆਦਿ ਪਸ਼ੂਆਂ ਲਈ ਘਾਹ-ਪੱਠੇ ਦੀ ਭਾਰੀ ਕਮੀ ਸੀ। ਇਨ੍ਹਾਂ ਹਾਲਾਤਾਂ ਤੋਂ ਮਜ਼ਬੂਰ ਹੋ ਕੇ ਉਸ ਨੇ ਸਿੱਖਾਂ ਨੂੰ ਸੁਲ੍ਹਾ ਕਰਨ ਲਈ ਸੁਨੇਹਾ ਵੀ ਭੇਜਿਆ ਸੀ। ਉਸ ਨੂੰ ਬਾਹਰੋਂ ਕੋਈ ਮਦਦ ਨਹੀਂ ਮਿਲ ਰਹੀ ਸੀ ਤੇ ਅਬਦਾਲੀ ਖ਼ੁਦ ਵੀ ਜਲਦਬਾਜ਼ੀ ਵਿਚ ਹਿੰਦੋਸਤਾਨ 'ਤੇ ਚੜ੍ਹਾਈ ਕਰਕੇ ਕੋਈ ਗਲਤੀ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੇ ਵਜ਼ੀਰ ਸ਼ਾਹ ਵਲੀ ਖਾਂ ਨੂੰ ਬਲਖ ਤੋਂ ਫੌਜ਼ ਲਿਆਉਣ ਲਈ ਭੇਜਿਆ ਹੋਇਆ ਸੀ। ਸਰ ਬੁਲੰਦ ਖਾਂ ਨੂੰ ਇਸ ਸਮੇਂ ਰੋਹਤਾਸ ਵਿਚ ਸ. ਚੜ੍ਹਤ ਸਿੰਘ ਸਮੇਤ ਹੋਰ ਸਿੱਖ ਸਰਦਾਰਾਂ ਨੇ ਘੇਰਿਆ ਹੋਇਆ ਸੀ। ਸ਼ਾਇਦ ਇਸ ਸਮੇਂ ਸ. ਚੜ੍ਹਤ ਸਿੰਘ ਨੇ ਸਰ ਬੁਲੰਦ ਖਾਂ ਨੂੰ ਗ੍ਰਿਫਤਾਰ ਕਰ ਲਿਆ ਸੀ ਜਿਸ ਦਾ ਜ਼ਿਕਰ ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਵਿਚ ਕੀਤਾ ਹੈ।[39] ਅਬਦਾਲੀ ਨੇ ਸਰ ਬਲੰਦ ਖਾਂ ਨੂੰ ਸਿੱਖਾਂ ਦੇ ਚੁੰਗਲ ਵਿਚੋਂ ਕੱਢਣ ਲਈ ਆਪਣੇ ਤਿੰਨ ਜਰਨੈਲਾਂ: ਮੁੱਲਾ ਅਕਰਮ ਖਾਂ, ਖ਼ੋਜਾ ਦਾਨਸ਼ ਖਾਂ ਅਤੇ ਸ਼ਾਕਰ ਖਾਂ ਨੂੰ ਸੱਤ-ਅੱਠ ਹਜ਼ਾਰ ਦੀ ਫੌਜ਼ ਦੇ ਕੇ ਰਵਾਨਾ ਕੀਤਾ ਸੀ ਜੋ ਇਸ ਸਮੇਂ ਪਿਸ਼ਾਵਰ ਤੋਂ ਪੱਛਮ ਵੱਲ ਨੂਰਦੀਨ ਦੇ ਬਾਗ ਵਿਚ ਆ ਚੁੱਕੇ ਸਨ। ਇਸ ਲਿਖਤ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਇਸ ਸਮੇਂ ਅਬਦਾਲੀ ਦੇ ਹਿੰਦੋਸਤਾਨ ਨੂੰ ਲੁੱਟਣ ਦੇ ਆਖਰੀ ਜਤਨ ਨੂੰ ਸਿੱਖਾਂ ਨੇ ਬੜੀ ਦ੍ਰਿੜਤਾ ਨਾਲ ਅਸਫਲ ਬਣਾ ਦਿੱਤਾ ਸੀ।

ਇਸ ਰਿਪੋਰਟ ਵਿਚੋਂ ਪਤਾ ਚੱਲਦਾ ਹੈ ਕਿ ਭੰਗੀ ਮਿਸਲ ਦੇ ਸਰਦਾਰ ਝੰਡਾ ਸਿੰਘ ਅਤੇ ਲਹਿਣਾ ਸਿੰਘ ਜੇਠ ਸੁਦੀ 6 ਸੰਮਤ 1826 ਨੂੰ ਮੀਆਂ ਮੀਰ ਵੱਲ ਫੌਜ਼ ਸਮੇਤ ਉੱਤਰੇ ਹੋਏ

---

[39] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. (ਡਾ.) ਬਲਵੰਤ ਸਿੰਘ ਢਿੱਲੋਂ,ਪੰਨੇ 375-77.

ਸਨ। ਇਸ ਸਮੇਂ ਝੰਡਾ ਸਿੰਘ ਨੇ ਲਹਿਣਾ ਸਿੰਘ ਨੂੰ ਕਿਹਾ ਸੀ ਕਿ ਉਸ ਨੂੰ ਬਾਦਸ਼ਾਹੀ ਮਿਲਦੀ ਦਿੱਸਦੀ ਹੈ। ਪੱਤਰ ਲੇਖਕ ਨੇ ਇਸ ਗੱਲ ਨੂੰ ਏਥੇ ਸਪੱਸ਼ਟ ਨਹੀਂ ਕੀਤਾ ਕਿ ਇਹ ਪਾਤਸ਼ਾਹੀ ਲਾਹੌਰ, ਪੰਜਾਬ ਜਾਂ ਹਿੰਦੋਸਤਾਨ ਕਿਸ ਸੰਦਰਭ ਵਿਚ ਗੱਲ ਕੀਤੀ ਗਈ ਸੀ। ਇਨ੍ਹਾਂ ਭੰਗੀ ਸਰਦਾਰਾਂ ਦੀ ਫੌਜ਼ ਇਸ ਸਮੇਂ ਅੰਮ੍ਰਿਤਸਰ ਭੇਜਣ ਦਾ ਜ਼ਿਕਰ ਵੀ ਰਿਪੋਰਟ ਵਿਚ ਆਇਆ ਹੈ। ਜਿਸ ਤੋਂ ਮਾਲੂਮ ਹੁੰਦਾ ਹੈ ਕਿ ਉਸ ਸਮੇਂ ਲਾਹੌਰ ਭੰਗੀ ਸਰਦਾਰਾਂ ਦਾ ਮੁਖ ਸਦਰ ਮੁਕਾਮ ਤੇ ਛਾਉਣੀ ਸੀ। ਲਾਹੌਰ ਉੱਪਰ ਭੰਗੀ ਸਰਦਾਰ ਆਪਣੀ ਫੌਜ ਨੂੰ ਅੰਮ੍ਰਿਤਸਰ ਵੱਲ ਤੋਰ ਕੇ ਲਹਿਣਾ ਸਿੰਘ ਭੰਗੀ, ਝੰਡਾ ਸਿੰਘ, ਗੰਡਾ ਸਿੰਘ ਭੰਗੀ ਅਤੇ ਕਰਮ ਸਿੰਘ ਨਕੱਈ ਨੂੰ ਨਾਲ ਲੈ ਕੇ ਪੰਜਾਹ-ਸੱਠ ਆਦਮੀਆਂ ਨਾਲ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਆਏ ਸਨ ਤੇ ਸਾਰੇ ਕਿਲ੍ਹੇ ਨੂੰ ਘੁੰਮ ਕੇ ਵੇਖਿਆ ਸੀ। ਸੰਭਵ ਹੈ ਕਿ ਇਸ ਸਮੇਂ ਅਬਦਾਲੀ ਦੇ ਹਿੰਦੋਸਤਾਨ 'ਤੇ ਚੜ੍ਹਾਈ ਕਰਨ ਦੀਆਂ ਖ਼ਬਰਾਂ ਕਰਕੇ ਭੰਗੀ ਤੇ ਨਕੱਈ ਸਰਦਾਰ ਅਬਦਾਲੀ ਦਾ ਡਟ ਕੇ ਟਾਕਰਾ ਕਰਨ ਲਈ ਕਿਲ੍ਹੇ ਦੀ ਮਜ਼ਬੂਤੀ ਤੇ ਸਥਿਤੀ ਆਦਿ ਦਾ ਜਾਇਜ਼ਾ ਲੈਣ ਆਏ ਹੋਣ। ਇਹ ਸਰਦਾਰ ਇਸ ਸਮੇਂ ਸ਼ਾਹੀ ਕਿਲ੍ਹੇ ਵਿਚ ਜ਼ਿਆਦਾ ਸਮਾਂ ਨਹੀਂ ਰੁਕੇ ਤੇ ਇੱਕ-ਦੋ ਪਹਿਰ ਇਥੇ ਠਹਿਰਨ ਪਿੱਛੋਂ ਝੰਡਾ ਸਿੰਘ, ਗੰਡਾ ਸਿੰਘ ਅਤੇ ਕਰਮ ਸਿੰਘ ਨੂੰ ਸ. ਲਹਿਣਾ ਸਿੰਘ ਸ਼ਾਮ ਸਮੇਂ ਵਿਦਾ ਕਰਕੇ ਆਪ ਵਾਪਿਸ ਕਿਲੇ ਵਿਚ ਆ ਗਿਆ ਤੇ ਦੋ ਦਿਨ ਲਾਹੌਰ ਹੀ ਰਿਹਾ। ਬਾਅਦ ਵਿਚ ਡੋਗਰਾਂ ਵੱਲ ਚਲਾ ਗਿਆ। ਇਸ ਸਮੇਂ ਰਿਪੋਰਟ ਦਾ ਲੇਖਕ ਵਕੀਲ ਜਿਣ ਦਾਸ ਸਿੱਖ ਸਰਦਾਰਾਂ ਨੂੰ ਖ਼ੁਦ ਮਿਲਣ ਦਾ ਜ਼ਿਕਰ ਵੀ ਕਰਦਾ ਹੈ। ਸਿੱਖ ਸਰਦਾਰ ਝੰਡਾ ਸਿੰਘ ਭੰਗੀ ਨੇ ਜੈਪੁਰ ਰਿਆਸਤ ਅਤੇ ਉਥੋਂ ਦੇ ਮਹਾਰਾਜਾ ਦੀ ਖੈਰ-ਸੁੱਖ ਅਤੇ ਰਾਜ-ਪ੍ਰਬੰਧ ਬਾਬਤ ਵਕੀਲ ਨੂੰ ਪੁੱਛਿਆ ਤੇ ਜੈਪੁਰ ਰਿਆਸਤ ਦੀ ਖੈਰੀਅਤ ਤੇ ਚੰਗੇ ਸਬੰਧਾਂ ਦਾ ਇਜ਼ਹਾਰ ਜ਼ਾਹਰ ਕੀਤਾ। ਇਸ ਤੋਂ ਸਿੱਖਾਂ ਦੇ ਜੈਪੁਰ ਰਿਆਸਤ ਨਾਲ ਮਿੱਤਰਤਾ-ਪੂਰਵਕ ਸਬੰਧਾਂ ਦਾ ਹਵਾਲਾ ਮਿਲਦਾ ਹੈ।

ਇਸ ਵਕੀਲ ਰਿਪੋਰਟ ਵਿਚ ਦੂਜੀਆਂ ਸਿੱਖ ਮਿਸਲਾਂ ਦੇ ਇਲਾਕਿਆਂ ਬਾਰੇ ਜਾਣਕਾਰੀ ਮਿਲਦੀ ਹੈ ਕਿ ਇਸ ਸਮੇਂ ਜੈ ਸਿੰਘ ਅਤੇ ਹਕੀਕਤ ਸਿੰਘ ਕਨ੍ਹੱਈਆ ਦਾ ਪੰਜਾਬ ਦੇ ਉੱਤਰ-ਪੱਛਮੀ ਪਹਾੜੀ ਇਲਾਕੇ ਵਿਚ ਹਰੀਪੁਰ ਦੇ ਆਸ-ਪਾਸ ਕਬਜ਼ਾ ਸੀ ਅਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਇਸੇ ਇਲਾਕੇ ਦੇ ਜ਼ਿਮੀਂਦਾਰਾਂ, ਜ਼ਗੀਰਦਾਰਾਂ ਆਦਿ ਨੂੰ ਆਪਣੇ ਨਾਲ ਰਲਾ

ਲਿਆ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਕਨ੍ਹੱਈਆਂ ਅਧੀਨ ਇਲਾਕੇ ਵਿਚ ਕੁਝ ਨਵੀਆਂ ਗੜ੍ਹੀਆਂ ਅਤੇ ਕਿਲ੍ਹੇ ਆਦਿ ਉਸਾਰ ਲਏ ਸਨ। ਇਸ ਲਈ ਕਨ੍ਹੱਈਆਂ ਤੇ ਰਾਮਗੜ੍ਹੀਏ ਸਰਦਾਰਾਂ ਵਿਚ ਆਪਸੀ ਵੈਰ-ਵਿਰੋਧ ਵਧ ਗਿਆ ਸੀ। ਜੈ ਸਿੰਘ ਕਨ੍ਹੱਈਆ ਨੇ ਹਰੀਪੁਰੇ ਕੋਲ ਦੇ ਆਪਣੇ ਕਬਜ਼ੇ ਹੇਠਲੇ ਇਲਾਕੇ ਵਿਚੋਂ ਜੱਸਾ ਸਿੰਘ ਰਾਮਗੜ੍ਹੀਏ ਨੂੰ ਕਿਲ੍ਹੇ ਤੇ ਗੜ੍ਹੀਆਂ ਹਟਾਉਣ ਲਈ ਕਿਹਾ ਸੀ ਪਰ ਜੱਸਾ ਸਿੰਘ ਰਾਮਗੜ੍ਹੀਆ ਇਸ ਲਈ ਰਾਜ਼ੀ ਨਹੀਂ ਸੀ ਹੋਇਆ। ਇਸ ਕਾਰਨ ਇਨ੍ਹਾਂ ਦੋਵਾਂ ਸਰਦਾਰਾਂ ਵਿਚ ਦੋ-ਤਿੰਨ ਆਪਸੀ ਲੜਾਈਆਂ ਹੋ ਚੁੱਕੀਆਂ ਸਨ। ਇਨ੍ਹਾਂ ਸਿੱਖ ਸਰਦਾਰਾਂ ਦੀ ਆਪਸੀ ਦੁਸ਼ਮਣੀ ਨੂੰ ਦੂਰ ਕਰਨ ਲਈ ਜੱਸਾ ਸਿੰਘ ਰਾਮਗੜ੍ਹੀਏ ਦਾ ਭਾਈ ਮਾਲੀ ਸਿੰਘ ਅਤੇ ਜੈ ਸਿੰਘ ਕਨ੍ਹੱਈਏ ਦੇ ਪਾਲਤ ਪੁੱਤਰ ਕਰਮ ਸਿੰਘ ਨੇ ਸੁਲ੍ਹਾ ਕਰਵਾਉਣ ਦੇ ਜਤਨ ਕਰ ਰਹੇ ਸਨ। ਲੇਖਕ ਨੇ ਰਿਪੋਰਟ ਵਿਚ ਲਿਖਿਆ ਹੈ ਕਿ ਜਦੋਂ ਇਨ੍ਹਾਂ ਦੋਹਾਂ ਸਰਦਾਰਾਂ ਦੀ ਸੁਲ੍ਹਾ ਹੋ ਜਾਵੇਗੀ ਤਾਂ ਉਹ ਅਰਜ਼ੀ ਲਿਖ ਕੇ ਸੂਚਿਤ ਕਰੇਗਾ।

ਇਸ ਸਮੇਂ ਜੱਸਾ ਸਿੰਘ ਆਹਲੂਵਾਲੀਆ ਆਪਣੇ ਇਲਾਕੇ ਜਲੰਧਰ ਵੱਲ (ਕਪੂਰਥਲੇ ਵਿਚ) ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਬੁੱਢਾ ਦਲ ਦੀਆਂ ਸਿੱਖ ਮਿਸਲਾਂ ਦੇ ਇਸ ਸਮੇਂ ਪਟਿਆਲੇ ਵੱਲ ਹੋਣ ਦਾ ਹਵਾਲਾ ਵੀ ਇਸ ਵਕੀਲ ਰਿਪੋਰਟ ਵਿਚ ਦਿੱਤਾ ਗਿਆ ਹੈ। ਇਸ ਰਿਪੋਰਟ ਵਿਚ ਵਕੀਲ ਦੁਆਰਾ ਇਕ ਹੋਰ ਮਹੱਤਵਪੂਰਨ ਗੱਲ ਲਿਖੀ ਗਈ ਹੈ ਕਿ ਇਸ ਪਾਸੇ ਭਾਵ ਪੰਜਾਬ ਜਾਂ ਪੱਛਮ ਵੱਲੋਂ ਹੁਣ ਕੋਈ ਵੀ ਹਮਲਾਵਰ ਜੈਪੁਰ ਆਦਿ ਵੱਲ ਨਹੀਂ ਆਵੇਗਾ ਕਿਉਂਕਿ ਸਿੱਖ ਆਪਸ ਵਿਚ ਪਾਟੇ ਹੋਏ ਹਨ ਤੇ ਅਬਦਾਲੀ ਸਿੱਖਾਂ ਤੋਂ ਲੰਘ ਕੇ ਅੱਗੇ ਹਿੰਦੋਸਤਾਨ ਵੱਲ ਨਹੀ ਜਾ ਸਕਦਾ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਪੱਛਮ ਵੱਲੋਂ ਅਹਿਮਦ ਸ਼ਾਹ ਅਬਦਾਲੀ ਦੇ ਹਿੰਦੋਸਤਾਨ ‘ਤੇ ਚੜ੍ਹਾਈ ਕਰਨ ਦਾ ਵੀ ਕੋਈ ਸੰਕੇਤ ਨਹੀਂ ਸੀ। ਰਿਪੋਰਟ ਦੇ ਅਖ਼ੀਰਲੇ ਸਬਦਾਂ ਤੋਂ ਸਿੱਖ ਮਿਸਲਾਂ ਦੀ ਆਪਸੀ ਬੇ-ਇਤਫ਼ਾਕੀ ਅਤੇ ਆਪਾ-ਧਾਪੀ ਦਾ ਪਤਾ ਚੱਲਦਾ ਹੈ। ਇਹ ਵਕੀਲ ਰਿਪੋਰਟ 1769 ਈ. ਦੇ ਉੱਤਰ-ਪੱਛਮੀ ਹਿੰਦੋਸਤਾਨ ਦੀ ਸਮੁੱਚੀ ਰਾਜਨੀਤਿਕ ਤਸਵੀਰ ਨੂੰ ਬੜੇ ਸੰਖੇਪ ਸ਼ਬਦਾਂ ਵਿਚ ਸਪੱਸ਼ਟ ਰੂਪ ਵਿਚ ਪੇਸ਼ ਕਰਦੀ ਹੈ।

ਭਰਤਪੁਰ ਰਿਆਸਤ ਦੇ ਜਾਟ ਘਰਾਣੇ ਦੇ ਰਣਜੀਤ ਸਿੰਘ ਵੱਲੋਂ ਜੈਪੁਰ ਦੀ ਮਹਾਰਾਣੀ ਨੂੰ ਮਾਘ ਸੁਦੀ 5 ਸੰਮਤ 1826 ਨੂੰ ਲਿਖੀ ਗਈ ਅਰਜ਼ਦਾਸ਼ਤ ਵਿਚੋਂ ਮਿਲਦੇ ਵੇਰਵੇ ਤੋਂ ਲੱਗਦਾ

ਹੈ ਕਿ ਸਿੱਖਾਂ ਵੱਲੋਂ ਭਰਤਪੁਰ ਦੀ ਜਾਟ ਰਿਆਸਤ ਵਿਚ ਰਾਜ ਦੇ ਨਾਇਬ ਦੀ ਪਦਵੀ ਦੇ ਉੱਤਰਾਧਿਕਾਰ ਲਈ ਜਾਟ ਭਰਾਵਾਂ ਨਵਲ ਸਿੰਘ ਅਤੇ ਰਣਜੀਤ ਸਿੰਘ ਵਿਚਕਾਰ ਚੱਲ ਰਹੇ ਸੰਘਰਸ਼ ਵਿਚ ਸਿੱਖ ਸ਼ਾਮਿਲ ਨਹੀਂ ਸਨ ਜਿਸ ਦਾ ਹਵਾਲਾ ਰਣਜੀਤ ਸਿੰਘ ਵੱਲੋਂ ਜੈਪੁਰ ਰਿਆਸਤ ਦੀ ਮਹਾਰਾਣੀ ਨੂੰ ਲਿਖੀ ਅਰਜ਼ਦਾਸ਼ਤ ਵਿਚ ਮਿਲਦਾ ਹੈ। ਇਸ ਸਮੇਂ ਸਿੱਖਾਂ ਦੁਆਰਾ ਰਣਜੀਤ ਸਿੰਘ ਜਾਟ ਦੀ ਮਦਦ ਕਰਨ ਦੇ ਹਵਾਲੇ ਵੀ ਮਿਲਦੇ ਹਨ।[40] ਪਰ ਇਸ ਅਰਜ਼ਦਾਸ਼ਤ ਵਿਚਲੇ ਵੇਰਵੇ ਤੋਂ ਇਸ ਦੀ ਪੁਸ਼ਟੀ ਨਹੀਂ ਹੁੰਦੀ ਸਗੋਂ ਇਨ੍ਹਾਂ ਸ਼ਬਦਾਂ ਕਿ "ਇਨ ਦਿਨਾਨ ਮੈਂ ਈਤ ਮਾਹੂ ਹੰਗਾਮਾ ਸਿੱਖਨ ਕੋ ਸਿਵਾਇ ਔਰ ਆਪਸ ਕੀ ਚਾਲ ਵਾਦਸਤੂਰ ਅਬ ਤਕ ਹੈ" ਤੋਂ ਪਤਾ ਲੱਗਦਾ ਕਿ ਜਾਟ ਰਾਜ ਦੇ ਇਸ ਗ੍ਰਹਿ ਕਲੇਸ਼ ਵਿਚ ਸਿੱਖ ਸ਼ਾਮਲ ਨਹੀਂ ਸਨ ਹਾਲਾਂਕਿ ਇਸ ਸਮੇਂ ਮਰਾਠੇ ਰਣਜੀਤ ਸਿੰਘ ਦੀ ਮਦਦ ਕਰ ਰਹੇ ਸਨ।

ਫੱਗਣ ਸੁਦੀ 1 ਸੰਮਤ 1826 ਨੂੰ ਭਰਤਪੁਰ ਰਿਆਸਤ ਦੇ ਰਾਜ-ਮੁਖਤਿਆਰ ਨਵਲ ਸਿੰਘ ਵੱਲੋਂ ਮਹਾਰਾਜਾ ਜੈਪੁਰ ਨੂੰ ਲਿਖੀ ਗਈ ਅਰਜ਼ਦਾਸ਼ਤ ਵਿਚੋਂ ਸਿੱਖਾਂ ਦੀ ਭਰਤਪੁਰ ਅਤੇ ਜੈਪੁਰ ਦੀਆਂ ਸਾਂਝੀਆਂ ਫੌਜਾਂ ਨਾਲ ਫੱਗਣ ਵਦੀ 14 ਦਿਨ ਸ਼ਨੀਵਾਰ ਸੰਮਤ 1826 ਨੂੰ ਕੋਸੀ ਤੋਂ ਪਿੰਡ ਕੋਟਵਾਨੰਦ, ਹੋਡਲ ਤੱਕ ਲੜਾਈ ਹੋਣ ਦੀ ਜਾਣਕਾਰੀ ਮਿਲਦੀ ਹੈ। ਇਸ ਲੜਾਈ ਵਿਚ ਸਿੱਖਾਂ ਦਾ ਇਕ ਸਰਦਾਰ ਦੇ ਮਾਰੇ ਜਾਣ ਅਤੇ ਹੋਰ ਵੀ ਬਹੁਤ ਸਾਰੇ ਸਿੱਖ ਸਰਦਾਰਾਂ ਦੇ ਜਖ਼ਮੀ ਹੋਣ ਦੀ ਜਾਣਕਾਰੀ ਮਿਲਦੀ ਹੈ। ਇਸ ਸਮੇਂ ਸਿੱਖਾਂ ਦੀ ਵਹੀਰ ਲੁੱਟੇ ਜਾਣ ਅਤੇ ਸਿੱਖਾਂ ਦੇ ਭੱਜ ਕੇ ਭਰਤਪੁਰ ਰਿਆਸਤ ਦੀ ਹੱਦ ਵਿਚੋਂ ਬਾਹਰ ਚਲੇ ਜਾਣ ਦਾ ਪਤਾ ਲੱਗਦਾ ਹੈ। ਇਸ ਅਰਜ਼ਦਾਸ਼ਤ ਵਿਚ ਜਿਸ ਸਿੱਖ ਸਰਦਾਰ ਦੇ ਮਾਰੇ ਜਾਣ ਦਾ ਜ਼ਿਕਰ ਹੈ ਕਿਆਸਨ ਉਹ ਸਰਦਾਰ ਕਰੋੜਾ ਸਿੰਘ ਬਰਕੀ ਵਾਲਾ 'ਕਰੋੜਸਿੰਘੀਆ' ਮਿਸਲ ਦਾ ਮੁਖੀ ਸੀ। ਇਸ ਦਾ ਤਰਾਵੜੀ ਵਿਚ ਕੁੰਜਪੁਰੇ ਦੇ ਨਵਾਬ ਨਾਲ ਲੜਾਈ 1761 ਈ. ਨੂੰ ਮਾਰੇ ਜਾਣ ਦਾ ਜ਼ਿਕਰ ਕੁਝ ਵਿਦਵਾਨਾਂ ਨੇ ਕੀਤਾ ਹੈ।[41] ਪਰ ਗਿਆਨੀ ਗਿਆਨ ਸਿੰਘ ਅਤੇ ਡਾ. ਭਗਤ ਸਿੰਘ ਨੇ ਕਰੋੜਾ ਸਿੰਘ ਦੀ ਮੌਤ ਤਰਾਵੜੀ (ਅਜ਼ੀਮਾਬਾਦ) ਕੋਲ 'ਡੀਂਗ-ਕੁਮ੍ਹੇਰ' ਦੇ ਰਾਜੇ ਦੀ ਮਦਦ ਕਰਨ ਗਿਆਂ ਹੋਈ ਦੱਸੀ ਹੈ,[42] ਜੋ ਇਸ ਘਟਨਾ ਵਿਚ ਮਾਰੇ ਗਏ ਸਿੱਖ ਸਰਦਾਰ ਦੇ ਜ਼ਿਕਰ ਨਾਲ

---

40 ਓਪੇਂਦਰ ਨਾਥ ਸ਼ਰਮਾ, ਉਕਤ, ਪੰਨੇ 178-179.

41 ਰਤਨ ਸਿੰਘ ਭੰਗੂ, ਪੰਨਾ 406; Hariram Gupta, *History of the Sikhs*, vol.4, p 406.

42 Bhagat Singh, *A History of the Sikh Misals*, pp. 273-274.

ਮੇਲ ਖਾਂਦੀ ਹੈ। ਪਰ ਇਸ ਭਾਗ ਵਿਚ ਸ਼ਾਮਿਲ ਸਰੋਤਾਂ ਅਤੇ ਰਾਜਸਥਾਨੀ ਭਾਸ਼ਾ ਦੇ ਹੁਣ ਤੱਕ ਪ੍ਰਾਪਤ ਹੋਰ ਕਿਸੇ ਸਰੋਤ ਵਿਚ ਕਰੋੜਾ ਸਿੰਘ ਬਾਰੇ ਕੋਈ ਜਿਕਰ ਨਹੀਂ ਮਿਲਿਆ, ਜਦਕਿ ਕਰੋੜ ਸਿੰਘੀਆ ਮਿਸਲ ਦੇ ਦੂਜੇ ਪ੍ਰਮੁੱਖ ਆਗੂਆਂ ਸ਼ਾਮ ਸਿੰਘ, ਬਘੇਲ ਸਿੰਘ, ਗੁਰਬਖਸ਼ ਸਿੰਘ ਆਦਿ ਬਾਰੇ ਜ਼ਿਕਰ ਮਿਲਦੇ ਹਨ। ਸੋ ਇੱਥੇ ਜਿਸ ਸਰਦਾਰ ਦੇ ਮਾਰੇ ਜਾਣ ਦਾ ਜ਼ਿਕਰ ਆਇਆ ਹੈ ਉਸ ਬਾਰੇ ਸਪੱਸ਼ਟ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ।

ਸਿੱਖਾਂ ਦੁਆਰਾ ਭਰਤਪੁਰ ਰਿਆਸਤ ਦੇ ਉੱਤਰ-ਪੂਰਬੀ ਇਲਾਕੇ ਵਿਚ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੇ ਭਰਤਪੁਰ ਰਿਆਸਤ ਨੂੰ ਕਾਫੀ ਪਰੇਸ਼ਾਨ ਕੀਤਾ ਸੀ। ਸਿੱਖਾਂ ਵੱਲੋਂ ਭਰਤਪੁਰ ਰਿਆਸਤ ਵਿਚ ਕੀਤੀਆਂ ਜਾ ਰਹੀਆਂ ਇਨ੍ਹਾਂ ਕਾਰਵਾਈਆਂ ਪਿੱਛੇ ਮੁਖ ਕਾਰਨ ਇਹ ਸੀ ਕਿ ਇਸ ਰਿਆਸਤ ਦੇ ਸਵਰਗਵਾਸੀ ਰਾਜਾ ਜਵਾਹਰ ਸਿੰਘ ਨੇ ਸਿੱਖਾਂ ਨਾਲ ਆਪਣੀ ਸਹਾਇਤਾ ਕਰਨ ਲਈ ਤਹਿ ਕੀਤੀ ਰਾਸ਼ੀ ਉਨ੍ਹਾਂ ਨੂੰ ਨਹੀਂ ਦਿੱਤੀ ਸੀ ਅਤੇ ਉਹ ਸਿੱਖਾਂ ਨੂੰ ਟਾਲ-ਮਟੋਲ ਕਰਦਾ ਰਿਹਾ। ਰਾਜਾ ਜਵਾਹਰ ਸਿੰਘ ਦੀ ਮੌਤ ਪਿੱਛੋਂ ਉਸ ਦੇ ਉਤਰਾਧਿਕਾਰੀ ਅਤੇ ਰਾਜ ਦੇ ਨਾਇਬ ਦੀ ਪਦਵੀ ਲਈ ਸੰਘਰਸ਼ ਕਰ ਰਹੇ ਮਤਰੇਏ ਭਰਾਵਾਂ ਨਵਲ ਸਿੰਘ ਤੇ ਰਣਜੀਤ ਸਿੰਘ ਨੇ ਸਿੱਖਾਂ ਕੋਲ ਆਪਣੀ-ਆਪਣੀ ਮਦਦ ਕਰਨ ਲਈ ਪਹੁੰਚ ਕੀਤੀ ਪਰ ਦੋਹਾਂ ਨੇ ਹੀ ਰਾਜਾ ਜਵਾਹਰ ਸਿੰਘ ਦੇ ਸਮੇਂ ਦੀ ਭਰਤਪੁਰ ਰਾਜ ਵੱਲ ਸਿੱਖਾਂ ਦੀ ਰਹਿੰਦੀ ਰਾਸ਼ੀ ਦੇਣ ਤੋਂ ਨਾਹ ਕਰ ਦਿੱਤੀ ਸੀ । ਇਸ ਕਰਕੇ ਸਿੱਖਾਂ ਨੇ ਭਰਤਪੁਰ ਦੇ ਮੇਵਾਤ ਦੇ ਪਹਾੜੀ, ਪਲਵਲ ਅਤੇ ਕੋਸੀ ਤੱਕ ਦੇ ਇਲਾਕਿਆਂ ਦੇ ਪਰਗਨਿਆਂ ਦੇ ਜਗੀਰਦਾਰਾਂ ਦੇ ਕਿਲ੍ਹਿਆਂ, ਗੜੀਆਂ ਅਤੇ ਮਹਿਲਾਂ ਨੂੰ ਜਾ ਘੇਰਿਆ ਤੇ ਉਨ੍ਹਾਂ ਕੋਲੋਂ ਆਪਣੀ ਬਕਾਇਆ ਰਾਸ਼ੀ ਦੀ ਵਸੂਲੀ ਕਰਨ ਦੇ ਜਤਨ ਕੀਤੇ।[43] ਡਾ. ਉਪੇਂਦਰ ਨਾਥ ਸ਼ਰਮਾ ਨੇ ਕੁਝ ਹੋਰ ਸਰੋਤਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਸ ਸਮੇਂ ਸਿੱਖਾਂ ਦੀਆਂ ਭਰਤਪੁਰ ਰਿਆਸਤ ਦੀਆਂ ਲੜਾਈਆਂ ਵਿਚ ਭਰਤਪੁਰ ਰਿਆਸਤ ਦੀਆਂ ਸੈਨਾਵਾਂ ਨੂੰ ਸਿੱਖਾਂ ਵੱਲੋਂ ਜਬਰਦਸਤ ਟੱਕਰ ਦਿੱਤੀ ਗਈ ਸੀ। ਰਿਆਸਤ ਦੇ ਪ੍ਰਸਿੱਧ ਫਰਾਂਸੀਸੀ ਜਰਨੈਲ ਮੇਡਕ ’ਤੇ 15 ਫਰਵਰੀ 1769 ਨੂੰ ਜਬਰਦਸਤ ਜਾਨਲੇਵਾ ਹਮਲਾ ਕੀਤਾ ਸੀ ਜਿਸ ਵਿਚ ਜਨਰਲ ਮੇਡਕ ਦੇ 100 ਵਿਦੇਸ਼ੀ ਸੈਨਕ ਮਾਰੇ ਗਏ ਅਤੇ ਉਸ ਨੂੰ ਪਿੱਛੇ ਭੱਜ ਕੇ ਇਕ ਪਿੰਡ ਵਿਚ 3 ਘੰਟੇ ਲੁਕ ਕੇ ਸਿੱਖਾਂ ਤੋਂ ਆਪਣੀ ਜਾਨ ਬਚਾਉਣੀ ਪਈ ਅਤੇ

---

[43] ਓਪੇਂਦਰ ਨਾਥ ਸ਼ਰਮਾ, ਉਕਤ, ਪੰਨੇ 176-179.

ਜਾਟ ਰਾਜ ਦੇ ਇਕ ਹੋਰ ਜਰਨੈਲ ਗੋਪਾਲ ਗਣੇਸ਼ ਬਾਰਬੇ ਗੰਭੀਰ ਜਖ਼ਮੀ ਹੋ ਗਿਆ। ਅਖੀਰ ਨਵਲ ਸਿੰਘ ਨੇ ਸਿੱਖਾਂ ਨੂੰ 23 ਲੱਖ ਰੁ. ਦੇਣੇ ਮੰਨ ਲਏ ਅਤੇ ਇਸ ਵਿਚੋਂ ਕੁਝ ਨਕਦ ਰਾਸ਼ੀ ਦਾ ਭੁਗਤਾਨ ਵੀ ਉਸੇ ਵਕਤ ਕਰ ਦਿੱਤਾ ਤਾਂ ਸਿੱਖ ਜਾਟ ਇਲਾਕੇ ਤੋਂ ਵਾਪਸ ਮੁੜ ਪਏ।[44] ਇਸ ਅਰਜ਼ਦਾਸ਼ਤ ਤੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਜੈਪੁਰ ਰਿਆਸਤ ਵੱਲੋਂ ਜਾਟ ਰਾਜ ਦੀ ਸਹਾਇਤਾ ਲਈ ਹਰਲਾਲ ਖਾਨਸਾਮਾ ਦੀ ਅਗਵਾਈ ਵਿਚ ਕਛਵਾਹਾ ਸੈਨਾ ਅਤੇ ਤੋਪਖਾਨਾ ਭੇਜਿਆ ਗਿਆ ਸੀ ਜੋ ਜਾਟ ਫੌਜ ਦੀ ਸਿੱਖਾਂ ਵਿਰੱਧ ਲੜਾਈ ਵਿਚ ਮਦਦ ਕਰ ਰਿਹਾ ਸੀ। ਇਸ ਤੋਂ ਇਹ ਗੱਲ ਵੀ ਸਪੱਸ਼ਟ ਰੂਪ ਵਿਚ ਉੱਭਰਕੇ ਸਾਹਮਣੇ ਆਉਂਦੀ ਹੈ ਕਿ ਜੈਪੁਰ ਰਿਆਸਤ ਵੱਲੋਂ ਸਿੱਖਾਂ ਨਾਲ ਦੋਗਲੀ ਨੀਤੀ ਅਪਣਾਈ ਜਾ ਰਹੀ ਸੀ। ਇਕ ਪਾਸੇ ਤਾਂ ਉਹ ਸਿੱਖਾਂ ਨਾਲ ਮਿੱਤਰਤਾਪੂਰਵਕ ਸਬੰਧਾਂ ਦਾ ਇਜ਼ਹਾਰ ਕਰ ਰਹੇ ਸਨ ਤੇ ਦੂਜੇ ਪਾਸੇ ਉਹ ਸਿੱਖਾਂ ਖਿਲਾਫ਼ ਲੜਾਈ ਵਿਚ ਭਰਤਪੁਰ ਦੀ ਜਾਟ ਰਿਆਸਤ ਦੀ ਸੈਨਿਕ ਸਹਾਇਤਾ ਵੀ ਕਰ ਰਹੇ ਸਨ।

ਸੋ ਇਨ੍ਹਾਂ ਰਾਜਸਥਾਨੀ ਅਰਜ਼ਦਾਸ਼ਤਾਂ ਵਿਚਲੇ ਵੇਰਵਿਆਂ ਤੋਂ ਸਿੱਖਾਂ ਦੀਆਂ ਸੰਮਤ 1824 ਦੇ ਸ਼ੁਰੂ ਤੋਂ ਸੰਮਤ 1826 ਦੇ ਅਖੀਰ ਤੱਕ ਦਿੱਲੀ, ਜੈਪੁਰ, ਭਰਤਪੁਰ ਆਦਿ ਰਾਜਪੂਤਾਨੇ ਦੇ ਇਲਾਕੇ ਦੀਆਂ ਮੁਹਿੰਮਾਂ ਅਤੇ ਪੰਜਾਬ ਸਮੇਤ ਉੱਤਰ-ਪੱਛਮੀ ਭਾਰਤ ਵਿਚ ਉਨ੍ਹਾਂ ਦੀ ਰਾਜਨੀਤਕ ਸਥਿਤੀ, ਗਤੀਵਿਧੀਆਂ ਅਤੇ ਸਿੱਖ ਧਰਮ ਦੇ ਪ੍ਰੰਪਰਾਗਤ ਤੇ ਵਿਵਹਾਰਕ ਪੱਖਾਂ ਬਾਰੇ ਸੰਖੇਪ ਪਰ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

### 3. ਖਾਤੂਤ ਅਹਿਲਕਾਰਾਨ:

'ਖਾਤੂਤ' ਸ਼ਬਦ ਫ਼ਾਰਸੀ ਭਾਸ਼ਾ ਦੇ ਸ਼ਬਦ ਖਤ ਦਾ ਬਹੁਵਚਨ ਹੈ। ਖਤ ਦਾ ਅਰਥ ਹੈ ਪੱਤਰ, ਚਿੱਠੀ, ਰੁੱਕਾ। ਮੱਧ-ਯੁਗ ਵਿਚ ਚਿੱਠੀਆਂ, ਪੱਤਰਾਂ ਜਾਂ ਰੁੱਕਿਆਂ ਲਈ ਬਹੁਵਚਨ 'ਖਾਤੂਤ' ਸ਼ਬਦ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਹੀ 'ਅਹਿਲਕਾਰਾਨ' ਸ਼ਬਦ ਵੀ ਫ਼ਾਰਸੀ ਭਾਸ਼ਾ ਦੇ ਸ਼ਬਦ ਅਹਿਲਕਾਰ ਦਾ ਬਹੁਵਚਨ ਹੈ ਜਿਸ ਦਾ ਭਾਵ ਹੈ ਬਹੁਤੇ ਅਹਿਲਕਾਰ। ਇਹ ਸ਼ਬਦ ਮੁਗਲ ਕਾਲ ਸਮੇਂ ਮੁਗਲ ਹਕੂਮਤ ਨਾਲ ਸਬੰਧਿਤ ਉੱਚ ਅਧਿਕਾਰੀਆਂ, ਵਜੀਰਾਂ, ਜਗੀਰਦਾਰਾਂ ਆਦਿ ਲਈ ਵਰਤਿਆ ਜਾਂਦਾ ਸੀ। ਦੇਸ਼ ਦੀ ਕੇਂਦਰੀ ਹਕੂਮਤ ਤੋਂ ਇਲਾਵਾ ਦੇਸ਼

---

[44] ਉਹੀ, ਪੰਨੇ 178-179

ਵਿਚ ਛੋਟੇ-ਵੱਡੇ ਰਾਜਾਂ-ਰਿਆਸਤਾਂ ਆਦਿ ਨਾਲ ਸਬੰਧਿਤ ਸਾਮੰਤ ਵਰਗ ਦੇ ਉੱਚੇ ਅਹੁਦੇਦਾਰਾਂ ਆਦਿ ਲਈ ਵੀ ਇਹੋ ਸ਼ਬਦ ਪ੍ਰਚੱਲਿਤ ਸੀ। ਇਸ ਤਰ੍ਹਾਂ 'ਖਾਤੂਤ ਅਹਿਲਕਾਰਾਨ' ਵਿਚ ਉਹ ਖਤ, ਚਿੱਠੀਆਂ ਜਾਂ ਪੱਤਰ ਸ਼ਾਮਿਲ ਹਨ ਜੋ ਕਿਸੇ ਸਰਕਾਰੀ ਅਧਿਕਾਰੀ ਜਾਂ ਅਹਿਲਕਾਰ ਵੱਲੋਂ ਇੱਕ ਦੂਜੇ ਨੂੰ ਲਿਖੇ ਜਾਂਦੇ ਰਹੇ ਹਨ। ਰਾਜਸਥਾਨ ਰਾਜ ਅਭਿਲੇਖਾਗਾਰ, ਬੀਕਾਨੇਰ ਵਿਚ ਜੈਪੁਰ ਰਿਆਸਤ ਨਾਲ ਸਬੰਧਿਤ ਮੌਜੂਦ ਦਸਤਾਵੇਜ਼ਾਂ ਵਿਚ 'ਖਾਤੂਤ ਅਹਿਲਕਾਰਾਨ ਰਾਜਸਥਾਨੀ' ਅਤੇ ਕੁਝ ਹੋਰ ਬੰਡਲਾਂ ਵਿੱਚੋਂ ਸਿੱਖਾਂ ਨਾਲ ਸਬੰਧਿਤ ਜਾਣਕਾਰੀ ਦੇਣ ਵਾਲੇ ਖਤ ਮਿਲਦੇ ਹਨ। ਇਨ੍ਹਾਂ ਖਤਾਂ ਦਾ ਇਸ ਅਧਿਆਇ ਵਿਚਲੇ ਤੀਜੇ ਭਾਗ ਵਿਚਲੇ ਸਿਰਲੇਖ 'ਖਾਤੂਤ ਅਹਿਲਕਾਰਾਨ' ਵਿਚ ਪੰਜਾਬੀ ਵਿਚ ਅਨੁਵਾਦ ਕਰਕੇ ਅਧਿਐਨ ਕੀਤਾ ਜਾ ਰਿਹਾ ਹੈ। ਇਸ ਅਧਿਆਇ ਵਿਚ ਸ਼ਾਮਿਲ ਕੀਤੇ ਜਾ ਰਹੇ ਖਤਾਂ ਦੀ ਗਿਣਤੀ 6 ਹੈ। ਏਥੇ ਇਹ ਵੀ ਦੱਸ ਦੇਣਾ ਉਚਿਤ ਹੋਵੇਗਾ ਕਿ ਅਧਿਐਨ ਵਿਚ ਸ਼ਾਮਿਲ ਕੀਤੇ ਜਾ ਰਹੇ ਖਤ ਰਾਜਸਥਾਨੀ ਭਾਸ਼ਾ ਵਿਚ ਹਨ। ਇਨ੍ਹਾਂ ਤੋਂ ਇਲਾਵਾ ਫ਼ਾਰਸੀ ਭਾਸ਼ਾ ਵਿਚ ਵੀ ਬਹੁਤ ਸਾਰੇ ਖਤ ਜੈਪੁਰ ਰਿਆਸਤ ਨਾਲ ਸਬੰਧਿਤ ਮਿਲਦੇ ਹਨ।

## 3.1. ਖਾਤੂਤ ਅਹਿਲਕਾਰਾਨ ਵਿਚਲੇ ਖਤਾਂ ਬਾਰੇ ਸੰਖੇਪ ਜਾਣਕਾਰੀ ਅਤੇ ਪੰਜਾਬੀ ਅਨੁਵਾਦ:

### 3.1.1. ਖਾਤੂਤ ਅਹਿਲਕਾਰਾਨ ਫੱਗਣ ਸੁਦੀ 4 ਸੰਮਤ 1824[45] (21 ਫਰਵਰੀ 1768 ਈ.)

**ਖਤ ਸਬੰਧੀ ਸੰਖੇਪ ਜਾਣਕਾਰੀ**: ਇਹ ਖਤ ਕਾਮ੍ਹਾਂ ਪ੍ਰਗਨੇ ਦੇ ਠਾਕੁਰ ਰਾਜਾ ਹਰੀ ਸਿੰਘ ਨੂੰ ਫੱਗਣ ਸੁਦੀ 4 ਸੰਮਤ 1824 ਨੂੰ ਲਿਖਿਆ ਗਿਆ ਸੀ। ਇਸ ਖਤ ਵਿਚ ਪੱਤਰ ਲੇਖਕ ਦਾ ਨਾਮ ਨਹੀਂ ਹੈ। ਅਖੀਰ ਵਿਚ ਖਤ ਦਾ ਬਾਕੀ ਹਿੱਸਾ ਵੱਖਰੇ ਪੰਨੇ 'ਤੇ ਚਿਪਕਾਇਆ ਹੋਇਆ ਹੈ ਜਿਸ ਉੱਪਰ ਫ਼ਾਰਸੀ ਵਿਚ ਦੋ ਗੋਲ ਅੰਡਾਕਾਰ ਮੋਹਰਾਂ ਲੱਗੀਆਂ ਹਨ ਅਤੇ ਹੇਠਾਂ ਲਿਖਿਆ ਹੈ: '॥70॥ ਪੜ੍ਰੀ ਰਾਜਾ ਸ਼੍ਰੀ ਠਾਕੁਰ ਹਰੀ ਸਿੰਘ ਜੀ ਜੋਗ'। ਇਸ ਖਤ ਦੀ ਲਿਖਾਈ ਸਾਫ਼ ਹੈ ਕਿਤੇ-ਕਿਤੇ ਸਿਆਹੀ ਫੈਲਣ ਕਰਕੇ ਪੜ੍ਹਨ ਵਿਚ ਮੁਸ਼ਕਿਲ ਆਉਂਦੀ ਹੈ। ਭਾਸ਼ਾ ਪੇਂਡੂ ਖੇਤਰ ਦੀ ਠੇਠ ਢੂੰਢਾੜੀ ਹੈ ਜੋ ਮਹਾਜਨ ਜਾਂ ਸ਼ਾਹੂਕਾਰ ਵੰਨਗੀ ਦੀ ਹੈ। ਖਤ ਕਾਗ਼ਜ਼ ਦੇ ਦੋਵੇਂ ਪਾਸੇ ਲਿਖਿਆ ਹੋਇਆ ਹੈ।

---

45 **ਖਾਤੂਤ ਅਹਿਲਕਾਰਨ ਰਾਜਸਥਾਨੀ**, ਬੰਡਲ ਨੰਬਰ 2, ਨੰਬਰ 382/368.

॥ ਸ਼੍ਰੀ ਰਾਮ ਜੀ

॥ਸਾਹਿਬ ਸਿੱਖਾਂ ਦੀ ਫੌਜ ਜਮਨਾ ਤੋਂ ਪਾਰ ਉੱਤਰ ਆਈ ਹੈ। ਜਾਟਾਂ ਦੇ ਪਰਗਨੇ ਵਿਚ ਜਾਟਾਂ ਦੇ ਥਾਣਿਆਂ ਦੇ ਲੋਕ ਦੌੜ ਗਏ ਹਨ। ਫੱਗਣ ਸੁਦੀ 4 ਐਤਵਾਰ ਨੂੰ ਦੋ ਪਿੰਡ ਸਾੜੇ ਦਿੱਤੇ ਗਏ। ਸੋ ਪਰਗਨੇ ਵਿਚ ਭਾਜੜ ਪਈ ਹੋਈ ਹੈ। ਦਰਬਾਰ (ਜੈਪੁਰ ਰਿਅਸਤ) ਦੀ ਵੱਡੀ ਫੌਜ ਦੇ ਨੀਲੀ ਤੋਂ ਕੂਚ ਕਰਕੇ ਉਲਟਾ ਪੀਡੌਣੇ ਕੋਲ ਆਉਣ ਦੀ ਖਬਰ ਹੈ। ਸੋ ਪਿੱਛੋਂ ਫੇਰ ਵਾਪਸ ਜਾ ਕੇ (ਜੈਪੁਰ ਰਿਆਸਤ ਦੀ) ਫੌਜ ਉਨ੍ਹਾਂ ਪਿੰਡਾਂ ਵਿਚ ਅਮਲ ਸਥਾਪਤ ਕਰ ਰਹੀ ਹੈ, ਭਾਜੜ ਪਈ ਹੋਈ ਹੈ। ਇਸੇ ਤਰ੍ਹਾਂ ਹੀ ਸਵਾਈ ਜੈਪੁਰ ਦੇ ਸਮਾਚਾਰ ਵੀ ਸੁਣੇ ਹਨ। ਇੱਥੇ ਗੜ੍ਹ ਦੀ ਮਜ਼ਬੂਤੀ ਹੋ ਰਹੀ ਹੈ। ਇੱਥੇ ਦੋ ਕੁ ਹਜਾਰ ਸਵਾਰਾਂ ਨਾਲ ਰਾਜ ਸਿੰਘ ਦਾ ਚਾਚਾ ਜਾਲਮ ਸਿੰਘ ਹੈ। ਵੇਖਦੇ ਹਾਂ ਕਿ ਉਹ ਇੱਥੇ ਰਹਿੰਦਾ ਹੈ ਜਾਂ ਫੌਜ ਨਾਲ ਸ਼ਾਮਲ ਹੁੰਦਾ ਹੈ। ਸੋ ਜੋ ਵੀ ਸਮਾਚਾਰ ਹੋਵੇਗਾ, ਪਿੱਛੋਂ ਲਿਖਾਂਗਾ ਜੀ। ਮਿਤੀ ਫੱਗਣ ਸੁਦੀ 4 ਸੰਮਤ 1824, ਪ੍ਰਭਾਤ (ਤੜ੍ਹਕੇ)

॥ਸ਼੍ਰੀ॥

ਹੇਠਾਂ ਖਤ ਦਾ ਲਿਫਾਫਾ (Envelp) ਹੈ ਜਿਸ ਉੱਪਰ ਫ਼ਾਰਸੀ ਵਿਚ ਦੋ ਗੋਲ ਮੋਹਰਾਂ ਲੱਗੀਆਂ ਹੋਈਆਂ ਹਨ ਅਤੇ ਹੇਠਾਂ '70 ਪਤ੍ਰੀ ਰਾਜਾ ਸ਼੍ਰੀ ਠਾਕੁਰ ਹਰੀ ਸਿੰਘ ਜੋਗ' ਲਿਖਿਆ ਹੈ।

### 3.1.2. ਖਾਤੂਤ ਅਹਿਲਕਾਰਾਨ ਮਿਤੀ ਚੇਤ ਵਦੀ 4 ਸੰਮਤ 1824[46] (7 ਮਾਰਚ 1768 ਈ.)

**ਖਤ ਸਬੰਧੀ ਸੰਖੇਪ ਜਾਣਕਾਰੀ**: ਇਹ ਖਤ ਸ਼ਾਹ ਰਾਇ ਚੰਦ ਨੂੰ ਜੈਪੁਰ ਰਿਆਸਤ ਦੇ ਅਹਿਲਕਾਰ ਸੰਗਹੀ ਜੀਵ ਚੰਦ ਵੱਲੋਂ ਜੈਪੁਰ ਰਿਆਸਤ ਅਧੀਨ ਰਾਜਪੁਰ ਦੇ ਸਥਾਨ ਤੋਂ ਲਿਖਿਆ ਗਿਆ ਸੀ। ਖਤ ਵਿਚ ਦੋ ਵਿਅਕਤੀਆਂ ਦੇ ਹੱਥਾਂ ਦੀ ਲਿਖਾਈ ਪ੍ਰਤੀਤ ਹੁੰਦੀ ਹੈ। ਖਤ ਦੇ ਸ਼ੁਰੂ ਵਿਚ 'ਸ਼੍ਰੀ ਰਾਮ' ਲਿਖਣ ਉਪਰੰਤ ਹੇਠਾਂ ਕਾਫੀ ਹਿੱਸਾ ਖਾਲੀ ਛੱਡਿਆ ਗਿਆ ਹੈ। ਇਸ ਦਾ ਕਾਗਜ਼ ਉੱਪਰ ਤੋਂ ਹੇਠਾਂ ਨੂੰ ਵਹੀ ਨੁਮਾ ਲੰਬਾ ਹੈ। ਖਤ ਦੇ ਸ਼ੁਰੂ ਵਾਲੀ ਲਿਖਾਈ ਸਾਫ਼-ਸੁਥਰੀ ਹੈ ਬਾਅਦ ਵਾਲੀ ਲਿਖਾਈ ਦੇ ਅੱਖਰ ਘੁੰਡੀਦਾਰ ਅਤੇ ਲੰਬੇ ਲਿਖੇ ਹਨ ਜੋ ਪੜ੍ਹਨ ਵਿਚ ਬਹੁਤ ਮੁਸ਼ਕਿਲ ਹਨ। ਅੱਧ ਤੋਂ ਪਿੱਛੋਂ ਖਤ ਵਿਚਲੇ ਵੇਰਵੇ ਸੱਜੇ ਅਤੇ ਖੱਬੇ ਪਾਸੇ ਦੋ ਭਾਗਾਂ ਵਿਚ ਵੰਡ ਕੇ ਲਿਖੇ ਹੋਏ ਹਨ ਜਿਸ ਵਿਚ ਖਬਰਾਂ ਵਾਂਗ ਵੱਖ-ਵੱਖ ਜਾਣਕਾਰੀਆਂ ਜਾਂ

46 ਉਹੀ, ਬੰਡਲ ਨੰਬਰ 2, ਨੰਬਰ 383/369,

ਖਬਰਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਪਹਿਲੇ ਪੰਨੇ ‘ਤੇ ਪੰਜ ਕਾਲਮ ਹਨ ਅਤੇ ਦੂਜੇ ਪੰਨੇ ’ਤੇ ਕੇਵਲ ਖੱਬੇ ਪਾਸੇ ਤਿੰਨ ਕਾਲਮ ਹਨ ਅਤੇ ਸੱਜਾ ਪਾਸਾ ਖਾਲੀ ਹੈ। ਖਤ ਕਾਗਜ਼ ਦੇ ਦੋਵੇ ਪਾਸੇ ਲਿਖਿਆ ਹੋਇਆ ਹੈ। ਇਸ ਦੀ ਭਾਸ਼ਾ ਪੇਡੂ ਢੂੰਢਾੜੀ ਹੈ ਜੋ ਕਿਸੇ ਸ਼ਾਹੂਕਾਰ ਜਾਂ ਮਹਾਜਨ ਦੀ ਲੱਗਦੀ ਹੈ। ਲਿਖਤ ਵਿਚ ਕਈ ਥਾਈਂ ਲਗਾ-ਮਾਤਰਾਂ ਨਹੀਂ ਲਗਾਈਆਂ ਗਈਆਂ ਅਤੇ ਕੁਝ ਥਾਂਵਾਂ ’ਤੇ ਵਾਧੂ ਲਗਾ-ਮਾਤਰਾਂ ਬੋਲੀ ਜਾਣ ਵਾਲੀ ਪ੍ਰਚੱਲਿਤ ਭਾਸ਼ਾ ਦੀਆਂ ਧੁਨੀਆਂ ਅਨੁਸਾਰ ਅਨੁਸਾਰ ਲਗਾਈਆਂ ਗਈਆਂ ਹਨ। ਖਤ ਦੇ ਕਾਗਜ਼ ਦੀ ਹਾਲਤ ਤਸੱਲੀਬਖਸ਼ ਹੈ।

॥ਸ਼੍ਰੀ ਰਾਮ ਜੀ॥

॥ਸਿਧਿ ਸ਼੍ਰੀ ਰਾਜਪੁਰ ਤੋਂ ਸਰਬ ਉਪਮਾ ਜੋਗ ਸ਼ੁਭ ਸਥਾਨ ਸਵਾਈ ਜੈਪੁਰ ਦੇ ਸ਼ਾਹ ਜੀ ਸ਼੍ਰੀ ਰਾਇ ਚੰਦ ਜੀ ਅਤੇ ਰਾਜ (ਰਿਆਸਤ ਜੈਪੁਰ) ਵੱਲ, ਲਿਖਤੁਮ ਸੰਗਹੀ ਦੇਵ ਚੰਦ ਵੱਲੋਂ ਨਮਸਕਾਰ ਪ੍ਰਵਾਨ ਕਰਨੀ ਜੀ। ਇੱਥੋਂ ਦਾ ਸਮਾਚਾਰ ਭਲਾ ਹੈ, ਰਾਜ (ਜੈਪੁਰ) ਦਾ ਸਦਾ ਭਲਾ ਚਾਹੁੰਦਾ ਹਾਂ, ਜਿਸ ਨਾਲ ਮੇਰਾ ਪ੍ਰੇਮ-ਸੁਖ ਹੈ। ਮੇਰੇ ਲਈ ਰਾਜ ਤੋਂ ਉਪਰੰਤ ਦੂਜੀ ਕੋਈ ਵੀ ਗੱਲ ਨਹੀਂ ਹੈ। ਮੈਂ ਤਾਂ ਇਕੱਲਾ ਰਾਜ ਨਾਲ ਹੀ ਹਿੱਤ ਰੱਖਦਾ ਹਾਂ ਤੇ ਸੂਬੇ ਦਾ ਹੀ ਖੈਰਖਵਾਹ ਹਾਂ। ਉਪਰੰਤ ਰਾਜ ਦਾ ਕਾਗਜ਼ ਆਇਆ, ਸਮਾਚਾਰ ਪਤਾ ਲੱਗੇ। (ਮੇਰੇ ਵੱਲੋਂ) ਜਵਾਬ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਜਾਨਣਾ:

(ਤੁਸੀਂ) ਲਿਖਿਆ ਜੋ ਰਾਜ ਵੱਲੋਂ ਲਿਖਿਆ ਕਾਗਜ ਪਹੁੰਚਿਆ, (ਉਸ) ਪੱਤਰ ਵਿਚ ਲਿਖਿਆ ਹੈ ਕਿ ਇਸ ਪਾਸੇ ਬਖੇੜਾ ਜਿਆਦਾ ਹੈ, ਇਸ ਲਈ ਕਬੀਲਾ (ਪਰਿਵਾਰ) ਉੱਥੇ (ਜੈਪੁਰ) ਭੇਜ ਦੇਣਾ।1

(ਤੁਸੀਂ) ਲਿਖਿਆ ਜੋ ਤੁਸੀਂ ਇੱਥੇ ਹੀ ਬੈਠੇ ਰਹੋ ਬਾਕੀ ਸਾਰੇ ਸਬੰਧੀ ਆ ਜਾਣ।1

ਸੋ ਮੈਂ ਰਾਜ ਨੂੰ ਕਦੋਂ ਲਿਖਿਆ ਸੀ ਕਿ ਮੈਂ ਕਬੀਲਾ ਭੇਜਣਾ ਹੈ? ਐਸੇ ਵੱਡੇ ਸਰਦਾਰ ਹੋ ਕੇ ਝੂਠ ਬੋਲਣਾ ਜੋਗ ਨਹੀਂ। ਮੈਂ ਤਾਂ ਇਹ ਲਿਖਿਆ ਸੀ ਕਿ ਏਥੋਂ ਦੇ ਬਖੇੜੇ ਦਾ ਹਾਲ ਕਿਸ ਤਰ੍ਹਾਂ ਹੈ। ਜੋ ਇੱਥੇ ਹਾਲਾਤ ਬਣੇ ਹੋਏ ਹਨ ਉਨ੍ਹਾਂ ਬਾਰੇ ਸੀ, ਨਾ ਕਿ ਇਹ ਕਿ ਮੈਂ ਤਿਆਰੀ ਕਰੀ ਬੈਠਾ ਹਾਂ। ਸੋ ਇਹ ਸਮਾਚਾਰ ਭੁੱਲ ਕੇ ਵੀ ਰਾਜ ਨੂੰ ਲਿਖਣੇ ਜੋਗ ਨਹੀਂ ਹਨ ਕਿ ਉੱਥੇ (ਜੈਪੁਰ) ਕਬੀਲਾ ਆਵੇ। ਇੱਥੇ ਕਬੀਲਾ ਸੋਗ ਵਿਚ ਨਹੀਂ ਬੈਠਾ। ਇਸ ਵਕਤ ਕਬੀਲਾ ਕਿਵੇਂ

ਭੇਜਾਂ, ਜਦੋਂ ਕਿ ਇੱਥੇ ਤਾਂ ਦਰਬਾਰ ਵੱਲੋਂ ਸਾਰੀ ਤਿਆਰੀ (ਪ੍ਰਬੰਧ) ਪੂਰੀ ਕੀਤੀ ਹੋਈ ਹੈ ਤੇ ਹੁਣ ਕਬੀਲਾ ਉੱਥੇ ਭੇਜਾਂ? ਇਹ ਗੱਲ ਮੈਂ ਮੰਨਦਾ ਹਾਂ ਕਿ ਹਾਲੇ ਇੱਥੇ ਫੌਜ ਦੇ ਬਖੇੜੇ ਦਾ ਹਾਲ ਹੈ, ਉਸ ਅਨੁਸਾਰ ਰਾਜ ਵੱਲੋਂ ਤਿਆਰੀ ਹੈ। ਦਸ-ਪੰਦਰਾਂ ਦਿਨ ਪੈਣ ਪਿੱਛੋ ਰਾਜ ਨੂੰ ਲਿਖਾਂਗਾ ਜਦੋਂ ਬਨਾਇਕ ਬੈਠਾਵਾਂਗਾਂ (ਬਰਾਤ ਦੇ ਚੱਲਣ ਤੋਂ ਪਹਿਲਾਂ ਕੀਤੀ ਜਾਣੀ ਵਾਲੀ ਗਨੇਸ਼ ਪੂਜਾ ਦੀ ਰਸਮ)...[47]

ਲਿਖਿਆ ਜੋ ਜਾਟਾਂ ਤੇ ਸਿੱਖਾਂ ਦੀਆਂ ਫੌਜਾਂ ਦਾ ਬਖੇੜਾ ਜ਼ਿਆਦਾ ਸੁਣਿਆ ਹੈ। ਸੋ ਕਬੀਲਾ ਤੇ ਸਾਰਾ ਸਾਜ-ਸਮਾਨ ਸਮੇਤ ਮੇਰੇ ਲੋਕ ਇੱਥੇ ਆਉਣਗੇ ਤਾਂ ਮੈਂ ਉਨ੍ਹਾਂ ਨੂੰ ਇਥੋਂ ਕੱਢਾਗਾਂ ਨਹੀਂ, ਸਗੋਂ ਬਹੁਤ ਖੁਸ਼ ਰੱਖਾਂਗਾ।

ਸੋ ਇਕ ਵਾਰ ਤਾਂ ਮਹਾਰਾਜਾ ਦੀ ਫੌਜ ਨੂੰ ਜਾਟਾਂ ਦੀ ਫੌਜ ਨੇ ਮਾਰ ਭਜਾਇਆ ਸੀ। ਦੂਸਰੀ ਵਾਰ ਇਕ-ਦੋ ਦਿਨਾਂ ਬਾਅਦ ਫਿਰ ਖਬਰ ਸੁਣੀ ਕਿ ਜਾਟ ਨੂੰ ਹੀ ਘਾਵ (ਜ਼ਖ਼ਮੀ) ਹੋਇਆ, ਇਸ ਤਰ੍ਹਾਂ ਹੀ ਰਾਜ ਵੱਲੋਂ ਲਿਖਿਆ ਹੈ।

...ਔਰ ਕਾਗਦ ਸਮਾਚਾਰ ਦਾ ਹਮੇਸ਼ਾ ਲਿਖਦੇ ਰਹਿਣਾ। ਜੋ ਇੱਥੇ ਚੰਗਾ ਵਿਹਾਰ ਹੈ ਸੋ ਰਾਜ ਦਾ ਹੀ ਹੈ। ਇਹ ਸਮਾਚਾਰ ਮਿਤੀ ਚੇਤ ਵਦੀ 4 ਸੰਮਤ 1824 (ਨੂੰ ਲਿਖਿਆ)

(ਮੋਹਰ) 'ਸ਼੍ਰੀ ਰਾਮ ਜੀ

.....ਜੀ'

(॥...॥) ਸ਼ਾਹ ਜੀ ਸ਼੍ਰੀ ਰਾਇ ਚੰਦ ਜੀ ਜੋਗ।

### 3.1.3. ਖਾਤੂਤ ਅਹਿਲਕਾਰਾਨ ਮਿਤੀ ਚੇਤ ਵਦੀ 8, ਸੰਮਤ 1825[48] (12 ਅਪ੍ਰੈਲ 1768 ਈ.)

**ਖਤ ਸਬੰਧੀ ਸੰਖੇਪ ਜਾਣਕਾਰੀ**: ਇਹ ਖਤ ਜੈਪੁਰ ਰਿਆਸਤ ਦੇ ਰਾਜਗੜ੍ਹ ਵਿਚਲੇ ਫੌਜੀ ਕੈਂਪ ਤੋਂ ਰਿਆਸਤ ਦੇ ਕਿਸੇ ਰਾਮ ਨਰਾਇਣ ਨਾਮ ਦੇ ਅਹਿਕਾਰ ਵੱਲੋਂ ਜੈਪੁਰ ਰਿਆਸਤ ਦੇ ਬੋਹਰਾ ਗੋਬਿੰਦ ਰਾਮ ਨੂੰ ਲਿਖਿਆ ਗਿਆ ਸੀ।

---

[47] ਇਹ ਖਤ ਕਾਫੀ ਲੰਮਾ ਹੈ। ਜਿੱਥੇ ਖਤ ਲੇਖਨ ਨੇ ਆਪਣੀਆਂ ਸਾਧਾਰਨ ਨਿੱਜੀ ਗੱਲਾਂ ਲਿਖੀਆਂ ਹਨ, ਉੱਥੇ ਡੌਟ ... ਲਗਾ ਕੇ ਛੱਡ ਦਿੱਤਾ ਗਿਆ ਹੈ। ਖਤ ਵਿਚ ਲੇਖਕ ਦੇ ਪਰਿਵਾਰ ਦੇ ਕਿਸੇ ਮੈਂਬਰ ਦੇ ਵਿਆਹ ਅਤੇ ਸਾਹੇ ਆਦਿ ਸਬੰਧੀ ਵੀ ਵਰਨਣ ਹੈ।

[48] **ਖਾਤੂਤ ਅਹਿਲਕਾਰਨ ਰਾਜਸਥਾਨੀ,** ਬੰਡਲ ਨੰਬਰ 2, ਨੰਬਰ 397/380.

ਖਤ ਦੇ ਸ਼ੁਰੂ ਵਿਚ 'ਸ਼੍ਰੀ ਰਾਮ ਜੀ' ਲਿਖਣ ਉਪਰੰਤ ਹੇਠਾਂ ਕਾਫੀ ਹਿੱਸਾ ਖਾਲੀ ਛੱਡਿਆ ਗਿਆ ਹੈ। ਇਸ ਦਾ ਕਾਗਜ਼ ਉੱਪਰ ਤੋਂ ਹੇਠਾਂ ਨੂੰ ਵਹੀ ਨੁਮਾਂ ਲੰਬਾ ਹੈ। ਲਿਖਾਈ ਸਾਫ਼-ਸੁਥਰੀ ਹੈ ਅਤੇ ਅੱਖਰ ਲੰਬੇ ਲਿਖੇ ਹੋਏ ਹਨ ਪਰ ਸਿਆਹੀ ਜਿਆਦਾ ਫਿੱਕੀ ਹੋ ਜਾਣ ਕਰਕੇ ਕੁਝ ਥਾਂਵਾਂ ਤੋਂ ਅੱਖਰ ਪੜ੍ਹਨੇ ਬਹੁਤ ਕਠਿਨ ਹਨ। ਖਤ ਦੋ ਪੰਨਿਆਂ ਦਾ ਹੈ ਜੋ ਕਾਗਜ਼ ਦੇ ਦੋਵੇ ਪਾਸੇ ਲਿਖਿਆ ਹੋਇਆ ਹੈ। ਭਾਸ਼ਾ ਢੂੰਢਾੜੀ ਰਾਜਸਥਾਨੀ ਹੈ। ਕਾਗਜ ਮਟਮੈਲੇ ਰੰਗ ਦਾ ਅਤੇ ਤਸੱਲੀਬਖਸ਼ ਹਾਲਤ ਵਿਚ ਹੈ।

॥ ਸ਼੍ਰੀ ਰਾਮ ਜੀ

॥ ਸਿਧਿ ਸ਼੍ਰੀ ਸਰਬ ਉਪਮਾ ਯੋਗ ਬੋਹਰਾ ਜੀ ਸ਼੍ਰੀ ਗੋਬਿੰਦ ਰਾਮ ਜੀ ਯੋਗ ਖਤ, ਲਸ਼ਕਰ ਡੇਰਾ ਰਾਜਗੜ੍ਹ ਤੋਂ, ਰਾਮ ਨਾਰਾਇਣ ਵੱਲੋਂ ਸ਼੍ਰੀ ਰਾਮ ਰਾਮ ਰਾਮ ਵਾਚਨਾ ਜੀ। ਏਥੋਂ ਦਾ ਸਮਾਚਾਰ ਭਲਾ ਹੈ, ਆਪ ਦੀ ਸਦਾ ਅਰੋਗਤਾ ਚਾਹੁੰਦਾ ਹਾਂ। ਉਪਰੰਤ ਸਾਹਿਬ ਖਬਰ ਸਿੱਖਾਂ ਦੇ ਲਸ਼ਕਰ ਦੀ ਆਈ ਸੀ ਜਿਸ ਦਾ ਕਾਗਜ਼ ਵੀਜਨਸੀ (ਹੂ-ਬ-ਹੂ ਨਕਲ) ਭੇਜਿਆ ਸੀ, (ਤੁਹਾਨੂੰ) ਪਤਾ ਹੋਵੇਗਾ ਜੀ ਅਤੇ ਸਾਹਿਬ ਕਾਗਜ਼ ਸਿੱਖਾਂ ਦੇ ਸਾਰੇ ਸਰਦਾਰਾਂ ਦਾ ਰਾਜ ਸਿੰਘ ਜੀ ਨੂੰ ਆਇਆ, ਜਿਸ ਵਿਚ (ਸਿੱਖਾਂ ਨੇ) ਲਿਖਿਆ ਜੀ ਕਿ ਸ਼੍ਰੀ ਜੀ (ਮਹਾਰਾਜਾ ਸਵਾਈ ਮਾਧੋ ਸਿੰਘ) ਦੇ ਬੈਕੁੰਠ ਪਧਾਰਨ[49] ਦਾ ਸਮਾਚਾਰ ਪਤਾ ਲੱਗਾ ਹੈ, ਸੋ ਇਹ ਗੱਲ ਸਾਡੇ ਸਾਰਿਆਂ ਲਈ ਬੁਰੀ ਹੈ ਅਤੇ ਜੋ ਗੱਲ ਸਾਡੇ (ਜੈਪੁਰ ਰਿਆਸਤ ਅਤੇ ਸਿੱਖਾਂ) ਵਿਚਕਾਰ ਪਹਿਲਾਂ ਤੈਅ ਹੋਈ ਹੈ ਉਹ ਉਸੇ ਤਰ੍ਹਾਂ ਹੀ ਰਹੇਗੀ ਤੇ ਤੁਸੀਂ (ਸਿੱਖਾਂ ਦੀ) ਖਾਤਰ-ਜਮਾ ਰੱਖਣਾ। ਬਾਕੀ ਸਭ ਪ੍ਰਮਾਤਮਾ ਭਲੀ ਕਰੇਗਾ। ਸੋ ਸਿੱਖਾਂ ਨੇ ਬਹੁਤ ਦੁੱਖ ਜਾਹਰ ਕੀਤਾ ਹੈ ਕਿ ਉਹ ਹਿੰਦੋਸਤਾਨ ਦਾ ਵੱਡਾ ਆਗੂ ਰਾਜਾ ਸੀ। ਸਾਹਿਬ ਗੋਕਲ ਚੰਦ ਕਟਾਰਾ ਅਤੇ ਅਜ਼ਮਤੀ ਖਾਨ ਦਾ ਗੁਮਾਸ਼ਤਾ (ਮੁਨੀਮ) ਨੰਦ ਰਾਮ ਆ ਕੇ ਰਾਜ ਸਿੰਘ ਜੀ ਨੂੰ ਮਿਲੇ ਅਤੇ (ਉਨ੍ਹਾਂ ਨੇ) ਸਾਰੀ ਹਕੀਕਤ ਦੱਸੀ। (ਅਜ਼ਮਤੀ) ਖਾਂ ਨੇ ਲਿਖਿਆ ਹੈ ਕਿ ਜਾਟ (ਜਵਾਹਰ ਸਿੰਘ) ਨੇ ਮੇਰਾ ਮਲੀਰ ਗੜ੍ਹ (ਕਿਲ੍ਹਾ) ਘੇਰ ਕੇ ਰੁਪਏ ਮੰਗੇ ਹਨ ਨਹੀ ਤਾਂ ਉਹ (ਉਸ ਦਾ) ਮੁਲਕ ਮਾਰੇਗਾ। ਜੋ ਮੈਂ ਤੁਹਾਡੇ ਨਾਲ ਪਹਿਲਾਂ ਵੀ ਗੱਲ ਕਰਕੇ ਗਿਆ ਸੀ, ਉਹ ਕਬੂਲ ਹੈ ਤੇ ਜਵਾਹਰ ਸਿੰਘ ਨੇ ਕਿਹਾ ਹੈ ਕਿ ਮੈਂ ਤਾਂ ਉਸ ਘਰ ਦਾ ਚਾਕਰ ਹਾਂ

[49] ਜੈਪੁਰ ਦੇ ਮਹਾਰਾਜਾ ਸਵਾਈ ਮਾਧੋ ਸਿੰਘ ਦੀ ਮੌਤ ਚੇਤ ਵਦੀ 2 ਸੰਮਤ 1824, 5 ਮਾਰਚ 1768 ਈਨ ਨੂੰ ਹੋਈ ਸੀ।

ਅਤੇ ਮੈਨੂੰ ਪਤਾ ਹੈ ਜੋ ਮੇਰਾ ਦਰਜਾ ਹੈ। ਉਸ (ਘਰਾਣੇ) ਤੋਂ ਬਿਨਾ ਮੈਂ ਕਾਹਦੇ ਜੋਗਾ ਹਾਂ। ਮੈਂ ਪਹਿਲਾਂ ਵੀ ਬੰਦਗੀ ਕਰ ਵਿਖਾਈ ਸੀ, ਇਸ (ਘਰ) ਤੋਂ ਬਿਨਾ ਮੇਰਾ ਹੋਰ ਕੌਣ ਹੋ ਸਕਦਾ ਹੈ? ਸਾਹਿਬ ਰਾਤ ਨੂੰ ਸਾਰੇ ਸਰਦਾਰਾਂ ਨੇ ਮਿਲ ਕੇ ਸਲਾਹ ਕੀਤੀ ਸੀ ਜੋ ਤੁਹਾਨੂੰ ਪਤਾ ਹੋਵੇਗੀ ਜੀ ਅਤੇ ਕਿਹਾ ਜੀ ਕਿ ਪੋਨਖਰ ਦੀ ਗੜ੍ਹੀ ਵੱਲ ਪੋਨਖਰ ਵਗੈਰਾ ਤਿੰਨ-ਚਾਰ ਪਿੰਡਾਂ ਦੀ ਫਸਲ ਕੱਟ ਲਿਆਏ ਤੇ ਖਾਰੜਾ ਦੀ ਰਤੀ ਫੜ੍ਹ ਲਿਆਏ। ਪਿੰਡ ਕਹੀਲਾ ਦਾ ਮਾਲ-ਡੰਗਰ ਵੀ ਘੇਰ ਲਿਆਏ। ਸੋ ਮੁਲਖ ਵਿਚ ਇਸ ਤਰ੍ਹਾਂ ਹੋ ਰਿਹਾ ਹੈ। ਰਾਜ ਸਿੰਘ ਜੀ ਨੇ ਦੇਵਾ ਜੀ ਪੰਡਿਤ ਨੂੰ ਬੜੀ ਪੱਕੀ ਕੀਤੀ ਹੈ ਜੀ। ਸਾਰੀ ਹਕੀਕਤ ਇਸ ਤਰ੍ਹਾਂ ਹੈ ਬਾਕੀ ਆਪ ਨੂੰ ਪਤਾ ਹੀ ਹੋਵੇਗੀ ਜੀ।

ਮਿਤੀ ਚੇਤ ਵਦੀ 8 ਸੰਮਤ 1824 ਸ਼ੁਕਰਵਾਰ ਦਿਨ ਛਿਪਿਆਂ ਚੱਲਿਆ

ਸ਼ਾਹ ਨਿਹਾਲ ਰਾਤ ਘੜੀ 2 ਗਿਆ ਚੱਲਿਆ।

ਬੋਹਰਾ ਜੀ ਸ਼੍ਰੀ [ਗੋਬਿੰਦ ਰਾਮ] ਜੀ ਜੋਗ,

### 3.1.4. ਖਾਤੂਤ ਅਹਿਲਕਾਰਾਨ ਮਿਤੀ ਚੇਤ ਸੁਦੀ 6 ਸੰਮਤ [1825][50] (24 ਮਾਰਚ 1768 ਈ.)

**ਖਤ ਬਾਰੇ ਸੰਖੇਪ ਜਾਣਕਾਰੀ**: ਇਹ ਖਤ ਜੈਪੁਰ ਨੇੜੇ ਦਿੱਲੀ ਮਾਰਗ 'ਤੇ ਸਥਿਤ ਕਸਬਾ ਪਾਵਟਾ ਤੋਂ ਨਾਥ ਰਾਮ ਨਾਮ ਦੇ ਜੈਪੁਰ ਰਿਆਸਤ ਦੇ ਕਿਸੇ ਕਰਮਚਾਰੀ ਵੱਲੋਂ ਆਪਣੇ ਉਚ ਅਧਿਕਾਰੀਆਂ ਸੰਗਹੀ ਜੀਵ ਰਾਜ ਅਤੇ ਮੋਹਨ ਰਾਮ ਨੂੰ ਆਪਣੇ ਇਲਾਕੇ ਵਿਚ ਜਾਟ ਤੇ ਸਿੱਖ ਫੌਜਾਂ ਦੀਆਂ ਕਾਰਵਾਈਆਂ ਤੇ ਰਿਆਸਤ ਵੱਲੋਂ ਹਾਲਾਤਾਂ ਨਾਲ ਨਜਿੱਠਣ ਦੀਆਂ ਤਿਆਰੀਆਂ, ਖੋਹਰੀ ਦੀ ਗੜ੍ਹੀ ਦੀ ਸਿੱਖਾਂ ਅਤੇ ਜਾਟਾਂ ਨਾਲ ਜੈਪੁਰ ਰਿਆਸਤ ਦੀ ਚੇਤ ਸੁਦੀ 1 [ਸੰਮਤ 1825] ਨੂੰ ਹੋਈ ਲੜਾਈ ਸਬੰਧੀ ਲਿਖਿਆ ਗਿਆ ਹੈ। ਇਸ ਖਤ ਵਿਚ ਸੰਮਤ 1824 ਲਿਖਿਆ ਗਿਆ ਹੈ ਜਦਕਿ ਇਹ ਘਟਨਾ ਹੋਰਨਾ ਸਰੋਤਾਂ ਵਿਚ ਵੇਖਣ 'ਤੇ ਚੇਤ ਸੁਦੀ 1 ਸੰਮਤ 1825 ਹੋਈ ਮੰਨੀ ਜਾਂਦੀ ਹੈ।[51] ਇਹ ਖ਼ਤ ਇਕ ਵਹੀ-ਨੁਮਾ ਕਾਗਜ਼ ਉੱਤੇ ਲਿਖਿਆ ਗਿਆ ਹੈ। ਕਾਗਜ਼ ਮਟਮੈਲੇ ਰੰਗ ਦਾ ਹੋਣ ਤੇ ਰੰਗ ਬਦਲ ਜਾਣ ਕਰਕੇ ਖਤ ਪੜ੍ਹਣ ਵਿਚ ਮੁਸ਼ਕਿਲ

---

[50] **ਖਾਤੂਤ ਅਹਿਲਕਾਰਨ ਰਾਜਸਥਾਨੀ** ਬੰਡਲ ਨੰਬਰ 2, ਨੰਬਰ 375/362.

[51] ਓਪੇਂਦਰ ਨਾਥ ਸ਼ਰਮਾ, ਉਕਤ, ਪੰਨੇ 143-144.

ਆਉਂਦੀ ਹੈ। ਲਿਖਾਈ ਪੜ੍ਹਨਜਯੋਗ ਹੈ, ਲਿਖਣ ਦੀ ਵਿਧੀ ਵਹੀਆਂ ਦੀ ਲਿਖਣ ਸ਼ੈਲੀ ਨਾਲ ਮਿਲਦੀ ਹੈ।

॥ ਸ਼੍ਰੀ ਰਾਮ ਜੀ॥

ਸਿਧਿ ਸ਼੍ਰੀ ਸੀਤਾ ਰਾਮ ਜੀ ਸਹਾਈ ਹਨ

ਸ਼੍ਰੀ ਸੰਤਨਾਥ ਜੀ

ਸਿਧਿ ਸ਼੍ਰੀ ਸਵਾਈ ਜੈਪੁਰ ਸ਼ੁਭ ਸਥਾਨ ਦੇ ਸਰਬ ਉਪਮਾ ਬਿਰਾਜਮਾਨ ਸੰਗਹੀ ਜੀ ਸਾਹਿਬ ਸ਼੍ਰੀ ਜੀਵ ਰਾਜ ਜੀ, ਕੰਵਰ ਜੀ ਮੋਹਨ ਰਾਮ ਜੀ ਜੋਗ। ਲਿਖਤੁਮ ਪਾਵਟਾ ਤੋਂ ਨਾਥੂ ਰਾਮ ਵੱਲੋਂ ਨਮਸਕਾਰ ਸਲਾਮ ਪ੍ਰਵਾਨ ਕਰਨੀ ਜੀ। ਇੱਥੋਂ ਦਾ ਸਮਾਚਾਰ ਆਪ ਜੀ ਦੀ ਨਜਰ ਕਰਕੇ ਭਲਾ ਹੈ। ਆਪ ਦੀ ਘੜੀ-ਘੜੀ, ਪਲ-ਪਲ ਦੀ ਸਦਾ ਅਰੋਗਤਾ ਦੀ ਕਾਮਨਾ ਕਰਦਾ ਹਾਂ ਜੀ। ਉਪਰੰਤ ਸਾਹਿਬ ਜਾਟਾਂ ਦੀ ਫੌਜ ਨੇ ਖੋਹਰੀ ਦੀ ਗੜ੍ਹੀ 'ਤੇ ਰਤਨ ਸਿੰਘ (ਜਾਟ) ਤੇ ਸਮਰੂ ਫਿਰੰਗੀ ਨੇ 15000 ਪੈਦਲ ਤੇ ਘੋੜ ਸਵਾਰ ਫੌਜ ਨਾਲ ਚੇਤ ਸੁਦੀ 1 ਨੂੰ ਤੜ੍ਹਕੇ ਹੀ ਆਣ ਹੱਲਾ ਕੀਤਾ ਤੇ ਚਾਰੇ ਪਾਸੇ ਤੋਪਾਂ ਬੀੜ ਕੇ ਗੜ੍ਹੀ 'ਤੇ ਹਮਲਾ ਕੀਤਾ। ਦਿਨ ਦੇ 4 ਪਹਿਰ ਅਤੇ ਰਾਤ ਦਾ 1 ਪਹਿਰ ਲੜਾਈ ਹੁੰਦੀ ਰਹੀ। ਦਰਬਾਰ (ਜੈਪੁਰ) ਦੀ ਫੌਜ ਅੱਗੋਂ ਢਿੱਲੀ ਨਾ ਪਈ ਸੋ ਰਾਤ ਨੂੰ ਵਾਪਸ ਚਲੇ ਗਏ ਤੇ 10 ਕੁ ਆਦਮੀ (ਜੈਪੁਰ ਦੇ) ਮਾਰੇ ਗਏ। ਗੜ੍ਹੀ ਵਿਚਲਾ ਪੂਰਾ ਪ੍ਰਬੰਧ (ਜੈਪੁਰ ਦਾ) ਕਾਇਮ ਰਿਹਾ ਤੇ ਸਿੱਖਾਂ ਦੀ ਫੌਜ ਦੱਖਣੀਆਂ (ਮਰਾਠਿਆਂ) ਵੱਲ ਕਿਤੇ ਦੌੜ ਗਈ ਜੋ ਮਾਲ ਡੰਗਰ ਵੀ ਲੈ ਗਏ। ਰਤਨ ਸਿੰਘ ਜਾਟ ਨੇ ਸਰੂਪ ਸਿੰਘ ਨਰੂਕਾ ਨਾਲ ਆਣ ਮੱਥਾ ਲਾਉਣ ਦੀ ਖਬਰ ਹੈ। ਇੱਥੇ ਕਿਲ੍ਹਾ ਤਾਂ ਚੰਗਾ ਮਜਬੂਤ ਬਣਿਆ ਹੈ। ਇੱਥੇ 1500 ਆਦਮੀ ਮੌਕੇ 'ਤੇ ਤਿਆਰ ਬਰ ਤਿਆਰ ਹਨ ਅਤੇ ਲੋੜ ਪੈਣ 'ਤੇ ਬੁਲਾਇਆਂ 3-4 ਹਜਾਰ ਹੋਰ ਸ਼ਾਮਲ ਹੋ ਜਾਣਗੇ। ਹੋਰ ਸਾਹਿਬ ਜਾਟਾਂ ਦੀ ਫੌਜ ਵਿਚ 8 ਹਜਾਰ ਆਦਮੀ ਤਿਆਰ ਬਰ ਤਿਆਰ ਹਾਲੀਣੇ ਆਣ ਇਕੱਠੇ ਹੋਣ ਦੀ ਖਬਰ ਹੈ। ਸੋ ਇਹ ਖਬਰ ਹੈ, ਜੋ ਇੱਥੇ ਆਉਣਗੇ, ਹਾਲੀਣਾ ਇਥੋਂ 8 ਕੋਹ ਹੈ। ਸਾਹਿਬ ਇੱਥੇ ਜਾਲਮ ਸਿੰਘ ਜੀ, ਰਾਜ ਸਿੰਘ ਜੀ ਦਾ ਚਾਚਾ ਹੈ। ਪਰਗਨੇ ਵਿਚ ਭਾਜੜ ਪਈ ਹੋਈ ਹੈ। ਹੋਰ ਸਮਾਚਾਰ ਜੋ ਹੋਣਗੇ ਪਿੱਛੋਂ ਲਿਖਾਂਗਾ ਜੀ। ਇੱਥੇ ਤਾਂ ਮਜਬੂਤੀ ਹੈ। ਮਿਤੀ ਚੇਤ ਸੁਦੀ 6 ਸੰਮਤ 1824 [1825]

ਸ਼੍ਰੀ ਰਾਮ ਰਾਮ

ਸ਼੍ਰੀ...ਜੀ

ਸ਼੍ਰੀ ਗੋਵਰਧਨ ਨਾਥ ਜੀ

ਸਹਾਈ ਹੋਣ

### 3.1.5. ਖਾਤੂਤ ਅਹਿਲਕਾਰਾਨ ਮਿਤੀ-ਹੀਨ[52]

**ਖਤ ਸਬੰਧੀ ਸੰਖੇਪ ਜਾਣਕਾਰੀ**: ਇਸ ਖਤ ਦੇ ਲੇਖਕ, ਲਿਖਣ ਸਥਾਨ ਅਤੇ ਮਿਤੀ ਆਦਿ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਪਰ ਖਤ ਵਿਚ ਆਏ ਵੇਰਵਿਆਂ ਤੋਂ ਲੱਗਦਾ ਹੈ ਕਿ ਇਹ ਸੰਮਤ 1825 ਦੇ ਚੇਤ ਮਹੀਨੇ ਵਿਚ ਲਿਖਿਆ ਗਿਆ ਹੋਵੇਗਾ ਕਿਉਂਕਿ ਇਸ ਅਧਿਆਇ ਵਿਚਲੇ ਸਿਰਲੇਖ ਅਰਜ਼ਦਾਸ਼ਤ/ਵਕੀਲ ਰਿਪੋਰਟ ਵਿਚ ਮਰਾਠਾ ਵਕੀਲ ਵੱਲੋਂ ਵੈਸਾਖ ਸੁਦੀ 9 ਸੰਮਤ 1825 ਨੂੰ ਲਿਖੇ ਪੱਤਰ ਵਿਚ ਜੈਪੁਰ ਰਿਆਸਤ ਦੇ ਵਕੀਲ ਮੁਨਸ਼ੀ ਰਾਮ ਕਿਸ਼ਨ ਦੁਆਰਾ ਸਿੱਖਾਂ ਨੂੰ ਦੋ ਲੱਖ ਰੁ. ਦੀ ਹੁੰਡੀ ਦੇਣ ਦਾ ਹਵਾਲਾ ਮਿਲਦਾ ਹੈ ਤੇ ਸਿੱਖ ਇਸ ਸਮੇਂ ਪੰਜਾਬ ਤੋਂ ਵੈਸਾਖੀ ਮਨਾਉਣ ਪਿੱਛੋਂ ਦਿੱਲੀ ਦੇ ਪੂਰਬ ਵੱਲ ਚਲੇ ਗਏ ਸਨ ਤੇ ਰਾਜਪੂਤਾਨੇ ਨਹੀਂ ਗਏ ਸਨ। ਸੋ ਇਨ੍ਹਾਂ ਦੋਵਾਂ ਪੱਤਰਾਂ ਵਿਚਲੇ ਵੇਰਵਿਆਂ ਨੂੰ ਮਿਲਾਉਣ ਤੋਂ ਇਸ ਖਤ ਦਾ ਸਮਾਂ ਸੰਮਤ 1825 ਦੇ ਚੇਤ ਮਹੀਨੇ ਦਾ ਹੀ ਲੱਗਦਾ ਹੈ। ਇਹ ਖਤ ਇਕ ਹੀ ਪੰਨੇ ਦਾ ਹੈ। ਖਤ ਵਿਚਲੀ ਲਿਖਾਈ ਬਹੁਤ ਉੱਘੜ-ਦੁਘੜੀ ਅਤੇ ਅਸਪਸ਼ਟ ਹੈ। ਲਗਾਂ ਮਾਤਰਾਵਾਂ ਕਈ ਥਾਂਈ ਨਹੀਂ ਲਗਾਈਆਂ ਗਈਆਂ। ਖਤ ਦੇ ਕਾਗਜ਼ ਦੀ ਹਾਲਤ ਤਸੱਲੀ ਬਖਸ਼ ਹੈ। ਇਹ ਖਤ ਜੈਪੁਰ ਦੇ ਮਾਲ ਮਹਿਕਮੇ ਨਾਲ ਸਬੰਧਿਤ ਕਿਸੇ ਅਹਿਲਕਾਰ ਦਾ ਹੈ ਜੋ ਰਿਆਸਤ ਅਧੀਨ ਪ੍ਰਗਨਿਆਂ ਦੀ ਆਮਦਨੀ ਅਤੇ ਪੇਸ਼ਕਸ਼ੀ ਆਦਿ ਦਾ ਪ੍ਰਬੰਧ ਦੇਖਦਾ ਸੀ।

॥ ਸ਼੍ਰੀ ਰਾਮ ਜੀ

ਭੱਟ ਜੀ, ਰਾਵਤ ਜੀ ਨੇ ਅਰਜ਼ ਕੀਤੀ ਹੈ ਕਿ ਪਠਾਣ ਤਾਂ ਪਿੱਛਾ ਕਰ (ਮੁੜ ਗਏ) ਹਨ ਅਤੇ ਹੁਣ ਸਿੱਖਾਂ ਦਾ ਜ਼ੋਰ ਹੈ। (ਸਿੱਖ) ਵੈਸਾਖ ਦੇ ਮਹੀਨੇ ਸਾਰੇ (ਇਕੱਠੇ) ਹੋ ਕੇ (ਵਾਪਸ)

[52] **ਮਰਾਠੋਂ ਸੇ ਸਬੰਧਿਤ ਅਭਿਲੇਖ**, ਬੰਡਲ ਨੰਬਰ 1, ਨੰਬਰ 56.

ਆਉਣਗੇ। ਇਸ ਲਈ ਇਨ੍ਹਾਂ (ਸਿੱਖਾਂ) ਨਾਲ ਰਜ਼ਾਮੰਦੀ ਕਰਨੀ ਜ਼ਰੂਰੀ ਹੈ। ਇੱਕ ਲੱਖ ਰੁਪਏ ਵਿਚੋਂ ਚਾਲੀ ਹਜ਼ਾਰ ਤਾਂ ਪਹਿਲਾਂ ਚਲਾ ਗਿਆ ਹੈ। ਸੱਠ ਹਜ਼ਾਰ ਬਾਕੀ ਰਹਿ ਗਿਆ ਹੈ ਅਤੇ ਅੱਗੇ ਤੋਂ ਇੱਕ ਤਨਖ਼ਾਹ ਵਿਚ ਪਰਗਨਾ (ਵਸੂਲੀ ਤੋਂ) ਨਿਕਲੇਗਾ। ਇਸ ਲਈ ਆਪਣੀ ਸਿੱਖਾਂ ਨਾਲ ਰਜ਼ਾਮੰਦੀ ਹੋ ਜਾਵੇ ਤਾਂ ਚੰਗਾ ਹੈ ਤੇ ਸਿੱਖਾਂ ਨੇ ਰਾਜ (ਜੈਪੁਰ ਰਿਆਸਤ) ਉੱਪਰ ਅਹਿਸਾਨ ਵੀ ਕੀਤਾ ਹੈ, ਆਖ਼ਰ ਕਾਰ ਭਲਾ ਕੀਤਾ ਹੈ। ਜੇਕਰ ਸੱਠ ਹਜ਼ਾਰ ਦੇ ਤਿੰਨ ਉਪਾਅ (ਢੰਗ) ਵੀ ਦੱਸਦਾ ਹਾਂ, ਮਰਜ਼ੀ ਵਿਚ ਆਵੇ (ਚੰਗਾ ਲੱਗੇ) ਤਾਂ ਤਿੰਨੇ ਹੀ ਕਰ ਲੈਣਾ, ਨਹੀਂ ਤਾਂ ਇਕ ਕਰ ਲੈਣਾ, ਰੁਪਏ ਇਸ ਵਾਰ ਹੀ ਜਮ੍ਹਾ ਹੋ ਜਾਣਗੇ, ਤਿੰਨ ਉਪਾਵਾਂ (ਤਰੀਕਿਆਂ) ਦੀ ਤਰਤੀਬ:

ਪਰਗਨਾ ਕਾਮ੍ਹਾਂ ਨੇ ਤਾਂ ਇਸ ਵਾਰ ਨਹੀਂ ਦੇਣੇ। ਕਾਮ੍ਹਾ ਦਾ ਰਾਜਾ ਹਰੀ ਸਿੰਘ ਜੀ ਨੇ ਨਹੀਂ ਦੇਣੇ, ਡੇਢ ਲੱਖ ਰੁਪਏ ਦੇਣੇ ਹਨ ਜਿਨ੍ਹਾਂ ਵਿਚੋਂ ਅੱਧੇ ਹੁਣ ਦੇਣੇ ਹਨ ਤੇ ਅੱਧੇ ਕਿਸ਼ਤ ਵਿਚ ਦੇਣੇ ਹਨ ਜੇਕਰ ਜਾਮਨੀ ਦੇ ਕੇ ਜੋੜ ਵਿਚੋਂ (ਕਿਸ਼ਤ ਲਈ) ਛੁਡਾਵੇ ਤਾਂ ਛੱਡ ਦੇਣੇ।

ਇਹ ਪੇਸ਼ਕਸ਼ੀ ਲੈਣੀ: (ਠਾਕੁਰ) ਦਲੇਲ ਸਿੰਘ ਚਤੁਰਭੁਜੋਤ ਮਰ ਗਿਆ ਹੈ, (ਉਸ ਦਾ ਵਾਰਿਸ) ਇਸ ਦੀ ਜਾਗੀਰ ਦੀ ਪੇਸ਼ਕਸ਼ੀ ਦੇ ਪੰਜਾਹ ਹਜ਼ਾਰ ਰੁਪਏ ਦੇਵੇਗਾ, ਜੇਕਰ ਘਣੀ (ਵੱਡੀ ਮੁਸੀਬਤ) ਤੋਂ ਡਰੇਗਾ ਤਾਂ ਉਹ ਦੋ ਨਹੀਂ (ਸਗੋਂ) ਹੋਰ ਦੇਵੇਗਾ।

ਘੋੜੇ ਜ਼ਿਆਦਾ ਅਨੂਪ ਸਿੰਘ ਤੋਂ ਹੀ ਲੈਣੇ। ਪਚੇਵਰ (ਖੰਗਰੋਤ ਖਾਂਪ ਦੇ ਠਾਕੁਰਾਂ ਦਾ ਟਿਕਾਣਾ) ਰਤਨ ਸਿੰਘ ਖੰਗਰੋਤ ਦਾ ਬੇਟਾ ਨਾ ਦੇਵੇ ਤਾਂ ਸੱਠ ਹਜ਼ਾਰ ਰੁਪਏ ਲੈ ਲੈਣੇ ਅਤੇ ਅਨੂਪ ਸਿੰਘ ਕਬੂਲ ਕਰ ਲਵੇ ਤਾਂ ਉਸ ਕੋਲੋਂ ਨਾ ਲੈਣਾ। ਔਰ ਰਾਮ ਕਿਸ਼ਨ ਵੱਲ ਦੋ ਲੱਖ ਰੁ. ਪਹੁੰਚਾਅ ਦੇਣੇ। ਸਿੱਖਾਂ ਦੇ ਵਕੀਲ ਨਾਲ ਠਹਿਰਾਇ (ਦੇਣੇ ਤੈਅ ਕੀਤੇ ਸਨ) ਉਹ (ਮੁਨਸ਼ੀ ਰਾਮ ਕਿਸ਼ਨ ਨੇ) ਲੈਣੇ ਹਨ। ਇਸ ਦਾ ਜਵਾਬ ਇਸ ਦੀ ਪੁੱਠਲ ਵਹੀ ਵਿਚ (ਹੈ) ਸੋ ਭੱਟ ਜੀ, ਰਾਵਤ ਜੀ ਲਿਖ ਲਿਆ। 6।

## 3.2. ਖਾਤੂਤ ਅਹਿਲਕਾਰਾਨ ਵਿਚ ਸਿੱਖਾਂ ਸਬੰਧੀ ਆਈ ਜਾਣਕਾਰੀ ਦਾ ਵਿਸ਼ਲੇਸ਼ਣ:

ਭੂਤਪੂਰਵ ਜੈਪੁਰ ਰਿਆਸਤ ਦੇ ਅਹਿਲਕਾਰਾਂ ਦੁਆਰਾ ਆਪਸ ਵਿਚ ਸੰਪਰਕ ਸਥਾਪਿਤ ਕਰਨ ਲਈ ਇਕ ਦੂਜੇ ਨਾਲ ਕੀਤੇ ਜਾਂਦੇ ਚਿੱਠੀ-ਪੱਤਰਾਂ ਨੂੰ 'ਖਾਤੂਤ

ਅਹਿਲਕਾਰਾਨ' ਦਾ ਨਾਮ ਦਿੱਤਾ ਜਾਂਦਾ ਸੀ। ਇਨ੍ਹਾਂ ਖਤਾਂ ਵਿਚੋਂ ਕੁਝ ਵਿਚ ਸਿੱਖਾਂ ਦੀਆਂ ਰਾਜਪੂਤਾਨੇ ਦੇ ਇਲਾਕੇ ਵਿਚਲੀਆਂ ਗਤੀਵਿਧੀਆਂ ਦੇ ਵਿਵਰਣ ਵੀ ਮਿਲਦੇ ਹਨ, ਜਿਨ੍ਹਾਂ ਦਾ ਪੰਜਾਬੀ ਅਨੁਵਾਦ ਉੱਪਰ ਦਿੱਤਾ ਗਿਆ ਹੈ। ਇਨ੍ਹਾਂ ਖਤਾਂ ਵਿਚੋਂ ਸਿੱਖਾਂ ਸਬੰਧੀ ਕਈ ਤਰ੍ਹਾਂ ਦੀ ਇਤਿਹਾਸਕ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਸ ਦਾ ਵਿਸ਼ਲੇਸ਼ਣ ਨਿਮਨ ਲਿਖਤ ਅਨੁਸਾਰ ਹੈ।

ਜੈਪੁਰ ਰਿਆਸਤ ਦੇ ਪ੍ਰਗਨੇ ਕਾਮਾ ਦੇ ਠਾਕੁਰ ਰਾਜਾ ਹਰੀ ਸਿੰਘ ਦੇ ਨਾਮ ਕਿਸੇ ਅਗਿਆਤ ਅਹਿਲਕਾਰ ਵੱਲੋਂ ਫੱਗਣ ਸੁਦੀ 4 ਸੰਮਤ 1824 ਨੂੰ ਲਿਖੇ ਗਏ ਖ਼ਤ ਵਿਚੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਸਿੱਖ ਮਿਸਲਾਂ ਜਮਨਾ ਨਦੀ ਪਾਰ ਕਰਕੇ ਜਾਟ ਰਾਜਾ ਜਵਾਹਰ ਸਿੰਘ ਦੀ ਮਦਦ ਲਈ ਆ ਰਹੀਆਂ ਸਨ। ਇਸ ਸਮੇਂ ਜੈਪੁਰ ਤੇ ਭਰਤਪੁਰ ਦੀ ਆਪਸੀ ਲੜ੍ਹਾਈ ਵਿਚ ਜਵਾਹਰ ਸਿੰਘ ਨੇ ਸਿੱਖਾਂ ਦੀ ਮਦਦ ਹਾਸਲ ਕੀਤੀ ਸੀ।

ਚੇਤ ਵਦੀ 4 ਸੰਮਤ 1824 ਨੂੰ ਜੈਪੁਰ ਰਿਆਸਤ ਦੇ ਕਸਬਾ ਰਾਜਪੁਰ ਤੋਂ ਰਿਆਸਤ ਦੇ ਅਹਿਲਕਾਰ ਸੰਗਹੀ ਦੇਵ ਚੰਦ ਵੱਲੋਂ ਜੈਪੁਰ ਨਿਵਾਸੀ ਅਹਿਲਕਾਰ ਰਾਇ ਚੰਦ ਨੂੰ ਲਿਖੇ ਗਏ ਖਤ ਵਿਚ ਵੀ ਸਿੱਖਾਂ ਅਤੇ ਭਰਤਪੁਰ ਰਿਆਸਤ ਦੀਆਂ ਸਾਂਝੀਆਂ ਫੌਜਾਂ ਦੁਆਰਾ ਜੈਪੁਰ ਰਿਆਸਤ ਦੇ ਇਲਾਕੇ ਵਿਚ ਬਖੇੜਾ ਖੜ੍ਹਾ ਕਰਨ ਦਾ ਜ਼ਿਕਰ ਮਿਲਦਾ ਹੈ। ਇਸ ਖਤ ਵਿਚਲੇ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਜੈਪੁਰ ਅਤੇ ਭਰਤਪੁਰ ਰਿਆਸਤਾਂ ਦੇ ਸੀਮਾਂ ਵਰਤੀ ਇਲਾਕਿਆਂ ਵਿਚ ਕਿੰਨ੍ਹੀ ਦਹਿਸ਼ਤ ਸੀ ਅਤੇ ਲੋਕ ਆਪਣੇ ਪਰਿਵਾਰਾਂ ਨੂੰ ਰਿਆਸਤ ਵਿਚ ਦੂਸਰੇ ਸੁਰੱਖਿਅਤ ਥਾਵਾਂ 'ਤੇ ਭੇਜ ਰਹੇ ਸਨ।

ਤੀਸਰਾ ਖ਼ਤ ਜੋ ਜੈਪੁਰ ਰਿਆਸਤ ਦੇ ਰਾਜਗੜ੍ਹ ਕਸਬੇ ਵਿਚਲੇ ਰਿਆਸਤ ਦੇ ਫੌਜੀ ਕੈਂਪ ਤੋਂ ਰਾਮ ਨਰਾਇਣ ਨਾਮ ਦੇ ਅਹਿਲਕਾਰ ਦੁਆਰਾ ਰਿਆਸਤ ਦੇ ਅਹਿਲਕਾਰ ਬੋਹਰਾ ਗੋਬਿੰਦ ਰਾਮ ਨੂੰ ਚੇਤ ਵਦੀ 8 ਸੰਮਤ 1824 ਨੂੰ ਲਿਖਿਆ ਗਿਆ, ਵਿਚਲੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਇਸ ਸਮੇਂ ਸਿੱਖ ਸਰਦਾਰਾਂ ਅਤੇ ਜੈਪੁਰ ਰਿਆਸਤ ਦਰਮਿਆਨ ਸਮਝੌਤੇ ਦੀ ਕੋਈ ਗੱਲ-ਬਾਤ ਤੈਅ ਹੋ ਚੁੱਕੀ ਸੀ ਜੋ ਜੈਪੁਰ ਦੇ ਸਵਰਗਵਾਸੀ ਮਹਾਰਾਜਾ ਸਵਾਈ ਮਾਧੋ ਸਿੰਘ ਦੇ ਜਤਨਾਂ ਨਾਲ ਅੰਜਾਮ ਤੱਕ ਪਹੁੰਚਣ ਵਾਲੀ ਸੀ ਪਰ ਇਸੇ ਦੌਰਾਨ ਹੀ ਸਵਾਈ ਮਾਧੋ ਸਿੰਘ ਦੀ ਚੇਤ ਵਦੀ 3 ਸੰਮਤ 1825 ਨੂੰ ਮੌਤ ਹੋ ਗਈ ਸੀ। ਇਸ ਖ਼ਤ ਵਿਚ ਸਮੂਹ ਸਿੱਖ ਸਰਦਾਰਾਂ

ਵੱਲੋਂ ਇਕ ਖ਼ਤ ਜੈਪੁਰ ਰਿਆਸਤ ਦੇ ਬਖਸ਼ੀ ਰਾਜ ਸਿੰਘ ਵੱਲ ਸਵਰਗਵਾਸੀ ਮਹਾਰਾਜੇ ਦੀ ਮੌਤ ਦੇ ਅਫ਼ਸੋਸ ਸਬੰਧੀ ਆਉਣ ਦਾ ਹਵਾਲਾ ਵੀ ਮਿਲਦਾ ਹੈ। ਇਸ ਖ਼ਤ ਵਿਚ ਸਿੱਖਾਂ ਦੁਆਰਾ ਮਹਾਰਾਜੇ ਦੀ ਮੌਤ 'ਤੇ ਚਿੰਤਾ ਵਿਅਕਤ ਕਰਨ ਅਤੇ ਪਰਮਾਤਮਾ ਦੇ ਹੁਕਮ ਨੂੰ ਅਟੱਲ ਮੰਨਣ ਦਾ ਜ਼ਿਕਰ ਵੀ ਕੀਤਾ ਗਿਆ ਹੈ। ਸਿੱਖਾਂ ਨੇ ਬਖਸ਼ੀ ਰਾਜ ਸਿੰਘ ਨੂੰ ਇਹ ਕਿਹਾ ਕਿ ਮਹਾਰਾਜਾ ਹਿੰਦੋਸਤਾਨ ਦੀ ਅਗਲੀ ਕਤਾਰ ਦੇ ਰਾਜਿਆਂ ਵਿਚ ਆਗੂ ਰਾਜਾ ਸੀ। ਇਸ ਸਮੇਂ ਸਿੱਖਾਂ ਨੇ ਬਖਸ਼ੀ ਨੂੰ ਆਪਣੇ ਵੱਲੋਂ ਧੀਰਜ ਦਿੰਦਿਆਂ ਜੈਪੁਰ ਰਿਆਸਤ ਨਾਲ ਪਹਿਲਾਂ ਤੈਅ ਹੋਈ ਗੱਲ-ਬਾਤ ਅਨੁਸਾਰ ਅੱਗੇ ਤੋਂ ਅਮਲ ਕਰਨ ਦਾ ਯਕੀਨ ਦਿਵਾਇਆ। ਪੱਤਰ ਵਿਚ ਸਿੱਖ ਸਰਦਾਰਾਂ ਵੱਲੋਂ ਬਖਸ਼ੀ ਰਾਜ ਸਿੰਘ ਨੂੰ ਰਿਆਸਤ ਵੱਲੋਂ ਸਿੱਖਾਂ ਦੀ 'ਜਮਾ-ਖਾਤਰੀ' ਰੱਖਣ ਬਾਰੇ ਕਹਿਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਜੈਪੁਰ ਰਿਆਸਤ ਵੱਲੋਂ ਸਿੱਖਾਂ ਨੂੰ ਭਰਤਪੁਰ ਰਿਆਸਤ ਦੀ ਜੈਪੁਰ ਰਿਆਸਤ ਖ਼ਿਲਾਫ ਮਦਦ ਨਾ ਕਰਨ ਬਦਲੇ ਮੋਟੀ ਰਕਮ ਦੇਣੀ ਤੈਅ ਹੋਈ ਸੀ ਜਿਸ ਦੀ ਪੁਸ਼ਟੀ ਮਰਾਠਾ ਵਕੀਲ ਗੰਗਾਧਰ ਵੱਲੋਂ ਮਰਾਠਾ ਜਰਨੈਲ ਰਘੂਨਾਥ ਰਾਉ ਨੂੰ ਲਿਖੀਆਂ ਰਿਪੋਰਟਾਂ ਤੋਂ ਵੀ ਹੁੰਦੀ ਹੈ। ਸੰਭਵ ਹੈ ਕਿ ਸਿੱਖ ਸਰਦਾਰਾਂ ਦੁਆਰਾ 'ਜਮਾ-ਖਾਤਰੀ ਰੱਖਣਾ' ਸ਼ਬਦ ਇਸੇ ਸੰਦਰਭ ਵਿਚ ਭਾਵ ਨਿਸ਼ਚਿੰਤ ਰਹਿਣ ਦਾ ਵਿਸ਼ਵਾਸ਼ ਦਿਵਾਇਆ ਗਿਆ ਸੀ।

ਜੈਪੁਰ ਰਿਆਸਤ ਦੇ ਕਸਬਾ ਪਾਂਵਟਾ ਤੋਂ ਨਾਥੂ ਰਾਮ ਵੱਲੋਂ ਜੈਪੁਰ ਨਿਵਾਸੀ ਸੰਗਹੀ ਜੀਵ ਰਾਜ ਅਤੇ ਕੰਵਰ ਮੋਹਨ ਰਾਮ ਵੱਲ ਚੇਤ ਸੁਦੀ 6 ਸੰਮਤ 1825 ਨੂੰ ਲਿਖੇ ਖਤ ਵਿਚ ਜ਼ਿਕਰ ਹੈ ਕਿ ਜਾਟਾਂ ਨੇ ਸਿੱਖ ਫੌਜ਼ ਦੀ ਮਦਦ ਨਾਲ ਚੇਤ ਸੁਦੀ 1 ਸੰਮਤ 1825 ਨੂੰ ਸਵੇਰੇ ਤੜ੍ਹਕੇ ਹੀ ਜਾਟ ਰਾਵ ਰਤਨ ਸਿੰਘ ਅਤੇ ਫਰਾਂਸੀਸੀ ਜਰਨੈਲ ਸਮਰੂ ਫਿਰੰਗੀ ਦੀ ਕਮਾਂਡ ਵਿਚ ਖੋਹਰੀ ਦੀ ਗੜ੍ਹੀ 'ਤੇ ਹਮਲਾ ਕਰ ਦਿੱਤਾ ਸੀ। ਇਸ ਸਮੇਂ ਦੁਸ਼ਮਣ ਫੌਜ਼ ਦੀ ਗਿਣਤੀ 15 ਹਜ਼ਾਰ ਦੇ ਕਰੀਬ ਸੀ। ਉਨ੍ਹਾਂ ਨੇ ਗੜ੍ਹੀ ਦੇ ਚੁਫੇਰੇ ਤੋਪਾਂ ਬੀੜ ਕੇ ਹਮਲਾ ਕੀਤਾ। ਇਹ ਲੜਾਈ ਸਾਰਾ ਦਿਨ ਅਤੇ ਰਾਤ ਦੇ 1 ਪਹਿਰ ਤੱਕ ਚੱਲਦੀ ਰਹੀ ਅਤੇ ਬਿਨਾਂ ਕਿਸੇ ਨਤੀਜੇ ਜਾਟ ਅਤੇ ਸਿੱਖ ਫੌਜ਼ਾਂ ਰਾਤ ਨੂੰ ਗੜ੍ਹੀ ਤੋਂ ਘੇਰਾ ਚੁੱਕ ਕੇ ਵਾਪਸ ਮੁੜ ਗਈਆਂ। ਸਿੱਖਾਂ ਦੀ ਫੌਜ ਦੱਖਣ ਵੱਲ ਚਲੀ ਗਈ ਤੇ ਜਾਂਦੇ ਸਮੇਂ ਸਿੱਖ ਜੈਪੁਰ ਦੇ ਇਲਾਕੇ ਵਿਚੋਂ ਮਾਲ-ਡੰਗਰ ਵੀ ਖੋਹ ਕੇ ਲੈ ਗਏ।

ਮਿਤੀਹੀਨ ਅਤੇ ਅਗਿਆਤ ਵਿਅਕਤੀ ਵੱਲੋਂ ਲਿਖ਼ਤ ਖ਼ਤ 3.1.4 ਵਿਚੋਂ ਉੱਤਰੀ ਰਾਜਸਥਾਨ ਦੀਆਂ ਰਿਆਸਤਾਂ ਜੈਪੁਰ ਅਤੇ ਭਰਤਪੁਰ ਦੇ ਇਲਾਕਿਆਂ ਵਿਚ ਸਿੱਖਾਂ ਦੀਆਂ ਸੈਨਿਕ ਅਤੇ ਰਾਜਨੀਤਿਕ ਗਤੀਵਿਧੀਆਂ ਦਾ ਪਤਾ ਚੱਲਦਾ ਹੈ। ਭਾਂਵੇ ਇਸ ਖ਼ਤ ਵਿਚ ਲਿਖਣ ਮਿਤੀ ਦਰਜ਼ ਨਹੀਂ ਕੀਤੀ ਗਈ ਪਰ ਹੋਰਨਾਂ ਰਾਜਸਥਾਨੀ ਸਰੋਤਾਂ ਵਿਚਲੇ ਹਵਾਲਿਆਂ ਤੋਂ ਇਸ ਦਾ ਸਮਾਂ ਸੰਮਤ 1825 ਦੇ ਚੇਤ ਮਹੀਨੇ (ਅਪ੍ਰੈਲ 1768 ਈ.) ਦਾ ਲੱਗਦਾ ਹੈ। ਇਹ ਉਹ ਸਮਾਂ ਸੀ ਜਦੋਂ ਸਿੱਖ ਭਰਤਪੁਰ ਦੇ ਰਾਜਾ ਜਵਾਹਰ ਸਿੰਘ ਦੀ ਜੈਪੁਰ ਰਿਆਸਤ ਵਿਰੁੱਧ ਲੜਾਈ ਵਿਚ ਮਦਦ ਕਰਨ ਗਏ ਸਨ ਅਤੇ ਜੈਪੁਰ ਰਿਆਸਤ ਵੱਲੋਂ ਇਸ ਬਿਪਤਾ ਸਮੇਂ ਸਿੱਖਾਂ ਨੂੰ ਭਰਤਪੁਰ ਰਿਆਸਤ ਦੀ ਮਦਦ ਨਾ ਕਰਨ ਲਈ ਮਨਾ ਲਿਆ ਗਿਆ ਸੀ। ਇਸ ਸਮੇਂ ਜੈਪੁਰ ਰਿਆਸਤ ਦੇ ਵਕੀਲ ਮੁਨਸ਼ੀ ਰਾਮ ਕ੍ਰਿਸ਼ਨ ਵੱਲੋਂ ਸਿੱਖਾਂ ਦੇ ਵਕੀਲ ਨਾਲ ਦੋ ਲੱਖ ਰੁ. ਇਵਜ਼ਾਨਾ ਰਾਸ਼ੀ ਦੇਣ ਦਾ ਸਮਝੌਤਾ ਹੋਇਆ ਸੀ। ਇਹ ਦੋ ਲੱਖ ਰੁ. ਸਿੱਖਾਂ ਦੇ ਵਕੀਲ ਨੂੰ ਮੁਨਸ਼ੀ ਰਾਮ ਕਿਸ਼ਨ ਰਾਹੀਂ ਦੇਣ ਦਾ ਜ਼ਿਕਰ ਇਸ ਖ਼ਤ ਵਿਚ ਮਿਲਦਾ ਹੈ ਜਿਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਿੱਖਾਂ ਦੇ ਵਕੀਲ ਨਾਲ ਇਵਜ਼ਾਨੇ ਦੀ ਤੈਅ ਰਾਸ਼ੀ ਦੀ ਰਕਮ ਤਤਕਾਲ ਨਹੀਂ ਦਿੱਤੀ ਗਈ ਸੀ ਸਗੋਂ ਬਾਅਦ ਵਿਚ ਸੰਮਤ 1825 ਦੇ ਵੈਸਾਖ ਮਹੀਨੇ ਵਿਚ ਦਿੱਤੀ ਗਈ ਸੀ। ਇਸ ਤੋਂ ਇਲਾਵਾ ਖ਼ਤ ਵਿਚ ਸਿੱਖਾਂ ਨੂੰ ਤਨਖ਼ਾਹ ਦੇ ਇਕ ਲੱਖ ਰੁਪਏ ਦੇਣ ਦਾ ਵੀ ਜ਼ਿਕਰ ਮਿਲਦਾ ਹੈ ਜਿਸ ਵਿਚ ਸਿੱਖਾਂ ਵੱਲ ਚਾਲੀ ਹਜ਼ਾਰ ਰੁਪਏ ਚਲੇ ਗਏ ਸਨ ਅਤੇ ਸੱਠ ਹਜ਼ਾਰ ਰੁ. ਬਾਕੀ ਰਹਿ ਗਏ ਸਨ। ਇਸ ਵੇਰਵੇ ਤੋਂ ਜਾਪਦਾ ਹੈ ਕਿ 18ਵੀਂ ਸਦੀ ਵਿਚ ਸੈਨਿਕ ਸਹਾਇਤਾ ਪ੍ਰਾਪਤ ਕਰਨ ਲਈ ਪ੍ਰਚੱਲਿਤ ਵਿਧੀ ਅਨੁਸਾਰ ਸੰਭਵ ਹੈ ਜੈਪੁਰ ਰਿਆਸਤ ਨੇ ਸਿੱਖਾਂ ਤੋਂ ਸੈਨਿਕ ਸਹਾਇਤਾ ਪ੍ਰਾਪਤ ਕਰਨ ਲਈ ਸਰਦਾਰਾਂ, ਘੋੜ-ਸਵਾਰਾਂ ਅਤੇ ਪੈਦਲ ਸੈਨਿਕਾਂ ਦੀ ਰੋਜ਼ਾਨਾ ਦੀ ਤਨਖ਼ਾਹ ਨਿਸ਼ਚਿਤ ਕੀਤੀ ਹੋਵੇ, ਕਿਉਂਕਿ ਇਸ ਅਧਿਆਇ ਵਿਚ ਚੇਤ ਵਦੀ 6 ਸੰਮਤ 1825 ਨੂੰ ਮਰਾਠਾ ਵਕੀਲ ਗੰਗਾਧਰ ਦੀ ਰਿਪੋਰਟ ਵਿਚ ਖੁਸ਼ਹਾਲ ਸਿੰਘ ਸਿੰਘਪੁਰੀਆ ਨੂੰ ਸਰਬੱਤ ਖ਼ਾਲਸਾ ਲਈ ਜੈਪੁਰ ਰਿਆਸਤ ਦੇ ਵਕੀਲ ਨਰਸਿੰਘ ਦਾਸ ਵੱਲੋਂ ਦਸ ਹਜ਼ਾਰ ਰੁਪਏ ਦੀ ਹੁੰਡੀ ਦੇਣ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਹੀ ਦਸਤੂਰ ਕੌਮਵਾਰ ਵਿਚ ਖੁਸ਼ਹਾਲ ਸਿੰਘ ਦੇ ਮੋਦੀ ਦੇ ਜੈਪੁਰ ਰਿਆਸਤ ਤੋਂ ਤਨਖ਼ਾਹ ਲੈਣ ਆਉਣ ਦਾ ਹਵਾਲਾ ਵੀ ਇਸ ਤੱਥ ਨੂੰ ਸਪੱਸ਼ਟ ਕਰਦਾ ਹੈ।

ਲੇਖਕ ਨੇ ਸਿੱਖਾਂ ਦਾ ਜ਼ੋਰ ਹੋਣ ਕਰਕੇ ਉਨ੍ਹਾਂ ਨਾਲ ਸਮਝੌਤਾ ਹੋ ਜਾਣ ਨੂੰ ਜੈਪੁਰ ਰਿਆਸਤ ਲਈ ਸ਼ੁਭ ਮੰਨਿਆ ਹੈ। ਇਸ ਤੋਂ ਇਲਾਵਾ ਸਿੱਖਾਂ ਦੁਆਰਾ ਔਖੇ ਸਮੇਂ ਜਦੋਂ ਕਿ ਜੈਪੁਰ ਰਿਆਸਤ ਵਿਰੁੱਧ ਰਾਜਾ ਜਵਾਹਰ ਸਿੰਘ ਦਾ ਪੂਰਾ ਜ਼ੋਰ ਸੀ ਉਸ ਸਮੇਂ ਜੈਪੁਰ ਰਿਆਸਤ ਨੂੰ ਜਾਟ ਸ਼ਾਸ਼ਕ ਦੀ ਮਾਰ ਤੋਂ ਬਚਾਉਣ ਨੂੰ ਖ਼ਤ ਲੇਖਕ ਨੇ ਸਿੱਖਾਂ ਦਾ ਅਹਿਸਾਨ ਸਵੀਕਾਰ ਕੀਤਾ ਹੈ। ਸੰਭਵ ਹੈ ਕਿ ਸੰਮਤ 1824-25 ਦੇ ਜੈਪੁਰ-ਭਰਤਪੁਰ ਵਿਚਕਾਰ ਲੜਾਈ ਵਿਚ ਸਿੱਖ ਸਰਦਾਰਾਂ ਨੇ ਦੋਹਾਂ ਦਰਮਿਆਨ ਸਮਝੌਤਾ ਕਰਾਉਣ ਵਿਚ ਭੂਮਿਕਾ ਨਿਭਾਈ ਹੋਵੇ। ਖ਼ਤ ਵਿਚਲੇ ਵੇਰਵੇ ਤੋਂ ਪਤਾ ਲੱਗਦਾ ਹੈ ਕਿ ਇਸ ਲੜਾਈ ਸਮੇਂ ਜੈਪੁਰ ਰਿਆਸਤ ਦੀ ਕੀ ਹਾਲਤ ਹੋਵੇਗੀ। ਇਸ ਖ਼ਤ ਵਿਚ ਸਿੱਖਾਂ ਦੇ ਪੰਜਾਬ ਵਿਚ ਵੈਸਾਖੀ ਮਨਾਉਣ ਆਏ ਹੋਣ ਦਾ ਇਸ਼ਾਰਾ ਵੀ ਮਿਲਦਾ ਹੈ। ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਸਿੱਖ ਵੈਸਾਖੀ ਆਦਿ ਧਾਰਮਿਕ-ਇਤਿਹਾਸਕ ਦਿਹਾੜਿਆਂ 'ਤੇ ਇਕੱਠੇ ਹੁੰਦੇ ਸਨ ਤੇ ਆਪਸੀ ਗਿਲ਼ੇ-ਸ਼ਿਕਵੇ ਦੂਰ ਕਰਕੇ ਬਾਹਰਲੀਆਂ ਜੰਗੀ-ਮੁਹਿੰਮਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਸਨ। ਇਸ ਤੋਂ ਸਿੱਖ ਮਿਸਲਾਂ ਦੇ ਆਪਸੀ ਸੰਪਰਕ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਆਦਿ ਬਾਰੇ ਜਾਣਕਾਰੀ ਮਿਲਦੀ ਹੈ। ਇਤਿਹਾਸਕ ਜੋੜ-ਮੇਲਿਆਂ ਜਿਵੇਂ ਹੋਲੇ-ਮਹੱਲੇ, ਵੈਸਾਖੀ ਅਤੇ ਦਿਵਾਲੀ ਆਦਿ ਸਮੇਂ ਹੁੰਦੀਆਂ ਸਿੱਖਾਂ ਇਕੱਤਰਤਾਵਾਂ ਨੂੰ ਉੱਤਰ-ਪੱਛਮੀ ਭਾਰਤ ਦੀਆਂ ਰਾਜਨੀਤਿਕ ਸ਼ਕਤੀਆਂ ਬੜੀ ਗਹੁ ਨਾਲ ਵਾਚਦੀਆਂ ਸਨ ਤੇ ਸਿੱਖਾਂ ਦੁਆਰਾ ਇਨ੍ਹਾਂ ਇਕੱਠਾਂ ਪਿੱਛੋਂ ਕੀਤੀਆਂ ਜਾਣ ਵਾਲੀਆਂ ਗਤੀ-ਵਿਧੀਆਂ ਦੀ ਸੂਚਨਾ ਪ੍ਰਾਪਤ ਕਰਨ ਲਈ ਬੇਚੈਨ ਰਹਿੰਦੀਆਂ ਸਨ। ਇਸ ਉਪਰੰਤ ਕੁਝ ਰਾਜਨੀਤਿਕ ਸ਼ਕਤੀਆਂ ਤਾਂ ਸਿੱਖਾਂ ਨੂੰ ਨਜ਼ਰਾਨੇ ਭੇਂਟ ਕਰਕੇ ਉਨ੍ਹਾਂ ਨਾਲ ਸਮਝੌਤੇ ਕਰਨ ਦੇ ਅਗਾਊਂ ਵਿਚਾਰ ਕਰਕੇ ਪ੍ਰਬੰਧ ਕਰ ਲੈਂਦੀਆਂ ਸਨ ਅਤੇ ਕੁਝ ਸਿੱਖਾਂ ਨਾਲ ਮੁਕਾਬਲਾ ਕਰਨ ਲਈ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੰਦੀਆਂ ਸਨ। ਮੁਸਲਮਾਨ ਰਾਜਨੀਤਿਕ ਸ਼ਕਤੀਆਂ ਜ਼ਿਆਦਾਤਰ ਸਿੱਖਾਂ ਨਾਲ ਲੜਾਈ ਦੇ ਰੌਂਅ ਵਿਚ ਹੁੰਦੀਆਂ ਸਨ ਤੇ ਉਨ੍ਹਾਂ ਵਿਚੋਂ ਕੁਝ ਛੋਟੇ ਤੇ ਕਮਜ਼ੋਰ ਸ਼ਾਸ਼ਕ ਸਿੱਖਾਂ ਨੂੰ ਨਜ਼ਰਾਨੇ ਦੇ ਕੇ ਸਿੱਖਾਂ ਨਾਲ ਸਮਝੌਤੇ ਜਾਂ ਸੁਲ੍ਹਾ ਕਰ ਲੈਂਦੇ ਸਨ।

ਸੋ ਇਸ ਖ਼ਤ ਵਿਚੋਂ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ 18ਵੀਂ ਸਦੀ ਦੇ ਔਖੇ ਦੌਰ ਵਿਚ ਸਿੱਖਾਂ ਨੇ ਸੈਨਿਕ ਸ਼ਕਤੀ ਨੂੰ ਵਧਾਉਣ ਤੇ ਆਪਣੀ ਰਾਜ-ਸਤਾ ਸਥਾਪਤੀ ਕਰਨ ਲਈ ਜ਼ਰੂਰੀ ਆਰਥਿਕ ਪੂੰਜੀ ਲਈ ਸੋਮੇ ਲੱਭ ਲਏ ਸਨ।

### 3.3. ਸਾਰ:

ਸੋ ਜੈਪੁਰ ਰਿਆਸਤ ਨਾਲ ਸਬੰਧਿਤ ਤਿੰਨਾਂ ਕਿਸਮਾਂ ਦੇ ਪੱਤਰਾਂ ਵਿਚੋਂ ਸਿੱਖਾਂ ਦੀਆਂ ਰਾਜਪੂਤਾਨੇ ਵੱਲ ਦੀਆਂ ਸੈਨਿਕ ਤੇ ਕੂਟਨੀਤਕ ਗਤੀਵਿਧੀਆਂ ਬਾਰੇ ਮਹੱਤਵਪੂਰਨ ਸਮਕਾਲੀਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਪੱਤਰਾਂ ਦੀ ਮਹੱਤਤਾ ਇਸ ਲਈ ਵੀ ਵਧ ਜਾਂਦੀ ਹੈ ਕਿ ਇਹ ਉਸ ਸਮੇਂ ਹੀ ਲਿਖੇ ਗਏ ਸਨ ਜਿਸ ਸਮੇਂ ਦੀ ਇਨ੍ਹਾਂ ਵਿਚ ਜਾਣਕਾਰੀ ਦਰਜ਼ ਹੈ। ਇਨ੍ਹਾਂ ਪੱਤਰਾਂ ਵਿਚ ਕਿਸੇ ਦਾ ਨਿੱਜੀ ਵਿਰੋਧ ਜਾਂ ਪੱਖਪਾਤੀ ਨਜ਼ਰੀਆ ਵੀ ਸਾਹਮਣੇ ਨਹੀਂ ਆਉਂਦਾ, ਸਗੋਂ ਇਹ ਸਮਕਾਲੀਨ ਪ੍ਰਸਥਿਤੀਆਂ ਦੀਆਂ ਹਕੀਕਤਾਂ ਨੂੰ ਨਿਰਪੱਖਤਾ ਸਹਿਤ ਬਿਆਨ ਕਰਦੇ ਹਨ। ਸਿੱਖਾਂ ਸਬੰਧੀ ਇਤਿਹਾਸਕ ਜਾਣਕਾਰੀ ਦੇ ਨਾਲ-ਨਾਲ ਇਨ੍ਹਾਂ ਪੱਤਰਾਂ ਵਿਚੋਂ ਸਿੱਖ ਧਰਮ ਦੇ ਸੰਸਥਾਗਤ, ਪ੍ਰੰਪਰਿਕ, ਸਿਧਾਂਤਕ ਅਤੇ ਵਿਵਹਾਰਕ ਪੱਖਾਂ ਬਾਰੇ ਵੀ ਮਹੱਤਵਪੂਰਨ ਹਵਾਲੇ ਮਿਲਦੇ ਹਨ। ਸਿੱਖਾਂ ਸਬੰਧੀ ਇਨ੍ਹਾਂ ਪੱਤਰਾਂ ਵਿਚ ਭਾਵੇਂ ਸੰਖੇਪ ਹਵਾਲੇ ਹੀ ਮਿਲਦੇ ਹਨ ਪਰ ਇਹ ਸੰਖੇਪ ਹੁੰਦੇ ਹੋਏ ਕਈ ਅਹਿਮ ਤੱਥਾਂ ਨੂੰ ਸਪੱਸ਼ਟ ਕਰਦੇ ਹੋਏ ਸਿੱਖ ਇਤਿਹਾਸ ਸਬੰਧੀ ਕਈ ਗੰਢਾਂ ਨੂੰ ਖੋਲ੍ਹਦੇ ਹੋਏ ਸਵਾਲੀਆ ਨਿਸ਼ਾਨਾਂ ਨੂੰ ਸਾਫ਼ ਕਰਦੇ ਹਨ। ਸੋ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ 18ਵੀਂ ਸਦੀ ਦੇ ਦੂਜੇ ਅੱਧ ਪਿੱਛੋਂ ਦੇ ਸਿੱਖ ਇਤਿਹਾਸ ਅਤੇ ਧਰਮ ਨੂੰ ਜਾਨਣ ਲਈ ਰਾਜਸਥਾਨੀ ਭਾਸ਼ਾ ਦੇ ਇਹ ਖ਼ਤ ਅਹਿਮ ਸਰੋਤ ਵਜੋਂ ਬੜੇ ਮੁੱਲਵਾਨ ਹਨ।

##########

# ਅਧਿਆਇ-4

# ਰਾਜਸਥਾਨੀ ਸਾਹਿਤਕ ਸਰੋਤ ਖਿਆਤਾਂ ਵਿਚ ਸਿੱਖ ਧਰਮ ਸਬੰਧੀ ਵਿਵਰਣ

ਰਾਜਸਥਾਨੀ ਭਾਸ਼ਾ ਵਿਚ ਸਾਹਿਤ ਰਚਨਾ ਲਈ ਗਦ ਅਤੇ ਪਦ ਭਾਵ ਕਾਵਿ ਤੇ ਵਾਰਤਕ ਦੋਵੇਂ ਰੂਪ ਹੀ ਪ੍ਰਚੱਲਿਤ ਰਹੇ ਹਨ। ਰਾਜਸਥਾਨੀ ਭਾਸ਼ਾ ਦੇ ਵਾਰਤਕ ਰੂਪ ਦੇ ਮੁੱਢਲੇ ਦੌਰ ਵਿਚ ਧਾਰਮਿਕ ਸਾਹਿਤ ਨਾਲ ਸਬੰਧਿਤ ਜੈਨ ਧਰਮ ਗ੍ਰੰਥਾਂ ਦੇ ਅਨੁਵਾਦ ਕੀਤੇ ਗਏ। ਹੌਲੀ-ਹੌਲੀ ਇਸ ਭਾਸ਼ਾ ਵਿਚ ਲੋਕ ਸਾਹਿਤ ਦੀ ਰਚਨਾ ਵੀ ਹੋਣ ਲੱਗ ਪਈ। ਵਿਦਵਾਨ ਮੰਨਦੇ ਹਨ ਕਿ ਰਾਜਸਥਾਨੀ ਭਾਸ਼ਾ ਵੀ ਉੱਤਰੀ ਅਤੇ ਪੱਛਮੀ ਭਾਰਤ ਦੀਆਂ ਦੂਜੀਆਂ ਖੇਤਰੀ ਭਾਸ਼ਾਵਾਂ ਵਾਂਗ ਸੰਸਕ੍ਰਿਤ ਦੇ ਵਿਗੜੇ ਸਰੂਪ, ਪ੍ਰਾਕਿਰਤ ਅਤੇ ਉਸ ਤੋਂ ਅੱਗੇ ਅਪਭ੍ਰੰਸ਼ ਤੋਂ ਵਿਕਾਸ ਕਰਦੀ ਹੋਈ ਇਸ ਰੂਪ ਵਿਚ ਪਹੁੰਚੀ ਹੈ।[1] ਇਸ ਤਰ੍ਹਾਂ ਰਾਜਸਥਾਨ ਵਿਚ ਅਪਭ੍ਰੰਸ਼ ਅਤੇ ਖੜੀ ਬੋਲੀ ਵਿਚ ਰਚੇ ਗਏ ਮੂਲ ਸਾਹਿਤ ਨੂੰ ਵੀ ਵਿਦਵਾਨ ਰਾਜਸਥਾਨੀ ਭਾਸ਼ਾ ਦੇ ਮੁਢਲੇ ਸਰੂਪ ਵਜੋਂ ਮੰਨਦੇ ਹਨ। ਰਾਜਸਥਾਨੀ ਭਾਸ਼ਾ ਦੀ ਵਾਰਤਕ ਸ਼ੈਲੀ ਵਿਚ ਤਾਮਰ-ਪੱਤਰ, ਅਭਿਲੇਖ, ਪਟੇ, ਪ੍ਰਵਾਨੇ, ਪੱਤਰ ਵਗੈਰਾ ਸਾਹਿਤ ਰਚਨਾ ਤੋਂ ਵੀ ਪਹਿਲਾਂ ਦੇ ਮਿਲਦੇ ਹਨ।

## 1. ਖਿਆਤ ਅਤੇ ਇਸ ਦੀਆਂ ਕਿਸਮਾਂ:

17ਵੀਂ ਸਦੀ ਵਿਚ ਰਾਜਸਥਾਨੀ ਭਾਸ਼ਾ ਦੀ ਵਾਰਤਕ ਸ਼ੈਲੀ ਵਿਚ ਇਕ ਨਵੀਂ ਵਿਧਾ ਸ਼ਾਮਲ ਹੋਈ ਜਿਸ ਨੂੰ ਖਿਆਤ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਵਾਰਤਕ ਵਿਚ ਸਾਹਿਤਕ ਅਤੇ ਇਤਿਹਾਸਕ ਰਚਨਾ ਲਈ ਬਾਤ, ਵਿਗਤ, ਵੰਸ਼ਾਵਲੀ, ਯਾਦਾਸ਼ਤ, ਹਕੀਕਤ ਆਦਿ ਵਿਧਾਵਾਂ ਪ੍ਰਚੱਲਿਤ ਸਨ ਪਰ ਇਨ੍ਹਾਂ ਵਿਧਾਵਾਂ ਵਿਚ ਇਤਿਹਾਸ ਨੂੰ ਉਸ ਤਰ੍ਹਾਂ ਪ੍ਰਮੁੱਖਤਾ ਨਹੀਂ ਦਿੱਤੀ ਜਾਂਦੀ ਸੀ ਜਿਵੇਂ 'ਖਿਆਤ' ਵਿਚ ਇਹ ਸਾਹਮਣੇ ਆਈ ਹੈ। ਰਾਜਸਥਾਨੀ ਭਾਸ਼ਾ ਵਿਚ ਸਭ ਤੋਂ ਪਹਿਲਾਂ ਖਿਆਤ ਲਿਖਣ ਦਾ ਆਰੰਭ ਜੋਧਪੁਰ ਦੇ 17ਵੀਂ ਸਦੀ ਵਿਚ ਹੋਏ ਰਾਠੌੜ ਰਾਜਾ ਜਸਵੰਤ ਸਿੰਘ ਦੇ ਸਮੇਂ ਉਸ ਦੇ ਰਾਜ ਕਵੀ 'ਮੁਹਤਾ ਨੈਣਸੀ' ਨੇ ਕੀਤਾ। ਨੈਣਸੀ ਦੀ

---

[1] ਨਰਾਇਣ ਸਿੰਘ ਭਾਟੀ, **ਰਾਜਸਥਾਨੀ ਸਾਹਿਤਯ ਕੋਸ਼ ਵ ਛੰਦ ਸ਼ਾਸਤ੍ਰ**, ਪੰਨਾ 16.

ਮੌਤ 1670 ਈ. ਨੂੰ ਹੋਈ ਸੀ। ਇਸ ਲਈ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਖਿਆਤ ਦੀ ਰਚਨਾ ਉਸ ਨੇ 1660 ਤੋਂ 1665 ਦਰਮਿਆਨ ਕੀਤੀ ਹੋਵੇਗੀ। ਇਸ ਖਿਆਤ ਦਾ ਨਾਮ ਵੀ 'ਮੁਹਤਾ ਨੈਣਸੀ ਰੀ ਖਿਆਤ' ਕਰਕੇ ਪ੍ਰਸਿੱਧ ਹੋਇਆ। ਮੁਹਤਾ ਨੈਣਸੀ ਨੇ ਇਸ ਖਿਆਤ ਨੂੰ ਤਿਆਰ ਕਰਨ ਲਈ ਰਾਜਸਥਾਨੀ ਭਾਸ਼ਾ ਦੇ ਕਾਵਿ ਅਤੇ ਵਾਰਤਕ ਦੇ ਇਤਿਹਾਸਕ ਤੇ ਸਾਹਿਤਕ ਸਰੋਤਾਂ ਜਿਵੇਂ ਗੀਤ, ਨਿਸ਼ਾਨੀ, ਦੋਹੇ, ਝੂਲਨਾ, ਝਮਾਲ, ਵੇਲ, ਵਿਲਾਸ, ਰਾਸੋ, ਬਾਤ, ਵਿਸਗਤ, ਹਕੀਕਤ, ਯਾਦਾਸ਼ਤ ਆਦਿ ਵਿਚਲੀਆਂ ਜਾਣਕਾਰੀਆਂ ਨੂੰ ਇਸ ਖਿਆਤ ਵਿਚ ਦਰਜ ਕਰਕੇ ਖਿਆਤ ਲਿਖਣ ਦਾ ਮੁੱਢ ਬੱਧਾ।

ਜੇ. ਕੇ. ਬਾਂਸਲ ਨੇ 'ਰਾਠੌੜਾਂ ਰੀ ਖਿਆਤ' ਦੀ ਸੰਪਾਦਕੀ ਵਿਚ ਇਸ ਸ਼ਬਦ ਦੇ ਜੋ ਅਰਥ ਕੀਤੇ ਹਨ ਉਸ ਅਨੁਸਾਰ 'ਖਿਆਤ' ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਖਿਆ' ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਹੁੰਦੇ ਹਨ; ਪ੍ਰਸਿੱਧ, ਉਕਤ, ਵਿਦਤ, ਵਿਖਿਆਤ, ਆਹੂਤ।[2] ਇਸ ਤਰ੍ਹਾਂ ਪ੍ਰਸਿੱਧੀ ਪ੍ਰਾਪਤ, ਪ੍ਰਖਿਆਤ ਤੇ ਹਰਮਨ ਪਿਆਰੇ ਵਿਅਕਤੀਆਂ ਦੀਆਂ ਜੀਵਨ ਘਟਨਾਵਾਂ ਨੂੰ ਦਰਸਾਉਣ ਵਾਲੇ ਲਿਖਤ ਪ੍ਰਸੰਗ ਜਾਂ ਬ੍ਰਿਤਾਂਤ ਨੂੰ 'ਖਿਆਤ' ਕਿਹਾ ਜਾਂਦਾ ਹੈ। ਖਿਆਤ ਵਿਚ ਸਬੰਧਿਤ ਵਿਅਕਤੀ ਦੀਆਂ ਜੀਵਨ ਘਟਨਾਵਾਂ, ਪ੍ਰਾਪਤੀਆਂ, ਆਦਿ ਨੂੰ ਬਿਆਨ ਕੀਤਾ ਜਾਂਦਾ ਹੈ। ਖਿਆਤ ਰਾਜਸਥਾਨੀ ਸਾਹਿਤ ਦੀਆਂ ਉਨ੍ਹਾਂ ਵੰਨਗੀਆਂ ਵਿਚੋਂ ਇਕ ਹੈ, ਜਿੰਨ੍ਹਾਂ ਵਿਚ ਕਿਸੇ ਵਿਸ਼ੇਸ਼, ਰਾਜਵੰਸ਼ ਇਲਾਕੇ ਜਾਂ ਰਿਆਸਤ ਦੇ ਇਤਿਹਾਸ ਨਾਲ ਸਬੰਧਿਤ ਜਾਂ ਫਿਰ ਕਿਸੇ ਪ੍ਰਸਿੱਧ ਰਾਜੇ ਦੇ ਜੀਵਨ ਨਾਲ ਸਬੰਧਿਤ ਆਮ ਜਾਂ ਖਾਸ ਜਾਣਕਾਰੀਆਂ ਵਰਣਿਤ ਹੁੰਦੀਆਂ ਹਨ। ਖਿਆਤ ਦਾ ਨਾਮਕਰਨ ਵੀ ਇਸੇ ਤਰ੍ਹਾਂ ਵੱਖ-ਵੱਖ ਹੁੰਦਾ ਹੈ। ਕੁਝ ਖਿਆਤਾਂ ਰਚੈਤਾ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ ਜਿਵੇਂ ਮੁਹਤਾ ਨੈਣਸੀ ਰੀ ਖਿਆਤ, ਬਾਂਕੀ ਦਾਸ ਰੀ ਖਿਆਤ ਆਦਿ ਅਤੇ ਕੁਝ ਖਿਆਤਾਂ ਰਾਜਵੰਸ਼ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ ਜਿਵੇਂ 'ਰਾਠੌੜਾ ਰੀ ਖਿਆਤ'। ਕੁਝ ਖਿਆਤਾਂ ਵਿਅਕਤੀ ਵਿਸ਼ੇਸ਼ ਜਿਸ ਬਾਰੇ ਲਿਖੀ ਗਈ ਹੋਵੇ ਦੇ ਨਾਮ ਨਾਲ ਵੀ ਜਾਣੀਆਂ ਜਾਂਦੀਆਂ ਹਨ ਜਿਵੇਂ ਮਹਾਰਾਜਾ ਮਾਨ ਸਿੰਘ ਰੀ ਖਿਆਤ, ਵਿਜੈ ਸਿੰਘ ਰੀ ਖਿਆਤ ਆਦਿ। ਕੁਝ ਖਿਆਤਾਂ ਖੇਤਰ ਜਾਂ ਰਿਆਸਤ ਦੇ ਨਾਮ ਨਾਲ ਪ੍ਰਸਿੱਧ ਹਨ ਜਿਵੇਂ 'ਜੋਧਪੁਰ ਰੀ ਖਿਆਤ', 'ਬੀਕਾਨੇਰ ਰੀ ਖਿਆਤ' ਆਦਿ।

[2] **ਰਾਠੌੜਾਂ ਰੀ ਖਿਆਤ**, ਸੰਪਾ. ਜੇ.ਕੇ. ਬਾਂਸਲ, ਪੰਨਾ 1.

**ਖਿਆਤ ਦੀਆਂ ਕਿਸਮਾਂ:** ਖਿਆਤ ਦੀਆਂ ਮੁੱਖ ਤੌਰ ਤੇ ਦੋ ਕਿਸਮਾਂ ਮੰਨੀਆਂ ਜਾਂਦੀਆਂ ਹਨ ਇਤਿਹਾਸ-ਪਰਕ ਅਤੇ ਵਾਰਤਾ-ਪਰਕ।

**ਇਤਿਹਾਸ-ਪਰਕ:** ਇਸ ਕਿਸਮ ਦੀਆਂ ਖਿਆਤਾਂ ਵਿਚ ਕਿਸੇ ਵਿਸ਼ੇਸ਼ ਵੰਸ਼, ਇਲਾਕੇ, ਰਾਜ, ਰਾਜਵੰਸ਼, ਵਿਅਕਤੀ ਵਿਸ਼ੇਸ਼, ਸ਼ਾਸਕ ਆਦਿ ਨਾਲ ਸਬੰਧਿਤ ਘਟਨਾਵਾਂ ਦਾ ਇਤਿਹਾਸ ਵਰਣਿਤ ਹੁੰਦਾ ਹੈ। ਇਸ ਕਿਸਮ ਦੀਆਂ ਖਿਆਤਾਂ ਵਿਚ 'ਬੀਕਾਨੇਰ ਰੀ ਖਿਆਤ', 'ਮਹਾਰਾਜਾ ਮਾਨ ਸਿੰਘ ਰੀ ਖਿਆਤ', 'ਜੋਧਪੁਰ ਰੀ ਖਿਆਤ', 'ਕ'ਛਵਾਹਾਂ ਰੀ ਖਿਆਤ' ਆਦਿ ਆਉਂਦੀਆਂ ਹਨ।

**ਵਾਰਤਾ-ਪਰਕ:** ਇਸ ਕਿਸਮ ਦੀਆਂ ਖਿਆਤਾਂ ਵਿਚ ਕਿਸੇ ਵਿਸ਼ੇਸ਼ ਜਾਤੀ, ਵੰਸ਼, ਰਾਜ, ਖੇਤਰ ਆਦਿ ਤੋਂ ਉੱਪਰ ਉੱਠ ਕੇ ਰਾਜਸਥਾਨ ਅਤੇ ਇਸ ਤੋਂ ਬਾਹਰ ਦੇ ਸ਼ਾਸਕਾਂ, ਜਾਤੀਆਂ, ਨਸਲਾਂ, ਧਰਮਾਂ ਆਦਿ ਸਬੰਧੀ ਇਤਿਹਾਸਕ ਵੇਰਵਿਆਂ ਅਤੇ ਜਾਣਕਾਰੀਆਂ ਨੂੰ ਅੰਕਿਤ ਕੀਤਾ ਗਿਆ ਹੁੰਦਾ ਹੈ। ਇਹਨਾਂ ਵਿਚ ਮੋਹਤਾ ਨੈਣਸੀ ਰੀ ਖਿਆਤ, ਬਾਂਕੀ ਦਾਸ ਰੀ ਖਿਆਤ, ਆਦਿ ਖਿਆਤਾਂ ਆਉਂਦੀਆਂ ਹਨ। ਇਹਨਾਂ ਦਾ ਉਦੇਸ਼ ਨਿਰੋਲ ਇਤਿਹਾਸ ਵਰਨਣ ਹੀ ਨਹੀਂ ਹੁੰਦਾ, ਸਗੋਂ ਹੋਰ ਵੀ ਤੱਥ ਸ਼ਾਮਿਲ ਕੀਤੇ ਗਏ ਹੁੰਦੇ ਹਨ।

ਖਿਆਤ ਵਿਚ ਵਾਰਤਕ ਦੇ ਨਾਲ-ਨਾਲ ਕਾਵਿ ਸ਼ੈਲੀ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਕਈ ਖਿਆਤਾਂ ਵਿਚ ਛੰਦ, ਦੋਹਰਾ, ਗੀਤ, ਨਿਸ਼ਾਨੀ, ਝੂਲਨਾ ਆਦਿ ਕਾਵਿ ਬੰਦਾਂ ਵਿਚ ਪ੍ਰਸੰਗ ਵੀ ਦਿੱਤੇ ਹੋਏ ਹਨ। ਖਿਆਤ ਭਾਰਤੀ ਇਤਿਹਾਸ ਵਰਨਣ ਪ੍ਰੰਪਰਾ ਦਾ ਅਨੁਸਰਣ ਕਰਦੀ ਹੈ ਇਸ ਵਿਚ ਇਤਿਹਾਸ ਵਰਨਣ ਦੇ ਨਾਲ ਨਾਲ ਬਿਰਤਾਂਤ ਵੀ ਸ਼ਾਮਿਲ ਹੁੰਦਾ ਹੈ ਜਿਸ ਨਾਲ ਪਾਠਕ ਦੀ ਰੁਚੀ ਲਿਖਤ ਦੇ ਅਖੀਰ ਤੱਕ ਬਣੀ ਰਹਿੰਦੀ ਹੈ। ਜ਼ਰੂਰੀ ਨਹੀਂ ਕਿ ਖਿਆਤ ਵਿਚ ਵਰਣਿਤ ਸਾਰੀ ਜਾਣਕਾਰੀ ਅਤੇ ਘਟਨਾਵਾਂ ਸਹੀ ਹੋਵੇ। ਇਹ ਲੋਕਾਂ ਕੋਲੋਂ ਸੁਣੀਆਂ-ਸੁਣਾਈਆਂ ਤੇ ਪ੍ਰੰਪਰਾਗਤ ਦੰਦ-ਕਥਾਵਾਂ ਹੋਣ ਕਰਕੇ ਗ਼ਲਤ ਵੀ ਹੋ ਸਕਦੀਆਂ ਹਨ। ਖਿਆਤਾਂ ਦੀ ਇਕ ਹੋਰ ਸਮੱਸਿਆ ਹੈ ਕਿ ਬਹੁਤੀਆਂ ਖਿਆਤਾਂ ਦੇ ਰਚੈਤਾ ਆਪਣੇ ਆਸ਼ਰਯ ਦਾਤਾ ਜਿਸ ਵੱਲੋਂ ਖਿਆਤ ਲਿਖਵਾਈ ਜਾਂਦੀ ਸੀ ਦੇ ਪ੍ਰਭਾਵ ਵਿਚ ਕਈ ਅਤਿਕਥਨੀਆਂ ਵੀ ਸ਼ਾਮਿਲ

ਕਰ ਦਿੰਦੇ ਸਨ। ਪਰ ਇਸ ਸਭ ਦੇ ਬਾਵਜੂਦ ਖਿਆਤ ਦੀ ਰਾਜਸਥਾਨੀ ਸਾਹਿਤ ਅਤੇ ਇਤਿਹਾਸ ਨੂੰ ਦੇਣ ਅਤੇ ਮਹੱਤਤਾ ਨੂੰ ਨਕਾਰਿਆ ਨਹੀਂ ਜਾ ਸਕਦਾ ਸਗੋਂ ਇਨ੍ਹਾਂ ਦੀ ਸਾਵਧਾਨੀ ਨਾਲ ਵਰਤੋਂ ਕਰਕੇ ਭਰਪੂਰ ਲਾਭ ਲਿਆ ਜਾ ਸਕਦਾ ਹੈ।

## 2. ਸਿੱਖ ਧਰਮ ਅਤੇ ਇਤਿਹਾਸ ਬਾਰੇ ਜਾਣਕਾਰੀ ਦੇਣ ਵਾਲੀਆਂ ਰਾਜਸਥਾਨੀ ਖਿਆਤਾਂ

ਰਾਜਸਥਾਨੀ ਭਾਸ਼ਾ ਵਿਚ ਲਿਖਤ 'ਖਿਆਤ' ਵੰਨਗੀ ਦੇ ਸਾਹਿਤ ਅਤੇ ਇਤਿਹਾਸਕ ਸਰੋਤ ਭਾਵੇਂ ਸਿੱਧੇ ਤੌਰ 'ਤੇ ਰਾਜਸਥਾਨ ਨਾਲ ਸਬੰਧਿਤ ਹਨ ਪਰ ਇਨ੍ਹਾਂ ਖਿਆਤਾਂ ਵਿਚੋਂ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਖਾਸ ਕਰਕੇ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਜਿਨ੍ਹਾਂ ਰਾਜਸਥਾਨੀ ਖਿਆਤਾਂ ਵਿਚੋਂ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਮਿਲਦੀ ਹੈ ਉਨ੍ਹਾਂ ਨੂੰ ਇਸ ਅਧਿਆਇ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ।

ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਇਨ੍ਹਾਂ ਖਿਆਤਾਂ ਨੂੰ ਏਥੇ ਕਾਲ-ਕ੍ਰਮ ਦੀ ਤਰਤੀਬ ਅਨੁਸਾਰ ਰੱਖਿਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਰਚੀ ਖਿਆਤ ਪਹਿਲੋਂ ਆਵੇਗੀ ਅਤੇ ਅਗਲੀਆਂ ਖਿਆਤਾਂ ਵੀ ਇਸ ਤਰ੍ਹਾਂ ਰਚਨਾ ਕਾਲ ਅਨੁਸਾਰ ਆਉਣਗੀਆਂ। ਸਿੱਖ ਧਰਮ ਅਤੇ ਇਤਿਹਾਸ ਬਾਰੇ ਰੌਸ਼ਨੀ ਪਾਉਣ ਵਾਲੀਆਂ ਖਿਆਤਾਂ ਵਿਚੋਂ ਖੋਜ ਕਾਰਜ ਦੇ ਇਸ ਅਧਿਆਇ ਵਿਚ ਸ਼ਾਮਿਲ ਖਿਆਤਾਂ ਇਸ ਪ੍ਰਕਾਰ ਹਨ:

2.1 ਬਾਕੀ ਦਾਸ ਰੀ ਖਿਆਤ

2.2 ਬੀਕਾਨੇਰ ਰੀ ਖਿਆਤ

2.3 ਖਿਆਤ ਦੇਸ਼ ਦਰਪਣ

2.4 ਪਟਿਆਲਾ ਰਾ ਜਾਟ ਸਿਧੂ ਤਿਣਰੀ ਖਿਆਤ

ਇਹਨਾਂ ਸਾਰੀਆਂ ਖਿਆਤਾਂ ਦੀ ਰਚਨਾ 18ਵੀਂ/19ਵੀਂ ਸਦੀ ਦੇ ਦਰਮਿਆਨ ਹੋਈ ਸੀ, ਜਿਸ ਬਾਰੇ ਵਿਸਥਾਰਤ ਜਾਣਕਾਰੀ ਇਸ ਅਧਿਆਇ ਵਿਚ ਦਿੱਤੀ ਜਾ ਰਹੀ ਹੈ।

### 2.1.1. ਬਾਕੀ ਦਾਸ ਰੀ ਖਿਆਤ: ਮੁਢਲੀ ਜਾਣਕਾਰੀ

ਬਾਕੀ ਦਾਸ ਰੀ ਖਿਆਤ ਦਾ ਰਚੈਤਾ ਬਾਂਕੀ ਦਾਸ ਆਸੀਆ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਖਿਆਤ ਦਾ ਰਚੈਤਾ ਬਾਂਕੀ ਦਾਸ ਆਸੀਆ ਜੋਧਪੁਰ ਦੇ ਮਹਾਰਾਜਾ ਮਾਨ ਸਿੰਘ ਦੇ ਸਮੇਂ ਜੋਧਪੁਰ ਦਾ ਰਾਜ ਕਵੀ ਸੀ। ਇਸ ਲਈ ਉਹ ਜੋਧਪੁਰ ਦੇ ਮਹਾਰਾਜਾ 'ਤੇ ਆਸ਼੍ਰਿਤ ਸੀ। ਇਹ ਚਾਰਣ ਜਾਤੀ ਦੇ 'ਆਸੀਆ' ਗੋਤਰ ਨਾਲ ਸਬੰਧ ਰੱਖਦਾ ਸੀ। ਬਾਂਕੀ ਦਾਸ ਸੰਸਕ੍ਰਿਤ, ਪ੍ਰਾਕਿਰਤ, ਹਿੰਦੀ, ਫ਼ਾਰਸੀ, ਬ੍ਰਜ ਅਤੇ ਰਾਜਸਥਾਨੀ ਭਾਸ਼ਾਵਾਂ ਵਿਚ ਪ੍ਰਬੀਨ ਵਿਦਵਾਨ ਸੀ। ਉਸ ਨੇ ਸਾਹਿਤਕ ਅਤੇ ਇਤਿਹਾਸਕਾਰੀ ਦੇ ਖੇਤਰ ਵਿਚ ਕਈ ਰਚਨਾਵਾਂ ਦੀ ਸਿਰਜਣਾ ਕੀਤੀ ਜੋ ਰਾਜਸਥਾਨੀ ਭਾਸ਼ਾ ਦੀਆਂ ਕਾਵਿ ਅਤੇ ਵਾਰਤਕ ਦੋਹਾਂ ਸ਼ੈਲੀਆਂ ਵਿਚ ਮਿਲਦੀਆਂ ਹਨ।[3] ਬਾਂਕੀ ਦਾਸ ਨੇ ਖਿਆਤ ਤੋਂ ਪਹਿਲਾਂ ਇਤਿਹਾਸਕ ਸ਼੍ਰੇਣੀ ਦੇ ਗ੍ਰੰਥ 'ਰਾਠੌੜਾ ਰੀ ਬਾਤਾ' ਦੀ ਰਾਜਸਥਾਨੀ ਵਾਰਤਕ ਵਿਚ ਰਚਨਾ ਕੀਤੀ ਜਿਸ ਵਿਚ ਰਾਜਪੂਤਾਂ ਦੀ ਰਾਠੌੜ ਕੁੱਲ ਦੀਆਂ ਵੱਖ-ਵੱਖ ਸ਼ਾਖਾਵਾਂ ਦਾ ਇਤਿਹਾਸ ਵਰਨਣ ਕੀਤਾ ਹੈ।[4] ਬਾਂਕੀ ਦਾਸ ਦੀ ਆਪਣੇ ਸਮੇਂ ਵਿਚ ਵਿਦਵਾਨ ਦੇ ਤੌਰ 'ਤੇ ਬਹੁਤ ਪ੍ਰਸਿੱਧੀ ਸੀ। ਬਾਂਕੀ ਦਾਸ ਦੀ ਮੌਤ 'ਤੇ ਜੋਧਪੁਰ ਦਾ ਮਹਾਰਾਜਾ ਮਾਨ ਸਿੰਘ ਆਪ ਮਾਤਮ ਲਈ ਉਸ ਦੇ ਨਿਵਾਸ ਸਥਾਨ 'ਤੇ ਪਹੁੰਚਿਆ ਅਤੇ ਬਾਂਕੀ ਦਾਸ ਦੀ ਮੌਤ ਦੇ ਵਿਯੋਗ ਦੇ ਦਰਦ ਵਿਚ ਇੱਕ ਮਰਸੀਆ ਪੜ੍ਹਿਆ।[5]

'ਬਾਂਕੀ ਦਾ ਰੀ ਖਿਆਤ' ਸੁਤੰਤਰ ਕਿਸਮ ਦੀ ਖਿਆਤ ਹੈ ਜੋ ਕਿਸੇ ਵਾਰਤਾ ਪਰਕ ਖਿਆਤ ਦੀ ਕਿਸਮ ਹੈ। ਇਸ ਵਿਚ ਕਿਸੇ ਵਿਸ਼ੇਸ਼ ਇਲਾਕੇ, ਰਾਜਵੰਸ਼, ਵਿਅਕਤੀ ਅਤੇ ਰਾਜ ਆਦਿ ਦਾ ਹੀ ਵਰਨਣ ਨਹੀਂ ਕੀਤਾ ਗਿਆ ਸਗੋਂ ਵੱਖ-ਵੱਖ ਕਿਸਮਾਂ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਜਾਣਕਾਰੀਆਂ, ਇਤਿਹਾਸਕ ਘਟਨਾਵਾਂ ਅਤੇ ਪ੍ਰਚੱਲਿਤ ਕਥਾਵਾਂ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿਚ ਕੁੱਲ 2776 ਗੱਲਾਂ, ਟਿੱਪਣੀਆਂ ਅਤੇ ਜਾਣਕਾਰੀਆਂ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਰਾਜਪੂਤ ਦੇ ਰਾਜ ਘਰਾਣਿਆਂ ਜਿਵੇਂ ਜੈਪੁਰ ਦੇ ਕਛਵਾਹਾ; ਜੋਧਪੁਰ, ਬੀਕਾਨੇਰ, ਕਿਸ਼ਨਗੜ੍ਹ ਆਦਿ ਦੇ ਰਾਠੌੜਾਂ; ਚਿਤੌੜ ਦੇ ਰਾਣਿਆਂ, ਕੋਟਾ, ਬੂੰਦੀ ਦੇ ਹਾਂਡਾ; ਜੈਸਲਮੇਰ ਦੇ ਭੱਟੀਆਂ ਆਦਿ ਨਾਲ ਸਬੰਧਿਤ ਇਤਿਹਾਸਕ ਨਾਵਾਂ-ਥਾਵਾਂ ਅਤੇ

[3] **ਬਾਂਕੀਦਾਸ ਰੀ ਖਿਆਤ**, ਸੰਪਾ. ਨਰੋਤਮ ਦਾਸ ਸਵਾਮੀ, ਪੰਨਾ 5.
[4] ਉਹੀ, ਪੰਨਾ 57.
[5] ਉਹੀ, ਪੰਨਾ 3.

ਘਟਨਾਵਾਂ ਆਦਿ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਸਾਹਿਤ, ਸਮਾਜਿਕ ਰੀਤਾਂ-ਰਸਮਾਂ, ਵੱਖ-ਵੱਖ ਧਰਮਾਂ, ਜਾਤਾਂ, ਭੂਗੋਲ ਆਦਿ ਨਾਲ ਸਬੰਧਿਤ ਜਾਣਕਾਰੀਆਂ ਟਿੱਪਣੀਆਂ ਦੇ ਰੂਪ ਵਿਚ ਦਿੱਤੀਆਂ ਹਨ। ਉਸ ਨੇ ਸਾਰੇ ਵੇਰਵੇ ਕਾਲ ਕ੍ਰਮ ਅਨੁਸਾਰ ਨਹੀਂ ਦਿੱਤੇ ਸਗੋਂ ਕੋਈ ਪਹਿਲਾਂ ਵਾਪਰੀ ਘਟਨਾ ਚੱਲ ਰਹੇ ਪ੍ਰਸੰਗ ਵਿਚ ਬਾਅਦ ਵਿਚ ਲਿਖੀ ਹੈ ਤੇ ਕੋਈ ਪਿੱਛੋਂ ਵਾਪਰੀ ਗੱਲ ਜਾਂ ਘਟਨਾ ਦਾ ਜ਼ਿਕਰ ਪਹਿਲਾਂ ਕਰ ਦਿੱਤਾ ਹੈ। ਜ਼ਿਆਦਾਤਰ ਜਾਣਕਾਰੀਆਂ ਜਾਂ ਵੇਰਵੇ 2-3 ਪੰਕਤੀਆਂ ਵਿਚ ਹੀ ਟਿੱਪਣੀਆਂ ਵਾਂਗ ਦਿੱਤੇ ਹਨ। ਕੁਝ ਗੱਲਾਂ 2-4 ਪੰਨਿਆਂ ਤੱਕ ਲੰਮੀਆਂ ਵੀ ਲਿਖੀਆਂ ਹਨ। ਕੁਝ ਗੱਲਾਂ ਦਾ ਜ਼ਿਕਰ ਵਾਰ-ਵਾਰ ਵੀ ਆਇਆ ਹੈ। ਇਸ ਦੀ ਮੂਲ ਭਾਸ਼ਾ ਮਾਰਵਾੜੀ ਜਾਂ ਪੱਛਮੀ ਰਾਜਸਥਾਨੀ ਹੈ, ਜਿਸ ਦਾ ਕੇਂਦਰ ਜੋਧਪੁਰ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਹਿੰਦੀ, ਸੰਸਕ੍ਰਿਤ, ਫ਼ਾਰਸੀ , ਆਪਭ੍ਰੰਸ਼, ਬ੍ਰਜ, ਫ਼ਾਰਸੀ ਆਦਿ ਦੇ ਸ਼ਬਦ ਵੀ ਤਤਸਮ ਅਤੇ ਤਦਭਵ ਰੂਪਾਂ ਵਿਚ ਆਏ ਹਨ।

ਬਾਲੀਸਾ, ਬਾਲਾ-ਬੁੰਦੇਲੀ, ਨੇਪਾਲ, ਮੁਸਲਮਾਨ, ਰਾਜਪੂਤ, ਜਾਟ, ਮਰਾਠਾ ਆਦਿ ਪਿਛੋਂ ਸਿੱਖਾਂ ਨਾਲ ਸਬੰਧਿਤ ਸਟੀਕ ਜਾਣਕਾਰੀਆਂ ਅੰਕਿਤ ਕੀਤੀਆਂ ਗਈਆਂ ਹਨ। ਇਹ ਵਰਨਣ ਸੰਖੇਪ ਰੂਪ ਵਿਚ ਇਕ ਤੋਂ ਢਾਈ ਪੰਕਤੀਆਂ ਵਿਚ ਟਿੱਪਣੀਆਂ ਅਤੇ ਜਾਣਕਾਰੀ ਦੇ ਰੂਪ ਵਿਚ ਹੈ। 'ਸਿੱਖ' ਸਿਰਲੇਖ ਹੇਠਾਂ 2053 ਅੰਕ ਤੋਂ 2064 ਅੰਕ ਤੱਕ ਜਾਣਕਾਰੀ ਮਿਲਦੀ ਹੈ, ਜਿਸ ਦਾ ਅਨੁਵਾਦਕ ਵਰਨਣ ਇਸ ਪ੍ਰਕਾਰ ਹੈ:

2053. ਗੁਰੂ ਨਾਨਕ ਦੀ ਭੈਣ ਨਾਨਕੀ ਹੋਈ।

2054. ਚਮਾਰ (ਗੁਰੂ) ਤੇਗ ਬਹਾਦਰ ਨਾਲ ਮਰਿਆ (ਸ਼ਹੀਦ ਹੋਇਆ) ਉਸ ਦੇ ਸਿੱਖ ਰਵੀਦਾਸੀਏ ਕਹਾਉਂਦੇ ਹਨ, ਰਵੀਦਾਸ ਗੁਰ ਦੇ ਪਾਸ।

2055. ਮਰਦਾਨਾ ਨਾਮ ਦਾ ਮਰਾਸੀ (ਗੁਰੂ) ਤੇਗ ਬਹਾਦਰ ਨਾਲ ਮਰਿਆ (ਸ਼ਹੀਦ ਹੋਇਆ) ਜਿਸ ਦੇ ਮਰਾਸੀ (ਵੰਸ਼ਜ) ਮਰਦਾਨਾ ਪੰਥ ਵਿਚੋਂ ਸਿੱਖ ਰਬਾਰੀ ਹਨ, ਸਿੱਖ ਹਜਾਰਾਂ ਦਾ ਮਾਲ (ਚੜ੍ਹਾਵਾ) ਉਨ੍ਹਾਂ ਨੂੰ ਦਿੰਦੇ ਹਨ।

2056. ਚੰਡਾਲ (ਗੁਰੂ) ਤੇਗ ਬਹਾਦਰ ਨਾਲ ਕੰਮ ਆਇਆ (ਸ਼ਹੀਦ ਹੋਇਆ) ਉਸ ਦੇ ਸਿੱਖ ਰੰਘਰੇਟੇ ਅਖਵਾਉਂਦੇ ਹਨ, ਰੰਘਰੇਟਾ ਗੁਰੂ ਦਾ ਬੇਟਾ।

2057. ਲਾਹੌਰ ਦੇ ਸਿੱਖ ਰਣਜੀਤ ਸਿੰਘ, ਜਿਸ ਕੋਲ ਦੋ ਛਾਉਣੀਆਂ ਤਿਲੰਗੀਆਂ ਦੀਆਂ, ਇਕ ਗੋਰਖਿਆਂ ਦੀ ਤੇ ਇਕ ਹਿੰਦੋਸਤਾਨੀਆਂ ਦੀ ਕੁੱਲ 4 ਛਾਉਣੀਆਂ ਹਨ।

2058. ਸਿੱਖਾਂ ਕੋਲ ਹੁਣ 10 ਲੱਖ ਬੰਦੂਕਾਂ ਹਨ।

2059. ਸਿੱਖ ਮਸੀਤ ਵਿਚ ਗ੍ਰੰਥ ਸਾਹਿਬ ਲਿਜਾ ਕੇ (ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ) ਮਸੀਤ ਨੂੰ ਮਸੂਗੜ੍ਹ ਕਹਿੰਦੇ ਹਨ, ਸੇਵਾਪੰਥੀ ਸਿੱਖ ਵਿਸ਼ੇਸ਼ ਤੌਰ ਤੇ ਦਇਆਵਾਨ ਹੁੰਦੇ ਹਨ (ਜੋ) ਸਭ ਦੀ ਸੇਵਾ ਕਰਦੇ ਹਨ, ਦੁਖੀ ਦੀ ਵਿਸ਼ੇਸ਼ ਸੇਵਾ ਕਰਦੇ ਹਨ, ਭੀਖ ਨਹੀਂ ਮੰਗਦੇ, ਵਾਣ ਵੱਟ ਕੇ ਗੁਜ਼ਾਰਾ ਚਲਾਉਂਦੇ ਹਨ।

2060. ਗੁਰੂ ਨਾਨਕ ਦੇ ਭੇਖ ਵਿਚ ਅਕਾਲੀ ਹਰਾਮਜ਼ਾਦੇ ਹਨ।

2061. ਸਿੱਖ (ਦੂਜੇ) ਸਿੱਖ ਨੂੰ ਕਹਿੰਦੇ ਹਨ ਮੋਨੇ ਦਾ ਵਿਸ਼ਵਾਸ਼ ਨਾ ਕਰਨਾ।

2062. ਸਿੱਖ ਚੱਕਰਵਰਤੀ ਹੁੰਦੇ ਹਨ।

2063. ਸਿੱਖਾਂ ਦੇ ਗ੍ਰੰਥ ਸਾਹਿਬ ਵਿਚ ਕਿਹਾ ਹੈ ਚੌਦਾਂ ਸੌ ਸਾਲ ਤੱਕ ਸਿੱਖਾਂ ਦਾ ਪ੍ਰਤਾਪ ਵਧਦਾ ਰਹੇਗਾ।

2064. ਚੌਦਾਂ ਸੌ ਸਾਲ ਸਿੱਖਾਂ ਦਾ ਰਾਜ ਰਹੇਗਾ, ਇਹ ਸੁਣੀਂਦਾ ਹੈ।[6]

ਇਹਨਾਂ ਟਿੱਪਣੀਆਂ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਿਤ ਦੋ ਟਿੱਪਣੀਆਂ ਹੋਰ ਵੱਖ-ਵੱਖ ਥਾਵਾਂ ਤੇ ਆਈਆਂ ਹਨ ਜੋ ਇਸ ਤਰ੍ਹਾਂ ਹਨ:

2592. ਮੁਲਤਾਨ ਦੇ ਕਿਲ੍ਹੇ ਵਿਚੋਂ ਰਣਜੀਤ ਸਿੰਘ ਦੇ ਹੱਥ ਚੋਖਾ ਧਨ ਲੱਗਾ।[7]

ਇਕ ਟਿੱਪਣੀ 'ਪ੍ਰਸਿੱਧ ਰਾਜੇ, ਬਾਦਸ਼ਾਹ ਮੰਤਰੀ ਆਦਿ' ਵਾਲੇ ਸਿਰਲੇਖ ਵਿਚ ਮਹਾਰਾਜਾ ਰਣਜੀਤ ਸਿੰਘ ਸਬੰਧੀ ਜਿਸ ਨੂੰ ਪ੍ਰਸਿੱਧ ਰਾਜਿਆਂ ਵਿਚ 2668 ਟਿੱਪਣੀ ਵਿਚ ਲਿਖਿਆ ਗਿਆ ਹੈ। ਆਸਾਮ ਦਾ ਮਾਲਕ 1, ਨੇਪਾਲ ਪਤੀ 2, ਰਣਜੀਤ ਸਿੰਘ ਲਾਹੌਰ ਪਤੀ 3, ਇਹਨਾਂ ਦਾ ਹਿੰਦ ਦੇ ਬਾਹਰਲੇ ਮੁਲਕਾਂ ਦੇ ਲੋਕਾਂ ਵਿਚ ਬੜਾ ਜ਼ੋਰ (ਨਾਮ) ਹੈ।[8] ਇਹਨਾਂ ਜਾਣਕਾਰੀਆਂ ਤੋਂ ਇਲਾਵਾ ਭਗਤ ਕਬੀਰ ਅਤੇ ਨਾਮਦੇਵ ਬਾਰੇ ਵੀ ਇਕ-ਇਕ ਟਿੱਪਣੀ ਹੈ।

---

6 ਉਹੀ, ਪੰਨਾ 171.
7 ਉਹੀ, ਪੰਨਾ 207.
8 ਉਹੀ, ਪੰਨਾ 212.

2459. ਕਬੀਰ ਸੰਮਤ ਪੰਦਰਾਂ ਸੌ ਵਿਚ ਹੋਇਆ ਦਾਦੂ (ਦਿਆਲ) ਨੇ ਸੌ ਵਰ੍ਹਾ ਪਹਿਲਾਂ ਬਾਦਸ਼ਾਹ ਸਿਕੰਦਰ (ਖ਼ਾਂ ਲੋਧੀ) ਨੂੰ ਚਮਤਕਾਰ ਦਿਖਾਇਆ।[9]

2563. ਪੰਡਰਪੁਰ ਵਿਚ ਪਹਿਲਾ ਚਮਤਕਾਰੀ ਨਾਮਦੇਵ ਛੀਂਬਾ ਹੋਇਆ।[10]

ਸੋ ਇਸ ਤਰ੍ਹਾਂ ਬਾਂਕੀ ਦਾਸ ਰੀ ਖਿਆਤ ਵਿਚ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਸਫੁੱਟ ਟਿੱਪਣੀਆਂ ਵਿਚ ਸੰਖਿਪਤ ਰੂਪ ਵਿਚ ਮਿਲਦੀ ਹੈ। ਇਸ ਖਿਆਤ ਵਿਚ ਸਿੱਖ ਧਰਮ ਸਬੰਧੀ ਜਿੱਥੇ ਨਿਵੇਕਲੀਆਂ ਗੱਲਾਂ ਆਈਆਂ ਹਨ, ਉਥੇ ਸਿੱਖ ਧਰਮ ਸਬੰਧੀ ਕੁਝ ਭਰਾਂਤੀਆਂ ਵੀ ਨਜ਼ਰ ਆਉਂਦੀਆਂ ਹਨ। ਸਿੱਖ ਧਰਮ ਅਤੇ ਇਤਿਹਾਸ ਸਬੰਧੀ ਆਈਆਂ ਕੁਝ ਵਿਲੱਖਣ ਜਾਣਕਾਰੀਆਂ ਅਤੇ ਕੁਝ ਗ਼ਲਤ ਕਥਨੀਆਂ ਜਾਂ ਭ੍ਰਾਂਤੀਆਂ ਨੂੰ ਵੱਖ-ਵੱਖ ਤੌਰ 'ਤੇ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ।

### 2.1.2. ਬਾਂਕੀਦਾਸ ਰੀ ਖਿਆਤ ਵਿਚ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਮਿਲਦੀਆਂ ਵਿਲੱਖਣ ਜਾਣਕਾਰੀਆਂ:

ਬਾਂਕੀਦਾਸ ਰੀ ਖਿਆਤ' ਵਿਚ 18ਵੀਂ ਸਦੀ ਦੇ ਪਹਿਲੇ ਅੱਧ ਤੱਕ ਭਾਵ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਸਿੱਖ ਧਰਮ ਬਾਰੇ ਬਾਹਰਲੇ ਇਲਾਕਿਆਂ ਖਾਸ ਕਰਕੇ ਮਾਰਵਾੜ ਵਿਚ ਜੋ ਧਾਰਨਾਵਾਂ ਪ੍ਰਚੱਲਿਤ ਸਨ ਉਨ੍ਹਾਂ ਦਾ ਪ੍ਰਗਟਾਵਾ ਹੋਇਆ ਹੈ। ਇਸ ਖਿਆਤ ਵਿਚੋਂ ਪਤਾ ਚੱਲਦਾ ਹੈ ਕਿ ਮੁੱਢਲੀ 18ਵੀਂ ਸਦੀ ਤੱਕ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਸਾਰੇ ਰਾਜਸਥਾਨ ਵਿਚ ਪਤਾ ਸੀ ਅਤੇ ਸਿੱਖਾਂ ਵਿਚ ਭਾਈ ਜੀਵਨ ਸਿੰਘ ਨਾਲ ਸਬੰਧਿਤ ਗੁਰੂ-ਮੁਖ ਤੋਂ ਉਚਰਿਤ ਉਕਤੀ 'ਰੰਘਰੇਟਾ, ਗੁਰੂ ਕਾ ਬੇਟਾ' ਅਖਾਣ ਵਾਂਗ ਪ੍ਰਚੱਲਿਤ ਸੀ। ਇਸ ਤੋਂ ਇਲਾਵਾ ਰਵੀਦਾਸੀਏ ਸਿੱਖਾਂ ਸਬੰਧੀ ਵੀ ਲੋਕ ਉਕਤੀ 'ਰੈਦਾਸ ਗੁਰ ਦੇ ਪਾਸ' ਸਿੱਖ ਧਰਮ ਵਿਚ ਪ੍ਰਚੱਲਿਤ ਹੋਣ ਦਾ ਜ਼ਿਕਰ ਇਸ ਖਿਆਤ ਵਿਚ ਆਇਆ ਹੈ। ਭਾਈ ਮਰਦਾਨੇ ਦੀ ਅੰਸ ਬਾਰੇ ਵੀ ਪਤਾ ਚੱਲਦਾ ਹੈ ਕਿ ਉਸ ਸਮੇਂ ਮਰਾਸੀ ਜਾਤੀ ਨਾਲ ਸਬੰਧਿਤ ਜੋ ਆਪਣੇ ਆਪ ਨੂੰ ਭਾਈ ਮਰਦਾਨੇ ਦੇ ਸਿੱਖ ਅਖਵਾਉਂਦੇ ਸਨ, ਗੁਰਬਾਣੀ ਦਾ ਕੀਰਤਨ ਕਰਦੇ ਸਨ, ਇਹ ਰਬਾਬੀ ਹੁੰਦੇ ਸਨ ਅਤੇ ਸਿੱਖ ਇਨ੍ਹਾਂ ਨੂੰ ਬਹੁਤ ਸਾਰਾ ਚੜ੍ਹਾਵਾ ਵੀ ਦਿੰਦੇ ਸਨ। ਸਿੱਖਾਂ ਨੂੰ ਚੱਕਰਵਰਤੀ

[9] ਉਹੀ, ਪੰਨਾ 200.
[10] ਉਹੀ, ਪੰਨਾ 206.

ਹੋਣ ਤੋਂ ਸ਼ਾਇਦ ਲੇਖਕ ਦਾ ਭਾਵ ਕਿਸੇ ਇਕ ਸਥਾਨ ਉਪਰ ਟਿਕ ਕੇ ਰਹਿਣ ਦੀ ਬਜਾਇ ਥਾਂ-ਥਾਂ ਭ੍ਰਮਣ ਤੋਂ ਹੈ। ਇਸ ਤਰ੍ਹਾਂ ਦੀ ਜੀਵਨ-ਜਾਂਚ ਵਾਲੇ ਸੰਨਿਆਸੀ ਸਿੱਖ ਅਤੇ ਨਿਹੰਗ ਉਦੋਂ ਆਮ ਸਨ। ਇਸ ਖਿਆਤ ਤੋਂ ਪਤਾ ਚੱਲਦਾ ਹੈ ਕਿ ਉਸ ਸਮੇਂ ਸਿੱਖ ਧਰਮ ਦੀ ਸੇਵਾ ਪੰਥੀ ਸੰਪ੍ਰਦਾਇ ਦਾ ਲੋਕਾਂ ਵਿਚ ਬਹੁਤ ਸਤਿਕਾਰ ਸੀ ਕਿਉਂਕਿ ਉਹ ਨਿਸ਼ਕਾਮ ਭਾਵਨਾ ਨਾਲ ਦੁਖੀਆਂ ਅਤੇ ਲੋੜਵੰਦਾਂ ਦੀ ਸੇਵਾ ਕਰਦੇ ਸਨ। ਸੇਵਾ ਪੰਥੀਆਂ ਬਾਰੇ ਇਹ ਪਤਾ ਚੱਲਦਾ ਹੈ ਕਿ ਉਹ ਕਦੇ ਭੀਖ ਨਹੀਂ ਮੰਗਦੇ ਸਨ ਸਗੋਂ ਆਪਣੇ ਹੱਥੀਂ ਵਾਣ ਵੱਟਣ ਦੀ ਕਿਰਤ ਕਰਕੇ ਉਸ ਤੋਂ ਪ੍ਰਾਪਤ ਹੋਈ ਆਮਦਨੀ ਨਾਲ ਆਪਣਾ ਗੁਜ਼ਾਰਾ ਅਤੇ ਦੀਨ ਦੁਖੀਆਂ ਦੀ ਸੇਵਾ ਕਰਦੇ ਸਨ। ਸਿੱਖਾਂ ਦੁਆਰਾ ਕਿਸੇ ਮਸੀਤ ਵਿਚ (ਕਬਜਾ ਕਰਕੇ) ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਜਾਂਦਾ ਸੀ ਤਾਂ ਉਸ ਨੂੰ 'ਮਸੂਗੜ੍ਹ' ਕਿਹਾ ਜਾਂਦਾ ਸੀ। ਸਿੱਖਾਂ ਬਾਰੇ ਪ੍ਰਚੱਲਿਤ ਕੁਝ ਦੰਤ ਕਥਾਵਾਂ ਜਾਂ ਅਤਿ-ਕਥਨੀਆਂ ਬਾਰੇ ਵੀ ਪਤਾ ਚੱਲਦਾ ਹੈ ਕਿ ਉਸ ਸਮੇਂ ਸਿੱਖਾਂ ਬਾਰੇ ਇਹ ਧਾਰਨਾ ਪ੍ਰਚੱਲਿਤ ਸੀ ਕਿ ਸਿੱਖਾਂ ਦਾ 1400 ਸਾਲ ਦਾ ਰਾਜ ਰਹੇਗਾ ਅਤੇ ਇਹ ਸਿੱਖਾਂ ਦੇ ਗ੍ਰੰਥ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਲਿਖਿਆ ਹੋਣ ਦੀ ਮਨੌਤ ਸੀ। ਅਸਲ ਵਿਚ ਲੱਗਦਾ ਹੈ ਕਿ ਖਿਆਤ ਲਿਖਣ ਵੇਲੇ ਸਿੱਖਾਂ ਦੀ ਰਾਜਨੀਤਿਕ ਅਤੇ ਸੈਨਿਕ ਸ਼ਕਤੀ ਦੀ ਧੌਂਸ ਪੂਰੇ ਹਿੰਦੁਸਤਾਨ ਵਿਚ ਬਣੀ ਹੋਈ ਸੀ। ਜਿਸ ਦੇ ਪ੍ਰਭਾਵ ਕਰਕੇ ਇਹੋ ਜਿਹੀਆਂ ਲੋਕ ਕਥਾਵਾਂ ਹਿੰਦੁਸਤਾਨ ਵਿਚ ਪ੍ਰਚੱਲਿਤ ਹੋ ਗਈਆਂ ਸਨ ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਅਤਿ-ਕਥਨੀਆਂ ਲੱਗਦੀਆਂ ਹਨ। ਇਸ ਖਿਆਤ ਵਿਚ ਸਿੱਖਾਂ ਵੱਲੋਂ ਮੋਨੇ ਬੰਦੇ ਦਾ ਇਤਬਾਰ ਨਾ ਕਰਨ ਦਾ ਵੀ ਜ਼ਿਕਰ ਹੈ। ਇਹ ਤੱਥ ਸਿੱਖ ਰਹਿਤਨਾਮਿਆਂ ਵਿਚ ਵੀ ਮਿਲਦਾ ਹੈ। ਖਿਆਤ ਵਿਚ ਭਗਤ ਕਬੀਰ ਦਾ ਜਨਮ ਸੰਮਤ 1500 (1443 ਈ.) ਨੂੰ ਹੋਣ ਦੇ ਜ਼ਿਕਰ ਤੋਂ ਇਲਾਵਾ ਭਗਤ ਨਾਮਦੇਵ ਬਾਰੇ ਜ਼ਿਕਰ ਹੈ ਕਿ ਉਹ ਪੰਡਤਪੁਰ (ਮਹਾਰਾਸ਼ਟਰ) ਵਿਚ ਪਹਿਲਾ ਚਮਤਕਾਰੀ ਸੰਤ ਸੀ, ਇਨ੍ਹਾਂ ਜਾਣਕਾਰੀਆਂ ਤੋਂ ਇਲਾਵਾ ਲਾਹੌਰ ਦੇ ਸਿੱਖ ਮਹਾਰਾਜਾ ਰਣਜੀਤ ਸਿੰਘ ਬਾਰੇ ਵੀ ਸੰਖੇਪ ਜਾਣਕਾਰੀ ਦਰਜ ਹੈ, ਜਿਸ ਤੋਂ ਪਤਾ ਚੱਲਦਾ ਹੈ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸਿੱਖਾਂ ਤੋਂ ਇਲਾਵਾ ਫਰਾਂਸੀਸੀ ਜਰਨੈਲਾਂ ਅਧੀਨ ਅੰਗਰੇਜ਼ੀ ਫ਼ੌਜ ਵਾਂਗ ਸਿਖਲਾਈ ਪ੍ਰਾਪਤ ਫ਼ੌਜ ਦੀਆਂ ਦੋ ਕੰਪਨੀਆਂ, ਇਕ ਗੋਰਖਿਆਂ ਅਤੇ ਇਕ ਪੂਰਬੀਏ, ਯੂ.ਪੀ. ਆਦਿ ਵਾਲੇ ਸ਼ਾਮਿਲ ਸਨ ਅਤੇ ਰਣਜੀਤ ਸਿੰਘ ਦਾ ਨਾਮ ਦੁਨੀਆ ਵਿਚ ਹਿੰਦੁਸਤਾਨ ਦੇ ਪ੍ਰਸਿੱਧ ਰਾਜਿਆਂ ਵਿਚ ਸ਼ੁਮਾਰ ਸੀ।

ਇਸ ਤੋਂ ਇਲਾਵਾ ਮੁਲਤਾਨ ਦੇ ਕਿਲ੍ਹੇ ’ਤੇ ਕਬਜੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਹੱਥ ਬਹੁਤ ਧਨ ਲੱਗਣ ਬਾਰੇ ਜਾਣਕਾਰੀਆਂ ‘ਬਾਂਕੀ ਦਾਸ ਰੀ ਖਿਆਤ’ ਵਿਚੋਂ ਮਿਲਦੀ ਹੈ।

### 2.1.3. ਬਾਂਕੀ ਦਾਸ ਰੀ ਖਿਆਤ ਵਿਚ ਸਿਖ ਧਰਮ ਸਬੰਧੀ ਭ੍ਰਾਂਤੀਆਂ ਅਤੇ ਨਕਾਰਾਤਮਕ ਤੱਥ:

ਬਾਂਕੀ ਦਾ ਰੀ ਖਿਆਤ ਵਿਚ ਸਿੱਖ ਧਰਮ ਅਤੇ ਇਤਿਹਾਸ ਬਾਰੇ ਕੁਝ ਭ੍ਰਾਂਤੀਆਂ ਅਤੇ ਨਾਕਾਰਾਤਮਕ ਤੱਥ ਵੀ ਮਿਲਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਨਾਲ ਕੋਈ ਰਵੀਦਾਸੀਏ ਸਿੱਖ, ਰੰਘਰੇਟਾ (ਜਿਸ ਨੂੰ ਖਿਆਤਕਾਰ ਨੇ ਚੰਡਾਲ ਕਿਹਾ ਹੈ) ਅਤੇ ਭਾਈ ਮਰਦਾਨਾ ਸ਼ਹੀਦ ਨਹੀਂ ਹੋਏ ਸਨ। ਭਾਈ ਜੈਤਾ ਨੂੰ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਦਿੱਲੀ ਤੋਂ ਅਨੰਦਪੁਰ ਲਿਆਉਣ ਕਰਕੇ ਗੁਰੂ ਗੋਬਿੰਦ ਸਿੰਘ ਨੇ ‘ਰੰਘਰੇਟੇ ਗੁਰੂ ਕੇ ਬੇਟੇ’ ਦਾ ਵਰ ਦਿੱਤਾ ਸੀ। ਇਸ ਲਈ ਬਾਂਕੀ ਦਾਸ ਦਾ ਉਪਰੋਕਤ ਕਥਨ ਮਨਘੜਤ ਅਤੇ ਸੁਣੀਆਂ-ਸੁਣਾਈਆਂ ਅਤਿ-ਕਥਨੀਆਂ ਵਜੋਂ ਖਿਆਤਕਾਰ ਨੇ ਆਪਣੇ ਸਰੋਤ ਵਿਚ ਵਰਨਣ ਕਰ ਲਿਆ ਹੈ। ਇਸ ਤੋਂ ਇਲਾਵਾ ਖਿਆਤਕਾਰ ਵੱਲੋਂ ਵਰਣਿਤ ਸਿੱਖਾਂ ਕੋਲ 10 ਲੱਖ ਬੰਦੂਕਾਂ ਹੋਣ ਦੀ ਗੱਲ ਵੀ ਅਤਿ-ਕਥਨੀ ਦੇ ਪ੍ਰਭਾਵ ਵਜੋਂ ਹੀ ਆਈ ਲੱਗਦੀ ਹੈ। ਖਿਆਤ ਵਿਚ ਸਿੱਖਾਂ ਦੇ ਅਕਾਲੀ ਭਾਵ ਨਿਹੰਗ ਭੇਖ ਬਾਰੇ ਖਿਆਤਕਾਰ ਦੀ ਟਿੱਪਣੀ ‘ਗੁਰੂ ਨਾਨਕ ਰਾ ਭੇਖ ਮੇਂ ਆਕਾਲੀ ਹਰਾਮਜ਼ਾਦਾ ਹੋਵੈ’ ਨਿਹੰਗ ਸਿੰਘਾਂ ਬਾਰੇ ਨਾਕਾਰਾਤਮਕ ਸੋਚ ਦਾ ਪ੍ਰਤੀਕ ਹੈ। ਖਿਆਤਕਾਰ ਦੀ ਇਸ ਟਿੱਪਣੀ ਪਿੱਛੇ ਕੀ ਭਾਵਨਾ ਸੀ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਉਸ ਸਮੇਂ ਪੰਜਾਬ ਵਿਚ ਨਿਹੰਗ ਸਿੰਘਾਂ ਬਾਰੇ ਇਸ ਤੋਂ ਉਲਟੀ ਅਖਾਣ ‘ਆਏ ਨੀ ਨਿਹੰਗ ਬੂਹਾ ਖੋਲ ਦੇ ਨਿਸੰਗ’ ਪ੍ਰਚੱਲਿਤ ਸੀ।

ਰਾਜਸਥਾਨੀ ਭਾਸ਼ਾ ਦੇ ਵਾਰਤਕ ਵਿਚ ਰਚਿਤ ਸਾਹਿਤਕ ਅਤੇ ਇਤਿਹਾਸਕ ਮਿਸ਼ਰਣ ਦੇ ਸਰੋਤ ਬਾਂਕੀ ਦਾਸ ਰੀ ਖਿਆਤ ਵਿਚ ਸਿੱਖ ਧਰਮ ਬਾਰੇ ਸਟੀਕ ਜਾਣਕਾਰੀਆਂ ਮਿਲਦੀਆਂ ਹਨ ਪਰ ਇਸ ਵਿਚ ਨਾਲ ਹੀ ਨਕਾਰਾਤਮਕ ਤੱਥ ਅਤੇ ਅਤਿ-ਕਥਨੀਆਂ ਦੇ ਦੋਸ਼ ਵੀ ਨਜ਼ਰ ਆਉਂਦੇ ਹਨ। ਇਸ ਲਈ ਇਸ ਖਿਆਤ ਨੂੰ ਵਰਤਣ ਸਮੇਂ ਵਧੇਰੇ ਸਾਵਧਾਨੀ ਦੀ ਲੋੜ ਹੈ।

## 2.2. ਬੀਕਾਨੇਰ ਰੀ ਖਿਆਤ

ਰਾਜਸਥਾਨੀ ਭਾਸ਼ਾ ਵਿਚ ਰਚਿਤ ਖਿਆਤਾਂ ਵਿਚੋਂ 'ਬੀਕਾਨੇਰ ਰੀ ਖਿਆਤ' (ਬੀਕਾਨੇਰ ਰੇ ਰਾਠੋੜਾਂ ਰੀ ਖਿਆਤ) ਅਤੇ 'ਖਿਆਤ ਦੇਸ਼ ਦਰਪਣ' ਨੂੰ ਰਾਜਸਥਾਨ ਦੀ ਬੀਕਾਨੇਰ ਰਿਆਸਤ ਦਾ ਇਤਿਹਾਸ ਲਿਖਣ ਜਾਂ ਸਮਝਣ ਲਈ ਸਭ ਤੋਂ ਜ਼ਿਆਦਾ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਨ੍ਹਾਂ ਦੋਹਾਂ ਖਿਆਤਾਂ ਦਾ ਰਚੈਤਾ ਬੀਕਾਨੇਰ ਰਿਆਸਤ ਦਾ ਕਵੀ ਅਤੇ ਅਹਿਲਕਾਰ 'ਦਿਆਲ ਦਾਸ ਸਿੰਢਾਇਚ' ਹੈ। ਇਸ ਲਈ ਇਨ੍ਹਾਂ ਦੋਵਾਂ ਖਿਆਤਾਂ ਨੂੰ 'ਦਿਆਲ ਦਾਸ ਰੀ ਖਿਆਤ' ਕਰਕੇ ਵੀ ਜਾਣਿਆ ਜਾਂਦਾ ਹੈ।

### 2.2.1. ਖਿਆਤਕਾਰ ਅਤੇ ਖਿਆਤ ਬਾਰੇ ਮੁੱਢਲੀ ਜਾਣਕਾਰੀ

ਬੀਕਾਨੇਰ ਰੀ ਖਿਆਤ ਦਾ ਰਚੈਤਾ ਦਿਆਲ ਦਾਸ ਸਿੰਢਾਇਚ ਚਾਰਨ ਜਾਤੀ ਦੇ ਭਾਦਲੀਆ ਮਾਰੂ ਗੋਤਰ ਨਾਲ ਸਬੰਧ ਰੱਖਦਾ ਸੀ ਅਤੇ ਬੀਕਾਨੇਰ ਰਿਆਸਤ ਦਾ ਰਾਜ ਕਵੀ ਸੀ। ਇਸ ਤੋਂ ਇਲਾਵਾ ਦਿਆਲ ਦਾਸ ਬੀਕਾਨੇਰ ਰਿਆਸਤ ਦਾ ਪ੍ਰਬੀਨ ਕੂਟਨੀਤਿਕ ਅਹਿਲਕਾਰ ਵੀ ਸੀ। ਉਹ ਬੀਕਾਨੇਰ ਰਿਆਸਤ ਦੇ ਤਿੰਨ ਸ਼ਾਸਕਾਂ ਮਹਾਰਾਜਾ ਰਤਨ ਸਿੰਘ, ਮਹਾਰਾਜਾ ਸਰਦਾਰ ਸਿੰਘ ਅਤੇ ਮਹਾਰਾਜਾ ਡੂੰਗਰ ਸਿੰਘ ਦਾ ਸਮਕਾਲੀ ਸੀ। ਉਸ ਨੇ ਬੀਕਾਨੇਰ ਰਿਆਸਤ ਦੀ 1828 ਈ. ਤੋਂ 1891 ਈ. ਤੱਕ ਲਗਭਗ 63 ਸਾਲ ਸੇਵਾ ਕੀਤੀ। ਉਸ ਦੀਆਂ ਰਚਨਾਵਾਂ 'ਬੀਕਾਨੇਰ ਰੀ ਖਿਆਤ' ਅਤੇ 'ਖਿਆਤ ਦੇਸ਼ ਦਰਪਣ' ਵਿਚੋਂ ਉਸ ਦੇ ਜੀਵਨ ਅਤੇ ਕੰਮਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ।[11]

ਦਿਆਲ ਦਾਸ ਨੇ 'ਬੀਕਾਨੇਰ ਰੀ ਖਿਆਤ' ਦੀ ਰਚਨਾ ਆਪਣੇ ਮਾਲਕ ਮਹਾਰਾਜਾ ਸਰਦਾਰ ਸਿੰਘ ਦੇ ਕਹਿਣ 'ਤੇ ਕੀਤੀ ਸੀ। ਇਹ ਖਿਆਤ ਉਸ ਨੇ 1851-52 ਈ. ਦੌਰਾਨ ਸੰਪੂਰਨ ਕੀਤੀ। ਖਿਆਤ ਲਿਖਣ ਸਮੇਂ ਦਿਆਲ ਦਾਸ ਉਚਾਰਣ ਕਰਦਾ ਸੀ ਅਤੇ ਉਸ ਦੇ ਨਾਲ ਰਿੱਦਕਰਨ ਨਾਂ ਦਾ ਆਦਮੀ ਲਿਖਾਰੀ ਵਜੋਂ ਲਿਖਦਾ ਸੀ। ਇਸ ਤਰ੍ਹਾਂ ਇਸ ਖਿਆਤ ਵਿਚ ਲਿਖਣ ਦਾ ਕਾਰਜ ਰਿਦਕਰਨ ਨਾਂ ਦੇ ਵਿਅਕਤੀ ਦੁਆਰਾ ਕੀਤਾ ਗਿਆ ਹੈ।[12] ਇਸ ਖਿਆਤ ਵਿਚ 1700 ਈ. ਤੋਂ 1851 ਈ. ਤੱਕ ਬੀਕਾਨੇਰ ਰਾਜ ਨਾਲ ਸਬੰਧਿਤ ਇਤਿਹਾਸਕ

---

[11] ਦਿਆਲ ਦਾਸ ਦਾ ਸਿੰਢਾਇਚ ਕਿਰਤ, **ਖਿਆਤ ਦੇਸ਼ ਦਰਪਣ**, ਸੰਪਾ. ਜੇ. ਕੇ. ਜੈਨ, ਪੰਨੇ 1-2.

[12] ਉਹੀ, ਪੰਨਾ 3.

ਘਟਨਾਵਾਂ ਲਿਖੀਆਂ ਹੋਈਆਂ ਹਨ। ਦਿਆਲ ਦਾਸ ਖੁਦ ਬੀਕਾਨੇਰ ਰਿਆਸਤ ਦੇ ਇਕ ਅਹਿਮ ਅਹੁਦੇ ’ਤੇ ਕੰਮ ਕਰਦਾ ਹੋਣ ਕਰਕੇ 63 ਸਾਲ ਦੇ ਲਗਭਗ ਉਸ ਨੇ ਬੀਕਾਨੇਰ ਰਿਆਸਤ ਦੇ ਸਾਰੇ ਹਾਲਾਤਾਂ ਨੂੰ ਆਪਣੇ ਅੱਖੀਂ ਦੇਖਿਆ ਅਤੇ ਕੰਨੀ ਸੁਣਿਆ ਸੀ। ਇਸ ਤੋਂ ਇਲਾਵਾ ਉਸ ਨੇ ਆਪਣੀਆਂ ਖਿਆਤ ਰਚਨਾਵਾਂ ਵਿਚ ਬੀਕਾਨੇਰ ਰਿਆਸਤ ਨਾਲ ਸਬੰਧਿਤ ਬਾਤਾਂ, ਵੰਸ਼ਾਵਲੀਆਂ, ਇਤਿਹਾਸਕ ਕਾਵਿ ਗ੍ਰੰਥਾਂ, ਪਟੇ, ਪ੍ਰਵਾਨਿਆਂ, ਸਨਦਾਂ, ਖਰੀਤਿਆਂ, ਵਹੀਆਂ ਆਦਿ ਤੋਂ ਪ੍ਰਾਪਤ ਪੁਖਤਾ ਜਾਣਕਾਰੀ ਪ੍ਰਸਤੁਤ ਕੀਤੀ ਹੈ। ਇਸੇ ਲਈ ‘ਬੀਕਾਨੇਰ ਰੀ ਖਿਆਤ’ ਨੂੰ ਬੀਕਾਨੇਰ ਅਤੇ ਮਾਰਵਾੜ ਦਾ ਇਤਿਹਾਸ ਜਾਨਣ ਲਈ ਵਧੇਰੇ ਵਿਸ਼ਵਾਸਯੋਗ ਅਤੇ ਪ੍ਰਮਾਣਿਕ ਮੰਨਿਆਂ ਜਾਂਦਾ ਹੈ। ਇਸ ਖਿਆਤ ਵਿਚਲੀਆਂ 18ਵੀਂ-19ਵੀਂ ਸਦੀ ਦੀਆਂ ਘਟਨਾਵਾਂ ਜਿਆਦਾ ਪ੍ਰਮਾਣੀਕ ਮੰਨੀਆਂ ਜਾਂਦੀਆਂ ਹਨ।

ਬੀਕਾਨੇਰ ਰੀ ਖਿਆਤ ਮੁਖ ਤੌਰ ’ਤੇ ਰਾਜਸਥਾਨੀ ਵਾਰਤਕ ਵਿਚ ਲਿਖੀ ਗਈ ਹੈ ਪਰ ਵਿਚ-ਵਿਚ ਦੋਹੇ, ਕਬਿਤ, ਗੀਤ, ਨਿਸ਼ਾਨੀ, ਵਚਨਿਕਾ ਆਦਿ ਦੀ ਵਰਤੋਂ ਕਰਕੇ ਰਚਨਾ ਨੂੰ ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਦਾ ਯਤਨ ਕੀਤਾ ਹੈ। ਖਿਆਤ ਦੀ ਭਾਸ਼ਾ ਬੀਕਾਨੇਰੀ ਮਾਰਵਾੜੀ ਹੈ ਪਰ ਹਿੰਦੀ ਅਤੇ ਬ੍ਰਿਜ ਦਾ ਵੀ ਪ੍ਰਭਾਵ ਨਜਰ ਆਉਂਦਾ ਹੈ। ਇਸ ਤੋਂ ਇਲਾਵਾ ਖਿਆਤ ਵਿਚ ਉਰਦੂ, ਫ਼ਾਰਸੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਸ਼ਬਦ ਵੀ ਤਤਸਮ ਤੇ ਤਦਭਵ ਰੂਪ ਵਿਚ ਆਏ ਹਨ। ਖਿਆਤ ਵਿਚ ਬਿਕ੍ਰਮੀ ਅਤੇ ਈਸਵੀ ਦੋਵੇਂ ਸੰਮਤ ਰਲਵੇਂ-ਮਿਲਵੇਂ ਵਰਤੇ ਗਏ ਹਨ। ਦਿਆਲ ਦਾਸ ਦਾ ਇਹ ਖਿਆਤ ਰਚਣ ਦਾ ਉਦੇਸ਼ ਬੀਕਾਨੇਰ ਰਿਆਸਤ ਦਾ ਇਤਿਹਾਸ ਲਿਖਣਾ ਹੈ। ਇਸ ਦੇ ਨਾਲ ਖਿਆਤਕਾਰ ਦਾ ਉਦੇਸ਼ ਆਪਣੇ ਮਾਲਕ, ਬੀਕਾਨੇਰ ਦੇ ਰਾਠੌੜ ਵੰਸ਼ ਅਤੇ ਬੀਕਾਨੇਰ ਰਿਆਸਤ ਨੂੰ ਦੂਜਿਆਂ ਰਾਜਿਆਂ ਅਤੇ ਰਿਆਸਤਾਂ ਨਾਲੋਂ ਸਰਵ-ਸ੍ਰੇਸ਼ਟ ਦਰਸਾਉਣਾ ਵੀ ਹੈ।

ਹਥਲੇ ਖੋਜ-ਕਾਰਜ ਵਿਚ ‘ਰਾਜਸਥਾਨੀ ਸ਼ੋਧ ਸੰਸਥਾਨ ਚੌਪਾਸਨੀ, ਜੋਧਪੁਰ ਦੁਆਰਾ ਪ੍ਰਕਾਸ਼ਤ ਖਿਆਤ ਨੂੰ ਆਧਾਰ ਬਣਾਇਆ ਗਿਆ ਹੈ।[13] ਇਹ ਖਿਆਤ ‘ਬੀਕਾਨੇਰ ਰੇ ਰਾਠੌੜਾਂ ਰੀ ਖਿਆਤ’ ਦਾ ਅੰਤਿਮ ਭਾਗ ਹੈ ਜਿਸ ਵਿਚ ਬੀਕਾਨੇਰ ਦੇ ਮਹਾਰਾਜਾ ਸੁਜਾਨ ਸਿੰਘ ਤੋਂ

[13] ਦਿਆਲ ਦਾਸ ਸਿੰਢਾਇਚ ਕ੍ਰਿਤ, **ਬੀਕਾਨੇਰ ਰੀ ਖਿਆਤ**, ਸੰਪਾ. ਹੁਕਮ ਸਿੰਘ ਭਾਟੀ.

ਮਹਾਰਾਜਾ ਰਤਨ ਸਿੰਘ ਤੱਕ (1700-1851 ਈ.) ਦਾ ਬੀਕਾਨੇਰ ਰਿਆਸਤ ਦਾ ਹਾਲ ਵਰਨਣ ਕੀਤਾ ਗਿਆ ਹੈ।

### 2.2.2. ਬੀਕਾਨੇਰ ਰੀ ਖਿਆਤ ਵਿਚ ਸਿੱਖਾਂ ਨਾਲ ਸਬੰਧਿਤ ਵਿਵਰਣ:

ਦਿਆਲ ਦਾਸ ਸਿੰਢਾਇਚ ਦੀ 'ਬੀਕਾਨੇਰ ਰੇ ਰਾਠੌੜਾਂ ਰੀ ਖਿਆਤ' ਬੀਕਾਨੇਰ ਰਿਆਸਤ ਦੇ ਅਤੇ ਇਸ ਰਿਆਸਤ ਦੇ ਰਾਠੌੜ ਵੰਸ਼ ਦਾ ਇਤਿਹਾਸ ਲਿਖਿਆ ਗਿਆ ਹੈ। ਪਰ ਬੀਕਾਨੇਰ ਦੀ ਹੱਦ ਸਿੱਖ ਪੈਦਾਇਸ਼ੀ ਇਲਾਕੇ ਪੰਜਾਬ ਨਾਲ ਲੱਗਦੀ ਹੋਣ ਕਰਕੇ ਬੀਕਾਨੇਰ ਰਿਆਸਤ ਦਾ ਸਿੱਖਾਂ ਨਾਲ ਵਾਹ ਪੈਂਦਾ ਰਹਿੰਦਾ ਸੀ। ਇਸ ਲਈ ਇਸ ਖਿਆਤ ਵਿਚ ਸਿੱਖਾਂ ਨਾਲ ਸਬੰਧਿਤ ਬਹੁਤ ਸਾਰੇ ਵੇਰਵੇ ਵੱਖ-ਵੱਖ ਸੰਦਰਭਾਂ ਵਿਚ ਆਏ ਹਨ।

**ਬਾਬਾ ਰਾਮ ਰਾਇ ਬਾਰੇ:** ਜਦੋਂ ਬਾਦਸ਼ਾਹ ਆਲਮਗੀਰ (ਔਰੰਗਜ਼ੇਬ) ਨੇ ਸੰਮਤ 1758 (1701 ਈ.) ਨੂੰ ਦਿੱਲੀ ਵਿਚ ਸੂਫੀ ਫਕੀਰ ਸਰਮਦ ਨੂੰ ਮਰਵਾਇਆ ਜੋ ਵੱਡਾ ਔਲੀਆ ਸੀ ਫਿਰ ਲੱਗਦੇ ਹੱਥ ਹੀ ਇਕ ਨਾਨਕ ਸਾਧੂ ਨੂੰ ਮਰਵਾਇਆ ਇਸ 'ਤੇ ਆਲਮਗੀਰ ਨੂੰ ਮਗਰੋਂ ਬਹੁਤ-ਬਹੁਤ ਪਛਤਾਵਾ ਹੋਇਆ ਅਤੇ ਸਰਮਦ ਫਕੀਰ ਦੇ ਚੇਲੇ ਦੇ ਡੇਰੇ ਆਪਣਾ ਗੁਨਾਹ ਮੁਆਫ ਕਰਾਉਣ ਲਈ ਗਿਆ ਪਰ ਝੂਠਾ ਹੋਣ ਕਰਕੇ ਉਸ ਦਾ ਗੁਨਾਹ ਮੁਆਫ਼ ਨਾ ਹੋ ਸਕਿਆ। ਇਸ ਤੋਂ 15 ਦਿਨ ਪਿੱਛੋਂ (ਗੁਰੂ) ਨਾਨਕ ਜੀ ਦੀ ਗੱਦੀ 'ਤੇ (ਗੁਰੂ) ਹਰਰਾਇ ਜੀ ਗੱਦੀਨਸ਼ੀਨ ਹੋਇਆ। ਉਨ੍ਹਾਂ ਦਾ ਸਰਭਾਈ ਰਾਮਰਾਇ ਜੀ ਬੜਾ ਸਿੱਧ ਸੀ, ਉਹ ਆਪਣੇ ਚਾਰ ਚੇਲਿਆਂ ਨਾਲ ਦਿੱਲੀ ਆਇਆ ਤੇ ਗੜ੍ਹ ਵਿਚ ਸ਼ਕਤੀ ਨਾਲ ਇਕੋ ਸਮੇਂ 2 ਥਾਂਈ ਆਸਣ ਲਗਾਏ। ਸੋ ਸੰਮਤ 1757 ਜੇਠ ਵਦੀ 4 (26 ਅਪ੍ਰੈਲ 1700 ਈ.) ਨੂੰ ਬਾਦਸ਼ਾਹ ਇਹ ਗੱਲ ਪਤਾ ਲੱਗੀ। ਬਾਦਸ਼ਾਹ ਨੂੰ ਇਹ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਰਾਮਰਾਇ ਜੀ ਕਰਾਮਾਤੀ ਹੈ। ਸੋ ਬਾਦਸ਼ਾਹ ਨੇ ਬੱਕਰਾ, ਘਿਉ, ਆਟਾ ਆਦਿ ਦੇ ਕੇ ਕਾਜੀ ਦੇ ਨਾਲ ਚੰਗੇ-ਚੰਗੇ ਬੰਦਿਆਂ ਨੂੰ ਰਾਮਰਾਇ ਜੀ ਨੂੰ ਭੇਂਟ ਕਰਨ ਲਈ ਭੇਜਿਆ। ਕਾਜੀ ਨੇ ਜਾ ਕੇ ਪੁੱਛਿਆ "ਮਹਾਰਾਜ ਝਟਕਾ ਖਾਉਗੇ ਜਾਂ ਹਲਾਲ"? ਤਾਂ ਮਹਾਰਾਜ (ਰਾਮਰਾਇ) ਨੇ ਕਿਹਾ, "ਜੋ ਤੇਰੀ ਮਰਜੀ ਹੈ"। ਕਾਜੀ ਨੇ ਬਕਰਾ ਹਲਾਲ ਕਰ ਦਿੱਤਾ। ਉਸ ਵੇਲੇ ਮਹਾਰਾਜ ਨੇ ਚੇਲਿਆਂ ਨੂੰ ਆਖਿਆ ਕਿ ਇੱਕ ਲੱਤ (ਬੱਕਰੇ ਦੀ) ਕੱਟ ਕੇ ਕਾਜੀ ਨੂੰ ਦੇ ਦਿਉ ਚੇਲਿਆਂ ਨੇ ਇੱਕ ਲੱਤ ਕਾਜੀ ਨੂੰ ਦੇ ਦਿੱਤੀ ਤੇ ਪਿੱਛੋਂ

ਬਾਕੀ ਬਚੇ ਦੀ ਸਬਜੀ ਬਣਾ ਕੇ ਮਹਾਰਾਜ ਤੇ ਚੇਲਿਆਂ ਨੇ ਭੋਜਨ ਕੀਤਾ। ਬਾਦਸ਼ਾਹ ਦੇ ਖਾਸ ਆਦਮੀ ਦਰਸ਼ਨ ਕਰਨ ਲਈ ਬੈਠੇ ਸਨ ਉਨ੍ਹਾਂ ਨੇ ਇਹ ਸਭ ਕੁਛ ਵੇਖਿਆ ਤੇ ਉਸ ਇੱਕ ਲੱਤ ਦੀ ਸਬਜੀ ਕਾਜ਼ੀ ਨੇ ਖਾ ਲਈ। ਪਿੱਛੇ ਚੰਗੇ ਵੱਡੇ ਲੋਕ (ਬਾਦਸ਼ਾਹ ਦੇ ਖਾਸ) ਮਹਾਰਾਜ ਤੋਂ ਆਗਿਆ ਲੈ ਕੇ ਬਾਦਸ਼ਾਹ ਕੋਲ ਚਲੇ ਗਏ ਤੇ ਸਾਰੀ ਹਕੀਕਤ ਬਾਦਸ਼ਾਹ ਨੂੰ ਜਾ ਦੱਸੀ। ਦੋ ਘੜੀ ਪਿੱਛੋਂ ਬਾਦਸ਼ਾਹ ਖਾਸੇ ਦੀ ਸਵਾਰੀ ਕਰਕੇ ਰਾਮਰਾਇ ਜੀ ਦੇ ਦਰਸ਼ਨ ਕਰਨ ਪਹੁੰਚਿਆ। ਅੱਗੇ ਰਾਮਰਾਇ ਜੀ ਪੂਰੇ ਜੋਰ ਨਾਲ ਬੋਲ ਰਹੇ ਸਨ ਤੇ ਧੂਣੀ ਉੱਪਰ ਪਦਮ-ਆਸਣ ਲਗਾ ਕੇ ਮਸਤ ਹੋਇਆ ਬੈਠਾ ਸੀ ਤੇ ਧੂਣੀ ਮੱਚ ਰਹੀ ਸੀ। ਬਾਦਸ਼ਾਹ 20 ਕਦਮ ਪਿੱਛੇ ਖਾਸੇ ਤੋਂ ਉੱਤਰਿਆ ਤੇ 15 ਕੁ ਕਦਮ ਅੱਗੇ ਹੋ ਕੇ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਮਹਾਰਾਜ ਨੇ ਆਸੀਸ ਦਿੱਤੀ। ਬਾਦਸ਼ਾਹ ਪੰਜ ਕਦਮ ਪਿੱਛੇ ਹੀ ਖੜ੍ਹਾ ਹੋ ਗਿਆ ਤੇ ਉਥੇ ਖੜ੍ਹੇ ਹੋ ਕੇ ਹੱਥ ਜੋੜ ਕੇ ਪੁੱਛਿਆ, "ਮਹਾਰਾਜ ਜਿਹੜਾ ਤੁਹਾਨੂੰ ਬੱਕਰਾ ਭੇਜਿਆ ਸੀ, ਕਿੱਥੇ ਹੈ?" ਜਿੱਥੇ ਰਾਮਰਾਇ ਜੀ ਬੈਠਾ ਸੀ ਕੋਲੋਂ ਹੀ ਚਾਦਰ ਚੁੱਕੀ ਤੇ ਕਿਹਾ ਕਿ "ਆਹ ਤੇਰਾ ਬੱਕਰਾ ਤਿੰਨਾਂ ਲੱਤਾਂ ਸਮੇਤ ਖੜ੍ਹਾ ਹੈ", ਨਾਲ ਆਏ ਬਹੁਤ ਸਾਰੇ ਆਦਮੀ ਹੈਰਾਨ ਹੋ ਕੇ ਦੇਖਦੇ ਹੀ ਰਹਿ ਗਏ। ਫਿਰ ਬਾਦਸ਼ਾਹ ਨੇ ਕੋਲ ਜਾ ਕੇ ਨਮਸਕਾਰ ਕੀਤੀ ਤੇ ਕਿਹਾ ਕਿ ਮਹਾਰਾਜ ਕੋਈ ਹੁਕਮ ਕਰੋ। ਸੋ ਬਾਦਸ਼ਾਹ ਰਾਮਰਾਇ ਵੱਲ ਮਾਇਆ ਦੀ ਤਰ੍ਹਾਂ ਮੋਹਿਆ ਗਿਆ ਸੋ ਫਿਰ ਲਾਚਾਰ ਹੋ ਗਿਆ। ਇਸ ਬਾਦਸ਼ਾਹ ਨੇ ਇਸ ਤਰ੍ਹਾਂ ਕਦੇ ਕਿਸੇ ਫਕੀਰ ਨੂੰ ਨਮਸਕਾਰ ਨਹੀਂ ਕੀਤਾ ਸੀ। ਪਿੱਛੋਂ ਰਾਮ ਰਾਇ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਤੂੰ ਦਿੱਲੀ ਵਿਚ ਨਾ ਰਹਿ। ਬਾਦਸ਼ਾਹ ਇਹ ਆਗਿਆ ਕਬੂਲ ਕਰਕੇ ਤੀਜੇ ਦਿਨ ਡੇਢ ਲੱਖ ਫ਼ੌਜ ਲੈ ਕੇ ਦਰਮੰਜ਼ਲ ਔਰੰਗਾਬਾਦ ਚਲਾ ਗਿਆ, ਫਿਰ ਪਿੱਛੋਂ ਕਦੇ ਦਿੱਲੀ ਨਾ ਆਇਆ। ਗੱਭਰੂ, ਮੌਜੀ ਫਕੀਰ ਵਗੈਰਾ ਸਭ ਟਟੋਲ ਕੇ ਨਾਲ ਲੈ ਗਿਆ।[14]

**ਸਿੱਖਾਂ ਨੌਹਰ ਮਾਰਨੀ:** ਬੀਕਾਨੇਰ ਰਾਜ ਅੰਦਰ ਪ੍ਰਬੰਧ ਕਾਇਮ ਰੱਖਣ ਲਈ ਮੁਹਤੇ ਬਖਤਾਵਰ ਸਿੰਘ ਨੂੰ ਨੌਹਰ ਭੇਜਿਆ। ਪਿੱਛੋਂ ਸੰਮਤ 1813 ਨੂੰ ਮੁਹਤਾ ਨੂੰ ਪਦ-ਉੱਨਤ ਕੀਤਾ। ਸਾਵਣ ਵਦੀ 5 ਨੂੰ ਮੁਹਤਾ ਪ੍ਰਿਥੀ ਸਿੰਘ ਦੇ ਬੇਟੇ ਨੂੰ ਬਖਸ਼ਿਸ਼ ਹੋਈ, ਜਿੰਨ੍ਹਾਂ ਦਿਨਾਂ ਵਿਚ ਸਿੱਖਾਂ ਨੇ ਨੌਹਰ ਮਾਰੀ (1754 ਈ.), ਉਸ ਸਮੇਂ ਦੌਲਤ ਸਿੰਘ ਪ੍ਰਿਥੀਰਾਜੋਤ ਨੂੰ ਤੇ ਮੁਹਤੇ ਮਾਧੋ ਰਾਇ ਨੂੰ

---

[14] **ਉਹੀ**, ਪੰਨੇ 25-26.

ਰਾਜ ਪ੍ਰਬੰਧ ਕਰਨ ਲਈ ਭੇਜਿਆ ਗਿਆ।[15] ਇਸ ਤੋਂ ਇਕ ਸਾਲ ਪਿੱਛੋਂ ਭਾਟੀਆਂ (ਭੱਟੀਆਂ) ਨੇ ਜਾਰਜ ਫਿਰੰਗੀ (ਜਾਰਜ ਟਾਮਸ) ਦੀ ਮਦਦ ਨਾਲ ਫਤਹਿਗੜ੍ਹ 'ਤੇ ਕਬਜਾ ਕਰ ਲਿਆ ਤਾਂ ਬੀਕਾਨੇਰ ਰਿਆਸਤ ਵੱਲੋਂ ਰਾਵਤ ਬਹਾਦਰ ਸਿੰਘ, ਸਿੱਖ ਟੀਕਾ (ਟਿੱਕਾ) ਸਿੰਘ ਆਦਿ ਦੀ ਅਗਵਾਈ ਵਿਚ 4000 ਦੀ ਗਿਣਤੀ ਫ਼ੌਜ ਨੇ ਰਾਜੇ ਫਤਹਿਗੜ੍ਹ ਉੱਤੇ ਕਬਜਾ ਕਰ ਲਿਆ ਤੇ ਫਤਹਿਗੜ੍ਹ ਥਾਨੇ ਵਿਚ ਸਿੱਖ ਟਿੱਕਾ ਸਿੰਘ ਤੇ ਮੋਤੀਗੇਨ ਜੀ 500 ਆਦਮੀਆਂ ਸਮੇਤ ਰਹੇ।[16]

**ਪਟਿਆਲੇ ਵਾਲਿਆਂ ਦਾ ਭਾਦਰਾ ਮੱਲਣਾ**: ਸੰਮਤ 1872 (1815/16 ਈ.) ਭਾਦਰਾ ਦਾ ਠਾਕੁਰ ਪ੍ਰਤਾਪ ਸਿੰਘ ਬੀਕਾਨੇਰ ਰਿਆਸਤ ਤੋਂ ਭਾਦਰਾ ਨੂੰ ਮੁਕਤ ਕਰਨ ਲਈ ਆਕੀ ਹੋ ਗਿਆ। ਕਈ ਦਿਨਾਂ ਤੱਕ ਠਾਕੁਰ ਪ੍ਰਤਾਪ ਸਿੰਘ ਨਾਲ ਬੀਕਾਨੇਰ ਰਿਆਸਤ ਦੀ ਲੜਾਈ ਹੁੰਦੀ ਰਹੀ। ਅਖੀਰ ਪਟਿਆਲਾ ਰਿਆਸਤ ਦੀ ਫ਼ੌਜ ਦੀ ਮਦਦ ਲਈ ਗਈ ਤੇ ਫ਼ੌਜ ਨੂੰ ਖਰਚ ਬੀਕਾਨੇਰ ਰਿਆਸਤ ਦੇ ਪਰਗਨੇ ਸੀਕਰ 'ਚੋਂ ਦੇਣਾ ਕੀਤਾ। ਸਿੱਖਾਂ ਨੇ ਆਣ ਕੇ ਭਾਦਰਾ 'ਤੇ ਅਧਿਕਾਰ ਕਰ ਲਿਆ ਅਤੇ ਠਾਕੁਰ ਪ੍ਰਤਾਪ ਸਿੰਘ ਸਿੱਖਾਂ ਨਾਲ ਸੁਲਾ ਕਰਕੇ ਪਰਿਵਾਰ ਸਮੇਤ ਉਥੋਂ ਨਿਕਲ ਗਿਆ। ਇਸ ਤਰ੍ਹਾਂ ਮਾਘ (ਸੰਮਤ 1872, 1816 ਈ.) ਵਿਚ ਭਾਦਰਾ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ।[17]

**ਪਟਿਆਲੇ ਵਾਲਿਆਂ ਤੋਂ ਭਾਦਰਾ ਛੁੱਟਣਾ**: ਠਾਕੁਰ ਪ੍ਰਤਾਪ ਸਿੰਘ ਨਾਲ ਭਾਦਰਾ ਇਕ ਮਹੀਨਾ ਲੜਾਈ ਹੁੰਦੀ ਰਹੀ ਅਖੀਰ ਪਟਿਆਲੇ ਦੇ (ਰਾਜਾ) ਕਰਮ ਸਿੰਘ ਦੀ ਫ਼ੌਜ ਬੀਕਾਨੇਰ ਦੇ ਕਹਿਣ 'ਤੇ ਭਾਦਰਾ ਆਈ। ਅਖੀਰ ਸਿੱਖਾਂ ਨਾਲ ਗੱਲ ਪੱਕੀ ਕਰਕੇ ਠਾਕੁਰ ਪ੍ਰਤਾਪ ਸਿੰਘ ਨਿਕਲ ਗਿਆ। ਸਿੱਖਾਂ ਨੇ ਭਾਦਰਾ 'ਤੇ ਕਬਜ਼ਾ ਕਰ ਲਿਆ। ਪਟਿਆਲੇ ਵਾਲਿਆਂ ਤੋਂ ਭਾਦਰਾ ਛੁਡਾਉਣ ਲਈ ਬੀਕਾਨੇਰ ਰਿਆਸਤ ਦੇ ਰੈਜੀਡੈਂਟ ਨੇ ਦਿੱਲੀ ਦੇ ਵੱਡੇ ਸਾਹਬ (ਅੰਗਰੇਜ਼) ਨੂੰ ਲਿਖਿਆ ਕਿ ਪਟਿਆਲੇ ਵਾਲਿਆਂ ਤੋਂ ਭਾਦਰਾ ਪਰਗਨਾ ਛੁਡਾਉਣ ਸਬੰਧੀ ਬੀਕਾਨੇਰ ਰਿਆਸਤ ਦੀ ਬੇਨਤੀ 'ਤੇ ਗੌਰ ਕੀਤਾ ਜਾਵੇ ਤੇ ਪਟਿਆਲੇ ਵਾਲਿਆਂ ਦਾ ਜਿੰਨਾ ਖਰਚ ਲੱਗਾ

---

15 ਸਿੱਖਾਂ ਦੇ ਨੌਹਰ ਵਗੈਰਾ ਦਾ ਇਲਾਕਾ ਲੁੱਟਣ ਦੀ ਘਟਨਾ 1754 ਈ. ਦੀ ਹੈ, ਵੇਖੋ: ਗੋਬਿੰਦ ਅਗਰਵਾਲ, **ਚੂਰੂ ਮੰਡਲ ਕਾ ਸ਼ੋਧਪੂਰਨ ਇਤਿਹਾਸ**, ਭਾਗ-ਪਹਿਲਾ, ਪੰਨਾ 424; ਪਾਊਲਟ ਗਜਟ ਆਫ ਬੀਕਾਨੇਰ, ਪੰਨਾ 58; ਸੋਹਨ ਲਾਲ, **ਤਵਾਰੀਖ ਰਾਜ ਸ੍ਰੀ ਬੀਕਾਨੇਰ** (ਹੱਥ ਲਿਖਤ), ਪੰਨਾ 187; ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 329; ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨੇ 868-69.

16 ਬੀਕਾਨੇਰ ਰੀ ਖਿਆਤ, ਪੰਨਾ 118.

17 **ਉਹੀ**, ਪੰਨਾ 144.

ਹੈ ਉਹ ਦਿਵਾ ਦੇਣਾ ਚਾਹੀਦਾ ਹੈ। ਸਾਹਬ (ਦਿੱਲੀ ਦੇ) ਨੇ ਹੁਕਮ ਕੀਤਾ ਕਿ ਤੁਸੀਂ (ਪਟਿਆਲੇ ਵਾਲੇ) 1872 (1815/16 ਈ.) ਵਿਚ ਭਾਦਰਾ ਖਾਲੀ ਕਰਵਾਇਆ ਸੀ। ਸੋ ਇਸ ਸਮੇਂ ਤੁਹਾਡਾ ਜਿੰਨਾ ਖਰਚ ਲੱਗਾ ਹੈ ਉਹ ਤੁਹਾਨੂੰ ਬੀਕਾਨੇਰ ਰਿਆਸਤ ਤੋਂ ਦਿਵਾ ਦਿੱਤਾ ਜਾਵੇਗਾ ਤੇ ਜੋ ਆਮਦਨੀ ਤੁਹਾਨੂੰ ਉਥੋਂ ਹੋਈ ਹੈ ਉਸ ਦਾ ਹਿਸਾਬ-ਕਿਤਾਬ ਕਰ ਲਵੋ। ਪਰਗਨੇ ਦੀ ਆਮਦਨੀ 1 ਲੱਖ ਤੋਂ ਉੱਪਰ ਹੋਈ ਤੇ ਬਗਾਵਤ ਨੂੰ ਦਬਾਉਣ ਲਈ ਸਿੱਖਾਂ ਦਾ ਖਰਚ ਘੱਟ ਆਇਆ ਦੋਹਾਂ ਧਿਰਾਂ ਵਿਚ ਸਮਝੌਤਾ ਹੋ ਗਿਆ। ਇਸ ਤਰ੍ਹਾਂ ਕੱਤਕ ਸੁਦੀ 4 ਨੂੰ ਸਵੇਰੇ ਤੜ੍ਹਕੇ (ਅੰਗਰੇਜ਼ ਅਫ਼ਸਰ) ਸਾਹਬ ਨੇ ਫ਼ੌਜ ਸਮੇਤ ਆ ਕੇ ਭਾਦਰਾ ਦਾ ਚਾਰਜ ਪਟਿਆਲੇ ਵਾਲਿਆਂ ਤੋਂ ਲੈ ਲਿਆ। ਇਸ ਤਰ੍ਹਾਂ ਮਗਰੋਂ ਭਾਦਰਾ 10 ਮਹੀਨੇ ਅੰਗਰੇਜ਼ਾਂ ਅਧੀਨ ਰਿਹਾ।[18]

ਅੰਗਰੇਜ਼ਾਂ ਦੇ ਪੋਲੀਟਕਲ ਏਜੰਟ ਵੀਸਨ (ਵਿਲਸਨ) ਨਾਲ ਪਟਿਆਲੇ, ਨਾਭੇ, ਕੈਥਲ ਆਦਿ ਦੇ ਵਕੀਲ ਸਰਸੇ ਬੀਕਾਨੇਰ ਮਹਾਰਾਜਾ ਦੇ ਦਰਬਾਰ ਵਿਚ ਹਾਜਰ ਹੋਏ। ਉਨ੍ਹਾਂ ਨੂੰ ਸਿਰੋਪੇ ਦਿੱਤੇ ਗਏ ਤੇ ਮੇਜ਼ਬਾਨੀ ਵਜੋਂ ਸੀਰਣੀ ਭੇਜੀ ਗਈ। ਨੌਹਰ ਕੋਲ ਮਹਾਰਾਜੇ ਨੇ ਸਾਹਬ ਨੂੰ ਕਿਹਾ ਕਿ 'ਨੰਦੀ ਨਾਲੀ' (ਘੱਗਰ ਦਰਿਆ) ਉੱਪਰ ਪਟਿਆਲੇ ਵਾਲਿਆਂ ਨੇ ਆਪਣੇ ਇਲਾਕੇ ਵਿਚ ਬੰਨ੍ਹ ਬਣਾ ਲਿਆ ਹੈ ਜਿਸ ਕਰਕੇ ਬੀਕਾਨੇਰ ਦੇ ਇਲਾਕੇ ਭਟਨੇਰ ਵਿਚ ਪਾਣੀ ਘੱਟ ਆ ਰਿਹਾ ਹੈ ਇਸ ਲਈ ਪੋਲੀਟਕਲ ਏਜੰਟ ਨੂੰ ਇਹ ਬੰਨ੍ਹ ਤੁੜਵਾਉਣ ਸਬੰਧੀ ਸਰਸੇ ਦੇ ਜਿਲ੍ਹੇ ਵਿਚ ਚੇਤ ਸੁਦੀ 4 ਸੰਮਤ 1899 ਨੂੰ ਅੰਗਰੇਜ਼ਾਂ ਦੇ ਪੋਲਿਟੀਕਲ ਏਜੰਟ ਨੂੰ ਖਰੀਤਾ ਦਿੱਤਾ ਗਿਆ।[19]

**ਪਹਿਲੇ ਅੰਗਰੇਜ਼-ਸਿੱਖ ਯੁੱਧ ਸਬੰਧੀ:** ਅੰਗਰੇਜ਼ ਕਪਤਾਨ ਜੈਕਸਨ ਸਾਹਬ ਅਤੇ ਕਨਿੰਘਮ ਸਾਹਬ ਨੂੰ ਸੂਰਤਗੜ੍ਹ ਵਿਚ ਮੱਘਰ ਸੁਦੀ 11 (ਸੰਮਤ 1902, 9 ਦਸੰਬਰ 1845 ਈ.) ਨੂੰ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਦੀ ਖ਼ਬਰ ਪਤਾ ਲੱਗੀ ਤਾਂ ਕਨਿੰਘਮ ਸਾਹਬ ਨੇ ਬਹਾਵਲਪੁਰ ਦੇ ਮੁਤਸਦੀ ਨੂੰ ਨਾਲ ਲੈ ਕੇ ਕੂਚ ਕਰ ਦਿੱਤਾ।[20] ਪੋਹ ਵਦੀ 1 (ਸੰਮਤ 1902, 14 ਦਸੰਬਰ 1845 ਈ.) ਨੂੰ ਸਰਸੇ ਤੋਂ ਵਿਲਸਨ ਸਾਹਬ ਦੀ ਚਿੱਠੀਆਂ ਕਪਤਾਨ ਜੈਕਸਨ ਸਾਹਬ ਤੇ ਮੁਹਤਾ

---

18 ਉਹੀ, ਪੰਨੇ 151-152.
19 ਉਹੀ, ਪੰਨੇ 173-174.
20 ਉਹੀ, ਪੰਨਾ 188

ਹਿੰਦੂਮੱਲ[21] ਦੇ ਨਾਮ ਆਈਆਂ ਕਿ ਮਲੋਟ ਕਾਫੀ ਫਸਾਦ ਹੋ ਰਿਹਾ ਹੈ। ਬੀਕਾਨੇਰ ਰਿਆਸਤ ਦੀ ਫ਼ੌਜ ਤੋਪਾਂ ਵਗੈਰਾ ਲੈ ਕੇ ਜਲਦੀ ਮਲੋਟ ਪਹੁੰਚੋ। ਇਸ ਕੰਮ ਲਈ (ਬੀਕਾਨੇਰ ਦੇ) ਆਸ-ਪਾਸ ਦੇ ਜਗੀਰਦਾਰਾਂ ਤੇ ਹੋਰ ਲੋਕਾਂ ਨੂੰ ਜਲਦੀ ਨਾਲ ਸੱਦਿਆ। ਪੋਹ ਵਦੀ 10 ਨੂੰ ਸੂਰਤਗੜ੍ਹ ਤੋਂ ਜੈਕਸਨ ਸਾਹਬ ਤੇ ਮੁਹਤਾ ਮਹਾਰਾਵ ਹਿੰਦੂਮੱਲ ਇਹ ਫ਼ੌਜ ਲੈ ਕੇ ਰਵਾਨਾ ਹੋਏ। ਪੋਹ ਵਦੀ 11 ਨੂੰ ਭਰਤਨੇਰ (ਹਨੂਮਾਨਗੜ੍ਹ) ਪਹੁੰਚੇ, ਉੱਥੇ ਤੋਪਾਂ ਅਤੇ ਗੋਲਚੀ ਸਨ, ਉਨ੍ਹਾਂ ਦੀ ਤਿਆਰੀ ਕਰਵਾਈ। ਸਮਾਨ ਲੱਦਣ ਅਤੇ ਸਵਾਰੀ ਲਈ ਊਠ ਵੀ ਆ ਗਏ। ਉਥੋਂ ਸਾਰੇ ਸਾਜ ਸਮਾਨ ਤੇ ਫ਼ੌਜ ਸਮੇਤ ਕੂਚ ਕੀਤਾ ਅੱਗੇ ਕਰਨਪੁਰ, ਸੀਤੋਗੁਨਾ ਹੁੰਦੇ ਹੋਏ ਮਲੋਟ ਵੀਲਸਨ ਸਾਹਬ ਨਾਲ ਜਾ ਮਿਲੇ। ਪਿੱਛੋਂ ਕਈ ਦਿਨ ਉੱਥੇ ਰਹੇ। ਮਲੋਟ ਦੇ ਕਿਲ੍ਹੇ ਵਿਚ ਬਹੁਤ ਸਾਰੇ ਆਦਮੀ ਪ੍ਰੋਹਤ ਰਾਧਾ ਕਿਸ਼ਨ ਸਮੇਤ ਰਹੇ ਤੇ ਬਾਕੀ ਫ਼ੌਜ ਨੂੰ ਜੈਕਸਨ ਸਾਹਬ ਤੇ ਵੀਸਨ (ਐਡਵਰਡ ਵਿਲਸਨ) ਸਾਹਬ ਲੈ ਕੇ ਮੁਕਤਸਰ ਚਲੇ ਗਏ, ਉੱਥੇ ਮੋਰਚੇ ਲੱਗੇ। ਪਿੱਛੋਂ ਉੱਥੇ ਵਲੀਫਟਨ ਫਾਸਟਰ ਸਾਹਬ ਵੀ ਰਸਾਲੇ ਸਮੇਤ ਆ ਗਿਆ, ਤੋਪਾਂ ਚੱਲੀਆਂ, ਉਧਰੋਂ ਵੀ (ਸਿੱਖਾਂ ਵੱਲੋਂ) ਰਾਮਜੰਗੇ ਚਲਦੇ ਰਹੇ। ਉੱਥੇ ਫਿਰੋਜਪੁਰ ਤੋਂ ਕਿਸਨ ਸਾਹਬ (ਲੈ. ਖਰਨਲ ਵਿਲਕਿਲਸਨ) ਵਗੈਰਾ ਤੋਪਖਾਨੇ ਸਮੇਤ ਆਇਆ। ਅਖੀਰ ਉੱਥੋਂ ਦੇ (ਸਿੱਖ) ਪ੍ਰਬੰਧਕ (ਦਰਬਾਰ ਸਿੰਘ) ਦੋ ਦਿਨ ਮਗਰੋਂ ਆਪਣੀ ਜਾਨ ਬਖਸ਼ੀ ਮੰਗੀ। ਪਿੱਛੋਂ ਉਸ ਨੂੰ ਤੇ ਉਸ ਦੇ ਸਾਥੀ ਸਿਪਾਹੀਆਂ ਨੂੰ ਮਾਫੀ ਦੇ ਕੇ ਉੱਥੋਂ (ਕਿਲ੍ਹੇ ਵਿਚੋਂ) ਕੱਢ ਦਿੱਤਾ। ਅੰਗਰੇਜ਼ੀ ਸਰਕਾਰ ਦਾ ਅਧਿਕਾਰ ਹੋ ਗਿਆ (ਮੁਕਤਸਰ ’ਤੇ) ਪਿੱਛੋਂ ਅੰਗਰੇਜ਼ ਅਫ਼ਸਰਾਂ ਨੇ ਸਲਾਹ ਕਰਕੇ ਕਿਲ੍ਹੇ ਨੂੰ ਸੁਰੰਗਾਂ ਲਗਾ ਕੇ ਉਡਾ ਦਿੱਤਾ। ਪਿੱਛੋਂ ਉੱਥੋਂ ਫ਼ੌਜ ਕੂਚ ਹੋਇਆ ਤੇ ਸਾਰੇ ਸਾਜ ਸਮਾਨ ਸਮੇਤ (ਫਾਜ਼ਿਲਕਾ) ਬੰਗਲੇ ਡੇਰਾ ਕੀਤਾ। ਉਥੇ 2 ਤੋਪਾਂ ਇਕ ਗੁਬਾਰਾ ਤੇ ਘੋੜਸਵਾਰ ਬੀਕਾਨੇਰ ਤਰਫੋਂ ਆਏ। ਨਾਲ ਹੀ ਸਿੰਧ ਵੱਲੋਂ ਲਾਟ ਪਨੀਅਰ (ਪੀਅਰਸਨ) ਸਾਹਬ ਬਹਾਦਰ, ਗੋਰਾ ਸਵਾਰਾਂ ਦੀ ਪਲਟਨ ਸਮੇਤ ਪਹੁੰਚੇ। ਫ਼ੌਜ ਦੀ ਹਾਜਰੀ ਲੈ ਕੇ ਫਿਰੋਜ਼ਪੁਰ ਨੂੰ ਗਏ ਅਤੇ ਸਤਲੁਜ ਦੇ ਪਾਰ ਸੇਖਵੇ ਵਗੈਰਾ ਦੇ ਪੱਤਣ ’ਤੇ ਉਨ੍ਹਾਂ ਦੀਆਂ ਕਿਸ਼ਤੀਆਂ, ਬੇੜੀਆਂ ਵਗੈਰਾ ਸਨ, ਜਿਨ੍ਹਾਂ ਨੂੰ ਲੈਣ ਵਾਸਤੇ ਬੀਕਾਨੇਰ ਤੇ ਝੱਜਰ ਦੀ ਫ਼ੌਜ ਕਪਤਾਨ ਜੈਕਸਨ ਸਾਹਬ, ਮੁਹਤਾ ਹਿੰਦੂ ਮੱਲ, ਅਬਦੁਲ ਸਮਦ ਖਾਂ ਜਰਨੈਲ ਗਏ। ਸੋ ਉੱਥੇ ਪਹੁੰਚ ਕੇ ਬੜੀ ਮਿਹਨਤ ਨਾਲ 23 ਕਿਸ਼ਤੀਆਂ ਇੱਧਰ ਲਿਆਏ। ਪਿੱਛੋਂ ਫ਼ੌਜ ਸਮੇਤ ਆਸੂਵਾਲੇ (ਪਿੰਡ) ਆਏ। ਉੱਥੇ ਸਰਸੇ, ਬੀਕਾਨੇਰ, ਨੌਹਰ, ਰਾਜਗੜ੍ਹ, ਭਾਦਰਾ ਵਗੈਰਾ

[21] ਮੁਹਤਾ ਹਿੰਦੂ ਮੱਲ ਬੀਕਾਨੇਰ ਰਿਆਸਤ ਦਾ ਉੱਚ ਅਹਿਲਕਾਰ ਤੇ ਵਕੀਲ ਸੀ।

ਦੇ ਸ਼ਾਹੂਕਾਰਾਂ ਨੂੰ ਸੱਦਿਆ ਤੇ ਅੰਗਰੇਜ਼ ਸਰਕਾਰ ਲਈ ਡਾਲਣ ਸਾਹਬ ਰਾਹੀਂ ਊਠ ਖਰੀਦੇ ਸਨ ਉਨ੍ਹਾਂ ਵਿਚੋਂ ਚੌਥੇ ਦਰਜੇ ਦੇ ਊਠ ਦੇਣ ਲਈ ਬਹੁਤ ਸਮਝਾਅ ਕੇ ਵਾਪਸ ਕੀਤੇ (ਸ਼ਾਹੂਕਾਰਾਂ/ਵਾਪਾਰੀਆਂ ਨੂੰ) ਉਥੋਂ ਹਿੰਦੂਮੱਲ ਸਮਾਨ ਲੈ ਕੇ (ਫਾਜ਼ਿਲਕਾ) ਬੰਗਲੇ ਗਿਆ।[22]

**ਮਹਾਰਾਜਾ ਲਾਹੌਰ ਤੇ ਅੰਗਰੇਜ਼ਾਂ ਵਿਚਕਾਰ ਸਮਝੌਤਾ:** ਸੰਮਤ 1903 ਦੀ ਚੇਤ ਸੁਦੀ 3 ( 30 ਮਾਰਚ 1846 ਈ.) ਨੂੰ ਲਾਹੌਰ ਅਤੇ ਅੰਗਰੇਜ਼ ਸਰਕਾਰ ਦਰਮਿਆਨ ਸਮਝੌਤਾ ਹੋਇਆ। ਉਦੋਂ ਫ਼ੌਜ (ਬੀਕਾਨੇਰ ਦੀ) ਨੂੰ ਜਾਣ ਦੀ ਇਜਾਜ਼ਤ ਮਿਲੀ ਚੇਤ ਸੁਦੀ 3 ਨੂੰ ਸਮਾਨ ਆਦਿ ਲੈ ਕੂਚ ਕੀਤਾ। ਕਪਤਾਨ ਜੈਕਸਨ ਅਤੇ ਮਹਾਰਾਵ ਹਿੰਦੂ ਮੱਲ ਫ਼ੌਜ ਤੇ ਤੋਪਖਾਨਾ ਲੈ ਕੇ ਭਟਨੇਰ (ਹਨੂੰਮਾਨਗੜ੍ਹ) ਆਏ। ਉੱਥੇ ਕਪਤਾਨ ਸਾਹਬ ਨੇ ਹਿੰਦੂ ਮੱਲ ਨੂੰ ਆਖਿਆ ਕਿ ਬੀਕਾਨੇਰ ਦੀ ਫ਼ੌਜ ਦੇ ਜਿਨ੍ਹਾਂ ਅਫ਼ਸਰਾਂ ਨੇ ਸਰਕਾਰ ਦੀ ਬਹੁਤ ਮਦਦ ਕੀਤੀ ਹੈ, ਉਨ੍ਹਾਂ ਨੂੰ ਸਰਕਾਰ (ਅੰਗਰੇਜ਼ੀ) ਵੱਲੋਂ ਸਨਮਾਨਤ ਕਰਨ ਸਬੰਧੀ ਐਡਵਰਡ ਵਿਲਸਨ ਸਾਹਬ ਸੁਪਰਡੈਂਟ ਭਟੀਆਣੇ ਦਾ ਹੁਕਮ ਲਿਖਿਆ ਆਇਆ ਹੈ। ਹਿੰਦੂ ਮੱਲ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਸਨਮਾਨ ਮਿਲਣ ਤਾਂ ਬਹੁਤ ਇੱਜ਼ਤ ਵਧੇਗੀ। ਇਸ ਸਬੰਧੀ ਜੈਕਸਨ ਨੇ ਬੀਕਾਨੇਰ ਦਰਬਾਰ ਨਾਲ ਸਲਾਹ ਕਰਨ ਲਈ ਚੇਤ ਸੁਦੀ 6 ਨੂੰ ਇੱਕ ਪੱਤਰ (ਬੀਕਾਨੇਰ ਨੂੰ) ਲਿਖਿਆ। ਭਰਤਨੇਰ (ਭਟਨੇਰ) ਤੋਂ ਕੂਚ ਕਰਕੇ ਮੰਜ਼ਲ ਦਰ ਮੰਜ਼ਲ ਵਸਾਖ ਵਦੀ 1 ਨੂੰ ਆ ਬੀਕਾਨੇਰ ਪਹੁੰਚੇ। ਜੈਕਸਨ ਸਾਹਬ ਦੇ ਸਵਾਗਤ ਲਈ ਜਮਾਲ ਜੀ ਸ਼ਾਖ ਦਾ ਠਾਕੁਰ ਤੇ ਰਾਵ ਹਿੰਦੂ ਮੱਲ, ਸ਼ਾਹ ਹੁਕਮ ਚੰਦ ਵਗੈਰਾ ਗਏ। ਇਸ ਪਿੱਛੋਂ ਅੰਗਰੇਜ਼ਾਂ ਦੀ ਮਦਦ ਕਰਨ ਗਏ ਅਤੇ ਅਹਿਲਕਾਰਾਂ ਨੂੰ ਤੋਹਫ਼ੇ ਦਿੱਤੇ ਗਏ। ਜਿਨ੍ਹਾਂ ਵਿਚੋਂ ਇੱਕ ਸਿੱਖ ਸੰਗਤ ਸਿੰਘ ਵੀ ਸੀ ਜਿਸ ਨੂੰ ਸਿਰੋਪਾ ਤੇ ਮੋਤੀਆਂ ਦਾ ਚੌਕੜਾ ਸਨਮਾਨ ਵਜੋਂ ਦਿੱਤਾ ਗਿਆ।[23]

**ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਦੀ ਗੱਦੀਨਸ਼ੀਨੀ ਸਬੰਧੀ:** ਸੰਮਤ 1854 (27 ਸਤੰਬਰ 1797 ਈ.) ਅੱਸੂ ਸੁਦੀ 7 ਨੂੰ ਜਦੋਂ ਪਟਿਆਲੇ ਦਾ ਮਹਾਰਾਜਾ ਨਰਿੰਦਰ ਸਿੰਘ ਗੱਦੀਨਸ਼ੀਨ ਹੋਇਆ ਤਾਂ (ਬੀਕਾਨੇਰ ਵੱਲੋਂ) ਟਿੱਕਾ ਭੇਜਿਆ ਗਿਆ ਜਿਸ ਵਿਚ ਸਵਾਗਤ ਵਜੋਂ ਰੁਪਏ, ਕੱਪੜੇ ਅਤੇ 2 ਘੋੜੇ ਮੁਹਤਾ ਕੇਸਰੀ ਚੰਦ ਨੂੰ ਦੇ ਕੇ ਭੇਜਿਆ ਗਿਆ।[24]

---

[22] ਬੀਕਾਨੇਰ ਰੀ ਖਿਆਤ, ਪੰਨੇ 188-189, 199.

[23] ਉਹੀ, ਪੰਨੇ 189-91.

[24] ਉਹੀ, ਪੰਨਾ 207.

**ਕੈਥਲ ਦੀ ਜਬਤੀ ਸਬੰਧੀ ਅੰਗਰੇਜ਼ ਅਧਿਕਾਰੀ ਨਾਲ ਗੱਲ:** ਮਾਘ ਸੁਦੀ 15 ਸ਼ਨੀਵਾਰ (ਸੰਮਤ 1904, 19 ਫਰਵਰੀ 1848 ਈ.) ਨੂੰ ਕਰਨਲ ਜੌਹਨ ਸਦਰਲੇਨ ਹੈਡਕਿਨਸਨ, ਸਾਦੂਲ, ਡਾ. ਕੋਲਰਜ, ਕਪਤਾਨ ਸੋਰ, 5 ਅੰਗਰੇਜ਼ ਉਚ ਅਧਿਕਾਰੀਆਂ ਨਾਲ ਬੀਕਾਨੇਰ ਵਿਚ ਮੁਲਾਕਾਤ ਸਮੇਂ ਬੀਕਾਨੇਰ ਦੇ ਮਹਾਰਾਜਾ ਨੇ ਕਿਹਾ ਕਿ ਸਿੰਧ ਉੱਪਰ ਤਾਂ ਸਰਕਾਰ (ਅੰਗਰੇਜ਼ੀ) ਨੇ ਅਧਿਕਾਰ ਕਰ ਲਿਆ ਪਰ ਕੈਥਲ ਵਾਲਿਆਂ ਦੇ ਰਾਜ ਨੂੰ ਵੀ ਸਰਕਾਰ ਨੇ ਆਪਣੇ ਇਲਾਕੇ ਵਿਚ ਮਿਲਾ ਲਿਆ, ਕੈਥਲ ਵਾਲਿਆਂ ਦਾ ਇੰਨਾ ਕਸੂਰ ਨਹੀਂ ਸੀ।[25]

**ਮੁਲਤਾਨ ਦੇ ਵਿਦਰੋਹ ਬਾਰੇ ਅੰਗਰੇਜ਼ਾਂ ਦੇ ਹੁਕਮ:** ਬੀਕਾਨੇਰ ਰਿਆਸਤ ਨੂੰ ਕਰਨਲ ਸਦਰਲੇਨ ਸਾਹਬ ਦੇ ਨਾਮ ਤੇ ਫੱਗਣ ਸੁਦੀ 3 ਸੰਮਤ 1904 (8 ਮਾਰਚ 1848 ਈ.) ਨੂੰ ਇਕ ਖਰੀਤਾ ਆਇਆ ਜਿਸ ਵਿਚ ਕਿਹਾ ਗਿਆ ਕਿ ਇਸ ਦਰਬਾਰ (ਬੀਕਾਨੇਰ) ਦੀ ਖੈਰ-ਖਵਾਹੀ ਅਤੇ ਨੇਕਨਾਮੀ ਲਈ ਮੁਲਤਾਨ ਅਤੇ ਬਹਾਵਲਪੁਰ ਨੂੰ ਜਾਣ ਵਾਲੇ ਰਸਤਿਆਂ ਉੱਥੇ ਥਾਂ ਠਾਣੇ ਬਿਠਾ ਦਿੱਤੇ ਜਾਣ ਤੇ ਕੋਈ ਰਾਜਪੂਤ ਜਾਂ ਫ਼ੌਜ ਆਦਿ ਮੁਲਤਾਨ ਵੱਲ ਨਾ ਜਾਵੇ ਅਤੇ ਮੁਲਤਾਨ ਵਿਚ ਬੀਕਾਨੇਰ ਦੇ ਸ਼ਾਹੂਕਾਰਾਂ ਦੀਆਂ ਦੁਕਾਨਾਂ ਤੇ ਜਮ੍ਹਾ ਖਰਚੀ ਆਦਿ ਹੈ। ਉਨ੍ਹਾਂ ਦਾ ਜਮ੍ਹਾ ਸਮਾਨ ਕੁਰਕ ਕਰਕੇ ਸਾਨੂੰ ਇਤਲਾਹ ਕਰੋ। ਇਸ ਹੁਕਮ ਸਬੰਧੀ ਬੀਕਾਨੇਰ ਰਿਆਸਤ ਵੱਲੋਂ ਉਪਰੋਕਤ ਸਾਹਬ ਦੇ ਵੱਲੋਂ ਆਏ ਖਰੀਤੇ ਅਨੁਸਾਰ ਇਕ ਇਸ਼ਤਿਹਾਰ ਜਾਰੀ ਕਰਕੇ ਸਾਰੇ ਪਰਗਨਿਆਂ ਵਿਚ ਲਗਵਾ ਦਿੱਤਾ ਗਿਆ ਕਿ ਕੋਈ ਮੁਲਤਾਨ ਵੱਲ ਨਾ ਜਾਵੇ ਅਤੇ ਜੋ ਗਏ ਹਨ ਉਨ੍ਹਾਂ ਨੂੰ ਤੁਰੰਤ ਵਾਪਸ ਬੁਲਾ ਲਿਆ ਜਾਵੇ। ਜੋਧਸਰ, ਪੂਗਲ, ਲੂਣਵੇ ਵਿਚ ਥਾਣੇ ਬਿਠਾ ਦਿੱਤੇ ਗਏ ਤਾਂ ਜੋ ਕੋਈ ਮੁਲਤਾਨ ਵੱਲ ਨਾ ਜਾ ਸਕੇ ਅਤੇ 4 ਸ਼ਾਹੂਕਾਰਾਂ ਦੀਆਂ ਦੁਕਾਨਾਂ ਮੁਲਤਾਨ ਵਿਚ ਸਨ ਉਨ੍ਹਾਂ ਵਿਚ ਮੂਲ ਰਾਜ ਵੱਲੋਂ ਨਾ ਕੁਝ ਜਮ੍ਹਾ ਸੀ ਤੇ ਨਾ ਹੀ ਕੋਈ ਬਖਸ਼ਿਸ਼ ਸੀ, ਸੋ ਉਨ੍ਹਾਂ ਕੋਲੋਂ ਜਮਾਨਤਾਂ ਦੇ ਮੁਚੱਲਕੇ ਲਿਖਵਾ ਲਏ ਗਏ। ਇਸ ਦੀ ਇਤਲਾਹ ਭੇਜ ਕੇ ਮੁਹਤਾ ਛੋਗ ਮੱਲ ਵੱਲੋਂ ਉਪਰੋਕਤ ਸਾਹਬ ਦੇ ਨਾਂ ਭੇਜ ਦਿੱਤੀ ਗਈ। ਇਸੇ ਬਾਬਤ ਕਰਨਲ ਸਦਰਲੇਨ ਸਾਹਬ ਵੱਲੋਂ 14 ਤਰੀਕ ਨੂੰ ਖਰੀਤਾ ਆਇਆ ਕਿ ਇਸੇ ਤਰ੍ਹਾਂ ਜੇਠ ਵਦੀ 11 ਨੂੰ ਖਰੀਤਾ ਆਇਆ। ਜਿਸ ਦੇ ਜਵਾਬ ਵਿਚ ਉਪਰੋਕਤ ਸਾਹਬ ਨੂੰ 5 ਤਰੀਕ 1848 ਈ. ਤੇ 1847 ਈ. ਨੂੰ ਖਰੀਤੇ ਆਏ ਜਿਨ੍ਹਾਂ ਵਿਚ ਲਿਖਿਆ ਸੀ ਕਿ ਬੀਕਾਨੇਰ ਦਰਬਾਰ ਦੇ ਇਲਾਕੇ ਵਿਚ ਮੁਲਤਾਨ

---

[25] ਉਹੀ, ਪੰਨਾ 212.

ਦੇ ਬਾਰੇ ਪ੍ਰਬੰਧ ਕੀਤੇ ਹਨ ਤਾਂ ਬਹੁਤ ਚੰਗਾ ਕੀਤਾ ਹੈ, ਇਸ ਗੱਲ ਦੀ ਖੁਸ਼ੀ ਹੋਈ। ਸੋ ਸਾਰੇ ਹਾਲਾਤ ਰੈਜੀਡੈਂਟ ਲਾਹੌਰ ਤੇ ਰਾਜਸਥਾਨ ਦੇ ਏਜੰਟ ਸਾਹਬ ਨੂੰ ਲਿਖ ਦਿੱਤੇ ਹਨ।[26]

ਕਪਤਾਨ ਸੋਰ (Sore) ਸਾਹਬ ਦਾ ਖਰੀਤਾ ਬੀਕਾਨੇਰ ਦਰਬਾਰ ਨੂੰ 13 ਅਕਤੂਬਰ 1844 ਈ. ਨੂੰ ਕੱਤਕ ਵਦੀ 12 ਨੂੰ ਆਇਆ ਜਿਸ ਵਿਚ ਲਿਖਿਆ ਸੀ ਕਿ ਲਾਹੌਰ ਦੇ ਰੈਜੀਡੈਂਟ ਸਾਹਬ ਦੀ ਚਿੱਠੀ ਮੁਤਾਬਕ ਮੁਲਤਾਨ ਵਿਚ ਫ਼ੌਜ (ਅੰਗਰੇਜ਼ੀ) ਲਈ ਆਟੇ ਦੀ ਬਹੁਤ ਲੋੜ ਹੈ। ਸੋ ਅਹਿਲਕਾਰਾਂ ਨੂੰ ਹੁਕਮ ਕਰੋ ਕਿ ਦਾਣੇ ਖਰੀਦ ਕੇ ਬਹਾਵਲਪੁਰ ਦੇ ਸਾਹਬ ਪਾਸ ਭੇਜ ਦੇਣ। ਇਸੇ ਅਨੁਸਾਰ ਅਹਿਲਕਾਰਾਂ ਰਾਹੀਂ 1000 ਮਣ ਆਟਾ ਸਿਰਸੇ ਦੇ ਮਨਸੁਖ ਦਾਸ, ਦੂਨਾ ਮੱਲ ਹੱਥੀਂ ਤਿਆਰ ਕਰਵਾਇਆ, ਬਾਕੀ ਹਨੂਮਨਾਗੜ੍ਹ ਵਿਚ ਤਿਆਰ ਕਰਵਾਇਆ ਗਿਆ, ਜਿਸ ਦੀ ਸੂਚਨਾ ਸੋਰ ਸਾਹਬ ਨੂੰ ਕਰਨ ਲਈ ਮੁਹਤਾ ਹਰੀ ਸਿੰਘ ਨੂੰ ਲਿਖਿਆ ਗਿਆ। ਪਿੱਛੋਂ ਆਟੇ ਦੀ ਲੋੜ ਸਬੰਧੀ ਮਨ੍ਹਾ ਕਰਨ ਦਾ ਹੁਕਮ ਆ ਗਿਆ।[27]

**ਲਾਹੌਰ ਦੀ ਮੁਹਿੰਮ 'ਤੇ ਜਾਣ ਲਈ ਸਵਾਰ ਭੇਜਣ ਸਬੰਧੀ:** ਮੁਹਤਾ ਮਹਾਰਾਵ ਹਰੀ ਸਿੰਘ ਦੀ ਦਰਬਾਰ ਵਿਚ ਅਰਜੀ ਆਈ ਕਿ ਕਪਤਾਨ ਸੋਰ ਸਾਹਬ ਨੇ ਲਾਹੌਰ ਦੀ ਮੁਹਿੰਮ ਤੇ ਜਾਣਾ ਹੈ ਇਸ ਲਈ ਬਹੁਤ ਸਾਰੇ ਕੰਮ ਦੇ ਅਤੇ ਹੁਸ਼ਿਆਰ ਸਵਾਰ ਉਪਰੋਕਤ ਕਪਤਾਨ ਸਾਹਬ ਕੋਲ ਜਲਦੀ ਫਿਰੋਜਪੁਰ ਜਾ ਕੇ ਹਾਜਰ ਹੋਣ, ਅਰਜੀ ਵੇਖਦੇ ਹੀ ਪਡਿਆਰ ਬਾਘ ਸਿੰਘ ਨੂੰ ਰਸਾਲੇ ਸਮੇਤ ਫਿਰੋਜਪੁਰ ਜਾਣ ਦਾ ਹੁਕਮ ਹੋਇਆ।

ਮੱਘਰ ਵਦੀ 7 ਨਕਲ ਖਰੀਤੇ ਦੀ ਜੋ ਸੋਰ ਸਾਹਬ ਵੱਲੋਂ ਆਏ ਤਾਰੀਖ 20 ਦਸੰਬਰ 1848 (ਈ.) ਨੂੰ ਫਿਰੋਜ਼ਪੁਰ ਤੋਂ ਆਇਆ: ਪਡਿਆਰ ਬਾਘ ਸਿੰਘ ਸਾਂਹਾਂਣੀ 55 ਸਵਾਰਾਂ ਸਮੇਤ ਫਿਰੋਜਪੁਰ ਕਪਤਾਨ ਸੋਰ ਸਾਹਬ ਕੋਲ ਪਹੁੰਚਣ ਸਬੰਧੀ ਅਤੇ ਗੋਲੰਦਾਜ (ਗੋਲਚੀ) ਮੰਗਵਾਉਣ ਸਬੰਧੀ ਆਇਆ ਕਿ ਬਾਘ ਸਿੰਘ 55 ਸਵਾਰਾਂ ਨਾਲ ਸਾਡੇ ਕੋਲ ਮਾਘ ਵਦੀ 1 ਨੂੰ ਪਹੁੰਚਿਆ, ਵੇਖ ਬਹੁਤ ਖੁਸ਼ੀ ਹੋਈ, ਇਸ ਦੇ ਆਉਣ ਨਾਲ ਤੁਹਾਡੀ ਦੋਸਤੀ ਦੀ ਯਾਦ ਆਈ। ਮਹਾਰਾਜ ਜੇ ਸਾਡੇ ਕੋਲ ਹੋਰ ਕੁਝ ਸਵਾਰ ਹੁੰਦੇ ਤਾਂ ਅਸੀਂ ਇਥੋਂ ਸਵਾਰ ਹੁੰਦੇ। ਸੋ ਤੁਹਾਡੀ ਦੋਸਤੀ ਆਉਣ ਵਾਲੇ ਸਮੇਂ ਵਿਚ ਰਹੇਗੀ। ਕੁਝ ਸਵਾਰ ਹੋਰ ਆ ਜਾਣ ਤਾਂ ਖੁਸ਼ੀ

[26] ਉਹੀ, ਪੰਨੇ 215-216.
[27] ਉਹੀ, ਪੰਨਾ 216.

ਹੋਵੇਗੀ, ਨਾਲ ਹੀ 10-20 ਹੁਸ਼ਿਆਰ ਗੋਲ-ਅੰਦਾਜ਼ ਵੀ ਆ ਜਾਣ ਤਾਂ ਬਹੁਤ ਚੰਗਾ ਹੋਵੇਗਾ। ਤੋਪਾਂ ਵਾਧੂ ਹਨ....।[28]

ਇਕ ਖਰੀਤਾ ਹੋਰ ਮਾਘ ਵਦੀ 2 ਬੁੱਧਵਾਰ ਸੰਮਤ 1905 (10 ਜਨਵਰੀ 1849 ਈ.) ਨੂੰ ਮੁਕਾਮ ਫਿਰੋਜਪੁਰ ਤੋਂ ਆਇਆ ਜਿਸ ਵਿਚ ਬੀਕਾਨੇਰ ਵੱਲੋਂ ਗੋਲਅੰਦਾਜ ਮੀਰ ਮੁਰਾਦ ਅਲੀ ਵਗੈਰਾ 40 ਆਦਮੀ ਤੋਪਾਂ ਸਮੇਤ ਅਤੇ ਸਵਾਰ ਆ ਗਏ ਹਨ। ਬਾਘ ਸਿੰਘ ਚੰਗੀ ਸੇਵਾ ਕਰ ਰਿਹਾ ਹੈ। ਇਕ ਹੋਰ ਖਰੀਤਾ 4 ਮਾਰਚ 1848 ਨੂੰ ਖਰੀਤਾ ਜਰਨੈਲ ਈਕ ਸਾਹਬ ਬਹਾਦਰ ਮੁਕਾਮ ਫਿਰੋਜਪੁਰ ਵੱਲੋਂ ਬੀਕਾਨੇਰ ਦਰਬਾਰ ਦੇ ਨਾਮ ਆਇਆ ਕਿ 'ਗੋਲ-ਅੰਦਾਜ ਤੇ ਤੋਪਚੀ ਚੰਗੀ ਨੌਕਰੀ ਕਰ ਰਹੇ ਹਨ'।[29] ਕਪਤਾਨ ਵਿਚਰਟ ਸਾਹਬ ਦੇ ਬੀਕਾਨੇਰ ਤੋਂ ਚੇਤ ਸੁਦੀ 10 ਸੰਮਤ 1905 (13 ਅਪ੍ਰੈਲ 1848 ਈ.) ਨੂੰ ਡਾਕ ਵਿਚ ਲਾਹੌਰ ਨੂੰ ਗਿਆ।[30]

### 2.2.3. 'ਬੀਕਾਨੇਰ ਰੀ ਖਿਆਤ' ਵਿਚ ਸਿੱਖਾਂ ਸਬੰਧੀ ਮਿਲਦੀ ਜਾਣਕਾਰੀ ਦਾ ਵਿਸ਼ਲੇਸ਼ਣ

ਬੀਕਾਨੇਰ ਰੀ ਖਿਆਤ' ਜਾਂ ਬੀਕਾਨੇਰ ਰੇ ਰਾਠੌੜਾਂ ਰੀ ਖਿਆਤ' ਵਿਚ ਸਿੱਖਾਂ ਨਾਲ ਸਬੰਧਿਤ ਜੋ ਵਿਵਰਣ ਆਇਆ ਹੈ ਉਸ ਦੇ ਸ਼ੁਰੂ ਵਿਚ ਹੀ 19ਵੀਂ ਸਦੀ ਤੋਂ ਪਹਿਲਾਂ ਦੇ ਸਿੱਖ ਧਰਮ ਬਾਰੇ ਆਏ ਵੇਰਵਿਆਂ ਵਿਚ ਕਾਫੀ ਭ੍ਰਾਂਤੀਆਂ ਨਜ਼ਰ ਆਉਂਦੀਆਂ ਹਨ। ਖਾਸ ਕਰਕੇ ਗੁਰੂ ਕਾਲ ਦੇ ਸਮੇਂ ਦੀਆਂ ਘਟਨਾਵਾਂ ਅਤੇ ਨਾਵਾਂ ਆਦਿ ਬਾਰੇ ਜ਼ਿਕਰ ਕਰਦਿਆਂ ਖਿਆਤਕਾਰ ਨੇ ਗਲਤ-ਬਿਆਨੀਆਂ ਕੀਤੀਆਂ ਹਨ।

ਖਿਆਤਕਾਰ ਨੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸੰਮਤ 1758 (1701 ਈ.) ਦੇ ਕਰੀਬ ਹੋਣ ਦਾ ਜ਼ਿਕਰ ਕੀਤਾ ਹੈ ਜੋ ਗਲਤ ਹੈ। ਅਸਲ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਵੰਬਰ 1865 ਈ. ਵਿਚ ਹੋਈ ਸੀ। ਇਸ ਦੇ ਨਾਲ ਹੀ ਉਸ ਨੇ ਗੁਰੂ ਤੇਗ ਬਹਾਦਰ ਨੂੰ (ਗੁਰੂ) ਨਾਨਕ ਵਜੋਂ ਦਰਸਾਇਆ ਹੈ ਜਦਕਿ ਗੁਰੂ ਤੇਗ ਬਹਾਦਰ ਗੁਰੂ ਨਾਨਕ ਦੇਵ ਦੇ ਨੌਵੇਂ ਗੱਦੀਨਸ਼ੀਨ ਸਨ। ਹੋ ਸਕਦਾ ਹੈ ਕਿ ਜਿਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਵੀ ਆਪਣੇ ਨਾਮ ਦੀ ਥਾਂ ਤੇ ਨਾਨਕ ਨਾਮ 'ਤੇ ਹੀ ਬਾਣੀ ਉਚਾਰਣ ਕੀਤੀ ਗਈ ਹੈ, ਉਸੇ ਤਰ੍ਹਾਂ ਉਹ

---

28 ਉਹੀ, ਪੰਨੇ 217-218

29 ਉਹੀ, ਪੰਨਾ 218.

30 ਉਹੀ, ਪੰਨਾ 219.

ਰਾਜਪੂਤਾਨੇ ਵਿਚ 'ਨਾਨਕ' ਨਾਮ ਨਾਲ ਜਾਣੇ ਜਾਂਦੇ ਹੋਣ, ਪਰ ਇਸ ਗੱਲ ਦਾ ਕਿਸੇ ਹੋਰ ਰਾਜਸਥਾਨੀ ਸ੍ਰੋਤ ਵਿਚੋਂ ਹਵਾਲਾ ਨਹੀਂ ਮਿਲਦਾ। ਉਂਝ ਖਿਆਤਕਾਰ ਗੁਰੂ ਨਾਨਕ ਦੀ ਗੱਦੀ ਤੋਂ ਵਾਕਫ ਸੀ, ਕਿਉਂਕਿ ਉਸ ਨੇ ਗੁਰੂ ਹਰਰਾਇ ਨੂੰ 'ਨਾਨਕ ਦੀ ਗੱਦੀ 'ਤੇ ਬਿਰਾਜਮਾਨ ਲਿਖਿਆ ਹੈ। ਇਸ ਖਿਆਤ ਵਿਚ ਗੁਰੂ ਹਰ ਰਾਇ ਅਤੇ ਬਾਬਾ ਰਾਮ ਰਾਇ ਦਾ ਵਰਨਣ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਕੀਤਾ ਹੈ ਤੇ ਬਾਬਾ ਰਾਮ ਰਾਇ ਜੋ ਗੁਰੂ ਹਰ ਰਾਇ ਜੀ ਦਾ ਪੁੱਤਰ ਸੀ, ਨੂੰ ਉਨ੍ਹਾਂ ਦਾ 'ਗੁਰ ਭਾਈ' ਲਿਖਿਆ ਹੈ। ਇਸ ਤੋਂ ਬਿਨਾ ਖਿਆਤਕਾਰ ਨੇ ਬਾਬਾ ਰਾਮ ਰਾਇ ਦਾ ਦਿੱਲੀ ਬਾਦਸ਼ਾਹ ਔਰੰਗਜ਼ੇਬ ਕੋਲ ਆਉਣ ਅਤੇ ਔਰੰਗਜ਼ੇਬ ਨੂੰ ਰਾਮ ਰਾਇ ਵੱਲੋਂ ਚਮਤਕਾਰ ਦਿਖਾਉਣ ਅਤੇ ਦਿੱਲੀ ਛੱਡ ਜਾਣ ਦਾ ਉਪਦੇਸ਼ ਦੇਣ ਆਦਿਕ ਘਟਨਾਵਾਂ ਸੰਮਤ 1757 (ਅਪ੍ਰੈਲ 1900 ਈ.) ਜੇਠ ਵਦੀ ਦੀਆਂ ਲਿਖੀਆਂ ਹਨ ਜਦਕਿ ਰਾਮ ਰਾਇ ਦੀ ਇਸ ਤੋਂ ਪਹਿਲਾਂ ਮੌਤ ਹੋ ਚੁੱਕੀ ਸੀ ਅਤੇ ਔਰੰਗਜ਼ੇਬ ਵੀ ਇਸ ਸਮੇਂ ਤੋਂ ਕਾਫੀ ਸਾਲ ਪਹਿਲਾਂ ਦੱਖਣ ਨੂੰ ਰਵਾਨਾ ਹੋ ਗਿਆ। ਸੋ ਖਿਆਤਕਾਰ ਵੱਲੋਂ ਖਿਆਤ ਵਿਚ ਲਿਖੀਆਂ ਗਈਆਂ ਘਟਨਾਵਾਂ ਅਤੇ ਨਾਵਾਂ ਆਦਿ ਸੁਣੀਆਂ-ਸੁਣਾਈਆਂ ਅਤੇ ਕਪੋਲ-ਕਲਪਿਤ ਗੱਲਾਂ ਤੇ ਆਧਾਰਿਤ ਲੱਗਦੀਆਂ ਹਨ। ਖਿਆਤਕਾਰ ਨੇ ਬਾਬਾ ਰਾਮ ਰਾਇ ਦੇ ਵੱਡੇ ਕਰਾਮਾਤੀ ਹੋਣ ਅਤੇ ਔਰੰਗਜ਼ੇਬ ਵੱਲੋਂ ਉਸ ਦਾ ਸਤਿਕਾਰ ਕਰਨ ਦੀਆਂ ਸਾਖੀਆਂ ਬਾਰੇ ਵੀ ਪਤਾ ਚੱਲਦਾ ਹੈ।

ਇਨ੍ਹਾਂ ਵੇਰਵਿਆਂ ਪਿੱਛੋਂ ਸਿੱਖਾਂ ਦੁਆਰਾ 18ਵੀਂ ਸਦੀ ਦੇ ਪਿਛਲੇ ਅੱਧ ਵਿਚ ਨੌਹਰ ਦੇ ਮਾਰਨ (ਲੁੱਟ ਮਾਰ ਕਰਨ) ਦੀ ਘਟਨਾ ਸਬੰਧੀ ਇਸ਼ਾਰਾ ਕੀਤਾ ਗਿਆ ਹੈ ਜੋ ਸਿੱਖ ਸਰੋਤਾਂ ਖਾਸ ਕਰਕੇ ਰਤਨ ਸਿੰਘ ਭੰਗੂ ਦੇ 'ਸ੍ਰੀ ਗੁਰ ਪੰਥ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' ਤੋਂ ਵੀ ਪੁਸ਼ਟੀ ਹੁੰਦੀ ਹੈ।[31] ਪਰ ਖਿਆਤਕਾਰ ਵੱਲੋਂ ਇਸ ਘਟਨਾ ਦਾ ਵਿਸਥਾਰਤ ਵਰਨਣ ਨਹੀਂ ਕੀਤਾ ਗਿਆ ਜਿਸ ਦਾ ਕਾਰਨ ਸ਼ਾਇਦ ਉਸ ਦੁਆਰਾ ਇਸ ਗੱਲ ਨਾਲ ਬੀਕਾਨੇਰ ਰਿਆਸਤ ਦੀ ਹੇਠੀ ਹੋਣਾ ਸਮਝਿਆ ਗਿਆ ਹੋਵੇ। ਇਸ ਤੱਥ ਤੋਂ ਲੱਗਦਾ ਹੈ ਕਿ ਖਿਆਤਕਾਰ ਦਾ ਖਿਆਤ ਲਿਖਣ ਦਾ ਮਨੋਰਥ 'ਬੀਕਾਨੇਰ' ਰਾਜ ਦੀ ਉਸਤਤ ਤੇ ਵਡਿਆਈ ਕਰਨਾ ਸੀ।

---

[31] ਰਤਨ ਸਿੰਘ ਭੰਗੂ, ਪੰਨਾ 329; ਗਿਆਨੀ ਗਿਆਨ ਸਿੰਘ, ਪੰਨੇ 868-869.

ਇਨ੍ਹਾਂ ਸਰੋਤਾਂ ਅਧਿਐਨ ਉਪਰੰਤ ਅਸੀਂ ਇਹ ਕਹਿ ਸਕਦੇ ਹਾਂ ਕਿ ਦਿਆਲ ਦਾਸ ਆਪਣੀਆਂ ਦੋਵੇਂ ਖਿਆਤਾਂ ਦੀ ਬਦੌਲਤ ਬੀਕਾਨੇਰ ਰਿਆਸਤ ਨਾਲ ਸਬੰਧਿਤ ਇਤਿਹਾਸ ਲਿਖਣ ਵਾਲਾ ਵਾਹਦ ਇਨਸਾਨ ਸੀ। ਬੀਕਾਨੇਰ ਦੀ ਇਸ ਖਿਆਤ ਵਿਚੋਂ ਟਿੱਕਾ ਸਿੰਘ ਨਾਮ ਦੇ ਸਿੱਖ ਦੁਆਰਾ ਹਨੂੰਮਾਨਗੜ੍ਹ ਆਦਿ ਦੀਆਂ ਮੁਹਿੰਮਾਂ ਵਿਚ ਸ਼ਾਮਲ ਹੋਣ ਦੇ ਜ਼ਿਕਰ ਪਿੱਛੋਂ ਪਟਿਆਲਾ,ਨਾਭਾ, ਜੀਂਦ ਆਦਿ ਰਿਆਸਤ ਦੇ ਵਕੀਲਾਂ ਦੇ ਬੀਕਾਨੇਰ ਰਿਆਸਤ ਨਾਲ ਸੰਪਰਕ ਕਾਇਮ ਰੱਖਣ ਅਤੇ ਆਪਸੀ ਮੇਲ-ਮਿਲਾਪ, ਰਾਜਨੀਤਿਕ ਤੇ ਕੂਟਨੀਤਿਕ ਸੰਬੰਧ ਜਾਰੀ ਰੱਖਣ ਦਾ ਪਤਾ ਚੱਲਦਾ ਹੈ। ਇਸ ਤੋਂ ਇਲਾਵਾ ਪਟਿਆਲਾ ਰਿਆਸਤ ਦੁਆਰਾ ਬੀਕਾਨੇਰ ਰਿਆਸਤ ਦੇ ਕਹਿਣ ਤੇ ਬੀਕਾਨੇਰ ਰਿਆਸਤ ਦੇ ਪਰਗਨਾ ਭਾਦਰਾ ਵਿਚ ਆਕੀ ਠਾਕੁਰ ਪ੍ਰਤਾਪ ਸਿੰਘ ਤੋਂ ਭਾਦਰਾ ਖੋਹ ਕੇ ਆਪਣੇ ਅਧੀਨ ਕਰਨ ਲੈਣ ਅਤੇ ਪਿੱਛੋਂ ਅੰਗਰੇਜ਼ਾਂ ਦੀ ਸਾਲਸੀ ਰਾਹੀਂ ਪਟਿਆਲਾ ਰਿਆਸਤ ਤੋਂ ਭਾਦਰਾ ਵਾਪਸ ਕਰਵਾਉਣ ਸਬੰਧੀ ਵਰਨਣ ਮਿਲਦਾ ਹੈ। ਇਸ ਤੋਂ ਬਿਨਾ ਪਟਿਆਲਾ ਰਿਆਸਤ ਦੁਆਰਾ 'ਘੱਗਰ' ਨਦੀ 'ਤੇ ਬੰਨ੍ਹ ਬਣਾਉਣ ਕਾਰਨ ਬੀਕਾਨੇਰ ਦੇ ਭਟਨੇਰ ਇਲਾਕੇ ਵਿਚ ਪਾਣੀ ਦੀ ਘਾਟ ਆਉਣ ਤੇ ਅੰਗਰੇਜ਼ ਸਰਕਾਰ ਰਾਹੀਂ ਬੰਨ੍ਹ ਤੁੜਵਾਉਣ ਲਈ ਪਟਿਆਲਾ ਰਿਆਸਤ 'ਤੇ ਦਬਾਅ ਬਣਾਉਣ ਦੀ ਵੀ ਗੱਲ ਸਾਹਮਣੇ ਆਉਂਦੀ ਹੈ।

ਇਸ ਖਿਆਤ ਵਿਚੋਂ ਪਹਿਲੇ ਸਿੱਖ-ਐਂਗਲੋ (ਅੰਗਰੇਜ਼) ਯੁੱਧ ਵਿਚ ਅੰਗਰੇਜ਼ਾਂ ਦੇ ਕਹਿਣ ਤੇ ਸਿੱਖਾਂ ਖਿਲਾਫ ਅੰਗਰੇਜ਼ਾਂ ਦੀ ਸਹਾਇਤਾ ਲਈ ਮੁਕਤਸਰ, ਮਲੋਟ ਅਤੇ ਫਾਜਿਲਕਾ ਆਦਿ ਵਿਚ ਬੀਕਾਨੇਰ ਰਿਆਸਤ ਦੀ ਫ਼ੌਜ ਭੇਜਣ ਦੇ ਖਿਆਤ ਵਿਚ ਆਏ ਹਵਾਲਿਆਂ ਤੋਂ ਸਿੱਖ-ਅੰਗਰੇਜ਼-ਬੀਕਾਨੇਰ ਸਬੰਧਾਂ ਅਤੇ ਮਾਲਵੇ ਵਿਚ ਇਸ ਸਮੇਂ ਦੀ ਉਥਲ-ਪੁਥਲ, ਲੜਾਈਆਂ, ਘਟਨਾਵਾਂ, ਇਸ ਇਲਾਕੇ ਵਿਚ ਅਗਵਾਈ ਕਰ ਰਹੇ ਅੰਗਰੇਜ਼ ਅਫ਼ਸਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਬਾਰੇ ਜਾਣਕਾਰੀ ਤੋਂ ਇਲਾਵਾ ਅੰਗਰੇਜ਼ਾਂ ਨਾਲ ਸਿੱਖਾਂ ਦੀ ਚੇਤ ਸੁਦੀ 3 ਸੰਮਤ 1903 (30 ਮਾਰਚ 1846 ਈ.) ਦੀ ਸੰਧੀ, ਫ਼ੌਜਾਂ ਦੀ ਵਾਪਸੀ, ਸਿੱਖਾਂ ਖਿਾਲਫ ਮੁਹਿੰਮਾਂ ਵਿਚ ਅੰਗਰੇਜ਼ਾਂ ਦਾ ਸਾਥ ਦੇਣ ਵਾਲੇ ਬੀਕਾਨੇਰ ਰਿਆਸਤ ਦੇ ਅਹਿਲਕਾਰਾਂ ਨੂੰ ਸਨਮਾਨਤ ਕਰਨ ਆਦਿ ਬਾਰੇ ਜਾਣਕਾਰੀ ਤੋਂ ਤਤਕਾਲੀਨ ਸਿੱਖਾਂ ਦੀ ਸਥਿਤੀ, ਅੰਗਰੇਜ਼ ਤੇ ਉਸ ਦੀਆਂ ਮਿੱਤਰ ਫ਼ੌਜਾਂ ਆਦਿ ਬਾਰੇ ਤਾਰੀਖਵਾਰ ਪੁਖਤਾ ਵੇਰਵੇ ਮਿਲਦੇ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਅਜਿਹੇ ਵੇਰਵੇ ਸਿੱਖ ਅਤੇ ਬ੍ਰਿਟਿਸ਼ ਸਰੋਤਾਂ ਵਿਚ ਲਗਭਗ ਗਾਇਬ ਹਨ।

ਪਟਿਆਲਾ ਦੇ ਰਾਜਾ ਨਰਿੰਦਰ ਸਿੰਘ ਦੀ ਰਾਜਗੱਦੀ ਸਮੇਂ ਤਿਲਕ ਦੀ ਰਸਮ ਸਬੰਧੀ ਬੀਕਾਨੇਰ ਵੱਲੋਂ ਭੇਜੀਆਂ ਸੌਗਾਤਾਂ ਤੋਂ ਪਟਿਆਲਾ ਰਿਆਸਤ ਨਾਲ ਦੋਸਤੀ ਵਾਲੇ ਸਬੰਧਾਂ ਬਾਬਤ ਪਤਾ ਚੱਲਦਾ ਹੈ। ਮੁਲਤਾਨ ਵਿਚ ਦੀਵਾਨ ਮੂਲ ਰਾਜ ਵੱਲੋਂ ਅੰਗਰੇਜ਼ਾਂ ਖਿਲਾਫ ਕੀਤੇ ਵਿਦਰੋਹ ਸਮੇਂ ਅੰਗਰੇਜ਼ੀ ਹਕੂਮਤ ਦੇ ਖਰੀਤਿਆਂ ਵਿਚ ਬਹਾਵਲਪੁਰ ਤੇ ਮੁਲਤਾਨ ਵੱਲ ਲੱਗਦੀ ਬੀਕਾਨੇਰ ਰਿਆਸਤ ਦੀ ਸਰਹੱਦ ’ਤੇ ਚੌਕਸੀ ਵਧਾਉਣ, ਲੋਕਾਂ ਦੇ ਮੁਲਤਾਨ ਵੱਲ ਨਾ ਜਾਣ, ਸਮਾਨ ਆਦਿ ਦਾ ਮੁਲਤਾਨ ਆਟਾ ਭੇਜਣ ਸਬੰਧੀ ਖਿਆਤ ਵਿਚ ਆਏ ਵੇਰਵਿਆਂ ਤੋਂ ਇਸ ਸਮੇਂ ਬੀਕਾਨੇਰ ਰਿਆਸਤ ਦੀ ਭੂਮਿਕਾ ਤੇ ਪੰਜਾਬ ਦੱਖਣ-ਪੂਰਬੀ ਸੀਮਾਂ ਵੱਲ ਅੰਗਰੇਜ਼ਾਂ ਵੱਲੋਂ ਕੀਤੀ ਗਈ ਘੇਰਾ-ਬੰਦੀ, ਮੁਲਤਾਨ ਵੱਲ ਜਾਣ ਵਾਲੇ ਸਮਾਨ ਦੀ ਸਪਲਾਈ ਕੱਟਣ ਦੇ ਯਤਨਾਂ ਆਦਿ ਬਾਰੇ ਜਾਣਕਾਰੀ ਮਿਲਦੀ ਹੈ।

ਖਿਆਤ ਵਿਚ ਦੂਜੇ ਐਂਗਲੋ (ਅੰਗਰੇਜ਼)-ਸਿੱਖ ਯੁੱਧ ਸਮੇਂ ਬੀਕਾਨੇਰ ਰਿਆਸਤ ਵੱਲੋਂ ਘੋੜਸਵਾਰ ਫ਼ੌਜ, ਤੋਪਚੀ (ਗੋਲੰਦਾਜ) ਅਤੇ ਤੋਪਾਂ ਆਦਿ ਫਿਰੋਜਪੁਰ ਭੇਜਣ ਸਬੰਧੀ ਜ਼ਿਕਰ ਤੋਂ ਬੀਕਾਨੇਰ ਰਿਆਸਤ ਦੇ ਅੰਗਰੇਜ਼ਾਂ ਦੀ ਵਫਾਦਾਰੀ ਨਿਭਾਉਣ ਅਤੇ ਸਿੱਖਾਂ ਦੀ ਮੁਖ਼ਾਲਫਤ ਕਰਨ ਦਾ ਪਤਾ ਚੱਲਦਾ ਹੈ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਖਿਆਤ 19ਵੀਂ ਸਦੀ ਤੋਂ ਪਹਿਲਾਂ ਦੇ ਸਿੱਖ ਧਰਮ ਸਬੰਧੀ ਕਈ ਗਲਤ ਅਤੇ ਅਧੂਰੀਆਂ ਜਾਣਕਾਰੀਆਂ ਦੇਣ ਦੇ ਬਾਵਜੂਦ ਵੀ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਸਿੱਖ ਧਰਮ ਅਤੇ ਇਤਿਹਾਸ ਬਾਰੇ ਰਾਜਸਥਾਨੀ ਭਾਸ਼ਾ ਵਿਚ ਰਚਿਤ ਅਹਿਮ ਸਰੋਤ ਹੈ ਜਿਸ ਦੀ ਸਿੱਖ ਇਤਿਹਾਸ ਜਾਂ ਧਰਮ ਅਧਿਐਨ ਲਈ ਵਰਤੋਂ ਬੜੀ ਸਾਵਧਾਨੀ ਅਤੇ ਸੁਚੇਤ ਹੋ ਕੇ ਕਰਨ ਦੀ ਲੋੜ ਹੈ।

## 2.3. ਖਿਆਤ ਦੇਸ ਦਰਪਣ:

### 2.3.1. ਖਿਆਤ ਬਾਰੇ ਮੁਢਲੀ ਜਾਣਕਾਰੀ

‘ਖਿਆਤ ਦੇਸ਼ ਦਰਪਣ’ ਵਿਚ ਬੀਕਾਨੇਰ ਰਿਆਸਤ ਅਤੇ ਇਥੋਂ ਦੇ ਰਾਠੌੜ ਰਾਜ ਵੰਸ਼ ਦਾ ਇਤਿਹਾਸ ਵਰਨਣ ਕੀਤਾ ਗਿਆ ਹੈ। ਇਸ ਖਿਆਤ ਦਾ ਕਰਤਾ ਵੀ ਬੀਕਾਨੇਰ ਰਿਆਸਤ ਦਾ ਪ੍ਰਸਿੱਧ ਰਾਜ ਕਵੀ ਤੇ ਖਿਆਤਕਾਰ ਦਿਆਲ ਦਾਸ ਸਿੰਢਾਇਚ ਹੈ। ਦਿਆਲ ਦਾਸ ਦੇ

ਬਾਰੇ ਵਿਵਰਣ ਪਹਿਲਾਂ 'ਬੀਕਾਨੇਰ ਰੀ ਖਿਆਤ' ਵਿਚ ਆ ਚੁੱਕਾ ਹੈ। ਇਸ ਲਈ ਏਥੇ ਦੁਬਾਰਾ ਉਸ ਨੂੰ ਦੁਹਰਾਉਣਾ ਠੀਕ ਨਹੀਂ। 'ਖਿਆਤ ਦੇਸ਼ ਦਰਪਣ' ਨੂੰ ਰਾਜਸਥਾਨੀ ਖਿਆਤ ਸਾਹਿਤ ਦੀ ਵੱਧ ਭਰੋਸੇਯੋਗ ਅਤੇ ਅਖੀਰਲੀ ਖਿਆਤ ਮੰਨਿਆ ਜਾਂਦਾ ਹੈ। ਕਿਉਂਕਿ ਇਸ ਖਿਆਤ ਤੋਂ ਪਿੱਛੋਂ ਪੱਛਮੀ ਪ੍ਰਭਾਵ ਅਧੀਨ ਰਾਜਸਥਾਨ ਵਿਚ ਇਤਿਹਾਸਕਾਰੀ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ ਅਤੇ ਰਾਜਸਥਾਨੀ ਖਿਆਤ ਸਾਹਿਤ ਦੀ ਥਾਂ 'ਤੇ ਪੱਛਮੀ ਸ਼ੈਲੀ ਦੀ ਇਤਿਹਾਸਕਾਰੀ ਹੋਂਦ ਵਿਚ ਆਉਂਦੀ ਹੈ। 'ਖਿਆਤ ਦੇਸ਼ ਦਰਪਣ' ਵਿਚ ਬੀਕਾਨੇਰ ਦੇ ਰਾਠੌੜ ਵੰਸ਼ ਦੇ ਆਰੰਭ ਤੋਂ 1861 ਈ. ਤੱਕ ਇਤਿਹਾਸ ਵਰਨਣ ਹੈ। ਇਸ ਖਿਆਤ ਦੀ ਰਚਨਾ 'ਬੀਕਾਨੇਰ ਰੀ ਖਿਆਤ' ਤੋਂ ਬਾਅਦ 1871 ਈ. ਵਿਚ ਹੋਈ। ਇਸ ਖਿਆਤ ਵਿਚ 1863 ਈ. ਤੱਕ ਦਾ ਬੀਕਾਨੇਰ ਰਿਆਸਤ ਨਾਲ ਸਬੰਧਿਤ ਦਾ ਇਤਿਹਾਸ ਦਰਜ ਕੀਤਾ ਗਿਆ ਹੈ। ਇਸ ਖਿਆਤ ਵਿਚ 'ਬੀਕਾਨੇਰ ਰੀ ਖਿਆਤ' ਵਿਚ ਰਹਿ ਗਏ ਅਤੇ ਉਸ ਤੋਂ ਬਾਅਦ ਦੇ ਇਤਿਹਾਸਕ ਬ੍ਰਿਤਾਂਤ ਦਿੱਤੇ ਗਏ ਹਨ। 19ਵੀਂ ਸਦੀ ਤੋਂ ਪਹਿਲਾਂ ਦੇ ਇਤਿਹਾਸ ਲਿਖਦਿਆਂ ਖਿਆਤਕਾਰ ਨੇ ਕਈ ਘਟਨਾਵਾਂ, ਸੰਮਤ ਅਤੇ ਵੇਰਵੇ ਆਦਿ ਪ੍ਰਚੱਲਿਤ ਸੁਣੀਆਂ-ਸੁਣਾਈਆਂ ਗੱਲਾਂ ਅਤੇ ਹੋਰ ਗੌਣ ਸਰੋਤਾਂ ਤੋਂ ਲਏ ਲੱਗਦੇ ਹਨ। ਇਸ ਲਈ ਇਨ੍ਹਾਂ ਵਿਚ ਕਈ ਭੁਲੇਖੇ ਅਤੇ ਅਤਿਕਥਨੀਆਂ ਨਜ਼ਰ ਆਉਂਦੀਆਂ ਹਨ। ਇਸ ਖਿਆਤ ਦੇ ਆਰੰਭ ਵਿਚ 18ਵੀਂ ਸਦੀ ਦੇ ਅਖੀਰ ਤੱਕ ਦੇ ਬ੍ਰਿਤਾਂਤ ਸੰਖੇਪ ਰੂਪ ਵਿਚ ਵਰਨਣ ਕੀਤੇ ਹਨ ਜਦਕਿ ਇਸ ਤੋਂ ਪਿੱਛੋਂ ਦੇ ਸਾਰੇ ਹਾਲਾਤ ਵਿਸਥਾਰ ਨਾਲ ਤੱਥਾਂ ਸਹਿਤ ਲਿਖੇ ਹਨ। ਖਿਆਤ ਦੇ ਅਖੀਰ ਵਿਚ ਬੀਕਾਨੇਰ ਦੇ ਸਾਮੰਤਾਂ, ਠਾਕੁਰਾਂ, ਮੰਦਰਾਂ ਆਂਦਿ ਨਾਲ ਸਬੰਧਿਤ ਜਾਗੀਰਾਂ, ਪਟਿਆਂ, ਆਮਦਨੀ, ਖਰਚ, ਜਨਸੰਖਿਆ ਆਦਿ ਸਬੰਧੀ ਵੇਰਵੇ ਅੰਕੜਿਆਂ ਸਮੇਤ ਦਿੱਤੇ ਹਨ। ਇਹ ਖਿਆਤ ਬੋਲੀ, ਸ਼ੈਲੀ ਅਤੇ ਉਦੇਸ਼ ਆਦਿ ਪੱਖੋਂ 'ਬੀਕਾਨੇਰ ਰੀ ਖਿਆਤ' ਨਾਲ ਹੂ-ਬ-ਹੂ ਮਿਲਦੀ ਹੈ। ਲਿਖਣ ਦਾ ਮਨੋਰਥ ਵੀ ਪਹਿਲੀ ਖਿਆਤ ਵਾਂਗ ਬੀਕਾਨੇਰ ਦੇ ਰਾਠੌੜ ਵੰਸ਼ ਦੀ ਸ਼੍ਰੇਸ਼ਟਤਾ ਸਿੱਧ ਕਰਨਾ ਅਤੇ ਵਡਿਆਈ ਕਰਨ ਤੋਂ ਇਲਾਵਾ ਬੀਕਾਨੇਰ ਰਿਆਸਤ ਦਾ ਇਤਿਹਾਸ ਸਾਹਮਣੇ ਲਿਆਉਣ ਦੇ ਯਤਨ ਕਰਨਾ ਹੈ। ਇਸ ਖਿਆਤ ਦਾ ਆਧਾਰ ਸ੍ਰੋਤ ਵੀ ਬੀਕਾਨੇਰ ਦਰਬਾਰ ਵਿਚ ਮੌਜੂਦ ਵਾਰਤਕ ਸਾਹਿਤ ਸਮੱਗਰੀ, ਬਾਤਾਂ-ਖਿਆਤਾਂ, ਵਿਗਤਾਂ, ਯਾਦਾਸ਼ਤਾਂ ਆਦਿ ਤੇ ਕਾਵਿ ਸ਼ੈਲੀ ਦੇ ਗੀਤਾਂ, ਨਿਸ਼ਾਨੀ, ਦੋਹੇ, ਕਬਿੱਤ, ਝੂਲਣੇ, ਮਰਸੀਏ, ਗਜਲ, ਚਰਿਤ ਆਦਿ ਤੋਂ ਇਲਾਵਾ ਰਾਜਸੀ ਪਟੇ, ਪ੍ਰਵਾਨੇ, ਵਹੀਆਂ, ਖਰੀਤੇ, ਅਰਜਦਾਸ਼ਤਾਂ, ਪੱਤਰ, ਸ਼ਿਲਾਲੇਖ ਆਦਿ ਹਨ।

ਹੱਥਲੇ ਖੋਜ ਕਾਰਜ ਦੇ ਇਸ ਅਧਿਆਇ ਵਿਚ 'ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ' ਦੁਆਰਾ ਪ੍ਰਕਾਸ਼ਤ 'ਖਿਆਤ ਦੇਸ਼ ਦਰਪਣ' ਨੂੰ ਆਧਾਰ ਬਣਾਇਆ ਗਿਆ ਹੈ ਜੋ ਇਸ ਸੰਸਥਾ ਵਿਚ ਹੀ ਮੌਜੂਦ ਇਸ ਖਿਆਤ ਦੇ ਹੱਥ ਲਿਖਤ ਖਰੜੇ ਤੇ ਅਧਾਰਿਤ ਹੈ।[32] ਇਸ ਖਿਆਤ ਵਿਚ ਵੀ 'ਬੀਕਾਨੇਰ ਰੀ ਖਿਆਤ' ਵਾਂਗ ਸਿੱਖਾਂ ਨਾਲ ਸਬੰਧਿਤ ਵਿਵਰਣ ਆਇਆ ਹੈ। ਖਾਸ ਤੌਰ 'ਤੇ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਜਾਂ ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ਾ ਕਰ ਲੈਣ ਤੱਕ ਦੇ ਕਈ ਬ੍ਰਿਤਾਂਤ ਇਨ੍ਹਾਂ ਦੋਹਾਂ ਖਿਆਤਾਂ ਵਿਚ ਨਿਵੇਕਲੇ ਹਨ। ਇਨ੍ਹਾਂ ਦੋਹਾਂ ਖਿਆਤਾਂ ਵਿਚ ਬਹੁਤ ਜਿਆਦਾ ਸਮਾਨਤਾ ਹੋਣ ਕਰਕੇ 'ਖਿਆਤ ਦੇਸ਼ ਦਰਪਣ' ਵਿਚ ਸਿੱਖਾਂ ਨਾਲ ਸਬੰਧਿਤ ਆਏ ਵੇਰਵਿਆਂ ਵਿਚੋਂ ਇਥੇ ਉਨ੍ਹਾਂ ਘਟਨਾਵਾਂ ਜਾਂ ਵੇਰਵਿਆਂ ਦਾ ਜ਼ਿਕਰ ਕੀਤਾ ਜਾਵੇਗਾ ਜੋ 'ਬੀਕਾਨੇਰ ਰੀ ਖਿਆਤ' ਵਿਚ ਸ਼ਾਮਿਲ ਨਹੀਂ ਹਨ। ਜਿਨ੍ਹਾਂ ਵੇਰਵਿਆਂ ਜਾਂ ਘਟਨਾਵਾਂ ਦਾ ਜ਼ਿਕਰ ਉਪਰੋਕਤ ਖਿਆਤ ਵਿਚੋਂ ਪਹਿਲਾਂ ਹੀ ਇੱਥੇ ਲਿਆ ਜਾ ਚੁੱਕਾ ਹੈ ਉਸ ਨੂੰ ਅੱਗੇ ਦੁਬਾਰਾ ਸ਼ਾਮਲ ਨਹੀਂ ਕੀਤਾ ਗਿਆ, ਹਾਂ ਜੇਕਰ ਦੋਹਾਂ ਖਿਆਤਾਂ ਵਿਚ ਲਿਖਤ ਕਿਸੇ ਘਟਨਾ ਜਾਂ ਵੇਰਵੇ ਵਿਚ ਕੋਈ ਖ਼ਾਸ ਅੰਤਰ ਹੈ ਤਾਂ ਉਸ ਨੂੰ ਇਥੇ ਜ਼ਰੂਰ ਵਿਚਾਰਿਆ/ਲਿਖਿਆ ਗਿਆ।

### 2.3.2. ਖਿਆਤ ਦੇਸ ਦਰਪਣ ਵਿਚ ਸਿਖਾਂ ਸਬੰਧੀ ਵਿਵਰਣ:

**ਸਿੱਖ ਅਨੂਪ ਸਿੰਘ:** ਸੰਮਤ 1890 (ਜੂਨ 1833 ਈ.) ਦੇ ਹਾੜ ਮਹੀਨੇ ਵਿਚ ਮਾਰਵਾੜ ਦੇ ਇਲਾਕੇ ਤੋਂ 400 ਆਦਮੀਆਂ ਨੇ ਆ ਕੇ ਪਿੰਡ ਝੱਜੂ ਲੁੱਟਿਆ ਤੇ ਬਾਧਾਂ ਬੰਨ੍ਹ ਕੇ ਜੋਧਪੁਰ ਦੇ ਇਲਾਕੇ ਵਿਚ ਲੈ ਗਏ। ਉਨ੍ਹਾਂ ਦੇ ਪਿੱਛੇ ਸ਼ਾਹ ਲਾਲ ਚੰਦ ਪਹੁੰਚ ਗਿਆ ਤੇ ਝਗੜੇ ਵਿਚ ਰਾਵਤ ਭਾਰਥ ਸਿੰਘ, ਭੋਪਾਲ ਸਿੰਘ ਗੋਪਾਲਪੁਰੇ ਦਾ ਅਤੇ ਰਸਾਲਦਾਰ ਅਨੂਪ ਸਿੰਘ ਸਿੱਖ ਕੰਮ ਆਏ (ਮਾਰੇ ਗਏ)।[33] ਪਿੱਛੋਂ (ਸੰਮਤ 1890, 1833 ਈ.) ਅੰਗਰੇਜ਼ ਸਰਕਾਰ ਦੇ ਇਲਾਕੇ ਦੇ ਪਿੰਡਾਂ ਚੁੰਡਾ ਕੋਲ ਦੇ ਚੌਧਰੀ; ਦੜਵੈ, ਫਤਿਹਾਬਾਦ-ਸਰਸੇ ਦੇ ਪਿੰਡਾਂ ਦੇ ਭੱਟੀ, ਪਿੰਡ ਧਾਂਗੜ ਤੇ ਪਟਿਆਲੇ, ਕੈਥਲ ਤੇ ਨਾਭੇ ਇਲਾਕੇ ਦੇ ਬਰਾੜ; ਹਜਾਰਾਂ ਆਦਮੀ ਇਕੱਠੇ ਹੋ ਕੇ ਪ੍ਰਗਨੇ ਭਾਦਰਾ ਦੇ ਪਿੰਡ ਛਾਨੀ, ਪ੍ਰਗਨੇ ਗਾਂਧੀ ਰਾਇ, ਸਲਾਣਾ, ਬੈਗੀਵਾਲ, ਨੀਠਰਾਣਾ, ਭਰਾਣਾ,

---

32 ਦਿਆਲ ਦਾਸ ਸਿੰਢਾਇਚ, **ਖਿਆਤ ਦੇਸ਼ ਦਰਪਣ**, ਸੰਪਾ. ਜੇ.ਕੇ.ਜੈਨ।

33 **ਉਕਤ**, ਪੰਨਾ 80.

ਵਾਂਝਲਾ, ਬਧੇਊ, ਖਜਵਾਣਾ, ਸਾਗਤਾ, ਲਾਖਣਵਾਸ ਵਗੈਰਾ 70 ਪਿੰਡਾਂ; ਨੌਹਰ ਪ੍ਰਗਨੇ ਦੇ 30 ਪਿੰਡਾਂ, ਅਜੀਤਪੁਰਾ, ਦਹੀਵਾਸ ਵਗੈਰਾ, ਭਰਥਨੇਰ (ਹਨੂੰਮਨਾਗੜ੍ਹ) ਰਾਵਤਸਰ ਪ੍ਰਗਨਿਆਂ ਦੇ 50 ਪਿੰਡਾਂ ਦਾ ਸਾਰਾ ਸਮਾਨ, ਚੌਲ, ਊਠ ਪਸ਼ੂ, ਝੋਨੇ ਦੀ ਪਰਾਲੀ, ਲੱਖਾਂ ਰੁਪਇਆ ਲੁੱਟ ਕੇ ਲੈ ਗਏ।[34]

**ਲਾਹੌਰ ਵਿਚ ਮਹਾਰਾਜਾ ਖੜਕ ਸਿੰਘ ਦੇ ਰਾਜਤਿਲਕ ਸਬੰਧੀ:** ਲਾਹੌਰ ਦੇ ਮਹਾਰਾਜਾ ਖੜਕ ਸਿੰਘ ਨੂੰ ਰਾਜ ਤਿਲਕ ਹੋਇਆ। ਇਸ ਸਮੇਂ ਬੀਕਾਨੇਰ ਰਿਆਸਤ ਵੱਲੋਂ 1 ਟਿੱਕਾ, 2 ਹਾਥੀ, ਨਜਰ ਦੀ ਰਕਮ, ਕੱਪੜੇ ਆਦਿ ਦੇ ਕੇ ਵਿਆਸ ਵਾਸਦੇਵ ਨੂੰ ਭੇਜਿਆ (ਫੱਗਣ ਸੁਦੀ 2/3 ਸੰਮਤ 1896, 6 ਮਾਰਚ 1840 ਈ.)

**ਸਿੱਖਾਂ ਵੱਲੋਂ ਬੀਕਾਨੇਰ ਦੇ ਰਾਜੇ ਦੇ ਰਾਜ ਤਿਲਕ ਸਮੇਂ ਨਜਰਭੇਟ ਤੇ ਟਿੱਕਾ:** ਭਾਦਰੋਂ ਵਦੀ 7 ਮੰਗਲਵਾਰ ਸੰਮਤ 1909 ਨੂੰ ਬੀਕਾਨੇਰ ਰਿਆਸਤ ਦੇ ਮਹਾਰਾਜਾ (ਸਰਦਾਰ ਸਿੰਘ) ਦਾ ਰਾਜ ਤਿਲਕ ਹੋਇਆ। ਇਸ ਸਮੇਂ ਰਿਆਸਤ ਦੇ ਜਗੀਰਦਾਰਾਂ, ਅਹਿਲਕਾਰਾਂ, ਅਧਿਕਾਰੀਆਂ ਆਦਿ ਵੱਲੋਂ ਮਹਾਰਾਜੇ ਨੂੰ ਨਜ਼ਰ ਭੇਟਾਵਾਂ ਪੇਸ਼ ਕੀਤੀਆਂ ਗਈਆਂ ਜਿਸ ਵਿਚ ਬੀਕਾਨੇਰ ਰਿਆਸਤ ਦੇ ਸਿੱਖ ਰਸਾਲਦਾਰ ਸੰਗਤ ਸਿੰਘ ਵੱਲੋਂ 2 ਘੋੜੇ ਮਹਾਰਾਜੇ ਨੂੰ ਨਜ਼ਰ ਭੇਟ ਕੀਤੇ ਗਏ।[35] ਅੱਸੂ ਵਦੀ 5 (ਸੰਮਤ 1909, 3 ਅਕਤੂਬਰ 1852 ਈ.) ਨੂੰ ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਵੱਲੋਂ ਸਿੱਖ ਜਸੋਧਾ (ਦਸੌਧਾ) ਸਿੰਘ ਤੇ ਸ਼ਾਮ ਸਿੰਘ ਟਿੱਕਾ ਲੈ ਕੇ (ਬੀਕਾਨੇਰ) ਆਏ। ਜਿਸ ਵਿਚ 1 ਚੰਦੇਰੀ ਦੀ ਸਫੈਦ ਪੱਗ, 1 ਰੁਮਾਲ ਪਸ਼ਮੀਨੇ ਦਾ, 1 ਲੋਈ ਰੇਸ਼ਮੀ ਕੰਨੀਆਂ ਵਾਲੀ, ਗੰਗਾ ਜਮਨਾ (ਕੱਪੜੇ) ਦੀ ਕਿਸਮ ਦੀ, 1 ਦੁਪੱਟਾ, ਰੇਸ਼ਮੀ ਕੰਨੀਆਂ ਤੇ ਘੋੜੇ ਬਣੇ ਹੋਏ ਕਲਾਬੂਤੀ, 2 ਥਾਨ ਜਾਮਨੀ ਦੇ, 1 ਕੀਨਖਾਬ ਬਨਾਰਸੀ, ਤਨਸੁਖ ਥਾਨ ਇਕ, 1 ਸਿਰਪੇਚ ਹੀਰਿਆਂ ਦਾ ਕਲਗੀ ਸਮੇਤ, 1 ਮੋਤੀਆਂ ਦੀ ਮਾਲਾ ਗਲੇ ਲਈ ਪੰਨੇ ਜੜਿਆ ਵਾਲੀ, 1 ਘੋੜਾ ਤੇਰਾਂ ਨਗਾਂ ਸਮੇਤ; ਤਖਤੀਆਂ (ਬੁਗਤੀਆਂ) ਨਗ, 1 ਚਾਂਦੀ ਦਾ ਡੱਬਾ, 1 ਚਾਂਦੀ ਦਾ ਜੱਟ ਕੰਘੋਟ, 1 ਮੀਰੂ ਜੋਟ ਸੋਨੇ, 1 ਦੁਮਚੀ (ਘੋੜੇ ਦੇ ਅੱਗੇ ਬੰਨ੍ਹਣ ਵਾਲੀ) ਚਾਰ ਹਰੜਾ ਜੜੀ, ਇਹ ਸਾਰਾ ਸਮਾਨ ਪਟਿਆਲੇ ਦੇ ਮਹਾਰਾਜਾ ਵੱਲੋਂ ਨਜ਼ਰ ਹੋਇਆ।[36]

---

[34] ਉਹੀ, ਪੰਨਾ 81.
[35] ਉਹੀ, ਪੰਨਾ 116.
[36] ਉਹੀ, ਪੰਨਾ 118.

ਬਘੇਲ ਸਿੰਘ ਦੀ ਗ੍ਰਿਫ਼ਤਾਰੀ ਸਬੰਧੀ ਬੀਕਾਨੇਰ ਨੂੰ ਅੰਗਰੇਜ਼ ਅਫ਼ਸਰ ਦਾ ਖ਼ਤ: (1851 ਈ.) ਫਿਰੋਜ਼ਪੁਰ ਦੇ ਕਮਿਸ਼ਨਰ ਵੰਰਡਰਡ (?) ਸਾਹਬ ਦੀ ਚਿੱਠੀ ਮੁਹਤਾ ਮਹਾਰਾਵ ਹਰੀ ਸਿੰਘ ਦੇ ਨਾਮ ਬਘੇਲ ਸਿੰਘ[37] ਨੂੰ ਗ੍ਰਿਫ਼ਤਾਰ ਕਰਨ ਸਬੰਧੀ ਆਈ। (ਉਸ ਦੀ ਸਾਰੀ ਨਕਲ ਇੱਥੇ ਨਹੀਂ ਦਿੱਤੀ ਗਈ)[38]

**ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਦੀ ਬੇਟੀ ਦੇ ਵਿਆਹ ਸਬੰਧੀ:**

ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਦੀ ਬੇਟੀ ਦੇ ਵਿਆਹ ਦਾ ਸੱਦਾ-ਪੱਤਰ ਲੈ ਕੇ ਪ੍ਰੋਹਤ ਲਾਲ ਸਿੰਘ ਬੀਕਾਨੇਰ ਆਇਆ (ਸੰ. 1909, 1853/53 ਈ.) ਉਸ ਨੂੰ 1 ਘੋੜਾ, 2 ਗਹਿਣਿਆਂ ਦੀ ਰਕਮ, ਕੱਪੜਿਆਂ ਦੀ ਗਠੜੀ, 1 ਹਜ਼ਾਰ ਰੁਪਏ ਹੁੰਡੀ (ਬੈਂਕ ਡਰਾਫਟ ਵਰਗੀ) ਦੇ ਕੇ ਮੁਹਤਾ ਕੇਸਰੀ ਚੰਦ ਨੂੰ ਨਾਲ ਭੇਜਿਆ, ਉਹ ਸਰਸੇ ਤੋਂ ਪਟਿਆਲੇ ਗਏ।[39]

**ਨਾਭੇ ਅਤੇ ਜੀਂਦ ਦੇ ਰਾਜਿਆਂ ਵੱਲੋਂ ਬੀਕਾਨੇਰ ਰਾਜ ਤਿਲਕ ਦੀ ਨਜਰ ਭੇਜਣੀ:** ਨਾਭੇ ਦੇ ਰਾਜੇ ਭਰਪੂਰ ਸਿੰਘ ਜੀ ਵੱਲੋਂ ਟਿੱਕਾ ਲੈ ਕੇ ਸਿੱਖ ਖੜਕ ਸਿੰਘ ਵਸਾਖ ਸੁਦੀ 13 (ਸੰਮਤ 1909, 2 ਮਈ 1852 ਈ.) ਨੂੰ ਆਇਆ। ਜਿਸ ਵਿਚ 1 ਸਰਪੇਚ, ਜੜਾਊ, 1 ਕੰਠੀ ਮੋਤੀਆਂ ਦੀ (ਗਲੇ ਦੀ ਮਾਲਾ), 2 ਥਾਨ ਗੁਲਬਦਨ, 1 ਸਫ਼ੈਦ ਪੱਗ, 1 ਦੁਪੱਟਾ ਕਸੁੰਤਲ ਪੱਲੇ ਵਾਲਾ ਕਲਾਬੂਤ ਦਾ, 1 ਕੀਮਖਾਬ ਬਨਾਰਸੀ, 2 ਜਾਮਦਾਨੀ ਥਾਨ, 1 ਦਸ਼ਾਲਿਆਂ ਦੀ ਜੋੜੀ, 1 ਘੋੜਾ, 1 ਕੈਂਠਾ, 13 ਤਖਤੀਆਂ (ਬੁਗਤੀਆਂ), 1 ਜੋਵਾਂ ਦੀ ਜੋੜੀ, 1 ਕੰਧੋਟ ਗ਼ੁਲਬਦਨ ਦਾ (ਸਰਦੀਆਂ ਵਿਚ ਘੋੜੇ ਤੇ ਪਾਉਣ ਵਾਲਾ ਝੁੱਲ), 1 ਕਾਠੀ (ਘੋੜੇ ਦੀ), ਬਨਾਤੀ ਜਿਸ ਉੱਪਰ ਕਾਰਚੋਭੀ ਦਾ ਕੰਮ ਹੋਇਆ (ਮੀਨਾਕਾਰੀ) ਵਸਤਾਂ ਸਨ। ਇਹ ਸਾਰਾ ਸਮਾਨ ਟਿੱਕੇ ਸਬੰਧੀ ਰਾਜਾ ਨਾਭਾ ਵੱਲੋਂ ਆਇਆ।[40]

**ਜੀਂਦ ਦੇ ਰਾਜੇ ਵੱਲੋਂ ਟਿੱਕਾ:** ਜੀਂਦ ਦੇ ਰਾਜੇ ਵੱਲੋਂ ਟਿੱਕਾ ਲੈ ਕੇ ਸਿੱਖ ਅਬੀਰ (ਅਮੀਰ) ਸਿੰਘ ਮਾਘ ਵਦੀ 12 (ਸੰਮਤ 1909, 5 ਫਰਵਰੀ 1853 ਈ.) ਨੂੰ ਬੀਕਾਨੇਰ ਆਇਆ ਜਿਸ ਵਿਚ

---

37 ਇਹ ਦੂਜੀ ਐਂਗਲੋ-ਸਿੱਖ ਵਾਰ ਨਾਲ ਸਬੰਧਿਤ ਸਿੱਖ ਸਰਦਾਰ ਸੀ ਜਿਸ ਬਾਰੇ ਇਸ ਖਿਆਤ ਤੋਂ ਬੀਕਾਨੇਰ ਰਿਆਸਤ ਦੇ ਇਲਾਕੇ ਵਿਚ ਚਲੇ ਜਾਣ ਬਾਰੇ ਇਸ਼ਾਰਾ ਮਿਲਦਾ ਹੈ।

38 ਉਕਤ, ਪੰਨਾ 120.

39 ਉਹੀ, ਪੰਨਾ 121.

40 ਉਹੀ, ਪੰਨਾ 123.

1 ਸਰਪੇਚ ਜੜਾਊ, 1 ਘੋੜਾ, 1 ਜੋਆਂ ਦੀ ਜੋੜੀ (ਘੋੜੇ ਦਾ ਸਾਜ-ਸਮਾਨ), 1 ਕੈਂਠਾ, ਕੱਪੜਿਆਂ ਦੀ ਸੂਚੀ- 1 ਪੱਗ ਸਫੈਦ, 1 ਦੁਸ਼ਾਲਿਆਂ ਦੀ ਜੋੜੀ, 1 ਪਾਟ (ਰੇਸ਼ਮੀ) ਦੀ ਲੂੰਗੀ ਕਿਰਮਚੀ, ਕਲਬੂਤ ਦੀਆਂ ਕਿਨਾਰੀਆਂ ਵਾਲੀ, ਥਾਨ ਗੁਲਬਦਨ, ਥਾਨ ਕੀਨਖਾਬ, ਬਨਾਰਸੀ 2 ਥਾਨ ਜਾਮਦਾਨੀ 2 ਸਨ।[41]

**ਬੀਕਾਨੇਰ ਦੇ ਮਹਾਰਾਜਾ ਦਾ ਜੀਂਦ ਆਉਣ ਤੇ ਰਾਜਾ ਸਰੂਪ ਸਿੰਘ ਜੀਂਦ ਵੱਲੋਂ ਸਵਾਗਤ:** (ਸੰਮਤ 1911, 13 ਅਪ੍ਰੈਲ 1854 ਈ.) ਚੇਤ ਸੁਦੀ 15 ਨੂੰ ਬੀਕਾਨੇਰ ਦੇ ਮਹਾਰਾਜੇ ਦਾ ਡੇਰਾ ਜੀਂਦ ਹੋਇਆ। ਜੀਂਦ ਦਾ ਰਾਜਾ ਸਰੂਪ ਸਿੰਘ ਸਵਾਗਤ ਲਈ 3 ਕੋਹ ਅੱਗੇ ਜਾ ਕੇ ਮਿਲਿਆ ਤੇ ਮਹਾਰਾਜਾ ਬੀਕਾਨੇਰ ਨੂੰ ਡੇਰੇ ਉਤਾਰਾ ਕਰਵਾ ਕੇ ਫਿਰ ਆਪਣੇ ਮਹਿਲਾਂ ਵਿਚ ਆ ਗਿਆ। ਜੀਂਦ ਦੇ ਰਾਜਾ ਵੱਲੋਂ ਮੇਜ਼ਬਾਨੀ ਦਿੱਤੀ ਗਈ ਤੇ ਲਸ਼ਕਰ ਨੂੰ ਵੀ ਮੇਜ਼ਬਾਨੀ ਭੇਜੀ ਗਈ।[42] ਇਕ ਦਿਨ ਜੀਂਦ ਰਹੇ। ਪਿੱਛੋਂ ਜੀਂਦ ਦੇ ਰਾਜੇ ਦਾ ਰਾਜਕੁਮਾਰ ਬੀਕਾਨੇਰ ਦੇ ਮਹਾਰਾਜੇ ਨੂੰ ਲੈਣ ਲਈ ਆਇਆ। ਮਹਾਰਾਜਾ ਬੀਕਾਨੇਰ ਉਸ ਦੇ ਨਾਲ ਗਿਆ। ਗਲੀਚੇ ਦੀ ਵਿਛਾਈ ਤੇ ਬੈਠੇ ਸੱਜੇ ਪਾਸੇ ਜੀਂਦ ਦਾ ਰਾਜਾ ਬਰਾਬਰ ਬੈਠਾ, ਨਾਲ ਉਥੋਂ ਦਾ ਰਾਜਕੁਮਾਰ ਪਾਸੇ ’ਤੇ ਬੈਠਾ। ਮੁਹਤਾ ਗੁਮਾਨ ਸਿੰਘ ਦੀ ਬੈਠਣ ਵਾਲੀ ਕੁਰਸੀ ਰਾਜਾ ਸਰੂਪ ਸਿੰਘ ਦੀ ਕੁਰਸੀ ਦੇ ਪਿਛਲੇ ਪਾਸੇ ਸੀ, ਉਸ ਨੇ ਕੁਰਸੀ ਫੜ੍ਹ ਰਾਜਾ (ਸਰੂਪ ਸਿੰਘ) ਇਸ ਗੱਲ ਤੋਂ ਖੁਸ਼ ਹੋਇਆ ’ਤੇ ਮੁਹਤਾ ਗੁਮਾਨ ਸਿੰਘ ਦੀ ਤਾਰੀਫ ਕੀਤੀ। ਬਾਅਦ ਵਿਚ 1 ਘੋੜਾ, 21 ਤੋੜੇ (ਬੰਦੂਕਾਂ), ਜੜਾਊ ਦੀ ਰਕਮ-ਸਿਰਪੇਚ, ਕੜਾ, ਮੋਤੀਆਂ ਦੀ ਮਾਲਾ, ਚੋਂਕੜਾ (ਗਲੇ ਲਈ) ਨਜ਼ਰ ਕੀਤੇ। (ਮਹਾਰਾਜਾ ਬੀਕਾਨੇਰ ਲਈ) ਸਾਰੇ ਲਸ਼ਕਰ ਲਈ ਮੇਜ਼ਬਾਨੀ ਦੀਆਂ ਵਸਤਾਂ ਭੇਜੀਆਂ। ਵਸਾਖ ਵਦੀ 1 ਨੂੰ ਜੀਂਦ ਦਾ ਰਾਜਾ ਬੀਕਾਨੇਰ ਦੇ ਰਾਜੇ ਦੇ ਡੇਰੇ ’ਤੇ ਆਇਆ। ਠਾਕੁਰ ਅਮਰ ਸਿੰਘ ਸਵਾਗਤ ਕਰਨ ਲਈ ਅੱਗੋਂ ਗਿਆ, 21 ਸ਼ਲਕਾਂ ਕੀਤੀਆਂ ਗਈਆਂ (ਤੋਪਾਂ ਜਾਂ ਬੰਦੂਕਾਂ ਦੀਆਂ)। 1 ਹਾਥੀ 21 ਕਿਸ਼ਤੀਆਂ ਕੱਪੜਿਆਂ ਦੀਆਂ, ਕੰਵਰ (ਜੀਂਦ) ਨੂੰ 1 ਘੋੜਾ, 1 ਮੋਤੀਆਂ ਦੀ ਮਾਲਾ (ਬੀਕਾਨੇਰ ਦੇ ਮਹਾਰਾਜੇ ਵੱਲੋਂ ਦਿੱਤੀਆਂ ਗਈਆਂ। ਪਿੱਛੋਂ ਡੇਰਾ ਜੀਂਦ ਤੋਂ ਰੁਖਸਤ ਹੋਇਆ।[43]

---

41 ਉਹੀ, ਪੰਨਾ 124.

42 ਜਦੋਂ ਕਿਸੇ ਰਾਜ ਜਾਂ ਰਾਜਨੀਤਕ ਹਸਤੀ ਵੱਲੋਂ ਕੋਈ ਆਦਮੀ, ਫ਼ੌਜ, ਰਾਜਾ ਆਦਿ ਦੂਜੇ ਰਾਜੇ ਦੀ ਹੱਦ ਵਿਚ ਦੱਸ ਕੇ ਮਿੱਤਰਚਾਰੇ ਦੀ ਭਾਵਨਾ ਨਾਲ ਜਾਂਦਾ ਜਾਂ ਰਾਜ ਦੀ ਹੱਦ ਵਿਚ ਲੰਘਦਾ ਸੀ ਤਾਂ ਉਸ ਰਾਜ ਦੇ ਰਾਜੇ ਵੱਲੋਂ ਸਵਾਗਤ ਲਈ ਮਠਿਆਈ, ਰਾਸ਼ਨ ਆਦਿ ਪ੍ਰਾਹੁਣਾਚਾਰੀ ਲਈ ਭੇਜਿਆ ਜਾਂਦਾ ਸੀ ਜਿਸ ਨੂੰ ਮੇਜਬਾਨੀ ਕਿਹਾ ਜਾਂਦਾ ਸੀ।

43 ਉਹੀ, ਪੰਨਾ 134.

ਵਸਾਖ ਵਦੀ 10 ਨੂੰ ਹਰਿਦੁਆਰ ਡੇਰਾ ਜਾ ਕੀਤਾ। ਉੱਥੇ ਮਹਾਰਾਜਾ ਬੀਕਾਨੇਰ ਦਾ ਡੇਰਾ 7 ਦਿਨ ਰਿਹਾ। ਉੱਥੇ ਨਾਭੇ ਦੇ ਰਾਜੇ ਨਾਲ ਵੀ ਮਹਾਰਾਜਾ ਬੀਕਾਨੇਰ ਦੀ ਮੁਲਾਕਾਤ ਹੋਈ।[44]

### 2.3.3. ਖਿਆਤ ਦੇਸ਼ ਦਰਪਣ ਵਿਚ ਸਿੱਖਾਂ ਸਬੰਧੀ ਆਏ ਵਿਵਰਣ ਦਾ ਵਿਸ਼ਲੇਸ਼ਣ

ਬੀਕਾਨੇਰ ਰਿਆਸਤ ਦੇ ਇਲਾਕੇ ਦੀ ਹੱਦ ਸਿੱਖਾਂ ਦੀ ਮੁੱਖ ਵਸੋਂ ਵਾਲੇ ਇਲਾਕੇ ਪੰਜਾਬ ਨਾਲ ਲੱਗਦੀ ਹੋਣ ਕਰਕੇ ਬੀਕਾਨੇਰ ਰਿਆਸਤ ਨਾਲ ਸਿੱਖਾਂ ਦਾ ਗਾਹੇ-ਬਗਾਹੇ ਵਾਹ ਪੈਂਦਾ ਸੀ। ਇਸ ਲਈ ਬੀਕਾਨੇਰ ਰਿਆਸਤ ਅਤੇ ਇਸ ਦੇ ਰਾਠੌੜ ਵੰਸ਼ੀ ਸ਼ਾਸ਼ਕਾਂ ਦੇ ਇਤਿਹਾਸ ਬਾਰੇ ਲਿਖੀ ਗਈ 'ਖਿਆਤ ਦੇਸ਼ ਦਰਪਣ' ਵਿਚ ਸਿੱਖਾਂ ਨਾਲ ਸਬੰਧਿਤ ਵੇਰਵੇ ਆਉਣੇ ਕੁਦਰਤੀ ਹਨ। ਇਸ ਖਿਆਤ ਤੋਂ ਪਹਿਲਾਂ ਦਿਆਲ ਦਾਸ ਦੁਆਰਾ ਰਚੀ ਗਈ ਪਹਿਲੀ 'ਬੀਕਾਨੇਰ ਰੀ ਖਿਆਤ' ਵਿਚ ਵੀ ਸਿੱਖਾਂ ਨਾਲ ਸਬੰਧਿਤ ਕਾਫ਼ੀ ਜਾਣਕਾਰੀ ਮਿਲਦੀ ਹੈ। ਖਿਆਤ ਦੇਸ਼ ਦਰਪਣ ਵਿਚ 19ਵੀਂ ਸਦੀ ਵਿਚ ਸਤਲੁਜ ਤੋਂ ਪਾਰ ਦੀਆਂ ਸਿੱਖ ਰਿਆਸਤਾਂ ਪਟਿਆਲਾ, ਨਾਭਾ, ਕੈਥਲ, ਜੀਂਦ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਨਾਲ ਰਾਜਨੀਤਿਕ, ਕੂਟਨੀਤਕ, ਸਮਾਜਿਕ ਅਤੇ ਸੈਨਿਕ ਸਬੰਧਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਖਿਆਤ ਵਿਚ ਖ਼ਾਸ ਕਰਕੇ 19ਵੀਂ ਸਦੀ ਦੇ ਛੇਵੇਂ ਦਹਾਕੇ ਤੱਕ ਦੀ ਉਪਰੋਕਤ ਰਿਆਸਤਾਂ ਅਤੇ ਲਾਹੌਰ ਦਰਬਾਰ ਨਾਲ ਬੀਕਾਨੇਰ ਦੇ ਸਬੰਧਾਂ ਦੀ ਤੱਥਾਂ ਸਹਿਤ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਖਿਆਤ ਵਿਚੋਂ ਪਟਿਆਲਾ ਰਿਆਸਤ ਦੁਆਰਾ ਬੀਕਾਨੇਰ ਰਿਆਸਤ ਦੀ ਅੰਦਰੂਨੀ ਬਗਾਵਤ ਸਮੇਂ 'ਭਾਦਰਾ' ਪਰਗਨੇ ਦੇ ਠਾਕੁਰ ਪ੍ਰਤਾਪ ਸਿੰਘ ਦੇ ਵਿਦਰੋਹ ਨੂੰ ਦਬਾ ਕੇ ਖੁਦ ਕਬਜ਼ਾ ਕਰਨ ਅਤੇ ਪਿੱਛੋਂ ਅੰਗਰੇਜ਼ਾਂ ਦੀ ਸਾਲਸੀ ਰਾਹੀਂ ਇਹ ਪ੍ਰਗਨਾ ਰਿਆਸਤ ਬੀਕਾਨੇਰ ਨੂੰ ਵਾਪਸ ਕਰਨ ਤੋਂ ਇਲਾਵਾ ਪਟਿਆਲਾ ਰਿਆਸਤ ਵੱਲੋਂ 'ਘੱਗਰ' ਨਦੀ 'ਤੇ ਬੰਨ੍ਹ ਬਣਾਉਣ ਕਰਕੇ ਬੀਕਾਨੇਰ ਦੇ ਹਨੂੰਮਾਨਗੜ੍ਹ ਇਲਾਕੇ ਵਿਚ ਪਾਣੀ ਦੀ ਕਮੀ ਹੋਣ ਆਦਿ ਦੇ ਮਸਲਿਆਂ ਤੋਂ ਦੋਹਾਂ ਰਿਆਸਤਾਂ ਦੇ ਸਬੰਧਾਂ ਵਿਚ ਬੇਚੈਨੀ ਅਤੇ ਬੇਵਿਸ਼ਵਾਸੀ ਦੀ ਭਾਵਨਾ ਪੈਦਾ ਹੋਣ ਦਾ ਪਤਾ ਲੱਗਦਾ ਹੈ। ਪਰ ਇਸ ਤੋਂ ਇਲਾਵਾ ਸਿੱਖ ਰਿਆਸਤ ਪਟਿਆਲਾ ਦੇ ਸ਼ਾਸਕਾਂ ਵੱਲੋਂ ਸਮੇਂ-ਸਮੇਂ ਤੇ ਰਾਜਸੀ ਅਤੇ ਸਮਾਜਿਕ ਸਮਾਗਮਾਂ ਖਾਸ ਕਰਕੇ ਵਿਆਹ-ਸ਼ਾਦੀ ਦੇ ਨਿਉਤੇ ਭੇਜਣ ਅਤੇ ਰਾਜ ਤਿਲਕ ਸਮੇਂ ਭੇਟਾਵਾਂ ਆਦਿ ਭੇਜਣ ਤੋਂ ਇਨ੍ਹਾਂ ਦੋਹਾਂ ਰਿਆਸਤਾਂ ਦੇ ਸਿੱਖ-

[44] ਉਹੀ, ਪੰਨਾ 134.

ਰਾਜਪੂਤ ਸ਼ਾਸਕਾਂ ਦੇ ਸਹਿਹੋਂਦ ਅਤੇ ਇਕ ਦੂਜੇ ਪ੍ਰਤੀ ਭਰਾਤਰੀ-ਭਾਵ ਰੱਖਣ ਦੀ ਭਾਵਨਾ ਪਤਾ ਚੱਲਦੀ ਹੈ।

ਪਟਿਆਲਾ ਤੋਂ ਇਲਾਵਾ ਨਾਭਾ ਅਤੇ ਜੀਂਦ ਦੇ ਸਿੱਖ ਰਾਜਿਆਂ ਵੱਲੋਂ ਬੀਕਾਨੇਰ ਦੇ ਸ਼ਾਸ਼ਕ ਸਰਦਾਰ ਸਿੰਘ ਦੇ ਰਾਜ ਤਿਲਕ ਸਮੇਂ ਕੀਮਤੀ ਵਸਤਾਂ ਭੇਜਣ ਤੋਂ ਇਨ੍ਹਾਂ ਦੋਹਾਂ ਸਿੱਖ ਰਿਆਸਤਾਂ ਦੇ ਬੀਕਾਨੇਰ ਦੇ ਰਾਜਪੂਤ ਸ਼ਾਸਕਾਂ ਨਾਲ ਨਿੱਘੇ ਸਬੰਧਾਂ ਬਾਰੇ ਪਤਾ ਚੱਲਦਾ ਹੈ। ਜੀਂਦ ਦੇ ਸਿੱਖ ਰਾਜੇ ਸਰੂਪ ਸਿੰਘ ਵੱਲੋਂ ਬੀਕਾਨੇਰ ਦੇ ਸ਼ਾਸ਼ਕ ਸਰਦਾਰ ਸਿੰਘ ਦੀ ਹਰਿਦੁਆਰ ਯਾਤਰਾ ਤੇ ਜਾਂਦੇ ਸਮੇਂ ਜੀਂਦ ਵਿਚ ਪੜਾਅ ਕਰਨ ਸਮੇਂ ਕੀਤੀ ਗਈ ਆਉ-ਭਗਤ ਅਤੇ ਇੱਕ ਦੂਜੇ ਨੂੰ ਸੌਗਾਤਾਂ ਭੇਟ ਕਰਨ ਤੋਂ ਵੀ ਇਨ੍ਹਾਂ ਦੋਹਾਂ ਰਿਆਸਤਾਂ ਦੇ ਮਿੱਤਰਤਾ ਪੂਰਵਕ ਸਬੰਧਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਉਪਰੋਕਤ ਰਿਆਸਤਾਂ ਦੇ ਵਕੀਲਾਂ ਦੇ ਬੀਕਾਨੇਰ ਜਾਣ ਸਬੰਧੀ ਵੇਰਵਿਆਂ ਤੋਂ ਇਨ੍ਹਾਂ ਸਿੱਖ ਰਿਆਸਤਾਂ ਦੇ ਬੀਕਾਨੇਰ ਰਿਆਸਤ ਨਾਲ ਰਾਜਨੀਤਕ ਅਤੇ ਡਿਪਲੋਮੈਟਿਕ ਸਬੰਧਾਂ ਦਾ ਵੀ ਪਤਾ ਚੱਲਦਾ ਹੈ।

ਸਤਲੁਜ ਪਾਰ ਦੀਆਂ ਰਿਆਸਤਾਂ ਤੋਂ ਇਲਾਵਾ ਬੀਕਾਨੇਰ ਰਿਆਸਤ ਦੇ ਲਾਹੌਰ ਰਾਜ ਨਾਲ ਸਬੰਧਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਜਦੋਂ ਲਾਹੌਰ ਦੇ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਖੜਕ ਸਿੰਘ ਦੀ ਤਾਜਪੋਸ਼ੀ ਹੋਈ ਤਾਂ ਬੀਕਾਨੇਰ ਰਿਆਸਤ ਵੱਲੋਂ 2 ਹਾਥੀ ਤੇ ਹੋਰ ਸਮਾਨ ਟਿੱਕੇ ਦੀ ਰਸਮ ਬਾਬਤ ਭੇਜਿਆ ਗਿਆ ਸੀ। ਇਸ ਤੋਂ ਪਿੱਛੋਂ ਜਦੋਂ ਅੰਗਰੇਜ਼-ਸਿੱਖ ਯੁੱਧ ਹੋਏ ਅਤੇ ਮੁਲਤਾਨ ਵਿਚ ਦੀਵਾਨ ਮੂਲ ਰਾਜ ਨੇ ਬਗਾਵਤ ਕਰ ਦਿੱਤੀ ਤਾਂ ਬੀਕਾਨੇਰ ਰਿਆਸਤ ਦੇ ਅੰਗਰੇਜ਼ਾਂ ਦਾ ਸਾਥ ਦੇਣ ਸਬੰਧੀ ਇਸ ਖਿਆਤ ਵਿਚ ਵਰਨਣ ਆਇਆ ਹੈ। ਬੀਕਾਨੇਰ ਦੀ ਫ਼ੌਜ ਨੇ ਅੰਗਰੇਜ਼ਾਂ ਦੀ ਮਦਦ ਲਈ ਮਲੋਟ, ਮੁਕਤਸਰ ਦੇ ਕਿਲ੍ਹਿਆਂ ਵਿਚ ਲੜਾਈ ਤੋਂ ਇਲਾਵਾ ਫਾਜ਼ਿਲਕਾ ਅਤੇ ਫਿਰੋਜਪੁਰ ਵਿਚ ਆਪਣੀ ਫ਼ੌਜ ਭੇਜੀ ਸੀ। ਇਸ ਸਮੇਂ ਬੀਕਾਨੇਰ ਰਿਆਸਤ ਵੱਲੋਂ ਸਿੱਖ ਰਾਜ ਨਾਲੋਂ ਅੰਗਰੇਜ਼ ਸਰਕਾਰ ਦੀ ਦੋਸਤੀ ਅਤੇ ਵਫ਼ਾਦਾਰੀ ਨੂੰ ਤਰਜੀਹ ਦੇਣ ਦਾ ਪਤਾ ਚੱਲਦਾ ਹੈ।

ਸਤਲੁਜ ਪਾਰ ਦੀਆਂ ਸਿੱਖ ਰਿਆਸਤਾਂ ਅਤੇ ਲਾਹੌਰ ਰਾਜ ਨਾਲ ਬੀਕਾਨੇਰ ਦੇ ਸਬੰਧਾਂ ਦੀ ਜਾਣਕਾਰੀ ਤੋਂ ਇਲਾਵਾ ਸੰਗਤ ਸਿੰਘ ਤੇ ਅਨੂਪ ਸਿੰਘ ਆਦਿ ਸਿੱਖਾਂ ਦੁਆਰਾ ਬੀਕਾਨੇਰ

ਰਿਆਸਤ ਵਿਚ ਸੈਨਿਕ ਨੌਕਰੀਆਂ ਕਰਨ ਅਤੇ ਇਸ ਰਿਆਸਤ ਦੀਆਂ ਵੱਖ-2 ਮੁਹਿੰਮਾਂ ਵਿਚ ਹਿੱਸਾ ਲੈਣ ਬਾਰੇ ਵੀ ਇਸ ਖਿਆਤ ਤੋਂ ਜਾਣਕਾਰੀ ਮਿਲਦੀ ਹੈ। ਸੋ ਇਸ ਖਿਆਤ ਦੇ ਵੇਰਵਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਹਾ ਜਾ ਸਕਦਾ ਹੈ। 18ਵੀਂ ਸਦੀ ਦੇ ਅਖੀਰ ਤੋਂ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਸਿੱਖ ਰਿਆਸਤਾਂ ਅਤੇ ਲਾਹੌਰ ਦੇ ਸਿੱਖ ਰਾਜ ਨਾਲ ਸਬੰਧਾਂ ਸਮੇਤ ਸਿੱਖਾਂ ਦੇ ਬੀਕਾਨੇਰ ਵਿਚ ਨੌਕਰੀ ਕਰਨ ਬਾਬਤ ਆਦਿ ਇਤਿਹਾਸਕ ਜਾਣਕਾਰੀ ਲਈ ਇਹ ਖਿਆਤ ਬਹੁਤ ਵਧੀਆ ਅਤੇ ਵਿਸ਼ਵਾਸਯੋਗ ਸਰੋਤ ਹੈ।

## 2.4. 'ਪਟਿਆਲਾ ਰਾ ਜਾਟ ਕੌਮ ਸਿਧੂ (ਸਿੱਧੂ) ਤਿਣਰੀ ਖਿਆਤ

**2.4.1. ਖਿਆਤ ਸਬੰਧੀ ਮੁਢਲੀ ਜਾਣਕਾਰੀ:** ਰਾਜਸਥਾਨੀ ਭਾਸ਼ਾ ਵਿਚ ਲਿਖਤ ਖਿਆਤ ਸਾਹਿਤ ਆਮ ਤੌਰ 'ਤੇ ਰਾਜਪੂਤਾਨੇ ਦੇ ਰਾਜ-ਘਰਾਣਿਆਂ, ਰਿਆਸਤਾਂ, ਗੋਤਾਂ, ਜਾਤਾਂ ਆਦਿ ਸਬੰਧੀ ਹੀ ਮਿਲਦਾ ਹੈ। ਰਾਜਪੂਤਾਨੇ ਨਾਲ ਸਬੰਧਿਤ ਇਨ੍ਹਾਂ ਖਿਆਤਾਂ ਵਿਚ ਕਈ ਵਾਰ ਦੂਜੇ ਸ਼ਾਸ਼ਕਾਂ, ਰਾਜਾਂ, ਰਿਆਸਤਾਂ, ਜਾਤਾਂ, ਕੌਮਾ, ਗੋਤਾਂ ਆਦਿ ਦਾ ਵਰਨਣ ਵੀ ਮਿਲਦਾ ਹੈ।

ਰਾਜਸਥਾਨੀ ਭਾਸ਼ਾ ਦੇ ਖਿਆਤ ਸਾਹਿਤ ਵਿਚ ਰਾਜਪੂਤਾਨੇ ਤੋਂ ਬਾਹਰ ਜਾਂ ਰਾਜਪੂਤਾਨੇ ਦੇ ਰਾਜਪੂਤ ਵੰਸ਼ਾਂ ਤੋਂ ਇਲਾਵਾ ਦੂਜੀਆਂ ਰਿਆਸਤਾਂ/ਰਾਜਾਂ ਅਤੇ ਰਾਜਵੰਸ਼ਾਂ ਬਾਰੇ ਪ੍ਰਾਚੀਨ ਖਿਆਤਾਂ ਲਿਖੇ ਜਾਣ ਦਾ ਪਤਾ ਚੱਲਦਾ ਹੈ ਜਿਸ ਦੀ ਉਦਾਹਰਨ ਰਾਜਸਥਾਨ ਦੇ ਜੋਧਪੁਰ ਵਿਚ ਸਥਿਤ 'ਰਾਜਸਥਾਨੀ ਸ਼ੋਧ ਸੰਸਥਾਨ, ਚੌਪਾਸਨੀ' ਵਿਚ ਮੌਜੂਦ ਇੱਕ ਹੱਥ-ਲਿਖਤ ਖਰੜੇ 'ਖਿਆਤ ਬਾਤ ਸੰਗ੍ਰਹਿ' ਵਿਚ ਸ਼ਾਮਿਲ ਪੰਜਾਬ ਦੀ ਸਿੱਖ ਰਿਆਸਤ ਪਟਿਆਲਾ ਬਾਰੇ ਲਿਖਤ ਸੰਖੇਪ ਖਿਆਤ 'ਪਟਿਆਲਾ ਰਾ ਜਾਟ ਕੌਮ ਸਿੱਧੂ ਤਿਣ ਰੀ ਖਿਆਤ' ਤੋਂ ਮਿਲਦੀ ਹੈ।

**ਪਟਿਆਲਾ ਰਾ ਜਾਟ ਸਿਧੂ ਤਿਣ ਰੀ ਖਿਆਤ:** ਰਾਜਸਥਾਨੀ ਸ਼ੋਧ ਸੰਸਥਾਨ ਚੌਪਾਸਨੀ, ਜੋਧਪੁਰ ਵਿਚ ਮੌਜੂਦ ਹੱਥ-ਲਿਖਤ ਗ੍ਰੰਥ 'ਖਿਆਤ ਬਾਤ ਸੰਗ੍ਰਹਿ' ਵਿਚ ਸ਼ਾਮਿਲ ਹੈ। ਇਸ ਗ੍ਰੰਥ ਦਾ ਨੰਬਰ 13500 ਹੈ। ਇਸ ਗ੍ਰੰਥ ਵਿਚ 13 ਛੋਟੀਆਂ-ਛੋਟੀਆਂ ਖਿਆਤਾਂ, ਵੰਸ਼ਾਂਵਲੀਆਂ, ਬਾਤਾਂ, ਹਾਲ ਆਦਿ ਸਾਹਿਤਕ ਅਤੇ ਇਤਿਹਾਸਕ ਵੰਨਗੀਆਂ ਸ਼ਾਮਿਲ ਹਨ। ਇਸ ਗ੍ਰੰਥ ਵਿਚ 1. ਪਟਿਆਲਾ ਰਾ ਜਾਟ ਕੌਮ ਸਿਧੂ ਤਿਣ ਰੀ ਖਿਆਤ, 2. ਰਾਠੌੜਾ ਰੀ ਖਿਆਤ, 3. ਪੋਕਰਾਣ ਬੀਰਾਮਣ ਰੀ ਖਿਆਤ, 4. ਪਰਗਨੇ ਜਾਲੌਰ ਰੋ ਹਾਲ, 5. ਪਰਗਨੇ

ਡੀਡਵਾਨੇ ਰੋ ਹਾਲ, 6. ਪਰਗਨੇ ਭੀਨਮਾਲ ਰੋ ਹਾਲ, 7. ਪਰਗਨੇ ਮੇੜਤੇ ਰੋ ਹਾਲ, 8. ਪਰਗਨੇ ਸਿਵਾਣੈ ਰੋ ਹਾਲ, 9. ਪਰਗਨੇ ਮਾਰੋਠ ਰੋ ਹਾਲ, 10. ਪਰਗਨੇ ਸਾਂਚੋਰ ਰੀ ਵਾਤ, 11. ਰਾਠੌੜਾਂ ਰੀ ਖਿਆਤ, 12. ਪੰਵਾਰੋਂ ਰੇ ਵੰਸ਼ ਰੀ ਖਿਆਤ, 13. ਖੀਚਿਆਂ ਰੀ ਖਿਆਤ ਸ਼ਾਮਿਲ ਹਨ। ਇਸ ਗ੍ਰੰਥ ਦੇ ਲੇਖਕ ਸਬੰਧੀ ਗ੍ਰੰਥ ਵਿਚ ਜਾਣਕਾਰੀ ਨਹੀਂ ਮਿਲਦੀ ਅਤੇ ਇਸ ਦਾ ਰਚਨਾ ਕਾਲ ਵੀ ਕਿਤੇ ਨਹੀਂ ਲਿਖਿਆ ਗਿਆ। ਗ੍ਰੰਥ ਰਾਜਸਥਾਨੀ ਦੀ ਮਾਰਵਾੜੀ ਉੱਪ-ਭਾਸ਼ਾ ਅਤੇ ਦੇਵਨਾਗਰੀ ਲਿੱਪੀ ਵਿਚ ਲਿਖਤ ਹੈ। ਗ੍ਰੰਥ ਇਕ ਹੀ ਵਿਅਕਤੀ ਦੇ ਹੱਥ ਦਾ ਲਿਖਿਆ ਲੱਗਦਾ ਹੈ ਅਤੇ ਇਸ ਵਿਚ ਕਿਤੇ-ਕਿਤੇ ਕੁਝ ਪੱਤਰੇ ਖਾਲੀ ਛੱਡੇ ਗਏ ਹਨ। ਇਸ ਗ੍ਰੰਥ ਦੇ ਕੁੱਲ 233 ਪੰਨੇ ਹਨ। ਕਾਗਜ ਦੇ ਦੋਵੇਂ ਪਾਸੇ ਲਿਖਿਆ ਗਿਆ ਹੈ, ਗ੍ਰੰਥ ਦਾ ਸਾਈਜ 33×25 ਸੈਂਟੀਮੀਟਰ ਹੈ।

ਹਰੇਕ ਪੰਨੇ ਤੇ 23 ਤੋਂ 25 ਪੰਕਤੀਆਂ ਲਿਖੀਆਂ ਹਨ, ਗ੍ਰੰਥ ਦੇ ਉੱਪਰ ਜਿਲਦ ਨਹੀਂ ਹੈ। ਗ੍ਰੰਥ ਵਿਚ ਲਿਖਤ ਦਾ ਸਮਾਂ ਦਰਜ ਨਹੀਂ ਪਰ ਇਸ ਵਿਚ ਸ਼ਾਮਲ ਜਾਣਕਾਰੀਆਂ ਅਤੇ ਬ੍ਰਿਤਾਂਤ ਤੋਂ ਇਸ ਗ੍ਰੰਥ ਦੀ ਰਚਨਾ 1860 ਈ. ਦੇ ਆਸ-ਪਾਸ ਹੋਣ ਦਾ ਪਤਾ ਲੱਗਦਾ ਹੈ। 'ਪਟਿਆਲਾ ਰਾ ਜਾਟ ਕੌਮ ਸਿਧੂ ਤਿਣਾ ਰੀ ਖਿਆਤ' ਵਿਚ ਵੀ 'ਮਹਾਰਾਜਾ ਮਹਿੰਦਰ ਸਿੰਘ ਦੁਆਰਾ ਅੰਗਰੇਜ਼ਾਂ ਦੀ (1857 ਈ.) ਗ਼ਦਰ ਵਿਚ ਬਹੁਤ ਮਦਦ ਕਰਨ ਅਤੇ ਅੰਗਰੇਜ਼ਾਂ ਵੱਲੋਂ ਉਸ ਨੂੰ ਨਾਰਨੌਲ ਦਾ ਚਾਲੀ ਲੱਖ ਦਾ ਇਲਾਕਾ ਇਸ ਦੇ ਇਵਜ਼ ਵਿਚ ਦੇਣ ਬਾਰੇ ਜ਼ਿਕਰ ਹੈ, ਜਿਸ ਤੋਂ ਇਹ ਅੰਦਾਜ਼ਾ ਹੁੰਦਾ ਹੈ ਕਿ ਇਹ ਗ੍ਰੰਥ 1860 ਈ. ਦੇ ਲਗਪਗ ਲਿਖਿਆ ਗਿਆ। ਸੋ ਇਹ ਗ੍ਰੰਥ ਛੋਟੀਆਂ-ਛੋਟੀਆਂ 13 ਰਚਨਾਵਾਂ ਦਾ ਸੰਗ੍ਰਹਿ ਹੈ ਜਿਸ ਵਿਚ ਪਟਿਆਲਾ ਰਿਆਸਤ ਦੀ ਖਿਆਤ ਵੀ ਸ਼ਾਮਿਲ ਹੈ। 'ਪਟਿਆਲਾ ਰਾ ਜਾਟ ਕੌਮ ਸਿਧੂ ਤਿਣ ਰੀ ਖਿਆਤ' ਬਹੁਤ ਸੰਖੇਪ ਹੈ, ਇਹ ਲਿਖਤ ਕੇਵਲ ਪੌਣੇ 2 ਪੰਨਿਆਂ ਦੀ ਹੈ। ਇਸ ਖਿਆਤ ਵਿਚ ਮਹਾਰਾਜਾ ਆਲਾ ਸਿੰਘ ਤੋਂ ਮਹਾਰਾਜਾ ਮਹਿੰਦਰ ਸਿੰਘ ਤੱਕ ਦੇ ਬਹੁਤ ਸੰਖੇਪ ਵੇਰਵੇ ਹਨ। ਖਿਆਤਕਾਰ ਦਾ ਇਹ ਖਿਆਤ ਲਿਖਣ ਦਾ ਮਨੋਰਥ ਇਸ ਗ੍ਰੰਥ ਵਿਚ ਸ਼ਾਮਿਲ ਹੋਰ ਇਲਾਕਿਆਂ, ਵੰਸ਼ਾਂ ਆਦਿ ਦੇ ਇਤਿਹਾਸ ਦਾ ਸੰਖੇਪ ਵਰਨਣ ਕਰਨਾ ਹੈ। ਪਟਿਆਲਾ ਰਿਆਸਤ ਸਤਲੁਜ ਤੋਂ ਪਾਰ ਦੀਆਂ ਸਾਰੀਆਂ ਰਿਆਸਤਾਂ ਵਿਚੋਂ ਸਿਰਮੌਰ ਮੰਨੀ ਜਾਂਦੀ ਸੀ ਅਤੇ ਇਸ ਦਾ ਪਿਛੋਕੜ ਵੀ ਕੁਝ ਲੋਕ ਰਾਜਪੂਤਾਨੇ ਦੇ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ

ਜੋੜਦੇ ਹਨ। ਸ਼ਾਇਦ ਇਨ੍ਹਾਂ ਸਾਰੇ ਕਾਰਨਾਂ ਕਰਕੇ ਖਿਆਤਕਾਰ ਨੇ ਇਸ ਅਤਿ ਸੰਖੇਪ ਖਿਆਤ ਦੀ ਰਚਨਾ ਕੀਤੀ ਹੈ।

### 2.4.2. 'ਪਟਿਆਲਾ ਰਾ ਜਾਟ ਕੌਮ ਸਿਧੂ ਤਿਣ ਰੀ ਖਿਆਤ' ਵਿਚ ਸਿੱਖਾਂ ਸਬੰਧੀ ਵਿਵਰਣ

ਪਹਿਲਾਂ ਉਨ੍ਹਾਂ ਦਾ ਭੋਮੀਚਾਰਾ (ਭਾਈਚਾਰਾ) ਲੁਗਵਾਲ (ਲੌਂਗੋਵਾਲ) ਪਿੰਡ ਵਿਚ ਰਹਿੰਦਾ ਸੀ। ਪਿੱਛੋਂ ਫਿਰ ਇਨ੍ਹਾਂ ਵਿਚੋਂ ਆਲਾ ਸਿੰਘ ਹੋਇਆ ਜਿਸ ਨੇ ਘੋੜੇ (ਫ਼ੌਜ) ਰੱਖ ਲਏ ਤੇ ਲੁੱਟ-ਖੋਹ ਕਰਨ ਲੱਗ ਪਿਆ। ਸੂਬੇਦਾਰ ਨੇ ਸੁਣ ਕੇ ਪਾਤਸ਼ਾਹ ਵੱਲੋਂ (ਉਸ ਨੂੰ) ਫ਼ੜ ਕੇ ਨਾਵ (?) ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਕੁਝ ਦਿਨਾਂ ਪਿੱਛੋਂ (ਉਹ) ਮਿਲੀਭੁਗਤ ਨਾਲ (ਕਿਲ੍ਹੇ ਵਿਚੋਂ) ਛੁੱਟ ਕੇ ਭੱਜ ਗਿਆ। ਫਿਰ ਸਰਹੰਦ ਵਾਲੇ ਪਾਸੇ ਬਾਨੂਲ (ਬਨੂੜ) ਦਾ ਥਾਣਾ ਲੁੱਟਿਆ। ਫਿਰ ਇਸੇ ਤਰ੍ਹਾਂ ਲੁੱਟ-ਖੋਹ ਕਰਦਾ ਰਿਹਾ। ਹੁਣ ਜਿੱਥੇ ਪਟਿਆਲਾ ਹੈ ਉਥੇ (ਉਸ ਨੇ) ਜੰਗਲ ਵਿਚ ਗੜ੍ਹੀ ਬਣਾ ਲਈ, ਜਿੱਥੇ (ਉਹ) ਰਿਹਾ ਕਰਦਾ ਸੀ ਉਸ ਗੜ੍ਹੀ ਦੀ ਹਾਲ ਇਹ ਸੀ। ਫਿਰ ਬਾਅਦ ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਕੰਧਾਰ ਤੋਂ ਹਿੰਦੋਸਤਾਨ ਵਿਚ ਆਇਆ ਤਾਂ ਉਸ ਸਮੇਂ (ਉਸ ਨੇ) ਆਲਾ ਸਿੰਘ ਨੂੰ ਸਰਹੰਦ ਦੀ ਹੱਦ 'ਤੇ ਫੜ੍ਹ ਲਿਆ ਅਤੇ ਉਸ 'ਤੇ 1 ਲੱਖ ਰੁਪਈਆ ਪੇਸ਼ਕਸ਼ੀ ਦਾ ਠਹਿਰਾਇਆ/ਨਿਸ਼ਚਿਤ ਕੀਤਾ। ਇਸ ਕੋਲ ਪੈਸੇ ਤਾਂ ਨਹੀਂ ਸਨ, ਇਸ ਲਈ ਉਸ (ਆਲਾ ਸਿੰਘ) ਨੇ ਆਪਣੇ ਦੀਵਾਨ ਦੇ ਪੁੱਤਰ ਨੂੰ ਜਮਾਨਤ/ਅਮਾਨਤ ਵਜੋਂ (ਅਬਦਾਲੀ ਨੂੰ) ਸੌਂਪ ਦਿੱਤਾ ਤੇ ਕੁਝ ਮਹੀਨਿਆਂ ਦਾ (ਪੈਸੇ ਦੇਣ ਲਈ) ਇਕਰਾਰ ਕਰਕੇ ਸਿੱਖ ਉਸ ਨੂੰ ਲੈ ਆਏ। ਬਾਅਦ ਵਿਚ (ਅਬਦਾਲੀ) ਹਿਟੰਡੇ (ਬਠਿੰਡੇ) ਹੋ ਕੇ ਆਪਣੀ (ਦੇਸ਼) ਵਲੈਤ ਨੂੰ ਚਲਾ ਗਿਆ। ਜਦੋਂ (ਆਪਣੇ ਦੇਸ਼ ਵੱਲ ਜਾਣ ਲਈ ਅਹਿਮਦ ਸ਼ਾਹ ਅਬਦਾਲੀ ਪਿਸ਼ਾਵਰ ਪਹੁੰਚਿਆ ਤਾਂ ਉਦੋਂ ਸਾਹਬ ਅਲੀ ਖਾਂ (ਸ਼ਾਹ ਵਲੀ ਖਾਂ) ਵਹੀਰ ਨੇ ਬਾਦਸ਼ਾਹ ਨੂੰ ਅਰਜ ਕਰਕੇ ਆਲਾ ਸਿੰਘ ਦੇ ਦੀਵਾਨ ਦੇ ਬੇਟੇ ਨੂੰ ਵਿਦਾ ਕੀਤਾ। ਫਿਰ ਪਿੱਛੋਂ ਆਲਾ ਸਿੰਘ ਨੇ ਅਬਦਾਲੀ ਨਾਲ ਕੀਤੇ ਇਕਰਾਰ ਮੁਤਾਬਕ ਉਸ ਨੂੰ ਗਜ਼ਨੀ ਵਿਚ ਪੈਸੇ ਪਹੁੰਚਾਅ ਦਿੱਤੇ। ਫੇਰ ਜਦੋਂ ਪਿੱਛੋਂ ਦੂਸਰੀ ਵਾਰ ਸ਼ਾਹ ਹਿੰਦੋਸਤਾਨ ਆਇਆ ਤਾਂ ਉਸ ਨੂੰ ਲਾਹੌਰ ਤੋਂ ਆਲਾ ਸਿੰਘ ਬਾਰੇ ਪਤਾ ਲੱਗਾ ਕਿ ਆਲਾ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਪੁੱਤਰ ਸਰਦੂਲ ਸਿੰਘ

ਦੀ ਵੀ ਮੌਤ ਹੋ ਗਈ ਹੈ। ਉਸ ਦੇ (ਆਲਾ ਸਿੰਘ) ਪੋਤਰੇ ਅਮਰ ਸਿੰਘ ਦਾ ਦੀਵਾਨ (ਸਵਾਗਤ ਲਈ) ਉਸ ਨੂੰ ਅੱਗੋਂ ਲੈਣ ਆਇਆ। ਉਹ (ਦੀਵਾਨ) ਵਜ਼ੀਰ ਸਾਹਬ ਅਲੀ ਖਾਂ (ਸ਼ਾਹ ਵਲੀ ਖਾਂ) ਦੇ ਰਾਹੀਂ ਬਾਦਸ਼ਾਹ ਨੂੰ ਮਿਲਿਆ। ਬਾਦਸ਼ਾਹ ਇਸ 'ਤੇ ਬਹੁਤ ਖੁਸ਼ ਹੋਇਆ ਤੇ ਅਮਰ ਸਿੰਘ ਨੂੰ ਮਹਾਰਾਜਾ (ਆਲਾ ਸਿੰਘ) ਦੀ ਥਾਂ 'ਮਹਿੰਦਰ ਬਹਾਦਰ' ਦਾ ਖਿਤਾਬ ਦੇ ਕੇ ਰਾਜਗੱਦੀ 'ਤੇ ਮਾਨਤਾ ਦਿੱਤੀ। ਬਾਦਸ਼ਾਹ ਅਹਿਮਦ ਸ਼ਾਹ ਦੁਰਾਨੀ ਨੇ ਇਸ ਵਾਰ ਮੁਲਖ ਪਟਿਆਲਾ ਦੇ ਕਬਜੇ ਤੋਂ ਇਲਾਵਾ ਪਹਾੜ ਦਾ ਪਰਗਨਾ ਦੀ ਲਿਖਤ ਵੀ ਅਮਰ ਸਿੰਘ ਦੇ ਨਾਂ ਕਰ ਦਿੱਤੀ।

1. ਆਲਾ ਸਿੰਘ ਸੰਮਤ 18... ਵਿਚ ਪਟਿਆਲਾ ਵਸਾਇਆ।
2. ਸਰਦੂਲ ਸਿੰਘ, ਆਲਾ ਸਿੰਘ ਦਾ ਕੰਵਰ ਵਜੋਂ ਹੀ ਮੋਇਆ।
3. ਅਮਰ ਸਿੰਘ ਸਰਦੂਲ ਸਿੰਘ ਦਾ ਪਟਿਆਲਾ ਰਾਜ ਵਾਲੇ ਨੂੰ ਅਹਿਮਦ ਸ਼ਾਹ ਅਬਦਾਲੀ ਗਜਨੀ ਵਾਲੇ ਨੇ (ਮਹਿੰਦਰ ਬਹਾਦਰ ਦਾ ਖਿਤਾਬ) ਦਿੱਤਾ।
4. ਅਮਰ ਸਿੰਘ ਦੇ ਸਾਹਿਬ ਸਿੰਘ ਨੇ ਪਟਿਆਲੇ ਰਾਜ ਕੀਤਾ ਉਸ ਦੇ 2 ਪੁੱਤਰ ਸਨ।
5. ਸਾਹਿਬ ਸਿੰਘ ਦਾ ਕਰਮ ਸਿੰਘ ਪਟਿਆਲੇ ਦੀ ਗੱਦੀ ਤੇ ਬੈਠਾ, ਉਸ ਦੇ 2 ਪੁੱਤਰ ਸਨ।

   ੳ. ਅਜੀਤ ਸਿੰਘ, ਸਾਹਿਬ ਸਿੰਘ ਦਾ ਨਾ ਔਲਾਦ ਗਿਆ।

   ਅ. ਦੀਪ ਸਿੰਘ, ਕਰਮ ਸਿੰਘ ਦਾ ਨਾ ਔਲਾਦ ਗਿਆ।

6. ਨਰਿੰਦਰ ਸਿੰਘ, ਕਰਮ ਸਿੰਘ ਦਾ ਪਟਿਆਲੇ ਦੀ ਗੱਦੀ 'ਤੇ ਬੈਠਾ, (ਉਸ ਨੇ) ਘਰ ਵਿਚ ਅੰਗਰੇਜ਼ਾਂ ਵਰਗਾ ਸਮਾਨ ਰੱਖਿਆ।
7. ਮਹਿੰਦਰ ਸਿੰਘ ਨੇ (ਸੰਮਤ) 1914 {1857} ਦੇ ਗ਼ਦਰ ਵਿਚ ਅੰਗਰੇਜ਼ਾਂ ਦੀ ਬੜੀ ਅਧੀਨਗੀ ਕੀਤੀ ਜਿਸ ਕਰਕੇ ਅੰਗਰੇਜ਼ਾਂ ਨੇ ਇਜ਼ਾਫਾ ਕਰਕੇ ਨਾਰਨੌਲ ਵਗੈਰਾ ਦਾ ਇਲਾਕਾ ਮੁਲਖ (ਪਟਿਆਲਾ) ਦੇ ਦਿੱਤਾ (ਹੁਣ) ਚਾਲੀ ਲੱਖ ਦਾ ਮੁਲਖ [ਪਟਿਆਲਾ ਦੇ] ਅਧੀਨ ਹੈ।

### 2.4.3. 'ਪਟਿਆਲਾ ਰਾਜ ਜਾਟ ਕੌਮ ਸਿਧੂ ਤਿਣ ਰੀ ਖਿਆਤ' ਦਾ ਵਿਸ਼ਲੇਸ਼ਣ

ਇਹ ਖਿਆਤ ਬਹੁਤ ਛੋਟੀ ਹੈ। ਇਸ ਵਿਚ ਕੇਵਲ ਪਟਿਆਲਾ ਰਿਆਸਤ ਦੇ ਬਾਨੀ ਆਲਾ ਸਿੰਘ ਦੇ ਜੀਵਨ ਦੇ ਆਰੰਭ ਤੋਂ ਮੌਤ ਤੱਕ ਬਹੁਤ ਹੀ ਸੰਖਿਪਤ ਜਾਣਕਾਰੀ ਦਿੱਤੀ ਹੈ। ਇਸ ਵਿਚ ਕੇਵਲ ਪਟਿਆਲਾ ਰਿਆਸਤ ਦੇ ਬਾਨੀ ਆਲਾ ਸਿੰਘ ਦੇ ਵਡੇਰਿਆਂ ਦਾ ਪਿੰਡ 'ਲੁਗਵਾਲ (ਲੌਂਗੋਵਾਲ) ਲਿਖਿਆ ਹੈ ਜੋ ਠੀਕ ਨਹੀਂ ਹੈ ਕਿਉਂਕਿ ਆਲਾ ਸਿੰਘ ਪਿੰਡ (ਗੁਰੂਸਰ) ਮਹਿਰਾਜ ਦੇ ਵਸਨੀਕ ਫੂਲ ਦਾ ਪੋਤਰਾ ਤੇ ਰਾਮੇ ਦਾ ਪੁੱਤਰ ਸੀ।[45] ਸਗੋਂ ਬਰਨਾਲੇ ਨੂੰ ਅਬਾਦ ਕਰਨ ਤੋਂ ਮਗਰੋਂ ਆਲਾ ਸਿੰਘ ਨੇ ਲੌਂਗੋਵਾਲ ਪਿੰਡ ਆਪ ਮੋੜ੍ਹੀ ਗੱਡ ਕੇ ਵਸਾਇਆ ਸੀ।[46] ਆਲਾ ਸਿੰਘ ਦੁਆਰਾ ਕੁਝ ਘੋੜਸਵਾਰ ਰੱਖ ਕੇ ਆਪਣੇ ਟੋਲੇ ਸਮੇਤ ਧਾੜੇ ਮਾਰਨ ਸਬੰਧੀ ਖਿਆਤਕਾਰ ਦਾ ਵੇਰਵਾ ਸਹੀ ਪ੍ਰਤੀਤ ਹੁੰਦਾ ਹੈ ਕਿਉਂਕਿ ਫ਼ੂਲ ਵੰਸ਼ ਵਿਚੋਂ ਸਭ ਤੋਂ ਪਹਿਲਾਂ ਮਾਰਖੋਰਾ ਤੇ ਉਤਸ਼ਾਹੀ ਆਗੂ ਆਲਾ ਸਿੰਘ ਹੀ ਮੰਨਿਆ ਜਾਂਦਾ ਹੈ ਜਿਸ ਨੇ ਸ਼ੁਰੂ ਵਿਚ ਆਪਣੇ ਅਧੀਨ ਕੁਝ ਬੰਦਿਆਂ ਦਾ ਟੋਲਾ ਬਣਾ ਕੇ ਲਗਾਤਾਰ ਆਸ-ਪਾਸ ਦੇ ਪਿੰਡਾਂ 'ਤੇ ਅਧਿਕਾਰ ਕਰਨ ਦੇ ਜਤਨ ਕੀਤਾ। ਇਨ੍ਹਾਂ ਜਤਨਾਂ ਕਰਕੇ ਹੀ ਉਸ ਨੇ ਪਟਿਆਲਾ ਸ਼ਹਿਰ ਵਾਲੇ ਸਥਾਨ ਦਾ ਇਲਾਕਾ ਮੱਲਿਆ ਤੇ ਇੱਥੇ ਇਕ ਗੜ੍ਹੀ ਸਥਾਪਤ ਕਰਕੇ ਇਸ ਨੂੰ ਆਪਣਾ ਸਦਰ ਮੁਕਾਮ ਬਣਾਇਆ। ਖਿਆਤਕਾਰ ਵੱਲੋਂ ਆਲਾ ਸਿੰਘ ਨੂੰ ਸੂਬੇਦਾਰ ਵੱਲੋਂ ਗ੍ਰਿਫਤਾਰ ਕਰਨ ਅਤੇ ਉਸ ਦੇ ਕੈਦ ਵਿਚੋਂ ਭੱਜ ਜਾਣ ਸਬੰਧੀ ਵੇਰਵਾ ਵੀ ਸਰਹੰਦ ਦੇ ਸੂਬੇਦਾਰ ਮੁਹੰਮਦ ਖਾਨ ਰੁਹੇਲਾ ਦੁਆਰਾ ਆਲਾ ਸਿੰਘ ਨੂੰ ਕੈਦ ਕਰਨ ਦੇ ਵਾਕੇ ਨਾਲ ਮੇਲ ਖਾਂਦੀ ਹੈ, ਪਰ ਖਿਆਤ ਵਿਚ ਵਰਣਿਤ 'ਨਾਵ' ਦੇ ਕਿਲ੍ਹੇ ਬਾਰੇ ਕਿਧਰੇ ਵੀ ਜਾਣਕਾਰੀ ਨਹੀਂ ਮਿਲਦੀ।[47]

ਇਸੇ ਤਰ੍ਹਾਂ ਇਸ ਖਿਆਤ ਵਿਚ ਆਲਾ ਸਿੰਘ ਸਬੰਧੀ ਪਟਿਆਲੇ ਦੇ ਇਲਾਕੇ ਵਿਚ ਗੜ੍ਹੀ ਬਣਾਉਣ, ਬਨੂੜ ਥਾਣੇ ਦੇ ਇਲਾਕੇ ਦੇ ਪਿੰਡ ਮੁੱਲਣ, ਆਲਾ ਸਿੰਘ ਦੁਆਰਾ ਅਹਿਮਦ ਸ਼ਾਹ ਅਬਦਾਲੀ ਨੂੰ 1 ਲੱਖ ਰੁ. ਦੇਣ, ਅਬਦਾਲੀ ਦਾ ਆਲਾ ਸਿੰਘ ਤੋਂ ਖੁਸ਼ ਹੋਣ, ਆਲਾ ਸਿੰਘ ਦੇ ਪੁੱਤਰ ਸਰਦੂਲ ਸਿੰਘ ਦੀ ਰਾਜਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਮੌਤ ਹੋਣ, ਆਲਾ ਸਿੰਘ ਦੇ ਪੋਤਰੇ ਅਮਰ ਸਿੰਘ ਦੁਆਰਾ ਅਹਿਮਦ ਸ਼ਾਹ ਅਬਦਾਲੀ ਦਾ ਸਵਾਗਤ ਕਰਨ ਲਈ ਆਪਣੇ

---

45 Bhagat Singh, *A History of The Sikh missals*, p 303.

46 *Ibid.*, pp 290-302, Hari Ram, *History of the Sikhs*, p 145.

47 Bhagat Singh, p 303.

ਦੀਵਾਨ ਨੂੰ ਭੇਜਣਾ ਤੇ ਦੀਵਾਨ ਦਾ ਅਬਦਾਲੀ ਦੇ ਵਜੀਰ (ਸ਼ਾਹਵਲੀ) ਰਾਹੀਂ ਅਬਦਾਲੀ ਨੂੰ ਮਿਲਣਾ, ਅਬਦਾਲੀ ਦਾ ਖੁਸ਼ ਹੋ ਕੇ ਅਮਰ ਸਿੰਘ ਨੂੰ ਖਿਤਾਬ ਦੇਣਾ ਅਤੇ ਪਹਾੜੀ ਇਲਾਕੇ ਦਾ ਪਰਗਨਾ ਵੀ ਅਮਰ ਸਿੰਘ ਨੂੰ ਦੇ ਕੇ ਉਸ ਦੇ ਇਲਾਕੇ ਵਿਚ ਵਾਧਾ ਕਰਨਾ ਆਦਿ ਵੇਰਵੇ ਇਤਿਹਾਸਕ ਤੱਥਾਂ ਨਾਲ ਬਹੁਤ ਮੇਲ ਖਾਂਦੇ ਹਨ। ਇਸ ਤੋਂ ਇਲਾਵਾ ਇਸ ਖਿਆਤ ਵਿਚ ਆਲਾ ਸਿੰਘ ਦੀ ਵੰਸ਼ਾਵਲੀ ਮਹਾਰਾਜਾ ਮਹਿੰਦਰ ਸਿੰਘ ਤੱਕ ਵੀ ਕ੍ਰਮਵਾਰ ਠੀਕ ਦਿੱਤੀ ਹੈ ਪਰ ਇਸ ਵਿਚ ਸ਼ਾਮਿਲ ਔਲਾਦ ਸਬੰਧੀ ਕੁਝ ਵੇਰਵਿਆਂ ਬਾਬਤ ਖਿਆਤਕਾਰ ਨੂੰ ਭੁਲੇਖਾ ਪਿਆ ਹੈ। ਖਿਆਤਕਾਰ ਅਨੁਸਾਰ ਅਹਿਮਦ ਸ਼ਾਹ ਅਬਦਾਲੀ ਦੁਆਰਾ ਮਹਾਰਾਜਾ ਅਮਰ ਸਿੰਘ ਨੂੰ ਦਿੱਤਾ 'ਮਹਿੰਦਰ ਬਹਾਦਰ' ਦਾ ਖਿਤਾਬ ਸਹੀ ਨਹੀਂ ਹੈ। ਅਸਲ ਵਿਚ 'ਮਹਿੰਦਰ ਬਹਾਦਰ ਦਾ ਖਿਤਾਬ' ਅੰਗਰੇਜ਼ਾਂ ਨੇ ਮਹਾਰਾਜਾ ਅਮਰ ਸਿੰਘ ਦੇ ਪੋਤਰੇ ਮਹਾਰਾਜਾ ਨਰਿੰਦਰ ਸਿੰਘ ਨੂੰ 1857 ਈ. ਦੇ ਗ਼ਦਰ ਵਿਚ ਅੰਗਰੇਜ਼ਾਂ ਦੀ ਸਹਾਇਤਾ ਕਰਨ ਕਰਕੇ ਦਿੱਤਾ ਸੀ। ਮਹਾਰਾਜਾ ਅਮਰ ਸਿੰਘ ਨੂੰ ਅਹਿਮਦ ਸ਼ਾਹ ਅਬਦਾਲੀ ਨੇ 'ਰਾਜਾ-ਏ-ਰਾਜਗਾਨ-ਬਹਾਦਰ' ਦਾ ਖਿਤਾਬ ਦਿੱਤਾ ਸੀ। ਇਸ ਤੋਂ ਇਲਾਵਾ ਖਿਆਤ ਵਿਚ ਮਹਾਰਾਜਾ ਮਹਿੰਦਰ ਸਿੰਘ ਦੁਆਰਾ 1857 ਈ. ਦੇ ਗਦਰ ਵਿਚ ਅੰਗਰੇਜ਼ਾਂ ਦੀ ਵੱਡੀ ਮਦਦ ਕਰਨ ਦਾ ਜ਼ਿਕਰ ਕੀਤਾ ਹੈ ਜੋ ਕਿ ਸਹੀ ਨਹੀਂ ਹੈ। ਅਸਲ ਵਿਚ ਇਹ ਵਾਕਿਆ ਮਹਾਰਾਜਾ ਨਰਿੰਦਰ ਸਿੰਘ ਨਾਲ ਸਬੰਧਿਤ ਹੈ ਕਿਉਂਕਿ ਮਹਾਰਾਜਾ ਨਰਿੰਦਰ ਸਿੰਘ 1845 ਈ. ਤੋਂ 1862 ਈ. ਤੱਕ ਪਟਿਆਲਾ ਦੀ ਰਾਜਗੱਦੀ 'ਤੇ ਰਿਹਾ, ਜਦਕਿ ਮਹਾਰਾਜਾ ਮਹਿੰਦਰ ਸਿੰਘ 1862 ਈ. ਤੋਂ 1876 ਈ. ਤੱਕ ਪਟਿਆਲਾ ਰਿਆਸਤ ਦੀ ਰਾਜਗੱਦੀ 'ਤੇ ਰਿਹਾ। ਲੱਗਦਾ ਹੈ ਕਿ ਖਿਆਤਕਾਰ ਨੂੰ ਮਹਾਰਾਜਾ ਅਮਰ ਸਿੰਘ ਨੂੰ ਅਬਦਾਲੀ ਦੁਅਰਾ ਦਿੱਤੇ ਖਿਤਾਬ ਅਤੇ 1857 ਈ. ਦੇ ਗ਼ਦਰ ਵਿਚ ਅੰਗਰੇਜ਼ਾਂ ਦੀ ਮਦਦ ਕਰਨ ਸਬੰਧੀ, ਦੋਵੇਂ ਵੇਰਵਿਆਂ ਦਾ ਸਮਾਂ ਅਤੇ ਸਬੰਧਿਤ ਮਹਾਂਰਾਜਿਆਂ ਦੇ ਨਾਵਾਂ ਸਬੰਧੀ ਪੂਰੀ ਤੇ ਸਹੀ ਜਾਣਕਾਰੀ ਨਹੀਂ ਸੀ।

ਸੋ 'ਪਟਿਆਲਾ ਰਾ ਜਾਟ ਕੌਮ ਸਿਧੂ ਤਿਣ ਰੀ ਖਿਆਤ' ਵਿਚ ਖਿਆਤਕਾਰ ਨੇ ਪਟਿਆਲਾ ਦੀ ਸਿੱਖ ਰਿਆਸਤ ਦੇ ਰਾਜਵੰਸ਼ ਸਬੰਧੀ ਅਤਿ ਸੰਖੇਪ ਪਰ ਮਹੱਤਵਪੂਰਨ ਜਾਣਕਾਰੀਆਂ ਦੇਣ ਦਾ ਯਤਨ ਕੀਤਾ ਹੈ। ਇਹ ਖਿਆਤ ਸੁਣੀਆਂ ਸੁਣਾਈਆਂ ਗੱਲਾਂ ਅਤੇ ਅਤਿਕਥਨੀਆਂ 'ਤੇ ਆਧਾਰਿਤ ਹੈ। ਕੁਝ ਭਰਾਂਤੀਆਂ ਦੇ ਬਾਵਜੂਦ ਇਹ ਖਿਆਤ ਪਟਿਆਲਾ

ਰਿਆਸਤ ਦੇ ਰਾਜਵੰਸ਼ ਨਾਲ ਸਬੰਧਿਤ ਇਤਿਹਾਸਕ ਘਟਨਾਵਾਂ ਅਤੇ ਵੇਰਵਿਆਂ ਨਾਲ ਕਾਫ਼ੀ ਮੇਲ ਖਾਂਦੀ ਹੈ।

**ਸਿੱਟਾ**

ਖਿਆਤਾਂ ਰਾਜਸਥਾਨੀ ਸਾਹਿਤ ਅਤੇ ਇਤਿਹਾਸ ਦੇ ਅਹਿਮ ਸਰੋਤ ਹਨ ਜਿਨ੍ਹਾਂ ਦਾ ਮਨੋਰਥ ਕਿਸੇ ਰਾਜ, ਰਾਜਵੰਸ਼ ਜਾਂ ਗੋਤ ਆਦਿ ਦੀ ਪ੍ਰਸਿੱਧੀ, ਵਡਿਆਈ ਅਤੇ ਇਤਿਹਾਸ ਨੂੰ ਦਰਸਾਉਣਾ ਹੈ। ਇਸ ਤੋਂ ਇਲਾਵਾ ਇਹਨਾਂ ਵਿਚ ਰਾਜਸਥਾਨ ਦੀ ਰਾਜਪੂਤ ਜਾਤੀ ਦੀਆਂ ਵੱਖ-ਵੱਖ ਸ਼ਾਖਾਵਾਂ ਦੀ ਉਤਪੱਤੀ, ਵਿਕਾਸ ਅਤੇ ਉਨ੍ਹਾਂ ਦੀਆਂ ਉਪ-ਸ਼ਾਖਾਵਾਂ ਦੇ ਇਤਿਹਾਸ ਦਾ ਵਰਨਣ ਮਿਲਦਾ ਹੈ। ਰਾਜਸਥਾਨੀ ਭਾਸ਼ਾ ਦੇ ਵਾਰਤਕ ਸਾਹਿਤ ਸਰੂਪ ਵਾਲੀ ਇਸ ਇਤਿਹਾਸਕ ਵਿਧਾ ਦੀਆਂ ਰਚਨਾਵਾਂ ਵਿਚ 18ਵੀਂ ਅਤੇ 19ਵੀਂ ਸਦੀ ਦੇ ਰਾਜਸਥਾਨ ਦੇ ਸਥਾਨਕ ਇਤਿਹਾਸ ਦੇ ਨਾਲ-ਨਾਲ ਇਸ ਕਾਲ ਦੇ ਸਿੱਖ ਧਰਮ-ਇਤਿਹਾਸ ਸਬੰਧੀ ਵੀ ਕਾਫ਼ੀ ਮਹੱਤਵਪੂਰਨ ਜਾਣਕਾਰੀ ਮਿਲਦੀ ਹਨ। ਰਾਜਸਥਾਨੀ ਖਿਆਤਾਂ ਵਿਚੋਂ ਪ੍ਰਮੁਖ ਖਿਆਤਾਂ; 'ਬਾਂਕੀ ਦਾਸ ਰੀ ਖਿਆਤ' ਆਉਂਦੀ ਹੈ। ਉਸ ਪਿੱਛੋਂ ਕਰਮਵਾਰ 'ਬੀਕਾਨੇਰ ਰੀ ਖਿਆਤ', ਅਤੇ 'ਖਿਆਤ ਦੇਸ਼ ਦਰਪਣ' ਵਿਚੋਂ ਅਠਾਰਵੀਂ ਸਦੀ ਦੇ ਦੂਜੇ ਅੱਧ ਤੋਂ 19ਵੀਂ ਸਦੀ ਦੇ 7ਵੇਂ ਦਹਾਕੇ ਤੱਕ ਸਿੱਖ ਧਰਮ, ਇਸ ਦੇ ਧਾਰਮਿਕ ਸੰਪ੍ਰਦਾਇ, ਰਾਜਨੀਤਿਕ, ਸੈਨਿਕ ਅਤੇ ਆਰਥਿਕ ਆਦਿ ਪਹਿਲੂਆਂ ਬਾਰੇ ਸੰਖੇਪ ਤੇ ਸਟੀਕ ਰੂਪ ਵਿਚ ਵਿਲੱਖਣ ਤੱਤ ਸਾਹਮਣੇ ਆਉਂਦੇ ਹਨ। ਬਾਂਕੀ ਦਾਸ ਰੀ ਖਿਆਤ ਸਿੱਖ ਧਰਮ ਦੇ ਸਰੂਪ ਅਤੇ ਸੰਪ੍ਰਦਾਵਾਂ ਬਾਰੇ ਦੂਜੇ ਧਰਮਾਂ ਅਤੇ ਖਿੱਤਿਆਂ ਦੇ ਲੋਕਾਂ ਦੀਆਂ ਧਾਰਨਾਵਾਂ, ਸਿੱਖਾਂ ਦੀ ਸੈਨਿਕ ਸ਼ਕਤੀ, ਸਿੱਖਾਂ ਦੀ ਰਾਜਨੀਤਿਕ ਅਤੇ ਆਰਥਿਕ ਸਥਿਤੀ ਆਦਿ ਬਾਰੇ ਚਾਨਣਾ ਪਾਉਂਦੀ ਹੈ।

ਭੂਤਪੂਰਵ ਬੀਕਾਨੇਰ ਰਿਆਸਤ ਦੇ ਰਾਜ ਕਵੀ ਅਤੇ ਡਿਪਲੋਮੈਟ, ਦਿਆਲ ਦਾਸ ਸਿੰਢਾਇਚ ਦੁਆਰਾ ਰਚਿਤ ਖਿਆਤਾਂ ਬੀਕਾਨੇਰ ਰੀ ਖਿਆਤ ਅਤੇ ਖਿਆਤ ਦੇਸ਼ ਦਰਪਣ ਵਿਚ 18ਵੀਂ ਅਤੇ 19ਵੀਂ ਸਦੀ ਦੇ ਸਿੱਖ ਇਤਿਹਾਸ ਬਾਰੇ ਬਹੁਤ ਅਹਿਮ ਅਤੇ ਪ੍ਰਮਾਣਿਕ ਵੇਰਵੇ ਮਿਲਦੇ ਹਨ। ਦਿਆਲ ਦਾਸ ਦੀਆਂ ਇਹਨਾਂ ਖਿਆਤਾਂ ਵਿਚ 19ਵੀਂ ਸਦੀ ਦੇ ਇਤਿਹਾਸਕ ਵੇਰਵੇ ਭੂਤਪੂਰਵ ਬੀਕਾਨੇਰ ਰਿਆਸਤ ਦੇ ਤਤਕਾਲੀਨ ਪ੍ਰਮਾਣਿਕ ਸਰਕਾਰੀ ਦਸਤਾਵੇਜਾਂ 'ਤੇ ਆਧਾਰਿਤ ਹਨ। ਇਸ ਲਈ ਇਹਨਾਂ ਦੋਵਾਂ ਖਿਆਤਾਂ ਵਿਚ 19ਵੀਂ ਸਦੀ ਦੇ

ਸਿੱਖ ਇਤਿਹਾਸ ਸਬੰਧੀ ਮਿਲਦੇ ਵੇਰਵੇ ਵਧੇਰੇ ਵਿਸ਼ਵਾਸ਼ਯੋਗ ਮੰਨੇ ਜਾ ਸਕਦੇ ਹਨ। ਬੀਕਾਨੇਰ ਰੀ ਖਿਆਤ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਬਾਬਾ ਰਾਮ ਰਾਏ ਬਾਰੇ ਆਏ ਵਰਨਣ ਸੁਣੀਆਂ ਸੁਣਾਈਆਂ ਗੱਲਾਂ 'ਤੇ ਆਧਾਰਿਤ ਲੱਗਦੇ ਹਨ ਜਿੰਨਾਂ ਨੂੰ ਸਾਵਧਾਨੀ ਨਾਲ ਵੇਖਣ ਅਤੇ ਸਮਝਣ ਦੀ ਲੋੜ ਹੈ। ਇਹਨਾਂ ਦੋਵਾਂ ਖਿਆਤਾਂ ਵਿਚ 19ਵੀਂ ਸਦੀ ਦੇ ਸਿੱਖ ਸ਼ਾਸਕਾਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਤੋਂ ਬਾਅਦ ਦੇ ਲਾਹੌਰ ਦਰਬਾਰ, ਪਟਿਆਲਾ, ਨਾਭਾ ਅਤੇ ਜੀਂਦ ਰਿਆਸਤ ਦੇ ਬੀਕਾਨੇਰ ਰਿਆਸਤ ਨਾਲ ਅਤੇ ਅੰਗਰੇਜ਼ਾਂ ਨਾਲ ਸਬੰਧਾਂ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ।

ਸਿੱਖ ਰਿਆਸਤ ਪਟਿਆਲਾ ਦੇ ਘਰਾਣੇ ਬਾਰੇ ਅਤਿ ਸੰਖੇਪ ਰਚਨਾ 'ਪਟਿਆਲਾ ਰਾ ਜਾਟ ਕੌਮ ਸਿਧੂ ਤਿਣ ਰੀ ਖਿਆਤ' ਵਿਚ ਪਟਿਆਲਾ ਰਾਜ ਘਰਾਣੇ ਦੇ ਮੋਢੀ ਬਾਬਾ ਆਲਾ ਸਿੰਘ ਦੇ ਜੀਵਨ ਦੀਆਂ ਸੰਖੇਪ ਘਟਨਾਵਾਂ ਅਤੇ ਉਸ ਦੇ ਉਤਰਾਧਿਕਾਰੀਆਂ ਮਹਾਰਾਜਾ ਮਹਿੰਦਰ ਸਿੰਘ ਤੱਕ ਦੀਆਂ ਪ੍ਰਾਪਤੀਆਂ ਅਤੇ ਘਰਾਣੇ ਵੰਸ਼ਾਵਲੀ ਸਬੰਧੀ ਸੰਖੇਪ ਜਾਣਕਾਰੀ ਜੁਟਾਈ ਗਈ ਹੈ।

ਇਉਂ ਰਾਜਸਥਾਨੀ ਭਾਸ਼ਾ ਦੀ ਸਾਹਿਤਕ ਅਤੇ ਇਤਿਹਾਸਕ ਸ਼ੈਲੀ ਦੀ ਵਿਲੱਖਣ ਵੰਨਗੀ ਖਿਆਤਾਂ ਵਿਚ ਸਿੱਖ ਧਰਮ ਸਬੰਧੀ ਕਈ ਪੱਖਾਂ ਤੋਂ ਬੜੀ ਅਹਿਮ ਜਾਣਕਾਰੀ ਮਿਲਦੀ ਹਨ ਜੋ ਸਿੱਖ ਧਰਮ ਅਤੇ ਇਤਿਹਾਸ ਨੂੰ ਸਮਝਣ ਅਤੇ ਲਿਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਪਰ ਇਸ ਵੰਨਗੀ ਦੇ ਸ੍ਰੋਤਾਂ ਨੂੰ ਪੜ੍ਹਦੇ ਅਤੇ ਵਰਤਦੇ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੋ ਜਾਂਦਾ ਹੈ ਕਿ ਖਿਆਤ ਰਚਨਾ ਦਾ ਮੰਤਵ ਸਿੱਖ ਧਰਮ ਜਾਂ ਇਤਿਹਾਸ ਬਾਰੇ ਜਾਣਕਾਰੀ ਦੇਣਾ ਨਹੀਂ ਸਗੋਂ ਖਿਆਤਕਾਰ ਦਾ ਸੰਕਲਪ ਆਪਣੀ ਸਬੰਧਿਤ ਰਿਆਸਤ ਦੀ ਵਡਿਆਈ ਅਤੇ ਸ਼ੋਭਾ ਕਰਨਾ ਹੈ। ਇਸ ਲਈ ਉਹ ਦੂਜਿਆਂ ਦੇ ਚੰਗੇ ਪੱਖਾਂ ਨੂੰ ਉਸ ਤਰ੍ਹਾਂ ਨਹੀਂ ਉਭਾਰੇਗਾ ਕਿ ਉਸ ਦੀ ਰਚਨਾ ਦੇ ਮਨੋਰਥ ਵਿਚ ਕੋਈ ਹਾਨੀ ਹੋਵੇ। ਇਸ ਲਈ ਖਿਆਤ ਸਹਿਤ ਵਿਚ ਸਿੱਖਾਂ ਸਬੰਧੀ ਮਿਲਦੇ ਹਵਾਲੇ ਅਤੇ ਜਾਣਕਾਰੀ ਨੂੰ ਸੁਹਿਰਦਤਾ ਨਾਲ ਵਾਚਣ ਦੀ ਜ਼ਰੂਰਤ ਹੈ।

##########

# ਅਧਿਆਇ-5

# ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਦੇ ਫੁਟਕਲ ਸਰੋਤ

ਰਾਜਸਥਾਨੀ ਭਾਸ਼ਾ ਵਿਚ ਲਿਖਤ ਕਈ ਤਰ੍ਹਾਂ ਦੀਆਂ ਸਾਹਿਤਕ ਅਤੇ ਦਸਤਾਵੇਜ਼ੀ ਵੰਨਗੀਆਂ ਦੇ ਸਰੋਤ ਮੌਜੂਦ ਹਨ। ਇਨ੍ਹਾਂ ਸਰੋਤਾਂ ਦੀਆਂ ਇਕ-ਦੂਜੇ ਤੋਂ ਕਈ ਤਰ੍ਹਾਂ ਦੀਆਂ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਹਨ। ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਦੇ ਸਾਹਿਤਕ, ਇਤਿਹਾਸਕ, ਰਾਜਨੀਤਿਕ ਅਤੇ ਪ੍ਰਸ਼ਾਸਨਿਕ ਦਸਤਾਵੇਜ਼ਾਂ ਦੀਆਂ ਕਿਸਮਾਂ ਦਾ ਅਧਿਐਨ ਹੱਥਲੇ ਖੋਜ-ਪ੍ਰਬੰਧ ਦੇ ਪਿਛਲੇ ਅਧਿਆਇਆਂ ਵਿਚ ਕੀਤਾ ਜਾ ਚੁੱਕਾ ਹੈ। ਇਨ੍ਹਾਂ ਰਾਜਸਥਾਨੀ ਸਰੋਤਾਂ ਤੋਂ ਇਲਾਵਾ ਕੁਝ ਹੋਰ ਸੁਤੰਤਰ ਰੂਪ ਵਿਚ ਫੁਟਕਲ ਸਰੋਤ ਵੀ ਮਿਲਦੇ ਹਨ। ਇਸ ਅਧਿਆਇ ਵਿਚ ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਤਿੰਨ ਤਰ੍ਹਾਂ ਦੇ ਫੁਟਕਲ ਰਾਜਸਥਾਨੀ ਸਰੋਤਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਇਨ੍ਹਾਂ ਸਰੋਤਾਂ ਦੀਆਂ ਕਿਸਮਾਂ ਅਤੇ ਸਰੂਪ ਇਕ ਦੂਜੇ ਤੋਂ ਭਿੰਨ ਹਨ। ਇਨ੍ਹਾਂ ਸਰੋਤਾਂ ਵਿਚੋਂ 18ਵੀਂ ਅਤੇ 19ਵੀਂ ਸਦੀ ਦੇ ਸਿੱਖ ਇਤਿਹਾਸ ਨਾਲ ਸਬੰਧਿਤ ਘਟਨਾਵਾਂ, ਸਿੱਖਾਂ ਦੀ ਰਾਜਨੀਤਿਕ, ਆਰਥਿਕ ਤੇ ਸਮਾਜਿਕ ਖੇਤਰਾਂ ਦੀ ਅੰਸ਼ਿਕ ਜਾਣਕਾਰੀ ਮਿਲਦੀ ਹੈ। ਇਹ ਤਿੰਨ ਸਰੋਤ ਹਨ:

1. ਕੁਰਮਵਿਲਾਸ (ਚੰਦ ਕਵੀ ਰਚਿਤ)
2. ਭੂਗੋਲ, ਇਤਿਹਾਸ ਵਿਸ਼ਯ ਸਬੰਧੀ ਏਵੰ ਅਨਯ ਵਿਵਿਧ ਵਿਸ਼ਿਉਂ ਕਾ ਫੁਟਕਰ ਗ੍ਰੰਥ।
3. ਪੋਤੇਦਾਰ ਵਪਾਰੀ ਘਰਾਣੇ ਦੇ ਦਸਤਾਵੇਜ਼।

ਇਹਨਾਂ ਤਿੰਨਾਂ ਪ੍ਰਕਾਰ ਦੇ ਸਰੋਤਾਂ ਵਿਚ ਸਿੱਖਾਂ ਨਾਲ ਸਬੰਧਿਤ ਮਿਲਦੀ ਜਾਣਕਾਰੀ ਦਾ ਵੱਖ-ਵੱਖ ਭਾਗਾਂ ਵਿਚ ਅਧਿਐਨ ਕੀਤਾ ਗਿਆ ਹੈ। ਹਰੇਕ ਸਰੋਤ ਦਾ ਅਧਿਐਨ ਕਰਦਿਆਂ ਸਭ ਤੋਂ ਪਹਿਲਾਂ ਸਬੰਧਿਤ ਸਰੋਤ ਦੀ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ, ਜਿਸ ਵਿਚ ਸਰੋਤ ਦੀ ਕਿਸਮ, ਰਚਨਾ ਕਾਲ, ਲੇਖਕ ਜਾਂ ਲਿਖਤ ਦਾ ਉਦੇਸ਼ ਆਦਿ ਸ਼ਾਮਿਲ ਹਨ। ਉਸ ਤੋਂ

ਪਿੱਛੋਂ ਸਰੋਤ ਵਿਚ ਸਿੱਖਾਂ ਨਾਲ ਸਬੰਧਿਤ ਜਾਣਕਾਰੀ ਪੰਜਾਬੀ ਵਿਚ ਅਨੁਵਾਦਿਤ ਕਰਕੇ ਦਿੱਤੀ ਗਈ ਹੈ ਅਤੇ ਅਖੀਰ ਵਿਚ ਸਬੰਧਿਤ ਸਰੋਤ ਵਿਚੋਂ ਸਿੱਖਾਂ ਸਬੰਧੀ ਪ੍ਰਾਪਤ ਜਾਣਕਾਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਦੋ ਸਰੋਤ ਵਾਰਤਕ ਸ਼ੈਲੀ ਵਿਚ ਲਿਖੇ ਗਏ ਹਨ, ਜਦਕਿ ਤੀਜਾ ਸਰੋਤ ਕਾਵਿ ਸ਼ੈਲੀ ਵਿਚ ਲਿਖਤ ਹੈ।

## 1. ਕੁਰਮਵਿਲਾਸ

ਭਾਰਤੀ ਲੋਕਾਂ ਦੀ ਸਾਹਿਤ ਸਿਰਜਣਾ ਵਿਚ ਸ਼ੁਰੂ ਤੋਂ ਹੀ ਰੁਚੀ ਰਹੀ ਹੈ। ਵੇਦਾਂ ਤੋਂ ਲੈ ਕੇ ਭਾਰਤੀ ਪ੍ਰੰਪਰਾ ਵਿਚ ਕਾਵਿ ਸ਼ੈਲੀ ਵਿਚ ਸਾਹਿਤਕ ਸਿਰਜਣਾ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਰਿਹਾ ਹੈ। ਪ੍ਰਾਚੀਨ ਭਾਰਤ ਵਿਚ ਜਨ-ਸਾਧਾਰਨ, ਧਾਰਮਿਕ ਅਤੇ ਅਧਿਆਤਮਿਕ ਖੇਤਰਾਂ ਵਿਚ ਸਾਹਿਤ ਰਚਨਾ ਤੋਂ ਇਲਾਵਾ ਰਾਜਸੀ ਖੇਤਰ ਵਿਚ ਵੀ ਸਾਹਿਤ ਰਚਨਾਵਾਂ ਨੂੰ ਪ੍ਰਫੁੱਲਿਤ ਕਰਨ ਵਿਚ ਵੱਡਾ ਯੋਗਦਾਨ ਰਿਹਾ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸ਼ਾਸਕ, ਰਾਜੇ, ਮਹਾਰਾਜੇ ਅਤੇ ਹੋਰ ਛੋਟੀਆਂ ਰਾਜਸੀ ਇਕਾਈਆਂ ਦੇ ਆਗੂ ਆਪਣੇ ਰਾਜ ਵਿਚ ਰਾਜ ਕਵੀ ਰੱਖਦੇ ਸਨ ਜੋ ਕਈ ਤਰ੍ਹਾਂ ਦੀ ਸਾਹਿਤ ਰਚਨਾ ਕਰਦੇ ਸਨ। ਇਨ੍ਹਾਂ ਰਾਜਸੀ ਕਵੀਆਂ ਜਾਂ ਸਾਹਿਤਕਾਰਾਂ ਦੁਆਰਾ ਆਪਣੇ ਮਾਲਕਾਂ ਜਾਂ ਰਾਜਿਆਂ-ਮਹਾਰਾਜਿਆਂ ਦੀ ਉਸਤਤ ਲਈ ਰਚੇ ਗ੍ਰੰਥ ਤਤਕਾਲੀਨ ਇਤਿਹਾਸਕ ਸੋਮਿਆਂ ਵਜੋਂ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਰਚਨਾਵਾਂ ਨੂੰ ਰਚਣ ਦਾ ਮਨੋਰਥ ਭਾਵੇਂ ਕੋਈ ਵੀ ਰਿਹਾ ਲੇਕਿਨ ਅਜੋਕੇ ਸਮੇਂ ਵਿਚ ਇਹ ਪੁਰਾਤਨ ਇਤਿਹਾਸ ਨੂੰ ਜਾਨਣ ਅਤੇ ਲਿਖਣ ਲਈ ਬਹੁਤ ਉਪਯੋਗੀ ਸਾਧਨ ਹਨ।

ਪੁਰਾਣੇ ਰਾਜਸਥਾਨ ਦੇ ਛੋਟੇ-ਵੱਡੇ ਰਾਜਾਂ ਅਤੇ ਰਿਆਸਤਾਂ ਦੇ ਸ਼ਾਸਕਾਂ ਨੇ ਆਪਣੇ ਰਾਜ ਦਰਬਾਰਾਂ ਵਿਚ ਰਾਜ ਕਵੀ ਰੱਖੇ ਹੁੰਦੇ ਸਨ, ਜੋ ਸਬੰਧਿਤ ਰਾਜ/ਰਿਆਸਤ ਦੀ ਸ਼ੋਭਾ ਮੰਨੇ ਜਾਂਦੇ ਸਨ। ਰਾਜਸਥਾਨ ਰਾਜਾਂ/ਰਿਆਸਤਾਂ ਦੇ ਕੁਝ ਸ਼ਾਸਕ ਆਪ ਵੀ ਪ੍ਰਸਿੱਧ ਕਵੀ, ਸੰਗੀਤ ਸ਼ਾਸਤਰੀ ਅਤੇ ਪ੍ਰਸਿੱਧ ਵਿਦਵਾਨ ਹੋਏ ਹਨ ਜਿਨ੍ਹਾਂ ਨੇ ਕਈ ਰਚਨਾਵਾਂ ਵੀ ਰਚੀਆਂ। ਇਨ੍ਹਾਂ ਵਿਚੋਂ ਕੁਝ ਪ੍ਰਸਿੱਧ ਵਿਦਵਾਨ ਸਾਹਿਤਕਾਰ ਹਨ:

- ਜੈਪੁਰ ਨਰੇਸ਼ ਮਹਾਰਾਜਾ ਸਵਾਈ ਜੈ ਸਿੰਘ ਅਤੇ ਸਵਾਈ ਪ੍ਰਤਾਪ ਸਿੰਘ;
- ਜੋਧਪੁਰ ਦੇ ਮਹਾਰਾਜਾ ਮਾਨ ਸਿੰਘ;

- ਬੂੰਦੀ ਦੇ ਹਾਡਾ ਰਾਵ ਬੁੱਧ ਸਿੰਘ ਆਦਿ।

ਇਨ੍ਹਾਂ ਰਾਜਾਂ/ਰਿਆਸਤਾਂ ਦੇ ਕਵੀ ਸਾਹਿਤਕਾਰ ਆਪਣੇ ਮਾਲਕ ਰਾਜਿਆਂ ਦੀ ਪ੍ਰਸ਼ੰਸਾ, ਕੁੱਲ ਵਡਿਆਈ ਆਦਿ ਲਈ ਕਿਸੇ ਵਿਸ਼ੇਸ਼ ਰਾਜੇ/ਮਹਾਰਾਜੇ ਦੇ ਜੀਵਨ ਚਰਿੱਤਰ ਸਬੰਧੀ ਸਾਹਿਤਕ ਤੇ ਇਤਿਹਾਸਕ ਰਚਨਾ ਵੀ ਕਰਦੇ ਸਨ ਜਿਵੇਂ: ਜੈਪੁਰ ਨਰੇਸ਼ ਸਵਾਈ ਈਸ਼ਵਰੀ ਸਿੰਘ ਦੇ ਜੀਵਨ ਸਬੰਧੀ ਕਾਵਿ ਗ੍ਰੰਥ 'ਈਸ਼ਵਰੀ ਵਿਲਾਸ ਅਤੇ ਸਵਾਈ ਪ੍ਰਤਾਪ ਸਿੰਘ ਜੀਵਨ ਚਰਿੱਤਰ ਲਈ 'ਪ੍ਰਤਾਪ ਰਾਸੋ' ਇਤਿਹਾਸਕ ਕਾਵਿ ਰਚਨਾਵਾਂ ਮਿਲਦੀਆਂ ਹਨ।

ਜੀਵਨ ਚਰਿੱਤਰ ਤੋਂ ਇਲਾਵਾ ਰਾਜਵੰਸ਼ ਦੀ ਉਪਮਾ ਅਤੇ ਇਤਿਹਾਸ ਸਬੰਧੀ ਵੀ ਕਈ ਰਚਨਾਵਾਂ ਰਾਜਸਥਾਨੀ ਕਾਵਿ ਅਤੇ ਵਾਰਤਕ ਸਾਹਿਤ ਦੀਆਂ ਸ਼ੈਲੀਆਂ ਵਿਚ ਮਿਲਦੀਆਂ ਹਨ। ਵਾਰਤਕ ਵਿਚ ਸਾਹਿਤਕ ਤੇ ਇਤਿਹਾਸਕ ਸ਼ੈਲੀ 'ਖਿਆਤ' ਵੰਨਗੀ ਦਾ ਜ਼ਿਕਰ ਹੱਥਲੇ ਖੋਜ-ਪ੍ਰਬੰਧ ਦੇ ਪਿਛਲੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਮੇਵਾੜ ਦੀ ਉਦੇਪੁਰ ਰਿਆਸਤ ਦਾ ਇਤਿਹਾਸ ਮਹਾਰਾਣਾ ਜਗਤ ਸਿੰਘ ਦੁਆਰਾ ਆਪਣੇ ਰਾਜ ਕਵੀ ਸ਼ਿਆਮਲ ਦਾਸ ਤੋਂ 'ਵੀਰ ਵਿਨੋਦ' ਗ੍ਰੰਥ ਦੇ ਰੂਪ ਵਿਚ 1880 ਈ. ਦੇ ਕਰੀਬ ਲਿਖਵਾਇਆ ਗਿਆ। ਜੈਪੁਰ ਦੇ 'ਕਛਵਾਹਾ' ਰਾਜਵੰਸ਼ ਦੇ ਇਤਿਹਾਸ ਅਤੇ ਜਸ ਵਰਨਣ ਸਬੰਧੀ ਕੁਝ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਚੰਦ ਕਵੀ ਦੁਆਰਾ ਬਿਕ੍ਰਮੀ ਸੰਮਤ 1913 (1857 ਈ.) ਵਿਚ ਜੈਪੁਰ ਨਰੇਸ਼ ਰਾਮ ਸਿੰਘ ਦੂਜੇ ਦੇ ਕਹਿਣ 'ਤੇ ਇਤਿਹਾਸਕ ਕਾਵਿ ਗ੍ਰੰਥ 'ਕੁਰਮਵਿਲਾਸ' ਰਚਿਆ ਗਿਆ।[1] ਇਸ ਗ੍ਰੰਥ ਵਿਚ ਜੈਪੁਰ ਦੇ ਕਛਵਾਹਾ ਸ਼ਾਸਕਾਂ ਨੂੰ ਸ੍ਰੀ ਰਾਮ ਚੰਦਰ ਦੇ ਪੁੱਤਰ 'ਕੁਰਮ/ਕਛੁ' ਦੀ ਅੰਸ਼ ਮੰਨਿਆ ਹੈ। ਇਸ ਗ੍ਰੰਥ ਵਿਚ ਬ੍ਰਹਮਾ ਤੋਂ ਲੈ ਕੇ ਜੈਪੁਰ ਨਰੇਸ਼ ਸਵਾਈ ਰਾਮ ਸਿੰਘ ਦੂਜੇ ਦੇ ਜੀਵਨ ਕਾਲ ਸੰਮਤ 1892-1937 (1835 ਈ. ਤੋਂ 1880 ਈ.) ਤੱਕ ਦਾ ਕਛਵਾਹਾ ਰਾਜਵੰਸ਼ ਦਾ ਇਤਿਹਾਸ ਲਿਖਿਆ ਗਿਆ ਹੈ। ਇਸ ਵਿਚ ਮੁੱਢਲੇ ਕਛਵਾਹਾ ਕੁੱਲ ਬਾਰੇ ਪ੍ਰਚੱਲਿਤ ਮਿਥਿਹਾਸਕ-ਇਤਿਹਾਸਕ ਕਥਾਵਾਂ ਨੂੰ ਆਧਾਰ ਬਣਾਇਆ ਗਿਆ ਹੈ ਜਦਕਿ ਪਿਛਲੇ ਕਛਵਾਹਾ ਸ਼ਾਸਕਾਂ ਖਾਸ ਕਰਕੇ ਮਿਰਜਾ ਰਾਜਾ ਜੈ ਸਿੰਘ ਦੇ ਸਮੇਂ ਤੱਕ ਦਾ

---

1 ਸੰਮਤ ਗੁਨੀਸੈ ਤੇਰਵੈ ਮਹਾ ਬੁਦਿ ਨੌਮੀ ਪੇਖਿ।
ਦਿਵਜ ਸੁਖਦੇਵਹਿ ਕੋਟਾ ਕੋ ਤਾ ਦਿਨ ਗ੍ਰੰਥ ਸੋ ਲੇਖ।
ਇਸ ਬੰਦ ਤੋਂ ਸਪੱਸ਼ਟ ਹੈ ਕਿ ਇਸ ਗ੍ਰੰਥ ਦੀ ਰਚਨਾ ਮਾਘ ਵਦੀ 9 ਸੰਮਤ 1913 (19 ਜਨਵਰੀ 1857 ਈ.) ਨੂੰ ਰਚਿਆ ਜਾ ਚੁੱਕਾ ਸੀ। ਦੇਖੋ **ਕੁਰਮਵਿਲਾਸ**, ਸੰਪਾ. ਜੇ. ਕੇ. ਜੈਨ, ਪੰਨਾ 479.

ਇਤਿਹਾਸ ਜੈਪੁਰ ਰਿਆਸਤ ਦੇ ਸਰਕਾਰੀ ਰਿਕਾਰਡ ਵਿਚਲੇ ਦਸਤਾਵੇਜ਼ਾਂ ’ਤੇ ਆਧਾਰਿਤ ਹੈ। ਇਸ ਤੋਂ ਇਲਾਵਾ ਜੈਪੁਰ ਰਿਆਸਤ ਅਧੀਨ ਕਛਵਾਹਾ ਰਾਜਘਰਾਣੇ ਨਾਲ ਸਬੰਧਿਤ ਸਾਮੰਤਾਂ/ਜਗੀਰਦਾਰਾਂ ਆਦਿ ਦਾ ਇਤਿਹਾਸ ਵੀ ਦਿਤਾ ਹੈ। ਇਸ ਗ੍ਰੰਥ ਦੇ ਦੋ ਹੱਥ-ਲਿਖਤ ਖਰੜਿਆਂ ਸਬੰਧੀ ਜਾਣਕਾਰੀ ਮਿਲਦੀ ਹੈ,[2] ਜਿਨ੍ਹਾਂ ਵਿਚੋਂ ਇੱਕ ਖਰੜਾ ਰਾਜਸਥਾਨ ਰਾਜ ਅਭਿਲੇਖਾਗਾਰ ਬੀਕਾਨੇਰ ਦੇ ‘ਜੈਪੁਰ ਰਿਕਾਰਡ’ ਵਿਚ ਮੌਜੂਦ ਹੈ। ਇਸੇ ਖਰੜੇ ਨੂੰ ਇਸ ਵਿਭਾਗ ਦੁਆਰਾ 1991 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਹੱਥਲੇ ਖੋਜ-ਕਾਰਜ ਦੇ ਇਸ ਅਧਿਆਇ ਵਿਚ ਇਸੇ ਪ੍ਰਕਾਸ਼ਨਾ ਨੂੰ ਆਧਾਰ ਬਣਾਇਆ ਗਿਆ ਹੈ। ‘ਕੁਰਮਵਿਲਾਸ’ ਗ੍ਰੰਥ ਦਾ ਰਚੈਤਾ ਚੰਦ ਕਵੀ ਹੈ। ਚੰਦ ਕਵੀ ਬਾਰੇ ਸੰਪੂਰਨ ਜਾਣਕਾਰੀ ਨਹੀਂ ਮਿਲਦੀ। ਜੈਪੁਰ ਰਿਆਸਤ ਦੇ ਨਾਲ ਸਬੰਧਿਤ ਤਿੰਨ ਚੰਦ ਕਵੀ ਹੋਏ ਦੱਸੇ ਜਾਂਦੇ ਹਨ। ‘ਕੁਰਮਵਿਲਾਸ ਦੇ ਕਰਤਾ ਚੰਦ ਕਵੀ ਨੂੰ ਜੇ. ਕੇ. ਜੈਨ ਨੇ ਗੋਪਾਲ ਨਾਰਾਇਣ ਬਹੁਰਾ ਦੇ ਹਵਾਲੇ ਨਾਲ ਕਵੀ ‘ਦੁਲੀਚੰਦ’ ਮੰਨਿਆ ਹੈ ਜਿਸ ਦਾ ਉੱਪ ਨਾਮ ‘ਚੰਦ ਕਵੀ’ ਸੀ। ਇਹ ‘ਚੰਦ ਕਵੀ’ ਜੈਪੁਰ ਨਰੇਸ਼ ਰਾਮ ਸਿੰਘ ਦੂਜੇ ਦਾ ਸਮਕਾਲੀ ਸੀ। ਜੇਕਰ ‘ਦੁਲੀ ਚੰਦ’ ਨੂੰ ‘ਚੰਦ ਕਵੀ’ ਮੰਨਿਆ ਜਾਵੇ ਤਾਂ ਉਸ ਦੀਆਂ ‘ਕੁਰਮ ਵਿਲਾਸ’ ਤੋਂ ਇਲਾਵਾ ਅੱਠ ਹੋਰ ਸਾਹਿਤਕ ਰਚਨਾਵਾਂ ਵੀ ਮਿਲਦੀਆਂ ਹਨ।[3] ਪਰ ਡਾ. ਸਤੇਂਦ੍ਰ ਨੇ ਸਵਾਈ ਰਾਮ ਸਿੰਘ ਤੋਂ ਪਹਿਲਾਂ ਸਵਾਈ ਮਾਧੋ ਸਿੰਘ ਦੇ ਸਮੇਂ ਕਵੀ ‘ਸ਼ੋਭਾ ਚੰਦ’ ਜਵਾਹਰ ਅਤੇ ਸਵਾਈ ਪ੍ਰਤਾਪ ਸਿੰਘ ਸਮੇਂ ‘ਲਾਲ ਚੰਦ’ ਦੇ ਜੈਪੁਰ ਰਿਆਸਤ ਦੇ ਕਵੀ ਹੋਣ ਦਾ ਜ਼ਿਕਰ ਕੀਤਾ ਹੈ। ਪਰ ਸਵਾਈ ਰਾਮ ਸਿੰਘ ਦੂਸਰੇ ਦੇ ਸਮੇਂ ‘ਸੁ-ਕਵਿ ਚੰਦ’ ਦਾ ਹੋਣ ਦੀ ਗੱਲ ਕੀਤੀ ਹੈ।[4] ਇਸ ਗ੍ਰੰਥ ਦੀ ਰਚਨਾ ਦਾ ਮਨੋਰਥ ਭਾਵੇਂ ਕਛਵਾਹਾ ਇਤਿਹਾਸ ਦਾ ਵਰਨਣ ਕਰਨਾ ਸੀ ਪਰ ਇਸ ਵਿਚੋਂ ਸਿੱਖ ਇਤਿਹਾਸ ਸਬੰਧੀ ਕੁਝ ਅਹਿਮ ਹਵਾਲੇ ਮਿਲਦੇ ਹਨ।

**1.1 ਕੁਰਮਵਿਲਾਸ ਵਿਚ ਸਿੱਖ ਇਤਿਹਾਸ ਸਬੰਧੀ ਜਾਣਕਾਰੀ:** ਜੈਪੁਰ (ਅੰਬੇਰ) ਰਿਆਸਤ ਦੇ ਸ਼ਾਸਕਾਂ ਦਾ ਸਿੱਖ ਧਰਮ ਨਾਲ ਸਿੱਖਾਂ ਦੇ 8ਵੇਂ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਤੋਂ ਸਬੰਧ ਰਹੇ ਹਨ। ਗੁਰੂ ਹਰਿ ਕ੍ਰਿਸ਼ਨ ਜੀ ਆਪਣੀ ਦਿੱਲੀ ਫੇਰੀ ਸਮੇਂ ਮਿਰਜਾ ਜੈ ਸਿੰਘ ਦੇ ਦਿੱਲੀ ਵਿਚਲੀ

---

2 ਉਹੀ, ਪੰਨਾ 1.
3 ਉਹੀ, ਪੰਨੇ 1-2.
4 ਸਤੇਂਦ੍ਰ (ਡਾ.), **ਪਾਂਡੂ ਲਿੱਪੀ ਵਿਗਿਆਨ**, ਪੰਨੇ, 114-129.

ਹਵੇਲੀ ਰਹੇ ਸਨ ਜੋ ਜੈ ਸਿੰਘਪੁਰਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਸ ਪਿੱਛੋਂ ਰਾਜਾ ਰਾਮ ਸਿੰਘ ਨੂੰ ਜਦੋਂ ਬਾਦਸ਼ਾਹ ਔਰੰਗਜ਼ੇਬ ਵੱਲੋਂ ਅਸਾਮ ਦੀ ਮੁਹਿੰਮ 'ਤੇ ਭੇਜਿਆ ਗਿਆ ਤਾਂ ਗੁਰੂ ਤੇਗ ਬਹਾਦਰ ਜੀ ਉਸ ਦੀ ਬੇਨਤੀ 'ਤੇ ਧੋਬੜੀ (ਆਸਾਮ) ਤੱਕ ਉਸ ਦੇ ਨਾਲ ਗਏ ਸਨ। ਸਿੱਖ ਧਰਮ ਵਿਚ ਮਿਰਜਾ ਰਾਜਾ ਜੈ ਸਿੰਘ ਦੇ ਪਰਿਵਾਰ ਨਾਲ ਸਿੱਖ ਗੁਰੂਆਂ ਦੇ ਸਬੰਧਾਂ ਬਾਰੇ ਪ੍ਰਚੱਲਿਤ ਮਨੌਤਾਂ ਤੋਂ ਇਲਾਵਾ ਕੁਝ ਹੋਰ ਛੁਪੇ ਤੱਥ 'ਕੁਰਮਵਿਲਾਸ' ਵਿਚ ਵਰਣਿਤ ਇਤਿਹਾਸ ਚੋਂ ਸਾਹਮਣੇ ਆਉਂਦੇ ਹਨ। ਕੁਰਮਵਿਲਾਸ ਦਾ ਰਚਨਾ ਕਾਲ ਭਾਵੇਂ 19ਵੀਂ ਸਦੀ ਹੈ ਪਰ ਇਸ ਵਿਚ ਕਛਵਾਹਾ ਰਾਜਵੰਸ਼ ਦਾ ਇਤਿਹਾਸ ਵਰਨਣ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਵਾਸ ਤੋਂ ਲੈ ਕੇ ਸਵਾਈ ਈਸ਼ਰੀ ਸਿੰਘ ਦੇ ਸਮੇਂ (1747 ਈ.) ਤੱਕ ਦੇ ਸਿੱਖ ਇਤਿਹਾਸ ਨਾਲ ਸਬੰਧਿਤ ਹਵਾਲੇ ਮਿਲਦੇ ਹਨ। ਭਾਵੇਂ ਇਸ ਗ੍ਰੰਥ ਵਿਚ ਗੁਰੂ ਕਾਲ ਸਮੇਂ ਦੇ ਹਵਾਲੇ ਹੱਥਲੇ ਖੋਜ-ਕਾਰਜ ਦੀ ਸਮਾਂ-ਸੀਮਾ ਤੋਂ ਪਹਿਲਾਂ ਦੇ ਹਨ ਪਰ ਇਸ ਗ੍ਰੰਥ ਦਾ ਰਚਨਾ ਕਾਲ ਖੋਜ-ਕਾਰਜ ਦੀ ਸਮਾਂ-ਸੀਮਾਂ ਵਿਚ ਆਉਣ ਕਰਕੇ ਪਹਿਲਾਂ ਮਿਲਦੀ ਜਾਣਕਾਰੀ ਨੂੰ ਇਥੇ ਸ਼ਾਮਿਲ ਕੀਤਾ ਗਿਆ ਹੈ।

### 1.2. ਸਿੱਖ ਇਤਿਹਾਸ ਸਬੰਧੀ ਕੁਰਮਵਿਲਾਸ ਵਿਚ ਆਏ ਹਵਾਲੇ:

### 1.2.1 ਗੁਰੂ ਕਾਲ:

ਜੰਬੂਪਤੀ, ਕਾਂਗੜਾਪਤੀ ਆਦਿ ਦਸ ਪਹਾੜੀ ਰਾਜੇ ਆਪਸ ਵਿਚ ਮਿਲ ਗਏ ਅਤੇ ਨਾਨਕ ਪੰਥ ਨਾਲ ਉਨ੍ਹਾਂ ਨੇ ਮੇਲ ਕਰ ਲਿਆ। ਇਸ ਲਈ ਪੰਜਾਬ ਵਿਚੋਂ (ਮੁਗ਼ਲ ਹਕੂਮਤ ਦਾ) ਅਮਲ (ਪ੍ਰਬੰਧ) ਖਤਮ ਹੋ ਗਿਆ। ਇਸ ਲਈ ਔਰੰਗਜ਼ੇਬ ਨੇ (ਰਾਜਾ) ਰਾਮ ਸਿੰਘ ਨੂੰ ਯਾਦ ਕੀਤਾ (ਬੁਲਾਇਆ)। (ਰਾਜਾ ਰਾਮ ਸਿੰਘ) ਨੇ ਆਪਣੇ ਨਾਲ ਸੈਨਾ ਲੈ ਕੇ ਕੰਵਰ (ਬਾਦਸ਼ਾਹ ਔਰੰਗਜ਼ੇਬ ਸ਼ਹਿਜਾਦੇ) ਨੂੰ ਨਾਲ ਲਿਆ ਅਤੇ ਸੰਮਤ 1727 (1670 ਈ.) ਨੂੰ ਚੜ੍ਹਾਈ ਕਰ ਦਿੱਤੀ।[5]

ਸੰਮਤ 1754 (1697 ਈ.) ਦੇ ਸਾਲ ਹੀ ਬਾਦਸ਼ਾਹ ਔਰੰਗਜ਼ੇਬ ਨੂੰ ਲਾਹੌਰ ਤੋਂ ਖ਼ਬਰ ਮਿਲੀ ਕਿ ਕਾਬਲ ਵੱਲੋਂ ਪਠਾਣਾਂ ਦੀ ਫੌਜ ਪਿਸ਼ਾਵਰ ਦੇ ਇਲਾਕੇ ਵਿਚ ਆ ਗਈ ਹੈ।

---

[5] ਉਹੀ, ਪੰਨਾ 391.

ਬਾਦਸ਼ਾਹ ਨੇ ਸ਼ਾਹਜ਼ਾਦਾ ਮੁਅੱਜ਼ਮ ਨੂੰ ਲਿਖਿਆ ਕਿ ਬਿਸ਼ਨ ਸਿੰਘ (ਜੈਪੁਰ ਨਰੇਸ਼) ਨੂੰ ਨਾਲ ਲੈ ਕੇ ਉੱਤਰ ਵੱਲੋਂ (ਪੇਸ਼ਾਵਰ) ਪਠਾਣਾਂ ਨੂੰ ਮਾਰ ਭਜਾਉ ਅਤੇ ਪੰਜਾਬ ਵਿਚੋਂ ਪ੍ਰਗਟ ਹੋਏ ਨਾਨਕ ਪੰਥ ਨੂੰ ਕੱਢ ਦੇਵੇ, ਭਾਵ ਸਿੱਖ ਧਰਮ ਵਿਰੁੱਧ ਕਾਰਵਾਈ ਕਰੋ। ਬਾਦਸ਼ਾਹ ਦੇ ਇਸ ਫੁਰਮਾਨ ਨੂੰ ਵੇਖ ਕੇ ਬਹਾਦਰ ਸ਼ਾਹ ਨੇ ਚੜ੍ਹਾਈ ਕਰ ਦਿੱਤੀ। ਅੱਗੋਂ ਮਥੁਰਾ ਤੋਂ ਬਿਸ਼ਨ ਸਿੰਘ ਵੀ ਸ਼ਾਹਜ਼ਾਦਾ ਮੁਅੱਜ਼ਮ ਨਾਲ ਜਾ ਮਿਲਿਆ। ਬਾਦਸ਼ਾਹ ਵੱਲੋਂ ਆਏ ਹੁਕਮ ਨੂੰ ਉਹ ਨਾਲ ਲੈ ਗਿਆ। ਬਿਸ਼ਨ ਸਿੰਘ ਨੇ ਬਹੁਤ ਕੰਮ ਕੀਤੇ ਜਿਨ੍ਹਾਂ ਦਾ ਕੋਈ ਅੰਤ ਨਹੀਂ। ਸਵਾਮੀ ਦੇ ਹੁਕਮ ਅਨੁਸਾਰ ਪਠਾਣਾਂ ਦਾ ਦਮਨ ਕਰ ਦਿੱਤਾ ਅਤੇ ਸਿੱਖ ਮਤ (ਧਰਮ) ਭੰਗ ਕਰਕੇ ਨਾਨਕ ਪੰਥ ਨੂੰ (ਪੰਜਾਬ/ਅਨੰਦਪੁਰ ਵਿਚੋਂ) ਕੱਢ ਦਿੱਤਾ ਗਿਆ।[6]

**1.2.2. ਬੰਦਾ ਸਿੰਘ ਬਹਾਦਰ ਕਾਲ:** ਰਾਜਾ ਅਜੀਤ ਸਿੰਘ ਜੋਧਪੁਰ ਅਤੇ ਸਵਾਈ ਜੈ ਸਿੰਘ ਅਮੇਰ (ਜੈਪੁਰ) ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ (ਦੱਖਣ ਤੋਂ ਵਾਪਸੀ ਸਮੇਂ ਅਜਮੇਰ ਵਿਚ) ਨਾਲ ਨਜ਼ਰ ਭੇਟ ਕਰਕੇ ਬਾਦਸ਼ਾਹ ਤੋਂ ਵਿਦਾਈ ਲਈ ਤੇ ਪੁਸ਼ਕਰ ਚਲੇ ਗਏ। ਬਾਦਸ਼ਾਹ ਨੇ ਅਜਮੇਰ ਤੋਂ ਅੱਗੇ ਇਕ ਮੁਕਾਮ ਹੀ ਕੀਤਾ ਸੀ ਕਿ ਉਸ ਨੂੰ ਸਢੌਰੇ ਦੀ (ਬੰਦਾ ਸਿੰਘ ਬਹਾਦਰ ਦੀ ਬਗ਼ਾਵਤ ਦੀ) ਖਬਰ ਪਤਾ ਚੱਲੀ।[7] ਸੰਮਤ 1769 (1712 ਈ.) ਦੇ ਕੱਤਕ ਮਹੀਨੇ ਵਿਚ ਕੁਰੂਕੁਸ਼ੇਤਰ ਦੇ ਸਰੋਵਰ ਵਿਚ ਇਸ਼ਨਾਨ ਕਰਕੇ ਅਤੇ ਅਤਿਥੀਆਂ ਨੂੰ ਦਾਨ ਕਰਕੇ ਦੋਵੇਂ ਰਾਜੇ ਖੁਸ਼ੀ ਨਾਲ (ਬੰਦਾ ਸਿੰਘ ਬਹਾਦਰ ਵਿਰੁੱਧ ਮੁਹਿੰਮ ਵਿਚ ਸ਼ਾਮਿਲ ਹੋਣ ਲਈ) ਸਢੌਰੇ ਤੋਂ ਪੂਰਬ ਵੱਲ ਤਿੰਨ ਕੋਹ ਦੀ ਵਿੱਥ 'ਤੇ (ਕਪਾਲ ਮੋਚਨ) ਦੇ ਸਰੋਵਰਾਂ ਵਿਚ ਇਸ਼ਨਾਨ ਕਰਕੇ ਦਾਨ ਕੀਤਾ। ਇਸ ਪਿੱਛੋਂ ਅਰਜ਼ੀ ਲਿਖ ਕੇ ਦੋਵਾਂ ਰਾਜਿਆਂ ਨੇ ਬਾਦਸ਼ਾਹ ਵੱਲ ਲਾਹੌਰ ਭੇਜੀ ਕਿ ਜੋ ਆਪ ਵੱਲੋਂ ਹੁਕਮ ਹੋਵੇਗਾ, ਅਸੀਂ ਉਸ ਦੀ ਤਾਮੀਲ ਕਰਨ ਲਈ ਹਾਜ਼ਰ ਹਾਂ। ਇਸ 'ਤੇ ਬਾਦਸ਼ਾਹ ਨੇ ਖੁਸ਼ ਹੋ ਕੇ ਜੈ ਸਿੰਘ ਨੂੰ ਸੂਬਾ ਉਜੈਨ ਅਤੇ ਅਜੀਤ ਸਿੰਘ ਨੂੰ ਸੂਬਾ ਗੁਜਰਾਤ ਦੀ ਸੂਬੇਦਾਰੀ ਦੇ ਦਿੱਤੀ।[8]

**1.2.3. ਬਾਬਾ ਆਲਾ ਸਿੰਘ ਨਾਲ ਈਸਰੀ ਸਿੰਘ ਦੀ ਮੁਲਾਕਾਤ:** ਬਾਦਸ਼ਾਹ ਵੱਲੋਂ ਆਏ ਫੁਰਮਾਨ ਅਨੁਸਾਰ ਰਾਜਾ ਈਸਰੀ ਸਿੰਘ (ਸਵਾਈ ਜੈ ਸਿੰਘ ਦਾ ਪੁੱਤਰ) ਦੁਸ਼ਮਣ (ਅਹਿਮਦ

---

6 ਉਹੀ, ਪੰਨਾ 411.
7 ਉਹੀ, ਪੰਨਾ 431.
8 ਉਹੀ, ਪੰਨੇ 431-32.

ਸ਼ਾਹ ਅਬਦਾਲੀ) ਵਿਰੁੱਧ ਜੰਗ ਲੜਨ ਲਈ ਸਤਲੁਜ ਦਰਿਆ ਕਿਨਾਰੇ (ਮਾਛੀਵਾੜੇ) ਗਿਆ। ਰਾਜੇ ਨੇ ਬੜੇ ਭਾਰੀ ਜੰਗ ਕੀਤੇ ਅਤੇ ਦੁਸ਼ਮਣ ਦੀ ਸੈਨਾ ਵਿਚ ਭਾਜੜਾਂ ਪਾ ਦਿੱਤੀਆਂ ਜਦੋਂ ਰਾਜਾ ਈਸਰੀ ਸਿੰਘ ਨੂੰ ਮਲਹਾਰ ਰਾਓ (ਹੋਲਕਰ) ਦੀ ਜੈਪੁਰ 'ਤੇ ਚੜ੍ਹਾਈ ਦੀ ਖਬਰ ਮਿਲੀ ਕਿ ਉਹ ਮਾਧੋ ਸਿੰਘ ਨੂੰ ਜੈਪੁਰ ਦਾ ਰਾਜਾ ਬਣਾਉਣ ਲਈ ਆਇਆ ਹੈ ਤਾਂ ਰਾਜੇ ਨੇ ਜਿੱਤੀ ਹੋਈ ਜੰਗ ਵਿਚ ਛੱਡ ਕੇ ਉਥੋਂ (ਮਾਨੂਪੁਰ, ਮਾਛੀਵਾੜਾ-ਪੰਜਾਬ) ਕੂਚ ਕਰ ਦਿੱਤਾ। ਇਸ ਸਮੇਂ ਰਾਜੇ ਦੇ ਸਾਥੀਆਂ ਸਮੇਤ ਕਿਸੇ ਨੂੰ ਵੀ (ਜੈਪੁਰ ਜਾਣ ਲਈ ਸੁਰੱਖਿਅਤ) ਰਸਤੇ ਦਾ ਪਤਾ ਨਹੀਂ ਸੀ ਚੱਲ ਰਿਹਾ। ਇਸ ਪਿੱਛੋਂ ਰਾਜਾ ਈਸਰੀ ਸਿੰਘ ਆਲੇ ਜੱਟ (ਬਾਬਾ ਆਲਾ ਸਿੰਘ) ਨਾਲ (ਖੰਨੇ ਦੀ ਸਰਾਂ ਵਿਚ) ਮਿਲ ਕੇ ਫਿਰ ਅਮੇਰ (ਜੈਪੁਰ) ਨੂੰ ਵਾਪਸ ਆ ਗਿਆ[9] ਤੇ ਸਤਲੁਜ (ਮਾਨੂਪੁਰ ਵਿਚ) ਵੱਲ ਇੱਕ ਨਵਾਬ (ਕਮਰੁਦੀਨ ਜਾਂ ਉਸ ਦਾ ਪੁੱਤਰ ਮੀਰ ਮੰਨੂ) ਹੀ ਰਹਿ ਗਿਆ ਜਿਸ ਨੇ ਇਹ ਜੰਗ ਜਿੱਤ ਕੇ ਜਸ ਪ੍ਰਾਪਤ ਕੀਤਾ।[10]

## 1.3. ਕੁਰਮਵਿਲਾਸ ਵਿਚ ਸਿੱਖਾਂ ਸਬੰਧੀ ਵੇਰਵਿਆਂ ਦਾ ਵਿਸ਼ਲੇਸ਼ਣ

'ਕੁਰਮਵਿਲਾਸ' ਰਚਨਾ ਦਾ ਮਨੋਰਥ ਕਛਵਾਹਾ ਰਾਜਪੂਤ (ਜੈਪੁਰ) ਰਾਜਵੰਸ਼ ਦੀ ਕੀਰਤੀ ਅਤੇ ਇਤਿਹਾਸ ਵਰਨਣ ਕਰਨਾ ਸੀ। ਇਸ ਲਈ ਰਚਨਾਕਾਰ ਨੇ ਕਛਵਾਹਾ ਸ਼ਾਸਕ ਦੀ ਪ੍ਰਸ਼ੰਸਾ ਅਤੇ ਪ੍ਰਸਿੱਧੀ ਵਧਾਉਣ ਵਾਲੇ ਪ੍ਰਸੰਗ ਹੀ ਇਸ ਰਚਨਾ ਵਿਚ ਵਰਨਣ ਕੀਤੇ ਹਨ। ਆਪਣੇ ਮਨੋਰਥ ਨੂੰ ਸਾਹਮਣੇ ਰੱਖ ਕੇ ਕਵੀ ਨੇ ਜੈਪੁਰ ਰਿਆਸਤ ਦੇ ਕਛਵਾਹਾ ਸ਼ਾਸਕਾਂ ਨਾਲ ਸਬੰਧਿਤ ਅਜਿਹੀਆਂ ਘਟਨਾਵਾਂ ਜਾਂ ਜਾਣਕਾਰੀ ਨੂੰ ਆਪਣੀ ਰਚਨਾ ਵਿਚ ਪੇਸ਼ ਕਰਨ ਤੋਂ ਗੁਰੇਜ਼ ਕੀਤਾ ਹੈ ਜਿਸ ਨਾਲ ਕਛਵਾਹਾ ਰਾਜ-ਵੰਸ਼ ਦੀ ਕਮਜ਼ੋਰੀ ਪ੍ਰਗਟ ਹੁੰਦੀ ਹੋਵੇ ਜਾਂ ਜਿਸ ਨਾਲ ਉਨ੍ਹਾਂ ਦੀ ਬਦਨਾਮੀ ਹੋਵੇ। ਸਿੱਖ ਗੁਰੂ ਸਾਹਿਬਾਨ ਨਾਲ ਅੰਬੇਰ ਦੇ ਮਿਰਜਾ ਜੈ ਸਿੰਘ ਦੇ ਸਮੇਂ ਤੋਂ ਕਛਵਾਹਾ ਰਾਜ ਘਰਾਣੇ ਨਾਲ ਨੇੜਲੇ ਸਬੰਧ ਸਨ। ਪਰ ਇਸ ਗ੍ਰੰਥ ਵਿਚ ਇਨ੍ਹਾਂ ਸਨੇਹ ਸਬੰਧਾਂ ਬਾਰੇ ਕਿਤੇ ਹਵਾਲਾ ਨਹੀਂ ਮਿਲਦਾ। ਇਸੇ ਤਰ੍ਹਾਂ 18ਵੀਂ ਸਦੀ ਵਿਚ ਸਿੱਖ ਮਿਸਲ ਕਾਲ ਸਮੇਂ ਸਿੱਖਾਂ ਵੱਲੋਂ ਜੈਪੁਰ ਰਿਆਸਤ ਦੇ ਸ਼ਾਸਕਾਂ ਦੀ ਮਦਦ ਅਤੇ ਵਿਰੋਧ ਕਰਨ ਆਦਿ ਦਾ

---

9 ਇਸ ਸਮੇਂ ਬਾਬਾ ਆਲਾ ਸਿੰਘ ਨੇ ਆਪਣੇ ਕੁਝ ਆਦਮੀਆਂ ਨੂੰ ਆਪਣੇ ਇਕ ਵਿਸ਼ਵਾਸ ਯੋਗ ਵਿਅਕਤੀ ਧੌਕਲ ਦੇ ਅਧੀਨ ਸਹੀ ਰਸਤੇ ਆਪਣੇ ਇਲਾਕੇ ਵਿਚੋਂ ਸੁਰੱਖਿਅਤ ਸਮਾਣੇ ਤੱਕ ਪਹੁੰਚਾਇਆ ਸੀ। ਦੇਖੋ ਅਧਿਆਇ ਦੂਜੇ ਵਿਚ ਦਸਤੂਰ ਕੌਮਵਾਰ ਦਾ ਬਾਬਾ ਆਲਾ ਸਿੰਘ ਨਾਲ ਸਬੰਧਿਤ ਮਿਤੀ ਸੰਮਤ 1747 ਦਾ ਵੇਰਵਾ।

10 ਉਹੀ, ਪੰਨਾ 457.

ਜ਼ਿਕਰ ਵੀ ਨਹੀਂ ਕੀਤਾ ਗਿਆ। ਭਾਂਵੇ ਕਿ ਸਿੱਖਾਂ ਨਾਲ ਗੁਰੂ ਕਾਲ ਤੋਂ ਲੈ ਕੇ ਮਿਸਲਾਂ, ਸਿੱਖ ਰਿਆਸਤਾਂ ਤੇ ਲਾਹੌਰ ਦਰਬਾਰ ਨਾਲ ਜੈਪੁਰ ਦੇ ਸ਼ਾਸਕਾਂ ਨਾਲ ਸਬੰਧਾਂ ਬਾਰੇ ਇਸ ਵਿਚ ਜ਼ਿਕਰ ਨਹੀਂ ਕੀਤਾ ਗਿਆ ਤਾਂ ਵੀ ਇਸ ਵਿਚ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਲੈ ਕੇ ਬਾਬਾ ਆਲਾ ਸਿੰਘ ਪਟਿਆਲਾ ਤੱਕ ਸਿੱਖ ਇਤਿਹਾਸ ਦੇ ਕੁਝ ਅਹਿਮ ਵਾਕਿਆਤ ਬਾਰੇ ਸੰਖੇਪ ਰੂਪ ਵਿਚ ਮਹੱਤਵਪੂਰਨ ਹਵਾਲੇ ਪ੍ਰਾਪਤ ਹੁੰਦੇ ਹਨ।

'ਕੁਰਮਵਿਲਾਸ' ਵਿਚ ਬਾਦਸ਼ਾਹ ਔਰੰਗਜ਼ੇਬ ਦੁਆਰਾ ਜੈਪੁਰ ਨਰੇਸ਼ ਰਾਜਾ ਰਾਮ ਸਿੰਘ ਨੂੰ ਸ਼ਹਿਜਾਦੇ ਨਾਲ ਸੰਮਤ 1727 (1770-71 ਈ.) ਵਿਚ ਪੰਜਾਬ ਦੀਆਂ ਕਾਂਗੜਾ ਆਦਿ ਦਸ ਪਹਾੜੀ ਰਿਆਸਤਾਂ ਵਿਰੁੱਧ ਜੰਗੀ ਮੁਹਿੰਮ 'ਤੇ ਭੇਜਣ ਦਾ ਜ਼ਿਕਰ ਆਇਆ ਹੈ ਜਿਸ ਵਿਚ ਇਨ੍ਹਾਂ ਪਹਾੜੀ ਰਿਆਸਤਾਂ ਦੇ 'ਨਾਨਕ ਪੰਥ' (ਗੁਰੂ ਗੋਬਿੰਦ ਸਿੰਘ) ਦੇ ਸਹਿਯੋਗ ਨਾਲ ਮੁਗ਼ਲ ਹਕੂਮਤ ਤੋਂ ਬਾਗੀ ਹੋਣ ਦਾ ਹਵਾਲਾ ਦਿੱਤਾ ਗਿਆ ਹੈ। ਇਸ ਜੰਗੀ ਮੁਹਿੰਮ ਸਬੰਧੀ ਇਤਿਹਾਸ ਵਿਚ ਹੋਰ ਕਿੱਧਰੇ ਜ਼ਿਕਰ ਨਹੀਂ ਮਿਲਦਾ ਸਗੋਂ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਾਦਸ਼ਾਹ ਦੁਆਰਾ ਸ਼ਹਿਜ਼ਾਦੇ ਮੁਅੱਜ਼ਮ (ਬਹਾਦਰ ਸ਼ਾਹ) ਅਧੀਨ ਇਨ੍ਹਾਂ ਪਹਾੜੀ ਰਾਜਿਆਂ ਵਿਰੁੱਧ ਕਾਰਵਾਈ ਕਰਨ ਦੇ ਹਵਾਲੇ ਇਤਿਹਾਸਕ ਸਰੋਤਾਂ ਤੋਂ ਇਲਾਵਾ 'ਬਚਿੱਤਰ ਨਾਟਕ' ਦੇ ਤੇਰ੍ਹਵੇਂ ਅਧਿਆਇ ਵਿਚ ਮਿਲਦੇ ਹਨ, ਪਰ ਸੰਮਤ 1727 (1770-71 ਈ.) ਵਿਚ ਇਨ੍ਹਾਂ ਪਹਾੜੀ ਰਾਜਿਆਂ ਦੇ ਗਠਜੋੜ ਬਾਰੇ ਪਤਾ ਨਹੀਂ ਚੱਲਦਾ। ਉਂਝ ਵੀ ਸਮਾਂ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਕਾਲ ਦਾ ਸੀ ਅਤੇ ਇਸ ਸਮੇਂ ਗੁਰੂ ਤੇਗ ਬਹਾਦਰ ਜੀ ਬਿਹਾਰ, ਅਸਾਮ ਵੱਲ ਗਏ ਹੋਏ ਸਨ। ਸੰਭਵ ਹੈ ਕਿ 'ਕੁਰਮਵਿਲਾਸ' ਦੇ ਕਰਤਾ ਨੂੰ ਇਸ ਇਤਿਹਾਸਕ ਵੇਰਵੇ ਦੇ ਸਮੇਂ ਬਾਰੇ ਕੋਈ ਟਪਲਾ ਲੱਗਾ ਹੋਵੇ। ਇਸ ਇਤਿਹਾਸਕ ਘਟਨਾ ਬਾਰੇ ਸਮਕਾਲੀ ਸਰੋਤਾਂ ਦੀ ਘਾਟ ਵਿਚ ਕੁਝ ਵੀ ਕਹਿਣਾ ਜਾਂ ਕਿਆਸਰਾਈਆਂ ਕਰਨੀਆਂ ਵਾਜ਼ਬ ਨਹੀਂ ਲੱਗਦੀਆਂ, ਸ਼ਾਇਦ ਅੱਗੇ ਕਿਤੇ ਜੈਪੁਰ ਰਿਆਸਤ ਦੇ ਦਸਤਾਵੇਜ਼ਾਂ ਵਿਚੋਂ ਇਸ ਸਬੰਧੀ ਕੋਈ ਪ੍ਰਮਾਣੀਕ ਸਰੋਤ ਮਿਲ ਜਾਵੇ ਜੋ ਇਸ ਇਤਿਹਾਸਕ ਵੇਰਵੇ ਨੂੰ ਚੰਗੀ ਤਰ੍ਹਾਂ ਸਪੱਸ਼ਟ ਕਰ ਦੇਵੇ।

ਇਸ ਪਿੱਛੋਂ 'ਕੁਰਮਵਿਲਾਸ' ਵਿਚ ਹਵਾਲਾ ਮਿਲਦਾ ਹੈ ਕਿ ਸੰਮਤ 1754 (1697 ਈ.) ਵਿਚ ਬਾਦਸ਼ਾਹ ਔਰੰਗਜ਼ੇਬ ਵੱਲੋਂ ਸ਼ਹਿਜ਼ਾਦਾ ਬਹਾਦਰ ਸ਼ਾਹ ਨੂੰ ਪੰਜਾਬ ਸਰਹੱਦੀ ਇਲਾਕੇ

ਪਿਸ਼ਾਵਰ ਵਿਚ ਕਾਬਲ ਤੋਂ ਪਠਾਣਾਂ ਦੇ ਆਣ ਕਬਜ਼ਾ ਕਰਨ ਅਤੇ ਪੰਜਾਬ ਵਿਚੋਂ 'ਨਾਨਕ ਪੰਥ' (ਸਿੱਖ ਧਰਮ) ਨੂੰ ਕੱਢਣ ਭਾਵ ਖ਼ਤਮ ਕਰਨ ਲਈ ਹੁਕਮ ਆਇਆ ਜਿਸ ਵਿਚ ਜੈਪੁਰ ਨਰੇਸ਼ ਬਿਸ਼ਨ ਸਿੰਘ ਨੂੰ ਸ਼ਾਹਜ਼ਾਦੇ ਦੇ ਨਾਲ ਜਾਣ ਦਾ ਹੁਕਮ ਹੋਇਆ। ਇਸ ਸਮੇਂ ਸ਼ਾਹਜ਼ਾਦਾ ਮੁਅੱਜ਼ਮ ਨਾਲ ਰਾਜਾ ਬਿਸ਼ਨ ਸਿੰਘ ਸ਼ਾਮਿਲ ਹੋਇਆ ਅਤੇ ਉਨ੍ਹਾਂ ਨੇ ਰਲ ਕੇ ਪੰਜਾਬ ਵਿਚੋਂ ਸਿੱਖ ਮਤ (ਧਰਮ) ਨੂੰ ਖ਼ਤਮ ਕਰ ਦਿੱਤਾ ਅਤੇ ਨਾਨਕ ਪੰਥ ਪੰਜਾਬ ਵਿਚੋਂ ਕੱਢ ਦਿੱਤਾ।

ਉਪਰੋਕਤ ਇਤਿਹਾਸਕ ਘਟਨਾ ਦਾ ਜ਼ਿਕਰ 'ਬਚਿੱਤਰ ਨਾਟਕ' ਦੇ ਤੇਰ੍ਹਵੇਂ ਅਧਿਆਇ ਵਿਚਲੇ ਵਰਨਣ ਨਾਲ ਮੇਲ ਖਾਂਦਾ ਹੈ। ਪਰ ਗ੍ਰੰਥ ਰਚੈਤਾ ਨੇ ਜੈਪੁਰ ਨਰੇਸ਼ ਦੀ ਕੀਰਤੀ ਕਰਦਿਆਂ ਇੱਥੇ ਇਤਿਹਾਸਕ ਸਚਾਈ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿਚ ਸਿੱਖ 1705 ਈ. ਤੱਕ ਅਨੰਦਪੁਰ ਸਮੇਤ ਪੂਰੇ ਪੰਜਾਬ ਵਿਚ ਨਿਵਾਸ ਕਰਦੇ ਰਹੇ ਅਤੇ ਇਸ ਸਮੇਂ ਸਿੱਖ ਪੰਥ ਪੰਜਾਬ ਵਿਚੋਂ ਖ਼ਤਮ ਨਹੀਂ ਹੋਇਆ ਸੀ। ਇਸ ਲਈ ਕਵੀ ਨੇ ਆਪਣੇ ਮਨੋਰਥ ਨੂੰ ਸਿੱਧ ਕਰਦਿਆਂ ਅਤਿ-ਕਥਨੀ ਦਾ ਪ੍ਰਯੋਗ ਕਰਦਿਆਂ ਇਤਿਹਾਸਕ ਸਚਾਈ ਨੂੰ ਲੁਕਾਉਣ ਦਾ ਯਤਨ ਕੀਤਾ ਹੈ। ਗ੍ਰੰਥ ਦੇ ਇਸ ਘਟਨਾਕ੍ਰਮ ਵਿਚ ਤਰੁੱਟੀਆਂ, ਅਤਿਕਥਨੀਆਂ ਅਤੇ ਭ੍ਰਾਂਤੀਆਂ ਹੋਣ ਦੇ ਬਾਵਜੂਦ ਇਸ ਇਤਿਹਾਸਕ ਵਰਤਾਰੇ ਦਾ ਕਾਲ-ਕ੍ਰਮ ਨਿਸ਼ਚਿਤ ਕਰਨ ਅਤੇ ਵੇਰਵਾ ਪ੍ਰਾਪਤ ਹੋਣ ਦੀ ਅਹਿਮੀਅਤ ਨੂੰ ਨਕਾਰਿਆ ਨਹੀਂ ਜਾ ਸਕਦਾ।

'ਕੁਰਮਵਿਲਾਸ' ਵਿਚਲੇ ਇਨ੍ਹਾਂ ਉਪਰੋਕਤ ਦੋਹਾਂ ਇਤਿਹਾਸਕ ਹਵਾਲਿਆਂ ਤੋਂ ਇਕ ਹੋਰ ਪੱਖ ਸਾਹਮਣੇ ਆਉਂਦਾ ਹੈ ਕਿ ਗੁਰੂ ਕਾਲ ਸਮੇਂ ਬਾਦਸ਼ਾਹ ਔਰੰਗਜ਼ੇਬ ਵੱਲੋਂ ਉਨ੍ਹਾਂ ਖ਼ਿਲਾਫ ਭੇਜੀਆਂ ਸ਼ਾਹੀ ਜੰਗੀ ਮੁਹਿੰਮਾਂ ਵਿਚ ਹੋਰਨਾਂ ਤੋਂ ਇਲਾਵਾ ਜੈਪੁਰ ਰਾਜਵੰਸ਼ ਦੇ ਸ਼ਾਸਕ ਵੀ ਸ਼ਾਮਿਲ ਹੁੰਦੇ ਰਹੇ ਹਨ। ਹੁਣ ਤੱਕ ਸਿੱਖ ਪ੍ਰੰਪਰਾ ਵਿਚ ਇਸ ਰਾਜਵੰਸ਼ ਨੂੰ ਸਿੱਖ ਗੁਰੂਆਂ ਦਾ ਸ਼ਰਧਾਲੂ ਸਮਝਿਆ ਜਾਂਦਾ ਰਿਹਾ ਹੈ। ਇਨ੍ਹਾਂ ਸ਼ਾਹੀ ਜੰਗੀ ਮੁਹਿੰਮਾਂ ਵਿਚ ਸਿੱਖ ਗੁਰੂ ਸਾਹਿਬਾਨ ਖ਼ਿਲਾਫ ਹਿੱਸਾ ਲੈਣ ਦੀ ਨੀਤੀ ਜੈਪੁਰ ਦੇ ਕਛਵਾਹਾ ਰਾਜ ਵੰਸ਼ ਦੀ ਰਾਜਨੀਤਿਕ ਮਜ਼ਬੂਰੀ ਅਤੇ ਨਿੱਜੀ ਮੁਫ਼ਾਦ 'ਤੇ ਆਧਾਰਿਤ ਨਜ਼ਰ ਆਉਂਦੀ ਹੈ ਜੋ ਮੁਗ਼ਲ ਬਾਦਸ਼ਾਹ ਦੀ ਨਰਾਜ਼ਗੀ ਤੋਂ ਬਚਣ ਲਈ ਅਪਣਾਈ ਗਈ ਸੀ।

'ਕੁਰਮਵਿਲਾਸ' ਵਿਚ ਗੁਰੂਕਾਲ ਪਿੱਛੋਂ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਨਾਲ ਸਬੰਧਿਤ ਹਵਾਲਿਆਂ ਵਿਚੋਂ ਕੁਝ ਤੱਥ ਸਾਹਮਣੇ ਆਉਂਦੇ ਹਨ ਕਿ ਬਾਦਸ਼ਾਹ ਬਹਾਦਰ ਸ਼ਾਹ ਨੂੰ ਬੰਦਾ ਸਿੰਘ ਬਹਾਦਰ ਦੀ ਬਗ਼ਾਵਤ ਸਬੰਧੀ ਜਾਣਕਾਰੀ ਦੱਖਣ ਤੋਂ ਵਾਪਸ ਆਉਂਦਿਆਂ ਅਜਮੇਰ ਕੋਲ ਮਿਲੀ ਸੀ ਅਤੇ ਉਸ ਨੇ ਦਿੱਲੀ ਜਾਂ ਆਗਰਾ ਜਾਣ ਦੀ ਬਜਾਇ ਉਥੋਂ ਸਿੱਧਾ ਹੀ ਪੰਜਾਬ ਵੱਲ ਕੂਚ ਕਰ ਦਿੱਤਾ ਸੀ। ਬਾਦਸ਼ਾਹ ਬਹਾਦਰ ਸ਼ਾਹ ਦੁਆਰਾ ਜੈਪੁਰ ਦੇ ਰਾਜਾ ਸਵਾਈ ਜੈ ਸਿੰਘ ਅਤੇ ਜੋਧਪੁਰ ਦੇ ਰਾਜਾ ਅਜੀਤ ਸਿੰਘ ਨੂੰ ਬੰਦਾ ਸਿੰਘ ਬਹਾਦਰ ਵਿਰੁੱਧ ਸ਼ਾਹੀ ਮੁਹਿੰਮ ਵਿਚ ਸ਼ਾਮਿਲ ਹੋਣ ਲਈ ਹੁਕਮ ਭੇਜੇ ਸਨ। ਇਸ ਲਈ ਕੁਝ ਸਮੇਂ ਪਿੱਛੋਂ ਦੋਵੇਂ ਰਾਜਪੂਤ ਰਾਜੇ ਇਸ ਮੁਹਿੰਮ ਵਿਚ ਹਿੱਸਾ ਲੈਣ ਲਈ ਸਢੌਰੇ ਆਏ ਅਤੇ ਕੁਝ ਦੇਰ ਇਥੇ ਰਹੇ। ਸਢੌਰੇ ਤੋਂ ਉਨ੍ਹਾਂ ਨੇ ਆਪਣੇ ਆਉਣ ਦੀਆਂ ਅਰਜ਼ੀਆਂ ਬਾਦਸ਼ਾਹ ਨੂੰ ਭੇਜੀਆਂ ਜੋ ਉਸ ਸਮੇਂ ਲਾਹੌਰ ਵਿਚ ਸੀ। ਦੋਵਾਂ ਰਾਜਪੂਤ ਰਾਜਿਆਂ ਦੀ ਇਹ ਕਾਰਵਾਈ ਬਾਦਸ਼ਾਹ ਦੀ ਨਰਾਜ਼ਗੀ ਤੋਂ ਬਚਣ ਅਤੇ ਆਪਣੇ ਲਈ ਰਾਜਨੀਤਿਕ ਤੇ ਪ੍ਰਸ਼ਾਸਨਿਕ ਰੁਤਬੇ ਪ੍ਰਾਪਤ ਕਰਨ ਦੇ ਅਮਲ ਵਜੋਂ ਕੀਤੀ ਗਈ ਸੀ ਜਿਸ ਤੋਂ ਖੁਸ਼ ਹੋ ਕੇ ਬਾਦਸ਼ਾਹ ਨੇ ਦੋਵਾਂ ਰਾਜਿਆਂ ਨੂੰ ਉਜੈਨ ਅਤੇ ਅਹਿਮਦਾਬਾਦ ਦੀ ਸੂਬੇਦਾਰੀ ਬਖਸ਼ੀ ਸੀ।

ਇਸ ਹਵਾਲੇ ਤੋਂ ਸਪੱਸ਼ਟ ਹੁੰਦਾ ਹੈ ਕਿ ਬੰਦਾ ਸਿੰਘ ਬਹਾਦਰ ਸਮੇਂ ਮੁਗ਼ਲ-ਸਿੱਖ ਸੰਘਰਸ਼ ਵਿਚ ਜੈਪੁਰ ਦੇ ਰਾਜਾ ਸਵਾਈ ਜੈ ਸਿੰਘ ਅਤੇ ਜੋਧਪੁਰ ਦੇ ਰਾਜਾ ਅਜੀਤ ਸਿੰਘ ਨੇ ਮੁਗ਼ਲ ਹਕੂਮਤ ਦਾ ਸਾਥ ਦਿੱਤਾ ਸੀ ਜਿਸ ਦੀ ਪੁਸ਼ਟੀ ਰਾਜਸਥਾਨੀ ਅਤੇ ਫ਼ਾਰਸੀ ਦੇ ਹੋਰਨਾਂ ਸਮਕਾਲੀ ਸਰੋਤਾਂ ਤੋਂ ਵੀ ਹੁੰਦੀ ਹੈ। 'ਕੁਰਮਵਿਲਾਸ' ਵਿਚ 18ਵੀਂ ਸਦੀ ਦੇ ਅੱਧ ਵਿਚ ਮਿਸਲ ਕਾਲ ਸਮੇਂ ਜੈਪੁਰ ਦੇ ਸ਼ਾਸਕ ਸਵਾਈ ਈਸਰੀ ਸਿੰਘ ਦੇ ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਨਾਲ ਮਿਲਾਪ ਹੋਣ ਦੇ ਹਵਾਲੇ ਤੋਂ ਸਿੱਖਾਂ ਦੇ 18ਵੀਂ ਸਦੀ ਵਿਚ ਜੈਪੁਰ ਰਿਆਸਤ ਨਾਲ ਸਬੰਧਾਂ ਬਾਬਤ ਪਤਾ ਲੱਗਦਾ ਹੈ। ਇਸ ਨਾਲ ਸਿੱਖ ਸਰਦਾਰਾਂ ਦੇ ਕਿਰਦਾਰ ਦੇ ਇੱਕ ਹੋਰ ਪੱਖ ਬਾਰੇ ਵੀ ਇਸ਼ਾਰਾ ਮਿਲਦਾ ਹੈ ਕਿ ਉਹ ਮੁਸੀਬਤ ਵਿਚ ਘਿਰੇ ਹੋਏ ਕਿਸੇ ਮਜਬੂਰ ਵਿਅਕਤੀ ਦੀ ਮਦਦ ਕਰਦੇ ਸਨ। ਸੋ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਭਾਵੇਂ 'ਕੁਰਮਵਿਲਾਸ' ਜੈਪੁਰ ਦੇ ਕਛਵਾਹਾ ਸ਼ਾਸਕਾਂ ਦੇ ਇਤਿਹਾਸ ਅਤੇ ਕੀਰਤੀ ਕਰਨ ਲਈ ਰਚਿਆ ਗਿਆ ਸੀ ਪਰ ਇਹ ਗ੍ਰੰਥ ਸਿੱਖ ਧਰਮ ਨਾਲ ਸਬੰਧਿਤ 17ਵੀਂ ਅਤੇ 18ਵੀਂ ਸਦੀ ਦੇ

ਕੁਝ ਮਹੱਤਵਪੂਰਨ ਇਤਿਹਾਸਕ ਹਵਾਲੇ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀ ਰੌਸ਼ਨੀ ਵਿਚ ਸਿੱਖ ਇਤਿਹਾਸ ਦੀ ਇਸ ਸਮੇਂ ਦੀਆਂ ਘਟਨਾਵਾਂ ਨੂੰ ਸਪੱਸ਼ਟ ਕਰਨ ਲਈ ਲਿਖ਼ਤੀ ਪ੍ਰਮਾਣ ਪ੍ਰਾਪਤ ਹੁੰਦੇ ਹਨ।

## 2. ਭੂਗੋਲ, ਇਤਿਹਾਸ ਵਿਸ਼ਯ ਸਬੰਧੀ ਏਵੰ ਅਨਯ ਵਿਵਿਧ ਵਿਸ਼ਿਉਂ ਕਾ ਫੁਟਕਰ ਗ੍ਰੰਥ

ਇਹ ਗ੍ਰੰਥ ਰਾਜਸਥਾਨੀ ਸ਼ੋਧ ਸੰਸਥਾਨ ਚੌਪਾਸਨੀ, (ਜੋਧਪੁਰ) ਵਿਚ ਖਰੜਾ ਨੰਬਰ 10613 ਅਧੀਨ ਮੌਜੂਦ ਅਪ੍ਰਕਾਸ਼ਤ ਹੱਥ-ਲਿਖਤ ਹੈ। ਇਸ ਗ੍ਰੰਥ ਉੱਪਰ ਗੱਤੇ ਦੀ ਜ਼ਿਲਦ ਚੜ੍ਹੀ ਹੋਈ ਹੈ ਜਿਸ ਤੇ ਲਾਲ ਰੰਗ ਦਾ ਕੱਪੜਾ ਚੜ੍ਹਿਆ ਹੋਇਆ ਹੈ। ਗ੍ਰੰਥ ਦੇ ਸ਼ੁਰੂ ਅਤੇ ਅੰਤ ਵਿਚ ਪੱਤਰੇ ਖਾਲੀ ਛੱਡੇ ਹੋਏ ਹਨ। ਇਸ ਦਾ ਆਕਾਰ 30×25 ਸੈ. ਮੀ. ਹੈ। ਇਸ ਵਿਚ ਪੰਨਿਆਂ ਦੀ ਥਾਂ ਪੱਤਰਾ ਨੰਬਰ ਦਿੱਤੇ ਗਏ ਹਨ। ਗ੍ਰੰਥ ਵਿਚ ਥਾਈਂ-ਥਾਈਂ ਪੱਤਰੇ ਖਾਲੀ ਛੱਡੇ ਗਏ ਹਨ ਅਤੇ ਕੁਝ ਪੱਤਰਿਆਂ ਤੇ ਇੰਝ ਲੱਗਦਾ ਹੈ ਜਿਵੇਂ ਬਾਅਦ ਵਿਚ ਲਿਖਿਆ ਗਿਆ ਹੋਵੇ ਅਤੇ ਕੁਝ ਲਿਖਤਾਂ ਬਾਅਦ ਵਿਚ ਦਰਜ ਕੀਤੀਆਂ ਭਾਸਦੀਆਂ ਹਨ। ਗ੍ਰੰਥ ਵਿਚਲੀ ਲਿਖਾਈ ਅਤੇ ਸਿਆਹੀ ਤੋਂ ਪਤਾ ਲੱਗਦਾ ਹੈ ਕਿ ਗ੍ਰੰਥ ਇਕ ਤੋਂ ਵੱਧ ਵਿਅਕਤੀਆਂ ਵੱਲੋਂ ਲਿਖਿਆ ਗਿਆ ਹੈ। ਗ੍ਰੰਥ ਵਿਚ ਸ਼ਾਮਿਲ ਇਤਿਹਾਸਕ ਵੇਰਵਿਆਂ ਅਤੇ ਘਟਨਾਵਾਂ ਤੋਂ ਇਸ ਗ੍ਰੰਥ ਦਾ ਰਚਨਾਕਾਲ 1850 ਈ. ਦੇ ਲਗਭਗ ਦਾ ਪ੍ਰਤੀਤ ਹੁੰਦਾ ਹੈ। ਗ੍ਰੰਥ ਦਾ ਲੇਖਕ ਜੋਧਪੁਰ ਰਿਆਸਤ ਦਾ ਕੋਈ ਮੁਨਸ਼ੀ, ਕਾਲਮ ਨਵੀਸ ਜਾਂ ਨਕਲ ਨਵੀਸ ਆਦਿ ਸਰਕਾਰੀ ਮੁਲਾਜ਼ਮ ਲੱਗਦਾ ਹੈ। ਇਸ ਲਈ ਇਸ ਗ੍ਰੰਥ ਦਾ ਰਚਨਾ ਸਥਾਨ ਜੋਧਪੁਰ ਹੀ ਪ੍ਰਤੀਤ ਹੁੰਦਾ ਹੈ। ਇਸ ਵਿਚਲੀਆਂ ਰਚਨਾਵਾਂ ਅੱਧੇ ਪੰਨੇ ਤੋਂ ਲੈ ਕੇ ਅੱਠ ਦਸ ਪੰਨਿਆਂ ਤੱਕ ਛੋਟੀਆਂ-ਵੱਡੀਆਂ ਸੰਮਿਲਤ ਹਨ, ਜਿਨ੍ਹਾਂ ਦੀ ਗਿਣਤੀ 100 ਦੇ ਕਰੀਬ ਹੈ। ਇਨ੍ਹਾਂ ਰਚਨਾਵਾਂ ਦੀ ਗਿਣਤੀ ਰਾਜਸਥਾਨੀ ਸ਼ੋਧ ਸੰਸਥਾਨ ਵੱਲੋਂ ਸੂਚੀ-ਬੱਧ ਕਰਨ ਸਮੇਂ ਕਰਵਾਈ ਗਈ ਜੋ ਇਸ ਗ੍ਰੰਥ ਵਿਚ ਸ਼ਾਮਿਲ ਹਰ ਰਚਨਾ ਜਾਂ ਲਿਖਤ ਦੇ ਆਰੰਭ ਵਿਚ ਕੱਚੀ ਪੈਨਸਿਲ ਨਾਲ ਅੰਕਾਂ ਵਿਚ ਲਿਖੀ ਗਈ ਹੈ। ਇਸ ਗ੍ਰੰਥ ਦੀ ਭਾਸ਼ਾ ਫ਼ਾਰਸੀ ਅਤੇ ਅੰਗਰੇਜ਼ੀ ਦੀ ਮਿਸ਼ਰਤ ਸ਼ਬਦਾਵਲੀ ਵਾਲੀ ਰਾਜਸਥਾਨੀ ਹੈ ਜੋ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਖੇਤਰ ਨਾਲ ਸਬੰਧਿਤ ਤਕਨੀਕੀ ਸ਼ਬਦਾਵਲੀ ਦਾ ਪ੍ਰਭਾਵ ਦਿੰਦੀ ਹੈ। ਇਸ ਤੋਂ ਇਲਾਵਾ ਗ੍ਰੰਥ ਵਿਚਲੀਆਂ ਲਿਖਤਾਂ ਦੀ ਸ਼ੈਲੀ ਵਰਨਾਤਮਿਕ ਅਤੇ ਵਾਰਤਾਲਾਪੀ ਕਿਸਮ ਦੀ ਹੈ। ਗ੍ਰੰਥ ਵਿਚ ਰਚਨਾਕਾਲ, ਲੇਖਕ, ਲਿਖਣ ਦਾ ਸਮਾਂ-ਸਥਾਨ ਅਤੇ ਗ੍ਰੰਥ ਦੇ ਨਾਮ

ਆਦਿ ਬਾਰੇ ਕਿੱਧਰੇ ਕੋਈ ਜਾਣਕਾਰੀ ਦਰਜ ਨਹੀਂ ਕੀਤੀ ਗਈ। ਸ਼ੋਧ ਸੰਸਥਾਨ ਵੱਲੋਂ ਗ੍ਰੰਥ ਵਿਚਲੀਆਂ ਲਿਖਤਾਂ ਦੇ ਆਧਾਰ 'ਤੇ ਇਸ ਗ੍ਰੰਥ ਦਾ ਨਾਮਕਰਨ 'ਭੂਗੋਲ, ਇਤਿਹਾਸ ਵਿਸ਼ਯ ਸਬੰਧੀ ਏਵੰ ਅਨਯ ਵਿਵਿਧ ਵਿਸ਼ਿਉਂ ਕਾ ਫੁਟਕਰ ਗ੍ਰੰਥ' ਕੀਤਾ ਗਿਆ ਹੈ।

ਇਹ 100 ਤੋਂ ਵੱਧ ਭੂਗੋਲਿਕ ਅਤੇ ਇਤਿਹਾਸਕ ਕਿਸਮਾਂ ਦੀਆਂ ਫੁਟਕਲ ਰਚਨਾਵਾਂ ਦਾ ਮਿਸ਼ਰਤ ਸੰਗ੍ਰਹਿ ਹੈ। ਇਸ ਵਿਚ ਸ਼ਾਮਿਲ ਰਚਨਾਵਾਂ ਭਾਰਤ, ਭਾਰਤ ਤੋਂ ਇਲਾਵਾ ਵਿਦੇਸ਼ੀ ਰਾਜਾਂ ਸਬੰਧੀ ਇਤਿਹਾਸਕ ਅਤੇ ਭੂਗੋਲਿਕ ਵਰਨਣ ਖਾਸ ਕਰਕੇ ਰਾਜਨੀਤਿਕ ਅਤੇ ਸੈਨਿਕ ਗਤੀਵਿਧੀਆਂ ਬਾਬਤ ਸੰਖਿਪਤ ਬ੍ਰਿਤਾਂਤ ਮਿਲਦੇ ਹਨ। ਇਸ ਗ੍ਰੰਥ ਵਿਚ ਅੰਗਰੇਜ਼ ਸਰਕਾਰ ਦੇ ਹਿੰਦੋਸਤਾਨ ਦੀਆਂ ਦੇਸੀ ਰਿਆਸਤਾਂ ਅਤੇ ਰਾਜਾਂ ਨਾਲ ਸਬੰਧਾਂ, ਸਮਝੌਤਿਆਂ, ਅਤੇ ਮੁਲਾਕਾਤਾਂ ਆਦਿ ਬਾਰੇ ਕਈ ਲਿਖਤਾਂ ਸ਼ਾਮਿਲ ਹਨ ਜਿਸ ਤੋਂ ਇਸ ਗ੍ਰੰਥ ਦੇ ਲੇਖਕਾਂ ਦਾ ਅੰਗਰੇਜ਼ਾਂ ਦਾ ਸ਼ਰਧਾਲੂ ਹੋਣ ਦਾ ਪਤਾ ਚੱਲਦਾ ਹੈ। ਇਸ ਗ੍ਰੰਥ ਵਿਚ ਸ਼ਾਮਿਲ ਰਚਨਾਵਾਂ ਵਿਚਲੀ ਜਾਣਕਾਰੀ ਅਖਬਾਰਾਂ, ਇਸ਼ਤਿਹਾਰਾਂ, ਖਬਰਾਂ, ਸਰਕਾਰੀ ਰੋਜ਼ਨਾਮਚਿਆਂ, ਦੰਤ ਕਥਾਵਾਂ ਅਤੇ ਮਿਥਹਾਸਕ ਹਵਾਲਿਆਂ 'ਤੇ ਆਧਾਰਿਤ ਹੈ।

ਇਸ ਗ੍ਰੰਥ ਵਿਚ ਲਾਹੌਰ ਦਰਬਾਰ ਨਾਲ ਸਬੰਧਿਤ ਦੋ ਲਿਖਤਾਂ ਸ਼ਾਮਿਲ ਹਨ ਜਿਨ੍ਹਾਂ ਵਿਚੋਂ ਪਹਿਲੀ ਲਿਖਤ ਵਿਚ ਪਹਿਲੇ ਐਂਗਲੋ-ਸਿੱਖ ਜੁੱਧ ਪਿੱਛੋਂ 16 ਦਸੰਬਰ 1846 ਈ. ਨੂੰ ਲਾਹੌਰ ਦਰਬਾਰ ਅਤੇ ਅੰਗਰੇਜ਼ ਗਵਰਨਰ ਜਨਰਲ ਦਰਮਿਆਨ ਹੋਏ ਲਿਖਤੀ ਇਕਰਾਰਨਾਮੇ ਦੀਆਂ ਸ਼ਰਤਾਂ ਅਤੇ ਮੌਕੇ 'ਤੇ ਦੋਹਾਂ ਧਿਰਾਂ ਦੇ ਅਹਿਮ ਅਧਿਕਾਰੀਆਂ, ਸਰਦਾਰਾਂ ਅਤੇ ਅਹਿਲਕਾਰਾਂ ਦੇ ਨਾਮ ਦਿੱਤੇ ਗਏ ਹਨ। ਇਹ ਲਿਖਤ ਕੇਵਲ ਡੇਢ ਪੰਨੇ ਦੀ ਹੈ ਜੋ ਇਸ ਗ੍ਰੰਥ ਵਿਚਲੀਆਂ ਲਿਖਤਾਂ ਦੇ ਆਰੰਭ ਵਿਚ ਲਗਾਏ ਗਏ ਅੰਕਾਂ (ਨੰਬਰਾਂ) ਅਨੁਸਾਰ 82 ਨੰਬਰ 'ਤੇ ਗ੍ਰੰਥ ਦੇ ਪੱਤਰਾ ਨੰਬਰ 289-ਏ ਅਤੇ 290 'ਤੇ ਦਰਜ ਹੈ।[11]

ਗ੍ਰੰਥ ਵਿਚਲੀ ਲਿਖਤ 'ਕੌਲਨਾਮਾ ਲਾਹੌਰ ਕੋ' ਤੋਂ ਬਾਅਦ ਵਿਚ ਲਿਖਤ ਨੰਬਰ 92 ਅਧੀਨ ਪੱਤਰਾ ਨੰਬਰ 313.ਏ. ਤੋਂ 314.ਏ. ਤੱਕ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਗਵਰਨਰ ਜਨਰਲ ਦਰਮਿਆਨ ਨਵੰਬਰ-ਦਸੰਬਰ 1838 ਈ. ਨੂੰ ਫਿਰੋਜ਼ਪੁਰ ਵਿਚ ਹੋਈ

---

[11] **ਖਰੜਾ ਨੰਬਰ 10613,** ਰਾਜਸਥਾਨ ਸ਼ੋਧ ਸੰਸਥਾਨ, ਫੋਲੀਉ ਨੰਬਰ 289-ਏ.-290.

ਮੁਲਾਕਾਤ ਦਾ ਹਾਲ ਵਰਨਣ ਕੀਤਾ ਗਿਆ ਹੈ।[12] ਗ੍ਰੰਥ ਵਿਚ ਇਸ ਮੁਲਾਕਾਤ ਨਾਲ ਸਬੰਧਿਤ ਵੇਰਵੇ ਨੂੰ 'ਖਿਆਤਿ ਲਾਹੌਰ ਕਾ ਜਾਟ ਰਣਜੀਤ ਸਿੰਘ ਕੈ ਅਰ ਅੰਗਰੇਜ਼ ਲਾਟ ਸਾਹਿਬ ਕੈ ਮੀਲਾਪ ਹੂਵੋ ਤੀ ਕੀ' ਦੇ ਸਿਰਲੇਖ ਹੇਠ ਦਰਜ ਕੀਤਾ ਗਿਆ ਹੈ।

ਗ੍ਰੰਥ ਵਿਚ ਸ਼ਾਮਿਲ ਦੋਵੇਂ ਅੱਗੇ-ਪਿੱਛੇ ਦਰਜ ਕੀਤੀਆਂ ਗਈਆਂ ਹਨ ਜੋ ਕਾਲਕ੍ਰਮ ਅਨੁਸਾਰ ਠੀਕ ਨਹੀਂ ਕਿਉਂਕਿ ਲਾਹੌਰ ਦਰਬਾਰ ਦਾ ਅੰਗਰੇਜ਼ਾਂ ਨਾਲ ਇਕਰਾਰਨਾਮਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਕਰੀਬ 6½ ਸਾਲ ਪਿੱਛੋਂ ਦਾ ਹੈ ਜਦਕਿ ਮਹਾਰਾਜਾ ਦੀ ਅੰਗਰੇਜ਼ ਗਵਰਨਰ ਨਾਲ ਮੁਲਾਕਾਤ ਮਹਾਰਾਜਾ ਰਣਜੀਤ ਸਿੰਘ ਦੀ ਜ਼ਿੰਦਗੀ ਦੇ ਅੰਤਿਮ ਵਰ੍ਹੇ ਦੀ ਹੈ। ਇਸ ਲਈ ਇਨ੍ਹਾਂ ਦੋਹਾਂ ਲਿਖਤਾਂ ਦਾ ਇਸ ਅਧਿਆਇ ਵਿਚ ਹੇਠ ਲਿਖੇ ਅਨੁਸਾਰ ਕਾਲਕ੍ਰਮ ਦੀ ਤਰਤੀਬ ਮੁਤਾਬਿਕ ਅਧਿਐਨ ਕੀਤਾ ਜਾ ਰਿਹਾ ਹੈ।

1. ਖਿਆਤ ਲਾਹੌਰ ਕਾ ਜਾਟ ਰਣਜੀਤ ਸਿੰਘ ਕੈ ਅਰ ਅੰਗਰੇਜ਼ ਲਾਟ ਸਾਹਿਬ ਕੈ ਮੀਲਾਪ ਹੂਵੋ ਤੀ ਕੀ।
2. ਕੌਲਨਾਮੋ ਲਾਹੌਰ ਕੋ।

ਇਸ ਗ੍ਰੰਥ ਵਿਚ ਲਾਹੌਰ ਦਰਬਾਰ ਮਹਾਰਾਜਾ ਰਣਜੀਤ ਸਿੰਘ ਅਤੇ ਗਵਰਨਰ ਜਨਰਲ ਦਰਮਿਆਨ ਹੋਈ ਮੁਲਾਕਾਤ ਨਾਲ ਸਬੰਧਿਤ ਲਿਖਤ ਵਿਚਲਾ ਸਮੁੱਚਾ ਵਿਵਰਣ ਅਤੇ ਜਾਣਕਾਰੀ ਅੰਗਰੇਜ਼ ਸਰਕਾਰ ਦੇ ਭਾਰਤ ਦੇ ਗਵਰਨਰ ਜਨਰਲ ਵੱਲੋਂ ਆਪਣੇ ਖੈਰ-ਖਵਾਹ ਅਤੇ ਅੰਗਰੇਜ਼ੀ ਹਕੂਮਤ ਦੀ ਭਲਾਈ ਚਾਹੁਣ ਵਾਲਿਆਂ (ਭਾਰਤੀ ਸ਼ਾਸਕਾਂ) ਲਈ ਜਾਰੀ ਕੀਤੇ ਗਏ ਇਸ਼ਤਿਹਾਰ 'ਤੇ ਆਧਾਰਿਤ ਹੈ। ਜਿਸ ਸਬੰਧੀ ਇਸ ਲਿਖਤ ਦੇ ਅਖੀਰ ਵਿਚ ਜਾਣਕਾਰੀ ਦਿੱਤੀ ਗਈ ਹੈ। ਸੰਭਵ ਹੈ ਕਿ ਇਹ ਇਸ਼ਤਿਹਾਰ ਅੰਗਰੇਜ਼ ਗਵਰਨਰ ਜਨਰਲ ਵੱਲੋਂ ਜੋਧਪੁਰ ਰਿਆਸਤ ਨੂੰ ਭੇਜਿਆ ਗਿਆ ਹੋਵੇਗਾ ਜਿਸ ਦਾ ਉਤਾਰਾ ਇਸ ਗ੍ਰੰਥ ਵਿਚ ਉਪਰੋਕਤ ਸਿਰਲੇਖ ਹੇਠ ਦਰਜ ਕੀਤਾ ਗਿਆ।

ਇਸੇ ਤਰ੍ਹਾਂ ਲਾਹੌਰ ਦਰਬਾਰ ਨਾਲ ਸਬੰਧਿਤ ਦੂਸਰੀ ਲਿਖਤ 'ਕੌਲਨਾਮਾ ਲਾਹੌਰ ਕੋ' ਵੀ ਅਜਿਹੇ ਹੀ ਕਿਸੇ ਅੰਗਰੇਜ਼ੀ ਸਰਕਾਰ ਦੇ ਇਸ਼ਤਿਹਾਰ ਜਾਂ ਸਰਕੂਲਰ ਆਦਿ 'ਤੇ

---

[12] ਉਹੀ, ਫੋਲੀਓ ਨੰਬਰ 313.ਏ.-315.ਏ.

ਆਧਾਰਿਤ ਲੱਗਦਾ ਹੈ। ਅੰਗਰੇਜ਼ੀ ਸਰਕਾਰ ਦੁਆਰਾ ਆਪਣੇ ਅਧੀਨ ਹਿੰਦੋਸਤਾਨ ਦੇ ਦੇਸੀ ਸ਼ਾਸਕਾਂ ਨੂੰ ਅਜਿਹੇ ਇਸ਼ਤਿਹਾਰਾਂ ਰਾਹੀਂ ਅੰਗਰੇਜ਼ ਸਰਕਾਰ ਦੀਆਂ ਪ੍ਰਾਪਤੀਆਂ ਦੱਸ ਕੇ ਦੇਸੀ ਸ਼ਾਸਕਾਂ ਉੱਪਰ ਆਪਣੇ ਪ੍ਰਭਾਵ ਵਧਾਉਣ ਦੀ ਨੀਤੀ ਅਧੀਨ ਕੀਤਾ ਗਿਆ ਲੱਗਦਾ ਹੈ।

## 2.1. ਖਿਆਤਿ ਲਾਹੌਰ ਕਾ ਜਾਟ ਰਣਜੀਤ ਸਿੰਘ ਕੈ ਅਰ ਅੰਗਰੇਜ਼ ਲਾਟ ਸਾਹਿਬ ਕੈ ਮੀਲਾਪ ਹੂਵੇ ਤੀਕੀ

ਪੰਜਾਬੀ ਅਨੁਵਾਦ: ਖਿਆਤ ਲਾਹੌਰ ਦੇ ਜਾਟ ਰਣਜੀਤ ਸਿੰਘ ਦੇ ਅਤੇ ਅੰਗਰੇਜ਼[13] ਲਾਟ (ਗਰਨਵਰ ਜਨਰਲ) ਸਾਹਿਬ ਦੇ ਮਿਲਾਪ ਹੋਣ ਸਮੇਂ ਦੀ। 27 ਨਵੰਬਰ 1838 ਈ. ਨੂੰ ਲਾਹੌਰ (ਫਿਰੋਜ਼ਪੁਰ) ਲਾਟ ਸਾਹਿਬ ਦੀ ਮੁਲਾਕਾਤ ਹੋਈ ਨਵੰਬਰ ਦੀ 27 ਤਾਰੀਖ ਦੇ ਦਿਨ ਪ੍ਰਭਾਤ (ਸਵੇਰੇ-ਸਵੇਰੇ) ਫਿਰੋਜ਼ਪੁਰ ਦੇ ਕਿਲ੍ਹੇ ਤੋਂ ਇਕ ਕੋਹ ਪਿੱਛੇ ਜਿੱਥੇ ਡੇਰਾ ਖੜ੍ਹਾ ਹੋਇਆ ਸੀ, ਲਾਟ ਸਾਹਿਬ[14] ਦਾਖਲ ਹੋਇਆ ਉਸੇ ਦਿਨ ਕੰਵਰ ਖੜਕ ਸਿੰਘ ਲਾਹੌਰ ਦੀ ਰਾਜਗੱਦੀ ਲਈ ਉੱਤਰਾਧਿਕਾਰੀ, ਬਹੁਤ ਵਧੀਆ ਜਲੂਸ ਦੇ ਨਾਲ ਸਵਾਰ ਹੋ ਕੇ ਲਾਟ ਸਾਹਿਬ ਦੇ ਲਸ਼ਕਰ ਵੱਲ ਮੁਲਾਕਾਤ ਲਈ ਆਇਆ।[15] ਲਾਟ ਸਾਹਿਬ ਦੇ ਵੱਲੋਂ ਕਿੰਨ੍ਹੇ ਹੀ ਸਾਹਿਬ ਲੋਕ ਸਵਾਗਤ ਲਈ ਅੱਗੇ ਗਏ। ਫਿਰ ਆ ਕੇ ਡੇਰੇ (ਪੜਾਅ) ਵਿਚ ਦਾਖ਼ਲ ਹੋ ਕੇ ਲਾਟ ਸਾਹਿਬ ਨਾਲ ਮੁਲਾਕਾਤ ਕੀਤੀ। ਦੋਵਾਂ ਪਾਸਿਆਂ ਤੋਂ ਨਜ਼ਰ ਭੇਂਟ ਹੋਈ, ਲਾਟ ਸਾਹਿਬ ਨੇ ਕੰਵਰ ਨੂੰ ਅਤੇ ਕੰਵਰ ਸਾਹਿਬ ਨੇ ਲਾਟ ਨੂੰ ਨਜ਼ਰ ਭੇਂਟ ਕੀਤੀਆਂ। ਦੋਵਾਂ ਪਾਸਿਆਂ ਤੋਂ ਤੋਪਾਂ ਦੀ ਸਲਾਮੀ ਲਈ ਸ਼ਲਕਾਂ ਹੋਈਆਂ। ਸੋ ਮੁਲਾਕਾਤ ਹੋਈ ਅਤੇ ਪਿੱਛੋਂ ਕੰਵਰ ਖੜਕ ਸਿੰਘ ਰੁਖਸਤ ਹੋਇਆ।

ਈਸਵੀ ਸੰਮਤ ਦੇ ਨਵੰਬਰ ਮਹੀਨੇ 28 ਤਾਰੀਖ ਨੂੰ ਅੰਗਰੇਜ਼ ਗਵਰਨਰ ਜਨਰਲ ਵੱਲੋਂ ਦਰਬਾਰ ਆਮ ਕੀਤਾ ਗਿਆ। ਜਿਸ ਵਿਚ ਉਸ ਸਮੇਂ ਲਾਟ ਦੇ ਆਪਣੇ ਨਾਲ ਦੇ ਅਤੇ ਹੋਰ ਦੂਰ-ਨੇੜੇ ਦੀਆਂ ਛਾਉਣੀਆਂ ਦੇ ਅਤੇ ਅੰਗਰੇਜ਼ੀ ਲਸ਼ਕਰ ਦੇ ਵੱਡੇ-ਵੱਡੇ ਨਾਮੀ ਸਾਹਿਬ ਆਏ, ਉਨ੍ਹਾਂ ਦੀ (ਲਾਟ ਨਾਲ) ਮੁਲਾਕਾਤ ਹੋਈ। ਇਸ ਦਿਨ ਸਾਹਿਬ ਲੋਕਾਂ ਨੂੰ ਮੁਲਾਕਾਤ ਦਾ ਬਹੁਤ

---

13 ਇਸ ਸਮੇਂ ਹਿੰਦੋਸਤਾਨ ਵਿਚ ਇੰਗਲੈਂਡ ਸਰਕਾਰ ਦਾ ਸਿੱਧਾ ਰਾਜ ਨਹੀਂ ਸੀ ਸਗੋਂ ਇਹ ਅਧਿਕਾਰ ਈਸਟ ਇੰਡੀਆ ਕੰਪਨੀ ਕੋਲ ਸੀ ਅਤੇ ਭਾਰਤ ਦੇ ਬ੍ਰਿਟਿਸ਼ ਰਾਜ ਅਧੀਨ ਇਲਾਕਿਆਂ ਤੇ ਇਸ ਦਾ ਅਧਿਕਾਰ ਸਥਾਪਿਤ ਸੀ।

14 ਅੰਗਰੇਜ਼ ਗਵਰਨਰ ਜਨਰਲ ਲਾਰਡ ਜਾਰਜ ਈਡਨ ਆਕਲੈਂਡ।

15 ਇਸ ਸਮੇਂ ਸ਼ਹਿਜਾਦਾ ਖੜਕ ਸਿੰਘ ਨਾਲ ਅਜੀਤ ਸਿੰਘ (ਸੰਧਾਵਾਲੀਆ) ਤੇ ਸੁਚੇਤ ਸਿੰਘ ਆਦਿ ਸਰਦਾਰ ਵੀ ਮੌਜੂਦ ਸਨ। ਦੇਖੋ Emily Eden, *Up the Country*, p 282.

ਮਜ਼ਾ ਆਇਆ। ਇਸ ਦਿਨ ਅੰਗਰੇਜ਼ਾਂ ਤੋਂ ਬਿਨਾਂ ਦੂਸਰੇ ਕਿਸੇ ਵੀ ਹਿੰਦੋਸਤਾਨੀ ਸਰਦਾਰ ਦਾ ਕੋਈ ਦਖਲ ਨਹੀਂ ਸੀ। 28 ਤਾਰੀਖ ਨੂੰ ਰਸਾਲਾ (ਘੋੜਸਵਾਰ) ਅਤੇ ਤੋਪਖਾਨਾ ਫਿਰੋਜ਼ਪੁਰ ਦੇ ਡੇਰੇ 'ਤੇ ਨਹੀਂ ਪਹੁੰਚੇ ਅਤੇ ਨਵੰਬਰ ਦੇ ਦਿਨ ਸਵੇਰ ਵੇਲੇ ਲਾਟ ਸਾਹਿਬ ਦੇ ਹੁਕਮ ਅਨੁਸਾਰ ਅਣਗਿਣਤ ਅੰਗਰੇਜ਼ੀ ਸਵਾਰ, ਪੈਦਲ, ਤੋਪਖਾਨੇ ਸਮੇਤ ਲਾਟ ਸਾਹਿਬ ਦੇ ਡੇਰੇ ਦੀ ਡਿਉੜੀ ਦੇ ਬੂਹੇ ਅੱਗੇ ਦੋਵੀਂ ਪਾਸੀਂ ਕਤਾਰਾਂ ਬਣਾ ਕੇ ਖੜ੍ਹੇ ਹੋ ਗਏ ਤੇ ਵੱਡੇ-ਵੱਡੇ ਅੰਗਰੇਜ਼ ਸਾਹਿਬ ਲੋਕ ਅਤੇ ਉਨ੍ਹਾਂ ਦੇ ਲਸ਼ਕਰ ਦੇ ਨਾਲ-ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸਵਾਰੀ ਦਾ ਜਲੌਅ ਵੇਖਣ ਲਈ (ਅੰਗਰੇਜ਼ ਫੌਜੀ) ਉਹ ਵੀ ਡੇਰੇ ਦੇ ਅੱਗੇ ਦੋਵੇਂ ਪਾਸੇ ਹਾਥੀਆਂ ਘੋੜਿਆਂ 'ਤੇ ਸਵਾਰ ਸਫਾਂ ਬੰਨ੍ਹ ਕੇ ਖਲੋਤੇ ਰਹੇ। ਜਦੋਂ ਅੰਗਰੇਜ਼ੀ (ਟਾਈਮ ਦੇ) 8 ਘੰਟੇ ਵੱਜੇ (ਸਵੇਰ ਦੇ 8 ਵਜੇ) ਤਾਂ ਮਹਾਰਾਜਾ ਦੇ ਸਵਾਗਤ ਵਜੋਂ ਅੱਗੋਂ ਪੇਸ਼ਵਾਈ ਕਰਨ ਲਈ ਮਿਸਟਰ ਡੀਵਲੀ ਕਾਟਨ, ਮਿਸਟਰ ਮੋਰੀਸਨ, ਮਿਸਟਰ ਕੈਲਵਿਨ, ਮੇਜਰ ਡੇਵਿਡ ਸਾਹਿਬ ਵਗੈਰਾ ਕਿੰਨੇ ਹੀ ਨਾਮੀ (ਅੰਗਰੇਜ਼ ਅਫਸਰ) ਸਾਹਿਬ ਲੋਕ ਫੌਜ ਦੀਆਂ 4 ਪਲਟਣਾਂ ਅਤੇ 4 ਰਸਾਲਿਆਂ ਸਮੇਤ ਗਏ ਅਤੇ ਜਦੋਂ ਅੰਗਰੇਜ਼ੀ ਸਮੇਂ ਦੇ 8 ਵੱਜੇ ਤਾਂ ਲਾਹੌਰ ਵਾਲਿਆਂ ਦੀ ਸਵਾਰੀ ਤਿਆਰ ਹੋਈ। ਉਸ ਸਮੇਂ ਅੰਗਰੇਜ਼ੀ ਲਸ਼ਕਰ ਵੱਲੋਂ ਸੈਂਕੜੇ ਤੋਪਾਂ ਸਲਾਮੀ ਲਈ ਛੱਡੀਆਂ ਗਈਆਂ ਅਤੇ ਇੱਧਰੋਂ ਲਾਟ ਸਾਹਿਬ ਹਾਥੀ 'ਤੇ ਸਵਾਰ ਹੋਏ ਮੇਘਨਾਟਨ ਸਾਹਿਬ ਵਗੈਰਾ ਕਿੰਨੇ ਹੀ ਸਾਹਿਬ ਆਪ ਦੀ ਤਰਫੋਂ ਸਨ ਜਿਹੜੇ ਹਾਥੀਆਂ 'ਤੇ ਸਵਾਰ ਹੋਏ ਬਹੁਤ ਵਧੀਆ ਜਲੂਸ ਦੀ ਸ਼ਕਲ ਵਿਚ ਤਿਆਰ ਹੋ ਕੇ ਮਹਾਰਾਜਾ (ਮਹਾਰਾਜਾ ਰਣਜੀਤ ਸਿੰਘ) ਦੇ ਸਵਾਗਤ ਲਈ ਅੱਗੋਂ ਸਾਹਮਣੇ ਗਏ। ਉਧਰੋਂ ਮਹਾਰਾਜ ਵੀ ਹਾਥੀ ਦੇ ਹੌਦੇ 'ਤੇ ਸਵਾਰ ਸੀ। (ਮਹਾਰਾਜੇ ਦੇ) ਹਾਥੀ ਦਾ ਹੌਦਾ ਡੁਪੈਰੀ ਸੀ ਅਤੇ ਹਾਥੀ ਦਾ ਝੁੱਲ ਜਵਾਹਰਾਂ ਨਾਲ ਮੜ੍ਹਿਆ ਹੋਇਆ ਸੀ। ਉੱਪਰ ਬਾਫੀ ਦੇ ਕੰਮ ਵਾਲਾ ਟਾਟ ਸੀ। ਮਹਾਰਾਜ ਦੀ ਸਵਾਰੀ ਨਾਲ ਚਾਰੋਂ ਪਾਸੇ ਉਨ੍ਹਾਂ ਦੇ ਵੱਡੇ-ਵੱਡੇ ਉਮਰਾਵ (ਅਹਿਲਕਾਰ/ਸਰਦਾਰ) ਨਾਲ ਹਾਥੀਆਂ 'ਤੇ ਸਵਾਰ ਸਨ। ਜਦੋਂ ਦੋਵਾਂ ਪਾਸਿਆਂ ਤੋਂ ਸਵਾਰੀ ਆਹਮਣੇ-ਸਾਹਮਣੇ ਬਰਾਬਰ ਆਈ ਤਾਂ ਦੋਹਾਂ ਦੀ ਮੁਲਾਕਾਤ ਹੋਈ। ਲਾਟ ਸਾਹਿਬ ਨੇ ਹਾਥੀ ਤੋਂ ਉੱਤਰ ਕੇ ਮਹਾਰਾਜੇ ਨਾਲ ਪਿਆਰ ਦੀਆਂ ਗੱਲਾਂ ਕੀਤੀਆਂ ਤੇ (ਮਹਾਰਾਜੇ ਨੂੰ) ਨਾਲ ਲੈ ਕੇ ਆਪਣੇ ਹਾਥੀ 'ਤੇ ਬਿਠਾਇਆ ਤੇ ਦੋਵੇਂ ਜਾਣੇ ਇੱਕੋ ਹਾਥੀ 'ਤੇ ਸਵਾਰ ਹੋ ਕੇ ਬਰਾਬਰ ਬੈਠੇ, ਜਦੋਂ ਦੋਵਾਂ ਦੀ ਸਵਾਰੀ ਇਕੱਠੀ ਹੋਈ ਤਾਂ ਉਸ ਸਮੇਂ ਦੋਵਾਂ ਪਾਸਿਆਂ ਦੇ ਫੌਜੀ ਲਸ਼ਕਰ

ਦੇ ਵੇਖਣ ਵਾਲੇ (ਦਰਸ਼ਕ) ਲੋਕ, ਦੋਵਾਂ ਪਾਸਿਆਂ ਦੇ ਦਬਦਬੇ ਅਤੇ ਸਮਾਨ ਵੇਖ ਕੇ ਹੈਰਾਨ ਸਨ ਤੇ ਮੂੰਹਾਂ ਵਿਚ ਉਂਗਲਾਂ ਪਾ ਕੇ ਦੰਦਾਂ ਹੇਠ ਲੈ ਲਈਆਂ। ਚਾਰ ਹਜ਼ਾਰ ਰਸਾਲਾ (ਘੋੜਸਵਾਰ) ਅਤੇ ਚਾਰ ਹਜ਼ਾਰ ਪੈਦਲ (ਅੰਗਰੇਜ਼ਾਂ ਦੀ) ਫੌਜ ਅੱਗੇ-ਪਿੱਛੇ ਪੇਸ਼ਵਾਈ ਲਈ ਸਾਹਮਣੇ ਗਈ, ਜਿਨ੍ਹਾਂ ਦਾ ਸਮਾਨ ਅਤੇ ਹਥਿਆਰ ਵਗੈਰਾ ਸਭ ਕੁਝ ਬਹੁਤ ਵਧੀਆ ਸੀ ਤੇ ਠੀਕ ਢੰਗ ਨਾਲ ਸੰਭਾਲੇ ਹੋਏ ਸਨ। ਉਨ੍ਹਾਂ ਨੇ ਮਹਾਰਾਜੇ ਨੂੰ ਸਲਾਮੀ ਵਜੋਂ ਬਹੁਤ ਵਧੀਆ ਪਰੇਡ ਦਿਖਾਈ। ਮਹਾਰਾਜ ਨੇ ਇੱਕ ਹੀ ਅੱਖ ਨਾਲ ਸਭ ਕੁਝ ਬੜੀ ਚੰਗੀ ਤਰ੍ਹਾਂ ਦੇਖਿਆ ਤੇ ਬਹੁਤ ਖੁਸ਼ ਹੋਇਆ। ਮਹਾਰਾਜਾ ਅਤੇ ਲਾਟ ਸਾਹਿਬ ਸਵਾਰੀ ਵਿਚ ਆਪਸ ਵਿਚ ਗੱਲਾਂ-ਬਾਤਾਂ ਕਰਦੇ ਲਾਟ ਸਾਹਿਬ ਦੇ ਡੇਰੇ ਪਹੁੰਚੇ। ਲਾਟ ਸਾਹਿਬ ਅਤੇ ਮੇਘਨਾਟਨ ਸਾਹਿਬ ਨੇ ਮਹਾਰਾਜੇ ਦੇ ਹੱਥ ਆਪਣੇ ਹੱਥਾਂ ਵਿਚ ਲੈ ਕੇ ਮਹਾਰਾਜੇ ਨੂੰ ਹਾਥੀ ਤੋਂ ਉਤਾਰਿਆ ਤੇ ਡੇਰੇ ਵਿਚ ਲੈ ਗਏ। ਉਸ ਸਮੇਂ ਮਹਾਰਾਜ ਨਾਲ ਬਹੁਤ ਸਾਰੇ ਵੱਡੇ-ਵੱਡੇ ਅਮੀਰ (ਲਾਹੌਰ ਦਰਬਾਰ ਦੇ) ਲੋਕ ਸਨ ਤੇ ਇਸੇ ਤਰ੍ਹਾਂ ਹੀ (ਅੰਗਰੇਜ਼ਾਂ ਵੱਲੋਂ) ਸਾਹਿਬ ਲੋਕ ਡੇਰੇ ਵਿਚ ਸਨ। ਸੋ ਭੀੜ ਕਾਰਨ ਹਨੇਰਾ ਹੋ ਗਿਆ। ਮਹਾਰਾਜ ਡੇਰੇ ਵਿਚ ਜੜਾਊ ਕੁਰਸੀ ਉੱਪਰ ਬੈਠਿਆ ਤੇ (ਉਸ ਦੇ) ਨਾਲ ਇਕ ਪਾਸੇ ਲਾਟ ਸਾਹਿਬ ਦੀ ਕੁਰਸੀ ਸੀ ਜਿਸ ਉੱਪਰ ਉਹ (ਲਾਟ) ਬੈਠਾ ਤੇ ਮਹਾਰਾਜ ਦੇ ਦੂਸਰੇ ਪਾਸੇ, ਪਿੱਛੇ ਕੁਰਸੀ ਉੱਪਰ ਮਿਸਟਰ ਹੈਨਰੀ ਫੈਨ ਸਾਹਿਬ ਬੈਠਾ ਉਸ ਸਮੇਂ ਮਿਸਟ (ਮਿਸ) ਈਡਨ, ਬਨੂਈ, ਮਿਸਟਰ ਮੇਘਨਾਟਨ, ਮਿਸਟਰ ਰਹਿਵੀਲ ਸਾਹਿਬ ਵੀ ਮੌਜੂਦ ਸਨ। ਜਿਸ ਵੇਲੇ ਲਾਟ ਸਾਹਿਬ ਦੀ ਗੱਲ-ਬਾਤ ਸ਼ੁਰੂ ਹੋਈ ਤਾਂ ਮੇਜਰ ਡੇਵਿਡ ਸਾਹਿਬ ਮਹਾਰਾਜੇ ਦੀ ਗੱਲ ਲਾਟ ਸਾਹਿਬ ਨੂੰ ਅੰਗਰੇਜ਼ੀ ਵਿਚ ਅਤੇ ਲਾਟ ਸਾਹਿਬ ਨੂੰ ਮਹਾਰਾਜੇ ਦੀ ਗੱਲ ਹਿੰਦੋਸਤਾਨੀ ਵਿਚ ਸਮਝਾਉਂਦਾ ਸੀ। ਉਥੇ ਅੰਗਰੇਜ਼ ਸਾਹਿਬ ਲੋਕ, ਸਿੱਖ ਸਰਦਾਰ ਲੋਕ ਅਤੇ ਖਾਸ ਚੋਬਦਾਰ ਵਗੈਰਾ ਸਾਰੇ ਹਾਜ਼ਰ ਸਨ। ਅੰਗਰੇਜ਼ੀ ਵਾਜੇ (ਬੈਂਡ) ਵਾਲਿਆਂ ਨੇ ਹੁਕਮ ਪੁੱਛ ਕੇ ਅੰਗਰੇਜ਼ੀ ਵਾਜਾ ਵਜਾਇਆ। ਥੋੜੀ ਦੇਰ ਮਗਰੋਂ ਲਾਟ ਸਾਹਿਬ ਅਤੇ ਹੈਨਰੀ ਫੈਨ ਸਾਹਿਬ ਮਹਾਰਾਜੇ ਨੂੰ ਦੂਸਰੇ ਡੇਰੇ ਵਿਚ ਲੈ ਗਏ ਜਿੱਥੇ ਲਾਟ ਸਾਹਿਬ, ਮਹਾਰਾਜਾ ਅਤੇ ਹੈਨਰੀ ਸਾਹਿਬ ਤੇ ਵੱਡੇ-ਵੱਡੇ ਖਾਸ ਮੁਸਾਹਿਬਾਂ (ਅਧਿਕਾਰੀਆਂ) ਤੋਂ ਬਿਨਾਂ ਹੋਰ ਕਿਸੇ ਨੂੰ ਜਾਣ ਦੀ ਮਨਾਹੀ ਸੀ। ਉੱਥੇ ਪੇਸ਼ਕਸ਼ੀ ਦੀਆਂ ਬਹੁਤ ਵਧੀਆ-ਵਧੀਆ ਚੀਜ਼ਾਂ ਲਾਟ ਸਾਹਿਬ ਵੱਲੋਂ ਮਹਾਰਾਜਾ ਦੀ ਨਜ਼ਰ ਕੀਤੀਆਂ ਗਈਆਂ। ਮਹਾਰਾਜ ਨੇ ਸਾਰੀਆਂ ਵਸਤਾਂ ਧਿਆਨ ਨਾਲ ਵੇਖੀਆਂ ਤੇ ਆਪਣੀ

ਜ਼ੁਬਾਨ ਨਾਲ ਉਨ੍ਹਾਂ ਦੀ ਤਾਰੀਫ ਕੀਤੀ। ਨਜ਼ਰ ਗੁਜ਼ਾਰਨ ਪਿੱਛੋਂ ਲਾਟ ਸਾਹਿਬ ਅਤੇ ਮਹਾਰਾਜਾ ਦੀ ਕਈ ਤਰ੍ਹਾਂ ਦੀ ਗੱਲ-ਬਾਤ ਹੋਈ, ਜਿਸ ਵਿਚ ਵਿਸਥਾਰ ਨਾਲ ਲਾਟ ਸਾਹਿਬ ਨੇ ਦੱਸਿਆ ਕਿ ਇੰਗਲਿਸਤਾਨ (ਇੰਗਲੈਂਡ) ਦੇ ਸਾਹਿਬ ਅਮੀਰਾਂ (ਸ਼ਾਹੀ ਪਰਿਵਾਰ) ਵੱਲੋਂ ਲਿਖੀਆਂ ਆਉਂਦੀਆਂ ਚਿੱਠੀਆਂ ਵਿਚ ਮਹਾਰਾਜਾ ਦੀ ਸਿਹਤ ਤੇ ਹੋਰ ਸੁਖ-ਸਾਂਦ ਬਾਰੇ ਪੁੱਛਿਆ ਜਾਂਦਾ ਹੈ। ਮਹਾਰਾਜੇ ਨੇ ਕਿਹਾ ਕਿ ਮੇਰੀ ਅੰਗਰੇਜ਼ਾਂ ਨਾਲ ਏਕਤਾ ਹੀ ਇਸ ਤਰ੍ਹਾਂ ਦੀ ਹੈ ਕਿ (ਅੰਗਰੇਜ਼ਾਂ ਨਾਲ) ਦੋਸਤੀ ਹੱਦ ਤੋਂ ਵੀ ਜ਼ਿਆਦਾ, ਇਕੋ ਜਿਹੀ ਰੱਖਦਾ ਹਾਂ, ਕੋਈ ਦੂਜੀ ਗੱਲ ਨਾ ਸਮਝਣਾ। ਗਵਰਨਰ ਨੇ ਕਿਹਾ ਕਿ ਹੈਨਰੀ ਫੈਨ ਸਾਹਿਬ ਨੇ ਜਦੋਂ ਤੁਹਾਡੇ ਨਾਲ ਦੂਸਰੀ (ਪਹਿਲਾਂ) ਮੁਲਾਕਾਤ ਕੀਤੀ ਤਾਂ ਉਹ ਬਹੁਤ ਖੁਸ਼ ਹੋਇਆ। ਮਹਾਰਾਜ ਨੇ ਆਖਿਆ ਕਿ ਮੈਨੂੰ ਵੀ ਦੋਵੇਂ ਵਾਰ (ਹੈਨਰੀ ਫੈਨ) ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਹੈਨਰੀ ਫੈਨ ਸਾਹਿਬ ਨੇ ਕਿਹਾ ਕਿ ਮੈਂ ਵੀ ਤੁਹਾਡੇ ਨਾਲ ਦੋ ਵਾਰ ਹੋਈ ਮੁਲਾਕਾਤ ਨੂੰ ਕਦੇ ਵੀ ਭੁੱਲਾਂਗਾ ਨਹੀਂ। ਗਵਰਨਰ ਸਾਹਿਬ ਨੇ ਇੱਕ ਇੰਗਲੈਂਡ ਦੀ ਮਲਕਾ ਸ਼ਹਿਜ਼ਾਦੀ ਦੀ ਤਸਵੀਰ ਮਹਾਰਾਜਾ ਨੂੰ ਵਿਖਾਈ, ਮਹਾਰਾਜਾ ਨੇ ਉਹ ਤਸਵੀਰ ਹੱਥਾਂ ਵਿਚ ਲੈ ਕੇ ਅਦਬ-ਸਤਿਕਾਰ ਭੇਂਟ ਕੀਤਾ।[16] ਉਸ ਸਮੇਂ ਅੰਗਰੇਜ਼ੀ ਲਸ਼ਕਰ ਵਿਚੋਂ ਸਲਾਮੀ ਲਈ ਤੋਪਾਂ ਦੀਆਂ ਸ਼ਲਕਾਂ ਹੋਣ ਦੀਆਂ ਆਵਾਜ਼ਾਂ ਆਈਆਂ ਕਿਉਂਕਿ ਇਹ ਤਸਵੀਰ ਵਾਲੀ ਸ਼ਹਿਜਾਦੀ ਹੁਣ ਇੰਗਲੈਂਡ ਦੀ ਬਾਦਸ਼ਾਹ (ਮਲਕਾ/ਮਹਾਰਾਣੀ) ਹੈ।[17] ਉਸ ਤਸਵੀਰ ਨੂੰ ਚੰਗੀ ਤਰ੍ਹਾਂ ਵੇਖ ਕੇ ਮਹਾਰਾਜਾ ਬਹੁਤ ਖੁਸ਼ ਹੋਇਆ ਅਤੇ ਕਿਹਾ ਕਿ ਮੈਂ ਇਸ ਤਰ੍ਹਾਂ ਦੀ ਕੋਈ ਚੀਜ਼ ਪਹਿਲਾਂ ਨਹੀਂ ਲੱਭੀ ਅਤੇ ਕਿਹਾ ਕਿ ਸਾਡੇ ਲਈ ਇਹ ਤਸਵੀਰ ਨਹੀਂ ਆਈ ਸਗੋਂ ਮੇਰੇ ਹੱਥਾਂ ਵਿਚ ਬਹੁਤ ਵੱਡੀ ਬਰਕਤ ਆਈ ਹੈ। ਅੰਗਰੇਜ਼ ਸਰਕਾਰ ਨਾਲ (ਮੇਰੀ) ਬਹੁਤ ਮੁਹੱਬਤ ਹੈ। ਇਸ ਲਈ ਮੈਂ (ਇਹ ਤਸਵੀਰ) ਆਪਣੇ ਡੇਰੇ 'ਤੇ ਲਿਜਾ ਕੇ, ਲਸ਼ਕਰ ਵੱਲੋਂ 101 ਤੋਪਾਂ ਦੀ ਸਲਾਮੀ ਦੇ ਕੇ ਹੋਰ ਮਾਣ-ਸਤਿਕਾਰ ਕਰਾਂਗਾ।[18] ਫਿਰ ਮਹਾਰਾਜਾ ਨੇ ਆਖਿਆ ਕਿ ਕੜਕ ਦਾ ਜਜੀਰਾ (ਟਾਪੂ) ਪਹਿਲਾਂ ਈਰਾਨ ਵਾਲਿਆਂ ਦੇ ਕਬਜ਼ੇ ਵਿਚ ਸੀ, ਸੋ ਹੁਣ ਅੰਗਰੇਜ਼ੀ ਸਰਕਾਰ ਦੇ ਕਬਜ਼ੇ ਵਿਚ ਆ ਗਿਆ ਹੈ, ਜਿੱਥੋਂ ਦੀ ਲੋਕ

---

16 ਇਹ ਤਸਵੀਰ ਇੰਗਲੈਂਡ ਦੀ ਮਹਾਰਾਣੀ ਦੀ ਸੀ ਜੋ ਅਮਲੀ ਈਡਨ ਦੁਆਰਾ ਬਣਾਈ ਗਈ ਸੀ। ਇਹ ਤਸਵੀਰ ਇਸ ਮੁਲਾਕਾਤ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਗਵਰਨਰ ਜਰਨਲ ਵੱਲੋਂ ਭੇਟ ਕੀਤੀ ਗਈ ਸੀ।ਵੇਖੋ: Emily Eden, *Up The Country*, vol.1.,p 282.

17 ਇਹ ਤਸਵੀਰ ਮਹਾਰਾਜਾ ਨੂੰ ਭੇਟ ਕਰਨ ਸਮੇਂ 21 ਤੋਪਾਂ ਦੀ ਸਲਾਮੀ ਦਿੱਤੀ ਗਈ ਸੀ। ਦੇਖੋ Emely Eden, *Up The Country*, vol.1, p 285.

18 ਉਹੀ, ਪੰਨਾ 286.

ਤਾਰੀਫ ਕਰਦੇ ਹਨ। ਲਾਰਡ ਸਾਹਿਬ ਨੇ ਕਿਹਾ ਕਿ ਹੁਣ ਤਾਂ ਇਕ ਪਲਟਣ ਹੈ, ਦੋ ਪਲਟਣਾਂ ਫੇਰ ਭੇਜਾਂਗਾ। ਹੈਨਰੀ ਫੇਨ ਸਾਹਿਬ ਨੇ ਕਿਹਾ ਕਿ ਜਜੀਰਾ ਬਹੁਤ ਵਧੀਆ ਅਤੇ ਮਜ਼ਬੂਤ ਜਗ੍ਹਾ ਹੈ। ਮਹਾਰਾਜ ਨੇ ਹੱਸ ਕੇ ਕਿਹਾ ਕਿ ਈਰਾਨ ਕੋਲੋਂ ਇਸ ਦਾ ਪ੍ਰਬੰਧ ਨਹੀਂ ਹੋ ਸਕਿਆ। ਲਾਰਡ ਸਾਹਿਬ ਨੇ ਕਿਹਾ ਕਿ ਇੱਕ ਜਹਾਜ਼ ਇਸੇ ਲਈ ਬਣਾਇਆ ਹੈ। ਥੋੜ੍ਹੇ ਹੀ ਦਿਨਾਂ ਵਿਚ ਤਿਆਰ ਹੋ ਜਾਵੇਗਾ। ਜਿਸ ਉੱਪਰ 74 ਵੱਡੀਆਂ ਤੋਪਾਂ ਵੀ ਰੱਖੀਆਂ ਜਾ ਸਕਦੀਆਂ ਹਨ ਅਤੇ ਦੂਸਰਾ ਜਹਾਜ਼ ਵੀ ਥੋੜੇ ਦਿਨਾਂ ਵਿਚ ਤਿਆਰ ਹੋ ਜਾਵੇਗਾ। ਜਹਾਜ਼ ਉੱਤੇ 74 ਤੋਪਾਂ ਰੱਖਣ ਦੀ ਗੱਲ ਸੁਣ ਕੇ ਮਹਾਰਾਜਾ ਬਹੁਤ ਹੈਰਾਨ ਹੋਇਆ। ਫਿਰ ਲਾਰਡ ਸਾਹਿਬ ਨੇ (ਮਹਾਰਾਜੇ ਨੂੰ) ਕਿਹਾ ਕਿ ਬਹੁਤ ਹੈਰਾਨੀ ਦੀ ਗੱਲ ਹੈ ਕਿ ਤੁਸੀਂ ਹੁਣ ਤੱਕ ਸਤਲੁਜ ਦਰਿਆ ਵਿਚ ਕੋਈ ਦੂਖਾਨੀ (ਜੰਗੀ) ਜਹਾਜ਼ ਵੇਖਿਆ ਨਹੀਂ। ਹੁਣ ਅੰਦਸ [ਸਿੰਧ]ਦੇ ਦਰਿਆ ਵਿਚ ਤੁਹਾਨੂੰ ਦੂਖਾਨੀ ਜਹਾਜ ਦਾ ਤਮਾਸ਼ਾ ਵਿਖਾਵਾਂਗਾ। ਮਹਾਰਾਜ ਨੇ ਪੁੱਛਿਆ ਕਿ ਜਰਨੈਲ (ਵੈਨਤੂਰਾ) ਦੀ ਅੱਜ-ਕੱਲ੍ਹ ਕੋਈ ਖ਼ਬਰ ਹੈ? ਲਾਟ ਸਾਹਿਬ ਨੇ ਕਿਹਾ ਕਿ ਜਰਨੈਲ ਅਜੇ ਤੱਕ ਵਲਾਇਤ ਵਿੱਚ ਹੀ ਹੈ। ਉਸ ਦਾ ਇੱਥੇ ਆਉਣ ਦਾ ਇਰਾਦਾ ਹੈ ਤੇ ਹੁਣ ਜਲਦੀ ਹੀ ਉਹ ਏਥੇ ਆਵੇਗਾ। ਮਹਾਰਾਜ ਨੇ ਪੁੱਛਿਆ ਕਿ ਉਥੋਂ ਦੇ ਅਮੀਰਾਂ ਦੀ ਕੀ ਖ਼ਬਰ ਹੈ? ਲ਼ਾਰਡ ਸਾਹਿਬ ਨੇ ਕਿਹਾ ਕਿ ਹੁਣੇ ਹੀ ਵਲਾਇਤ ਵੱਲ ਚਿੱਠੀ ਲਿਖੀ ਹੈ, ਜਿਸ ਦਾ ਜੁਆਬ ਆ ਜਾਵੇਗਾ, ਤੇ ਹਥਿਆਰ ਤੇ ਚੀਜ, ਵਸਤ ਆਦਿ ਵੀ ਮੰਗਵਾਏ ਹਨ, ਜੋ ਜਲਦੀ ਹੀ ਆ ਜਾਣਗੇ। ਮਹਾਰਾਜ ਨੇ ਪੁੱਛਿਆ ਕਿ ਜਰਨੈਲ ਅਲਾਰਡ ਤੇ ਜਰਨੈਲ ਵੈਨਤੂਰਾ ਵਿੱਚ ਕੋਈ ਹੁਨਰ (ਕਲਾ) ਹੈ? ਲਾਰਡ ਸਾਹਿਬ ਨੇ ਕਿਹਾ ਕਿ ਮੈਂ ਦੋਵਾਂ ਵਿਚੋਂ ਕਿਸੇ ਦੀ ਪ੍ਰੀਖਿਆ ਤਾਂ ਲਈ ਨਹੀਂ, ਪਰ ਉੱਥੇ (ਯੂਰਪ ਵਿਚ) ਇਨ੍ਹਾਂ ਦੋਵਾਂ ਦੀ ਹੀ ਸ਼ਰਾਫ਼ਤ ਤੇ ਮਰਦਾਨਗੀ (ਬਹਾਦਰੀ) ਮਸ਼ਹੂਰ ਹੈ। ਉਥੋਂ ਦੇ ਉਸਤਾਦਾਂ ਪਾਸੋਂ ਉਨ੍ਹਾਂ ਨੇ ਸਿੱਖਿਆ ਹੈ। ਹੁਣ ਤੱਕ ਉਨ੍ਹਾਂ ਦੀ ਬਹਾਦਰੀ ਤੋਂ ਸਿਵਾਇ ਕੋਈ ਹੋਰ ਦੂਸਰਾ ਮਸ਼ਹੂਰ ਨਹੀਂ ਹੈ। ਮਹਾਰਾਜਾ ਅੰਗਰੇਜ਼ੀ ਲਸ਼ਕਰ (ਫੌਜ) ਦਾ ਪ੍ਰਬੰਧ ਵੇਖ ਕੇ ਬਹੁਤ ਖੁਸ਼ ਹੋਇਆ ਅਤੇ ਕਿਹਾ ਕਿ ਮੈਂ ਅੰਮ੍ਰਿਤਸਰ ਵਿਚ (ਜੋ) ਸੁਣਿਆ ਸੀ, ਉਹ ਹੁਣ ਵੇਖ ਲਿਆ ਹੈ। ਲਾਰਡ ਸਾਹਿਬ ਨੇ ਕਿਹਾ ਕਿ ਤੁਸੀਂ ਇਹ ਜੋ ਸਾਰਾ ਸਮਾਨ ਵੇਖਿਆ ਹੈ, ਇਹ ਸਾਰਾ ਸਮਾਨ ਅੰਗਰੇਜ਼ੀ ਫੌਜ ਦੇ ਕੋਲ ਹੈ। ਮਹਾਰਾਜੇ ਨੇ ਕਿਹਾ ਕਿ ਇਹ ਸਮਾਨ ਬਹੁਤ ਵਧੀਆ ਹੈ ਜੋ ਪਹਿਲਾਂ ਕਦੇ ਨਹੀਂ ਵੇਖਿਆ। ਇਸ ਨੂੰ ਵੇਖ ਕੇ ਮਰਦਾਂ ਦਾ ਦਿਲ ਖੁਸ਼ ਹੁੰਦਾ ਹੈ ਅਤੇ ਲੜਾਈ

ਦੇ ਸਮੇਂ ਦਿਲ ਵਿਚ ਖੁਸ਼ੀ ਹੁੰਦੀ ਹੈ, ਮੈਂ ਵੀ ਇਹੋ ਜਿਹਾ ਜੰਗੀ ਸਮਾਨ ਖੁੱਲ੍ਹੇ ਪੈਸੇ ਨਾਲ ਤਿਆਰ ਕਰਵਾਇਆ ਹੈ। ਫਿਰ ਇਸ ਤੋਂ ਪਿੱਛੋਂ ਤੋਪਖਾਨੇ ਦੀ ਗੱਲ ਸ਼ੁਰੂ ਹੋਈ, ਉਸ ਵੇਲੇ ਊਠਾਂ ਵਾਲੀਆਂ (ਸ਼ੁਤਰੀ) ਤੋਪਾਂ, ਸਾਜ-ਸਮਾਨ ਸਮੇਤ ਸਾਹਮਣੇ ਆਈਆਂ ਤਾਂ (ਮਹਾਰਾਜੇ ਨੇ) ਉਹ ਵੀ ਵੇਖੀਆਂ ਅਤੇ ਉਸ ਸਮੇਂ ਵਾਜੇ ਵਾਲਿਆਂ ਨੇ ਇਸ ਤਰ੍ਹਾਂ ਵਾਜਾ (ਬੈਂਡ) ਵਜਾਇਆ ਕਿ ਇੱਕ ਦੀ ਗੱਲ ਦੂਸਰੇ ਨੂੰ ਨਹੀਂ ਸੁਣਦੀ ਸੀ। ਇਸ ਪਿਛੋਂ ਮਹਾਰਾਜੇ ਨੂੰ ਦੂਸਰੇ ਪੜ੍ਹਾਅ ’ਤੇ ਦੂਸਰੇ ਜੰਗਲੇ ਵਿਚ ਲਿਜਾਇਆ ਗਿਆ। ਜਿੱਥੇ ਤੋਪਾਂ ’ਤੇ ਹੋਰ ਸਮਾਨ ਮਹਾਰਾਜੇ ਨੂੰ ਪੇਸ਼ਕਸ਼ੀ ਵਜੋਂ ਦੇਣ ਲਈ ਰੱਖਿਆ ਗਿਆ ਸੀ, ਉਹ ਵਿਖਾਇਆ ਗਿਆ ਅਤੇ ਜਦੋਂ ਮਹਾਰਾਜਾ ਇਕ ਤੋਪ ਦੇ ਨੇੜੇ ਗਿਆ ਤਾਂ ਬੁਢੇਪੇ ਦੇ ਕਾਰਨ ਉਸ ਦਾ ਪੈਰ ਉਖੜ ਗਿਆ। ਇਸ ’ਤੇ ਮਹਾਰਾਜੇ ਨੇ ਬਹੁਤ ਸ਼ਰਮ ਮਹਿਸੂਸ ਕੀਤੀ ਤੇ ਮਹਾਰਾਜੇ ਦਾ ਚਿਹਰਾ ਪੀਲਾ ਹੋ ਗਿਆ। ਉਸ ਸਮੇਂ ਲਾਰਡ ਹੈਨਰੀ ਫੇਨ ਸਾਹਿਬ ਵੀ ਮਹਾਰਾਜੇ ਦੇ ਨਾਲ ਹੀ ਸੀ ਜਿਸ ਨੇ ਮਹਾਰਾਜੇ ਨੂੰ ਡਿੱਗਦਿਆਂ ਆਪਣੇ ਹੱਥਾਂ ਵਿਚ ਫੜ੍ਹ ਲਿਆ ਤੇ ਮਹਾਰਾਜੇ ਨੂੰ ਹੌਂਸਲਾ ਦਿੱਤਾ। ਜਦੋਂ ਮਹਾਰਾਜਾ ਥੋੜ੍ਹਾ ਸੰਭਲਿਆ ਅਤੇ ਉਸ ਦੀ ਘਬਰਾਹਟ ਠੀਕ ਹੋਈ ਤਾਂ ਬਾਕੀ ਰਹਿੰਦੇ ਸਾਜ-ਸਮਾਨ ਦੀਆਂ ਵੰਨਗੀਆਂ ਵੀ ਮਹਾਰਾਜੇ ਦੀ ਨਜ਼ਰ ਪੇਸ਼ ਕੀਤੀਆਂ ਗਈਆਂ। ਫਿਰ ਇਹ ਸਾਰੀਆਂ ਚੀਜ਼ਾਂ ਮਹਾਰਾਜੇ ਨੇ ਕਬੂਲ ਕੀਤੀਆਂ ਤੇ (ਉਥੋਂ) ਰੁਖ਼ਸਤ ਹੋਇਆ। ਸਾਰਾ ਪੇਸ਼ਕਸ਼ੀ ਦਾ ਸਮਾਨ ਸਵਾਰੀ ਦੇ ਨਾਲ ਲੈ ਗਿਆ।

ਸੋ ਅੰਤ ਜੋ ਹਵਾਲੇ ਬਾਕੀ ਰਹਿ ਗਏ ਹਨ ਉਹ ਹੁਣ ਵਾਲੀ ਅਖ਼ਬਾਰ ਵਿਚ ਆਉਣਗੇ। ਇਸ਼ਤਿਹਾਰ ਦੀ ਨਕਲ ਜੋ ਵੀ ਅੰਗਰੇਜ਼ ਬਹਾਦਰ ਦੀ ਸਰਕਾਰ ਦਾ ਭਲਾ ਚਾਹੁਣ ਵਾਲੇ ਹਨ ਅਤੇ ਵਲਾਇਤ ਦੀ ਜੰਗ ਵਿਚ ਇਸ ਸਰਕਾਰ ਦੀ ਫਤਿਹ ਚਾਹੁੰਦੇ ਹਨ, ਇਹ ਇਸ਼ਤਿਹਾਰ ਉਨ੍ਹਾਂ ਸਾਰਿਆਂ ਨੂੰ ਖਬਰਦਾਰ ਕਰਨ ਲਈ ਲਾਟ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਹੈ। ਇਸ ਲਈ ਇੱਥੇ ਇਹ ਸਾਰੀ ਜਾਣਕਾਰੀ ਦਿੱਤੀ ਗਈ ਹੈ। ਲਾਟ ਗਵਰਨਰ ਸਾਹਿਬ ਦਾ ਨਾਮ 10 ਸਤੰਬਰ (ਅਖ਼ਬਾਰ ਵਿਚ) ਲਿਖਿਆ ਆਇਆ। ਇਸ ਲਈ ਲਾਟ ਸਾਹਿਬ ਨੂੰ ਬਹੁਤ ਖੁਸ਼ੀ ਹੋਈ। ਜੋ ਉਸ (ਅਖ਼ਬਾਰ) ਵਿਚ ਲਿਖਿਆ ਸੀ, ਉਹ ਸਾਰੀ ਖ਼ਬਰ ਇਸ ਇਸ਼ਤਿਹਾਰ ਵਿਚ ਲਿਖ ਦਿੱਤੀ ਹੈ।

### 2.1.1. 'ਖਿਆਤਿ ਲਾਹੌਰ ਕਾ ਜਾਟ ਰਣਜੀਤ ਸਿੰਘ ਕੈ ਅਰ ਅੰਗਰੇਜ਼ ਲਾਟ ਸਾਹਿਬ ਕੈ ਮੀਲਾਪ ਹੂਵਾ ਤੀਕੀ' ਦਾ ਵਿਸ਼ਲੇਸ਼ਣ:

ਇਸ ਲਿਖਤ ਵਿਚੋਂ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਸਰਕਾਰ ਦੇ ਗਵਰਨਰ ਜਨਰਲ ਲਾਰਡ ਆਕਲੈਂਡ ਦਰਮਿਆਨ 29 ਨਵੰਬਰ 1838 ਈ. ਨੂੰ ਫਿਰੋਜ਼ਪੁਰ ਵਿਚ ਹੋਈ ਮੁਲਾਕਾਤ ਸਮੇਂ ਦੀ ਵਿਸਥਾਰਤ ਜਾਣਕਾਰੀ ਮਿਲਦੀ ਹੈ। ਅਸਲ ਵਿਚ ਇਹ ਲਿਖਤ 19ਵੀਂ ਸਦੀ ਵਿਚ ਅੰਗਰੇਜ਼ ਸਰਕਾਰ ਦੁਆਰਾ ਸਥਾਨਕ ਭਾਰਤੀ ਸ਼ਾਸਕਾਂ 'ਤੇ ਪ੍ਰਭਾਵ ਸਥਾਪਤ ਕਰਨ ਲਈ ਆਪਣੀਆਂ ਪ੍ਰਾਪਤੀਆਂ ਨੂੰ ਦਰਸਾਉਣ ਲਈ ਸਮੇਂ-ਸਮੇਂ 'ਤੇ ਭਾਰਤੀ ਸ਼ਾਸਕਾਂ ਨੂੰ ਭੇਜੇ ਅਖ਼ਬਾਰ ਰੂਪੀ ਇਸ਼ਤਿਹਾਰ ਦੀ ਨਕਲ ਹੈ। ਇਸ ਇਸ਼ਤਿਹਾਰ ਦਾ ਮਨੋਰਥ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਸਮੁੱਚੇ ਭਾਰਤ ਵਿਚੋਂ ਪ੍ਰਭੂਸੱਤਾ ਪ੍ਰਾਪਤ ਅਤੇ ਖ਼ੁਦਮੁਖਤਿਆਰ ਇਕਲੌਤੇ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਅਤੇ ਅੰਗਰੇਜ਼ਾਂ ਦੀ ਮਿੱਤਰਤਾ ਦਰਸਾਉਣਾ ਸੀ। ਇਸ ਇਸ਼ਤਿਹਾਰ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਦਾ ਸੱਚਾ ਮਿੱਤਰ ਹੋਣ ਦੇ ਨਾਲ-ਨਾਲ ਅੰਗਰੇਜ਼ ਸਰਕਾਰ ਪ੍ਰਤੀ ਅਧੀਨਗੀ ਅਤੇ ਸਮਰਪਣ ਭਾਵ ਰੱਖਣ ਵਾਲਾ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਇਸ ਮੁਲਾਕਾਤ ਸਮੇਂ ਦੋਹਾਂ ਧਿਰਾਂ ਦਰਮਿਆਨ ਹੋਈ ਗੱਲ-ਬਾਤ ਰਾਜਨੀਤਕ ਮਨੋਰਥ ਅਤੇ ਕੂਟਨੀਤਕ ਪੈਂਤੜਿਆਂ ਦੀ ਝਲਕ ਪੇਸ਼ ਕਰਦੀ ਹੈ।

ਮਹਾਰਾਜਾ ਰਣਜੀਤ ਸਿੰਘ ਵੱਲੋਂ ਗਵਰਨਰ ਜਨਰਲ ਨਾਲ ਮੁਲਾਕਾਤ ਕਰਨ ਤੋਂ ਦੋ ਦਿਨ ਪਹਿਲਾਂ ਅੰਗਰੇਜ਼ ਗਵਰਨਰ ਜਨਰਲ ਨਾਲ ਮੁਲਾਕਾਤ ਕਰਨ ਲਈ ਮਹਾਰਾਜੇ ਦਾ ਵੱਡਾ ਸ਼ਹਿਜ਼ਾਦਾ ਖੜਕ ਸਿੰਘ 27 ਨਵੰਬਰ 1838 ਈ. ਨੂੰ ਫਿਰੋਜ਼ਪੁਰ ਅੰਗਰੇਜ਼ਾਂ ਦੇ ਕੈਂਪ ਵਿਚ ਗਿਆ। ਸ਼ਹਿਜ਼ਾਦੇ ਖੜਕ ਸਿੰਘ ਨੂੰ ਪਹਿਲਾਂ ਭੇਜਣ ਪਿੱਛੇ ਮਹਾਰਾਜੇ ਦੀ ਨੀਤੀ ਤੋਂ ਲੱਗਦਾ ਹੈ ਕਿ ਮਹਾਰਾਜਾ ਅੰਗਰੇਜ਼ਾਂ ਨੂੰ ਆਪਣੇ ਰਾਜ, ਲਾਹੌਰ ਦਰਬਾਰ ਦੀ ਰਾਜਗੱਦੀ ਦਾ ਭਵਿੱਖ ਵਿਚ ਹੋਣ ਵਾਲੇ ਵਾਰਿਸ ਪ੍ਰਤੀ ਸੰਕੇਤ ਦੇਣਾ ਚਾਹੁੰਦਾ ਸੀ। ਇਸੇ ਲਈ ਸ਼ਹਿਜ਼ਾਦਾ ਖੜਕ ਸਿੰਘ ਨੂੰ ਬੜੀ ਸਜ-ਧਜ ਨਾਲ ਜਲੂਸ ਦੀ ਸ਼ਕਲ ਵਿਚ ਅੰਗਰੇਜ਼ਾਂ ਨਾਲ ਮੁਲਾਕਾਤ ਲਈ ਭੇਜਿਆ ਗਿਆ। ਇਸ ਮੁਲਾਕਾਤ ਸਮੇਂ ਦੋਹਾਂ ਧਿਰਾਂ ਵੱਲੋਂ ਇਕ ਦੂਜੇ 'ਤੇ ਪ੍ਰਭਾਵ ਸਥਾਪਿਤ ਕਰਨ ਲਈ ਆਪਣੀਆਂ ਫੌਜਾਂ ਨੂੰ ਸਜਾਇਆ ਗਿਆ ਅਤੇ ਇਕ ਦੂਜੇ ਤੋਂ ਵਧ ਕੇ ਦੋਹਾਂ ਧਿਰਾਂ ਨੇ ਪ੍ਰਾਹੁਣਾਚਾਰੀ ਲਈ ਜ਼ੋਰ ਲਗਾਇਆ। ਮਹਾਰਾਜਾ ਰਣਜੀਤ ਸਿੰਘ ਜਿਸ ਹਾਥੀ 'ਤੇ ਸਵਾਰ ਹੋ

ਕੇ ਆਇਆ ਉਸ ਦਾ ਹੌਦਾ ਸੋਨੇ ਦਾ ਬਣਿਆ ਹੋਇਆ ਸੀ ਅਤੇ ਹਾਥੀ ਦਾ ਝੁੱਲ ਵੀ ਹੀਰੇ-ਜਵਾਹਰਾਂ ਨਾਲ ਮੜ੍ਹਿਆ ਹੋਇਆ ਸੀ। ਇਸ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਆਰਥਿਕ ਹਾਲਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਸਮੇਂ ਹਿੰਦੁਸਤਾਨ ਦੀਆਂ ਹੋਰ ਰਿਆਸਤਾਂ ਦੇ ਮੁਕਾਬਲੇ ਲਾਹੌਰ ਦਰਬਾਰ ਆਰਥਿਕ ਤੌਰ 'ਤੇ ਕਿੰਨਾ ਮਜ਼ਬੂਤ ਸੀ।

ਇਸ ਲਿਖਤ ਵਿਚੋਂ ਲਾਹੌਰ ਦਰਬਾਰ ਅਤੇ ਅੰਗਰੇਜ਼ ਸਰਕਾਰ ਦੀ ਜੰਗੀ ਸ਼ਕਤੀ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਸ ਮੁਲਾਕਾਤ ਸਮੇਂ ਅੰਗਰੇਜ਼ਾਂ ਦੁਆਰਾ ਉੱਤਮ ਦਰਜੇ ਦੀਆਂ ਵੱਖ-ਵੱਖ ਮੈਦਾਨੀ ਅਤੇ ਸ਼ੁਤਰੀ ਤੋਪਾਂ ਆਦਿ ਸਮੇਤ ਹੋਰ ਜੰਗੀ ਸਾਜ-ਸਮਾਨ ਮਹਾਰਾਜਾ ਨੂੰ ਦਿਖਾਇਆ ਗਿਆ ਜਿਸ ਨੂੰ ਵੇਖ ਕੇ ਮਹਾਰਾਜਾ ਬਹੁਤ ਖੁਸ਼ ਹੋਇਆ ਤੇ ਇਸ ਦੀ ਮਹਾਰਾਜਾ ਨੇ ਆਪ ਤਾਰੀਫ ਕੀਤੀ। ਮਹਾਰਾਜੇ ਨੇ ਅੰਗਰੇਜ਼ ਗਵਰਨਰ ਜਨਰਲ ਨੂੰ ਦੱਸਿਆ ਕਿ ਉਸ ਨੇ ਵੀ ਇਸ ਤਰ੍ਹਾਂ ਦਾ ਯੂਰਪੀਅਨ ਸ਼ੈਲੀ ਦਾ ਜੰਗੀ ਸਮਾਨ ਬਹੁਤ ਪੈਸਾ ਖਰਚ ਕੇ ਤਿਆਰ ਕਰਵਾਇਆ ਹੈ। ਇਸ ਤੋਂ ਲਾਹੌਰ ਦਰਬਾਰ ਦੀ ਰੱਖਿਆਤਮਕ ਅਤੇ ਜੰਗੀ ਤਿਆਰੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਹਾਰਾਜਾ ਇਸ ਪੱਖੋਂ ਕਿੰਨਾ ਚੇਤੰਨ ਸੀ ਤੇ ਇਸ ਲਈ ਉਸ ਨੇ ਆਪਣੀ ਫੌਜ ਨੂੰ ਯੋਰਪੀਅਨ ਢੰਗ ਦੀ ਕਵਾਇਦ, ਉੱਤਮ ਅਤੇ ਨਵੀਨ ਕਿਸਮ ਦੇ ਹਥਿਆਰ ਅਤੇ ਯੋਰਪੀ ਜਰਨੈਲਾਂ ਦੀ ਭਰਤੀ ਕਰਕੇ ਆਪਣੀ ਫੌਜੀ ਸ਼ਕਤੀ ਨੂੰ ਸੁਦ੍ਰਿੜ ਕਰਨ ਵੱਲ ਪੂਰਾ ਧਿਆਨ ਦਿੱਤਾ ਸੀ। ਪਰ ਇਥੇ ਇਕ ਗੱਲ ਹੋਰ ਵੀ ਸਾਹਮਣੇ ਆਉਂਦੀ ਹੈ ਕਿ ਮਹਾਰਾਜੇ ਨੂੰ ਸਮੁੰਦਰੀ ਜੰਗੀ ਜਹਾਜ਼ਾਂ ਦੀ ਜੰਗੀ ਸਮਰੱਥਾ ਬਾਰੇ ਬਹੁਤਾ ਗਿਆਨ ਨਹੀਂ ਸੀ ਅਤੇ ਪੰਜਾਬ ਮੈਦਾਨੀ ਇਲਾਕਾ ਹੋਣ ਕਰਕੇ ਇਥੇ ਜੰਗੀ ਜਹਾਜ਼ਾਂ ਦੀ ਮਹੱਤਤਾ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਸੀ, ਹਾਲਾਂਕਿ 1832 ਈ. ਦੀ ਅੰਗੇਰਜ਼-ਲਾਹੌਰ ਦਰਬਾਰ ਸੰਧੀ ਰਾਹੀਂ ਸਤਲੁਜ ਅਤੇ ਸਿੰਧ ਆਦਿ ਦਰਿਆਵਾਂ ਰਸਤੇ ਕਿਸ਼ਤੀਆਂ ਤੇ ਛੋਟੇ ਜਹਾਜ਼ਾਂ ਰਾਹੀਂ ਵਪਾਰ ਆਵਾਜਾਈ ਨੂੰ ਮਨਜ਼ੂਰੀ ਦਿੱਤੀ ਗਈ ਸੀ ਅਤੇ ਇਸ ਮਾਧਿਅਮ ਰਾਹੀਂ ਪੰਜਾਬ ਤੇ ਸਿੰਧ ਆਦਿ ਦਰਮਿਆਨ ਵਪਾਰ ਨੂੰ ਕਾਫੀ ਉਤਸ਼ਾਹਿਤ ਕੀਤਾ ਗਿਆ ਸੀ।

ਇਸ ਮੁਲਾਕਾਤ ਸਮੇਂ ਮਹਾਰਾਜੇ ਨੇ ਗਵਰਨਰ ਜਨਰਲ ਕੋਲੋਂ ਯੂਰਪੀ ਮੁਲਕਾਂ ਦੇ ਹਾਲਾਤਾਂ ਸਮੇਤ ਈਰਾਨ ਦੇ ਅਧਿਕਾਰ ਹੇਠ ਰਹੇ ਕਟਕ ਦੇ ਟਾਪੂ (?) ਉੱਤੇ ਅੰਗਰੇਜ਼ਾਂ ਦੇ ਅਧਿਕਾਰ ਕਰ ਲੈਣ ਅਤੇ ਉਥੋਂ ਦਾ ਪ੍ਰਬੰਧ ਕਰਨ ਸਮੇਤ ਕੁਝ ਹੋਰ ਅੰਤਰ-ਰਾਸ਼ਟਰੀ ਪੱਧਰ

ਦਾ ਰਾਜਨੀਤਿਕ ਗਿਆਨ ਰੱਖਣ ਦੀ ਤੀਖਣ ਬੁੱਧੀ ਬਾਰੇ ਪਤਾ ਲੱਗਦਾ ਹੈ। ਇਸ ਸਮੇਂ ਮਹਾਰਾਜੇ ਦੁਆਰਾ ਆਪਣੇ ਵਿਦੇਸ਼ੀ (ਫਰੈਂਚ) ਜਰਨੈਲਾਂ ਅਲਾਰਡ ਤੇ ਵੈਂਤੂਰਾ ਦੀ ਯੂਰਪ ਵਿਚ ਪਹਿਚਾਣ ਅਤੇ ਸਥਿਤੀ ਬਾਰੇ ਗਵਰਨਰ ਜਨਰਲ ਤੋਂ ਤਫਤੀਸ਼ ਕਰਨ ਤੋਂ ਮਹਾਰਾਜੇ ਦੇ ਅੱਖਾਂ ਮੀਟ ਕੇ ਵਿਸ਼ਵਾਸ ਨਾ ਕਰਨ ਵਾਲੇ ਗੁਣ ਵੱਲ ਇਸ਼ਾਰਾ ਮਿਲਦਾ ਹੈ। ਇਸ ਮੁਲਾਕਾਤ ਸਮੇਂ ਲਾਹੌਰ ਦਰਬਾਰ ਦੇ ਪ੍ਰਸਿੱਧ ਯੂਰਪੀ ਜਰਨੈਲ ਵੈਂਤੂਰਾ ਦੇ ਆਪਣੇ ਵਤਨ ਗਏ ਹੋਣ ਬਾਰੇ ਵੀ ਜਾਣਕਾਰੀ ਮਿਲਦੀ ਹੈ।

ਇਸ ਮੁਲਾਕਾਤ ਦੇ ਸਮੁੱਚੇ ਬ੍ਰਿਤਾਂਤ ਤੋਂ 19ਵੀਂ ਸਦੀ ਦੇ ਰਾਜਨੀਤਿਕ ਅਤੇ ਕੂਟਨੀਤਕ ਸਬੰਧਾਂ ਬਾਰੇ ਇਸ਼ਾਰਾ ਮਿਲਦਾ ਹੈ ਕਿ ਕਿਵੇਂ ਲਾਹੌਰ ਦਰਬਾਰ ਅਤੇ ਅੰਗਰੇਜ਼ ਸਰਕਾਰ ਆਪਣੀਆਂ ਰਾਜਨੀਤਿਕ ਮਜ਼ਬੂਰੀਆਂ ਕਰਕੇ ਕੂਟਨੀਤੀ ਰਾਹੀਂ ਇਕ-ਦੂਜੇ ਦੇ ਗੂੜ੍ਹੇ ਮਿੱਤਰ ਹੋਣ ਦੇ ਵਿਸ਼ਵਾਸ਼ ਦਿਵਾਉਂਦੇ ਸਨ। ਇਸ ਮੁਲਾਕਾਤ ਸਮੇਂ ਦੋਹਾਂ ਧਿਰਾਂ ਵੱਲੋਂ ਇਕ-ਦੂਜੇ ਪ੍ਰਤੀ ਦਿਖਾਏ ਸ਼ਿਸ਼ਟਾਚਾਰ ਅਤੇ ਸਨੇਹ ਦੀ ਝਲਕ ਵੀ ਮਿਲਦੀ ਹੈ। ਇਸ ਤੋਂ ਇਲਾਵਾ ਦੋ ਵੱਡੀਆਂ ਰਾਜਨੀਤਕ ਸ਼ਕਤੀਆਂ ਵੱਲੋਂ ਮੁਲਾਕਾਤ ਸਮੇਂ ਕੀਤੇ ਜਾਂਦੇ ਦਸਤੂਰ (Protocol) ਜਿਵੇਂ ਮਹਿਮਾਨਾ ਦੇ ਸਵਾਗਤ ਲਈ ਅੱਗੋਂ ਜਾ ਕੇ ਲਿਆਉਣਾ, ਸਲਾਮੀ ਵਜੋਂ ਤੋਪਾਂ ਦੀਆਂ ਸ਼ਲਕਾਂ ਛੱਡਣੀਆਂ ਅਤੇ ਫੌਜ ਦੁਆਰਾ ਪਰੇਡ ਦਰਮਿਆਨ ਸਲੂਟ ਕਰਨਾ, ਬੈਠਣ, ਚੱਲਣ-ਫਿਰਨ ਆਦਿ ਸਬੰਧੀ ਜਾਣਕਾਰੀ ਮਿਲਦੀ ਹੈ।

ਇਸ ਲਿਖਤ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੀ ਸਿਹਤ ਵਿਚ ਬੁਢੇਪੇ ਅਤੇ ਬਿਮਾਰੀ ਨਾਲ ਆ ਰਹੀ ਗਿਰਾਵਟ ਬਾਰੇ ਵੀ ਪਤਾ ਲੱਗਦਾ ਹੈ ਕਿਉਂਕਿ ਇਸ ਮੁਲਾਕਾਤ ਤੋਂ ਥੋੜ੍ਹਾ ਚਿਰ ਪਿੱਛੋਂ ਮਹਾਰਾਜੇ ਉੱਪਰ ਅਧਰੰਗ ਦਾ ਇਕ ਹਮਲਾ ਹੋਇਆ ਸੀ ਜਿਸ ਨਾਲ ਉਸ ਦੀ ਸਿਹਤ ਹੋਰ ਵਿਗੜ ਗਈ ਤੇ ਇਸ ਤੋਂ ਜਲਦੀ ਪਿੱਛੋਂ ਜੁਲਾਈ 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਸੀ। ਇਸ ਲਿਖਤ ਵਿਚ ਉਪਰੋਕਤ ਮੁਲਾਕਾਤ ਸਬੰਧੀ ਕੀਤਾ ਗਿਆ ਵਿਸਥਾਰਤ ਵਰਨਣ, ਇਸ ਮੁਲਾਕਾਤ ਸਮੇਂ ਲਾਰਡ ਆਕਲੈਂਡ ਦੀ ਭੈਣ 'ਐਮਲੀ ਈਡਨ' ਦੀ ਮੌਜੂਦਗੀ ਬਾਰੇ ਵਿਵਰਣ ਉਸ ਦੀ ਪੁਸਤਕ 'Up the Country' ਵਿਚ ਦਿੱਤੇ ਬ੍ਰਿਤਾਂਤ ਨਾਲ ਬਹੁਤ ਮਿਲਦੇ ਹਨ।

## 2.2. ਕੌਲਨਾਮੋ ਲਾਹੌਰ ਕੋ:

ਇਹ ਲਿਖਤ ਵੀ ਉਪਰੋਕਤ ਲਿਖਤ ਵਾਂਗ ਕਿਸੇ ਅਖਬਾਰ ਜਾਂ ਇਸ਼ਤਹਾਰ ਤੋਂ ਨਕਲ ਕੀਤੀ ਗਈ ਲੱਗਦੀ ਹੈ। ਇਸ ਦੀ ਸ਼ਬਦਾਵਲੀ ਅਤੇ ਦਿੱਤੇ ਗਏ ਵੇਰਵੇ, ਨਾਮ ਆਦਿ, ਇਸ ਸੰਧੀ ਦੀਆਂ ਅੰਗਰੇਜ਼ੀ ਵਿਚ ਮਿਲਦੀਆਂ ਲਿਖਤਾਂ ਨਾਲ ਬਿਲਕੁਲ ਮਿਲਦਾ ਹੈ। ਇਹ ਲਿਖਤ ਰਾਜਸਥਾਨੀ ਸ਼ੋਧ ਸੰਸਥਾਨ ਚੌਪਾਸਨੀ, ਜੋਧਪੁਰ ਦੇ ਪੁਸਤਕ ਸੰਗ੍ਰਹਿ ਵਿਚ ਮੌਜੂਦ 'ਭੂਗੋਲ, ਇਤਹਾਸ ਵਿਸ਼ਯ ਸੰਬੰਧੀ ਅਨਯ ਵਿਵਿਧ ਵਿਸ਼ਿਉਂ ਕਾ ਫੁਟਕਲ ਗ੍ਰੰਥ' ਵਿਚ ਪੱਤਰਾ ਨੰਬਰ 289-ਅ ਤੋਂ ਪੱਤਰਾ ਨੰਬਰ 290 ੳ ਤੱਕ ਦੋ ਸਫਿਆਂ ਦੀ ਲਿਖਤ ਹੈ। ਇਸ ਕੌਲਨਾਮੇ ਦਾ ਗ੍ਰੰਥ ਵਿਚ ਸ਼ਾਮਲ ਰਚਨਾਵਾਂ ਵਿਚੋਂ 82 ਨੰਬਰ ਲਗਾਇਆ ਹੈ। ਇਸ ਗ੍ਰੰਥ ਵਿਚ ਲਾਹੌਰ ਦਰਬਾਰ ਨਾਲ ਸਬੰਧਤ ਦੋ ਅਹਿਮ ਇਤਿਹਾਸਕ ਘਟਨਾਵਾਂ ਨਾਲ ਸਬੰਧਤ ਵੇਰਵੇ ਮਿਲਦੇ ਹਨ, ਜਿਨਾਂ ਵਿਚ ਇਕ ਮਹਾਰਾਜਾ ਰਣਜੀਤ ਸਿੰਘ ਦੀ ਫਿਰੋਜ਼ਪੁਰ ਵਿਚ ਅੰਗਰੇਜ਼ਾਂ ਨਾਲ ਮੁਲਾਕਾਤ ਸੰਬੰਧੀ ਹੈ ਜਿਸ ਦਾ ਵਿਸਥਾਰ ਪੂਰਵਕ ਵਰਨਣ ਇਸ ਤੋਂ ਪਹਿਲਾਂ ਆ ਚੁੱਕਾ ਹੈ ਅਤੇ ਦੂਜੀ ਲਿਖਤ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਤੋਂ ਪਿਛੋਂ ਦੂਜੀ ਵਾਰ 16 ਦਸੰਬਰ 1846 ਈ. ਨੂੰ ਦੋਹਾਂ ਧਿਰਾਂ (ਲਾਹੌਰ ਦਰਬਾਰ ਅਤੇ ਅੰਗਰੇਜ਼ਾਂ) ਦਰਮਿਆਨ ਹੋਏ ਲਿਖਤ ਇਕਰਾਰਨਾਮੇ ਦੀਆਂ 12 ਸ਼ਰਤਾਂ ਦੀ ਨਕਲ ਹੈ। ਇਸ ਗ੍ਰੰਥ ਬਾਰੇ ਬਾਕੀ ਵੇਰਵਾ ਪਹਿਲਾਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਮੁਲਾਕਾਤ ਵਾਲੀ ਲਿਖਤ ਵਿਚ ਆ ਗਿਆ ਹੈ।

### 2.2.1. ਕੋਲਨਾਮੋ ਲਾਹੌਰ ਕੋ ਦਾ ਪੰਜਾਬੀ ਅਨੁਵਾਦ :

ਕੌਲਨਾਮਾ ਲਾਹੌਰ ਦਾ ਸਿੰਘ ਦਲੀਪ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਇਸ ਤਰ੍ਹਾਂ ਹੋਇਆ:

ਰਾਜਾ ਦਲੀਪ ਸਿੰਘ ਅਤੇ ਗਵਰਨਰ ਜਨਰਲ ਅਰਦੰਗ ਸਾਹਿਬ (ਲਾਰਡ ਹੈਨਰੀ ਹਾਰਡਿੰਗ)[19] ਬਦਕਰਤੂਤ ਲਾਲ ਸਿੰਘ ਮੁਖਤਿਆਰ ਅਤੇ ਕਸ਼ਮੀਰ ਦੇ ਸਾਬਕਾ ਹਾਕਮ ਨੇਕਨਾਮੀ ਸ਼ੇਖ ਈਮਾਮਦੀਨ ਵੱਲੋਂ ਬਿਆਸ ਨਦੀ ਕਿਨਾਰੇ, ਕਾਰੀ ਸਾਹਿਬ (ਮਿਸਟਰ

---

19 Ganda Singh, (Ed.), *Maharaja Duleep Singh Correspondence,* p 671.

ਫਰੈਡਰਿਕ ਕਰੀ) ਸਕੱਤਰ, ਕਰਨਲ ਲਾਰਨ ਸਾਹਿਬ (ਹੈਨਰੀ ਮਿੰਟਗੁਮਰੀ ਲਾਰੰਸ) ਬਹਾਦਰ ਏਜੰਟ ਲਾਹੌਰ ਦਾ, ਗਵਾਹ ਪੰਤਾਲੀ (45) ਸਰਦਾਰਾਂ ਦੀ (ਜਿਸ ਵਿਚ) ਸਿਰਦਾਰ ਸਿੰਘ ਅਟਾਰੀ ਵਾਲਾ ਤੇ ਤੇਜ ਸਿੰਘ, ਖ਼ਲੀਫਾ ਨੂਰਦੀਨ, ਦੀਵਾਨ ਦੀਨਾ ਨਾਥ, ਰਣਜੂਰ (ਰਣਜੋਧ) ਸਿੰਘ ਮਜੀਠੀਆ, ਅਤਰ ਸਿੰਘ ਕਿਲੇ ਵਾਲਾ (ਕਾਲਿਆਂ ਵਾਲਾ), ਰਾਇ ਕਿਸ਼ਨ ਚੰਦ, ਭਾਈ ਧਿਆਨ ਸਿੰਘ, ਸੁਜਾਨ ਸਿੰਘ ਮਜੀਠੀਆ, ਸ਼ਮਸ਼ੇਰ ਸਿੰਘ ਸਿੰਘਾਵਾਲਾ (ਸੰਧਾਵਾਲੀਆ) ਕੇਹਰ ਸਿੰਘ ਸਿੰਘਾਵਾਲਾ (ਸੰਧਾਵਾਲੀਆ), ਲਾਲਾ ਸਿੰਘ ਮੁਰਾਰੀਆ, ਅਰਜਨ ਸਿੰਘ ਰੰਘੜ ਨੰਗਲੀਆ ਵਗੈਰਾ, ਸੱਤ ਸਾਲਾਂ ਲਈ (ਇਕਰਾਰਨਾਮਾ)

- **ਕਲਮ ਹਕੀਕਤ ਪਹਿਲੀ**: (1) ਕਪਤਾਨ (ਡੇਵਡ) ਸਾਹਿਬ, ਜਾਰਜ ਸਾਹਿਬ ਅਤੇ ਲਾਰਨ ਸਪਾਤਰ (ਹੈਨਰੀ ਮਿੰਟਗੁਮਰੀ ਲਾਰੰਸ) ਸਾਹਿਬ ਪੰਦਰਾਂ (15) ਰੈਜਮੈਂਟ ਗੋਰਿਆਂ ਦੀ, ਤਿਲੰਗਿਆਂ ਦੀ ਹਮੇਸ਼ਾ ਪਿਸ਼ੌਰ (ਪਿਸ਼ਾਵਰ) ਵਿਚ ਰਹਿਣਗੇ।
- **ਕਲਮ ਦੂਸਰੀ:** ਅੰਗਰੇਜ਼ੀ ਫੌਜ ਵੱਡੀ ਵੱਡੀ (ਗਿਣਤੀ ਵਿਚ) ਪਿਸ਼ਾਵਰ ਵਗੈਰਾ ਵਿਚ ਰਹੇਗੀ।
- **ਕਲਮ ਤੀਸਰੀ:** ਲਾਹੌਰ ਸਰਕਾਰ ਹਰ ਜਗ੍ਹਾ ਫੌਜਦਾਰੀ, ਦੀਵਾਨੀ ਅਤੇ ਕਲੈਕਟਰੀ (ਮਾਲ) ਪਰਮਟ (ਲਿਖਤ) ਕਾਨੂੰਨ ਅਨੁਸਾਰ ਆਪਣੇ ਦੇਸ਼ ਵਿਚ ਨਿਸ਼ਚਤ ਤੌਰ ਤੇ ਕਾਇਮ ਕਰੇਗੀ ਅਤੇ ਕਚਿਹਰੀ (ਅਦਾਲਤੀ) ਕਾਨੂੰਨ ਸਦਰ ਅਨੁਸਾਰ ਲਾਹੌਰ (ਰਾਜ) ਦੇ ਸਰਦਾਰ ਕਾਨੂੰਨ ਦੇ ਅਧੀਨ ਹੋਣਗੇ ਅਤੇ ਸਰਦਾਰ (ਅਦਾਲਤੀ ਕਾਨੂੰਨ ਨੂੰ) ਅਮਲ ਵਿਚ ਲਿਆਉਣਗੇ, ਜੋ ਕੋਈ ਉਜਰ ਕਰੇਗਾ ਉਸ ਨੂੰ (ਕਾਨੂੰਨ ਅਨੁਸਾਰ) ਸਜ਼ਾ ਮਿਲੇਗੀ।
- **ਕਲਮ ਚੌਥੀ**: ਦੇਸ਼ ਦੇ, ਮਾਲ ਦੇ ਅਦਾਲਤੀ ਮੁਕੱਦਮੇ ਦੀਵਾਨ ਦੀਨਾ ਨਾਥ ਅਤੇ ਖਲੀਫ਼ਾ ਨੂਰਦੀਨ ਸਮਝ ਕੇ ਏਜੰਟ ਸਾਹਿਬ ਦੇ ਦਸਤਖਤਾਂ ਨਾਲ ਜਾਰੀ ਕਰਨਗੇ (ਭਾਵ ਮਾਲ ਅਤੇ ਦੀਵਾਨੀ ਮੁਕੱਦਮਿਆਂ ਦੀ ਸੁਣਵਾਈ ਕਰ ਕੇ ਹੁਕਮ ਜਾਰੀ ਕਰਨਗੇ)
- **ਕਲਮ ਪੰਜਵੀਂ:** ਥਾਂ-ਥਾਂ 'ਤੇ ਸਿੱਖਾਂ ਦੇ ਹਾਕਮ ਕਾਇਮ ਰਹਿਣਗੇ ਅਤੇ ਉਨਾਂ ਨਾਲ ਇਕ-ਇਕ ਆਮੀਨ (ਸਾਲਸੀ, ਜਿਲ੍ਹਾ ਸਕੱਤਰ) ਰਹੇਗਾ ਅਤੇ ਅੰਗਰੇਜ਼ੀ ਫੌਜ ਵੀ ਉਨ੍ਹਾਂ ਦੇ ਨਾਲ ਰਹੇਗੀ।

- **ਕਲਮ ਛੇਵੀਂ:** ਕਿਲ੍ਹਿਆਂ ਨੂੰ ਢਾਹੁਣਾ ਜਾਂ ਰੱਖਣਾ, ਸਾਹਿਬਾਂ (ਅੰਗਰੇਜ਼ਾਂ) ਦੇ ਅਖ਼ਤਿਆਰ ਵਿਚ ਰਹੇਗਾ।
- **ਕਲਮ ਸੱਤਵੀਂ**: ਮਹਾਰਾਜ (ਮਹਾਰਜਾ ਦਲੀਪ ਸਿੰਘ) ਦਾ (ਰਾਜ ਦਾ) ਜਾਬਤਾ ਕਾਇਮ ਰੱਖਣ ਲਈ ਅੰਗਰੇਜ਼ੀ ਫੌਜ ਲਾਹੌਰ ਵਿਚ ਰੱਖੀ ਗਈ ਹੈ, ਜਦੋਂ ਠੀਕ (ਅੰਗਰੇਜ਼ਾਂ ਦੁਆਰਾ) ਸਮਝਿਆ ਜਾਵੇਗਾ (ਫੌਜ) ਉਠਾ ਲਈ ਜਾਵੇਗੀ।
- **ਕਲਮ ਅੱਠਵੀਂ**: ਜਿਹੜੇ ਸਰਦਾਰਾਂ ਕੋਲ ਦੇਸ਼ ਦੇ ਇਲਾਕੇ ਅਤੇ ਕਿਲ੍ਹੇ ਹਨ, ਜੇਕਰ ਕਿਸੇ ਤਰ੍ਹਾਂ ਦਾ ਕਸੂਰ ਕਰਦੇ ਹਨ ਤਾਂ ਉਨ੍ਹਾਂ ਦੀ ਜਾਗੀਰ ਵਗੈਰਾ ਜਬਰਦਸਤੀ ਅੰਗਰੇਜ਼ ਸਰਕਾਰ ਮਿਲਾ ਲਵੇਗੀ/ ਜਗੀਰ 'ਤੇ ਕਬਜਾ ਕਰ ਲਵੇਗੀ।
- **ਕਲਮ ਨੌਵੀਂ:** ਬਾਈ (22) ਲੱਖ ਰੁਪਏ ਹਰ ਸਾਲ ਦੋ ਕਿਸ਼ਤਾਂ ਵਿਚ ਲਾਹੌਰ (ਰਾਜ) ਦੇ ਸਰਦਾਰ ਅੰਗਰੇਜ਼ੀ ਫੌਜ ਨੂੰ (ਖਰਚ) ਦੇਣਗੇ।
- **ਕਲਮ ਦਸਵੀਂ:** ਦੇਸ਼ ਦੀ, ਮਾਲ ਦੀ ਅਤੇ ਅਮਲੇ ਦੀ ਨਿਗਰਾਨੀ ਅੰਗਰੇਜ਼ੀ ਸਰਕਾਰ ਦੀ ਹੋਵੇਗੀ।
- **ਕਲਮ ਗਿਆਰ੍ਹਵੀਂ**: ਰਾਣੀ (ਮਹਾਰਾਣੀ ਜਿੰਦਾਂ) ਦੇ ਲਈ ਡੇਢ ਲੱਖ ਰੁਪਏ ਆਪਣੇ ਜ਼ਰੂਰੀ ਖਰਚ ਲਈ (ਸਲਾਨਾ) ਅਤੇ ਸਰਦਾਰੀ ਲਈ ਹੋਣਗੇ ਜਿਸ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਕਰੇਗਾ।
- **ਕਲਮ ਬਾਰ੍ਹਵੀਂ:** ਸੰਨ 1854 ਈ. ਨੂੰ ਮਹਾਰਜਾ ਦਲੀਪ ਸਿੰਘ ਦੀ ਉਮਰ ਸਾਢੇ ਸੋਲਾਂ ਸਾਲ ਦੀ ਹੋ ਜਾਵੇਗੀ, ਜੋ ਸਰਦਾਰੀ (ਰਾਜ ਦੀ ਮੁਖ਼ਤਿਆਰੀ ਲਈ ) ਦੇ ਯੋਗ ਮੰਨੇ ਜਾਣਗੇ ਤਾਂ (ਮਹਾਰਜਾ ਦਲੀਪ ਸਿੰਘ) ਸਰਦਾਰੀ ਵਿਚ ਦਖਲ ਦੇ ਸਕਣਗੇ। ਉਸ ਸਮੇਂ ਨਵਾਂ ਕੌਲਨਾਮਾ (ਇਕਰਾਰਨਾਮਾ) ਲਿਖਿਆ ਜਾਵੇਗਾ, ਜਿਸ ਦੀ ਵਜ੍ਹਾ ਅੰਗਰੇਜ਼ ਸਰਕਾਰ ਹੋਵੇਗੀ। ਤਾਰੀਖ ਦਸੰਬਰ ਦੀ ਸੋਲ੍ਹਵੀਂ (16 ਦਸੰਬਰ) ਸੰਨ 1846 ਈ.

2500000 (25 ਲੱਖ ਰੁ.) ਫੌਜ ਦੇ ਲਸ਼ਕਰ ਦਾ ਖਰਚ।

2500000 (25 ਲੱਖ ਰੁ.) ਸਿੱਖਾਂ ਦਾ ਖੱਲਰ' ਊਧਮ (ਦਬਾਉਣਾ) ਦੀ ਖ਼ੈਰਾਤ ਦੀ ਤਨਖਾਹ।

2200000 (22 ਲੱਖ ਰੁ.) ਅੰਗਰੇਜ਼ੀ ਫੌਜ ਦਾ ਖਰਚ।

1500000 (15 ਲੱਖ ਰੁ.) (150000 ਡੇਢ ਲੱਖ) ਰਾਣੀ ਸਾਹਿਬਾਂ ਦਾ ਇਕ ਸਾਲ ਦਾ।

2200000 (22 ਲੱਖ ਰੁ. ) ਮਹਾਰਾਜੇ ਦੇ ਖਾਸ ਨੌਕਰਾਂ ਅਤੇ ਜਲੂਸ (ਜਸ਼ਨਾਂ ਆਦਿ) ਵਾਸਤੇ।

## 2.2. 'ਕੌਲਨਾਵੇਂ ਲਾਹੌਰ ਕੋ' ਦਾ ਵਿਸਲੇਸ਼ਣ:

ਇਹ ਲਿਖਤ ਰਾਜਸਥਾਨੀ ਭਾਸ਼ਾ ਵਿਚ ਰਚਿਤ 'ਭੂਗੋਲ, ਇਤਿਹਾਸ ਵਿਸ਼ਯ ਸਬੰਧੀ ਏਵੰ ਅਨਯ ਵਿਵਿਧ ਵਿਸ਼ਿਉ ਕਾ ਫੁਟਕਰ ਗ੍ਰੰਥ ਵਿਚ ਫੋਲੀਓ 289 ਅ ਤੋਂ 290 ੳ ਤੇ ਦਰਜ ਹੈ। ਇਸ ਲਿਖਤ ਵਿਚ ਲਾਹੌਰ ਅਤੇ ਅੰਗਰੇਜ਼ ਸਰਕਾਰ ਦਰਮਿਆਨ 16 ਦਸੰਬਰ 1846 ਈ. ਨੂੰ ਨਵਿਆਏ ਗਏ ਸਮਝੌਤੇ ਦੀਆਂ ਸ਼ਰਤਾਂ ਸਮੇਤ ਦੋਹਾਂ ਧਿਰਾਂ ਵੱਲੋਂ ਸਮਝੌਤੇ 'ਤੇ ਹਸਤਾਖਰ ਕਰਨ ਵਾਲੀਆਂ ਹਸਤੀਆਂ ਦੇ ਨਾਮ ਵੀ ਦਿੱਤੇ ਗਏ ਹਨ। ਇਸ ਸਮਝੌਤੇ ਤੋਂ ਪਹਿਲਾਂ 9 ਮਾਰਚ 1846 ਈ. ਨੂੰ ਵੀ ਇਨ੍ਹਾਂ ਦੋਹਾਂ ਧਿਰਾਂ ਦਰਮਿਆਨ ਇੱਕ ਸੰਧੀ ਹੋਈ ਸੀ ਜੋ 1845-46 ਈ. ਦੀਆਂ ਅੰਗਰੇਜ਼-ਲਾਹੌਰ ਦਰਬਾਰ ਜੰਗਾਂ, ਜਿਸ ਨੂੰ ਪਹਿਲੀ ਐਂਗਲੋਂ-ਸਿੱਖ ਜੰਗ ਨਾਲ ਵੀ ਜਾਣਿਆ ਜਾਂਦਾ ਹੈ ਤੋਂ ਪਿੱਛੋਂ ਕੀਤਾ ਗਿਆ ਸੀ। ਇਸ ਸਮਝੌਤੇ ਵਿਚ ਲਾਹੌਰ ਦਰਬਾਰ ਉੱਪਰ 8 ਸ਼ਰਤਾਂ ਲਾਗੂ ਕੀਤੀਆਂ ਗਈਆਂ ਸਨ। ਇਨ੍ਹਾਂ ਦੋਵਾਂ ਸਮਝੌਤਿਆਂ/ਅਹਿਦਨਾਮਿਆਂ ਉੱਪਰ ਅੰਤਮ ਪ੍ਰਵਾਨਗੀ ਵਜੋਂ ਦੋਹਾਂ ਧਿਰਾਂ ਦੀਆਂ ਪ੍ਰਮੁੱਖ ਹਸਤੀਆਂ ਦੇ ਦਸਤਖਤਾਂ ਤੋਂ ਇਲਾਵਾ ਅੰਤਮ ਪ੍ਰਵਾਨਗੀ ਦੇ ਤੌਰ ਤੇ ਲਾਹੌਰ ਰਾਜ ਵੱਲੋਂ ਨਾਬਾਲਗ ਮਹਾਰਾਜਾ ਦਲੀਪ ਸਿੰਘ ਅਤੇ ਅੰਗਰੇਜ਼ ਸਰਕਾਰ ਵੱਲੋਂ ਭਾਰਤ ਦੇ ਗਵਰਨਰ ਜਨਰਲ ਲਾਰਡ ਹੈਨਰੀ ਹਾਰਡਿੰਗ ਵੱਲੋਂ ਆਪਣੇ ਹਸਤਾਖਰ ਕਰ ਕੇ ਸਹੀ ਪਾਈ ਗਈ ਸੀ। ਇਹ ਦੋਵੇਂ ਸਮਝੌਤੇ ਜੇਤੂ ਧਿਰ ਅੰਗਰੇਜ਼ ਸਰਕਾਰ ਵੱਲੋਂ ਆਪਣੀ ਮਨਮਰਜ਼ੀ ਦੀਆਂ ਸ਼ਰਤਾਂ ਨਾਲ ਲਾਹੌਰ ਦਰਬਾਰ ਦੀ ਉੱਪਰ ਠੋਸੇ ਗਏ ਸਨ। ਦਸੰਬਰ 1846 ਈ. ਨੂੰ ਨਵਿਆਏ ਗਏ ਅਹਿਦਨਾਮੇ ਵਿਚ ਕੁਝ ਸ਼ਰਤਾਂ ਪਹਿਲੀਆਂ ਹੀ ਰਹਿਣ ਦਿੱਤੀਆਂ ਗਈਆਂ ਅਤੇ ਕੁਝ ਨਵੀਆਂ ਹੋਰ ਸ਼ਰਤਾਂ ਇਸ ਵਿਚ ਜੋੜ ਦਿੱਤੀਆਂ ਗਈਆਂ। 16 ਦਸੰਬਰ 1846 ਈ. ਵਾਲੇ ਅਹਿਦਨਾਮੇ ਦੀਆਂ ਸ਼ਰਤਾਂ ਉੱਪਰ ਪੰਜਾਬੀ ਅਨੁਵਾਦ ਵਿਚ ਲਿਖ ਦਿੱਤੀਆਂ ਗਈਆਂ ਹਨ।

ਇਸ ਅਹਿਦਨਾਮੇ ਰਾਹੀਂ ਲਾਹੌਰ ਦਰਬਾਰ ਦੀ ਪ੍ਰਭੂਸੱਤਾ ਸਦਾ ਲਈ ਖਤਮ ਹੋ ਗਈ ਅਤੇ ਭਾਰਤੀ ਉੱਪ-ਮਹਾਂਦੀਪ ਦੇ ਉੱਤਰੀ-ਪੱਛਮੀਂ ਹਿੱਸੇ ਵਿਚ ਸਥਿਤ ਇੱਕੋ-ਇੱਕ ਖੁਦ-ਮੁਖਤਿਆਰ ਰਾਜ ਵੀ ਅੰਗਰੇਜ਼ਾਂ ਦੀ ਬਸਤੀਵਾਦੀ ਨੀਤੀ ਅਧੀਨ ਈਸਟ ਇੰਡੀਆ ਕੰਪਨੀ ਦੀ ਗੁਲਾਮੀ ਹੇਠ ਚਲਾ ਗਿਆ। ਇਸ ਅਹਿਦਨਾਮੇ ਦੀਆਂ ਸ਼ਰਤਾਂ ਤੋਂ ਅੰਗਰੇਜ਼ਾਂ ਦੀ ਧੱਕੇਸ਼ਾਹੀ ਅਤੇ ਅਨਿਆ-ਪੂਰਵਕ ਨੀਅਤ ਦੀ ਝਲਕ ਨਜ਼ਰ ਆਉਂਦੀ ਹੈ ਕਿ ਜਿਹੜੀ ਅੰਗਰੇਜ਼ ਹਕੂਮਤ ਲਾਹੌਰ ਦਰਬਾਰ ਦੇ ਮਹਾਰਾਜਾ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਦਾ ਸੱਚਾ ਮਿੱਤਰ ਦੱਸਦੀ ਨਹੀਂ ਥੱਕਦੀ ਸੀ ਉਹੋ ਅੰਗਰੇਜ਼ ਹਕੂਮਤ ਮਹਾਰਜਾ ਦੀ ਮੌਤ ਤੋਂ ਕੁਝ ਸਾਲਾਂ ਬਾਅਦ ਹੀ ਆਪਣੇ ਸੱਚੇ ਮਿੱਤਰ ਦੇ ਰਾਜ ਅਤੇ ਉਸ ਦੇ ਵਾਰਸਾਂ ਨੂੰ ਆਪਣੇ ਅਧੀਨ ਕਰਨ ਲਈ ਕਿੰਨੀ ਤਤਪਰ ਸੀ।

ਇਸ ਅਹਿਦਨਾਮੇ ਦੀਆਂ ਸ਼ਰਤਾਂ ਨਾਲ ਲਾਹੌਰ ਦਰਬਾਰ ਦੇ ਹਰੇਕ ਅਧਿਕਾਰ ਖੇਤਰ ਵਿਚ ਅੰਗਰੇਜ਼ ਸਰਕਾਰ ਵੱਲੋਂ ਲਾਹੌਰ ਵਿਚ ਨਿਯੁਕਤ ਕੀਤੇ ਜਾਣ ਵਾਲੇ ਅੰਗਰੇਜ਼ ਅਫ਼ਸਰ (ਰੈਜ਼ੀਡੈਂਟ) ਦੀ ਸਿੱਧੀ ਦਖਲ-ਅੰਦਾਜੀ ਸੀ ਅਤੇ ਉਸ ਦੁਆਰਾ ਲਿਆ ਜਾਣ ਵਾਲਾ ਕੋਈ ਵੀ ਫੈਸਲਾ ਲਾਹੌਰ ਦਰਬਾਰ ਦੀ ਹਕੂਮਤ ਅਤੇ ਪਰਜਾ ਲਈ ਅੰਤਮ ਸੀ। ਇਸ ਅਹਿਦਨਾਮੇ ਨਾਲ ਲਾਹੌਰ ਦਰਬਾਰ ਦੇ ਸਰਦਾਰਾਂ, ਜਾਗੀਰਦਾਰਾਂ, ਫੌਜੀ ਜਰਨੈਲਾਂ ਅਤੇ ਹੋਰ ਅਹਿਲਕਾਰਾਂ ਦੀਆਂ ਸ਼ਕਤੀਆਂ ਸੀਮਤ ਹੋ ਗਈਆਂ ਸਨ, ਜਿਸ ਨਾਲ ਕਈ ਵੱਡੇ ਅਹੁਦਿਆਂ ’ਤੇ ਬਿਰਾਜ਼ਮਾਨ ਸਰਦਾਰਾਂ ਤੇ ਅਹਿਲਕਾਰਾਂ ਦੇ ਸਵੈਮਾਣ ਤੇ ਇੱਜਤ ਨੂੰ ਧੱਕਾ ਲੱਗਾ। ਸਮੁੱਚੇ ਰਾਜ ਦਾ ਪ੍ਰਸ਼ਾਸਨਿਕ, ਨਿਆਇਕ, ਫੌਜੀ ਅਤੇ ਮਾਲੀਆ ਪ੍ਰਬੰਧ ਅੰਗਰੇਜ਼ ਹਕੂਮਤ ਦੇ ਅਧੀਨ ਹੋ ਗਿਆ ਪਰ ਇਸ ਅਹਿਦਨਾਮੇ ਤਹਿਤ ਲਾਹੌਰ ਦਰਬਾਰ ਦੇ ਖਜ਼ਾਨੇ ਵਿਚ ਤਤਕਾਲੀ ਤੇ ਅੱਗੋਂ ਤੋਂ ਪੂਰੀ ਕਰਨ ਦਾ ਫੈਸਲਾ ਕੀਤਾ ਗਿਆ। ਲਾਹੌਰ ਦਰਬਾਰ ਦਾ ਖ਼ੁਦ-ਮੁਖਤਿਆਰ ਮਹਾਰਾਜਾ ਦਲੀਪ ਸਿੰਘ ਅੰਗਰੇਜ਼ ਸਰਕਾਰ ਦਾ ਆਸ਼ਰਿਤ ਬਣ ਕੇ ਪੈਨਸ਼ਨ-ਗੁਜ਼ਾਰ ਬਣ ਗਿਆ ਜੋ ਇਸ ਅਹਿਦਨਾਮੇ ਦੀਆਂ ਸ਼ਰਤਾਂ ਅਨੁਸਾਰ 16 ਸਾਲ ਦੀ ਉਮਰ ਤੋਂ ਬਾਅਦ ਵੀ ਆਪਣੇ ਰਾਜ ਦਾ ਮਾਲਕ ਨਾ ਬਣ ਸਕਿਆ ਅਤੇ ਸਾਰੀ ਜ਼ਿੰਦਗੀ ਜਲਾਵਤਨੀ ਵਿਚ ਹੰਢਾਉਂਦਾ ਹੋਇਆ ਓਪਰੀ ਧਰਤੀ ’ਤੇ ਇਸ ਜਹਾਨ ਤੋਂ ਰੁਖ਼ਸਤ ਹੋ ਗਿਆ। ਅੰਗਰੇਜ਼ੀ ਸਰਕਾਰ ਇਸ ਅਹਿਦਨਾਮੇ ਦੀਆਂ ਹੋਰ ਸ਼ਰਤਾਂ ਤੋਂ ਇਲਾਵਾ ਅੰਗਰੇਜ਼ੀ ਫੌਜ ਦਾ ਸਲਾਨਾ 22 ਲੱਖ ਰੁ. ਦਾ ਬੋਝ, 25 ਲੱਖ

ਰੁ. ਅੰਗਰੇਜ਼ਾਂ ਤੇ ਸਿੱਖਾਂ ਦੀਆਂ ਪਹਿਲੀਆਂ ਲੜਾਈਆਂ ਦੇ ਖਰਚ ਦੇ ਹਰਜਾਨੇ ਵਜੋਂ, ਸਿੱਖਾਂ ਦੀ ਅੰਦਰੂਨੀ ਬਗ਼ਾਵਤ (ਫਤੂਰ) ਨੂੰ ਦਬਾਉਣ ਦੇ ਨਾਂ ਤੇ 25 ਲੱਖ ਰੁ. ਦੇ ਹਰਜਾਨੇ ਆਦਿ ਰਾਹੀਂ ਲਾਹੌਰ ਰਾਜ ਦੀ ਵੱਡੀ ਪੂੰਜੀ ਨੂੰ ਹੜੱਪਿਆ ਅਤੇ ਅੱਗੋਂ ਤੋਂ ਵੀ ਇਸ ਲੁੱਟ ਲਈ ਸ਼ਰਤਾਂ ਨਿਸ਼ਚਿਤ ਕੀਤੀਆਂ ਸਨ, ਜਿਸ ਨਾਲ ਲਾਹੌਰ ਦਰਬਾਰ ਆਰਥਿਕ ਮੰਦੀ ਦਾ ਸ਼ਿਕਾਰ ਹੋਇਆ ਅਤੇ ਪਿੱਛੋਂ ਫੌਜ ਦੀਆਂ ਤਨਖਾਹਾਂ ਤੱਕ ਦੇਣੀਆਂ ਮੁਸ਼ਕਿਲ ਹੋ ਗਈਆਂ ਸਨ, ਜਿਸ ਨਾਲ ਫੌਜ ਵਿਚ ਆਪਹੁਦਰਾ-ਪਣ ਅਤੇ ਅਰਾਜਕਤਾ ਫੈਲ ਗਈ ਸੀ। ਇਸ ਕੌਲਨਾਮੇ ਵਿਚ ਲਾਹੌਰ ਰਾਜ ਦੇ ਸਰਦਾਰਾਂ ਦੀ ਸ਼ਕਤੀ ਨੂੰ ਕੁਚਲਣ ਦੀਆਂ ਸ਼ਰਤਾਂ ਅਤੇ ਮਹਾਰਾਜਾ ਦਲੀਪ ਸਿੰਘ ਦੇ ਸਾਢੇ ਸੌਲਾਂ ਸਾਲ ਦੀ ਉਮਰ ਹੋਣ ਤੱਕ ਰਾਜ ਪ੍ਰਬੰਧ ਆਪਣੇ ਹੱਥ ਵਿਚ ਰੱਖਣ ਅਤੇ ਉਸ ਪਿਛੋਂ ਵੀ ਨਵਾਂ ਸਮਝੌਤਾ ਕਰਨ ਨੇ ਅੰਗਰੇਜ਼ਾਂ ਦੀ ਲਾਹੌਰ ਦਰਬਾਰ ਦੇ ਜਾਇਜ਼ ਹੱਕਾਂ ਨੂੰ ਖੋਹਣ ਅਤੇ ਪ੍ਰਭੂਸੱਤਾ ਨੂੰ ਖਤਮ ਕਰਨ ਦੀ ਨੀਅਤ ਜ਼ਾਹਰ ਕਰਦੇ ਹਨ।

ਇਸ ਅਹਿਦਨਾਮੇ ਦੀ 5ਵੀਂ ਮਦ ਅਨੁਸਾਰ ਲਾਹੌਰ ਦਰਬਾਰ ਦਾ ਪ੍ਰਬੰਧ ਕਰਨ ਲਈ ਬਣਾਈ ਗਈ ਕੌਂਸਲ ਵਿਚ ਵੀ ਬਹੁਤੇ ਅੰਗਰੇਜ਼ ਪੱਖੀ ਸਰਦਾਰ ਹੀ ਸ਼ਾਮਿਲ ਕੀਤੇ ਗਏ। ਦਰਬਾਰ ਦੇ ਇਲਾਕੇ ਵਿਚ ਅੰਦਰੂਨੀ ਬਗ਼ਾਵਤ ਨੂੰ ਦਬਾਉਣ ਦੇ ਨਾਮ ਤੇ ਰੱਖੀ ਗਈ ਅੰਗਰੇਜ਼ ਫੌਜ ਦਾ ਸਾਰਾ ਖਰਚ ਲਾਹੌਰ ਦਰਬਾਰ ਉੱਪਰ ਪਾਇਆ ਗਿਆ ਪਰ ਪਿਛੋਂ ਰਾਜਾ ਸ਼ੇਰ ਸਿੰਘ, ਰਾਜਾ ਚਤਰ ਸਿੰਘ ਅਤੇ ਦੀਵਾਨ ਮੂਲ ਰਾਜ ਵੱਲੋਂ ਕੀਤੀ ਗਈ ਬਗ਼ਾਵਤ ਦਾ ਬਹਾਨਾ ਬਣਾ ਕੇ ਦਲੀਪ ਸਿੰਘ ਦਾ ਰਾਜ ਖਤਮ ਕਰ ਦਿੱਤਾ ਗਿਆ ਅਤੇ ਲਾਹੌਰ ਦਰਬਾਰ ’ਤੇ ਅੰਗਰੇਜ਼ ਹਕੂਮਤ ਦਾ ਸਿੱਧਾ ਅਧਿਕਾਰ ਹੋ ਗਿਆ। ਇਸ ਅਹਿਦਨਾਮੇ ਅਨੁਸਾਰ ਦਰਬਾਰ ਦੇ ਇਲਾਕੇ ਦੀ ਅੰਦਰੂਨੀ ਬਗ਼ਾਵਤ ਨਾਲ ਨਜਿੱਠਣ ਦੀ ਜ਼ਿਮੇਵਾਰੀ ਅੰਗਰੇਜ਼ੀ ਫੌਜ ਅਤੇ ਅੰਗਰੇਜ਼ ਸਰਕਾਰ ਵੱਲੋਂ ਲਾਹੌਰ ਵਿਚ ਨਿਯੁਕਤ ਅਫ਼ਸਰ (ਰੈਜ਼ੀਡੈਂਟ) ਸਿਰ ਸੀ ਜਦਕਿ ਮਹਾਰਜਾ ਦਲੀਪ ਸਿੰਘ ਇਸ ਸਮਝੌਤੇ ਦੀਆਂ ਸ਼ਰਤਾਂ ਮੁਤਾਬਿਕ ਨਾਬਾਲਗ ਸੀ ਤੇ ਦਰਬਾਰ ਕੋਈ ਵੀ ਪ੍ਰਬੰਧ ਉਸ ਦੇ ਕੰਟਰੋਲ ਵਿਚ ਨਹੀਂ ਸੀ। ਇਸ ਅਹਿਦਨਾਮੇ ਦੀ 11ਵੀਂ ਮਦ ਨੂੰ ਅੰਗਰੇਜ਼ਾਂ ਨੇ ਜਾਣ ਬੁੱਝ ਕੇ ਆਪਣੀ ਭਵਿੱਖਤ ਨੀਤੀ ਨੂੰ ਧਿਆਨ ਵਿਚ ਰੱਖ ਕੇ ਲਚਕੀਲਾ ਬਣਾਇਆ ਤਾਂ ਜੋ ਆਉਣ ਵਾਲੇ ਸਮੇਂ ਵਿਚ ਆਪਣੀ ਮਰਜ਼ੀ ਅਨੁਸਾਰ ਅੰਗਰੇਜ਼ ਮਹਾਰਾਜਾ ਦੇ ਅਧਿਕਾਰਾਂ ਨੂੰ ਕੁਚਲ ਸਕਣ।

ਕੁਲ ਮਿਲਾ ਕੇ ਇਹ ਅਹਿਦਨਾਮਾ ਲਾਹੌਰ ਦਰਬਾਰ ਦੀ ਖੁਦ-ਮਖ਼ੁਤਿਆਰੀ, ਰਾਜਨੀਤਿਕ, ਆਰਥਿਕ, ਫੌਜੀ ਸ਼ਕਤੀ ਅਤੇ ਪ੍ਰਭੂਸੱਤਾ ਦੇ ਪਤਨ ਦਾ ਦਸਤਾਵੇਜ਼ ਸੀ । ਇਸ ਅਹਿਦਨਾਮੇ 'ਤੇ ਦੋਹਾਂ ਧਿਰਾਂ ਦੇ ਹਾਜ਼ਰ ਮੈਂਬਰਾਂ ਦੁਆਰਾ 16 ਦਸੰਬਰ 1846 ਈ. ਨੂੰ ਦਸਤਖ਼ਤ ਕੀਤੇ ਗਏ ਜਿਸ ਤੇ ਬਾਅਦ ਵਿਚ 26 ਦਸੰਬਰ 1846 ਈ. ਨੂੰ ਐਫ. ਕਰੀ ਦੇ ਦਸਤਖ਼ਤ ਕਰ ਕੇ ਅੰਤਮ ਰੂਪ ਵਿਚ ਸਹੀ-ਬੱਧ ਕੀਤਾ ਗਿਆ।[20]

### 3. ਪੋਤੇਦਾਰ/ਪੋਦਾਰ ਘਰਾਣੇ ਦੇ ਦਸਤਾਵੇਜ਼

ਅਜੋਕੇ ਰਾਜਸਥਾਨ ਪ੍ਰਾਂਤ ਦੇ ਸ਼ਹਿਰ ਚੁਰੂ ਦਾ 19ਵੀਂ ਸਦੀ ਵਿਚ ਪ੍ਰਸਿੱਧ ਵਪਾਰੀ ਅਤੇ ਸ਼ਾਹੂਕਾਰ ਘਰਾਣਾ 'ਪੋਤੇਦਾਰ' ਜਾਂ ਪੋਦਾਰ' ਕਰਕੇ ਜਾਣਿਆ ਜਾਂਦਾ ਸੀ। ਇਸ ਪਰਿਵਾਰ ਦੇ ਬਜ਼ੁਰਗ ਭਗੌਤੀ ਰਾਮ ਦੇ ਤਿੰਨ ਪੁੱਤਰ ਆਗਿਆਰਾਮ, ਜੁਗਲ ਕਿਸ਼ੋਰ ਅਤੇ ਚਤੁਰਭੁਜ ਹੋਏ। ਚਤੁਰਭੁਜ ਦੇ ਅੱਗੋਂ ਤਿੰਨ ਪੁੱਤਰ ਜਿੰਦਾ ਰਾਮ, ਤਾਰਾ ਚੰਦ ਅਤੇ ਜੌਹਰੀ ਮੱਲ ਹੋਏ। ਅੱਗੋਂ ਜਿੰਦਾ ਰਾਮ ਦੇ ਤਿੰਨ ਪੁੱਤਰ ਰਾਮਰਤਨ, ਨਾਨਕ ਰਾਮ, ਮਿਰਜਾ ਮੱਲ ਅਤੇ ਨਾਨਕ ਰਾਮ ਦੇ ਅੱਗੋਂ ਪੁੱਤਰ ਹਰਿਭਗਤ ਰਾਇ ਅਤੇ ਮਗਨੀ ਰਾਮ ਹੋਏ। ਇਸ ਪਰਿਵਾਰ ਦਾ ਵਪਾਰਕ ਅਤੇ ਸ਼ਾਹੂਕਾਰੇ ਦਾ ਕਾਰੋਬਾਰ 19ਵੀਂ ਸਦੀ ਵਿਚ ਪੂਰਬੀ ਤੇ ਉੱਤਰੀ-ਪੱਛਮੀ ਹਿੰਦੁਸਤਾਨ ਤੋਂ ਇਲਾਵਾ ਇੰਗਲੈਂਡ, ਚੀਨ, ਹਾਂਗਕਾਂਗ ਆਦਿ ਤੱਕ ਫੈਲਿਆ ਹੋਇਆ ਸੀ ਅਤੇ ਇਨ੍ਹਾਂ ਇਲਾਕਿਆਂ, ਵੱਖ-ਵੱਖ ਸ਼ਹਿਰਾਂ ਵਿਚ ਇਸ ਵਪਾਰਕ ਘਰਾਣੇ ਦੀਆਂ ਸ਼ਾਖਾਵਾਂ ਸਨ ਜਿਨ੍ਹਾਂ ਨੂੰ ਸੱਚੀਆਂ ਵੀ ਕਿਹਾ ਜਾਂਦਾ ਸੀ। ਇਨ੍ਹਾਂ ਸੱਚੀਆਂ 'ਤੇ ਇਸ ਪਰਿਵਾਰ ਵੱਲੋਂ ਗੁਮਾਸ਼ਤੇ ਕੰਮ ਕਰਦੇ ਸਨ। ਇਸ ਘਰਾਣੇ ਦੇ ਸੇਠ ਮਿਰਜਾ ਮੱਲ ਅਤੇ ਉਸ ਦੇ ਭਰਾ ਨਾਨਕ ਰਾਮ ਦੇ ਸਾਂਝੇ ਕਾਰੋਬਾਰ ਦੀਆਂ ਸ਼ਾਖਾਵਾਂ 19ਵੀਂ ਸਦੀ ਦੇ ਪੰਜਾਬ ਦੀਆਂ ਸਿੱਖ ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਦੇ ਇਲਾਕਿਆਂ ਦੇ ਸ਼ਹਿਰਾਂ ਅੰਮ੍ਰਿਤਸਰ, ਲਾਹੌਰ, ਜਲੰਧਰ, ਕਪੂਰਥਲਾ, ਮੁਲਤਾਨ, ਕਸ਼ਮੀਰ, ਜੰਮੂ, ਲੁਧਿਆਣਾ, ਜਗਰਾਉਂ, ਨਾਭਾ, ਪਟਿਆਲਾ, ਜੀਂਦ, ਕੈਥਲ, ਅੰਬਾਲਾ, ਜਗਾਧਰੀ ਆਦਿ ਵਿਚ ਵੀ ਸਨ।[21] ਇਸ ਵਪਾਰਕ ਘਰਾਣੇ ਦੇ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਸ਼ਾਸਕਾਂ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਸਿੱਧੇ ਸਬੰਧ ਸਨ।

---

[20] Ganda Singh (Ed.), *History of The Freedom Movement*, Vol.3, pp.673-674.
Sir Charles Gough, *The Sikhs And Sikh Wars*, pp.146-149

[21] ਗੋਬਿੰਦ ਅਗਰਵਾਲ, **ਚੁਰੂ ਕਾ ਪੋਤੇਦਾਰ (ਪੋਦਾਰ) ਅਭਿਲੇਖ ਸੰਗ੍ਰਹਿ,** ਮਰੂ ਸ਼੍ਰੀ, ਪੰਨੇ 6-7.

ਇਸ ਸਬੰਧੀ ਇਨ੍ਹਾਂ ਸਿੱਖ ਸ਼ਾਸਕਾਂ ਦੇ ਕਈ ਚਿੱਠੀ-ਪੱਤਰ, ਪ੍ਰਵਾਨੇ ਅਤੇ ਖਰੀਤੇ ਪੋਤੇਦਾਰ ਘਰਾਣੇ ਨੂੰ ਮਿਲਦੇ ਰਹਿੰਦੇ ਸਨ ਜੋ ਅੱਜ ਵੀ ਇਸ ਘਰਾਣੇ ਦੇ ਵੰਸ਼ਜਾਂ ਕੋਲ, ਚੁਰੂ, ਕਲਕੱਤਾ ਅਤੇ ਬੰਬਈ ਵਿਚ ਮੌਜੂਦ ਹਨ। ਇਸ ਤੋਂ ਇਲਾਵਾ ਇਹਨਾਂ ਰਿਆਸਤਾਂ ਅਤੇ ਲਾਹੌਰ ਦਰਬਾਰ ਨਾਲ ਸਬੰਧਿਤ ਅਮੀਰਾਂ-ਵਜ਼ੀਰਾਂ, ਅਹਿਲਕਾਰਾਂ, ਜਗੀਰਦਾਰਾਂ ਅਤੇ ਸਰਦਾਰਾਂ ਆਦਿ ਨਾਲ ਵੀ 'ਪੋਤੇਦਾਰ ਘਰਾਣੇ' ਦਾ ਆਰਥਿਕ ਅਤੇ ਵਪਾਰਕ ਲੈਣ ਦੇਣ ਚੱਲਦਾ ਸੀ, ਜਿਸ ਦੇ ਹਵਾਲੇ ਇਸ ਘਰਾਣੇ ਦੇ ਦਸਤਾਵੇਜ਼ਾਂ, ਵਹੀਆਂ, ਚਿੱਠੀਆਂ, ਹੁੰਡੀਆਂ, ਰੋਜਨਾਮਚਿਆਂ ਆਦਿ ਵਿਚ ਦਰਜ ਹੈ। ਇਸ ਘਰਾਣੇ ਦੀਆਂ ਵਪਾਰਕ ਤੇ ਆਰਥਿਕ ਗਤੀਵਿਧੀਆਂ ਅਤੇ ਕਾਰੋਬਾਰੀ ਰਿਕਾਰਡ ਨੂੰ ਵਹੀਆਂ, ਚਿੱਠੀਆਂ, ਹੁੰਡੀਆਂ, ਰੋਜਨਾਮਿਆਂ, ਬੀਜਕਾਂ, ਡਾਇਰੀਆਂ ਆਦਿ ਦਸਤਾਵੇਜ਼ਾਂ ਵਿਚ ਲਿਖ ਕੇ ਸੰਭਾਲਿਆ ਜਾਂਦਾ ਸੀ। ਇਹ ਸਾਰਾ ਲਿਖਤ ਰਿਕਾਰਡ ਇਸ ਵਪਾਰਕ ਘਰਾਣੇ ਦੇ ਸਦਰ-ਮੁਕਾਮ ਚੁਰੂ ਵਿਚ ਸਥਿਤ ਘਰ/ਹਵੇਲੀ ਵਿਚ ਰੱਖਿਆ ਜਾਂਦਾ ਸੀ। ਇਸ ਘਰਾਣੇ ਦੀਆਂ ਸ਼ਾਖਾਵਾਂ ਦਾ ਸਾਰਾ ਲਿਖਤ ਰਿਕਾਰਡ ਚੁਰੂ ਵਿਚਲੇ ਸੰਗ੍ਰਹਿ ਵਿਚ ਸਾਂਭਿਆ ਜਾਂਦਾ ਸੀ। ਇਸ ਤਰ੍ਹਾਂ ਇਹ ਸਾਰਾ ਰਿਕਾਰਡ ਪੀੜ੍ਹੀ-ਦਰ-ਪੀੜ੍ਹੀ ਇਸ ਪਰਿਵਾਰ ਦੇ ਵੰਸ਼ਜਾਂ ਕੋਲ ਵਿਰਾਸਤੀ ਰੂਪ ਵਿਚ ਪੁੱਜਦਾ ਰਿਹਾ ਹੈ।

'ਪੋਤੇਦਾਰ' ਪਰਿਵਾਰ ਦੇ ਵੰਸ਼ਜਾਂ ਦੇ ਚੁਰੂ ਤੋਂ ਕਲਕੱਤੇ ਅਤੇ ਬੰਬਈ ਚਲੇ ਜਾਣ ਪਿੱਛੋਂ ਵੀ ਇਹ ਰਿਕਾਰਡ ਚੁਰੂ ਵਿਚਲੇ ਉਨ੍ਹਾਂ ਦੇ ਨਿੱਜੀ ਸਥਾਨ 'ਤੇ ਹੀ ਰਿਹਾ। ਹੌਲੀ-ਹੌਲੀ ਪਰਿਵਾਰ ਵੰਡੇ ਜਾਣ ਨਾਲ 'ਪੋਤੇਦਾਰ ਸੰਗ੍ਰਹਿ' ਦੀ ਇਹ ਲਿਖਤ ਸਮੱਗਰੀ ਵੀ ਵੰਡੀ ਗਈ। ਇਸ ਵਿਚੋਂ ਕੁਝ ਵਹੀਆਂ ਅਤੇ ਹੋਰ ਦਸਤਾਵੇਜ਼ ਸੇਠ ਮਿਰਜਾ ਮੱਲ ਦੇ ਵੰਸ਼ਜਾਂ ਸੇਠ ਬਾਲਾ ਬਖ਼ਸ਼ ਦੇ ਪੁੱਤਰਾਂ ਨੰਦ ਲਾਲ, ਬਨਵਾਰੀ ਲਾਲ, ਰਾਮ ਨਾਥ ਅਤੇ ਵਿਸ਼ਵ ਨਾਥ ਪੋਦਾਰ ਕੋਲ ਚੁਰੂ ਅਤੇ ਕਲਕੱਤਾ ਵਿਚ ਹੈ। ਇਸ ਤੋਂ ਇਲਾਵਾ ਇਸ ਸੰਗ੍ਰਹਿ ਦਾ ਦੂਜਾ ਭਾਗ ਹਰਭਗਤ ਰਾਇ ਦੇ ਵੰਸ਼ਜ ਸੇਠ ਗਜਾ ਨੰਦ ਦੇ ਪੁੱਤਰ ਸ਼ਾਮ ਸੁੰਦਰ ਦੇ ਅਧਿਕਾਰ ਵਿਚ ਹੈ। ਸ਼੍ਰੀ ਸ਼ਾਮ ਸੁੰਦਰ ਦੇ ਅਧਿਕਾਰ ਹੇਠਲੇ ਸੰਗ੍ਰਹਿ ਦੀ ਇਸ ਸਮੱਗਰੀ ਦਾ ਸ਼੍ਰੀ ਗੋਬਿੰਦ ਅਗਰਵਾਲ ਨੇ ਛਾਂਟੀ ਕਰਕੇ ਕ੍ਰਮ ਅੰਕਣ ਕੀਤਾ ਹੈ ਜਿਸ ਦੀ ਸੀਰੀਜ਼ ਦੀ ਪਛਾਣ ਉਨ੍ਹਾਂ ਅੰਗਰੇਜ਼ੀ ਭਾਸ਼ਾ ਦੀ ਰੋਮਨ ਲਿੱਪੀ ਦੇ 'S' ਅੱਖਰ ਨਾਲ ਦਰਜ ਕੀਤੀ ਹੈ।[22] ਇਸੇ ਤਰ੍ਹਾਂ ਹੀ ਸੇਠ ਮਿਰਜਾ ਮੱਲ ਦੇ ਵੰਸ਼ਜਾਂ ਦੇ

---

[22] ਗੋਬਿੰਦ ਅਗਰਵਾਲ, 'ਪੋਤੇਦਾਰ ਸੰਗ੍ਰਹਿ ਕੇ ਅਪ੍ਰਕਾਸ਼ਿਤ ਕਾਗਜ਼ਾਤ', **ਮਰੂ ਸ੍ਰੀ**, ਪੰਨੇ 12-13.

ਅਧਿਕਾਰ ਖੇਤਰ ਵਾਲੀ ਇਸ ਸਮੱਗਰੀ ਦੀ ਵੀ ਛਾਂਟੀ ਕਰਕੇ ਕੁਝ ਵਹੀਆਂ ਅਤੇ ਪੱਤਰਾਂ ਆਦਿ ਦਾ ਕ੍ਰਮ ਅੰਕਣ ਕੀਤਾ ਗਿਆ ਹੈ ਜਿਸ ਦੀ 'V' ਸੀਰੀਜ਼ ਹੈ।

ਇਹ ਸਾਰੇ ਦਸਤਾਵੇਜ਼ ਜਾਂ ਸਮੱਗਰੀ ਮੁੜੀਆ ਲਿੱਪੀ ਵਿਚ ਹਨ। ਇਹ ਲਿੱਪੀ ਅੱਜ-ਕੱਲ੍ਹ ਪੜ੍ਹਣੀ ਬਹੁਤ ਔਖੀ ਹੈ। ਹੁਣ ਇਸ ਲਿੱਪੀ ਦੇ ਗਿਆਤਾ ਬਹੁਤ ਵਿਰਲੇ ਰਹਿ ਗਏ ਹਨ। ਪਹਿਲਾਂ ਸ਼ਾਹੂਕਾਰੇ ਅਤੇ ਵਪਾਰ ਦਾ ਸਾਰਾ ਕਾਰਜ ਇਸੇ ਲਿੱਪੀ ਵਿਚ ਹੁੰਦਾ ਸੀ। ਇਸ ਲਿੱਪੀ ਵਿਚ ਲਗਾਂ-ਮਾਤਰਾਂ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ, ਕੇਵਲ ਅੱਖਰ ਹੀ ਲਿਖੇ ਜਾਂਦੇ ਸਨ। ਇਸ ਲਿੱਪੀ ਦੇ ਅੱਖਰ ਥੋੜ੍ਹੇ ਹੁੰਦੇ ਸਨ ਅਤੇ ਇਸ ਵਿਚ ਵਿਸ਼ਰਾਮ ਚਿੰਨ ਨਹੀਂ ਸਨ ਹੁੰਦੇ। ਸੱਜੇ ਤੋਂ ਖੱਬੇ ਨੂੰ ਇਕ ਲਾਈਨ ਖਿੱਚ ਕੇ ਉਸ ਦੇ ਹੇਠਾਂ ਲੜੀਵਾਰ ਘੁੰਡੀਦਾਰ ਅਤੇ ਝਰੀਟ ਕੇ ਲਿਖਿਆ ਜਾਂਦਾ ਸੀ। ਲਗਾਂ-ਮਾਤਰਾਂ ਨਾ ਹੋਣ ਕਰਕੇ ਇਸ ਨੂੰ ਸਮਝਣ ਵਿਚ ਬਹੁਤ ਮੁਸ਼ਕਿਲ ਆਉਂਦੀ ਹੈ। ਇਸ ਲਿੱਪੀ ਦੀ ਕਠਿਨਾਈ ਕਰਕੇ ਅੱਜ-ਕੱਲ੍ਹ ਇਹੋ ਜਿਹੀ ਮੁੱਲਵਾਨ ਸਮੱਗਰੀ ਵਰਤੋਂ ਤੋਂ ਵਾਂਝੀ ਰਹਿ ਗਈ ਹੈ। ਚੁਰੂ ਨਿਵਾਸੀ ਸ਼੍ਰੀ ਗੋਬਿੰਦ ਅਗਰਵਾਲ ਇਸ ਲਿੱਪੀ ਦੇ ਗਿਆਤਾ ਹੋਣ ਕਰਕੇ ਉਨ੍ਹਾਂ ਨੇ 'ਪੋਤੇਦਾਰ ਸੰਗ੍ਰਹਿ ਦੀ ਸਮੱਗਰੀ ਵਿਚੋਂ ਕਾਫੀ ਸਾਰੇ ਚਿੱਠੀ ਪੱਤਰਾਂ ਅਤੇ ਵਹੀਆਂ ਆਦਿ ਵਿਚਲੀਆਂ ਲਿਖਤਾਂ ਨੂੰ ਆਪਣੇ ਲੇਖਾਂ ਅਤੇ ਖੋਜ-ਪਰਚਿਆਂ ਰਾਹੀਂ ਚੁਰੂ ਤੋਂ ਛਪਦੀ ਰਹੀ ਛਿਮਾਹੀ ਪੱਤ੍ਰਿਕਾ 'ਮਰੂ ਸ਼੍ਰੀ' ਵਿਚ ਅਤੇ ਹੋਰ ਖੋਜ-ਪੱਤ੍ਰਿਕਾਵਾਂ ਵਿਚ ਛਪਵਾਇਆ ਹੈ।[23] ਹੱਥਲੇ ਖੋਜ-ਪ੍ਰਬੰਧ ਦੇ ਇਸ ਅਧਿਆਇ ਵਿਚ 'ਪੋਤੇਦਾਰ ਸੰਗ੍ਰਹਿ' ਦਾ ਅਧਿਐਨ ਸ਼੍ਰੀ ਗੋਬਿੰਦ ਅਗਰਵਾਲ ਦੁਆਰਾ ਦੇਵ ਨਾਗਰੀ ਲਿੱਪੀ ਵਿਚ ਅਨੁਵਾਦ ਕਰਕੇ 'ਮਰੂ ਸ਼੍ਰੀ' ਪੱਤ੍ਰਿਕਾ ਵਿਚ ਸਮੇਂ-ਸਮੇਂ ਛਪਦੇ ਰਹੇ ਲੇਖਾਂ 'ਤੇ ਅਧਾਰਿਤ ਹੈ।

ਮੁੜੀਆ ਲਿੱਪੀ ਵਿਚ ਲਿਖੇ ਦਸਤਾਵੇਜ਼ਾਂ ਤੋਂ ਇਲਾਵਾ 'ਪੋਤੇਦਾਰ ਘਰਾਣੇ' ਦੇ ਦਸਤਾਵੇਜ਼ਾਂ ਵਿਚ ਫ਼ਾਰਸੀ, ਅੰਗਰੇਜ਼ੀ ਅਤੇ ਰਾਜਸਥਾਨੀ ਭਾਸ਼ਾ ਦੀ ਦੇਵਨਾਗਰੀ ਲਿੱਪੀ ਵਿਚ ਲਿਖੇ ਰਾਜਸੀ ਪ੍ਰਵਾਨੇ, ਪਟੇ, ਖਰੀਤੇ ਅਤੇ ਚਿੱਠੀ-ਪੱਤਰ ਆਦਿ ਵੀ ਹਨ। ਫ਼ਾਰਸੀ ਭਾਸ਼ਾ ਵਿਚ ਲਿਖੇ ਕੁਝ ਪ੍ਰਵਾਨਿਆਂ, ਪੱਤਰਾਂ, ਖਰੀਤਿਆਂ ਆਦਿ ਨੂੰ ਸ਼੍ਰੀ ਗੋਬਿੰਦ ਅਗਰਵਾਲ ਨੇ 'ਮਰੂ ਸ਼੍ਰੀ' ਪੱਤ੍ਰਿਕਾ ਵਿਚ ਹਿੰਦੀ ਭਾਸ਼ਾ ਵਿਚ ਉਲੱਥਾ ਕਰਵਾ ਕੇ ਛਪਿਆ ਵੀ ਹੈ।[24] ਇਹਨਾਂ ਫ਼ਾਰਸੀ

---

[23] *Journal of Haryana Studies,* Vol.X. No.2, 1978; Rajasthan History Congress, Proceedings Vol. IX, Kota Session (1976) and Proceedings of Jaipur Session (1978) V.XI;

[24] ਗੋਬਿੰਦ ਅਗਰਵਾਲ, **'ਪੋਤੇਦਾਰ ਸੰਗ੍ਰਹਿ ਕੇ ਫਾਰਸੀ ਕਾਗਜ਼ਾਤ'**, ਮਰੂ ਸ਼੍ਰੀ, ...

ਕਾਗਜ਼ਾਂ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਦੂਜੀਆਂ ਸਿੱਖ ਰਿਆਸਤਾਂ ਦੇ ਸ਼ਾਸਕਾਂ ਦੇ ਖਰੀਤੇ, ਪ੍ਰਵਾਨੇ ਆਦਿ ਵੀ ਸ਼ਾਮਿਲ ਹਨ।

'ਪੋਤੇਦਾਰ ਘਰਾਣੇ' ਦੀ ਇਹ ਸਮੱਗਰੀ ਅੱਜਕੱਲ ਕਈ ਥਾਵਾਂ 'ਤੇ ਵੰਡੀ ਪਈ ਹੈ। ਇਹ ਕਲਕੱਤਾ, ਬੰਬਈ, ਚੁਰੂ ਵਿਚ 'ਲੋਕ ਸ਼ੋਧ ਸੰਸਕ੍ਰਿਤੀ ਸੰਸਥਾਨ ਨਗਰ ਸ਼੍ਰੀ' ਅਤੇ ਜਵਾਹਰ ਲਾਲ ਨਹਿਰੂ ਮੈਮੋਰੀਅਲ ਮਿਊਜ਼ੀਅਮ ਲਾਇਬਰੇਰੀ, ਤ੍ਰਿਮੂਰਤੀ ਚੌਂਕ ਨਵੀਂ ਦਿੱਲੀ ਵਚਿ ਮੌਜੂਦ ਹੈ।[25] ਚੁਰੂ ਵਿਚਲੀ ਉਪਰੋਕਤ ਖੋਜ ਸੰਸਥਾ ਵਿਚ ਤਾਂ ਪੋਤੇਦਾਰ ਘਰਾਣੇ ਦੇ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਅਤੇ ਅਸਲ ਵਹੀਆਂ ਮੌਜੂਦ ਹਨ ਜਦਕਿ ਜਵਾਹਰ ਲਾਲ ਨਹਿਰੂ ਮੈਮੋਰੀਅਲ ਮਿਊਜ਼ੀਅਮ ਲਾਇਬਰੇਰੀ ਵਿਚ 20 ਦੇ ਕਰੀਬ ਵਹੀਆਂ ਮੌਜੂਦ ਹਨ।ਸ਼੍ਰੀ ਗੋਬਿੰਦ ਅਗਰਵਾਲ ਨੇ ਇਸ ਘਰਾਣੇ ਦੀਆਂ ਵਹੀਆਂ ਦੀ ਗਿਣਤੀ ਹੀ ਹਜ਼ਾਰ ਦੇ ਕਰੀਬ ਦੱਸੀ ਹੈ ਅਤੇ ਉਨ੍ਹਾਂ ਅਨੁਸਾਰ ਬਾਕੀ ਚਿੱਠੀ-ਪੱਤਰ ਆਦਿ ਦਸਤਾਵੇਜ਼ ਤਾਂ ਅਣਗਿਣਤ ਹਨ।[26]

'ਪੋਤੇਦਾਰ ਘਰਾਣੇ' ਦੇ ਦਸਤਾਵੇਜ਼ਾਂ ਵਿਚ 19ਵੀਂ ਸਦੀ ਦੀਆਂ ਸਿੱਖ-ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਇਲਾਕਿਆਂ ਨਾਲ ਸਬੰਧਿਤ ਰਾਜਨੀਤਿਕ, ਆਰਥਿਕ, ਵਪਾਰਕ, ਧਾਰਮਿਕ, ਸਮਾਜਿਕ, ਪ੍ਰਸ਼ਾਸਨਿਕ, ਨਿਆਇਕ ਆਦਿ ਬਹੁਪੱਖੀ ਇਤਿਹਾਸਕ ਜਾਣਕਾਰੀਆਂ ਮਿਲਦੀਆਂ ਹਨ। ਪੋਤੇਦਾਰ ਘਰਾਣੇ ਦੇ ਇਨ੍ਹਾਂ ਸ੍ਰੋਤਾਂ ਦੇ ਰਾਜਸਥਾਨੀ ਭਾਸ਼ਾ ਦੇ ਮੁੜੀਆ ਲਿੱਪੀ ਵਿਚ ਲਿਖੇ ਹੋਣ ਅਤੇ ਅਣ-ਗਿਣਤ ਦਸਤਾਵੇਜ਼ ਮੌਜੂਦ ਹੋਣ ਕਰਕੇ ਇਸ ਖੋਜ-ਪ੍ਰਬੰਧ ਦੀਆਂ ਸੀਮਾਵਾਂ ਨੂੰ ਧਿਆਨ ਵਿਚ ਰੱਖਦਿਆਂ, ਇਨ੍ਹਾਂ ਦਸਤਾਵੇਜ਼ਾਂ ਵਿਚੋਂ ਵੰਨਗੀ ਮਾਤਰ ਕੁਝ ਚਿੱਠੀਆਂ ਅਤੇ ਇਕ ਹੁੰਡੀ ਵਿਚ ਸਿੱਖਾਂ, ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਿਤ ਆਈਆਂ ਜਾਣਕਾਰੀਆਂ ਨੂੰ ਸੰਖੇਪ ਰੂਪ ਵਿਚ ਅੱਗੇ ਦਿੱਤਾ ਜਾ ਰਿਹਾ ਹੈ।

### 3.1. ਚਿੱਠੀਆਂ

**3.1.1 ਚਿੱਠੀ:** ਇਹ ਚਿੱਠੀ ਚੁਰੂ ਤੋਂ ਚਤੁਰਤਭੁਜ, ਜਿੰਦਾ ਰਾਮ, ਨਾਨਕ ਰਾਮ ਵੱਲੋਂ ਆਪਣੀ ਬੰਬਈ ਸ਼ਾਖਾ ਨੂੰ ਸੇਠ ਮਿਰਜਾ ਮੱਲ ਵੱਲ ਪੋਹ ਵਦੀ 12, ਸੰਮਤ 1882 (5 ਜਨਵਰੀ, 1826

---

25 ਕਲਕੱਤਾ ਅਤੇ ਬੰਬਈ ਵਿਚ ਪੋਤੇਦਾਰ ਵੰਸ਼ ਦੇ ਕਿਸੇ ਵੀ ਮੈਂਬਰ ਬਾਰੇ ਪਤਾ ਨਹੀਂ ਚੱਲ ਸਕਿਆ। ਸ੍ਰੀ ਗੋਬਿੰਦ ਅਗਰਵਾਲ ਜੀ ਵੀ ਚੁਰੂ ਤੋਂ ਬੰਗਲੌਰ ਚਲੇ ਗਏ ਸਨ ਅਤੇ ਪਿਛਲੇ ਸਾਲ 2016 ਵਿਚ ਉਨ੍ਹਾਂ ਦੀ ਮੌਤ ਹੋ ਗਈ ਹੈ।

26 ਗੋਬਿੰਦ ਅਗਰਵਾਲ, '**ਚੁਰੂ ਕਾ ਪੋਤੇਦਾਰ (ਪੋਦਾਰ) ਅਭਿਲੇਖ,** ਪੰਨੇ 12-13.

ਈ.) ਨੂੰ ਲਿਖੀ ਗਈ। ਇਸ ਚਿੱਠੀ ਦਾ ਨੰਬਰ S 761 ਹੈ। ਇਸ ਚਿੱਠੀ ਵਿਚਲੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਅੰਮ੍ਰਿਤਸਰ ਅਤੇ ਦਿੱਲੀ ਵਿਚ ਉਸ ਸਮੇਂ ਵਿਦੇਸ਼ੀ ਕੱਪੜੇ ਦੀ ਬੜੀ ਮੰਦੀ ਸੀ। ਕੂਰਮ ਵੀ ਅੰਮ੍ਰਿਤਸਰ ਵਿਚ ਬਹੁਤ ਮੰਦਾ ਸੀ ਅਤੇ ਕੋਟੇ/ਝਾਲਰਾ ਪਾਟਨ (ਰਾਜਸਥਾਨ) ਇਲਾਕੇ ਦੀ ਅਫ਼ੀਮ ਉੱਪਰ ਅੰਗਰੇਜ਼ਾਂ ਨੇ ਸਖ਼ਤ ਪਾਬੰਦੀ ਲਗਾਈ ਹੋਈ ਸੀ। ਇਸ ਲਈ ਅੰਮ੍ਰਿਤਸਰ ਅਤੇ ਜਗਾਧਰੀ ਤੋਂ ਅਫ਼ੀਮ ਦਾ ਵਪਾਰ ਬਹੁਤ ਹੋ ਰਿਹਾ ਸੀ।[27]

**3.1.2. ਚਿੱਠੀ:** ਇਹ ਚਿੱਠੀ ਵੀ ਚੁਰੂ ਤੋਂ ਚਤੁਰਭੁਜ ਜੀ, ਜਿੰਦਾ ਰਾਮ, ਨਾਨਕ ਰਾਮ ਨੂੰ ਸੇਠ ਮਿਰਜਾ ਮੱਲ ਵੱਲੋਂ ਕਪੂਰਥਲੇ ਤੋਂ ਚੇਤ ਵਦੀ 9 ਸੰਮਤ 1884 (21 ਮਾਰਚ, 1827 ਈ.) ਨੂੰ ਲਿਖੀ ਗਈ। ਇਸ ਚਿੱਠੀ ਵਿਚਲੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਚੁਰੂ ਦੇ ਇਲਾਕੇ ਵਿਚ ਇਹ ਗੱਲ ਆਮ ਪ੍ਰਚੱਲਿਤ ਸੀ ਕਿ ਮਹਾਰਾਜਾ ਰਣਜੀਤ ਸਿੰਘ, ਸੇਠ ਮਿਰਜਾ ਮੱਲ ਉੱਪਰ ਖਾਸ ਮਿਹਰਬਾਨ ਹੈ, ਜਿਸ ਦੇ ਹਵਾਲੇ ਸੇਠ ਮਿਰਜਾ ਮੱਲ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ (ਫ਼ਾਰਸੀ ਵਿਚ) ਆਏ ਪ੍ਰਵਾਨਿਆਂ ਤੋਂ ਮਿਲਦੇ ਹਨ। ਇਸ ਚਿੱਠੀ ਵਿਚ ਇਕ ਪ੍ਰਵਾਨੇ ਦਾ ਜ਼ਿਕਰ ਹੈ ਕਿ 'ਮਹਾਰਾਜਾ ਰਣਜੀਤ ਸਿੰਘ ਵੱਲੋਂ ਚੇਤ ਵਦੀ 1 ਸੰਮਤ 1884 (14 ਮਾਰਚ, 1827 ਈ.) ਨੂੰ ਅੰਮ੍ਰਿਤਸਰ ਆ ਕੇ ਮਹਾਰਾਜਾ ਦੇ ਸਾਹਮਣੇ ਜ਼ਰੂਰ ਹਾਜ਼ਰ ਹੋਣ।' ਇਸ ਤੋਂ ਇਲਾਵਾ ਇਸ ਚਿੱਠੀ ਵਿੱਚ ਸੇਠ ਮਿਰਜਾ ਮੱਲ ਦੁਆਰਾ ਕਪੂਰਥਲੇ ਦੇ ਫਤਿਹ ਸਿੰਘ ਆਹਲੂਵਾਲੀਆ ਨਾਲ ਲੇਖੇ ਦਾ ਹਿਸਾਬ ਕਰਨ ਅਤੇ ਕਪੂਰਥਲੇ ਵਿਚ ਇਨ੍ਹਾਂ ਦਿਨਾਂ ਵਿਚ ਹੋਲੀ ਦੇ ਹੰਗਾਮੇ ਦੇ ਜ਼ਿਕਰ ਵੀ ਕੀਤੇ ਗਏ ਹਨ।[28]

**3.1.3. ਚਿੱਠੀ:** ਇਹ ਚਿੱਠੀ ਅੱਸੂ ਸੁਦੀ 12 ਸੰਮਤ 1893 (21 ਅਕਤੂਬਰ 1836 ਈ.) ਨੂੰ ਸ਼ਿਕਾਰਪੁਰ ਤੋਂ ਹੁਲਾਸੀ ਰਾਮ, ਸੋਨੀ ਰਾਮ ਨੇ ਸੇਠ ਮਿਰਜਾ ਮੱਲ, ਗੁਰਮੁੱਖ ਨੂੰ ਲਿਖੀ ਸੀ। ਇਸ ਚਿੱਠੀ ਵਿਚ ਸੇਠ ਮਿਰਜਾ ਮੱਲ ਦੇ ਇਕ ਨੌਕਰ ਹੁਣਤ ਰਾਮ ਦੇ ਲਾਹੌਰ ਤੋਂ ਸ਼ਿਕਾਰਪੁਰ ਪਹੁੰਚਣ 'ਤੇ 10 ਦਿਨਾਂ ਬਾਅਦ ਉਸ ਦੀ ਵੀ ਮੌਤ ਹੋ ਜਾਣ ਅਤੇ ਉਸ ਦਾ ਭਰਾ ਜੋ ਉਸ ਨੂੰ ਲੈਣ ਆਇਆ ਸੀ, ਦੀ ਵੀ ਅੱਸੂ ਸੁਦੀ 8 ਨੂੰ ਮੌਤ ਹੋ ਜਾਣ ਸਬੰਧੀ ਲਿਖਿਆ ਹੈ। ਇਸੇ ਤਰ੍ਹਾਂ ਡੇਢ ਰਾਮ ਦੇ ਇਕ ਹੋਰ ਕਾਮੇ ਦੀ ਭਾਦਰੋਂ ਵਦੀ 13 ਨੂੰ ਮੌਤ ਹੋਣ ਦਾ ਸਮਾਚਾਰ ਲਿਖਿਆ

---

27 ਗੋਬਿੰਦ ਅਗਰਵਾਲ, '19ਵੀਂ ਸ਼ਤੀ ਕੇ ਵਪਾਰ-ਜਗਤ ਸੇ ਸਬੰਧਿਤ ਆਧਾਰ ਭੂਤ ਸ਼ੋਧ ਸਮੱਗਰੀ, **ਮਰੂ ਸ਼੍ਰੀ**, ਪੰਨੇ 11-13.

28 ਉਹੀ, ਪੰਨੇ 15-18.

ਗਿਆ ਹੈ। ਇਸ ਤੋਂ ਇਲਾਵਾ ਇਸ ਸਮੇਂ ਤੱਕ ( ਸੇਠ ਮਿਰਜਾ ਮੱਲ) ਸੌ ਆਦਮੀਆਂ ਦੀ ਮੌਤ ਹੋਣ ਦਾ ਜ਼ਿਕਰ ਵੀ ਇਸ ਚਿੱਠੀ ਵਿਚ ਮਿਲਦਾ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇਸ ਸਮੇਂ ਅੰਮ੍ਰਿਤਸਰ ਅਤੇ ਲਾਹੌਰ ਆਦਿ ਦੇ ਇਲਾਕੇ ਵਿਚ ਕੋਈ ਭਿਆਨਕ ਬੀਮਾਰੀ ਫੈਲੀ ਹੋਈ ਸੀ।[29]

3.1.4. **ਚਿੱਠੀ**: ਇਹ ਚਿੱਠੀ ਚੁਰੂ ਤੋਂ ਚਤੁਰਭੁਜ ਜੀ, ਜਿੰਦਾਰਾਮ, ਨਾਨਕ ਰਾਮ ਵੱਲੋਂ ਆਪਣੇ ਗੁਮਾਸ਼ਤਿਆਂ ਹੁਣਤ ਰਾਮ, ਲਾਲ ਚੰਦ ਜੋ ਪੋਤੇਦਾਰ ਸੇਠਾਂ ਵੱਲੋਂ ਲਾਹੌਰ, ਅੰਮ੍ਰਿਤਸਰ ਵਿਚ ਨਿਯੁਕਤ ਸਨ, ਨੂੰ ਲਿਖੀ ਗਈ ਸੀ। ਇਸ ਚਿੱਠੀ ਵਿੱਚ ਹੋਰ ਵਪਾਰਕ ਵੇਰਵਿਆਂ ਸਮੇਤ ਜਲੰਧਰ ਵਿਚ 1200 ਰੁ. ਦਾ ਕੱਪੜਾ (ਪੋਤੇਦਾਰ ਵਪਾਰੀਆਂ ਦਾ) ਲੁੱਟੇ ਜਾਣ ਅਤੇ ਹੁਸ਼ਿਆਰਪੁਰ ਤੋਂ ਇਹ ਚੋਰੀ ਫੜੇ ਜਾਣ ਦਾ ਜ਼ਿਕਰ ਹੈ। ਇਸ ਤੋਂ ਇਲਾਵਾ ਲਾਹੌਰ ਦਰਬਾਰ ਦੇ ਮੁਨਸ਼ੀ ਸ਼ਿਵ ਦਿਆਲ ਦੀ ਮੌਤ ਹੋ ਜਾਣ ਦਾ ਜ਼ਿਕਰ ਵੀ ਇਸ ਚਿੱਠੀ ਵਿਚ ਲਿਖਿਆ ਹੈ। ਇਸ ਤਰ੍ਹਾਂ ਇਸ ਚਿੱਠੀ ਵਿਚਲੇ ਜ਼ਿਕਰ ਤੋਂ ਉਸ ਸਮੇਂ ਪੰਜਾਬ ਵਿਚ ਚੋਰੀ, ਡਾਕੇ ਆਦਿ ਹੋਣ ਦਾ ਪਤਾ ਲੱਗਦਾ ਹੈ। ਇਸ ਚਿੱਠੀ ਵਿਚ ਲਾਹੌਰ ਅੰਮ੍ਰਿਤਸਰ ਵਿਚ ਵਪਾਰਕ ਮੰਦੀ ਦਾ ਜ਼ਿਕਰ ਵੀ ਹੈ।

3.1.5. **ਚਿੱਠੀ**: ਇਹ ਚਿੱਠੀ ਚੁਰੂ ਤੋਂ ਸੇਠ ਜਿੰਦਾਰਾਮ, ਨਾਨਕ ਰਾਮ ਨੇ ਆਪਣੇ ਗੁਮਾਸ਼ਤਿਆਂ ਹੁਣਤ ਰਾਮ, ਲਾਲ ਚੰਦ ਅੰਮ੍ਰਿਤਸਰ ਵੱਲ ਕੱਤਕ ਸੁਦੀ 9 ਸੰਮਤ 1889 (2 ਨਵੰਬਰ 1832 ਈ.) ਨੂੰ ਲਿਖੀ ਸੀ। ਇਸ ਚਿੱਠੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰਾਬਾਦ ਵੱਲ ਗਏ ਹੋਣ, ਫਤਿਹ ਸਿੰਘ (ਆਹਲੂਵਾਲੀਆ ਕਪੂਰਥਲਾ) ਦੇ ਅੰਮ੍ਰਿਤਸਰ ਤੋਂ ਚਲੇ ਜਾਣ ਅਤੇ ਮਹਾਰਾਜੇ ਦੇ ਵਾਪਸ ਲਾਹੌਰ ਆਉਣ, ਜੇਕਰ ਫਤਿਹ ਸਿੰਘ ਲਾਹੌਰ ਆਉਂਦਾ ਹੈ ਤਾਂ ਉਸ ਸਬੰਧੀ ਸਮਾਚਾਰ ਦੀ ਚਿੱਠੀ (ਚੁਰੂ) ਲਿਖ ਭੇਜਣ, ਭਾਈ ਵਿਦਿਆ ਅਤੇ ਖਲੀਫ਼ਾ ਨਸੀਰੂਦੀਨ ਦੇ ਅੰਮ੍ਰਿਸਤਰ (ਕਿਸੇ ਮੁਕੱਦਮੇ ਦੀ ਪੜਤਾਲ ਲਈ) ਆਉਣ ਦੇ ਜ਼ਿਕਰ ਕੀਤੇ ਗਏ ਹਨ। ਇਸ ਤੋਂ ਇਲਾਵਾ ਵਸਾਵਾ ਸਿੰਘ ਸੰਧਾਵਾਲੀਆ ਵੱਲ ਮਿਰਜਾ ਮੱਲ ਦੀ ਫਰਮ ਦੇ 6000 ਰੁ. ਉਧਾਰ ਅਤੇ ਚੋਰੀ ਦੇ ਮੁਕੱਦਮੇ ਸਬੰਧੀ ਹੁਕਮ ਹੋਣ ਅਤੇ ਇਸ ਕੰਮ ਲਈ ਭਾਈ ਗੰਡਾ ਸਿੰਘ

---

[29] ਗੋਬਿੰਦ ਅਗਰਵਾਲ, 'ਵਣਜ ਵਾਪਾਰ ਮੇਂ ਮੁਨੀਮ ਗੁਮਾਸ਼ਤੋਂ ਕੀ ਭੂਮਿਕਾ', **ਮਰੂ ਸ੍ਰੀ**, ਪੰਨਾ 38.

ਦੇ ਮਹਾਰਾਜਾ ਕੋਲ ਪਹੁੰਚਣ, ਵੇਡ ਸਾਹਿਬ (ਅੰਗਰੇਜ਼ ਏਜੰਟ ਲੁਧਿਆਣਾ) ਦੇ ਕੱਤਕ ਸੁਦੀ 2 ਸੰਮਤ 1889 (25 ਅਕਤੂਬਰ 1832 ਈ.) ਨੂੰ ਲਾਹੌਰ, ਅੰਮ੍ਰਿਤਸਰ ਆਉਣ 'ਤੇ ਮਹਾਰਾਜਾ ਦੁਆਰਾ ਕੋਈ ਵੀ ਸ਼ਿਕਾਇਤ ਹੋਣ ਸਬੰਧੀ ਅਰਜ਼ੀ ਦੇਣ ਲਈ ਕਹਿਣਾ, 10000 ਰੁ. ਦੀ ਹੁੰਡੀ ਦੇ ਮੁਕੱਦਮੇ ਸਬੰਧੀ (ਮਹਾਰਾਜੇ ਦੁਆਰਾ) ਵੈਨਤੂਰਾ (ਫਰਾਂਸੀਸੀ ਜਨਰਲ) ਅਤੇ ਵਸਾਵਾ ਸਿੰਘ ਨੂੰ ਮੁਨਸ਼ੀ ਗੰਡਾ ਮੱਲ ਦੁਆਰਾ ਗ੍ਰਿਫ਼ਤਾਰ ਕਰਕੇ 10000 ਰੁ. ਲਿਖਵਾ ਲੈਣ ਸਬੰਧੀ ਅਤੇ ਸ਼ਿਵ ਦਿਆਲ ਦੇ ਬੇਟੇ ਨਾਰਾਇਣ ਦਾਸ ਕੋਲੋਂ 2000 ਰੁ. ਕਢਵਾਉਣ ਲਈ ਉਸ ਦੇ ਲਾਹੌਰ ਆਉਣ 'ਤੇ ਕਾਰਵਾਈ ਕਰਨ ਸਬੰਧੀ ਆਦਿ ਵੇਰਵੇ ਇਸ ਚਿੱਠੀ ਵਿਚ ਲਿਖੇ ਹੋਏ ਹਨ।

ਇਸ ਚਿੱਠੀ ਵਿਚ ਪਤਾ ਚੱਲਦਾ ਹੈ ਕਿ ਲਾਹੌਰ ਦਰਬਾਰ ਦੇ ਕਿਸੇ ਖਾਸ ਸਰਦਾਰ ਜਾਂ ਅਹਿਲਕਾਰ ਦੁਆਰਾ ਜੇਕਰ ਕਿਸੇ ਦੇ ਪੈਸੇ ਆਦਿ ਮਾਰ ਲਏ ਜਾਂਦੇ ਸਨ ਤਾਂ ਕਾਨੂੰਨ ਅਨੁਸਾਰ ਉਸ ਦਾ ਨਿਆਂ ਕੀਤਾ ਜਾਂਦਾ ਅਤੇ ਪੀੜਤ ਧਿਰ ਨੂੰ ਇਨਸਾਫ ਦਿੱਤਾ ਜਾਂਦਾ ਸੀ। ਇਹ ਚਿੱਠੀ ਕਾਫ਼ੀ ਲੰਬੀ ਹੈ। ਇਸ ਵਿਚ ਕਈ ਪੱਖਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਮਹਾਰਾਜੇ ਦੀ ਦਰਿਆ ਦਿਲ਼ੀ ਦੇ ਜ਼ਿਕਰ ਆਏ ਹਨ। ਇਸ ਤੋਂ ਇਲਾਵਾ ਲਾਹੌਰ ਰਾਜ ਦੇ ਪ੍ਰਸ਼ਾਸਨਿਕ ਪ੍ਰਬੰਧ, ਵਪਾਰਕ ਅਤੇ ਆਰਥਿਕ ਹਾਲਾਤਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ।[30]

**3.1.6. ਚਿੱਠੀ**: ਇਹ ਚਿੱਠੀ ਵੀ ਉਪਰੋਕਤ ਚਿੱਠੀ ਵਾਂਗ ਜਿੰਦਾ ਰਾਮ, ਨਾਨਕ ਰਾਮ ਵੱਲੋਂ ਆਪਣੇ ਗੁਮਾਸ਼ਤਿਆਂ ਹਣਵੰਤ ਰਾਮ, ਲਾਲ ਚੰਦ ਅੰਮ੍ਰਿਤਸਰ ਨੂੰ ਮੱਘਰ ਸੁਦੀ 14 ਸੰਮਤ 1889 (6 ਦਸੰਬਰ 1832 ਈ.) ਨੂੰ ਲਿਖੀ ਗਈ। ਇਸ ਚਿੱਠੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਵਾਪਸ ਆਉਣ ਦੇ ਸਮਾਚਾਰ ਅਤੇ ਇਸ ਤੋਂ ਪਹਿਲਾਂ ਮਹਾਰਾਜੇ ਦੇ ਰੋਹਤਾਸ ਦੇ ਕੋਲ 4 ਕੋਹ 'ਤੇ ਪੜਾਅ ਕਰਨ, (ਪੋਤੇਦਾਰ ਸੇਠਾਂ ਦੀ) ਚੋਰੀ ਦੇ ਮੁਕੱਦਮੇ ਸਬੰਧੀ ਮਹਾਰਾਜਾ ਵੱਲੋਂ ਕੁੰਮੇਦਾਨ ਚੇਤ ਸਿੰਘ ਨੂੰ ਹੁਕਮ ਦੇਣ, ਕਾਨ੍ਹ ਸਿੰਘ (ਸੰਧਾਵਾਲੀਆ) ਵੱਲੋਂ ਹੁਣ ਤੱਕ ਪੈਸੇ ਨਾ ਮਿਲਣ ਦੇ ਵੇਰਵੇ ਲਿਖੇ ਗਏ ਹਨ। ਚਿੱਠੀ ਵਿਚ ਫਤਿਹ ਸਿੰਘ ਆਹਲੂਵਾਲੀਆ ਵੱਲ ਗਏ ਪੈਸਿਆਂ ਦਾ ਮੁਕੱਦਮਾ ਲੁਧਿਆਣੇ (ਵੇਡ ਸਾਹਿਬ ਕੋਲੋ) ਹੱਲ ਹੋਣ 'ਤੇ ਅੰਬਾਲੇ

[30] ਉਹੀ, ਪੰਨੇ 40-43.

ਕਾਲਵਰਟ ਸਾਹਿਬ ਕੋਲ ਸ਼ਿਕਾਇਤ ਕਰਨ ਤੇ ਫਤਿਹ ਸਿੰਘ (ਆਹਲੂਵਾਲੀਆ) ਵੱਲ ਫਸੇ ਹੋਏ ਪੈਸੇ ਨਿਕਲ ਆਉਣ ਦਾ ਜ਼ਿਕਰ ਵੀ ਹੈ।[31]

**3.1.7. ਚਿੱਠੀ:** ਇਹ ਚਿੱਠੀ ਲਾਹੌਰ ਤੋਂ ਜਿੰਦਾ ਰਾਮ, ਮਿਰਜਾ ਮੱਲ ਦੁਆਰਾ ਆਪਣੇ ਗੁਮਾਸ਼ਤਿਆਂ ਹੁਲਾਸੀ ਰਾਮ, ਸੋਨੀਰਾਮ ਸ਼ਿਕਾਰਪੁਰ ਨੂੰ ਹਾੜ੍ਹ ਵਦੀ 11, ਸੰਮਤ 1893 (9 ਜੂਨ 1836 ਈ.) ਨੂੰ ਲਿਖੀ ਗਈ। ਇਸ ਚਿੱਠੀ ਵਿਚ ਜ਼ਿਕਰ ਹੈ ਕਿ ਜਦੋਂ ਥੋੜ੍ਹੇ ਜਿਹੇ ਬੰਦਿਆਂ ਨਾਲ ਉਹ (ਮਿਰਜਾ ਮੱਲ ਜਾਂ ਜਿੰਦਾ ਰਾਮ) ਜੇਠ ਸੁਦੀ 5 ਤੋਂ 7 ਨੂੰ ਅੰਮ੍ਰਿਤਸਰ ਤੋਂ ਲਾਹੌਰ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਤੋਂ ਘੋੜ ਸਵਾਰਾਂ ਨੇ 600/700 ਰੁ. ਲੁੱਟ ਲਿਆ। ਜਿਸ ਦੀ ਸ਼ਿਕਾਇਤ ਉਸ ਨੇ ਮਹਾਰਾਜੇ ਨੂੰ ਕੀਤੀ। ਇਸ ਚਿੱਠੀ ਵਿਚ ਸੇਠ ਵੱਲੋਂ ਮਹਾਰਾਜੇ ਨਾਲ ਮੁਲਾਕਾਤ ਕਰਨ ਅਤੇ ਮੁਲਾਕਾਤ ਸਮੇਂ ਮਹਾਰਾਜੇ ਨੂੰ ਨਜ਼ਰ ਭੇਟ ਵਜੋਂ 11 ਨਗ ਅਤੇ ਬਤਕਾਂ (ਬੁਕਤੀਆਂ), 11 ਥਾਨ ਕੱਪੜੇ ਦੇ, 1 ਤੋਪ, 1 ਡੱਬਾ ਮੁਸ਼ਕ ਅੰਬਰ (ਅਤਰ) ਦਾ, ਅਫ਼ੀਮ, ਬੀਕਾਨੇਰੀ ਮਿਸ਼ਰੀ ਤੇ ਹੋਰ ਸਮਾਨ ਆਦਿ ਦਿੱਤਾ ਗਿਆ। ਇਸ ਸਮੇਂ ਰਾਜਾ ਧਿਆਨ ਸਿੰਘ ਨੂੰ 2 ਨਗ ਬਤਕਾਂ ਸੋਨੇ ਦੀਆਂ, 7 ਥਾਨ ਕੱਪੜੇ ਦੇ, 200 ਰੁ. ਨਕਦ ਦਿੱਤੇ ਗਏ। ਰਾਜਾ ਹੀਰਾ ਸਿੰਘ (ਪੁੱਤਰ ਰਾਜਾ ਧਿਆਨ ਸਿੰਘ) ਨੂੰ 7 ਥਾਨ ਕੱਪੜੇ ਦੇ ਅਤੇ 2 ਬਤਕਾਂ ਦਿੱਤੀਆਂ ਗਈਆਂ। ਇਸ ਸਮੇਂ ਮਹਾਰਾਜੇ ਵੱਲੋਂ ਹੀਰਾ ਸਿੰਘੀਆ 200 ਰੁ. ਮੇਜ਼ਬਾਨੀ ਲਈ ਸੇਠ ਮਿਰਜਾ ਮੱਲ ਨੂੰ ਭੇਜੇ ਗਏ ਤੇ ਹੋਰ ਵੀ ਚੰਗੀ ਖ਼ਾਤਰਦਾਰੀ ਕੀਤੇ ਜਾਣ ਦਾ ਵੇਰਵਾ ਮਿਲਦਾ ਹੈ। ਇਸ ਚਿੱਠੀ ਵਿਚ ਇਹ ਵੀ ਜ਼ਿਕਰ ਹੈ ਕਿ ਮਹਾਰਾਜਾ ਵੱਲੋਂ ਖੁੱਲ੍ਹ ਹੈ ਕਿ ਸਤਲੁਜ ਦਰਿਆ ਵਿਚ ਲੁਧਿਆਣਾ ਅਤੇ ਹਰੀਕੇ ਦੇ ਪੱਤਣਾਂ ਤੋਂ ਜਿੰਨੀਆਂ ਮਰਜ਼ੀ ਕਿਸ਼ਤੀਆਂ ਭਰ ਕੇ ਲੈ ਜਾਣ ਦੀ ਖੁਲ੍ਹ ਸੀ। ਪਰ ਰਾਮਨਗਰ, ਲਾਹੌਰ ਅਤੇ ਮੁਲਤਾਨ ਪੱਤਣ ਦੀ ਕਿਸ਼ਤੀ ਭਰਨ ਦੀ ਇਜਾਜ਼ਤ ਨਹੀਂ ਸੀ ਮਿਲਦੀ। ਇਸ ਸਮੇਂ ਮਹਾਰਾਜੇ ਦੇ (ਲਾਹੌਰ) ਸ਼ਾਲਾਬਾਗ (ਸ਼ਾਲਾਮਾਰ) ਵਿਚ ਪੜਾਅ ਕੀਤੇ ਹੋਣ ਅਤੇ ਉਥੋਂ ਅੱਸੂ ਦੇ ਮਹੀਨੇ ਕਿੱਧਰੇ ਜਾਣ ਦੇ ਪ੍ਰੋਗਰਾਮ ਦਾ ਜ਼ਿਕਰ ਵੀ ਹੈ।[32]

**3.1.8. ਚਿੱਠੀ:** ਇਹ ਚਿੱਠੀ ਵੀ ਮਿਰਜਾ ਮੱਲ, ਗੁਰਮੁੱਖ ਵੱਲੋਂ ਆਪਣੇ ਗੁਮਾਸ਼ਤਿਆਂ ਹੁਲਾਸੀ ਰਾਮ, ਸੋਨੀ ਰਾਮ ਸ਼ਿਕਾਰਪੁਰ ਨੂੰ ਅੱਸੂ ਸੁਦੀ 12 ਸੰਮਤ 1893 (21 ਅਕਤੂਬਰ 1836 ਈ.)

[31] ਉਹੀ, ਪੰਨੇ 45-47.
[32] ਉਹੀ, ਪੰਨੇ 47-49.

ਨੂੰ ਲਿਖੀ ਗਈ। ਇਸ ਚਿੱਠੀ ਵਿਚੋਂ ਵਪਾਰਕ ਅਤੇ ਆਰਥਿਕ ਵੇਰਵਿਆਂ ਤੋਂ ਇਲਾਵਾ ਸ. ਲਹਿਣਾ ਸਿੰਘ (?) ਵੱਲੋਂ 900 ਰੁ. ਉਧਾਰ ਦੇ ਬਣੇ ਹੋਏ ਹੋਣ ਤੇ ਕੋਈ ਵੀ ਪੈਸਾ ਵਾਪਸ ਨਾ ਮਿਲਣ ਸਬੰਧੀ ਤੇ ਖੜਕ ਸਿੰਘ (ਪੁੱਤਰ ਮਹਾਰਾਜਾ ਰਣਜੀਤ ਸਿੰਘ ਦੇ ਮੁਲਤਾਨ ਵਿਚ ਦਾਰੁਲਾਮਨ ਦੇ ਸਥਾਨ ਤੇ ਗਏ ਹੋਣ ਦੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਭਾਦਰੋਂ ਸੁਦੀ 3 ਸੰਮਤ 1893 (13 ਸਤੰਬਰ 1836 ਈ.) ਨੂੰ ਅੰਮ੍ਰਿਤਸਰ ਆਉਣ ਪਿੱਛੋਂ ਬਾਬਾ ਨਾਨਕ ਦੁਆਰੇ (ਡੇਹਰਾ ਬਾਬਾ ਨਾਨਕ) ਨੂੰ ਚਲੇ ਜਾਣ ਦੀ ਜਾਣਕਾਰੀ ਵੀ ਮਿਲਦੀ ਹੈ।

### 3.2. ਹੁੰਡੀ:

ਮੱਧ-ਯੁਗ ਵਿਚ ਨਕਦ ਰਾਸ਼ੀ ਦਾ ਦੂਰ-ਦੁਰਾਡੇ 'ਤੇ ਭੁਗਤਾਨ ਕਰਨ ਜਾਂ ਭੇਜਣ ਲਈ ਅਜੋਕੇ ਬੈਂਕ ਡਰਾਫਟ ਵਾਂਗ 'ਹੁੰਡੀ' ਪ੍ਰਚੱਲਿਤ ਸੀ। ਹੁੰਡੀ ਦੇ ਦੇਣ-ਲੈਣ ਦਾ ਕੰਮ ਵਪਾਰੀ ਅਤੇ ਸ਼ਾਹੂਕਾਰ ਕਰਦੇ ਸਨ। ਅਜੋਕੇ ਬੈਂਕ ਡਰਾਫਟ ਵਾਂਗ ਇਕ ਕਾਗਜ਼ ਉੱਪਰ ਦੇਣ ਜੋਗ ਰਕਮ ਅੱਖਰਾਂ ਅਤੇ ਸ਼ਬਦਾਂ ਵਿਚ ਸਪੱਸ਼ਟ ਰੂਪ ਵਿਚ ਲਿਖੀ ਜਾਂਦੀ ਸੀ ਅਤੇ ਉਹ ਰਕਮ ਜਿੱਥੇ ਭੁਗਤਾਉਣ ਜਾਂ ਦੇਣ ਜੋਗ ਹੁੰਦੀ ਉਥੋਂ ਦੇ ਸ਼ਾਹੂਕਾਰ ਜਾਂ ਵਪਾਰੀ ਦੇ ਨਾਮ ਇਹ ਹੁੰਡੀ ਪੱਤਰ ਲਿਖਿਆ ਜਾਂਦਾ ਸੀ। ਇਸ ਵਿਚ ਰਕਮ ਪ੍ਰਾਪਤ ਕਰਨ ਵਾਲੇ ਦਾ ਨਾਮ ਅਤੇ ਹੁਲੀਆ, ਰਕਮ ਦੇਣ ਦੀ ਤਾਰੀਖ, ਹੁੰਡੀ ਕਰਨ ਦੀ ਤਾਰੀਖ, ਹੁੰਡੀ ਲਿਖਣ ਵਾਲੇ ਸ਼ਾਹੂਕਾਰ/ਵਪਾਰੀ ਦਾ ਨਾਮ ਪਤਾ, ਹੁੰਡੀ ਭੇਜਣ ਵਾਲੇ ਵਿਅਕਤੀ ਦਾ ਨਾਮ-ਪਤਾ, ਹੁੰਡੀ ਦੇ ਕਰ ਜਾਂ ਲਾਭ ਦੀ ਦਰ ਆਦਿ ਵੇਰਵੇ ਲਿਖੇ ਜਾਂਦੇ ਸਨ। 'ਹੁੰਡੀ' ਦੋ ਪ੍ਰਕਾਰ ਦੀ ਦਰਸ਼ਨੀ ਅਤੇ ਮਿਆਦੀ ਹੁੰਦੀ ਸੀ। ਦਰਸ਼ਨੀ ਹੁੰਡੀ ਦਾ ਭੁਗਤਾਨ ਹੁੰਡੀ ਦਾ ਕਾਗਜ਼ ਮਿਲਦਿਆਂ ਹੀ ਹੁੰਡੀ ਦੇਣਯੋਗ ਵਿਅਕਤੀ ਵੱਲੋਂ ਤੁਰੰਤ ਕਰਨਾ ਹੁੰਦਾ ਸੀ ਜਦਕਿ ਮਿਆਦੀ ਹੁੰਡੀ ਵਿਚ ਕੁਝ ਸਮੇਂ ਬਾਅਦ ਭੁਗਤਾਨ ਕਰਨ ਦੀ ਤਾਰੀਖ ਦਿੱਤੀ ਹੁੰਦੀ ਸੀ। ਇਹ ਸਮਾਂ ਮਹੀਨਿਆਂ ਤੋਂ ਲੈ ਕੇ ਸਾਲ ਤੱਕ ਹੁੰਦਾ ਸੀ।[33]

ਮਹਾਰਾਜਾ ਰਣਜੀਤ ਸਿੰਘ ਅਤੇ ਦੂਜੀਆਂ ਸਿੱਖ ਰਿਆਸਤਾਂ ਕਪੂਰਥਲਾ, ਨਾਭਾ, ਪਟਿਆਲਾ, ਫਰੀਦਕੋਟ, ਨਾਭਾ, ਜੀਂਦ ਆਦਿ ਦੇ ਰਾਜਿਆਂ, ਸਰਦਾਰਾਂ, ਅਹਿਲਕਾਰਾਂ,

---

[33] ਉਹੀ, ਪੰਨਾ 27

ਅਧਿਕਾਰੀਆਂ ਆਦਿ ਦੁਆਰਾ ਨਕਦੀ ਦੇ ਦੂਰ-ਦੁਰਾਡੇ ਭੁਗਤਾਨ ਲਈ ਹੁੰਡੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਚੁਰੂ ਦੇ 'ਪੋਦਾਰ' ਘਰਾਣੇ ਦੁਆਰਾ ਅਜਿਹੀਆਂ ਹੁੰਡੀਆਂ ਆਮ ਕੀਤੀਆਂ ਜਾਂਦੀਆਂ ਸਨ। ਸੋ ਲਾਹੌਰ ਦਰਬਾਰ ਅਤੇ ਸਿੱਖ ਰਿਆਸਤਾਂ ਦੇ ਸ਼ਾਸਕਾਂ ਤੇ ਅਧਿਕਾਰੀਆਂ ਅਤੇ ਹੋਰ ਆਮ ਲੋਕਾਂ ਦੁਆਰਾ 'ਪੋਦਾਰ' ਘਰਾਣੇ ਦੀਆਂ ਫਰਮਾਂ ਰਾਹੀਂ ਕੀਤੀਆਂ ਹੁੰਡੀਆਂ ਦੇ ਦਸਤਾਵੇਜ਼ ਪੋਦਾਰ ਸੰਗ੍ਰਹਿ ਵਿਚ ਮਿਲਦੇ ਹਨ। ਇਨ੍ਹਾਂ 'ਹੁੰਡੀਆਂ' ਦੇ ਦਸਤਾਵੇਜ਼ਾਂ ਵਿਚੋਂ ਕੁਝ ਦਾ ਪ੍ਰਕਾਸ਼ਨ ਸ਼੍ਰੀ ਗੋਬਿੰਦ ਅਗਰਵਾਲ ਨੇ 'ਮਰੂ ਸ਼੍ਰੀ' ਪੱਤ੍ਰਿਕਾ ਵਿਚ ਸਮੇਂ-ਸਮੇਂ ਆਪਣੇ ਲੇਖਾਂ ਵਿਚ ਕੀਤਾ ਹੈ, ਜਿਨ੍ਹਾਂ ਵਿਚੋਂ ਕੁਝ ਨੂੰ ਅੱਗੇ ਦਿੱਤਾ ਜਾ ਰਿਹਾ ਹੈ।

**3.2.1. ਹੁੰਡੀ ਨੰਬਰ S.** 1578:[34] ਇਹ ਹੁੰਡੀ ਪੋਤੇਦਾਰ/ਪੋਦਾਰ ਸੇਠ ਜਿੰਦਾ ਰਾਮ ਮਿਰਜਾ ਮੱਲ ਨੇ ਆਪਣੀ ਵਪਾਰਿਕ ਸ਼ਾਖਾ ਅੰਮ੍ਰਿਤਸਰ ਤੋਂ ਜਗਾਧਰੀ (ਹਰਿਆਣਾ) ਵਿਚ ਆਪਣੀ ਦੂਸਰੀ ਵਪਾਰਕ ਸ਼ਾਖਾ ਵਿਚ ਭਾਈ ਜਿੰਦਾ ਰਾਮ, ਨਾਨਕ ਰਾਮ ਨੂੰ ਲਿਖੀ ਸੀ। ਇਹ ਹੁੰਡੀ ਕਾਨ੍ਹ ਸਿੰਘ {ਸੰਧਾਵਾਲੀਆਂ} ਵੱਲੋਂ ਜਵਾਲਾਪੁਰ 450 ਰੁ. ਭੇਜੇ ਜਾਣ ਸਬੰਧੀ ਹੈ। ਜਿਸ ਦੀ ਮਿਆਦ 15 ਦਿਨਾਂ ਦੀ ਹੈ। ਇਸ ਹੁੰਡੀ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:

॥ ਸ਼੍ਰੀ ਰਾਮ ਜੀ

॥ਸਿਧ ਸ਼੍ਰੀ [ਜਗਾਧਰੀ] ਸੁਥਾਨ ਭਾਈ ਜਿੰਦਾ ਰਾਮ ਜੀ ਨਾਨਕ ਰਾਮ ਜੀ ਜੋਗ; ਅੰਮ੍ਰਿਤਸਰ ਤੋਂ ਜਿੰਦਾ ਰਾਮ ਜੀ ਮਿਰਜਾ ਮੱਲ ਵੱਲੋਂ ਰਾਮ ਰਾਮ ਉਪਰੰਤ ਤੁਹਾਡੇ ਵੱਲ 1 ਹੁੰਡੀ ਲਿਖੀ ਹੈ, 450/- ਰੁਪਏ ਅੱਖਰੀਂ ਸਾਢੇ ਚਾਰ ਸੌ, ਜਿਸ ਦੇ ਅੱਧੇ ਸਵਾ ਦੋ ਸੌ ਹੁੰਦੇ ਹਨ। ਇਥੇ ਸਰਦਾਰ ਕਾਨ (ਕਾਨ੍ਹ) ਸਿੰਘ ਜੀ ਸਿੰਧਵਾਲੀਆਂ (ਸੰਧਾਵਾਲੀਆ) ਪਾਸੋਂ ਰੱਖੇ ਹਨ। ਜਗਾਧਰੀ ਵਿਚ ਖੁਦਾਵਰ ਮੁਸਲਮਾਨ ਆਏਗਾ ਜਿਸ ਨੂੰ ਚਾਂਦੀ ਦੇ ਰੁਪੱਈਆਂ ਦੀ ਰਕਮ ਦੀ ਜਵਾਲਾਪੁਰ ਦੀ ਹੁੰਡੀ ਕਰਾ ਦੇਣਾ। ਮਿਤੀ ਮੱਘਰ ਸੁਦੀ 13, ਸੁਦੀ ਤੇਰਾਂ, ਦਿਨ 15, ਅੱਖਰੀ ਦਿਨਾਂ ਪੰਦਰਾਂ ਪਿੱਛੋਂ ਦੇਣ ਯੋਗ। ਮਿਤੀ ਮੱਘਰ ਸੁਦੀ 13 ਸੰਮਤ 1885 (19 ਦਸੰਬਰ 1828 ਈ.) ਦਸਤਖ਼ਤ ਚਤੁਰਭੁਜ।

(ਹੁੰਡੀ ਦੇ ਉੱਪਰੇ ਹਿੱਸੇ 'ਤੇ (ਉੱਪਰ ਤੋਂ ਹੇਠਾਂ ਨੂੰ) ਟੇਡੇ ਰੁਖ ਨੂੰ ਲਿਖਿਆ ਵੇਰਵਾ )

---

[34] ਉਹੀ, ਪੰਨਾ 28-29

ਨਿਸ਼ਾਨੀ ਮੇਰੇ ਖਾਤੇ (ਮਿਰਜਾ ਮੱਲ ਦੇ) ਲਿਖ ਦੇਣੀ ਹੁੰਡੀ ਦੇ ਵੱਟੇ ਦੀ ਹੁੰਡੀ (ਜਗਾਧਰੀ ਤੋਂ) ਜਵਾਲਾਪੁਰ ਦੀ ਕਰਾ ਦੇਣੀ ਚਾਂਦੀ ਦੇ ਰੁਪੱਈਆਂ ਦੀ। ਖੁਦਵਾਰ ਦਾ ਹੁਲੀਆ ਇਸ ਤਰ੍ਹਾਂ ਵੇਖ ਲੈਣਾ:

- ਨੱਕ ਦੇ ਅਗਲੇ ਪਾਸੇ ਹੇਠਾਂ ਤਿਣ ਦਾ ਦਾਗ ਹੈ।
- ਸੱਜੇ ਹੱਥ (ਪਾਸੇ) ਦੇ ਕੰਨ ’ਤੇ ਦਾਗ ਹੈ।
- ਖੱਬੀ ਅੱਖ ਵਿਚ ਫੁੱਲੀ ਹੈ।

ਇਸ ਤਰ੍ਹਾਂ ਨਿਸ਼ਾਨੀਆਂ ਦੇਖ ਨਾਮ ਜੋਗ (ਹੁੰਡੀ) ਕਰਾ ਦੇਣਾ।

(ਹੁੰਡੀ ਦੇ ਕਾਗਜ਼ ਦੇ ਪਿਛਲੇ ਪਾਸੇ ਦੀ ਲਿਖਤ)

ਇਕ ਸੌ ਸਾਢੇ ਬਾਰਾਂ ਰੁਪੱਈਆਂ ਦੇ ਚੌਗਣੇ ਪੂਰੇ ਸਾਢੇ ਚਾਰ ਸੌ, ਖੁਦਾਵਰ ਨੂੰ ਜਵਾਲਾਪੁਰ ਚੱਲਣ ਦੀ ਹੁੰਡੀ ਕਰਾ ਦੇਣੀ। ਭਾਈ ਜਿੰਦਾ ਰਾਮ ਜੀ ਨਾਨਗ ਰਾਮ ਜੋਗ।[35]

### 3.3. ਵਹੀਆਂ

ਪੋਤੇਦਾਰ ਘਰਾਣੇ ਦੇ ਦਸਤਾਵੇਜ਼ਾਂ ਵਿਚ ਹਜ਼ਾਰ ਦੇ ਕਰੀਬ ਵਹੀਆਂ ਹਨ। ਇਨ੍ਹਾਂ ਵਿਚੋਂ ਕੁਝ ਵਹੀਆਂ ਵਿਚ ਸਿੱਖਾਂ ਅਤੇ ਪੰਜਾਬ ਦੇ ਇਲਾਕੇ ਨਾਲ ਸਬੰਧਿਤ ਇਤਿਹਾਸਕ ਜਾਣਕਾਰੀਆਂ ਮਿਲਦੀਆਂ ਹਨ। ਜਿਨ੍ਹਾਂ ਵਹੀਆਂ ਵਿਚ ਸਿੱਖਾਂ ਨਾਲ ਸਬੰਧਿਤ ਜਾਣਕਾਰੀ ਮਿਲਦੀ ਹੈ ਉਨ੍ਹਾਂ ਵਿਚੋਂ ਪ੍ਰਮੁੱਖ ਹਨ: S. 37, S 199., S 200.,V. 19. ਆਦਿ। ਇਹਨਾਂ ਵਹੀਆਂ ਦੇ ਹਵਾਲੇ ਸ਼੍ਰੀ ਗੋਬਿੰਦ ਅਗਰਵਾਲ ਦੁਆਰਾ ‘ਮਰੂ ਸ਼੍ਰੀ’ ਪੱਤ੍ਰਿਕਾ ਦੇ ਕਈ ਅੰਕਾਂ ਵਿਚ ਦਿੱਤੇ ਗਏ ਹਨ।

ਇਹਨਾਂ ਦੀ ਲਿੱਪੀ ਮੁੜੀਆ ਹੈ ਜਿਸ ਕਰਕੇ ਇਹਨਾਂ ਨੂੰ ਪੜ੍ਹਨਾ ਬੜਾ ਮੁਸ਼ਕਿਲ ਕਾਰਜ ਹੈ। ਕਿਉਂਕਿ ਅੱਜ ਕੱਲ ਮੁੜੀਆ ਲਿੱਪੀ ਦੇ ਗਿਆਤਾ ਨਾ-ਮਾਤਰ ਹੀ ਹਨ, ਸਾਡੇ ਇਹਨਾਂ ਚਿੱਠੀਆਂ ਨੂੰ ਨਾ ਤਾਂ ਕਿਸੇ ਤੋਂ ਪੜ੍ਹਵਾਇਆ ਜਾ ਸਕਿਆ ਹੈ ਅਤੇ ਨਾ ਹੀ ਕਿਸੇ ਤੋਂ ਮੁੜੀਆ ਲਿੱਪੀ ਦਾ ਗਿਆਨ ਹਾਸਿਲ ਕੀਤਾ ਜਾ ਸਕਿਆ ਹੈ। ਇਹਨਾ ਸਰੋਤਾਂ ਵਿਚ ਦਰਜ 19ਵੀਂ ਸਦੀ ਦੀ ਸਿੱਖਾਂ ਅਤੇ ਪੰਜਾਬ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਹਮਣੇ ਲਿਆਉਣ ਲਈ ਯਤਨ ਕਰਨ ਦੀ ਜ਼ਰੂਰਤ ਹੈ।

---

[35] **19ਵੀਂ ਸਦੀ ਕੇ ਵਪਾਰ-ਜਗਤ ਸੇ ਸਬੰਧਿਤ ਆਧਾਰ-ਭੂਤ ਸ਼ੋਧ ਸਮੱਗਰੀ,** ਮਰੂ ਸ਼੍ਰੀ, ਪੰਨੇ 28-29.

**ਸਾਰ:**

ਇਸ ਅਧਿਆਇ ਵਿਚ ਸ਼ਾਮਿਲ ਰਾਜਸਥਾਨੀ ਭਾਸ਼ਾ ਵਿਚ ਲਿਖਤ ਵੱਖ-ਵੱਖ ਪ੍ਰਕਾਰ ਦੀਆਂ ਲਿਖਤਾਂ ਵਿਚੋਂ ਸਿੱਖ ਧਰਮ ਦੇ ਗੁਰੂ ਕਾਲ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ ਤੱਕ ਦੇ ਹਵਾਲੇ ਅਤੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਤਿਹਾਸਕ ਕਾਵਿ ਗ੍ਰੰਥ 'ਕੁਰਮਵਿਲਾਸ' ਵਿਚ ਔਰੰਗਜ਼ੇਬ ਦੇ ਸਮੇਂ ਸਿੱਖ ਗੁਰੂ ਸਾਹਿਬਾਨ ਵਿਰੁੱਧ ਮੁਗ਼ਲ ਹਕੂਮਤ ਦੀਆਂ ਮੁਹਿੰਮਾਂ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਅਤੇ ਪਿੱਛੋਂ ਮਿਸਲ ਕਾਲ ਸਮੇਂ ਬਾਬਾ ਆਲਾ ਸਿੰਘ ਨਾਲ ਸਬੰਧਿਤ ਵੇਰਵੇ ਮਿਲਦੇ ਹਨ। ਇਸ ਗ੍ਰੰਥ ਵਿਚਲੇ ਸਿੱਖਾਂ ਸਬੰਧੀ ਹਵਾਲੇ ਸਿੱਖ ਇਤਿਹਾਸ ਦੀਆਂ ਅਹਿਮ ਘਟਨਾਵਾਂ, ਸਮਾਂ ਨਿਸ਼ਚਿਤ ਕਰਨ ਅਤੇ ਭਾਰਤ ਦੀਆਂ ਰਾਜਸੀ ਸ਼ਕਤੀਆਂ ਨਾਲ ਸਿੱਖਾਂ ਦੇ ਸਬੰਧਾਂ ਅਤੇ ਭੂਮਿਕਾ ਬਾਰੇ ਅਹਿਮ ਜਾਣਕਾਰੀ ਪ੍ਰਦਾਨ ਕਰਦੇ ਹਨ। 'ਭੂਗੋਲ ਇਤਿਹਾਸ ਵਿਸ਼ਿਯ ਸਬੰਧੀ ਏਵੰ ਅਨਯ ਵਿਵਿਧ ਵਿਸ਼ਿਉਂ ਕਾ ਫੁਟਕਰ ਗ੍ਰੰਥ' ਵਿਚੋਂ ਲਾਹੌਰ ਦਰਬਾਰ ਨਾਲ ਸਬੰਧਿਤ ਦੋ ਅਹਿਮ ਇਤਿਹਾਸਕ ਮੌਕਿਆਂ ਨਾਲ ਸਬੰਧਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹ ਦੋਵੇਂ ਹੀ ਇਤਿਹਾਸਕ ਵੇਰਵੇ ਅੰਗਰੇਜ਼ਾਂ ਦੇ ਲਾਹੌਰ ਦਰਬਾਰ ਨਾਲ ਸਬੰਧਾਂ ਨੂੰ ਦਰਸਾਉਂਦੇ ਹਨ। ਤੀਸਰੀ ਵੰਨਗੀ ਦੀਆਂ ਵਾਪਾਰਿਕ ਚਿੱਠੀਆਂ ਵਿਚੋਂ 18ਵੀਂ ਸਦੀ ਦੇ ਸਮਾਜਿਕ, ਸੱਭਿਆਚਾਰਕ, ਧਾਰਮਿਕ, ਰਾਜਨੀਤਿਕ, ਪ੍ਰਸ਼ਾਸਨਿਕ ਆਦਿ ਵਿਵਸਥਾਵਾਂ ਅਤੇ ਪੱਖਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਅਧਿਆਇ ਦੇ ਸਰੋਤਾਂ ਦੇ ਸਿੱਖ ਸੰਦਰਭ ਵਿਚ ਪ੍ਰਾਪਤ ਹਵਾਲਿਆਂ ਦੀ ਇਹ ਵੀ ਖਾਸੀਅਤ ਅਤੇ ਮਹੱਤਤਾ ਹੈ ਕਿ ਇਨ੍ਹਾਂ ਨਾਵਾਂ, ਥਾਵਾਂ, ਤਾਰੀਖਾਂ ਅਤੇ ਘਟਨਾਵਾਂ ਸਮੇਤ ਪੂਰੇ ਵੇਰਵੇ ਮਿਲਦੇ ਹਨ।

ਇਸ ਅਧਿਆਇ ਵਿਚ ਸ਼ਾਮਿਲ ਕਾਵਿ ਅਤੇ ਵਾਰਤਕ ਵਿਚ ਲਿਖਤ ਰਾਜਸਥਾਨੀ ਭਾਸ਼ਾ ਦੀਆਂ ਵੰਨਗੀਆਂ ਦੇ ਸਰੋਤਾਂ ਦਾ ਅਧਿਐਨ ਕਰਦਿਆਂ ਇਕ ਤੱਥ/ਧਾਰਨਾ ਪ੍ਰਬਲ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਰਾਜਸਥਾਨੀ ਭਾਸ਼ਾ ਦੀਆਂ ਵੱਖ-ਵੱਖ ਵੰਨਗੀਆਂ ਅਤੇ ਖੇਤਰਾਂ ਨਾਲ ਸਬੰਧਿਤ ਲਿਖਤੀ ਸਰੋਤਾਂ ਵਿਚੋਂ ਬਹੁਤ ਸਾਰਿਆਂ ਵਿਚੋਂ ਸਿੱਖ ਧਰਮ ਸਬੰਧੀ ਜਾਣਕਾਰੀ ਅਤੇ ਹਵਾਲੇ ਪ੍ਰਾਪਤ ਹੋ ਸਕਦੇ ਹਨ। ਇਸ ਲਈ ਇਸ ਖੇਤਰ ਦੇ ਸਰੋਤਾਂ ਦੀ ਹੋਰ ਨੀਝ ਨਾਲ

ਭਾਲ ਅਤੇ ਅਧਿਐਨ ਕਰਨ ਦੀ ਜ਼ਰੂਰਤ ਹੈ। ਰਾਜਸਥਾਨੀ ਸਰੋਤਾਂ ਦੇ ਅਧਿਐਨ ਰਾਹੀਂ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਕਈ ਉਲਝਣਾਂ ਅਤੇ ਭੁਲੇਖੇ ਦੂਰ ਹੋਣ ਅਤੇ ਇਤਿਹਾਸ ਵਿਚਲੇ ਖੱਪੇ ਪੂਰਨ ਵਿਚ ਸਹਾਇਤਾ ਮਿਲ ਸਕਦੀ ਹੈ।

##########

# ਨਿਸ਼ਕਰਸ਼

ਕਿਸੇ ਵਿਸ਼ੇਸ਼, ਖੇਤਰ, ਸੱਭਿਆਚਾਰ, ਧਰਮ, ਨਸਲ, ਜਾਤੀ ਆਦਿ ਦੀ ਸਥਿਤੀ ਨੂੰ ਜਾਨਣ ਲਈ ਖੋਜ-ਸਮੱਗਰੀ ਦੀ ਲੋੜ ਪੈਂਦੀ ਹੈ। ਠੀਕ ਇਸੇ ਤਰ੍ਹਾਂ ਸਿੱਖ ਧਰਮ ਆਰੰਭ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਜਾਨਣ-ਸਮਝਣ ਲਈ ਲਿਖਤ ਸਰੋਤਾਂ ਦੀ ਸਹਾਇਤਾ ਲੈਣੀ ਪੈਂਦੀ ਹੈ। ਸਿੱਖ ਧਰਮ ਦੇ ਆਰੰਭ ਅਤੇ ਵਿਕਾਸ ਬਾਰੇ ਜਾਣਕਾਰੀ ਦੇਣ ਵਾਲੇ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਵਿਚ ਲਿਖਤ ਸਮਕਾਲੀਨ ਸਰੋਤਾਂ ਦੀ ਬੜੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਦੂਜੀਆਂ ਭਾਸ਼ਾਵਾਂ ਵਿਚ ਰਚਿਤ ਸਰੋਤਾਂ ਦਾ ਸਹਾਰਾ ਲੈਣਾ ਪੈਂਦਾ ਹੈ। ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਸਰੋਤਾਂ ਵਿਚੋਂ ਹੁਣ ਤੱਕ ਫ਼ਾਰਸੀ, ਅੰਗਰੇਜ਼ੀ ਅਤੇ ਮਰਾਠੀ ਭਾਸ਼ਾਵਾਂ ਵਿਚ ਲਿਖਤੀ ਸਰੋਤ ਹੀ ਵਰਤੋਂ ਵਿਚ ਆਉਂਦੇ ਰਹੇ ਹਨ। ਉਕਤ ਭਾਸ਼ਾਵਾਂ ਤੋਂ ਇਲਾਵਾ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਅਤੇ ਦੇਵਨਾਗਰੀ ਲਿੱਪੀ ਵਿਚ ਲਿਖਤ ਸਰੋਤਾਂ ਵੱਲ ਹੁਣ ਤੱਕ ਸਿੱਖ ਧਰਮ ਅਤੇ ਇਤਿਹਾਸ ਦੀ ਖੋਜ ਅਤੇ ਅਧਿਐਨ ਕਰਨ ਵਾਲੇ ਵਿਦਵਾਨਾਂ ਨੇ ਕੋਈ ਖਾਸ ਤਵੱਜੋ ਨਹੀਂ ਦਿੱਤੀ। ਰਾਜਸਥਾਨੀ ਭਾਸ਼ਾ ਦੇ ਲਿਖ਼ਤ ਸਰੋਤਾਂ ਵਿਚੋਂ ਸਿੱਖ ਧਰਮ ਨਾਲ ਸਬੰਧਿਤ ਸਮਕਾਲੀਨ ਅਤੇ ਪ੍ਰਮਾਣੀਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਹੱਥਲਾ ਖੋਜ-ਕਾਰਜ ਸਿੱਖ ਧਰਮ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਰਾਜਸਥਾਨੀ ਭਾਸ਼ਾ ਦੇ ਲਿਖਤ ਸਰੋਤਾਂ ਦੀ ਭਾਲ, ਪਹਿਚਾਣ ਅਤੇ ਇਹਨਾਂ ਸਰੋਤਾਂ ਵਿਚੋਂ ਮਿਲਦੀ ਜਾਣਕਾਰੀ ਨੂੰ ਸਾਹਮਣੇ ਲਿਆਉਣ ਦੇ ਜਤਨਾਂ ਦੀ ਹੀ ਅਗਲੀ ਇਕ ਕੜੀ ਹੈ।

ਸਿੱਖ ਧਰਮ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਰਾਜਸਥਾਨੀ ਸਰੋਤਾਂ ਦੀ ਸਮਕਾਲੀਨ ਪ੍ਰਸੰਗਿਕਤਾ ਅਤੇ ਪ੍ਰਮਾਣਿਕਤਾ ਇਨ੍ਹਾਂ ਸਰੋਤਾਂ ਦੀ ਅਹਿਮੀਅਤ ਨੂੰ ਹੋਰ ਵੀ ਵਧਾ ਦਿੰਦੀ ਹੈ। ਸਿੱਖ ਧਰਮ ਤੇ ਇਤਿਹਾਸ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਸਰੋਤਾਂ ਵਿਚ ਹੁਣ ਤੱਕ ਹੱਥਲੇ ਖੋਜ-ਕਾਰਜ ਰਾਹੀਂ ਤਿੰਨ ਕਿਸਮਾਂ ਦੇ ਸਰੋਤ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਦੇ ਸਰਕਾਰੀ ਰਿਕਾਰਡ ਤੇ ਦਸਤਾਵੇਜ਼, ਸਾਹਿਤਕ ਤੇ ਇਤਿਹਾਸਕ ਮਿਸ਼ਰਤ ਸਰੋਤ ਅਤੇ ਵਪਾਰਕ ਲਿਖਤਾਂ ਸ਼ਾਮਿਲ ਹਨ।

ਰਾਜਪੂਤਾਨੇ ਦੀਆਂ ਭੂਤਪੂਰਵ ਰਿਆਸਤਾਂ ਦੇ ਸਰਕਾਰੀ ਰਿਕਾਰਡ ਵਿਚਲੇ ਦਸਤਾਵੇਜ਼ੀ ਸਰੋਤਾਂ ਵਿਚੋਂ ਜੈਪੁਰ ਅਤੇ ਭਰਤਪੁਰ ਰਿਆਸਤ ਦੇ ਸ਼ਾਸ਼ਕਾਂ, ਅਹਿਲਕਾਰਾਂ, ਵਕੀਲਾਂ ਅਤੇ ਰਾਜਘਰਾਣਿਆਂ ਨਾਲ ਸਬੰਧਿਤ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਮਰਾਠਿਆਂ ਦੇ ਵਕੀਲਾਂ ਆਦਿ ਵੱਲੋਂ ਲਿਖੇ ਗਏ ਰਾਜਨੀਤਿਕ ਅਤੇ ਸਮਾਜਿਕ ਪੱਤਰਾਂ ਵਿਚੋਂ 18ਵੀਂ ਸਦੀ ਦੇ 7ਵੇਂ ਦਹਾਕੇ ਦੀ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਪੱਤਰਾਂ ਦੀਆਂ ਵੀ ਅੱਗੇ ਅਹੁਦਿਆਂ ਦੇ ਹਿਸਾਬ ਨਾਲ ਵੱਖ-ਵੱਖ ਵੰਨਗੀਆਂ ਹਨ। ਇਨ੍ਹਾਂ ਪੱਤਰਾਂ ਤੋਂ ਇਲਾਵਾ ਜੈਪੁਰ ਰਿਆਸਤ ਦੇ ਰੋਜ਼ਨਾਮਚੇ ਵਰਗੇ ਇਕ ਰਿਕਾਰਡ ਜਿਸ ਨੂੰ 'ਦਸਤੂਰ ਕੌਮਵਾਰ' ਕਿਹਾ ਜਾਂਦਾ ਹੈ, ਵਿਚ ਵੀ 1740 ਈ. ਤੋਂ 1862 ਈ. ਤੱਕ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਨਾਵਾਂ, ਥਾਵਾਂ ਤੇ ਤਾਰੀਖਾਂ ਆਦਿ ਵੇਰਵਿਆਂ ਸਮੇਤ ਮਿਲਦੀ ਹੈ।

ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਨਾਲ ਸਬੰਧਿਤ ਸਰਕਾਰੀ ਰਿਕਾਰਡ ਤੋਂ ਇਲਾਵਾ ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਦੂਸਰੀ ਕਿਸਮ ਦੇ ਰਾਜਸਥਾਨੀ ਸਰੋਤਾਂ ਵਿਚ ਸਾਹਿਤ ਅਤੇ ਇਤਿਹਾਸ ਦੇ ਮਿਸ਼ਰਤ ਵਾਰਤਕ ਤੇ ਕਾਵਿ ਸ਼ੈਲੀ ਵਿਚ ਲਿਖੇ ਗਏ ਸਰੋਤ ਵੀ ਮਿਲਦੇ ਹਨ, ਇਨ੍ਹਾਂ ਵਿਚੋਂ ਖਿਆਤਾਂ ਅਤੇ ਜੈਪੁਰ ਰਿਆਸਤ ਦੇ ਕਛਵਾਹਾ ਰਾਜਪੂਤਾਂ ਸਬੰਧੀ ਰਚਿਤ ਇਤਿਹਾਸਕ ਕਾਵਿ ਗ੍ਰੰਥ 'ਕੁਰਮ-ਵਿਲਾਸ' ਸ਼ਾਮਿਲ ਹਨ। 19ਵੀਂ ਸਦੀ ਦੇ ਸਿੱਖ ਇਤਿਹਾਸ, ਖਾਸ ਕਰਕੇ ਰਾਜਨੀਤਿਕ, ਪ੍ਰਸ਼ਾਸਨਿਕ, ਆਰਥਿਕ ਅਤੇ ਵਪਾਰਿਕ ਆਦਿ ਪੱਖਾਂ ਦੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਦੇ ਮੁੜੀਆ ਲਿੱਪੀ ਵਿਚ ਲਿਖਤ ਉੱਘੇ ਮਾਰਵਾੜੀ ਵਪਾਰਕ ਘਰਾਣੇ ਦੀਆਂ ਚਿੱਠੀਆਂ, ਹੁੰਡੀਆਂ ਅਤੇ ਵਹੀਆਂ ਆਦਿ ਪ੍ਰਾਪਤ ਹੁੰਦੇ ਹਨ।

ਇਨ੍ਹਾਂ ਤਿੰਨ ਕਿਸਮਾਂ ਦੇ ਸਰੋਤਾਂ ਤੋਂ ਇਲਾਵਾ ਸਮਕਾਲੀਨ ਇਤਿਹਾਸਕ ਘਟਨਾਵਾਂ ਅਤੇ ਭੂਗੋਲਿਕ ਜਾਣਕਾਰੀ ਦੇਣ ਵਾਲੇ ਬੇਨਾਮ ਲੇਖਕਾਂ ਵੱਲੋਂ ਵੀ 18ਵੀਂ-19ਵੀਂ ਸਦੀ ਦੇ ਸਿੱਖ ਇਤਿਹਾਸ ਤੇ ਰਾਜਨੀਤਿਕ ਵਰਤਾਰਿਆਂ ਪ੍ਰਤੀ ਮੁੱਲਵਾਨ ਜਾਣਕਾਰੀ ਜੁਟਾਈ ਗਈ ਹੈ। ਰਾਜਸਥਾਨੀ ਭਾਸ਼ਾ ਦੇ ਇਹਨਾਂ ਸਰੋਤਾਂ ਤੋਂ ਇਲਾਵਾ ਭਗਤੀ ਸਾਹਿਤ ਨਾਲ ਸਬੰਧਿਤ ਸਰੋਤਾਂ ਵਿਚ ਵੀ ਸਿੱਖ ਧਰਮ ਦੇ ਗੁਰੂ ਸਾਹਿਬਾਨ, ਸੰਤਾਂ-ਭਗਤਾਂ, ਗੁਰੂ ਅੰਸ਼ ਦੇ ਵਿਅਕਤੀਆਂ ਅਤੇ ਸਿੱਖ ਪ੍ਰਚਾਰਕਾਂ ਆਦਿ ਸਬੰਧੀ ਜਾਣਕਾਰੀ ਮਿਲਦੀ ਹੈ।

ਰਾਜਸਥਾਨੀ ਭਾਸ਼ਾ ਦੇ ਇਨ੍ਹਾਂ ਸਰੋਤਾਂ ਵਿਚੋਂ ਰਿਆਸਤਾਂ ਦੇ ਸਰਕਾਰੀ ਰਿਕਾਰਡ ਵਿਚਲੇ ਦਸਤਾਵੇਜ਼ੀ ਸਰੋਤਾਂ ਵਿਚਲੀ ਜਾਣਕਾਰੀ ਸਾਹਿਤ ਤੇ ਇਤਿਹਾਸ ਦੇ ਮਿਸ਼ਰਤ ਸਰੋਤਾਂ ਦੇ ਮੁਕਾਬਲੇ ਜਿਆਦਾ ਪ੍ਰਮਾਣੀਕ ਤੇ ਵਿਸ਼ਵਾਸ਼ਯੋਗ ਹੈ। ਇਸ ਕਿਸਮ ਦੇ ਸਰੋਤ ਤਤਕਾਲੀ ਘਟਨਾਵਾਂ ਅਤੇ ਸਥਿਤੀ ਦੀ ਹਕੀਕਤ ਨੂੰ ਬਿਆਨ ਕਰਨ ਲਈ ਲਿਖੇ ਗਏ ਹੋਣ ਕਰਕੇ ਸਮਕਾਲੀਨ ਪੁਖਤਾ ਅਤੇ ਵਿਸ਼ਵਾਸ਼ਯੋਗ ਜਾਣਕਾਰੀ ਪ੍ਰਦਾਨ ਕਰਦੇ ਹਨ।

ਸਿੱਖ ਧਰਮ ਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਵਿਚ ਲਿਖਤ ਸਾਹਿਤਕ ਅਤੇ ਇਤਿਹਾਸਕ ਮਿਸ਼ਰਤ ਵੰਨਗੀਆਂ ਦੇ ਸਰੋਤਾਂ ਵਿਚ ਇਨ੍ਹਾਂ ਰਚਨਾਵਾਂ ਦਾ ਨਿੱਜ ਸ਼ਾਮਿਲ ਹੋਣ ਕਰਕੇ, ਨਿੱਜਤਾਂ ਨਾਲ ਜੁੜੀਆਂ ਕੁਝ ਕਮੀਆਂ ਲਿਖਤਾਂ ਵਿਚ ਸਹਿਜ-ਸੁਭਾਵਿਕ ਪ੍ਰਵੇਸ਼ ਕਰ ਗਈਆਂ ਹਨ। ਰਾਜਸਥਾਨੀ ਵਿਚ ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੇ ਇਨ੍ਹਾਂ ਸਾਹਿਤਕ ਸਰੋਤਾਂ ਵਿਚੋਂ ਖਿਆਤਾਂ ਇਤਿਹਾਸਕ ਕਾਵਿ ਗ੍ਰੰਥ ਅਤੇ ਫੁਟਕਲ ਭੁਗੋਲਿਕ, ਰਾਜਨੀਤਿਕ, ਇਤਿਹਾਸਕ ਘਟਨਾਵਾਂ/ਵਾਕਿਆਂ ਨਾਲ ਸਬੰਧਿਤ ਗ੍ਰੰਥਾਂ ਦੇ ਰਚੈਤਾ ਜਿਆਦਾਤਰ ਰਾਜਸਥਾਨ ਦੀਆਂ ਭੂਤਪੂਰਵ ਰਿਆਸਤਾਂ ਦੇ ਤਨਖਾਹਦਾਰ ਮੁਲਾਜ਼ਮ, ਜਗੀਰਾਂ ਤੇ ਇਨਾਮ ਪ੍ਰਾਪਤ ਕਰਨ ਵਾਲੇ ਰਿਆਸਤ ਉੱਪਰ ਆਸ਼ ਿਤ ਵਿਅਕਤੀ ਸਨ। ਇਸ ਲਈ ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਸਿੱਖਾਂ ਸਬੰਧੀ ਜਾਣਕਾਰੀ ਦਿੰਦਿਆਂ ਇਸ ਗੱਲ ਦਾ ਖਾਸ ਖਿਆਲ ਰੱਖਿਆ ਹੈ ਕਿ ਅਜਿਹੀ ਕੋਈ ਹਕੀਕੀ ਤੌਰ ਤੇ ਵਾਪਰੀ ਘਟਨਾ ਜਾਂ ਸਥਿਤੀ ਦਾ ਜ਼ਿਕਰ ਨਾ ਕੀਤਾ ਜਾਵੇ ਜਿਸ ਨਾਲ ਉਨ੍ਹਾਂ ਦੇ ਮਾਲਕ ਸ਼ਾਸ਼ਕ ਰਾਜੇ-ਮਹਾਰਾਜੇ ਦੀ ਹੇਠੀ ਹੁੰਦੀ ਹੋਵੇ ਜਾਂ ਜਿਸ ਨਾਲ ਉਨ੍ਹਾਂ ਦੀ ਪ੍ਰਤਿਸ਼ਠਤਾ/ਸ਼ਾਨ ਵਿਚ ਕੋਈ ਫਰਕ ਪੈਂਦਾ ਹੋਵੇ। ਸਗੋਂ ਅਜਿਹੇ ਸਾਹਿਤਕ ਗ੍ਰੰਥਾਂ ਦੀ ਕੀਰਤੀ ਜਾਂ ਉਸ ਦੀ ਕੁੱਲ ਵਡਿਆਈ ਕਰਨਾ ਹੁੰਦਾ ਸੀ।

ਕਈ ਵਾਰ ਇਨ੍ਹਾਂ ਮਿਸ਼ਰਤ ਕਿਸਮਾਂ ਦੇ ਸਰੋਤਾਂ ਵਿਚ ਸਿੱਖਾਂ ਸਬੰਧੀ ਮਿਲਦੀ ਜਾਣਕਾਰੀ ਵਿਚ ਗ਼ਲਤ ਧਾਰਨਾਵਾਂ ਜਾਂ ਭ੍ਰਾਂਤੀਆਂ ਦੇ ਦੋਸ਼ ਵੀ ਪਾਏ ਜਾਂਦੇ ਹਨ। ਇਨ੍ਹਾਂ ਸਰੋਤਾਂ ਵਿਚ ਸੁਣੀਆਂ-ਸੁਣਾਈਆਂ ਗੱਲਾਂ, ਅਤਿ-ਕਥਨੀਆਂ ਅਤੇ ਮਿਥਕ ਤੱਤਾਂ ’ਤੇ ਆਧਾਰਿਤ ਜਾਣਕਾਰੀ ਵੀ ਪ੍ਰਵੇਸ਼ ਕਰ ਗਈ ਹੈ। ਇਨ੍ਹਾਂ ਕਮੀਆਂ ਦੇ ਬਾਵਜੂਦ ਵੀ ਲਿਖਤਾਂ ਦੇ ਲੇਖਕ ਫਾਰਸੀ ਸ੍ਰੋਤਾਂ ਦੇ ਲੇਖਕਾਂ ਵਾਂਗ ਸਿੱਖਾਂ ਵਿਰੁੱਧ ਤੁਅੱਸਬੀ ਕੱਟੜਤਾ ਅਤੇ ਨਫ਼ਰਤੀ ਸੋਚ ਦਾ ਪ੍ਰਗਟਾਵਾ ਨਹੀਂ ਕਰਦੇ। ਇਸ ਲਈ ਸਹਿਤਕ ਅਤੇ ਇਤਿਹਾਸਕ ਮਿਸ਼ਰਣ ਦੇ ਸਿੱਖਾਂ ਸਬੰਧੀ

ਜਾਣਕਾਰੀ ਦੇਣ ਵਾਲੇ ਸ੍ਰੋਤਾਂ ਦੀ ਵਰਤੋਂ ਸੁਚੇਤ ਰੂਪ ਵਿਚ ਵਿਵੇਕ ਅਤੇ ਸਾਵਧਾਨੀ ਨਾਲ ਕਰਨ ਦੀ ਜ਼ਰੂਰਤ ਬਣੀ ਰਹਿੰਦੀ ਹੈ। ਧਿਆਨ ਦੇਣ ਯੋਗ ਤੱਥ ਇਹ ਹੈ ਕਿ ਰਾਜਸਥਾਨੀ ਭਾਸ਼ਾ ਵਿਚ ਲਿਖਤ ਸਰੋਤਾਂ ਦਾ ਮੰਤਵ ਸਿੱਧੇ ਤੌਰ 'ਤੇ ਸਿੱਖ ਧਰਮ ਅਤੇ ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰਨਾ ਨਹੀਂ ਸੀ, ਪਰ ਫਿਰ ਵੀ ਇਨ੍ਹਾਂ ਸਰੋਤਾਂ ਵਿਚੋਂ ਸਿੱਖ ਧਰਮ ਤੇ ਇਤਿਹਾਸ ਸਬੰਧੀ ਬਹੁਤ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

18ਵੀਂ ਸਦੀ ਵਿਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਜਦੋਂ ਮੁਗ਼ਲ ਹਕੂਮਤ ਨੇ ਪੰਜਾਬ ਵਿਚ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਨੀਤੀ ਨਾਲ ਸਿੱਖਾਂ ਵਿਰੁੱਧ ਜ਼ੋਰਦਾਰ ਦਮਨਕਾਰੀ ਨੀਤੀ ਅਪਣਾਈ ਤਾਂ ਸਿੱਖਾਂ ਨੇ ਪੰਜਾਬ (ਖਾਸ ਕਰਕੇ ਮਾਝੇ ਅਤੇ ਦੁਆਬੇ ਵਿਚਲੇ ਸਿੰਘ ਨੇ ਆਪਣੇ ਜੱਦੀ ਨਿਵਾਸ) ਛੱਡ ਕੇ ਜੰਗਲਾਂ-ਬੇਲਿਆਂ, ਛੰਭਾਂ, ਪਹਾੜਾਂ ਦੀਆਂ ਕੰਧਰਾਂ ਅਤੇ ਰਾਜਪੂਤਾਨੇ ਦੇ ਮਾਰੂਥਲ ਵਿਚ ਜਾ ਸ਼ਰਨ ਲਈ। ਸਿੱਖਾਂ 'ਤੇ ਇਸ ਭਿਆਨਕ ਸਮੇਂ ਬਾਰੇ ਹੁਣ ਤੱਕ ਮੌਖਿਕ ਰੂਪ ਵਿਚ ਹੀ ਇਹ ਗੱਲਾਂ ਪ੍ਰਚੱਲਿਤ ਤੁਰੀਆਂ ਆਉਂਦੀਆਂ ਹਨ। ਇਸ ਸਬੰਧੀ ਲਿਖਤੀ ਸਰੋਤਾਂ ਵਿਚੋਂ ਕੇਵਲ ਰਤਨ ਸਿੰਘ ਭੰਗੂ ਨੇ ਆਪਣੇ ਪਿਤਾ-ਦਾਦੇ ਸਮੇਤ ਬਹੁਤ ਸਾਰੇ ਸਿੱਖਾਂ ਦੇ ਜੈਪੁਰ ਰਿਆਸਤ ਦੇ ਰਾਜੇ ਕੋਲ ਜਾ ਕੇ ਨੌਕਰੀ ਕਰਨ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਕਿਸੇ ਹੋਰ ਸਿੱਖ ਸਰੋਤ ਵਿਚੋਂ ਸਿੱਖਾਂ ਦੇ ਰਾਜਪੂਤਾਨੇ ਵਿਚ ਜਾ ਕੇ ਨੌਕਰੀ ਕਰਨ ਦਾ ਜ਼ਿਕਰ ਨਹੀਂ ਮਿਲਦਾ। ਮਹੱਤਵਪੂਰਨ ਤੱਥ ਇਹ ਹੈ ਕਿ ਭੂਤਪੂਰਵ ਜੈਪੁਰ ਰਿਆਸਤ ਦੇ ਨਾਲ ਸਬੰਧਿਤ ਸਰੋਤ, 'ਦਸਤੂਰ ਕੌਮਵਾਰ' ਵਿਚ ਸਿੱਖਾਂ ਦੇ ਜੈਪੁਰ ਰਿਆਸਤ ਵਿਚ 1740 ਈ. ਤੋਂ ਨੌਕਰੀਆਂ ਕਰਨ ਸਬੰਧੀ ਨਾਵਾਂ ਅਤੇ ਤਾਰੀਖਾਂ ਸਮੇਤ ਲਿਖਤੀ ਹਵਾਲੇ ਮਿਲਦੇ ਹਨ। ਜੈਪੁਰ ਰਿਆਸਤ ਅਧੀਨ ਨੌਕਰੀ ਕਰਨ ਵਾਲੇ ਸਿੱਖਾਂ ਵਿਚੋਂ ਸਭ ਤੋਂ ਪਹਿਲਾ ਵੇਰਵਾ ਸ. ਗੁਰਬਖਸ਼ ਸਿੰਘ ਨਾਲ ਸਬੰਧਿਤ ਮਿਲਦਾ ਹੈ ਜੋ 1 ਜੁਲਾਈ 1740 ਈ. ਨੂੰ ਜੈਪੁਰ ਗਿਆ ਸੀ। ਇਸੇ ਵੇਰਵੇ ਵਿਚੋਂ ਪਤਾ ਚੱਲਦਾ ਹੈ ਕਿ ਸ. ਗੁਰਬਖਸ਼ ਸਿੰਘ ਦਾ ਜੈਪੁਰ ਰਿਆਸਤ ਅਧੀਨ ਕਿਸੇ ਰਾਇ ਹਰਪ੍ਰਸਾਦ ਨਾਮ ਦੇ ਵਿਅਕਤੀ ਰਾਹੀਂ ਜੈਪੁਰ ਰਿਆਸਤ ਨਾਲ ਇਕ ਸਾਲ ਪਹਿਲਾਂ 9 ਮਈ 1739 ਈ. ਦੀ ਚਿੱਠੀ ਰਾਹੀਂ ਕੋਈ ਲਿਖਤੀ ਇਕਰਾਰ ਵੀ ਹੋ ਚੁੱਕਾ ਸੀ। ਇਸ ਸਮੇਂ ਗੁਰਬਖਸ਼ ਸਿੰਘ ਨੂੰ ਮਹਾਰਾਜਾ ਜੈਪੁਰ ਵੱਲੋਂ 500 ਸਵਾਰ ਅਤੇ 500 ਬੰਦੂਕਚੀ ਤੇ ਹੋਰ ਜੰਗੀ ਸਾਮਾਨ ਲਿਆਉਣ ਲਈ 100 ਰੁ. ਖਰਚ ਵਜੋਂ ਦੇ ਕੇ ਜੈਪੁਰ ਤੋਂ 13

ਨਵੰਬਰ 1740 ਈ. ਨੂੰ ਭੇਜਿਆ ਗਿਆ ਸੀ। ਇਸ ਤੋਂ ਪਿਛੋਂ ਦੋ ਸਿੱਖ ਸਰਦਾਰ ਮੀਰ ਸਿੰਘ ਅਤੇ ਬਿਦਰਾ ਸਿੰਘ ਜਮੀਅਤਦਾਰ (ਜਥੇਦਾਰ) ਆਪਣੇ ਅਧੀਨ ਸਿੱਖਾਂ ਦੇ ਜਥੇ ਲੈ ਕੇ ਜੈਪੁਰ ਮੁਅੱਜਮ ਕੁੱਲੀ ਖਾਂ (ਮੁਸਲਮਾਨ) ਨਾਲ 10 ਮਈ 1753 ਈ. ਨੂੰ ਜੈਪੁਰ ਗਏ। ਇਸ ਤਰ੍ਹਾਂ ਇਸ ਰਾਜਸਥਾਨੀ ਸਰੋਤ ਅਨੁਸਾਰ ਕਈ ਸਿੱਖਾਂ ਨੇ ਇਸ ਸੰਕਟਮਈ ਸਥਿਤੀ ਸਮੇਂ ਪੰਜਾਬ ਨੂੰ ਛੱਡ ਕੇ ਜੈਪੁਰ ਰਿਆਸਤ ਅਧੀਨ ਸੈਨਿਕ ਨੌਕਰੀ ਕਰਕੇ ਆਪਣਾ ਔਖਾ ਸਮਾਂ ਰਾਜਪੂਤਾਨੇ ਵਿਚ ਕੱਢਿਆ। ਰਾਜਪੂਤਾਨਾ ਇਸ ਸਮੇਂ ਪ੍ਰਤੀਕੂਲ ਹਾਲਾਤਾਂ ਵਿਚ ਸਿੱਖਾਂ ਦੀ ਪਨਾਹਗਾਹ ਬਣਿਆ ਹੋਇਆ ਸੀ। ਇਸ ਔਕੜਾਂ ਭਰੇ ਸਮੇਂ ਵਿਚ ਵੀ ਸਿੱਖਾਂ ਨੇ ਰਾਜਪੂਤਾਨੇ ਦੇ ਸ਼ਾਸਕਾਂ ਵਿਚ ਆਪਣੀ ਸੈਨਿਕ ਪ੍ਰਤਿਭਾ ਦਾ ਸਿੱਕਾ ਜਮਾਇਆ ਹੋਇਆ ਸੀ ਜਿਸ ਕਰਕੇ ਜੈਪੁਰ ਦੇ ਸ਼ਾਸ਼ਕ ਨੇ ਗੁਰਬਖਸ਼ ਸਿੰਘ ਨੂੰ ਹੋਰ ਸਿੱਖ ਸੈਨਿਕ ਲਿਆਉਣ ਲਈ ਭੇਜਿਆ ਸੀ।

'ਦਸਤੂਰ ਕੌਮਵਾਰ' ਵਿਚ ਦਰਜ ਵੇਰਵਿਆਂ ਵਿਚੋਂ ਜੈਪੁਰ ਰਿਆਸਤ ਦੁਆਰਾ ਸਿੱਖ ਸਰਦਾਰਾਂ ਦਾ ਕੀਮਤੀ ਪੋਸ਼ਾਕਾਂ, ਸ਼ਸਤਰਾਂ, ਕੱਪੜਿਆਂ, ਰਾਜਸੀ ਚਿੰਨ੍ਹਾਂ (ਕਲਗੀ, ਤੋੜਾ) ਆਦਿ ਤੋਂ ਇਲਾਵਾ ਨਕਦ ਰਾਸ਼ੀ ਨਾਲ ਸਨਮਾਨ ਕੀਤੇ ਜਾਣ ਦਾ ਪਤਾ ਲੱਗਦਾ ਹੈ। ਇਨ੍ਹਾਂ ਤੋਹਫਿਆਂ ਦੀ ਗਿਣਤੀ, ਕਿਸਮ ਅਤੇ ਕੀਮਤ ਆਦਿ ਵੀ ਇਸ ਸਰੋਤ ਵਿਚ ਦਰਜ ਕੀਤੀ ਮਿਲਦੀ ਹੈ। ਇਸ ਤੋਂ ਸਿੱਖ ਸਰਦਾਰਾਂ ਦੀ ਜੈਪੁਰ ਦਰਬਾਰ ਵਿਚ ਸਥਿਤੀ ਅਤੇ ਉਨ੍ਹਾਂ ਦੀ ਉਸ ਸਮੇਂ ਰਾਜਨੀਤਿਕ ਅਤੇ ਸੈਨਿਕ ਮਹੱਤਤਾ ਨੂੰ ਪ੍ਰਗਟ ਕਰਦਾ ਹੈ। ਜੈਪੁਰ ਦਰਬਾਰ ਵੱਲੋਂ ਜਿਨ੍ਹਾਂ ਸਿੱਖ ਸਰਦਾਰਾਂ ਨੂੰ ਸਨਮਾਨਿਤ ਕਰਨ ਦੇ ਹਵਾਲੇ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ, ਉਨ੍ਹਾਂ ਵਿਚ ਸ. ਜੱਸਾ ਸਿੰਘ ਆਹਲੂਵਾਲੀਆ, ਸ. ਸ਼ਾਮ ਸਿੰਘ ਕਰੋੜਸਿੰਘੀਆ, ਸ. ਬਘੇਲ ਸਿੰਘ, ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਤਾਰਾ ਸਿੰਘ ਗੈਬਾ, ਸ. ਖੁਸ਼ਹਾਲ ਸਿੰਘ ਸਿੰਘਪੁਰੀਆ ਆਦਿ ਹਨ। ਸਿੱਖ ਮਿਸਲਾਂ ਦੀਆਂ 18ਵੀਂ ਸਦੀ ਵਿਚ ਭਰਤਪੁਰ, ਜੈਪੁਰ ਆਦਿ ਰਿਆਸਤਾਂ ਦੇ ਇਲਾਕਿਆਂ ਵਿਚਲੀਆਂ ਮੁਹਿੰਮਾਂ ਦੀ ਨਿਸ਼ਾਨਦੇਹੀ, ਇਸ ਸਰੋਤ ਵਿਚ ਦਰਜ ਨਾਵਾਂ ਤੇ ਤਾਰੀਖਾਂ ਸਬੰਧੀ ਜਾਣਕਾਰੀ ਦੂਜੇ ਸਰੋਤਾਂ ਵਿਚ ਮਿਲਦੇ ਵੇਰਵਿਆਂ ਨਾਲ ਮਿਲਾ ਕੇ ਕੀਤੀ ਜਾ ਸਕਦੀ ਹੈ।

'ਦਸਤੂਰ ਕੌਮਵਾਰ' ਵਿਚ ਮਿਸਲ ਕਾਲ ਸਮੇਂ ਦੇ ਪ੍ਰਮੁੱਖ ਸਿੱਖ ਸਰਦਾਰਾਂ, ਉਨ੍ਹਾਂ ਦੇ ਵਕੀਲਾਂ, ਦੀਵਾਨਾਂ, ਮੁਨਸ਼ੀਆਂ ਅਤੇ ਕਰਿੰਦਿਆਂ ਆਦਿ ਦੇ ਜੈਪੁਰ ਰਿਆਸਤ ਵਿਚ ਆਉਣ-

ਜਾਣ ਅਤੇ ਹੋਰ ਗਤੀਵਿਧੀਆਂ ਨਾਲ ਸਬੰਧਿਤ ਤਾਰੀਖਾਂ ਸਮੇਤ ਵੇਰਵੇ ਮਿਲਦੇ ਹਨ। ਇਸ ਤੋਂ ਇਲਾਵਾ ਸਿੱਖ ਮਿਸਲਾਂ ਦੇ ਪ੍ਰਸ਼ਾਸਨਿਕ ਢਾਂਚੇ ਅਤੇ ਮਿਸਲਾਂ ਦੀ ਆਪਸੀ ਸਥਿਤੀ ਦਾ ਇਸ ਸਰੋਤ ਵਿਚ ਦਰਜ ਵੇਰਵਿਆਂ ਤੋਂ ਪਤਾ ਲੱਗਦਾ ਹੈ।

ਮਿਸਲ ਕਾਲ ਸਮੇਂ ਸਿੱਖਾਂ ਅਤੇ ਜੈਪੁਰ ਰਿਆਸਤ ਦਰਮਿਆਨ ਕਈ ਵਾਰ ਜੈਪੁਰ ਰਿਆਸਤ ਦੀ ਸੈਨਿਕ ਮਦਦ ਕਰਨ ਸਬੰਧੀ ਲਿਖਤੀ ਇਕਰਾਰਨਾਮੇ ਹੋਣ ਦੇ ਹਵਾਲੇ ਵੀ 'ਦਸਤੂਰ ਕੌਮਵਾਰ' ਵਿਚੋਂ ਮਿਲਦੇ ਹਨ ਜੋ ਸਿੱਖ ਮਿਸਲਾਂ ਦੀ ਪੰਜਾਬ ਤੋਂ ਬਾਹਰ ਰਾਜਪੂਤਾਨੇ ਵੱਲ ਰਾਜਨੀਤਿਕ ਤੇ ਸੈਨਿਕ ਸਥਿਤੀ ਨੂੰ ਸਪੱਸ਼ਟ ਕਰਦੇ ਹਨ। ਮਿਸਲ ਕਾਲ ਸਮੇਂ ਅਤੇ ਉਸ ਤੋਂ ਪਿੱਛੋਂ ਸਥਾਪਿਤ ਹੋਈਆਂ ਸਿੱਖ ਰਿਆਸਤਾਂ ਪਟਿਆਲਾ, ਨਾਭਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸੁਤੰਤਰ ਸਿੱਖ ਰਾਜ, 'ਲਾਹੌਰ ਦਰਬਾਰ' ਨਾਲ ਵੀ ਜੈਪੁਰ ਰਿਆਸਤ ਦੇ ਮਿੱਤਰਤਾ-ਪੂਰਵਕ ਸਬੰਧ ਸਨ। ਸਿੱਖ ਸ਼ਾਸ਼ਕਾਂ ਅਤੇ ਜੈਪੁਰ ਰਿਆਸਤ ਵੱਲੋਂ ਰਾਜਗੱਦੀ, ਵਿਆਹ-ਸ਼ਾਦੀਆਂ ਆਦਿ ਦੇ ਮੌਕਿਆਂ 'ਤੇ ਇਕ ਦੂਜੇ ਨੂੰ ਸਮਾਜਿਕ ਤੇ ਰਾਜਨੀਤਿਕ ਪ੍ਰੰਪਰਾਵਾਂ ਅਨੁਸਾਰ ਸੌਗਾਤਾਂ ਵੀ ਭੇਜੀਆਂ ਜਾਂਦੀਆਂ ਸਨ ਜਿਨ੍ਹਾਂ ਵਿਚ ਬਹੁਮੁੱਲੇ ਤੋਹਫੇ ਤੇ ਖਾਣ-ਪੀਣ ਦੇ ਉੱਤਮ ਪਦਾਰਥ ਵੀ ਸ਼ਾਮਿਲ ਹੁੰਦੇ ਸਨ। ਜੈਪੁਰ ਰਿਆਸਤ ਵੱਲੋਂ ਸਿੱਖ ਸ਼ਾਸ਼ਕਾਂ ਵੱਲ ਭੇਜੇ ਗਏ ਜਾਂ ਉਨ੍ਹਾਂ ਵੱਲੋਂ ਆਏ ਤੋਹਫਿਆਂ ਆਦਿ ਦੀਆਂ ਕੀਮਤਾਂ, ਗਿਣਤੀ ਅਤੇ ਕਿਸਮਾਂ ਆਦਿ ਸਾਰੇ ਵੇਰਵੇ 'ਦਸਤੂਰ ਕੌਮਵਾਰ' ਵਿਚੋਂ ਪ੍ਰਾਪਤ ਹੁੰਦੇ ਹਨ।

ਮਿਸਲ ਕਾਲ ਦੇ ਸਮੇਂ ਤੇ ਉਸ ਤੋਂ ਪਿੱਛੋਂ ਸਿੱਖਾਂ ਦੇ ਜੈਪੁਰ ਰਿਆਸਤ ਵਿਚ ਨੌਕਰੀ ਕਰਨ ਸਬੰਧੀ ਵੀ ਪਤਾ ਚੱਲਦਾ ਹੈ। ਇਸ ਤੋਂ ਇਲਾਵਾ 18ਵੀਂ ਸਦੀ ਦੇ ਅਖੀਰ ਤੋਂ ਸਿੱਖਾਂ ਦੁਆਰਾ ਜੈਪੁਰ ਰਿਆਸਤ ਵਿਚ ਜਾਗੀਰਾਂ ਪ੍ਰਾਪਤ ਕਰਕੇ ਮਹਾਰਾਜਾ ਜੈਪੁਰ ਵੱਲੋਂ ਜਗੀਰਦਾਰੀ ਸਨਮਾਨ ਪ੍ਰਾਪਤ ਕਰਨ ਸਬੰਧੀ ਹਵਾਲੇ ਵੀ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ। ਇਸ ਸੰਦਰਭ ਵਿਚ ਜੈਪੁਰ ਰਿਆਸਤ ਦੇ ਸਿੱਖ ਜਗੀਰਦਾਰ, ਕਿਰਪਾਲ ਸਿੰਘ ਖੱਤਰੀ, ਉਸ ਦੇ ਪੁੱਤਰ ਤਾਰਾ ਸਿੰਘ ਅਤੇ ਮੁਸਤਾਕ ਰਾਇ ਆਦਿ ਦੇ ਨਾਮ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ।

18ਵੀਂ ਸਦੀ ਵਿਚ ਸਿੱਖਾਂ ਦੇ ਜੈਪੁਰ ਰਿਆਸਤ ਨਾਲ ਰਾਜਨੀਤਿਕ ਅਤੇ ਸੈਨਿਕ ਸਬੰਧਾਂ ਤੋਂ ਇਲਾਵਾ ਸਮਾਜਿਕ ਤੇ ਧਾਰਮਿਕ ਸਬੰਧਾਂ ਬਾਰੇ ਰਾਜਸਥਾਨੀ ਸਰੋਤਾਂ ਵਿਚੋਂ ਬੜੀ ਅਹਿਮ

ਜਾਣਕਾਰੀ ਮਿਲਦੀ ਹੈ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ 1761 ਈ. ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਅਤੇ ਸੋਰਵਰ ਢਹਾ ਦਿੱਤੇ ਸਨ ਤਾਂ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖਾਂ ਨੇ ਇਸ ਦੀ ਦੁਬਾਰਾ ਉਸਾਰੀ ਕਰਵਾਉਣ ਲਈ ਦੀਵਾਨ ਦੇਸ ਰਾਜ ਦੀ ਜ਼ਿੰਮੇਵਾਰੀ ਲਗਾਈ ਸੀ। ਦੀਵਾਨ ਦੇਸ ਰਾਜ ਵੱਲੋਂ ਮਈ 1765 ਈ. ਅਤੇ ਅਪ੍ਰੈਲ 1768 ਈ. ਨੂੰ ਦੋ ਵਾਰੀ ਆਪਣੇ ਆਦਮੀ ਜੈਪੁਰ ਭੇਜੇ ਗਏ ਸਨ। ਸੰਭਵ ਹੈ ਕਿ ਇਸ ਸਮੇਂ ਇਨ੍ਹਾਂ ਵਿਅਕਤੀਆਂ ਨੂੰ ਦੀਵਾਨ ਦੇਸ ਰਾਜ ਵੱਲੋਂ ਜੈਪੁਰ ਦੇ ਪ੍ਰਸਿੱਧ ਇਮਾਰਤੀ ਕਾਰੀਗਰ ਜਾਂ ਪੱਥਰ ਆਦਿ ਜ਼ਰੂਰਤ ਦਾ ਇਮਾਰਤੀ ਸਮਾਨ ਉੱਥੋਂ ਲਿਆਉਣ ਲਈ ਭੇਜਿਆਂ ਗਿਆ ਹੋਵੇਗਾ। ਇਸ ਤੋਂ ਇਲਾਵਾ ਜੈਪੁਰ ਦਰਬਾਰ ਵੱਲੋਂ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਭਗਤ ਸੂਰਦਾਸ ਦੀ ਬਾਣੀ ਦੀ ਪੋਥੀ, 'ਸੁਰ ਸਾਗਰ' ਦੀ ਨਕਲ ਅਤੇ ਸ. ਖੁਸ਼ਹਾਲ ਸਿੰਘ ਸਿੰਘਪੁਰੀਆ ਨੂੰ ਇਕ ਤਾਂਬੇ ਦੀ ਡੰਡੀ ਵਾਲਾ ਉੱਤਮ ਕਿਸਮ ਦਾ ਚੌਰ (ਗੁਰੂ ਗ੍ਰੰਥ ਸਾਹਿਬ 'ਤੇ ਚੌਰ ਕਰਨ ਲਈ) ਭੇਜੇ ਜਾਣ ਦੇ ਹਵਾਲੇ 'ਦਸਤੂਰ ਕੌਮਵਾਰ' ਵਿਚ ਮਿਲਦੇ ਹਨ। ਇਨ੍ਹਾਂ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸਿੱਖਾਂ ਦੇ ਜੈਪੁਰ ਰਿਆਸਤ ਨਾਲ ਸਮਾਜਿਕ ਅਤੇ ਧਾਰਮਿਕ ਸਾਂਝ ਵੀ ਸੀ।

ਭੂਤਪੂਰਵ ਜੈਪੁਰ ਰਿਆਸਤ ਦੇ ਸਰਕਾਰੀ ਰਿਕਾਰਡ ਵਿਚ ਸ਼ਾਮਿਲ ਚਿੱਠੀ-ਪੱਤਰਾਂ ਵਿਚੋਂ 18ਵੀਂ ਸਦੀ ਦੇ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਸਮਕਾਲੀਨ ਤੇ ਬੜੀ ਪ੍ਰਮਾਣੀਕ ਜਾਣਕਾਰੀ ਮਿਲਦੀ ਹੈ। ਇਨ੍ਹਾਂ ਪੱਤਰਾਂ ਵਿਚ ਸਿੱਖਾਂ ਦੀਆਂ ਭਰਤਪੁਰ, ਜੈਪੁਰ, ਗੰਗਾ-ਜਮੁਨਾ ਦੁਆਬ ਅਤੇ ਪੰਜਾਬ ਵਿਚਲੀਆਂ ਜੰਗੀ ਮੁਹਿੰਮਾਂ ਅਤੇ ਉੱਤਰ-ਪੱਛਮੀ ਭਾਰਤ ਵਿਚ ਉਸ ਸਮੇਂ ਉਨ੍ਹਾਂ ਦੀ ਰਾਜਨੀਤਕ ਤੇ ਸੈਨਿਕ ਸਥਿਤੀ ਦਾ ਪਤਾ ਚੱਲਦਾ ਹੈ। ਸਿੱਖਾਂ ਨੇ ਭਰਤਪੁਰ ਰਿਆਸਤ ਦੇ ਜਾਟ ਸ਼ਾਸਕ, ਜਵਾਹਰ ਸਿੰਘ ਦੀ 1765 ਈ. ਨੂੰ ਦਿੱਲੀ ਵਿਚ ਨਵਾਬ ਨਜ਼ੀਬੁਦੌਲਾ ਰੁਹੇਲੇ ਵਿਰੁੱਧ ਲੜਾਈ ਵਿਚ ਮਦਦ ਕੀਤੀ ਸੀ। ਇਸ ਤੋਂ ਪਹਿਲਾਂ ਵੀ ਸਿੱਖਾਂ ਦੁਆਰਾ ਜਵਾਹਰ ਸਿੰਘ ਦੇ ਪਿਤਾ, ਸੂਰਜ ਮੱਲ ਜਾਟ ਦੀ ਨਜ਼ੀਬੁਦੌਲਾ ਵਿਰੁੱਧ ਮਦਦ ਕਰਨ ਸਬੰਧੀ ਸਿੱਖ ਇਤਿਹਾਸ ਵਿਚ ਸੰਖੇਪ ਜ਼ਿਕਰ ਮਿਲਦਾ ਹੈ। ਇਸ ਤੋਂ ਪਿੱਛੋਂ ਜਵਾਹਰ ਸਿੰਘ ਨੇ ਅਗਸਤ-ਸਤੰਬਰ 1765 ਈ. ਵਿਚ ਆਪਣੇ ਚਚੇਰੇ ਭਰਾ ਬਹਾਦਰ ਸਿੰਘ ਵਿਰੁੱਧ ਮਦਦ ਲਈ ਸਿੱਖਾਂ ਨੂੰ ਬੇਨਤੀ ਪੱਤਰ ਭੇਜੇ ਸਨ। ਪਰ ਇਸ ਸਮੇਂ ਜੈਪੁਰ ਰਿਆਸਤ ਵੱਲੋਂ ਸਿੱਖਾਂ ਨੂੰ ਜਵਾਹਰ

ਸਿੰਘ ਦੀ ਮਦਦ ਨਾ ਕਰਨ ਦੀ ਸਲਾਹ ਦਿੱਤੀ ਗਈ। ਇਸ ਤੋਂ ਪਿੱਛੋਂ ਜਵਾਹਰ ਸਿੰਘ ਨੇ 1767 ਈ. ਦੇ ਸ਼ੁਰੂ ਵਿਚ ਸਿੱਖ ਨੂੰ ਮਰਾਠਿਆਂ ਵਿਰੁੱਧ ਸਹਾਇਤਾ ਕਰਨ ਲਈ ਬੇਨਤੀ ਕੀਤੀ ਤਾਂ ਸਿੱਖ ਮਿਸਲਾਂ ਉਸ ਦੀ ਸਹਾਇਤਾ ਲਈ ਜਨਵਰੀ 1767 ਈ. ਨੂੰ ਭਰਤਪੁਰ ਵੱਲ ਚੱਲ ਪਈਆਂ। ਇਸ ਜੰਗੀ ਮੁਹਿੰਮ ਵੱਲ ਜਾਂਦਿਆਂ ਸਿੱਖ ਫੌਜ ਦਾ ਜਨਵਰੀ 1767 ਈ. ਦੇ ਅਖੀਰ ਵਿਚ ਜੈਪੁਰ ਰਿਆਸਤ ਦੀ ਹੱਦ ਕੋਲ ਪੜਾਅ ਕਰਨ ਸਬੰਧੀ ਜੈਪੁਰ ਰਿਆਸਤ ਦੇ ਇਕ ਪ੍ਰਵਾਨੇ (ਪੱਤਰ) ਵਿਚੋਂ ਪਤਾ ਲੱਗਦਾ ਹੈ।

ਇਸ ਮੁਹਿੰਮ ਤੋਂ ਬਾਅਦ ਜੈਪੁਰ ਅਤੇ ਭਰਤਪੁਰ ਰਿਆਸਤਾਂ ਦੀ ਦਸੰਬਰ 1767 ਈ. ਤੋਂ ਮਾਰਚ 1768 ਈ. ਤੱਕ ਆਪਸੀ ਲੜਾਈ ਚੱਲਦੀ ਰਹੀ। ਇਸ ਸਮੇਂ ਭਰਤਪੁਰ ਦੇ ਸ਼ਾਸਕ ਦੀ ਬੇਨਤੀ 'ਤੇ ਸਿੱਖਾਂ ਨੇ ਉਸ ਦੀ ਜੈਪੁਰ ਰਿਆਸਤ ਵਿਰੁੱਧ ਮਦਦ ਕੀਤੀ ਸੀ। ਇਸ ਸਮੇਂ ਦੇ ਜੈਪੁਰ ਰਿਆਸਤ ਦੇ ਪੱਤਰਾਂ, ਪ੍ਰਵਾਨਿਆਂ, ਅਰਜ਼ਦਾਸ਼ਤਾਂ ਅਤੇ ਖ਼ਾਤੂਤ ਅਹਿਲਕਾਰਾਨ ਤੋਂ ਪਤਾ ਚੱਲਦਾ ਹੈ ਕਿ ਜੈਪੁਰ ਰਿਆਸਤ ਦੇ ਮਹਾਰਾਜਾ ਸਵਾਈ ਮਾਧੋ ਸਿੰਘ ਨੇ ਆਪਣੇ ਵਕੀਲ ਮੁਨਸ਼ੀ ਰਾਮ ਕਿਸ਼ਨ ਨੂੰ ਸਿੱਖਾਂ ਵੱਲ ਭੇਜਿਆ ਤਾਂ ਜੋ ਉਹ ਸਿੱਖਾਂ ਨੂੰ ਜੈਪੁਰ ਰਿਆਸਤ ਵਿਰੁੱਧ ਭਰਤਪੁਰ ਦੇ ਜਾਟ ਸ਼ਾਸਕਾਂ ਦੀ ਮਦਦ ਨਾ ਕਰਨ ਲਈ ਮਨਾਵੇ। ਸਿੱਖ ਇਸ ਸਮੇਂ ਖੋਹਰੀ ਅਤੇ ਕਾਮ੍ਹਾ ਦੇ ਕਿਲ੍ਹਿਆਂ ਦੀਆਂ ਲੜਾਈਆਂ ਤੋਂ ਇਲਾਵਾ ਜੈਪੁਰ ਰਿਆਸਤ ਦੇ ਬਖਸ਼ੀ ਰਾਜ ਸਿੰਘ ਵਿਰੁੱਧ ਭਰਤਪੁਰ ਦੇ ਸ਼ਾਸਕ ਦੀ ਮਦਦ ਲਈ ਲੜਾਈਆਂ ਵਿਚ ਸ਼ਾਮਿਲ ਸਨ। ਜੈਪੁਰ ਰਿਆਸਤ ਨੇ ਲਗਾਤਾਰ ਜਤਨ ਕਰਕੇ ਸਿੱਖ ਸਰਦਾਰਾਂ ਨੂੰ ਭਰਤਪੁਰ ਰਿਆਸਤ ਦੀ ਜੈਪੁਰ ਰਿਆਸਤ ਵਿਰੁੱਧ ਲੜਾਈਆਂ ਵਿਚ ਮਦਦ ਨਾ ਕਰਨ ਲਈ ਮਨਾ ਲਿਆ ਸੀ। ਇਸੇ ਦੌਰਾਨ ਹੀ ਜੈਪੁਰ ਦੇ ਮਹਾਰਾਜਾ ਸਵਾਈ ਮਾਧੋ ਸਿੰਘ ਦੀ 5 ਮਾਰਚ 1768 ਈ. ਨੂੰ ਮੌਤ ਹੋ ਗਈ। ਸਿੱਖ ਸਰਦਾਰਾਂ ਨੇ ਇਸ ਸਮੇਂ ਉਸ ਦੀ ਮੌਤ 'ਤੇ ਅਫਸੋਸ ਵਜੋਂ ਇਕ ਸ਼ੋਕ-ਪੱਤਰ ਜੈਪੁਰ ਰਿਆਸਤ ਦੇ ਬਖਸ਼ੀ ਠਾਕੁਰ ਰਾਜ ਸਿੰਘ ਹਮੀਰਦਾ ਨੂੰ ਲਿਖਿਆ ਸੀ, ਜਿਸ ਦਾ ਜ਼ਿਕਰ 12 ਮਾਰਚ 1768 ਈ. ਨੂੰ ਲਿਖੇ ਜੈਪੁਰ ਰਿਆਸਤ ਦੇ ਅਹਿਲਕਾਰ ਦੇ ਖਤ/ਪੱਤਰ ਵਿਚ ਜ਼ਿਕਰ ਕੀਤਾ ਗਿਆ ਹੈ। ਇਸ ਖ਼ਤ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਸਿੱਖ ਸਰਦਾਰਾਂ ਨਾਲ ਜੈਪੁਰ ਰਿਆਸਤ ਦਾ ਅੰਦਰੂਨੀ ਗੁਪਤ ਸਮਝੌਤਾ ਹੋ ਚੁੱਕਾ ਸੀ ਜਿਸ ਬਾਬਤ ਸਿੱਖ ਸਰਦਾਰਾਂ ਵੱਲੋਂ ਆਏ ਸ਼ੋਕ ਸੰਦੇਸ਼ ਵਿਚ ਪਹਿਲੀ ਤੈਅ ਹੋ ਚੁੱਕੀ ਗੱਲਬਾਤ 'ਤੇ ਉਸ ਤਰ੍ਹਾਂ ਹੀ ਅਮਲ ਕਰਨ ਦਾ

ਬਖਸ਼ੀ ਰਾਜ ਸਿੰਘ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ। ਇਸ ਸਮੇਂ ਦੇ ਮਰਾਠਾ ਵਕੀਲ ਗੰਗਾਧਰ ਦੀਆਂ ਰਿਪੋਰਟਾਂ ਅਤੇ ਇਕ ਹੋਰ ਬੇਨਾਮੀ ਅਹਿਲਕਾਰ ਵੱਲੋਂ ਲਿਖੇ ਪੱਤਰ ਤੋਂ ਪਤਾ ਚੱਲਦਾ ਹੈ ਕਿ ਜੈਪੁਰ ਰਿਆਸਤ ਵੱਲੋਂ ਸਿੱਖ ਸਰਦਾਰਾਂ ਨੂੰ ਦੋ ਲੱਖ ਰੁ. ਦੇਣ ਦੀ ਗੱਲ ਤੈਅ ਹੋਈ ਸੀ। ਮੁਨਸ਼ੀ ਰਾਮ ਕਿਸ਼ਨ ਅਤੇ ਨਰਸਿੰਘ ਦਾਸ ਵੱਲੋਂ ਸਿੱਖ ਸਰਦਾਰਾਂ ਨੂੰ ਵੈਸਾਖੀ ਤੋਂ ਬਾਅਦ ਦਿੱਲੀ ਪਹੁੰਚਣ ਸਮੇਂ ਅਪ੍ਰੈਲ 1768 ਈ. ਵਿਚ ਹੁੰਡੀ ਦੇ ਰੂਪ ਵਿਚ ਅਦਾ ਕੀਤੇ ਗਏ ਸਨ। 9 ਮਾਰਚ 1768 ਈ. ਨੂੰ ਜੈਪੁਰ ਦੇ ਵਕੀਲ ਨਰਸਿੰਘ ਦਾਸ ਵੱਲੋਂ ਦਸ ਹਜ਼ਾਰ ਰੁ. ਦੀ ਹੁੰਡੀ ਸਰਬੱਤ ਖਾਲਸਾ ਲਈ ਸ. ਖੁਸ਼ਹਾਲ ਸਿੰਘ (ਸਿੰਘਪੁਰੀਆ) ਨੂੰ ਸੌਂਪੀ ਗਈ।

ਇਸ ਸਮੇਂ ਸਿੱਖਾਂ ਦੇ ਦੋ ਦਲ ਰਾਜਪੂਤਾਨੇ ਦੇ ਇਲਾਕੇ ਵਿਚ ਵਿਚਰ ਰਹੇ ਸਨ ਜਿਨ੍ਹਾਂ ਦੀ ਅਗਵਾਈ ਖੁਸ਼ਹਾਲ ਸਿੰਘ ਅਤੇ ਬਘੇਲ ਸਿੰਘ, ਜੱਸਾ ਸਿੰਘ ਆਦਿ ਸਿੱਖ ਆਗੂ ਕਰ ਰਹੇ ਸਨ। 18ਵੀਂ ਸਦੀ ਵਿਚ ਸਿੱਖਾਂ ਨੇ ਆਪਣੀ ਰਾਜਨੀਤਿਕ, ਸੈਨਿਕ ਅਤੇ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਦੂਜੀਆਂ ਰਾਜਨੀਤਿਕ ਸ਼ਕਤੀਆਂ ਅਤੇ ਸ਼ਾਸਕਾਂ ਨਾਲ ਕਈ ਵਾਰ ਡਿਪਲੋਮੈਟ ਸੰਧੀਆਂ-ਸਮਝੌਤੇ ਵੀ ਕੀਤੇ ਸਨ। ਇਨ੍ਹਾਂ ਰਾਜਨੀਤਿਕ ਸ਼ਕਤੀਆਂ ਅਤੇ ਸ਼ਾਸਕਾਂ ਵਿਚੋਂ ਮਰਾਠਿਆਂ, ਨਵਾਬ ਨਜ਼ੀਬੁਦੌਲਾ ਰੁਹੇਲੇ, ਭਰਤਪੁਰ, ਜੈਪੁਰ ਅਤੇ ਦਿੱਲੀ ਦੀ ਕੇਂਦਰੀ ਮੁਗਲ ਹਕੂਮਤ ਪ੍ਰਮੁੱਖ ਸਨ। ਜੈਪੁਰ ਰਿਆਸਤ ਦੇ ਪੱਤਰਾਂ ਵਿਚ ਮਰਾਠਾ ਵਕੀਲ ਗੰਗਾਧਰ ਦੀ 9 ਮਾਰਚ 1768 ਈ. ਦੀ ਰਿਪੋਰਟ ਵਿਚਲੇ ਹਵਾਲੇ ਤੋਂ ਸੰਕੇਤ ਮਿਲਦਾ ਹੈ ਕਿ ਸਿੱਖ ਸਰਦਾਰਾਂ ਦਾ ਨਵਾਬ ਨਜ਼ੀਬੁਦੌਲਾ ਨਾਲ ਹੋਇਆ ਸਮਝੌਤਾ ਇਸ ਸਮੇਂ ਟੁੱਟ ਚੁੱਕਾ ਸੀ ਤੇ ਉਹ ਮੇਵਾਤ ਇਲਾਕੇ ਦੇ ਬਹਾਦਰਗੜ੍ਹ ਵਿਚ ਆਇਆ ਹੋਇਆ ਸੀ। ਸਿੱਖ ਮਿਸਲਾਂ ਵੀ ਇਸ ਸਮੇਂ ਮੇਵਾਤ ਦੇ ਰਾਜਪੂਤਾਨੇ ਨਾਲ ਲੱਗਦੇ ਇਲਾਕੇ ਵਿਚ ਵਿਚਰ ਰਹੀਆਂ ਸਨ। ਇਸ ਲਈ ਉਹ ਆਪਣੇ ਪੁਰਾਣੇ ਦੁਸ਼ਮਣ ਨਜ਼ੀਬੁਦੌਲਾ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸਨ ਤੇ ਦੋ ਦਲਾਂ ਵਿਚ ਹੋ ਕੇ ਵਿਚਰ ਰਹੀਆਂ ਸਨ। ਇਸੇ ਤਰ੍ਹਾਂ ਜੈਪੁਰ ਦੇ ਵਕੀਲ ਗੰਗਾਬਿਸ਼ਨ ਦੀ 4 ਅਪ੍ਰੈਲ 1768 ਈ. ਦੀ ਰਿਪੋਰਟ ਵਿਚ ਵੀ ਜ਼ਿਕਰ ਹੈ ਕਿ ਇਸ ਸਮੇਂ ਨਵਾਬ ਨਜ਼ੀਬੁਦੌਲਾ ਕਿਸੇ ਵੱਡੇ ਕੰਮ ਲਈ ਸਿੱਖਾਂ ਜਾਂ ਮਰਾਠਿਆਂ ਵਿਚੋਂ ਕਿਸੇ ਇਕ ਧਿਰ ਨਾਲ ਸਮਝੌਤਾ ਕਰਕੇ ਜੈਪੁਰ ਰਿਆਸਤ ਸਮੇਤ ਹੋਰਨਾਂ ਸ਼ਾਸਕਾਂ ਦਾ ਕੋਈ ਗੱਠਜੋੜ ਸਥਾਪਿਤ ਕਰਨ ਦੀ ਵਿਚਾਰ ਕਰ ਰਿਹਾ ਸੀ। ਮਰਾਠਾ ਵਕੀਲ ਗੰਗਾਧਰ ਦੀ ਰਿਪੋਰਟ ਅਨੁਸਾਰ ਸਿੱਖਾਂ ਵੱਲੋਂ ਆਪਣੇ ਇਕ ਵਕੀਲ ਨੂੰ ਜੈਪੁਰ ਰਿਆਸਤ ਦੇ

ਨਰੂਕਾ ਖਾਂਪ ਦੇ ਠਾਕੁਰ ਰਾਵ ਪ੍ਰਤਾਪ ਸਿੰਘ ਮਚੇੜੀ ਵਾਲੇ ਨਾਲ ਕੂਟਨੀਤਕ ਸਬੰਧ ਸਥਾਪਿਤ ਕਰਨ ਲਈ ਭੇਜਿਆ ਗਿਆ ਸੀ। ਇਸ ਸਮੇ ਸਿੱਖਾਂ ਨੇ ਵੀ ਕੂਟਨੀਤੀ ਤੋਂ ਕੰਮ ਲੈਂਦਿਆਂ ਮੌਕੇ ਦੇ ਹਾਲਾਤਾਂ ਦੇ ਅਨੁਕੂਲ ਦਿੱਲੀ ਅਤੇ ਰਾਜਪੂਤਾਨੇ ਦੀਆਂ ਰਾਜਨੀਤਿਕ ਸ਼ਕਤੀਆਂ ਨਾਲ ਬੜੀ ਪ੍ਰਬੀਨਤਾ ਤੇ ਕੁਸ਼ਲਤਾ ਨਾਲ ਆਪਣੇ ਸਬੰਧਾਂ ਨੂੰ ਬਣਾਈ ਰੱਖਿਆ। ਇਸ ਸਮੇਂ ਖੁਸ਼ਹਾਲ ਸਿੰਘ ਜੈਪੁਰ ਰਿਆਸਤ ਨਾਲ ਸੰਪਰਕ ਬਣਾ ਕੇ ਗੱਲ-ਬਾਤ ਚਲਾ ਰਿਹਾ ਸੀ ਜਦਕਿ ਨਾਲ ਦੀ ਨਾਲ ਹੀ ਬਘੇਲ ਸਿੰਘ ਰਾਜਾ ਜਵਾਹਰ ਸਿੰਘ ਭਰਤਪੁਰੀਏ ਦਾ ਹਮਰਾਹੀ ਹੋ ਕੇ ਉਸ ਨੂੰ ਕਾਬੂ ਵਿਚ ਰੱਖ ਰਿਹਾ ਸੀ।

1768 ਈ. ਦੀ ਵਿਸਾਖੀ ਨੂੰ ਸਿੱਖ ਮਿਸਲਾਂ ਵਾਪਸ ਪੰਜਾਬ ਆ ਗਈਆਂ ਸਨ ਤੇ ਇਸ ਸਮੇਂ ਦੌਰਾਨ ਵੀ ਸਿੱਖਾਂ ਦੇ ਜ਼ੋਰ ਦਾ ਸਿੱਕਾ ਜੈਪੁਰ ਆਦਿ ਰਿਆਸਤਾਂ ਦੇ ਲੋਕਾਂ ਦੇ ਮਨਾਂ ਵਿਚ ਜੰਮਿਆਂ ਹੋਇਆ ਸੀ ਜਿਸ ਦਾ ਪਤਾ ਖ਼ਾਤੂਤ ਅਹਿਲਕਾਰਾਨ ਵਿਚਲੇ ਇਕ ਬੇਨਾਮੀ ਖ਼ਤ ਵਿਚਲੇ ਵਿਸ਼ੇ ਤੋਂ ਲੱਗਦਾ ਹੈ। ਮਰਾਠਾ ਵਕੀਲ ਗੰਗਾਧਰ ਦੀਆਂ 25 ਅਤੇ 26 ਅਪ੍ਰੈਲ 1768 ਈ. ਨੂੰ ਮਰਾਠਾ ਜਰਨੈਲ ਰਘੂਨਾਥ ਰਾਉ ਨੂੰ ਲਿਖੀਆਂ ਦੋ ਰਿਪੋਰਟਾਂ ਤੋਂ ਪਤਾ ਚੱਲਦਾ ਹੈ। ਕਿ ਵਿਸਾਖੀ ਤੋਂ ਛੇਤੀ ਪਿੱਛੋਂ 26/27 ਅਪ੍ਰੈਲ 1768 ਈ. ਨੂੰ ਆਹਲੂਵਾਲੀਆ, ਭੰਗੀ, ਨਿਸ਼ਾਨਵਾਲੀਆ ਆਦਿ ਸਿੱਖ ਮਿਸਲਾਂ ਦੇ ਸਰਦਾਰ ਆਪਣੀਆਂ ਫੌਜਾਂ ਸਮੇਤ ਦਿੱਲੀ ਦੇ ਨੇੜੇ ਪਹੁੰਚ ਚੁੱਕੇ ਸਨ। ਸਿੱਖ ਮਿਸਲਾਂ ਨੇ 26 ਅਪ੍ਰੈਲ ਨੂੰ ਤਿਲਪਤ ਘਾਟ ਤੋਂ ਜਮਨਾ ਪਾਰ ਕੀਤਾ ਤੇ ਇਥੇ ਜੈਪੁਰ ਤੇ ਭਰਤਪੁਰ ਸਮੇਤ ਹੋਰਨਾਂ ਰਿਆਸਤਾਂ ਦੇ ਵਕੀਲਾਂ ਨੂੰ ਵਿਦਾਇਗੀ ਦਿੱਤੀ। ਵਿਦਾਇਗੀ ਸਮੇਂ ਇਹਨਾਂ ਵਕੀਲਾਂ ਨੂੰ ਉਨ੍ਹਾਂ ਦੇ ਰੁਤਬਿਆਂ ਅਨੁਸਾਰ ਨਕਦ ਪੈਸੇ ਅਤੇ ਕੀਮਤੀ ਦੁਸ਼ਾਲੇ ਵੀ ਸਿੱਖ ਸਰਦਾਰਾਂ ਦੁਆਰਾ ਦਿੱਤੇ ਗਏ ਸਨ। ਇਥੋਂ ਸਿੱਖ ਮਿਸਲਾਂ ਦੇ ਜਮਨਾ ਤੋਂ ਪਾਰ ਗੰਗਾ-ਜਮਨਾ ਦੁਆਬ ਵਿਚ ਕੁਤਬ ਵੱਲ ਚੜ੍ਹਾਈ ਕਰਨ ਦਾ ਹਵਾਲਾ ਵੀ ਇਸ ਰਿਪੋਰਟ ਵਿਚ ਮਿਲਦਾ ਹੈ।

ਨਵੰਬਰ-ਦਸੰਬਰ 1768 ਈ. ਵਿਚ ਸਿੱਖ ਸਰਦਾਰਾਂ ਤਾਰਾ ਸਿੰਘ ਗੈਬਾ ਅਤੇ ਖੁਸ਼ਹਾਲ ਸਿੰਘ ਆਦਿ ਦੇ ਆਦਮੀਆਂ ਦੇ ਜੈਪੁਰ ਅਤੇ ਪੁਸ਼ਕਰ ਤੋਂ ਘੋੜੇ, ਬਲਦ ਆਦਿ ਪਸ਼ੂ ਖਰੀਦਣ ਸਬੰਧੀ ਜੈਪੁਰ ਦੇ ਰਾਹਦਾਰੀ ਪ੍ਰਵਾਨੇ ਦੂਜੀਆਂ ਰਿਆਸਤਾਂ ਕਿਸ਼ਨਗੜ੍ਹ ਤੇ ਭਰਤਪੁਰ ਦੇ ਨਾਮ

ਸਿੱਖਾਂ ਦੀ ਸਹਾਇਤਾ ਕਰਨ ਸਬੰਧੀ ਮਿਲਦੇ ਹਨ, ਇਸ ਤੋਂ ਪਤਾ ਚੱਲਦਾ ਹੈ ਕਿ ਸਿੱਖ ਚੰਗੀ ਨਸਲ ਦੇ ਵਧੀਆ ਪਸ਼ੂ ਰਾਜਪੂਤਾਨੇ ਦੇ ਪ੍ਰਸਿੱਧ ਪੁਸ਼ਕਰ ਦੇ ਪਸ਼ੂ ਮੇਲੇ ਵਿਚੋਂ ਅਤੇ ਹੋਰ ਥਾਵਾਂ ਤੋਂ ਖਰੀਦਦੇ ਸਨ। ਇਸ ਤੋਂ ਸਿੱਖ ਮਿਸਲਾਂ ਦੇ ਸਰਦਾਰਾਂ ਦੇ ਜੈਪੁਰ ਰਿਆਸਤ ਨਾਲ ਸਨੇਹ ਪੂਰਵਕ ਸਬੰਧਾਂ ਬਾਰੇ ਵੀ ਸੂਹ ਮਿਲਦੀ ਹੈ। ਭਰਤਪੁਰ ਰਿਆਸਤ ਦੇ ਰਾਜ-ਮੁਖਤਿਆਰੀ ਦੇ ਝਗੜੇ ਅਤੇ ਮਰਾਠਿਆਂ ਦੁਆਰਾ ਇਸ ਰਿਆਸਤ ਦੇ ਇਲਾਕਿਆਂ ਵਿਚ ਕੀਤੀ ਜਾ ਰਹੀ ਲਗਾਤਾਰ ਲੁੱਟਮਾਰ ਤੋਂ ਨਿਜਾਤ ਪਾਉਣ ਲਈ ਭਰਤਪੁਰ ਦੇ ਰਾਜ ਮੁਖਤਿਆਰ ਨਵਲ ਸਿੰਘ ਨੇ ਸਿੱਖਾਂ ਨੂੰ ਆਪਣੀ ਮਦਦ ਕਰਨ ਲਈ ਬੇਨਤੀ ਕੀਤੀ ਸੀ, ਜਿਸ ਦੇ ਉੱਤਰ ਵਿਚ ਬਘੇਲ ਸਿੰਘ ਅਤੇ ਖੁਸ਼ਹਾਲ ਸਿੰਘ ਆਦਿ ਸਿੱਖ ਸਰਦਾਰਾਂ ਨੇ ਮਦਦ ਕਰਨ ਅਤੇ ਭਰਤਪੁਰ ਜਾਣ ਦੇ ਭਰੋਸੇ ਦੀ ਚਿੱਠੀ ਮਾਰਚ 1769 ਈ. ਵਿਚ ਨਵਲ ਸਿੰਘ ਨੂੰ ਲਿਖੀ ਸੀ। ਪਰ ਇਹ ਸਮਝੌਤਾ ਸਿੱਖਾਂ ਅਤੇ ਭਰਤਪੁਰ ਰਿਆਸਤ ਵਿਚ ਸਿਰੇ ਨਾ ਚੜ੍ਹ ਸਕਿਆ ਕਿਉਂਕਿ ਸਿੱਖ ਸਰਦਾਰਾਂ ਨੇ ਰਾਜਾ ਜਵਾਹਰ ਸਿੰਘ ਦੀ ਮਦਦ ਕਰਨ ਦੇ ਇਵਜਾਨੇ ਵਜੋਂ ਤੈਅ ਕੀਤੀ ਰਾਸ਼ੀ ਦਾ ਬਕਾਇਆ ਰਕਮ ਦੇ ਭੁਗਤਾਨ ਦੀ ਨਵਲ ਸਿੰਘ ਤੋਂ ਮੰਗ ਕੀਤੀ ਸੀ, ਨਵਲ ਸਿੰਘ ਨੇ ਇਸ ਤੋਂ ਅਸਮਰੱਥਾ ਪ੍ਰਗਟ ਕੀਤੀ। ਇਸ ਗੱਲ-ਬਾਤ ਦੇ ਸਿਰੇ ਨਾ ਚੜ੍ਹਨ ’ਤੇ ਸਿੱਖ ਮਿਸਲਾਂ ਨੇ ਇਸ ਰਿਆਸਤ ਵੱਲ ਬਕਾਇਆ ਰਾਸ਼ੀ ਉਗਰਾਉਣ ਲਈ ਜਨਵਰੀ 1770 ਈ. ਵਿਚ ਭਰਤਪੁਰ ਰਿਆਸਤ ਦੇ ਮੇਵਾਤ, ਪਲਵਲ ਅਤੇ ਫਰੀਦਾਬਾਦ ਆਦਿ ਇਲਾਕਿਆਂ ਦੇ ਕਿਲ੍ਹਿਆਂ, ਗੜ੍ਹੀਆਂ ਤੇ ਜਾਗੀਰਦਾਰਾਂ ਨੂੰ ਜਾ ਘੇਰਿਆ। ਇਸ ਸਮੇਂ ਜੈਪੁਰ ਰਿਆਸਤ ਵੱਲੋਂ ਵੀ ਸਿੱਖਾਂ ਦੇ ਆਪਣੇ ਇਲਾਕੇ ਉੱਪਰ ਹਮਲੇ ਤੋਂ ਬਚਾਅ ਅਤੇ ਸਾਵਧਾਨੀ ਵਜੋਂ ਕਾਮ੍ਹਾ ਪ੍ਰਗਨੇ ਦੇ ਜਗੀਰਦਾਰਾਂ ਨੂੰ 30 ਜਨਵਰੀ 1770 ਈ. ਨੂੰ ਪ੍ਰਵਾਨੇ ਜਾਰੀ ਕਰਕੇ ਸਿੱਖਾਂ ਦੇ ਇਸ ਇਲਾਕੇ ਵਿਚ ਆਉਣ ਸਬੰਧੀ ਅਤੇ ਪ੍ਰਗਨੇ ਵਿਚ ਮਜ਼ਬੂਤੀ ਰੱਖਣ ਦਾ ਹੁਕਮ ਦਿੱਤਾ ਗਿਆ ਸੀ। ਮਥੁਰਾ ਤੋਂ ਪਲਵਲ ਦੇ ਰਸਤੇ 4-5 ਮਾਰਚ 1770 ਈ. ਨੂੰ ਸਿੱਖ ਮਿਸਲਾਂ ਦੀ ਭਰਤਪੁਰ ਅਤੇ ਜੈਪੁਰ ਰਿਆਸਤ ਦੀਆਂ ਸਾਂਝੀਆਂ ਫੌਜਾਂ ਨਾਲ ਲੜਾਈ ਹੋਈ ਜਿਸ ਵਿਚ ਇੱਕ ਪ੍ਰਮੁੱਖ ਸਿੱਖ ਸਰਦਾਰ ਦੇ ਮਾਰੇ ਜਾਣ ਅਤੇ ਸਿੱਖਾਂ ਦਾ ਵਹੀਰ ਲੁੱਟੇ ਜਾਣ ਦਾ ਜ਼ਿਕਰ ਭਰਤਪੁਰ ਅਤੇ ਜੈਪੁਰ ਰਿਆਸਤ ਦੇ ਆਪਸੀ ਪੱਤਰਾਂ ਵਿਚੋਂ ਮਿਲਦਾ ਹੈ। ਇਹ ਲੜਾਈ ਕੋਸੀ ਤੋਂ ਕੋਟਵਾ ਨੰਦ ਅਤੇ ਪਲਵਲ ਨੇੜੇ ਹਥੀਨ ਆਦਿ ਪਿੰਡਾਂ ਦਰਮਿਆਨ ਹੋਣ ਦਾ ਪਤਾ ਚੱਲਦਾ ਹੈ।

ਸਿੱਖਾਂ ਦੀ ਰਾਜਪੂਤਾਨੇ ਵੱਲ ਦੀਆਂ ਮੁਹਿੰਮਾਂ ਤੋਂ ਇਲਾਵਾ 18ਵੀਂ ਸਦੀ ਦੇ 7ਵੇਂ ਦਹਾਕੇ ਵਿਚ ਸਿੱਖ ਮਿਸਲਾਂ ਦੇ ਅੰਦਰੂਨੀ ਹਾਲਾਤਾਂ ਬਾਰੇ ਵੀ ਰਾਜਸਥਾਨੀ ਸਰੋਤਾਂ ਵਿਚ ਬੜੇ ਮਹੱਤਵਪੂਰ ਹਵਾਲੇ ਮਿਲਦੇ ਹਨ ਜੋ ਸਿੱਖ ਮਿਸਲਾਂ ਦੀਆਂ ਕਈ ਵਿਸ਼ੇਸ਼ਤਾਈਆਂ ਨੂੰ ਪ੍ਰਗਟ ਕਰਦੇ ਹਨ। ਮਾਲੂਮ ਹੁੰਦਾ ਹੈ ਕਿ ਸਿੱਖ ਮਿਸਲਾਂ ਵਿਚਕਾਰ ਆਪਸੀ ਧੜੇਬੰਦੀ ਹੋ ਚੁੱਕੀ ਸੀ। ਮਿਸਲਾਂ ਵਿਚੋਂ ਕਰੋੜਸਿੰਘੀਆਂ ਤੇ ਆਹਲੂਵਾਲੀਆ ਆਦਿ ਇਕ ਦੂਜੇ ਧੜੇ ਵਿਚ ਸ਼ਾਮਿਲ ਸਨ। ਕਈ ਵਾਰੀ ਬਾਹਰਲੀਆਂ ਮੁਹਿੰਮਾਂ ਸਮੇਂ ਨਜ਼ਰਾਨਿਆਂ ਤੇ ਇਵਜਾਨਿਆਂ ਦੇ ਰੂਪ ਵਿਚ ਮਿਲਦੇ ਧੰਨ ਦੀ ਵੰਡ ਤੋਂ ਇਨ੍ਹਾਂ ਮਿਸਲਾਂ ਦੇ ਸਰਦਾਰਾਂ ਦੀ ਆਪਸ ਵਿਚ ਬੋਲ-ਕੁਬੋਲ ਤੋਂ ਗਾਲ਼ੀ-ਗਲ਼ੋਚ ਤੱਕ ਗੱਲ ਅੱਪੜ ਜਾਂਦੀ ਸੀ ਤੇ ਉਹ ਇਕ ਦੂਜੇ ਨਾਲ ਲੜ੍ਹਨ ਤੱਕ ਚਲੇ ਜਾਂਦੇ ਸਨ। ਇਸੇ ਤਰ੍ਹਾਂ ਮਿਸਲਾਂ ਦੁਆਰਾ ਮੱਲੇ ਗਏ ਇਲਾਕਿਆਂ ’ਤੇ ਕਬਜਿਆਂ ਤੇ ਅਧਿਕਾਰਾਂ ਤੋਂ ਵੀ ਮਿਸਲਾਂ ਦੇ ਸਰਦਾਰਾਂ ਦੀ ਆਪਸੀ ਲੜਾਈ ਹੋ ਜਾਂਦੀ ਸੀ। ਜੈਪੁਰ ਰਿਆਸਤ ਦੇ ਵਕੀਲ ਜਿਣ ਦਾਸ ਅਤੇ ਮਰਾਠਾ ਵਕੀਲ ਗੰਗਾਧਰ ਦੀਆਂ ਰਿਪੋਰਟਾਂ ਵਿਚ ਉਕਤ ਕਿਸਮ ਦੇ ਹਵਾਲੇ ਵੀ ਮਿਲਦੇ ਹਨ।

ਸਿੱਖ ਮਿਸਲਾਂ ਵਿਚੋਂ ਬੁੱਢਾ ਦਲ ਦੀਆਂ ਮਿਸਲਾਂ ਜੂਨ 1769 ਈ. ਵਿਚ ਪਟਿਆਲੇ ਦੇ ਇਲਾਕੇ ਵੱਲ ਸਨ। ਜੱਸਾ ਸਿੰਘ ਆਹਲੂਵਾਲੀਆ ਜਲੰਧਰ ਕੋਲ ਕਪੂਰਥਲੇ ਆਦਿ ਵਿਚ ਆਪਣੇ ਅਧੀਨ ਇਲਾਕੇ ਦਾ ਪ੍ਰਬੰਧ ਕਰ ਰਿਹਾ ਸੀ। ਝੰਡਾ ਸਿੰਘ, ਗੰਡਾ ਸਿੰਘ ਅਤੇ ਲਹਿਣਾ ਸਿੰਘ ਭੰਗੀ ਸਰਦਾਰਾਂ ਨਾਲ, ਕਰਮ ਸਿੰਘ ਨਕੱਈ ਲਾਹੌਰ, ਅੰਮ੍ਰਿਤਸਰ ਅਤੇ ਮੀਆਂਮੀਰ ਦੇ ਇਲਾਕਿਆਂ ’ਤੇ ਅਧਿਕਾਰ ਕਰੀ ਬੈਠੇ ਸਨ। ਇਸ ਸਮੇਂ ਜੈ ਸਿੰਘ ਤੇ ਹਕੀਕਤ ਸਿੰਘ ਕਨ੍ਹੱਈਏ ਸਰਦਾਰਾਂ ਨੇ ਉੱਤਰ-ਪੱਛਮੀ ਪੰਜਾਬ ਦੇ ਪਹਾੜੀ ਇਲਾਕੇ ਹਰੀਪੁਰ ਆਦਿ ਵਿਚ ਅਧਿਕਾਰ ਸਥਾਪਿਤ ਕੀਤਾ ਹੋਇਆ ਸੀ। ਜੱਸਾ ਸਿੰਘ ਰਾਮਗੜੀਏ ਦੁਆਰਾ ਉਨ੍ਹਾਂ ਦੇ ਕਬਜੇ ਹੇਠਲੇ ਉਕਤ ਇਲਾਕਿਆਂ ਵਿਚ ਦਖਲ-ਅੰਦਾਜ਼ੀ ਕੀਤੀ ਜਾ ਰਹੀ ਸੀ ਤੇ ਇਸੇ ਕਰਕੇ ਇਨ੍ਹਾਂ ਦੋਹਾਂ ਮਿਸਲਾਂ ਵਿਚ ਇਸ ਸਮੇਂ ਤੱਕ ਤਿੰਨ-ਚਾਰ ਲੜਾਈਆਂ ਵੀ ਹੋ ਚੁੱਕੀਆਂ ਸਨ। ਇਨ੍ਹਾਂ ਦੀ ਸੁਲ੍ਹਾ ਕਰਵਾਉਣ ਲਈ ਜੈ ਸਿੰਘ ਕਨ੍ਹੱਈਏ ਦਾ ਮੁਤਬੰਨਾ ਪੁੱਤਰ ਕਰਮ ਸਿੰਘ ਅਤੇ ਜੱਸਾ ਸਿੰਘ ਰਾਮਗੜ੍ਹੀਏ ਦਾ ਭਾਈ ਮਾਲਾ ਸਿੰਘ ਜਤਨ ਕਰ ਰਹੇ ਸਨ। ਸਾਰੇ ਮਿਸਲਦਾਰ ਇਕ-ਦੂਜੇ ਤੋਂ ਵੱਧ ਦੇ ਇਲਾਕੇ ਮੱਲਣ ਅਤੇ ਰਾਜਨੀਤਕ ਪ੍ਰਭਾਵ ਵਧਾਉਣ ਵਿਚ ਰੁੱਝੇ ਹੋਏ ਸਨ। ਇਸ ਸਮੇਂ

ਸਿੱਖ ਮਿਸਲਦਾਰਾਂ ਦੀ ਆਪਸੀ ਬੇ-ਇਤਫਾਕੀ ਦੇ ਬਾਵਜੂਦ ਉੱਤਰ-ਪੱਛਮੀ ਭਾਰਤ ਵਿਚ ਸਿੱਖਾਂ ਦੀ ਰਾਜਨੀਤਕ ਪਕੜ ਸਭ ਤੋਂ ਵੱਧ ਮਜ਼ਬੂਤ ਸੀ। ਸਿੱਖ ਮਿਸਲਾਂ ਦੀ ਅੰਦਰੂਨੀ ਜਾਣਕਾਰੀ ਤੋਂ ਇਲਾਵਾ ਰਾਜਸਥਾਨੀ ਸਰੋਤਾਂ ਵਿਚੋਂ ਸਿੱਖਾਂ ਦੇ ਸਾਂਝੇ ਤੇ ਵੱਡੇ ਦੁਸ਼ਮਣ ਅਹਿਮਦ ਸ਼ਾਹ ਅਬਦਾਲੀ ਦੇ ਮਾਰਚ 1769 ਵਿਚ ਪੰਜਾਬ ਦੇ ਝੰਗ ਸਿਆਲ ਵਿਚ ਪਹੁੰਚ ਚੁੱਕੇ ਹੋਣ ਦਾ ਜ਼ਿਕਰ ਮਿਲਦਾ ਹੈ। ਇਸ ਸਮੇਂ ਸਿੱਖ ਵੀ ਮਾਖੋਵਾਲ (ਅਨੰਦਪੁਰ ਸਾਹਿਬ) ਹੋਲੇ-ਮਹੱਲੇ ’ਤੇ ਪੰਥਕ ਇਕੱਠ ਵਿਚ ਅਬਦਾਲੀ ਨਾਲ ਨਜਿੱਠਣ ਦੀਆਂ ਵਿਉਂਤਾਂ ਵਿਚ ਮਸ਼ਰੂਫ ਸਨ ਤੇ ਹਿੰਦੋਸਤਾਨ ਦੀਆਂ ਦੂਜੀਆਂ ਰਾਜਨੀਤਕ ਸ਼ਕਤੀਆਂ ਇਸ ਸਮੇਂ ਸਿੱਖਾਂ ਵੱਲ ਵੇਖ ਰਹੀਆਂ ਸਨ।

ਇਸੇ ਸਾਲ ਅਹਿਮਦ ਸ਼ਾਹ ਅਬਦਾਲੀ ਜਦੋਂ ਵਾਪਸ ਕਾਬਲ ਚਲਾ ਗਿਆ ਤਾਂ ਉਸ ਵੱਲੋਂ ਪੰਜਾਬ ਵਿਚ ਨਿਯੁਕਤ ਕੀਤੇ ਗਏ ਮੁਸਲਿਮ ਹਾਕਮਾਂ ਨੂੰ ਸਿੱਖ ਸਰਦਾਰਾਂ ਨੇ ਭਜਾ ਕੇ ਉਨ੍ਹਾਂ ਦੇ ਇਲਾਕਿਆਂ ’ਤੇ ਕਬਜੇ ਕਰ ਲਏ ਸਨ। ਬਹਾਵਲਪੁਰ ਆਦਿ ਵੱਲ ਦੇ ਇਲਾਕੇ ਵਿਚ ਦਾਊਦ ਪੋਤਰਿਆਂ ਦਾ ਵੀ ਸਿੱਖਾਂ ਨੇ ਇਹੋ ਹਾਲ ਕੀਤਾ ਹੋਇਆ ਸੀ। ਉਨ੍ਹਾਂ ਦੀ ਮਦਦ ਲਈ ਆਏ ਅਬਦਾਲੀ ਦੇ ਪ੍ਰਸਿੱਧ ਜਰਨੈਲ ਜਹਾਨ ਖਾਂ ਦਾ ਮੁਲਤਾਨ ਤੋਂ ਅੱਗੇ ਵਧਣ ਦਾ ਹੀਆ ਨਹੀ ਪੈ ਰਿਹਾ ਸੀ ਅਤੇ ਉਸ ਨੂੰ ਖਰਚ ਤੇ ਖਾਣ-ਪੀਣ ਦੀ ਤੰਗੀ ਨਾਲ ਜੂਝਣਾ ਪੈ ਰਿਹਾ ਸੀ। ਅਖੀਰ ਉਸ ਨੇ ਵੀ ਵਾਪਸ ਅਬਦਾਲੀ ਕੋਲ ਜਾਣ ਦਾ ਮਨ ਬਣਾ ਲਿਆ ਸੀ ਤੇ ਉਹ ਅਬਦਾਲੀ ਦੇ ਅਗਲੇ ਹੁਕਮ ਦੀ ਉਡੀਕ ਕਰ ਰਿਹਾ ਸੀ। ਦੂਜੇ ਪਾਸੇ ਅਹਿਮਦ ਸ਼ਾਹ ਅਬਦਾਲੀ ਦੇ ਦੂਜੇ ਪ੍ਰਸਿੱਧ ਜਰਨੈਲ ਸਰ ਬੁਲੰਦ ਖਾਂ ਨੂੰ ਸਿੱਖ ਸਰਦਾਰਾਂ ਨੇ ਰੋਹਤਾਸ ਦੇ ਕਿਲ੍ਹੇ ਵਿਚ ਘੇਰਿਆ ਹੋਇਆ ਸੀ। ਉਸ ਨੂੰ ਖਾਣ-ਪੀਣ ਤੇ ਪਸ਼ੂਆਂ ਲਈ ਚਾਰੇ ਦੀ ਭਾਰੀ ਦਿੱਕਤ ਆ ਰਹੀ ਸੀ। ਇਸ ਕਰਕੇ ਉਸ ਨੇ ਸਿੱਖਾਂ ਨਾਲ ਸਮਝੌਤਾ ਕਰਨ ਦਾ ਸੁਨੇਹਾ ਭੇਜਿਆ ਸੀ। ਅਬਦਾਲੀ ਨੇ ਆਪਣੇ ਤਿੰਨ ਜਰਨੈਲਾਂ ਨੂੰ ਉਸ ਦੀ ਸਹਾਇਤਾ ਲਈ ਸੱਤ-ਅੱਠ ਹਜ਼ਾਰ ਫੌਜ ਦੇ ਕੇ ਭੇਜਿਆ ਸੀ। ਸੋ ਇਸ ਤਰ੍ਹਾਂ ਇਨ੍ਹਾਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਹਿੰਦੁਸਤਾਨ ’ਤੇ ਲਗਾਤਾਰ ਧਾੜਵੀ ਬਣ ਕੇ ਆਉਣ ਵਾਲਾ ਜੇਤੂ ਜਰਨੈਲ 1769 ਈ. ਤੱਕ ਸਿਰਤੋੜ ਜਤਨਾਂ ਦੇ ਬਾਵਜੂਦ ਆਪਣੇ ਜਰਨੈਲਾਂ ਨੂੰ ਮੁਲਤਾਨ ਅਤੇ ਅਟਕ ਦਰਿਆ ਤੋਂ ਅੱਗੇ ਨਹੀਂ ਵਧਾ ਸਕਿਆ ਸੀ ਤੇ ਜਰਨੈਲ ਖੁਦ ਸਿੱਖਾਂ ਹੱਥੋਂ ਮਜ਼ਬੂਰ ਹੋ ਕੇ ਵਾਪਸ ਮੁੜਨ ਲਈ ਉਤਾਵਲੇ ਸਨ। ਇਨ੍ਹਾਂ

ਰਾਜਸਥਾਨੀ ਸਰੋਤਾਂ ਤੋਂ 18ਵੀਂ ਸਦੀ ਦੇ ਸਿੱਖ ਧਰਮ ਦੇ ਵਿਵਹਾਰਕ ਪੱਖਾਂ ਅਤੇ ਪ੍ਰੰਪਰਾਵਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ ਕਿ ਮਿਸਲ ਕਾਲ ਸਮੇਂ ਸਿੱਖ ਆਪਣੀਆਂ ਜੰਗੀ ਮੁਹਿੰਮਾਂ ਦੌਰਾਨ ਵੀ ਸਵੇਰੇ-ਸ਼ਾਮ ਦੀਵਾਨ ਸਜਾਉਂਦੇ ਸਨ ਅਤੇ ਬਘੇਲ ਸਿੰਘ ਵਰਗੇ ਪ੍ਰਸਿੱਧ ਸਿੱਖ ਸਰਦਾਰ ਤਲਵਾਰ ਤੇ ਕੂਟਨੀਤੀ ਤੋਂ ਇਲਾਵਾ ਕੀਰਤਨ ਕਰਨ ਅਤੇ ਖ਼ੁਦ ਵਾਜਾ ਵਜਾਉਣ ਦੀ ਮੁਹਾਰਤ ਵੀ ਰੱਖਦੇ ਸਨ ਜੋ ਉਸ ਸਮੇਂ ਦੀ ਸਿੱਖ ਸ਼ਖ਼ਸ਼ੀਅਤ ਦੇ ਪੱਖਾਂ ਨੂੰ ਉਜਾਗਰ ਕਰਦਾ ਹੈ। ਇਸ ਤੋਂ ਇਲਾਵਾ ਸਿੱਖਾਂ ਦੇ ਇਤਿਹਾਸਕ ਜੋੜ-ਮੇਲਿਆਂ ’ਤੇ ਸਾਰੀਆਂ ਸਿੱਖ ਮਿਸਲਾਂ ਇਕੱਠੀਆਂ ਹੁੰਦੀਆਂ ਤੇ ਆਪਣੀਆਂ ਗ਼ਲਤ-ਫਹਿਮੀਆਂ ਤੇ ਗਿਲੇ-ਸ਼ਿਕਵੇ ਦੂਰ ਕਰ ਲਏ ਜਾਂਦੇ ਸਨ। ਅਜਿਹੇ ਮੌਕਿਆਂ ’ਤੇ ਉਹ ਸਾਂਝੇ ਦੁਸ਼ਮਣ ਨਾਲ ਨਜਿੱਠਣ ਅਤੇ ਤਤਕਾਲੀਨ ਰਾਜਨੀਤਕ ਪ੍ਰਸਥਿਤੀਆਂ ਅਨੁਸਾਰ ਰਣਨੀਤੀ ਵੀ ਬਣਾਉਂਦੇ ਸਨ। ਮਿਸਲ ਕਾਲ ਸਮੇਂ ਸਿੱਖ ਵੈਸਾਖੀ, ਦੀਵਾਲੀ ਅਤੇ ਹੋਲੇ-ਮਹੱਲੇ ਤੇ ਇਕੱਠੇ ਹੋ ਕੇ ਇਨ੍ਹਾਂ ਜੋੜ-ਮੇਲਿਆਂ ਨੂੰ ਸੰਗਤੀ ਤੇ ਸੰਸਥਾਗਤ ਰੂਪ ਦਿੰਦੇ ਸਨ। ਇਨ੍ਹਾਂ ਮੌਕਿਆਂ ’ਤੇ ਗੁਰਮਤੇ ਕਰਨ ਦੀ ਸਿੱਖ ਰਵਾਇਤ ਪ੍ਰਚੱਲਿਤ ਸੀ ਜੋ ਸਿੱਖ ਕੌਮ ਵਿਚੋਂ ਬੇ-ਵਿਸ਼ਵਾਸੀ ਤੇ ਆਪਸੀ ਵੈਰ-ਵਿਰੋਧ ਨੂੰ ਖ਼ਤਮ ਕਰਕੇ ਪੰਥਕ ਏਕਤਾ ਅਤੇ ਦ੍ਰਿੜਤਾ ਪ੍ਰਦਾਨ ਕਰਦੀ ਸੀ।

ਇਨ੍ਹਾਂ ਸਰੋਤਾਂ ਵਿਚੋਂ ਸਿੱਖ ਧਰਮ ਸਬੰਧੀ ਹੋਰ ਵੀ ਕਈ ਪਹਿਲੂ ਉੱਭਰਕੇ ਸਾਹਮਣੇ ਆਉਂਦੇ ਹਨ। 18ਵੀਂ ਸਦੀ ਦੇ 7ਵੇਂ ਦਹਾਕੇ ਤੱਕ ਅਨੰਦਪੁਰ ਸਾਹਿਬ ਨੂੰ ਮਾਖੋਵਾਲ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ ਅਤੇ ਅੰਮ੍ਰਿਤਸਰ ਸ਼ਹਿਰ ਦਾ ਨਾਮ ਉਸ ਸਮੇਂ ਅੰਮ੍ਰਿਤਸਰ ਵਜੋਂ ਪ੍ਰਸਿੱਧ ਹੋ ਚੁੱਕਾ ਸੀ। ਇਸ ਵਕਤ ਸਿੱਖ ਮੁਗ਼ਲ ਹਕੂਮਤ ਦੀ ਨਾਰਾਜ਼ਗੀ ਅਤੇ ਕਰੋਪੀ ਦਾ ਸ਼ਿਕਾਰ ਸਨ ਅਤੇ ਨਾਲ ਹੀ ਬਾਹਰੀ ਹਮਲਾਵਰਾਂ ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਤੈਮੂਰ ਆਦਿ ਦੀਆਂ ਧਾੜਵੀ, ਲੋਟੂ, ਕਾਤਲਾਨਾ ਮੁਹਿੰਮਾਂ ਅਤੇ ਸਿੱਖਾਂ ਲਈ ਜ਼ਿੰਦਗੀ-ਮੌਤ ਦੀ ਚੱਲ ਰਹੀ ਲੁੱਕਣ-ਮੀਟੀ ਨੇ ਉਹਨਾਂ ਨੂੰ ਪ੍ਰਤਿਕੂਲ ਸਥਿਤੀਆਂ ਨਾਲ ਜੂਝਣ ਦੀ ਸਮਰੱਥਾ ਬਖਸ਼ੀ। ਇਸ ਸਮੇਂ ਸਿੱਖਾਂ ਲਈ ਰਾਜਪੂਤਾਨਾ ਰਾਹਤ ਦਾ ਸਥਾਨ ਸੀ। 18ਵੀਂ ਸਦੀ ਦੇ ਸੰਘਰਸ਼ਮਈ ਦੌਰ ਵਿਚ ਸਿੱਖਾਂ ਨੇ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਰਾਜਪੂਤਾਨੇ ਦੀਆਂ ਰਿਆਸਤਾਂ ਦੇ ਆਪਸੀ ਵਿਰੋਧ ਅਤੇ ਮਰਾਠਿਆਂ ਨਾਲ ਲੜਾਈਆਂ ਵਿਚ ਮੋਟੀਆਂ ਰਕਮਾਂ ਦੇ ਇਵਜਾਨੇ ਲੈ ਕੇ ਉਨ੍ਹਾਂ ਦੀ ਸਮੇਂ-ਸਮੇਂ ਸੈਨਿਕ ਸਹਾਇਤਾ ਕੀਤੀ, ਜਿਸ ਨੇ

ਸਿੱਖਾਂ ਦੇ ਜੰਗੀ ਹੁਨਰ ਨੂੰ ਹੋਰ ਤਰਾਸ਼ਿਆ ਤੇ ਸਿੱਖਾਂ ਦੀ ਜੁਝਾਰੂ ਕੌਮ ਵਜੋਂ ਪਹਿਚਾਣ ਸਥਾਪਿਤ ਕਰਨ ਵਿਚ ਅਹਿਮ ਹਿੱਸਾ ਪਾਇਆ। ਇਸ ਨਾਲ ਸਿੱਖਾਂ ਨੇ ਆਪਣੀ ਸੈਨਿਕ ਸ਼ਕਤੀ ਤੇ ਵਸੀਲਿਆਂ ਵਿਚ ਵਾਧਾ ਕਰਨ ਲਈ ਧਨ ਵੀ ਪ੍ਰਾਪਤ ਕੀਤਾ, ਜਿਸ ਨਾਲ ਉਹ ਤਤਕਾਲੀ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਰਾਜਨੀਤਕ ਅਤੇ ਸੈਨਿਕ ਤੌਰ ਤੇ ਹੋਰ ਮਜ਼ਬੂਤ ਹੋ ਗਏ। ਭੂਤਪੂਰਵ ਜੈਪੁਰ ਰਿਆਸਤ ਦੇ ਸਰਕਾਰੀ ਰਿਕਾਰਡ ਦੇ ਦਸਤਾਵੇਜ਼ਾਂ ਵਿਚ ਜਿਆਦਾਤਰ 18ਵੀਂ ਸਦੀ ਤੱਕ ਦੇ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਪ੍ਰਾਪਤ ਜਾਣਕਾਰੀ ਤੋਂ ਇਲਾਵਾ ਰਾਜਸਥਾਨੀ ਸਾਹਿਤ ਤੇ ਇਤਿਹਾਸ ਦੇ ਮਿਸ਼ਰਤ ਸਰੋਤਾਂ ਵਿਚ ਅਤੇ ਖਿਆਤ ਵੰਨਗੀ ਵਿਚੋਂ ਕੁਝ ਖਿਆਤਾਂ ਵਿਚ ਸਿੱਖਾਂ ਸਬੰਧੀ ਸਟੀਕ ਜਾਣਕਾਰੀ ਮਿਲਦੀ ਹੈ।

ਸਿੱਖਾਂ ਸਬੰਧੀ ਜਾਣਕਾਰੀ ਦੇਣ ਵਾਲੀਆਂ ਹੁਣ ਤੱਕ ਸਾਹਮਣੇ ਆਈਆਂ ਖ਼ਿਆਤਾਂ ਵਿਚ 'ਬੀਕਾਨੇਰੀ ਖਿਆਤ' ਅਤੇ 'ਖਿਆਤ ਦੇਸ਼ ਦਰਪਣ' ਵਿਚ ਗੁਰੂ ਕਾਲ ਦੇ ਸਮੇਂ ਤੋਂ ਇਤਿਹਾਸਕ ਤੇ ਮਿਥਿਹਾਸਕ ਤੱਥਾਂ ਤੇ ਆਧਾਰਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗੁਰੂ ਅੰਸ਼ ਵਿਚੋਂ ਹੋਏ ਬਾਬਾ ਰਾਮ ਰਾਇ ਨਾਲ ਸਬੰਧਿਤ ਕਰਾਮਾਤੀ ਕਥਾ-ਕਹਾਣੀਆਂ ਵੀ ਖਿਆਤਾਂ ਵਿਚ ਮਿਲਦੀਆਂ ਹਨ। ਇਸ ਤੋਂ ਇਲਾਵਾ 18ਵੀਂ ਸਦੀ ਦੇ ਅੱਧ ਤੋਂ ਬਾਅਦ ਸਿੱਖ ਮਿਸਲਾਂ ਦੁਆਰਾ ਬੀਕਾਨੇਰ ਰਿਆਸਤ ਦੇ ਨੌਹਰ ਪਰਗਨੇ ਨੂੰ 1754 ਈ. ਵਿਚ ਉਜਾੜਨ ਦਾ ਹਵਾਲਾ ਸੰਖੇਪ ਰੂਪ ਵਿਚ ਮਿਲਦਾ ਹੈ। ਇਸ ਤੋਂ ਪਿੱਛੋਂ 19ਵੀਂ ਸਦੀ ਦੇ ਦੂਜੇ ਦਹਾਕੇ ਵਿਚ ਜਦ ਬੀਕਾਨੇਰ ਰਿਆਸਤ ਦੇ ਭਾਦਰਾ ਪਰਗਨੇ ਅਧੀਨ ਨੌਹਰ ਦਾ ਠਾਕੁਰ ਪ੍ਰਤਾਪ ਸਿੰਘ ਬੀਕਾਨੇਰ ਰਿਆਸਤ ਤੋਂ ਆਕੀ ਹੋ ਗਿਆ ਸੀ ਤਾਂ ਬੀਕਾਨੇਰ ਰਿਆਸਤ ਨੇ ਪਟਿਆਲਾ ਰਿਆਸਤ ਤੋਂ ਫੌਜੀ ਮਦਦ ਮੰਗੀ ਸੀ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਦੀ ਫੌਜ ਨੇ ਉਸ ਪਰਗਨੇ ਤੇ ਅਧਿਕਾਰ ਕਰ ਲਿਆ ਤੇ ਪਰਗਨੇ ਵਿਚ ਆਪਣਾ ਪ੍ਰਬੰਧ (ਜਨਵਰੀ 1815 ਈ.) ਸਥਾਪਿਤ ਕਰ ਲਿਆ। ਅੰਗਰੇਜ਼ ਸਰਕਾਰ ਨੇ ਦੋਹਾਂ ਧਿਰਾਂ ਵਿਚ ਦਖਲ ਦੇ ਕੇ ਪਟਿਆਲਾ ਰਿਆਸਤ ਨੂੰ ਉਸ ਦਾ ਫੌਜੀ ਖਰਚ ਦਿਵਾ ਕੇ ਪਰਗਨੇ ਦਾ ਪ੍ਰਬੰਧ ਬੀਕਾਨੇਰ ਰਿਆਸਤ ਨੂੰ ਦਿਵਾ ਦਿੱਤਾ। ਬੀਕਾਨੇਰ ਰਿਆਸਤ ਅਧੀਨ ਟਿੱਕਾ ਸਿੰਘ, ਸੰਗਤ ਸਿੰਘ, ਅਨੂਪ ਸਿੰਘ ਆਦਿ ਸਿੱਖਾਂ ਦੇ ਸੈਨਿਕ ਨੌਕਰੀ ਕਰਨ ਦਾ ਵੀ ਇਹਨਾਂ ਖਿਆਤਾਂ ਵਿਚੋਂ ਪਤਾ ਚੱਲਦਾ ਹੈ।

ਸਿੱਖ ਰਿਆਸਤਾਂ ਪਟਿਆਲਾ, ਨਾਭਾ, ਜੀਂਦ ਅਤੇ ਕੈਥਲ ਸਮੇਤ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਨਾਲ ਬੀਕਾਨੇਰ ਰਿਆਸਤ ਦੇ ਮਿੱਤਰਤਾ ਪੂਰਵਕ ਤੇ ਭਾਈਚਾਰਕ ਸਬੰਧ ਸਨ। ਸਿੱਖ ਸ਼ਾਸਕ ਤੇ ਬੀਕਾਨੇਰ ਰਿਆਸਤ ਦੇ ਸ਼ਾਸਕ ਵਿਆਹ-ਸ਼ਾਦੀ ਅਤੇ ਰਾਜ-ਤਿਲਕ ਆਦਿ ਦੇ ਖੁਸ਼ੀ ਮੌਕੇ ਇਕ ਦੂਜੇ ਨੂੰ ਨਿਉਂਤੇ ਦਿੰਦੇ ਅਤੇ ਦੂਜੀ ਧਿਰ ਅੱਗੋਂ ਰਾਜਨੀਤਿਕ ਤੇ ਸਮਾਜਿਕ ਰਸਮਾਂ ਮੁਤਾਬਿਕ ਆਪਣੇ ਵਿੱਤ ਅਨੁਸਾਰ ਕੀਮਤੀ ਤੋਹਫੇ ਦੂਜੇ ਨੂੰ ਭੇਜਦੀ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਅੰਗਰੇਜ਼ਾਂ ਅਤੇ ਸਿੱਖਾਂ ਦਰਮਿਆਨ ਦਸੰਬਰ 1845 ਈ. ਤੋਂ ਮਾਰਚ 1846 ਈ. ਦੀਆਂ ਲੜਾਈਆਂ ਸਮੇਂ ਬੀਕਾਨੇਰ ਰਿਆਸਤ ਵੱਲੋਂ ਅੰਗਰੇਜ਼ਾਂ ਦੀ ਸੈਨਿਕ ਸਹਾਇਤਾ ਲਈ ਮਹਿਤਾ ਹਿੰਦੂ ਮੱਲ ਦੇ ਅਧੀਨ ਪੈਦਲ ਤੇ ਘੋੜਸਵਾਰ ਫੌਜ ਭੇਜੀ ਗਈ ਸੀ। ਇਸ ਤੋਂ ਇਲਾਵਾ ਤੋਪਾਂ, ਗੁਬਾਰੇ (ਤੋਪਾਂ), ਤੋਪਚੀ ਆਦਿ ਵੀ ਅੰਗਰੇਜ਼ਾਂ ਦੀ ਮਦਦ ਲਈ ਭੇਜੇ ਜਾਣ ਦਾ ਜਿਕਰ 'ਬੀਕਾਨੇਰ ਰੀ ਖਿਆਤ' ਅਤੇ 'ਖਿਆਤ ਦੇਸ਼ ਦਰਪਣ' ਵਿਚ ਮਿਲਦਾ ਹੈ। ਇਸ ਸਮੇਂ ਬੀਕਾਨੇਰ ਰਿਆਸਤ ਦੀ ਫੌਜ ਨੇ ਮਲੋਟ ਤੇ ਮੁਕਤਸਰ ਵਿਚ ਦੀਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਇਸ ਪਿੱਛੋਂ ਇਹ ਫੌਜ ਫਾਜ਼ਿਲਕਾ ਬੰਗਲਾ ਵਿਚ ਕਾਫੀ ਸਮਾਂ ਰੁਕੀ ਸੀ। ਇਸ ਤੋਂ ਪਿੱਛੋਂ ਦੀਵਾਨ ਮੂਲ ਰਾਜ ਦੇ ਵਿਦਰੋਹ ਸਮੇਂ ਵੀ ਬੀਕਾਨੇਰ ਰਿਆਸਤ ਨੇ ਅੰਗਰੇਜ਼ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਅੰਗੇਰਜ਼ਾਂ ਵੱਲੋਂ ਜਾਰੀ ਹੁਕਮਾਂ ਅਨੁਸਾਰ ਅੰਗਰੇਜ਼ ਹਕੂਮਤ ਦੀ ਮਦਦ ਕੀਤੀ ਸੀ। ਇਸ ਪਿੱਛੋਂ ਦੂਜੇ ਐਂਗਲੋ-ਸਿੱਖ ਯੁੱਧਾਂ ਸਮੇਂ ਵੀ ਬੀਕਾਨੇਰ ਰਿਆਸਤ ਵੱਲੋਂ ਘੋੜਸਵਾਰ ਸੈਨਿਕਾਂ ਦੀਆਂ ਦੋ ਟੁਕੜੀਆਂ ਬਾਘ ਸਿੰਘ ਪੜਿਆਰ ਦੀ ਕਮਾਨ ਥੱਲੇ ਅੰਗਰੇਜ਼ਾਂ ਦੀ ਮਦਦ ਕਰਨ ਲਈ ਭੇਜੀਆਂ ਸਨ ਤੇ ਨਾਲ ਹੀ ਕੁਝ ਤੋਪਚੀ ਵੀ ਭੇਜੇ ਸਨ। ਸੋ ਇਨ੍ਹਾਂ ਦੋਹਾਂ ਖਿਆਤਾਂ ਤੋਂ ਬੀਕਾਨੇਰ ਰਿਆਸਤ ਦੁਆਰਾ ਅੰਗਰੇਜ਼-ਸਿੱਖ ਸੰਘਰਸ਼ ਸਮੇਂ ਅੰਗਰੇਜ਼ਾਂ ਦੀ ਮਦਦ ਕਰਨ ਦੀ ਜਾਣਕਾਰੀ ਮਿਲਦੀ ਹੈ।

ਇਕ ਹੱਥ-ਲਿਖਤ ਗ੍ਰੰਥ ਵਿਚ ਸ਼ਾਮਿਲ ਅਤਿ ਸੰਖਿਪਤ ਲਿਖਤ ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਤੇ ਉਸ ਦੇ ਵੰਸ਼ਜਾਂ ਮਹਾਰਾਜਾ ਮਹਿੰਦਰ ਸਿੰਘ ਤੱਕ ਦੀਆਂ ਮੁੱਖ-ਪ੍ਰਾਪਤੀਆਂ ਅਤੇ ਵੰਸ਼ਾਵਲੀ ਦਿੱਤੀ ਗਈ ਹੈ ਜੋ ਪਟਿਆਲਾ ਰਿਆਸਤ ਨਾਲ ਸਬੰਧਿਤ ਕੁਝ

ਮਹੱਤਵਪੂਰਨ ਇਤਿਹਾਸ ਤੱਥਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਇਸ ਖਿਆਤ ਤੋਂ ਪਟਿਆਲਾ ਰਿਆਸਤ ਦੀ ਰਾਜਪੂਤਾਨੇ ਵਿਚ ਪ੍ਰਸਿੱਧੀ ਤੇ ਮਹੱਤਤਾ ਨੂੰ ਦਰਸਾਉਂਦੀ ਹੈ।

ਜੋਧਪੁਰ ਰਿਆਸਤ ਦੇ 18ਵੀਂ ਸਦੀ ਦੇ ਰਾਜ ਕਵੀ ਬਾਂਕੀ ਦਾਸ ਦੁਆਰਾ ਰਚਿਤ ਖਿਆਤ ਵਿਚ ਸਿੱਖ ਧਰਮ ਦੇ ਸਿਧਾਂਤਾਂ, ਸੰਪ੍ਰਦਾਵਾਂ ਦੀ ਸੰਖੇਪ ਜਾਣਕਾਰੀ ਤੋਂ ਇਲਾਵਾ ਸਿੱਖਾਂ ਬਾਰੇ ਪ੍ਰਚੱਲਿਤ ਅਤਿ ਕਥਨੀਆਂ, ਭ੍ਰਾਂਤੀਆਂ ਅਤੇ ਸੁਣੀਆਂ-ਸੁਣਾਈਆਂ ਗੱਲਾਂ ਦੇ ਆਧਾਰ 'ਤੇ ਕਈ ਗ਼ਲਤ ਟਿੱਪਣੀਆਂ ਵੀ ਮਿਲਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੀ ਪ੍ਰਸਿੱਧੀ ਅਤੇ ਉਸ ਸਮੇਂ ਸਿੱਖਾਂ ਦੀ ਰਾਜਨੀਤਿਕ ਤੇ ਸੈਨਿਕ ਪ੍ਰਸਿੱਧੀ ਦੀ ਝਲਕ ਵੀ ਪਤਾ ਚੱਲਦਾ ਹੈ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਦੀ ਲੋਕਾਂ ਵਿਚ ਸਿੱਖਾਂ ਦਾ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਕਿਹੋ ਜਿਹਾ ਅਸਰ ਸੀ।

ਸਾਹਿਤ ਤੇ ਇਤਿਹਾਸ ਦੇ ਮਿਸ਼ਰਤ ਇਤਿਹਾਸਕ ਕਾਵਿ ਗ੍ਰੰਥਾਂ ਵਿਚੋਂ ਜੈਪੁਰ ਰਿਆਸਤ ਦੇ ਕਛਵਾਹਾ ਸ਼ਾਸਕਾਂ ਦੇ ਵੰਸ਼-ਇਤਿਹਾਸ ਸਬੰਧੀ 'ਚੰਦ-ਕਵੀ' ਦੁਆਰਾ ਰਚਿਤ ਇਤਿਹਾਸਕ ਕਾਵਿ-ਗ੍ਰੰਥ, 'ਕੁਰਮਵਿਲਾਸ' ਵਿਚ ਗੁਰੂ ਕਾਲ ਦੇ ਸਮੇਂ ਤੋਂ ਸਿੱਖ ਇਤਿਹਾਸ ਵਿਚ ਮੁਗ਼ਲ-ਸਿੱਖ ਸੰਘਰਸ਼ ਦੇ ਹਵਾਲੇ ਪ੍ਰਾਪਤ ਹੁੰਦੇ ਹਨ। ਇਸ ਗ੍ਰੰਥ ਵਿਚ 1670 ਈ. ਵਿਚ ਬਾਈਧਾਰ ਅਤੇ ਨਾਨਕ ਪੰਥੀ (ਸਿੱਖਾਂ) ਦੀ ਸਾਂਝੀ ਬਗਾਵਤ ਨੂੰ ਦਬਾਉਣ ਲਈ ਬਾਦਸ਼ਾਹ ਔਰੰਗਜ਼ੇਬ ਵੱਲੋਂ ਜੈਪੁਰ ਨਰੇਸ਼ ਰਾਜਾ ਰਾਮ ਸਿੰਘ ਨੂੰ ਸ਼ਹਿਜ਼ਾਦੇ ਨਾਲ ਭੇਜਣ ਦੀ ਜਾਣਕਾਰੀ ਮਿਲਦੀ ਹੈ। ਇਹ ਵੇਰਵਾ ਸਿੱਖ ਇਤਿਹਾਸ ਵਿਚ ਕਿੱਧਰੇ ਵੀ ਪ੍ਰਾਪਤ ਨਹੀਂ ਹੁੰਦਾ। ਉਂਝ ਵੀ ਇਸ ਸਮੇਂ ਗੁਰੂ ਤੇਗ ਬਹਾਦਰ ਜੀ ਪਟਨੇ ਵੱਲ ਕਈ ਸਾਲ ਰਹੇ ਸਨ। ਇਸ ਤੋਂ ਇਲਾਵਾ 1677 ਈ. ਵਿਚ ਦੁਬਾਰਾ ਬਾਦਸ਼ਾਹ ਦੇ ਹੁਕਮ ਅਨੁਸਾਰ ਸ਼ਾਹਿਜ਼ਾਦਾ ਮੁਅੱਜ਼ਮ ਵੱਲੋਂ ਜੈਪੁਰ ਨਰੇਸ਼ ਬਿਸ਼ਨ ਸਿੰਘ ਨੂੰ ਨਾਲ ਲੈ ਕੇ ਸਿੱਖਾਂ ਨੂੰ ਪੰਜਾਬ ਵਿਚੋਂ ਕੱਢਣ ਦਾ ਜ਼ਿਕਰ ਮਿਲਦਾ ਹੈ। ਇਸ ਇਤਿਹਾਸਕ ਵਰਤਾਰੇ ਦਾ ਜ਼ਿਕਰ 'ਬਚਿੱਤਰ ਨਾਟਕ' ਵਿਚ ਵੀ ਮਿਲਦਾ ਹੈ ਪਰ ਤਾਰੀਖਾਂ ਵਿਚਕਾਰ ਕਾਫ਼ੀ ਅੰਤਰ ਹੈ। ਇਸ ਪਿੱਛੋਂ ਬੰਦਾ ਸਿੰਘ ਬਹਾਦਰ ਦੀ ਬਗਾਵਤ ਸਮੇਂ ਦਾ ਸੰਖੇਪ ਜ਼ਿਕਰ ਮਿਲਦਾ ਹੈ। ਅਹਿਮਦ

ਸ਼ਾਹ ਅਬਦਾਲੀ ਜਦੋਂ 1747-48 ਈ. ਵਿਚ ਹਿੰਦੋਸਤਾਨ 'ਤੇ ਚੜ੍ਹ ਕੇ ਆਇਆ ਤਾਂ ਉਸ ਖ਼ਿਲਾਫ ਮੁਗ਼ਲ ਸਰਕਾਰ ਦੇ ਮੁਹਾਜ਼ ਸਮੇਂ ਪੰਜਾਬ ਦੇ ਮਾਛੀਵਾੜੇ ਕੋਲ ਮਾਨੂੰਪੁਰ ਵਿਚਲੇ ਮੈਦਾਨ-ਏ-ਜੰਗ ਵਿਚੋਂ ਵਾਪਸ ਜਾਂਦਿਆਂ ਜੈਪੁਰ ਦੇ ਮਹਾਰਾਜਾ ਸਵਾਈ ਈਸਰੀ ਸਿੰਘ ਰਸਤਾ ਭਟਕ ਗਿਆ ਤੇ ਅਖੀਰ ਬਾਬਾ ਆਲਾ ਸਿੰਘ ਨੂੰ ਖੰਨੇ ਦੀ ਸਰਾਂ ਵਿਚ ਮਿਲਿਆ। ਬਾਬਾ ਆਲਾ ਸਿੰਘ ਨੇ ਆਪਣੇ ਆਦਮੀ ਭੇਜ ਕੇ ਮਹਾਰਾਜੇ ਨੂੰ ਸਮਾਣੇ ਤੱਕ ਪਹੁੰਚਾਇਆ ਸੀ। ਇਸ ਸੰਖਿਪਤ ਮੁਲਾਕਾਤ ਦਾ ਜ਼ਿਕਰ ਵੀ ਇਸ ਗ੍ਰੰਥ ਵਿਚ ਕਵੀ ਨੇ ਕੀਤਾ ਹੈ।

ਰਾਜਸਥਾਨੀ ਭਾਸ਼ਾ ਵਿਚ ਕਈ ਅਗਿਆਤ ਅਤੇ ਬੇਨਾਮ ਗ੍ਰੰਥ ਵੀ ਮਿਲਦੇ ਹਨ ਜਿਨ੍ਹਾਂ ਵਿਚ ਬੇਸ਼ਕੀਮਤੀ ਇਤਿਹਾਸਕ ਸਮੱਗਰੀ ਸਮੋਈ ਹੋਈ ਹੈ। ਅਜਿਹਾ ਇਕ ਗ੍ਰੰਥ 'ਭੂਗੋਲ ਇਤਿਹਾਸ ਸਬੰਧੀ ਏਵੰ ਅਨਯ ਵਿਵਿਧ ਵਿਸ਼ਿਉਂ ਕਾ ਫੁਟਕਰ ਗ੍ਰੰਥ' ਖਰੜਾ ਨੰਬਰ 10613 ਜੋਧਪੁਰ ਵਿਚ ਮੌਜੂਦ ਹੈ ਜਿਸ ਵਿਚ ਲਾਹੌਰ ਦਰਬਾਰ ਦੀਆਂ ਅੰਗਰੇਜ਼ਾਂ ਨਾਲ ਸਬੰਧਿਤ ਦੋ ਅਹਿਮ ਘਟਨਾਵਾਂ ਦਰਜ਼ ਹਨ। ਪਹਿਲੀ ਘਟਨਾ ਮਹਾਰਾਜਾ ਰਣਜੀਤ ਸਿੰਘ ਦੀ ਨਵੰਬਰ 1838 ਈ. ਨੂੰ ਅੰਗਰੇਜ਼ ਗਵਰਨਰ ਜਰਨਲ ਆਕਲੈਂਡ ਨਾਲ ਮੁਲਾਕਾਤ ਦਾ ਸਮੁੱਚਾ ਹਾਲ ਬੜੇ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਸ ਵਿਚ ਲਾਹੌਰ ਦਰਬਾਰ ਅਤੇ ਅੰਗਰੇਜ਼ ਹਕੂਮਤ ਦੀ ਸ਼ਾਨੋ-ਸ਼ੌਕਤ ਨੂੰ ਦਰਸਾਉਂਦੇ ਸਮਾਚਾਰ ਲਿਖੇ ਗਏ ਹਨ। ਇਸ ਮੁਲਾਕਾਤ ਸਮੇਂ ਮਹਾਰਾਜਾ ਤੇ ਅੰਗਰੇਜ਼ ਅਧਿਕਾਰੀਆਂ ਵਿਚ ਹੋਈ ਗੱਲ-ਬਾਤ, ਇਸ ਸਮੇਂ ਹਾਜ਼ਰ ਵਿਅਕਤੀਆਂ ਦੇ ਨਾਮ, ਦੋਵਾਂ ਧਿਰਾਂ ਦੀਆਂ ਫੌਜਾਂ ਆਦਿ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸੇ ਗ੍ਰੰਥ ਵਿਚ ਦੂਜੀ ਲਿਖਤ 'ਕੌਲਨਾਮੋ ਲਾਹੌਰ ਕੋ' ਵਿਚੋਂ ਪਹਿਲੇ ਐਂਗਲੋ-ਸਿੱਖ ਯੁੱਧ ਪਿੱਛੋਂ ਦੂਜੀ ਵਾਰ 16 ਦਸੰਬਰ 1846 ਈ. ਨੂੰ ਨਾਬਾਲਗ ਮਹਾਰਾਜਾ ਦਲੀਪ ਸਿੰਘ ਅਤੇ ਅੰਗਰੇਜ਼ ਅਧਿਕਾਰੀਆਂ ਦਰਮਿਆਨ ਹੋਏ ਲਿਖਤੀ ਸਮਝੌਤੇ ਦੀਆਂ 12 ਸ਼ਰਤਾਂ ਸਮੇਤ ਲਾਹੌਰ ਦਰਬਾਰ ਤੋਂ ਵਸੂਲੀਆਂ ਜਾਣ ਵਾਲੀਆਂ ਰਕਮਾਂ ਅਤੇ ਦੋਵਾਂ ਧਿਰਾਂ ਵੱਲੋਂ ਹਾਜ਼ਰ ਅਧਿਕਾਰੀਆਂ/ ਅਹਿਲਕਾਰਾਂ ਦੇ ਨਾਵਾਂ ਆਦਿ ਸਬੰਧੀ ਜਾਣਕਾਰੀ ਮਿਲਦੀ ਹੈ।

ਰਾਜਸਥਾਨ ਦੇ ਮਾਰਵਾੜੀ ਵਾਪਾਰੀ ਪੂਰੇ ਭਾਰਤ ਵਿਚ ਪ੍ਰਸਿੱਧ ਹਨ। ਉੱਤਰੀ ਭਾਰਤ ਵਿਚ 19ਵੀਂ ਦੀ ਦੇ ਪ੍ਰਸਿੱਧ ਮਾਰਵਾੜੀ ਵਾਪਾਰੀ ਸੇਠ ਮਿਰਜ਼ਾ ਮੱਲ ਪੋਤੇਦਾਰ ਦੀ ਫਰਮ ਦੇ ਵਾਪਾਰਕ ਦਸਤਾਵੇਜ਼, ਚਿੱਠੀਆਂ, ਹੁੰਡੀਆਂ ਅਤੇ ਵਹੀਆਂ ਵਿਚੋਂ 19ਵੀਂ ਸਦੀ ਦੇ ਪੰਜਾਬ ਦੀਆਂ ਸਿੱਖ ਰਿਆਸਤਾਂ ਅਤੇ ਲਾਹੌਰ ਦਰਬਾਰ ਦੇ ਆਰਥਿਕ, ਵਾਪਾਰਕ, ਰਾਜਨੀਤਿਕ, ਪ੍ਰਸ਼ਾਸਨਿਕ, ਨਿਆਇਕ, ਸਮਾਜਿਕ ਅਤੇ ਧਾਰਮਿਕ ਪੱਖਾਂ ਬਾਰੇ ਬੜੀ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਇਨ੍ਹਾਂ ਲਿਖਤਾਂ ਵਿਚੋਂ ਪੰਜਾਬ ਵਿਚ ਦਰਾਮਦ ਅਤੇ ਬਰਾਮਦ ਹੋਣ ਵਾਲੀਆਂ ਵਸਤਾਂ, ਉਨ੍ਹਾਂ ਦੀ ਕੀਮਤ ਅਤੇ ਮੰਗ ਬਾਰੇ ਵੀ ਪਤਾ ਲੱਗਦਾ ਹੈ। ਇਸ ਤੋਂ ਇਲਾਵਾ ਪ੍ਰਮੁੱਖ ਸਿੱਖ ਸਰਦਾਰਾਂ ਅਤੇ ਸਿੱਖ ਰਾਜ ਘਰਾਣਿਆਂ ਦੀ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਦੀ ਆਰਥਿਕ ਸਥਿਤੀ ਤੇ ਉਨ੍ਹਾਂ ਦੇ ਸੁਭਾਅ, ਵਰਤੋਂ-ਵਿਹਾਰ, ਪੰਜਾਬ ਦੇ ਤਿਉਹਾਰਾਂ ਅਤੇ ਇਨ੍ਹਾਂ ਤਿਉਹਾਰਾਂ ਸਮੇਂ ਲੋਕਾਂ ਦੀ ਰੁਚੀ, ਪੰਜਾਬ ਵਿਚ ਹੋਣ ਵਾਲੀਆਂ ਚੋਰੀਆਂ-ਡਕੈਤੀਆਂ ਆਦਿ ਬਾਰੇ ਜ਼ਿਕਰ ਵੀ ਮਿਲਦੇ ਹਨ। ਪੰਜਾਬ ਦੇ ਮੈਦਾਨੀ ਰਸਤਿਆਂ ਤੋਂ ਇਲਾਵਾ ਦਰਿਆਵਾਂ ਰਸਤੇ ਵਪਾਰਕ ਕਿਸ਼ਤੀਆਂ ਚੱਲਣ ਬਾਰੇ ਵੀ ਜਾਣਕਾਰੀ ਮਿਲਦੀ ਹੈ। ਉਸ ਸਮੇਂ ਪੈਸੇ ਇੱਕ ਥਾਂ ਤੋਂ ਦੂਜੀ ਥਾਂ ਭੇਜਣ ਦੀ ਵਿਧੀ 'ਹੁੰਡੀ' ਅਤੇ ਇਸ ਨਾਲ ਸਬੰਧਿਤ ਸ਼ਰਤਾਂ ਤੇ ਨਿਯਮਾਂ ਆਦਿ ਦੀ ਜਾਣਕਾਰੀ ਵੀ ਮਿਲਦੀ ਹੈ। ਚਿੱਠੀਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦੌਰਿਆਂ, ਗਤੀਵਿਧੀਆਂ, ਸੁਭਾਅ, ਬੀਮਾਰੀ ਤੋਂ ਇਲਾਵਾ ਦਰਬਾਰ ਦੇ ਅਧਿਕਾਰੀਆਂ ਤੇ ਅਹਿਲਕਾਰਾਂ ਦੇ ਨਾਵਾਂ-ਥਾਵਾਂ ਸਬੰਧੀ ਸੂਚਨਾ ਵੀ ਮਿਲਦੀ ਹੈ। ਪੋਤੇਦਾਰ ਘਰਾਣੇ ਦੇ ਇਨ੍ਹਾਂ ਮਹੱਤਵਪੂਰਨ ਵਾਪਾਰਕ ਸਰੋਤਾਂ ਨਾਲ ਦੋ ਵੱਡੀਆਂ ਸਮੱਸਿਆਵਾਂ ਵੀ ਜੁੜੀਆਂ ਹੋਈਆਂ ਹਨ। ਪਹਿਲੀ ਸਮੱਸਿਆ ਇਨ੍ਹਾਂ ਸਰੋਤਾਂ ਦੇ ਮੁੜੀਆ ਲਿੱਪੀ ਵਿਚ ਲਿਖੇ ਹੋਣ ਦੀ ਹੈ ਜੋ ਅੱਜ-ਕੱਲ੍ਹ ਕਿਸੇ ਨੂੰ ਪੜ੍ਹਣੀ ਨਹੀਂ ਆਉਂਦੀ ਤੇ ਇਸ ਅਨਮੋਲ ਇਤਿਹਾਸਕ ਤੇ ਵਾਪਾਰਿਕ ਸਰੋਤਾਂ ਤੋਂ ਵਿਦਵਾਨ ਲਾਭ ਨਹੀਂ ਉਠਾ ਸਕਦੇ। ਦੂਜੀ ਮੁਸ਼ਕਿਲ ਇਹ ਹੈ ਕਿ ਇਸ ਵਾਪਾਰਕ ਘਰਾਣੇ ਦੇ ਸਰੋਤ ਕਈ ਥਾਵਾਂ 'ਤੇ ਵੰਡੇ ਜਾਣ ਅਤੇ ਇਸ ਪਰਿਵਾਰ ਦੇ ਵੰਸਜ਼ਾਂ ਦਾ ਦੂਰ-ਦੁਰਾਡੇ ਜਾ ਵੱਸਣ ਕਰਕੇ ਇਨ੍ਹਾਂ ਨਾਲ ਸੰਪਰਕ ਕਰਨਾ ਕਠਿਨ ਹੈ।

ਸੋ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਅਤੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਵਾਲੇ ਰਾਜਸਥਾਨੀ ਭਾਸ਼ਾ ਦੇ ਸਰੋਤ ਇਕ ਨਵਾਂ ਖੇਤਰ ਹੈ ਜਿਸ ਉੱਪਰ ਹੁਣ ਤੱਕ ਬਹੁਤ ਘੱਟ ਕੰਮ ਹੋਇਆ ਹੈ। ਹੱਥਲਾ ਖੋਜ-ਕਾਰਜ ਇਸ ਖੇਤਰ ਦੇ ਸਿੱਖ-ਸਰੋਤਾਂ ਦੀ ਭਾਲ ਵਿਚ ਮੁਢਲੇ ਜਤਨਾਂ ਦੀ ਕੜੀ ਦਾ ਇਕ ਹਿੱਸਾ ਹੈ। ਆਸ ਹੈ ਕਿ ਇਸ ਖੋਜ-ਕਾਰਜ ਰਾਹੀਂ ਸਾਹਮਣੇ ਲਿਆਂਦੇ ਗਏ ਸਰੋਤਾਂ ਤੋਂ ਸਿੱਖ ਧਰਮ ਅਤੇ ਇਤਿਹਾਸ ਦੇ ਖੇਤਰ ਦੇ ਸਰੋਤਾਂ ਦੀ ਵੰਨਗੀ ਵਿਚ ਵਾਧੇ ਦੇ ਨਾਲ-ਨਾਲ ਬੇਸ਼-ਕੀਮਤੀ ਨਵੇਂ ਤੱਥ ਸਾਹਮਣੇ ਆਉਣਗੇ ਜਿਨ੍ਹਾਂ ਦੀ ਵਰਤੋਂ ਨਾਲ ਸਿੱਖ ਧਰਮ ਅਤੇ ਇਤਿਹਾਸ ਵਿਚਲੇ ਖੱਪਿਆਂ ਨੂੰ ਪੂਰਿਆ ਜਾ ਸਕੇਗਾ ਅਤੇ ਕਈ ਭ੍ਰਾਂਤੀਆਂ ਤੇ ਸਵਾਲੀਆ ਨਿਸ਼ਾਨਾਂ ਦਾ ਉੱਤਰ ਮਿਲੇਗਾ। ਆਸ ਹੈ ਇਹ ਖੋਜ-ਪ੍ਰਬੰਧ ਸਿੱਖ ਧਰਮ ਅਧਿਐਨ ਅਤੇ ਸਿੱਖ ਇਤਿਹਾਸ ਦੇ ਅਧਿਐਨ ਦੇ ਖੋਜਾਰਥੀਆਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

##########

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ:


ਸਵਰਨ ਸਿੰਘ, **ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ,2016.

ਹਿਸਟੋਰੀਅਨ, ਕਰਮ ਸਿੰਘ, **ਤਵਾਰੀਖ ਅੰਮ੍ਰਿਤਸਰ**, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ (ਮਿਤੀਹੀਨ)।

ਗਿਆਨ ਸਿੰਘ (ਗਿਆਨੀ), **ਪੰਥ ਪ੍ਰਕਾਸ਼**, ਭਾਸ਼ਾ ਵਿਭਾਗ ਪੰਜਾਬ, 1987.

ਭੰਗੂ, ਰਤਨ ਸਿੰਘ, **ਸ੍ਰੀ ਗੁਰ ਪੰਥ ਪ੍ਰਕਾਸ਼**, ਸੰਪਾ. ਬਲਵੰਤ ਸਿੰਘ ਢਿੱਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.


## ਰਾਜਸਥਾਨੀ ਅਤੇ ਹਿੰਦੀ ਪੁਸਤਕਾਂ:


vkesj vfHkys[k] jktLFkku jkT; vfHkys[kkxkj] chdkujA

vtsnkLr jktLFkkuh] jktLFkku jkT; vfHkys[kkxkj] chdkujA

£krsr vgydkjku jktLFkkuh] jktLFkku jkT; vfHkys[kkxkj] chdkujA

MkQV [kjhrk Áokuk jktLFkkuh] jktLFkku jkT; vfHkys[kkxkj] chdkujA

ejkBk l s lcf/kr vfHkys[k o vU;] jktLFkku jkT; vfHkys[kkxkj] chdkujA

ifV;kyk jh [;kr] gLr fyf[kr u- 13500, राजस्थानी शा/k lLFkku] pkikluh] tk/kijA

**इतिहास विश्य सम्बंधी एवं अन्य विविध विषयों** dk QVdj xzFk] gLr fyf[kr u- 10613] jktLFkkuh शा/k lLFkku] pkikluh] tk/kijA

vthr foykl] liknd] f'konत्त ckjgV] jktLFkku ikP; fo|k ifr"Bku] tk/kij] 1984-

dN**वाहां री ख्यात–वंशावली**] likn] gde सिंह भाटी, राजस्थानी शोध संस्थान, चौपासनी, tk/kij] 2003-

dfo vkRekjke] lokbZ t; flag pfjr] lEikfnd] xkikyukjk;.k cgjk] egkjkt lokbZ ekufla g ¼f}-½ lxgkY; flVh iSyl] t;iqj] 1979-

dfo] pn] dqefoykl] lEikfnd] t- d- tSu] jktLFkku jkT;] vfHkys[kkxkj] chdkuj] 1991-

t;iqj o vyoj jkT; dk tkxhjnkj] lEikfnd] noh flag egkj] vk;oku flg Lefr lLFkku] t;iqj] l- 2069-

ihik th dh ijph] lEikfnd] gde flg HkkVh] परम्परा, राजस्थानी शोध संस्थान, चौपासनी, tk/kiqj] 2006-

ckdh nkl] ckdhnkl jh [;kr] lEikfnd] ujkre nkl Lokeh] jktLFkku ikP;fo|k ifr"Bku] tk/kiqj] 1989-

HkkVh] ukjk;.k flg] jktLFkku ds ,frgkfld xzUFkk dk loZs{k.k] jktLFkkuh xzUFkkxkj] tk/kiqj] 1988] Hkkx&1]2]3-

HkkVh] jkjk;.k flg] jktLFkku ds xhFkkxkj, परम्परा, राजस्थानी शो/k lLFkku] pkikluh] tk/kiqj] 1974-

HkkVh] ukjk;.k flg] jktLFkkuh lkfgR;] **कोश व छंद शास्त्र**, राजस्थानी शोध संस्थान pkikluh] tk/kiqj] 1980-

HkkVh] gde flg] bfrgkl y{[ku es jktLFkkuh lEikfnr xzFkk dh mi;kfxrk] jktLFkkuh शोध संस्थान, चौपासनी] tk/kiqj] 1997-

egkjktk eku flag th jh [;kr] lEikfnd] ukjk;.k flg HkkVh] jktLFkku ikP;fo|k ifr"Bku] tk/kiqj] 1997-

egkjktk Jh fot; flag th jh [;kr, संपादक ब्रजेशdekj flg] jktLFkku ikP;fo|k ifr"Bku] tk/kiqj] 1997-

ekjokM- jh [;kr] lEikfnd gde flg भाटी, राजस्थानी शोध संस्थान, चौपासनी एवं महाराजा मानसिंह पुस्तक प्रकाश शोध केन्द्] egjkux<- QkV] tk/kiqj] 2000-

egrk u{.klh jh [;kr] Hkkx&2] lEikfnd] Jh cnjh izlkn lkdfj;k] jktLFkku ikP;fo|k ifr"Bku] tk/kiqj] 2003-

eukfj;k] ekrhyky] jktLFkkuh Hkk"kk vkj lkfgR;] jktLFkkuh xzUFkkxkj] tk/kiqj] 2014-

jk?konkl] HkDr eky] likndh]vxj pn ukgVk jktLFkku ikP;fo|k ifr"Bku] tk/kij] 1965-

jktLFkkuh lkfgR; dh fo/kk,¡ vkj y[ku परम्परा, हुकम सिंह, भाटी, राजस्थानी शोध
lLFkku] pkikluh] tk/kij] 2009-

jkBkM-k jh [;kr] likndh t- d- cly] jktLFkku ikP;fo|k ifr"Bku] tk/kij] 1999-

शर्मा, उपेन्द्रनाथ, tkVkk dk uohu bfrgkl 1685&1763] Hkkx&2] vkfjftuy l] fnYyhA

शर्मा, उपेन्दukFk] egkjktk tokgj flg vkj mÙkjkf/kdkjh] Mk- ohj flg] vkfjftUy l]
fnYyh] 2003-

शर्मा, गिरिजा शंकर, bfrgkl jk lkp, आचार्य तुलसी राजस्थानी शोध संस्थान, गंगशहर
¼chdkuj½] 2002-

Lokeh ujkrenkl] jktLFkkuh Hkk"kk] lkfgR; vkj bfrgkl] U; jktLFkkuh il] dydRrk]
¼fefrghu½

lR;Un] ik.Mfyfi foKku] jktLFkku fgUnh xUFk vdkneh] t;ij] 2013-

lr l[klkj.k th i.khr ukei rhr&Hkxrekyk, हुकम सिंह भाटी, परम्परा, राजस्थानी शोध
lLFkku] pkikluh] tk/kij] 2000-

flnnhdh] uQhl] jkgyk bfrgkl ¼bfrgkl ,o lLdfr½ 1707&1774] jkeij jtk
ykbcjh] jkeij] 2005-

fl<kep] दयालदास, ख्यात देशर्दपण ¼chdkuj jkT; dk bfrgkl½] liknd t- d- tu]
jktLFkku jkT; vfHky[kkxkj] chdkuj] 1989-

fl<k;p] n;kynkl] chdkuj jh [;kr] egkjktk ltku flg l egkjktk jruflg
¼1700 b-&1851 b-½, संपादक हुकम सिंह भाटी, राजस्थानी शोध संस्थान चौपासनी,
tk/kij] 2005-

## English Books:

Bahura, Gopal Narayan and Chandarmani Singh, *Catalogue of Historical Documents in Kapad Dwara Jaipur*, Jaigarh Publik Charitable Trust Amber, Jaipur.

Bhagat Singh, *A History of The Sikh Misals*, Punjabi University, Patiala, 2009.

Dhillon, Balwant Singh, *Rajasthani Documents on Banda Singh Bahadur*, Singh Brothers, Amritsar, July 2016..

Eden, Emily, *Up the Country,* Vols-I, Richard Bentley, New Burlington Street, London, Second Edtion, 1866.

Ganda Singh (ed.), *History of the Freedom Movement*, *Maharaja Duleep Singh Correspondence*, vols. 3, Punjabi University, Patiala, 1977.

Garison, Gearge A., *Linguestic Survey of India*, Vol. IX, Part I-II, Govet. Printing India, Calcutta, 1908.

Gough, Sir Charles, *The Sikhs And Sikh Wars*, A.D.Innes & Co., Lonon, 1897.

Gupta, Hari Ram, *History of the Sikhs*, vol.1-5, Munshiram manoharlal Publishers, pvt.ltd. New Delhi 2007.

Purewal, Pal Singh, *Jantri 500*, Punjab School Education Board, S.A.S. Nagar (Mohali), 1994.

*The Padas of Surdas*, (eds.) G.N. Bahura & K. E. Bryant , Maharaja Sawai Man Singh 2, Museum City Palace Jaipur.

Sarkar, Jadu Nath, *A History of Jaipur*, (Revised & eds. By) Raghubir Singh, Orient Blackswan Private Limited, New Delhi, 2009.

Sarkar, Jadu Nath, *Fall of The Mughal Empire*, Vol. 2 & 3, Orient Longman Private Limited, New Delhi, 1991, Forth Edition.

## ਪੱਤ੍ਰਿਕਾਵਾਂ:


e : Jh, लोक संस्कृति शो/k lLFkku] pj ¼jktLFkku½A

*Journal of Haryana Studies*, Kurukshetra Universty, Kurukshetra.

*Journal of Sikh Studies*, Department of Guru Nanak Studies, G.N.D.U. Amritsar.

*Proceedings of Punjab History Conference,* Punjabi Universty Patiala.

*Rajasthan History Congress, Proceedings Vol. IX*, Kota Session (1976).

*Rajasthan History Congress, Proceedings Vol. XI*, Jaipur Session (1978).


## ਕੈਟਾਲਾਗ:


vtesj] vyoj ls tk/kiqj dk lkFk i=0;ogkj] jktLFkku vfHkys[kkxkj] chdkujA

dkVk&cUnh jkT; dk [kjhrk dh fooj.kkRed lwph] 1750 ls 1761] jktLFkku jkT; vfHkys[kkxkj] chdkujA

[kjhrk Xokfy;j&t;iqj] lEor 1802&1873] jktLFkku jkT; vfHkys[kkxkj] chdkujA

t;iqj vjtnkLr jktLFkkuh] lEor 1687 ls 1743] jktLFkku jkT; vfHkys[kkxkj] chdkuj] 1981-

t;iqj vtnkLr jktLFkkuh] 1743 ls 1749] jktLFkku jkT; vfHkys[kkxkj] chdkujA

t;iqj vtnkLr jktLFkkuh] lEor 1775-&1761] jktLFkku jkT; vfHkys[kkxkj] chdkujA

t;iqj vtnkLr jktLFkkuh] lEor 1762&1775] jktLFkku jkT; vfHkys[kkxkj] chdkuj] 1987-

tk/kiqj jkT; i=&0;ogkj] fo- l% 1719 ls 2005] [k.M&2] jktLFkku jkT; vfHkys[kkxkj] chdkujA

*A descriptive list of Khatoot ahalkaran of Jaipur state,* Rajasthan state Archivas, Bikaner.

**ਕੋਸ਼:**


**ਫ਼ਾਰਸੀ-ਪੰਜਾਬੀ ਕੋਸ਼,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996.

ਨਾਭਾ, ਕਾਨ੍ਹ ਸਿੰਘ (ਭਾਈ), **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਭਾਸ਼ਾ ਵਿਭਾਗ, ਪੰਜਾਬ, 1999.

**डिंगल कोश**, नारायण सिंह भाटी, राजस्थानी शोध–संस्थान, चौपासनी, जोधपुर, 1978-

**मानक हिन्दी कोश**] i/kku lEiknd] jkepUn oek] fgUnh lkfgR; lEeyu] i;kx] iFke lLdj.kA

ekgEen] lnhd] **संक्षिप्त राजस्थानी–हिन्दी शब्द कोश**] mi lfefr jktLFkkuh शब्द कोश pkikluh] tk/kij] 2002-

ykyl] lhrkjke] **राजस्थानी सबद कोश**, राजस्थानी शोध संस्थान चौपासनी, जोधपुर, 1962-